ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ੴ
ਵਿਸ਼ਵ
ਨਾਮਧਾਰੀ ਸੰਗਤ
ਸ੍ਰੀ ਭੈਣੀ ਸਾਹਿਬ

# ਨਾਮਧਾਰੀ ਨਿਤਨੇਮ
# ਸਟੀਕ

ਪ੍ਰਕਾਸ਼ਕ:
ਵਿਸ਼ਵ ਨਾਮਧਾਰੀ ਸੰਗਤ
ਸ੍ਰੀ ਭੈਣੀ ਸਾਹਿਬ

ਸੰਮਤ: ੨੦੭੭
ਸੰਨ: ੨੦੨੦

## ਮਿਲਣ ਦੇ ਪਤੇ:

੧. ਸਤਿਜੁਗ ਪੁਸਤਕ ਸਟਾਲ
ਗੁਰਦੁਆਰਾ, ਸ੍ਰੀ ਭੈਣੀ ਸਾਹਿਬ-੧੪੧੧੨੬
ਲੁਧਿਆਣਾ (ਪੰਜਾਬ)

੨. ਸਤਿਜੁਗ,
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,
ਨਵੀਂ ਦਿੱਲੀ-੧੧੦੦੧੫

੩. ਵੱਖੋ-ਵੱਖ ਸ਼ਹਿਰਾਂ ਵਿੱਚ ਨਾਮਧਾਰੀ ਧਰਮਸ਼ਾਲਾਵਾਂ, ਨਾਮਧਾਰੀ ਸ਼ਹੀਦੀ ਸਮਾਰਕ, ਨਾਮਧਾਰੀ ਸੂਬੇ ਅਤੇ ਜਥੇਦਾਰ ਸਾਹਿਬਾਨ।

ਆਪਣੇ ਮੋਬਾਇਲ ਫ਼ੋਨ ਉੱਤੇ ਇਨ੍ਹਾਂ QR Codes ਨੂੰ ਸਕੈਨ ਕਰਕੇ ਤੁਸੀਂ, ਇਸ "ਸਟੀਕ" ਨੂੰ ਸ੍ਰੀ ਭੈਣੀ ਸਾਹਿਬ ਮੋਬਾਇਲ ਐਪ ਰਾਹੀਂ ਵੀ ਪੜ੍ਹ ਸਕਦੇ ਹੋ।

ਪ੍ਰਕਾਸ਼ਕ:
ਵਿਸ਼ਵ ਨਾਮਧਾਰੀ ਸੰਗਤ
ਸ੍ਰੀ ਭੈਣੀ ਸਾਹਿਬ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ
ਨੂੰ ਸਮਰਪਿਤ

# ਤਤਕਰਾ


| | |
|---|---|
| ਭੂਮਿਕਾ | |
| ਜਪੁ | ੧ |
| ਸ਼ਬਦ ਹਜਾਰੇ | ੩੧ |
| ਜਾਪੁ | ੪੦ |
| ਸ਼ਬਦ ਹਜਾਰੇ ਪਾ:੧੦ | ੭੨ |
| ਰਹਿਰਾਸ | ੮੦ |
| ਕੀਰਤਨ ਸੋਹਿਲਾ | ੧੧੦ |
| ਅਨੰਦੁ | ੧੧੫ |
| ਸੁਖਮਨੀ | ੧੩੫ |
| ਛੰਤ ਆਸਾ ਮ:੪ | ੨੬੪ |
| ਆਸਾ ਦੀ ਵਾਰ | ੨੭੪ |
| ਅਕਾਲ ਉਸਤਤ | ੩੨੨ |
| ਚੰਡੀ ਦੀ ਵਾਰ | ੪੦੯ |
| ਬਸੰਤ ਕੀ ਵਾਰ | ੪੩੯ |
| ਲਾਵਾਂ | ੪੪੧ |
| ਸਲੋਕ ਮ:੯ | ੪੪੪ |

ੴ
ਸ੍ਰੀ ਸਤਿਗੁਰ ਪ੍ਰਸਾਦਿ

*"ਗੁਰਬਾਣੀ ਇਸ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥"*

ਸਤਿਗੁਰੂ ਸਾਹਿਬਾਨ ਦੀ ਰਸਨਾ ਦੁਆਰਾ ਸੰਸਾਰ ਵਿਚ ਪ੍ਰਗਟ ਹੋਈ ਬਾਣੀ ਮੱਨੁਖੀ ਜੀਵਨ ਦੇ ਪਰਮ-ਆਦਰਸ਼ ਲਈ ਚਾਨਣ ਮੁਨਾਰੇ ਦਾ ਕਾਰਜ ਕਰਦੀ ਹੈ। ਗੁਰਬਾਣੀ ਗੁਰਸਿੱਖੀ ਜੀਵਨ ਦਾ ਆਧਾਰ ਹੈ। ਸਤਿਗੁਰੂ ਜੀ ਦਾ ਪਾਵਨ ਬਚਨ ਹੈ:-

*"ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥"*

ਪਰੰਤੂ ਇਸ ਰਤਨ ਪਦਾਰਥਾਂ ਨਾਲ ਲਬਾਲਬ ਸਾਗਰ ਵਿੱਚੋਂ ਅਮੋਲਕ ਜਵਾਹਰਾਤਾਂ ਦੀ ਪ੍ਰਾਪਤੀ ਗੁਰੂ ਉਪਦੇਸ਼ ਅਥਵਾ ਗੁਰਬਾਣੀ ਨਾਲ ਜੁੜ ਕੇ ਹੀ ਹੋ ਸਕਦੀ ਹੈ।

*"ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥"*

ਇਹ ਮਹਾਨ ਪਵਿੱਤਰ ਗੁਰਬਾਣੀ ਪ੍ਰਤੀ ਪ੍ਰੀਤ ਅਤੇ ਪ੍ਰਤੀਤ *"ਬਾਣੀ ਬਿਰਲਉ ਬੀਚਾਰਸੀ"* ਦੇ ਕਥਨ ਅਨੁਸਾਰ ਉਹਨਾਂ ਵਿਰਲੇ ਵਡਭਾਗੀ ਮਨੁੱਖਾਂ ਨੂੰ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਉੱਤੇ ਪੂਰੇ ਗੁਰੂ ਦਾ ਪੂਰਨ ਕਰਮ ਹੁੰਦਾ ਹੈ।ਗੁਰਬਾਣੀ ਦੇ ਭਾਵਾਂ ਨੂੰ ਪੂਰਨ ਰੂਪ ਵਿਚ ਸਮਝਣਾ ਤਾਂ ਕਿਸੇ ਪੂਰਨ ਪੁਰਖ ਦੇ ਹੀ ਹਿੱਸੇ ਆਉਂਦਾ ਹੈ ਕਿਉਂਕਿ ਗੁਰਵਾਕ ਹੈ *"ਪੜਿਐ ਨਾਹੀ ਭੇਦੁ ਬੁਝਿਐ ਪਾਵਣਾ"* ਪਰ ਗੁਰਮਤਿ ਕਦਰਾਂ-ਕੀਮਤਾਂ ਨੂੰ ਜਾਨਣ ਲਈ ਅਤਿਅੰਤ ਜ਼ਰੂਰੀ ਹੈ।ਇਸ ਲਈ ਹੀ ਗੁਰਬਾਣੀ ਦੀ ਟੀਕਾਕਾਰੀ ਦਾ ਆਰੰਭ ਹੋਇਆ।

ਵਿਦਵਾਨਾਂ ਦਾ ਤਾਂ ਇਹ ਵੀ ਮੰਨਣਾ ਹੈ ਕਿ ਗੁਰਬਾਣੀ ਦੇ ਗੁਹਜ ਭਾਵਾਂ ਨੂੰ ਬਹੁਤ ਥਾਵਾਂ 'ਤੇ ਗੁਰਬਾਣੀ ਵਿਚ ਹੀ ਖੋਲ੍ਹ ਦਿੱਤਾ ਗਿਆ ਹੈ।ਇਸ ਤਰ੍ਹਾਂ ਅਰਥ-ਪ੍ਰੰਪਰਾ ਦੀ ਬਹੁਤ ਥਾਵਾਂ 'ਤੇ ਸ਼ੁਰੂਆਤ ਵੀ ਗੁਰਬਾਣੀ ਦੇ ਨਾਲ ਹੀ ਮੰਨੀ ਗਈ ਹੈ।ਇਸ ਤੋਂ ਪਿੱਛੋਂ ਜਨਮਸਾਖੀ ਭਾਈ ਬਾਲੇ ਵਾਲੀ ਵਿੱਚ ਕਈ ਸ਼ਬਦਾਂ ਦੇ ਪਰਮਾਰਥ ਬਿਆਨੇ ਗਏ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਬਾਣੀ-ਰੱਹਸਾਂ ਨੂੰ ਪ੍ਰਗਟ ਕਰਨ ਕਰਕੇ ਹੀ ਗੁਰਬਾਣੀ ਦੀ ਕੁੰਜੀ ਹੋਣ ਦਾ ਮਾਣ ਹਾਸਿਲ ਹੋਇਆ।ਇਸ ਤੋਂ ਪਿਛੋਂ ਸੋਢੀ ਮਿਹਰਵਾਨ ਅਤੇ ਹਰਿ ਜੀ ਦੀ ਟੀਕਾਕਾਰੀ ਦਾ ਸਮਾਂ ਆਉਂਦਾ ਹੈ।ਇਹ ਵੀ ਮੰਨਿਆ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਬਖ਼ਸ਼ਿਸ਼ ਕਰਕੇ ਆਪਣੇ ਪਿਆਰੇ ੪੮ ਸਿੱਖਾਂ ਨੂੰ ਗੁਰਬਾਣੀ ਦੇ ਅਰਥ ਪੜ੍ਹਾਏ ਜਿਸ ਤੋਂ ਬਾਅਦ ਭਾਈ ਮਨੀ ਸਿੰਘ ਜੀ ਸ਼ਹੀਦ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਤੋਂ ਟਕਸਾਲਾਂ ਹੋਂਦ ਵਿਚ ਆਈਆਂ।ਉਦਾਸੀ ਅਤੇ ਨਿਰਮਲੇ ਮਹਾਂਪੁਰਖਾਂ ਨੇ ਵੀ ਇਸ ਮਹਾਨ ਕਾਰਜ ਵਿਚ ਵਿਸ਼ੇਸ਼ ਹਿੱਸਾ ਪਾਇਆ।

ਸਮੇਂ-ਸਮੇਂ 'ਤੇ ਆਦਿ ਅਤੇ ਦਸਮ ਬਾਣੀ ਦੇ ਕਈ ਟੀਕੇ ਸਾਹਮਣੇ ਆਏ।ਜਿਨ੍ਹਾਂ ਨੂੰ ਅਸੀਂ ਦੋ ਹਿੱਸਿਆਂ ਵਿੱਚ ਵੰਡ ਸਕਦੇ ਹਾਂ:- ਸੀਨਾ ਬਸੀਨਾ ਚੱਲੀ ਆ

ਰਹੀ ਅਰਥ ਪ੍ਰਣਾਲੀ ਅਨੁਸਾਰ ਟੀਕੇ ਅਤੇ ਗੁਰਬਾਣੀ ਵਿਆਕਰਣ ਨੂੰ ਮੁਖ ਰੱਖ ਕੇ ਕੀਤੇ ਗਏ ਟੀਕੇ ਪਹਿਲੀ ਸ਼੍ਰੇਣੀ ਦੀ ਟੀਕਾਕਾਰੀ ਸ਼ੈਲੀ ਤੋਂ ਦੂਜੀ ਦੀ ਸ਼ੈਲੀ ਕਾਫ਼ੀ ਭਿੰਨ੍ਹ ਹੈ। ਜਿੱਥੇ ਸੰਪਰਦਾਈ ਟੀਕੇ, ਸਾਧ ਭਾਸ਼ਾ ਵਿਚ ਲਿਖੇ ਗਏ। ਸ਼ਬਦ ਉਥਾਨਕਾ ਸਹਿਤ ਇੱਕ-ਇੱਕ ਸ਼ਬਦ ਦੇ ਕਈ-ਕਈ ਅਰਥ ਕੀਤੇ ਗਏ। ਉੱਥੇ ਵਿਆਕਰਣ ਅਨੁਸਾਰ ਕੀਤੇ ਟੀਕਿਆਂ ਵਿਚ ਜਿੱਥੇ ਕੇਵਲ ਇੱਕੋ ਅਰਥ ਕਰਨ ਦੀ ਪਿਰਤ ਪਾਈ ਗਈ ਹੈ, ਉੱਥੇ ਟੀਕਾਕਾਰ ਸਾਖੀ ਪ੍ਰਮਾਣਾਂ ਨੂੰ ਮੰਨਣ ਤੋਂ ਵੀ ਗੁਰੇਜ਼ ਕਰਦੇ ਨਜ਼ਰ ਆਉਂਦੇ ਹਨ, ਪਰ ਜਦੋਂ ਅਸੀਂ ਵੱਖ-ਵੱਖ ਵਿਦਵਾਨਾਂ ਦੁਆਰਾ ਕੀਤੇ ਅਰਥਾਂ ਨੂੰ ਪੜ੍ਹਦੇ-ਵਾਚਦੇ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਇੱਕ ਟੀਕਾਕਾਰ ਦੇ ਅਰਥ ਦੂਜੇ ਨਾਲ ਬਿਲਕੁਲ ਵੀ ਨਹੀਂ ਰਲਦੇ। ਪਾਠਕ ਮੁਸ਼ਕਿਲ ਮਹਿਸੂਸ ਕਰਦਾ ਹੈ ਕਿ ਕਿਸ ਦੇ ਅਰਥ ਨੂੰ ਠੀਕ ਮੰਨਿਆ ਜਾਵੇ? ਆਮ ਪਾਠਕ ਤਾਂ ਇਹੀ ਸੋਚਦਾ ਹੈ ਕਿ ਅਰਥ ਤਾਂ ਆਖਿਰ ਇੱਕ ਦਾ ਹੀ ਠੀਕ ਹੋਵੇਗਾ। ਪਰ ਸਿੱਖ ਪੰਥ ਦੇ ਮਹਾਨ ਵਿਦਵਾਨ ਗਿਆਨੀ ਸੰਤ ਸਿੰਘ ਮਸਕੀਨ ਜੀ ਇਸ ਭਰਮ ਦਾ ਸੁੰਦਰ ਸ਼ਬਦਾਂ ਵਿਚ ਨਿਵਾਰਨ ਕਰਦੇ ਹੋਏ ਕਹਿੰਦੇ ਹਨ ਕਿ ਉਹ ਵੀ ਪਹਿਲਾਂ ਇਸ ਤਰ੍ਹਾਂ ਮੰਨਦੇ ਸਨ, ਉਹ ਕਹਿੰਦੇ ਹਨ ਕਿ ਹੁਣ ਸਮਝ ਆਈ ਹੈ ਕਿ ਗੁਰਬਾਣੀ ਅਰਥਾਂ ਦੀ ਸਮਝ ਤਾਂ ਅਧਿਆਤਮ ਮੰਜ਼ਿਲ ਦੇ ਹਿਸਾਬ ਨਾਲ ਆਉਂਦੀ ਹੈ। ਜਿੰਨੀ-ਜਿੰਨੀ ਸੁਰਤ ਉੱਪਰ ਉੱਠਦੀ ਹੈ ਅਰਥ ਭਾਵਾਂ ਦੀਆਂ ਘੁੰਡੀਆਂ ਖੁੱਲਦੀਆਂ ਜਾਂਦੀਆਂ ਹਨ। ਸਭ ਦੀ ਰੂਹਾਨੀ ਮੰਜ਼ਿਲ ਵੱਖਰੀ ਹੋਣ ਕਰਕੇ ਸਭ ਅਰਥ ਆਪਣੇ-ਆਪਣੇ ਥਾਂ ਠੀਕ ਹਨ।

ਜਿੱਥੇ ਅੱਜ ਦੇ ਇਸ ਭੌਤਿਕਵਾਦੀ ਯੁੱਗ ਵਿਚ ਸਾਡੀ ਸੁਰਤ ਦੀ ਤਰੱਕੀ ਰੁਕੀ ਹੋਈ ਹੈ, ਮਨ ਚਿੰਤਾ ਝੋਰਿਆਂ ਵਿਚ ਵੜਿਆ ਹੋਇਆ ਹੈ। ਉੱਥੇ ਲੰਬਾ ਅਰਸਾ ਪਹਿਲਾਂ ਦੀ ਭਾਸ਼ਾ ਨੂੰ ਸਮਝਣ ਤੋਂ ਵੀ ਅਸੀਂ ਅਸਮਰੱਥ ਹਾਂ। ਗੁਰਬਾਣੀ ਦਾ ਰਚਨਾ ਕਾਲ ਬਾਬਾ ਫਰੀਦ ਜੀ ਤੋਂ ਸ਼ੁਰੂ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਆਉਂਦਾ ਹੈ ਭਾਵ ਇਹ ਕਾਲ ੧੨ਵੀਂ ਤੋਂ ੧੮ਵੀਂ ਸਦੀ ਤੱਕ ਫੈਲਿਆ ਹੋਇਆ ਹੈ। ਹੁਣ ੨੧ਵੀਂ ਸਦੀ ਦਾ ਨੌਜੁਆਨ ਜੋ ਪੰਜਾਬੀ ਬੋਲਣ ਸਮਝਣ ਤੋਂ ਵੀ ਅਸਮਰੱਥ ਹੁੰਦਾ ਜਾ ਰਿਹਾ ਹੈ।ਉਸ ਨੂੰ ਗੁਰੂ ਸਾਹਿਬ ਦੇ ਪਵਿੱਤਰ ਉਪਦੇਸ਼ਾਂ ਨਾਲ ਕਿਵੇਂ ਜੋੜ ਕੇ ਰੱਖਿਆ ਜਾਵੇ? ਇਹ ਸਮੇਂ ਦੀ ਪ੍ਰਮੁੱਖ ਵੰਗਾਰ ਬਣਦੀ ਜਾ ਰਹੀ ਹੈ।ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰਬਾਣੀ ਨੂੰ ਸਮਝਣ ਲਈ ਤਾਂ ਗੁਰਮੁਖੀ ਦਾ ਗਿਆਨ ਨਿਹਾਇਤ ਜ਼ਰੂਰੀ ਹੈ।ਪਰ ਪਿਓ ਦਾਦੇ ਦੇ ਇਸ ਖਜ਼ਾਨੇ ਵਿਚਲੇ ਸਿਧਾਂਤਾਂ ਪ੍ਰਤੀ ਨੌਜੁਆਨਾਂ ਅੰਦਰ ਖਿੱਚ ਪੈਦਾ ਕਰਨ ਵਾਸਤੇ ਸਰਲ ਭਾਸ਼ਾ ਵਿਚ ਕੀਤੇ ਅਰਥਾਂ ਦੀ ਬੇਹੱਦ ਜ਼ਰੂਰਤ ਸੀ।ਇਹ ਕਾਰਜ ਸਤਿਗੁਰੂ ਉਦੇ ਸਿੰਘ ਜੀ ਦੀ ਬਖ਼ਸ਼ਿਸ਼ ਨਾਲ ਸੰਪੂਰਨ ਹੋਇਆ ਹੈ।ਅਸੀਂ ਇਹ ਦਾਅਵਾ ਨਹੀਂ ਕਰਦੇ ਕਿ ਇਹ ਟੀਕਾ ਬਹੁਤ ਉੱਚ-ਪਾਏ ਦਾ ਟੀਕਾ ਹੈ।ਪਰ ਇਹ ਜ਼ਰੂਰ ਸੋਚਦੇ ਹਾਂ ਕਿ ਨਵੇਂ ਜਗਿਆਸੂਆਂ ਲਈ ਗੁਰਬਾਣੀ ਦੇ ਭਾਵ-ਅਰਥ ਸਮਝਣ ਵਾਸਤੇ ਵੱਡਾ ਸਹਾਇਕ ਹੋ ਸਕਦਾ ਹੈ।ਗੁਰਬਾਣੀ ਦੇ ਸਰਲ ਅਰਥਾਂ ਦੀ ਇਹ ਪੋਥੀ ਪਾਠਕਾਂ ਦੇ ਹੱਥਾਂ ਵਿਚ ਦੇ ਕੇ ਅਸੀਂ ਬੇਅੰਤ ਸਕੂਨ ਪ੍ਰਾਪਤ ਕਰ ਰਹੇ ਹਾਂ।

ਨਿਸ਼ਾਨ ਸਿੰਘ ਕਥਾਵਾਚਕ
ਸ੍ਰੀ ਭੈਣੀ ਸਾਹਿਬ

# ਜਪੁ

## ੴ

ਪਰਮੇਸ਼ਰ ਇੱਕ ਹੈ ਅਤੇ ਉਹ ਹਰ ਥਾਂ ਰਮਿਆ ਹੋਇਆ ਹੈ।

**ਸਤਿਨਾਮੁ**

ਉਸਦਾ ਨਾਮ ਸੱਚਾ ਹੈ।

**ਕਰਤਾ ਪੁਰਖੁ**

ਉਹ ਸੰਸਾਰ ਨੂੰ ਪੈਦਾ ਕਰਨ ਵਾਲਾ ਹੈ ਅਤੇ ਸਭ ਥਾਂ ਵਿਆਪਕ ਹੈ।

**ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

ਉਸਨੂੰ ਕਿਸੇ ਦਾ ਡਰ ਨਹੀਂ, ਉਸਦਾ ਕਿਸੇ ਨਾਲ ਵੈਰ ਨਹੀਂ,
ਉਸਦਾ ਸਰੂਪ ਕਾਲ ਭਾਵ ਮੌਤ ਤੋਂ ਰਹਿਤ ਹੈ,
ਉਹ ਜੂਨਾਂ ਵਿੱਚ ਨਹੀਂ ਆਉਂਦਾ,
ਉਹ ਆਪਣੇ ਆਪ ਤੋਂ ਹੀ ਪੈਦਾ ਹੋਇਆ ਹੈ,
ਐਸਾ ਪਰਮੇਸ਼ਰ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

**॥ਜਪੁ॥**

ਇਹ ਬਾਣੀ ਦਾ ਨਾਮ ਹੈ।

**ਆਦਿ ਸਚੁ ਜੁਗਾਦਿ ਸਚੁ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪ੍ਰਭੂ ਸ਼ੁਰੂ ਤੋਂ ਹੀ ਮੌਜੂਦ ਹੈ,
ਜੁਗਾਂ ਤੋਂ ਪਹਿਲਾਂ ਵੀ ਮੌਜੂਦ ਸੀ,
ਉਸਦੀ ਹੋਂਦ ਹੁਣ ਵੀ ਮੌਜੂਦ ਹੈ ਅਤੇ ਅੱਗੋਂ ਵੀ ਹੋਵੇਗੀ।

**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥**

ਸ਼ੌਚ (ਇਸ਼ਨਾਨ ਆਦਿਕ ਕਿਰਿਆ) ਕਰਨ ਨਾਲ ਮਨ ਦੀ ਸੁੱਚ ਪ੍ਰਾਪਤ ਨਹੀਂ ਹੁੰਦੀ, ਭਾਵੇਂ ਮਨੁੱਖ ਲੱਖ ਵਾਰ ਬਾਹਰੀ ਇਸ਼ਨਾਨ ਕਰਦਾ ਰਹੇ।

**ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥**

ਚੁੱਪ ਰਹਿਣ ਨਾਲ ਵੀ ਮਨ ਨੂੰ ਵਾਸ਼ਨਾ ਵਲੋਂ ਸ਼ਾਂਤੀ ਨਹੀਂ ਹੁੰਦੀ,
ਚਾਹੇ ਇੱਕ ਰਸ ਲਿਵ ਲਾਈ ਰੱਖੇ।

**ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥**

ਐ ਭੁਖਿਆ! ਜੇ ਤੂੰ ਚੌਦਾਂ ਲੋਕਾਂ ਦੇ ਪਦਾਰਥ ਵੀ ਬੰਨ੍ਹ ਕੇ ਰੱਖ ਲਵੇਂ ਤਾਂ ਵੀ ਤੇਰੀ ਭੁੱਖ ਨਹੀਂ ਉੱਤਰਨੀ।

**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥**

ਹਜ਼ਾਰਾਂ ਲੱਖਾਂ ਸਿਆਣਪਾਂ ਹੋਣ, ਪਰ ਪ੍ਰਭੂ ਦੇ ਸਾਮ੍ਹਣੇ ਤਾਂ ਇੱਕ ਵੀ ਨਹੀਂ ਚੱਲਣੀ।

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**

ਫਿਰ ਮਨੁੱਖ ਸੱਚਾ ਕਿਵੇਂ ਹੋ ਸਕਦਾ ਹੈ ਅਤੇ
ਉਸਦੇ ਮਨ ਵਿਚਲੀ ਝੂਠ ਦੀ ਕੰਧ ਕਿਵੇਂ ਟੁੱਟ ਸਕਦੀ ਹੈ?

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥**

ਸ੍ਰੀ ਗੁਰੁ ਜੀ ਕਹਿੰਦੇ ਹਨ ਕਿ ਇਹ ਧੁਰੋਂ ਲਿਖ ਦਿੱਤਾ ਹੈ ਕਿ ਰਜ਼ਾ ਦੇ ਮਾਲਕ ਦੇ
ਹੁਕਮ ਵਿੱਚ ਚਲਣ ਨਾਲ ਹੀ ਸਚਿਆਰ ਹੋਈ ਦਾ ਹੈ
ਭਾਵ ਹੁਕਮ ਵਿੱਚ ਚਲਣ ਨਾਲ ਸੱਚਾ ਹੁੰਦਾ ਹੈ।

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥**

ਪ੍ਰਭੂ ਦੇ ਹੁਕਮ ਨਾਲ ਸਾਰੇ ਆਕਾਰ ਬਣਦੇ ਹਨ,
ਹੁਕਮ ਦਾ ਵਰਨਣ ਨਹੀਂ ਕੀਤਾ ਜਾ ਸਕਦਾ।

**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥**

ਉਸਦੇ ਹੁਕਮ ਅਨੁਸਾਰ ਹੀ ਜੀਵਾਂ ਦੀ ਰਚਨਾ ਹੁੰਦੀ ਹੈ ਅਤੇ
ਹੁਕਮ ਨਾਲ ਹੀ ਉਨ੍ਹਾਂ ਨੂੰ ਵਡਿਆਈ ਮਿਲਦੀ ਹੈ।

**ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥**

ਹੁਕਮ ਨਾਲ ਹੀ ਕੋਈ ਜੀਵਾਂ ਵਿੱਚ ਉੱਤਮ ਅਤੇ ਕੋਈ ਨੀਚ ਗੁਣ ਵਾਲਾ ਹੈ,
ਹੁਕਮ ਨਾਲ ਲਿਖੇ ਗਏ ਲੇਖਾਂ ਅਨੁਸਾਰ ਦੁੱਖ ਅਤੇ ਸੁਖ ਪਾਈਦਾ ਹੈ।

**ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥**

ਕਈਆਂ ਨੂੰ ਤਾਂ ਹੁਕਮ ਨਾਲ ਉਸ ਦੇ ਦਰ ਤੋਂ ਬਖਸ਼ਿਸ਼ ਪ੍ਰਾਪਤ ਹੁੰਦੀ ਹੈ ਅਤੇ
ਕਈ ਹੁਕਮ ਨਾਲ ਸਦਾ ਜਨਮ ਮਰਨ ਦੇ ਚੱਕਰ ਵਿੱਚ ਪਏ ਰਹਿੰਦੇ ਹਨ।

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥**

ਸਭ ਕੁਝ ਹੁਕਮ ਦੇ ਅੰਦਰ ਹੈ, ਹੁਕਮ ਤੋਂ ਬਾਹਰ ਕੁਝ ਵੀ ਨਹੀਂ ਹੈ।

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਹੁਕਮ ਨੂੰ ਸਮਝ ਲੈਂਦਾਂ ਹੈ,
ਉਹ ਫਿਰ ਹਉਮੈ ਦਾ ਨਾਂ ਨਹੀਂ ਲਵੇਗਾ
ਭਾਵ ਉਹ ਫਿਰ ਹੰਕਾਰ ਵਾਲੀ ਕੋਈ ਵੀ ਗੱਲ ਨਹੀਂ ਕਰਦਾ।

**ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥**

ਜਿਸ ਕਿਸੇ ਜੀਵ ਵਿੱਚ ਸਮਰੱਥਾ ਹੁੰਦੀ ਹੈ,ਉਹ ਪ੍ਰਭੂ ਦੀ ਤਾਕਤ ਨੂੰ ਗਾਉਂਦਾ ਹੈ।

**ਗਾਵੈ ਕੋ ਦਾਤਿ ਜਾਣੈ ਨੀਸਾਣੁ॥**

ਕੋਈ ਉਸਦੀ ਦਿੱਤੀ ਦਾਤ ਨੂੰ ਗਾ ਰਿਹਾ ਹੈ ਅਤੇ
ਇਸ ਨੂੰ ਉਸਦੀ ਨਿਸ਼ਾਨੀ ਸਮਝ ਰਿਹਾ ਹੈ।

**ਗਾਵੈ ਕੋ ਗੁਣ ਵਡਿਆਈਆ ਚਾਰ॥**

ਕੋਈ ਉਸਦੇ ਗੁਣਾਂ ਅਤੇ ਸੁੰਦਰ ਵਡਿਆਈਆਂ ਨੂੰ ਗਾ ਰਿਹਾ ਹੈ।

**ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥**

ਕੋਈ ਮਨੁੱਖ ਵਿੱਦਿਆ ਦੇ ਬਲ ਨਾਲ ਪ੍ਰਭੂ ਦੇ ਕਠਿਨ ਗਿਆਨ ਨੂੰ ਗਾ ਰਿਹਾ ਹੈ।

**ਗਾਵੈ ਕੋ ਸਾਜਿ ਕਰੇ ਤਨੁ ਖੇਹ॥**

ਕੋਈ ਉਸਨੂੰ ਸਰੀਰ ਸਾਜ ਕੇ ਨਾਸ ਕਰ ਦੇਣ ਵਾਲਾ ਆਖ ਕੇ, ਗਾ ਰਿਹਾ ਹੈ।

**ਗਾਵੈ ਕੋ ਜੀਅ ਲੈ ਫਿਰਿ ਦੇਹ॥**

ਕੋਈ ਉਸ ਨੂੰ ਇੰਝ ਗਾ ਰਿਹਾ ਹੈ ਕਿ ਪ੍ਰਭੂ ਸਰੀਰਾਂ ਵਿੱਚੋਂ ਜਿੰਦ ਕੱਢ ਕੇ ਫਿਰ ਦੂਜੇ ਸਰੀਰਾਂ ਵਿੱਚ ਪਾ ਦੇਂਦਾ ਹੈ।

**ਗਾਵੈ ਕੋ ਜਾਪੈ ਦਿਸੈ ਦੂਰਿ॥**

ਕੋਈ ਕਹਿੰਦਾ ਹੈ ਕਿ ਪ੍ਰਭੂ ਦੂਰ ਜਾਪਦਾ ਹੈ, ਦੂਰ ਦਿੱਸਦਾ ਹੈ।

**ਗਾਵੈ ਕੋ ਵੇਖੈ ਹਾਦਰਾ ਹਦੂਰਿ॥**

ਪਰ ਕੋਈ ਕਹਿੰਦਾ ਹੈ ਕਿ ਪ੍ਰਭੂ ਨੇੜੇ ਹੈ, ਸਭ ਥਾਈਂ ਹਾਜ਼ਰ ਹੈ, ਸਭ ਨੂੰ ਵੇਖ ਰਿਹਾ ਹੈ।

**ਕਥਨਾ ਕਥੀ ਨ ਆਵੈ ਤੋਟਿ॥**

ਉਸ ਦੀ ਸਿਫ਼ਤ ਵਿੱਚ ਕਥੇ ਗਏ ਕਥਨਾਂ ਦਾ ਅੰਤ ਨਹੀਂ ਪਾਇਆ ਜਾਂਦਾ।

**ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥**

ਭਾਵੇਂ ਕਰੋੜਾਂ ਕਥਨਹਾਰਿਆਂ ਨੇ ਕਰੋੜਾਂ ਕਥਨੀਆਂ ਕਰੋੜਾਂ ਵਾਰ ਕਹੀਆਂ ਹਨ।

**ਦੇਦਾ ਦੇ ਲੈਦੇ ਥਕਿ ਪਾਹਿ॥**

ਜੋ ਦੇਣਹਾਰ ਪ੍ਰਭੂ ਦੇਂਦਾ ਹੀ ਦੇਂਦਾ ਹੈ, ਲੈਣਹਾਰ ਥੱਕ ਜਾਂਦੇ ਹਨ।

**ਜੁਗਾ ਜੁਗੰਤਰਿ ਖਾਹੀ ਖਾਹਿ॥**

ਸਾਰੇ ਜੀਵ ਜੁਗਾਂ-ਜੁਗਾਂਤਰਾਂ ਤੋਂ ਜਿਸ ਦੇ ਦਿੱਤੇ ਪਦਾਰਥ ਖਾਂਦੇ ਆ ਰਹੇ ਹਨ।

**ਹੁਕਮੀ ਹੁਕਮੁ ਚਲਾਏ ਰਾਹੁ॥**

ਜਿਸ ਪ੍ਰਭੂ ਦਾ ਹੁਕਮ ਹੀ ਸੰਸਾਰ ਨੂੰ ਆਪਣੇ ਰਸਤੇ ’ਤੇ ਚਲਾ ਰਿਹਾ ਹੈ।

**ਨਾਨਕ ਵਿਗਸੈ ਵੇਪਰਵਾਹੁ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਪ੍ਰਭੂ ਸਦਾ ਬੇਪ੍ਰਵਾਹ ਅਤੇ ਪ੍ਰਸੰਨ ਹੈ ਉਸਦੇ ਬਲ ਨੂੰ ਕੌਣ ਗਾ ਸਕਦਾ ਹੈ?

**ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥**

ਉਹ ਪ੍ਰਭੂ ਸਦਾ ਸਥਿਰ ਰਹਿਣ ਵਾਲਾ ਹੈ, ਉਸਦਾ ਨਾਮ ਵੀ ਅਟੱਲ ਹੈ। ਉਸਦੀ ਬੋਲੀ ਪ੍ਰੇਮ ਹੈ ਅਤੇ ਉਹ ਆਪ ਬੇਅੰਤ ਹੈ।

**ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥**

ਸਾਰੇ ਜੀਵ ਉਸ ਪਾਸੋਂ ਦਾਤਾਂ ਮੰਗਦੇ ਹੋਏ ਆਖਦੇ ਹਨ ਕਿ ਪ੍ਰਭੂ ਸਾਨੂੰ ਦਾਤਾਂ ਦੇਹ, ਉਹ ਦਾਤਾਰ ਦਾਤਾਂ ਦੇਂਦਾ ਹੈ।

**ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥**

ਤਾਂ ਉਸ ਅੱਗੇ ਅਸੀਂ ਕੀ ਭੇਟਾ ਰੱਖੀਏ?

ਜਿਸ ਸਦਕਾ ਉਸਦੇ ਦਰਬਾਰ ਦੇ ਦਰਸ਼ਨ ਹੋ ਜਾਣ।

**ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥**

ਅਸੀਂ ਮੂੰਹੋਂ ਕਿਹੜਾ ਬੋਲ ਬੋਲੀਏ,

ਜਿਸ ਬੋਲ ਨੂੰ ਸੁਣ ਕੇ ਹਰੀ ਸਾਨੂੰ ਪਿਆਰ ਕਰੇ।

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥**

ਅੰਮ੍ਰਿਤ ਵੇਲਾ ਉਹ ਭੇਟਾ ਹੈ, ਸੱਚੇ ਨਾਮ ਦਾ ਸਿਮਰਨ ਅਤੇ ਵਡਿਆਈਆਂ ਦੀ ਵੀਚਾਰ ਦੇ ਬੋਲ ਹੀ ਬੋਲਣ ਜੋਗ ਹਨ ਭਾਵ ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪਣਾ ਅਤੇ ਪ੍ਰਭੂ ਦੀ ਸਿਫ਼ਤ ਸਲਾਹ ਹੀ ਉੱਤਮ ਕਾਰਜ ਹਨ ।

**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥**

ਚੰਗੇ ਕਰਮਾਂ ਨਾਲ ਸਰੀਰ ਰੂਪ ਕੱਪੜਾ ਮਿਲਦਾ ਹੈ ਅਤੇ

ਪ੍ਰਭੂ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਮੁਕਤੀ ਦਾ ਦਰਵਾਜ਼ਾ ਮਿਲ ਜਾਂਦਾ ਹੈ।

**ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਸਮਝਣਾ ਚਾਹੀਦਾ ਹੈ ਕਿ ਸਭ ਕੁਝ ਉਹ ਸੱਚਾ ਪ੍ਰਭੂ ਆਪ ਹੀ ਹੈ।

**ਥਾਪਿਆ ਨ ਜਾਇ ਕੀਤਾ ਨ ਹੋਇ॥**

ਉਹ ਪਰਮੇਸ਼ਰ ਥਾਪਿਆ ਵੀ ਨਹੀਂ ਜਾ ਸਕਦਾ ਅਤੇ

ਬਣਾਇਆ ਵੀ ਨਹੀਂ ਜਾ ਸਕਦਾ।

**ਆਪੇ ਆਪਿ ਨਿਰੰਜਨੁ ਸੋਇ॥**

ਉਹ ਆਪ ਹੀ ਆਪ ਹੈ ਅਤੇ ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਹੈ।

**ਜਿਨਿ ਸੇਵਿਆ ਤਿਨਿ ਪਾਇਆ ਮਾਨੁ॥**

ਜਿਸਨੇ ਉਸਨੂੰ ਸਿਮਰਿਆ ਹੈ, ਉਸਨੇ ਹੀ ਮਾਣ ਪਾਇਆ ਹੈ।

**ਨਾਨਕ ਗਾਵੀਐ ਗੁਣੀ ਨਿਧਾਨੁ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਆਓ ਅਸੀਂ ਵੀ ਐਸੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੇ ਗੁਣ ਗਾਈਏ।

**ਗਾਵੀਐ ਸੁਣੀਐ ਮਨਿ ਰਖੀਐ ਭਾਉ॥**

ਆਓ, ਪ੍ਰਭੂ ਦੇ ਗੁਣ ਗਾਈਏ ਤੇ ਸੁਣੀਏ ਅਤੇ ਮਨ ਵਿੱਚ ਉਸਦਾ ਪ੍ਰੇਮ ਟਿਕਾਈਏ।

**ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥**

ਜੋ ਜੀਵ ਐਸਾ ਕਰਦਾ ਹੈ,
ਉਹ ਆਪਣਾ ਦੁੱਖ ਨਾਸ ਕਰਕੇ ਸੁੱਖ ਹਿਰਦੇ ਰੂਪੀ ਘਰ ਲੈ ਜਾਂਦਾ ਹੈ।

**ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥**

ਉਸ ਪ੍ਰਭੂ ਦਾ ਨਾਮ ਤੇ ਗਿਆਨ ਗੁਰੂ ਦੀ ਰਾਹੀਂ ਪ੍ਰਾਪਤ ਹੁੰਦਾ ਹੈ,
ਗੁਰੂ ਦੇ ਰਾਹੀਂ ਹੀ ਇਹ ਵਿਸ਼ਵਾਸ਼ ਬਣਦਾ ਹੈ ਕਿ ਉਹ ਪ੍ਰਭੂ ਸਭ ਥਾਈਂ ਵਿਆਪਕ ਹੈ।

**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥**

ਗੁਰੂ ਹੀ ਸਾਡੇ ਲਈ ਸ਼ਿਵ ਹੈ, ਗੁਰੂ ਹੀ ਗੋਰਖ ਤੇ ਬ੍ਰਹਮਾ ਹੈ ਅਤੇ
ਗੁਰੂ ਹੀ ਸਾਡੇ ਲਈ ਮਾਈ ਪਾਰਬਤੀ ਹੈ।

**ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥**

ਜੇ ਮੈਂ ਐਸੇ ਗੁਰੂ ਦੀ ਮਹਿਮਾ ਜਾਣ ਵੀ ਲਵਾਂ ਤਾਂ ਮੈਂ ਉਸਦਾ ਵਰਨਣ ਨਹੀਂ ਕਰ ਸਕਦਾ, ਕਿਉਂਕਿ ਉਸਦੀ ਅਕੱਥ ਕਥਾ ਕਹੀ ਨਹੀਂ ਜਾ ਸਕਦੀ।

**ਗੁਰਾ ਇਕ ਦੇਹਿ ਬੁਝਾਈ॥**

ਗੁਰੂ ਨੇ ਮੈਨੂੰ ਇੱਕ ਗੱਲ ਸਮਝਾ ਦਿੱਤੀ ਕਿ

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੫॥**

ਸਾਰਿਆਂ ਜੀਵਾਂ ਦਾ ਇੱਕ ਦਾਤਾ ਹੈ, ਮੈਨੂੰ ਉਹ ਵਿਸਰ ਨਾ ਜਾਏ।

**ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥**

ਜੇ ਜੀਵ ਪ੍ਰਭੂ ਨੂੰ ਚੰਗਾ ਲੱਗ ਜਾਵੇ ਤਾਂ ਇਹ ਉਸਦਾ ਤੀਰਥ ਇਸ਼ਨਾਨ ਹੈ,
ਪਰ ਜੇ ਚੰਗਾ ਨਾ ਲੱਗੇ ਤਾਂ ਨ੍ਹਾ ਕੇ ਵੀ ਕੀ ਕੀਤਾ?

**ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥**

ਜਿੰਨੀ ਵੀ ਕਰਤਾ ਪੁਰਖ ਦੀ ਬਣਾਈ ਸ੍ਰਿਸ਼ਟੀ ਵੇਖਦਾ ਹਾਂ,
ਬਿਨਾਂ ਕਰਮਾਂ ਤੋਂ ਕਿਸੇ ਨੂੰ ਕੀ ਮਿਲਦਾ ਹੈ?

**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥**

ਜੀਵ ਦੀ ਮੱਤ ਵਿੱਚ ਰਤਨ, ਜਵਾਹਰ ਅਤੇ ਮਾਣਕ ਹਨ, ਪਰ ਆਪਣੇ ਯਤਨ ਨਾਲ ਨਹੀਂ ਮਿਲਦੇ, ਜੇ ਇਹ ਗੁਰੂ ਦੀ ਸਿੱਖਿਆ ਸੁਣ ਲਵੇ ਤਾਂ ਮਿਲਦੇ ਹਨ।

**ਗੁਰਾ ਇਕ ਦੇਹਿ ਬੁਝਾਈ॥**

ਹੇ ਗੁਰੂ ਜੀ! ਮੈਨੂੰ ਇੱਕ ਗੱਲ ਸਮਝਾ ਦਿਓ ਕਿ

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੬॥**

ਸਾਰਿਆਂ ਜੀਵਾਂ ਦਾ ਇੱਕ ਦਾਤਾ ਹੈ, ਉਹ ਮੈਨੂੰ ਵਿਸਰ ਨਾ ਜਾਏ।

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥**

ਜੇ ਜੀਵ ਦੀ ਉਮਰ ਚਾਰ ਯੁੱਗਾਂ ਤੋਂ ਵੀ ਦੱਸ ਗੁਣਾ ਵੱਧ ਹੋ ਜਾਏ।

**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥**
ਨੌਂ ਖੰਡਾਂ ਭਾਵ ਸਾਰੇ ਸੰਸਾਰ ਦੇ ਵਿੱਚ ਉਸਨੂੰ ਲੋਕ ਜਾਣਦੇ ਹੋਣ
ਅਤੇ ਸਾਰੇ ਉਸ ਦੇ ਮਗਰ ਤੁਰਦੇ ਹੋਣ।
**ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥**
ਆਪਣਾ ਚੰਗਾ ਨਾਮ ਬਣਾ ਕੇ, ਜੱਗ 'ਤੇ ਜੱਸ ਅਤੇ ਸੋਭਾ ਖੱਟਦਾ ਹੋਵੇ।
**ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥**
ਜੇ ਉਹ ਪ੍ਰਭੂ ਦੀ ਕ੍ਰਿਪਾ-ਦ੍ਰਿਸ਼ਟੀ ਹੇਠ ਨਾ ਆਇਆ ਤਾਂ
ਉਸ ਦੀ ਖ਼ਬਰ ਕਿਸੇ ਨੇ ਨਹੀਂ ਪੁੱਛਣੀ।
**ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥**
ਉਹ ਕੀੜਿਆਂ ਅੰਦਰ ਕੀੜਾ ਅਤੇ ਦੋਸ਼ੀਆਂ ਅੰਦਰ ਦੋਸ਼ੀ ਗਿਣਿਆ ਜਾਏਗਾ।
**ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਨਿਰਗੁਣਾਂ ਵਿੱਚ ਗੁਣ ਅਤੇ
ਗੁਣਵਾਨਾਂ ਵਿੱਚ ਹੋਰ ਗੁਣ ਪਾ ਦਿੰਦਾ ਹੈ।
**ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥**
ਇਹੋ ਜਿਹਾ ਕੋਈ ਵੀ ਸੰਸਾਰ 'ਤੇ ਦਿਖਾਈ ਨਹੀਂ ਦੇਂਦਾ ਜੋ ਉਸ ਪ੍ਰਭੂ ਅੰਦਰ
ਗੁਣ ਪੈਦਾ ਕਰ ਸਕੇ।
**ਸੁਣਿਐ ਸਿਧ ਪੀਰ ਸੁਰਿ ਨਾਥ॥**
ਪ੍ਰਭੂ ਦੇ ਨਾਮ ਨੂੰ ਸੁਣਨ ਨਾਲ ਸਾਧਾਰਨ ਜੀਵ ਸਿੱਧ, ਪੀਰ, ਦੇਵਤੇ ਅਤੇ
ਸੁਆਮੀ ਬਣਦੇ ਹਨ।
**ਸੁਣਿਐ ਧਰਤਿ ਧਵਲ ਆਕਾਸ॥**
ਸੁਣਨ ਨਾਲ ਹੀ ਇਨ੍ਹਾਂ ਨੂੰ ਇਹ ਸੋਝੀ ਹੁੰਦੀ ਹੈ ਕਿ ਧਰਤੀ
ਅਤੇ ਆਕਾਸ਼ ਦਾ ਆਸਰਾ ਪ੍ਰਭੂ ਹੈ।
**ਸੁਣਿਐ ਦੀਪ ਲੋਅ ਪਾਤਾਲ॥**
ਸੁਣਨ ਨਾਲ ਹੀ ਇਹ ਸੋਝੀ ਪੈਂਦੀ ਹੈ
ਕਿ ਪ੍ਰਭੂ ਸਾਰੇ ਦੀਪਾਂ, ਲੋਕਾਂ, ਪਤਾਲਾਂ ਵਿੱਚ ਵਿਆਪਕ ਹੈ।
**ਸੁਣਿਐ ਪੋਹਿ ਨ ਸਕੈ ਕਾਲੁ॥**
ਪ੍ਰਭੂ ਦੇ ਨਾਮ ਨੂੰ ਸੁਣਨ ਵਾਲੇ ਨੂੰ ਮੌਤ ਨਹੀਂ ਡਰਾ ਸਕਦੀ।
**ਨਾਨਕ ਭਗਤਾ ਸਦਾ ਵਿਗਾਸੁ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਗਤ ਹਮੇਸ਼ਾਂ ਖੁਸ਼ ਰਹਿੰਦੇ ਹਨ।
**ਸੁਣਿਐ ਦੂਖ ਪਾਪ ਕਾ ਨਾਸੁ॥੮॥**
ਪ੍ਰਭੂ ਦੇ ਨਾਮ ਨੂੰ ਸੁਣਨ ਨਾਲ ਦੁੱਖਾਂ ਅਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

**ਸੁਣਿਐ ਈਸਰੁ ਬਰਮਾ ਇੰਦੁ ॥**

ਪ੍ਰਭੂ ਦੀ ਸਿਫ਼ਤ ਸੁਣਨ ਨਾਲ ਜੀਵ ਸ਼ਿਵ, ਬ੍ਰਹਮਾ ਅਤੇ ਇੰਦਰ ਦੀ ਪਦਵੀ ਪ੍ਰਾਪਤ ਕਰ ਸਕਦਾ ਹੈ।

**ਸੁਣਿਐ ਮੁਖਿ ਸਾਲਾਹਣ ਮੰਦੁ ॥**

ਸੁਣਨ ਨਾਲ ਮੰਦਾ ਮਨੁਖ ਵੀ ਪ੍ਰਭੂ ਦੀ ਸਿਫ਼ਤ ਕਰਨ ਲੱਗ ਪੈਂਦਾ ਹੈ।

**ਸੁਣਿਐ ਜੋਗ ਜੁਗਤਿ ਤਨਿ ਭੇਦ ॥**

ਸੁਣਨ ਨਾਲ ਜੀਵ ਪ੍ਰਭੂ ਨਾਲ ਜੁੜਨ ਦੇ ਰਸਤੇ ਅਤੇ ਸਰੀਰ ਦੇ ਭੇਦਾਂ ਨੂੰ ਜਾਣ ਲੈਂਦਾ ਹੈ।

**ਸੁਣਿਐ ਸਾਸਤ ਸਿਮ੍ਰਿਤਿ ਵੇਦ ॥**

ਸੁਣਨ ਨਾਲ ਹੀ ਜੀਵ ਸ਼ਾਸ਼ਤ੍ਰਾਂ, ਸਿਮ੍ਰਤੀਆਂ ਅਤੇ ਵੇਦਾਂ ਨੂੰ ਜਾਣ ਲੈਂਦਾ ਹੈ।

**ਨਾਨਕ ਭਗਤਾ ਸਦਾ ਵਿਗਾਸੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਗਤ ਹਮੇਸ਼ਾਂ ਖੁਸ਼ ਰਹਿੰਦੇ ਹਨ।

**ਸੁਣਿਐ ਦੂਖ ਪਾਪ ਕਾ ਨਾਸੁ ॥੯॥**

ਪ੍ਰਭੂ ਦੇ ਨਾਮ ਨੂੰ ਸੁਣਨ ਨਾਲ ਦੁੱਖਾਂ ਅਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

**ਸੁਣਿਐ ਸਤੁ ਸੰਤੋਖੁ ਗਿਆਨੁ ॥**

ਪ੍ਰਭੂ ਦੇ ਨਾਮ ਨੂੰ ਸੁਣਨ ਨਾਲ ਸੱਚ, ਸੰਤੋਖ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

**ਸੁਣਿਐ ਅਠਸਠਿ ਕਾ ਇਸਨਾਨੁ ॥**

ਪ੍ਰਭੂ ਦੇ ਨਾਮ ਨੂੰ ਸੁਣਨਾ ਮਾਨੋ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।

**ਸੁਣਿਐ ਪੜਿ ਪੜਿ ਪਾਵਹਿ ਮਾਨੁ ॥**

ਵਿੱਦਿਆ ਪੜ੍ਹ-ਪੜ੍ਹ ਕੇ ਪ੍ਰਾਪਤ ਹੋਣ ਵਾਲਾ ਸਤਿਕਾਰ ਵੀ ਸੁਣਨ ਨਾਲ ਮਿਲ ਜਾਂਦਾ ਹੈ।

**ਸੁਣਿਐ ਲਾਗੈ ਸਹਜਿ ਧਿਆਨੁ ॥**

ਸੁਣਨ ਨਾਲ ਪ੍ਰਭੂ ਦੇ ਚਰਨਾਂ ਵਿੱਚ ਸਹਿਜੇ ਹੀ ਧਿਆਨ ਲੱਗ ਜਾਂਦਾ ਹੈ।

**ਨਾਨਕ ਭਗਤਾ ਸਦਾ ਵਿਗਾਸੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਗਤ ਹਮੇਸ਼ਾਂ ਖੁਸ਼ ਰਹਿੰਦੇ ਹਨ।

**ਸੁਣਿਐ ਦੂਖ ਪਾਪ ਕਾ ਨਾਸੁ ॥੧੦॥**

ਪ੍ਰਭੂ ਦੇ ਨਾਮ ਨੂੰ ਸੁਣਨ ਨਾਲ ਦੁੱਖਾਂ ਅਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

**ਸੁਣਿਐ ਸਰਾ ਗੁਣਾ ਕੇ ਗਾਹ ॥**

ਪ੍ਰਭੂ ਦੀ ਸਿਫ਼ਤ ਨੂੰ ਸੁਣਨ ਨਾਲ ਜੀਵ ਬੇਅੰਤ ਗੁਣਾਂ ਦੀ ਸੂਝ ਵਾਲੇ ਹੋ ਜਾਂਦੇ ਹਨ।

**ਸੁਣਿਐ ਸੇਖ ਪੀਰ ਪਾਤਿਸਾਹ ॥**

ਸੁਣਨ ਨਾਲ ਸ਼ੇਖ, ਪੀਰ ਅਤੇ ਪਾਤਸ਼ਾਹ ਬਣ ਜਾਂਦੇ ਹਨ।

**ਸੁਣਿਐ ਅੰਧੇ ਪਾਵਹਿ ਰਾਹੁ ॥**

ਸੁਣਨ ਨਾਲ ਅੰਨ੍ਹੇ ਵੀ ਰਸਤਾ ਪ੍ਰਾਪਤ ਕਰ ਲੈਂਦੇ ਹਨ।

**ਸੁਣਿਐ ਹਾਥ ਹੋਵੈ ਅਸਗਾਹੁ ॥**

ਸੁਣਨ ਨਾਲ ਅਥਾਹ ਸੰਸਾਰ ਸਾਗਰ ਦੀ ਸਮਝ ਆ ਜਾਂਦੀ ਹੈ।

**ਨਾਨਕ ਭਗਤਾ ਸਦਾ ਵਿਗਾਸੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਗਤ ਹਮੇਸ਼ਾਂ ਖੁਸ਼ ਰਹਿੰਦੇ ਹਨ।

**ਸੁਣਿਐ ਦੂਖ ਪਾਪ ਕਾ ਨਾਸੁ ॥੧੧॥**

ਪ੍ਰਭੂ ਦੇ ਨਾਮ ਨੂੰ ਸੁਣਨ ਨਾਲ ਦੁੱਖਾਂ ਅਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

**ਮੰਨੇ ਕੀ ਗਤਿ ਕਹੀ ਨ ਜਾਇ ॥**

ਪ੍ਰਭੂ ਦੇ ਨਾਮ ਨੂੰ ਮੰਨਣ ਵਾਲੇ ਦੀ ਅਵਸਥਾ ਕਹੀ ਨਹੀਂ ਜਾ ਸਕਦੀ।

**ਜੇ ਕੋ ਕਹੈ ਪਿਛੈ ਪਛੁਤਾਇ ॥**

ਜੇ ਕੋਈ ਕਹੇ ਤਾਂ ਪਿਛੋਂ ਪਛੁਤਾਉਂਦਾ ਹੈ ਕਿ ਮੈਂ ਥੋੜ੍ਹੀ ਕਹੀ ਹੈ।

**ਕਾਗਦਿ ਕਲਮ ਨ ਲਿਖਣਹਾਰੁ ॥**

ਲਿਖਣਵਾਲਾ ਕਾਗਜ਼ ਉੱਤੇ ਕਲਮ ਨਾਲ ਉਸਦੀ ਅਵਸਥਾ ਲਿਖ ਨਹੀਂ ਸਕਦਾ।

**ਮੰਨੇ ਕਾ ਬਹਿ ਕਰਨਿ ਵੀਚਾਰੁ ॥**

ਉਹ ਤਾਂ ਸਿਰਫ ਮੰਨਣ ਵਾਲੇ ਦੀ ਅਵਸਥਾ ਦਾ ਬੈਠ ਕੇ
ਵੀਚਾਰ ਹੀ ਕਰ ਸਕਦਾ ਹੈ।

**ਐਸਾ ਨਾਮੁ ਨਿਰੰਜਨੁ ਹੋਇ ॥**

ਪ੍ਰਭੂ ਦਾ ਨਾਮ ਐਸਾ ਮਾਇਆ ਤੋਂ ਨਿਰਲੇਪ ਹੈ ਕਿ

**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥**

ਜੇ ਕੋਈ ਇਸ ਨੂੰ ਮੰਨ ਲਏ ਤਾਂ ਹੀ ਉਹ ਇਸ ਨੂੰ ਜਾਣ ਸਕਦਾ ਹੈ।

**ਮੰਨੈ ਸੁਰਤਿ ਹੋਵੈ ਮਨਿ ਬੁਧਿ ॥**

ਮੰਨਣ ਨਾਲ ਜੀਵ ਦੇ ਮਨ ਅਤੇ ਬੁੱਧੀ ਅੰਦਰ ਈਸ਼ਵਰੀ ਗਿਆਨ ਆ ਜਾਂਦਾ ਹੈ।

**ਮੰਨੈ ਸਗਲ ਭਵਣ ਕੀ ਸੁਧਿ ॥**

ਮੰਨਣ ਨਾਲ ਸਾਰੇ ਭਵਨਾਂ ਦੀ ਸੋਝੀ ਹੋ ਜਾਂਦੀ ਹੈ।

**ਮੰਨੈ ਮੁਹਿ ਚੋਟਾ ਨਾ ਖਾਇ ॥**

ਮੰਨਣ ਨਾਲ ਜੀਵ ਵਿਕਾਰਾਂ ਦੀਆਂ ਸੱਟਾਂ ਮੂੰਹ 'ਤੇ ਨਹੀਂ ਖਾਂਦਾ।

**ਮੰਨੈ ਜਮ ਕੈ ਸਾਥਿ ਨ ਜਾਇ ॥**

ਪ੍ਰਭੂ ਦੇ ਨਾਮ ਨੂੰ ਮੰਨਣ ਨਾਲ ਜਮਾਂ ਦੇ ਨਾਲ ਨਹੀਂ ਜਾਣਾ ਪੈਂਦਾ ਭਾਵ ਜੰਮਣ
ਮਰਨ ਤੋਂ ਰਹਿਤ ਹੋ ਜਾਂਦਾ ਹੈ।

**ਐਸਾ ਨਾਮੁ ਨਿਰੰਜਨੁ ਹੋਇ ॥**

ਪ੍ਰਭੂ ਦਾ ਨਾਮ ਐਸਾ ਮਾਇਆ ਤੋਂ ਨਿਰਲੇਪ ਹੈ ਕਿ

**ਜੇ ਕੋ ਮੰਨਿ ਜਾਣੈ ਮਨਿ ਕੋਇ॥੧੩॥**

ਜੇ ਕੋਈ ਇਸ ਨੂੰ ਮੰਨ ਲਏ ਤਾਂ ਹੀ ਉਹ ਇਸ ਨੂੰ ਜਾਣ ਸਕਦਾ ਹੈ।

**ਮੰਨੈ ਮਾਰਗਿ ਠਾਕ ਨ ਪਾਇ॥**

ਪ੍ਰਭੂ ਦੇ ਨਾਮ ਨੂੰ ਮੰਨਣ ਵਾਲੇ ਨੂੰ ਰਸਤੇ ਵਿੱਚ ਵਿਕਾਰਾਂ ਦੀ ਰੁਕਾਵਟ ਨਹੀਂ ਆਉਂਦੀ।

**ਮੰਨੈ ਪਤਿ ਸਿਉ ਪਰਗਟੁ ਜਾਇ॥**

ਮੰਨਣ ਵਾਲਾ ਸੰਸਾਰ 'ਤੇ ਸ਼ੋਭਾ ਖੱਟ ਕੇ ਇਜ਼ਤ ਨਾਲ ਜਾਂਦਾ ਹੈ।

**ਮੰਨੈ ਮਗੁ ਨ ਚਲੈ ਪੰਥੁ॥**

ਮੰਨਣ ਵਾਲਾ ਸੰਸਾਰਿਕ ਕਰਮਕਾਂਡੀ ਰਸਤੇ 'ਤੇ ਨਹੀਂ ਚਲਦਾ।

**ਮੰਨੈ ਧਰਮ ਸੇਤੀ ਸਨਬੰਧੁ॥**

ਮੰਨਣ ਵਾਲੇ ਦਾ ਧਰਮ ਨਾਲ ਸਿੱਧਾ ਸੰਬੰਧ ਬਣ ਜਾਂਦਾ ਹੈ।

**ਐਸਾ ਨਾਮੁ ਨਿਰੰਜਨੁ ਹੋਇ॥**

ਪ੍ਰਭੂ ਦਾ ਨਾਮ ਐਸਾ ਮਾਇਆ ਤੋਂ ਨਿਰਲੇਪ ਹੈ ਕਿ

**ਜੇ ਕੋ ਮੰਨਿ ਜਾਣੈ ਮਨਿ ਕੋਇ॥੧੪॥**

ਜੇ ਕੋਈ ਇਸ ਨੂੰ ਮੰਨ ਲਏ ਤਾਂ ਹੀ ਉਹ ਇਸ ਨੂੰ ਜਾਣ ਸਕਦਾ ਹੈ।

**ਮੰਨੈ ਪਾਵਹਿ ਮੋਖੁ ਦੁਆਰੁ॥**

ਹਰੀ ਦੇ ਨਾਮ ਨੂੰ ਮੰਨਣ ਵਾਲਾ ਮੁਕਤੀ ਦੇ ਦਰਵਾਜੇ 'ਤੇ ਪਹੁੰਚ ਜਾਂਦਾ ਹੈ।

**ਮੰਨੈ ਪਰਵਾਰੈ ਸਾਧਾਰੁ॥**

ਮੰਨਣ ਵਾਲਾ ਆਪਣੇ ਪਰਿਵਾਰ ਨੂੰ ਵੀ ਪ੍ਰਭੂ ਦਾ ਆਸਰਾ ਦ੍ਰਿੜ੍ਹ ਕਰਵਾਉਂਦਾ ਹੈ।

**ਮੰਨੈ ਤਰੈ ਤਾਰੇ ਗੁਰੁ ਸਿਖ॥**

ਮੰਨਣ ਵਾਲਾ ਆਪ ਤਰਦਾ ਹੈ ਅਤੇ ਗੁਰੂ ਦੇ ਸਿੱਖਾਂ ਨੂੰ ਤਾਰਦਾ ਹੈ।

**ਮੰਨੈ ਨਾਨਕ ਭਵਹਿ ਨ ਭਿਖ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੰਨਣ ਵਾਲਾ ਮੰਗਦਾ ਨਹੀਂ ਫਿਰਦਾ।

**ਐਸਾ ਨਾਮੁ ਨਿਰੰਜਨੁ ਹੋਇ॥**

ਪ੍ਰਭੂ ਦਾ ਨਾਮ ਐਸਾ ਮਾਇਆ ਤੋਂ ਨਿਰਲੇਪ ਹੈ ਕਿ

**ਜੇ ਕੋ ਮੰਨਿ ਜਾਣੈ ਮਨਿ ਕੋਇ॥੧੫॥**

ਜੇ ਕੋਈ ਇਸ ਨੂੰ ਮੰਨ ਲਏ ਤਾਂ ਹੀ ਉਹ ਇਸ ਨੂੰ ਜਾਣ ਸਕਦਾ ਹੈ।

**ਪੰਚ ਪਰਵਾਣ ਪੰਚ ਪਰਧਾਨੁ॥**

ਜਿਹਨਾਂ ਦੀ ਸੁਰਤ ਨਾਮ ਵਿੱਚ ਜੁੜੀ ਰਹਿੰਦੀ ਹੈ ਉਹ ਮਨੁੱਖ ਜਗ ਵਿੱਚ ਪਰਵਾਨ ਤੇ ਪਰਧਾਨ ਹਨ।

**ਪੰਚੇ ਪਾਵਹਿ ਦਰਗਹਿ ਮਾਨੁ॥**

ਅਕਾਲ ਪੁਰਖ ਦੀ ਦਰਗਾਹ ਵਿੱਚ ਐਸੇ ਪੁਰਖ ਆਦਰ ਪਾਉਂਦੇ ਹਨ।

**ਪੰਚੇ ਸੋਹਹਿ ਦਰਿ ਰਾਜਾਨੁ॥**

ਰਾਜ ਦਰਬਾਰਾਂ ਵਿਚ ਵੀ ਉਹ ਸੋਭਾ ਪਾਉਂਦੇ ਹਨ।

**ਪੰਚਾ ਕਾ ਗੁਰੁ ਏਕੁ ਧਿਆਨੁ॥**

ਇਨ੍ਹਾਂ ਪ੍ਰਵਾਨਿਤ ਜਨਾਂ ਦੀ ਸੁਰਤੀ ਸਿਰਫ਼ ਇੱਕ ਗੁਰੂ ਵਿੱਚ ਹੁੰਦੀ ਹੈ।

**ਜੇ ਕੋ ਕਹੈ ਕਰੈ ਵੀਚਾਰੁ॥**

ਜੇ ਕੋਈ ਕਹੇ ਕਿ ਮੈਂ ਕਰਤੇ ਦੀ ਵੀਚਾਰ ਕਰਾਂਗਾ।

**ਕਰਤੇ ਕੈ ਕਰਣੈ ਨਾਹੀ ਸੁਮਾਰੁ॥**

ਪਰ ਕਰਤੇ ਦੇ ਕੰਮਾਂ ਨੂੰ ਨਹੀਂ ਗਿਣਿਆ ਜਾ ਸਕਦਾ ਉਸ ਦੀ ਲੀਲਾ ਬੇਅੰਤ ਹੈ।

**ਧੌਲੁ ਧਰਮੁ ਦਇਆ ਕਾ ਪੂਤੁ॥**

ਧਰਤੀ ਹੇਠਲਾ ਜੋ ਬਲਦ ਹੈ, ਉਹ ਧਰਮ ਹੈ ਅਤੇ ਦਇਆ ਦਾ ਪੁੱਤਰ ਹੈ।

**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥**

ਉਸ ਪ੍ਰਮੇਸ਼ਰ ਨੇ ਸੰਤੋਖ ਨਾਲ ਧਰਤੀ 'ਤੇ ਸਭ ਕੁਝ
ਸੂਤ ਕਰਕੇ ਰੱਖਿਆ ਹੋਇਆ ਹੈ।

**ਜੇ ਕੋ ਬੁਝੈ ਹੋਵੈ ਸਚਿਆਰੁ॥**

ਜੇ ਕੋਈ ਇਸ ਭੇਦ ਨੂੰ ਜਾਣ ਲਵੇ ਤਾਂ ਉਹ ਸੱਚਾ ਇਨਸਾਨ ਬਣ ਜਾਂਦਾ ਹੈ।

**ਧਵਲੈ ਉਪਰਿ ਕੇਤਾ ਭਾਰੁ॥**

ਬਲਦ ਉੱਤੇ ਕਿੰਨਾ ਕੁ ਭਾਰ ਹੈ?

**ਧਰਤੀ ਹੋਰੁ ਪਰੈ ਹੋਰੁ ਹੋਰੁ॥**

ਕਿਉਂਕਿ ਧਰਤੀ ਤੋਂ ਪਰ੍ਹੇ ਹੋਰ ਕਈ ਧਰਤੀਆਂ ਹਨ।

**ਤਿਸ ਤੇ ਭਾਰੁ ਤਲੈ ਕਵਣੁ ਜੋਰੁ॥**

ਉਸ ਭਾਰ ਥੱਲੇ ਕਿਹੜਾ ਜ਼ੋਰ ਦਿੱਤਾ ਗਿਆ ਹੈ?
(ਪੁਰਾਤਨ ਮਿੱਥ ਅਨੁਸਾਰ ਜੇ ਧਰਤੀ ਬਲਦ ਦੇ ਸਿੰਗਾਂ 'ਤੇ ਖੜੀ ਏ ਤਾਂ ਬਲਦ ਕਿਸ ਤੇ ਖੜਾ ਹੈ?)

**ਜੀਅ ਜਾਤਿ ਰੰਗਾ ਕੇ ਨਾਵ॥**

ਸੰਸਾਰ ਵਿੱਚ ਕਈ ਜਾਤੀਆਂ, ਰੰਗਾਂ ਅਤੇ ਨਾਵਾਂ ਦੇ ਜੀਵ ਹਨ।

**ਸਭਨਾ ਲਿਖਿਆ ਵੁੜੀ ਕਲਾਮ॥**

ਇਨ੍ਹਾਂ ਸਭਨਾਂ ਨੂੰ ਇੱਕ ਸਦਾ ਚੱਲ ਰਹੀ ਕਲਮ ਨੇ ਹੀ ਲਿਖਿਆ ਹੈ
ਭਾਵ ਇਨ੍ਹਾਂ ਦਾ ਲੇਖਾ ਕਰਤਾ ਆਪ ਹੀ ਜਾਣਦਾ ਹੈ।

**ਏਹੁ ਲੇਖਾ ਲਿਖਿ ਜਾਣੈ ਕੋਇ॥**

ਹੋਰ ਕੌਣ ਇਹ ਲੇਖਾ ਲਿਖਣਾ ਜਾਣਦਾ ਹੈ?

**ਲੇਖਾ ਲਿਖਿਆ ਕੇਤਾ ਹੋਇ॥**

ਜੇ ਉਸ ਪ੍ਰਭੂ ਦਾ ਲੇਖਾ ਲਿਖਿਆ ਵੀ ਜਾਵੇ ਤਾਂ ਕਿੰਨਾ ਕੁ ਹੋ ਜਾਏਗਾ?
ਭਾਵ ਅਧੂਰਾ ਹੀ ਰਹੇਗਾ।

**ਕੇਤਾ ਤਾਣੁ ਸੁਆਲਿਹੁ ਰੂਪੁ॥**

ਉਸ ਵਿੱਚ ਬਲ ਕਿੰਨਾ ਹੈ ਅਤੇ ਸਰੂਪ ਕਿੰਨਾ ਸੁੰਦਰ ਹੈ?

**ਕੇਤੀ ਦਾਤਿ ਜਾਣੈ ਕੌਣੁ ਕੂਤੁ॥**

ਉਸਦੀ ਦਾਤ ਕਿੰਨੀ ਵੱਡੀ ਹੈ,
ਕੌਣ ਇਸ ਦੀ ਗਿਣਤੀ-ਮਿਣਤੀ ਕਰ ਸਕਦਾ ਹੈ?

**ਕੀਤਾ ਪਸਾਉ ਏਕੋ ਕਵਾਉ॥**

ਇੱਕ ਬਚਨ ਨਾਲ ਹੀ ਉਸਨੇ ਸਾਰਾ ਪਸਾਰਾ ਪਸਾਰਿਆ ਹੋਇਆ ਹੈ।

**ਤਿਸ ਤੇ ਹੋਏ ਲਖ ਦਰੀਆਉ॥**

ਉਸ ਤੋਂ ਹੀ ਲੱਖਾਂ ਦਰਿਆ ਵਹਿਣੇ ਸ਼ੁਰੂ ਹੋਏ।

**ਕੁਦਰਤਿ ਕਵਣ ਕਹਾ ਵੀਚਾਰੁ॥**

ਤੇਰੀ ਕੁਦਰਤ ਨੂੰ ਵਿਚਾਰਨ ਦੀ ਮੇਰੇ ਵਿੱਚ ਕੀ ਤਾਕਤ ਹੈ?

**ਵਾਰਿਆ ਨ ਜਾਵਾ ਏਕ ਵਾਰ॥**

ਮੈਂ ਤਾਂ ਤੇਰੇ ਉਤੋਂ ਇੱਕ ਵਾਰੀ ਵੀ ਕੁਰਬਾਨ ਹੋਣ ਜੋਗਾ ਨਹੀਂ ਹਾਂ।

**ਜੋ ਤੁਧੁ ਭਾਵੈ ਸਾਈ ਭਲੀ ਕਾਰ॥**

ਜੋ ਤੈਨੂੰ ਭਾਉਂਦੀ ਹੈ, ਉਹੀ ਕਾਰ ਚੰਗੀ ਹੈ।

**ਤੂ ਸਦਾ ਸਲਾਮਤਿ ਨਿਰੰਕਾਰ॥੧੬॥**

ਹੇ ਆਕਾਰ ਰਹਿਤ ਪ੍ਰਭੂ! ਤੂੰ ਸਦਾ ਰਹਿਣ ਵਾਲਾ ਹੈਂ।

**ਅਸੰਖ ਜਪ ਅਸੰਖ ਭਾਉ॥**

ਅਨੇਕ ਜੀਵ ਤੈਨੂੰ ਜਪਦੇ ਹਨ, ਅਨੇਕਾਂ ਹੀ ਜੀਵ ਤੈਨੂੰ ਪਿਆਰ ਕਰਦੇ ਹਨ।

**ਅਸੰਖ ਪੂਜਾ ਅਸੰਖ ਤਪ ਤਾਉ॥**

ਅਨੇਕਾਂ ਪੂਜਾ ਕਰਦੇ ਹਨ ਅਤੇ ਅਨੇਕਾਂ ਹੀ ਤਪ ਸਾਧ ਰਹੇ ਹਨ।

**ਅਸੰਖ ਗਰੰਥ ਮੁਖਿ ਵੇਦ ਪਾਠ॥**

ਅਨੇਕਾਂ ਹੀ ਗ੍ਰੰਥਾਂ ਅਤੇ ਵੇਦਾਂ ਦਾ ਮੂੰਹ ਨਾਲ ਪਾਠ ਕਰ ਰਹੇ ਹਨ।

**ਅਸੰਖ ਜੋਗ ਮਨਿ ਰਹਹਿ ਉਦਾਸ॥**

ਅਨੇਕਾਂ ਹੀ ਮਨ ਵਿੱਚ ਸੰਸਾਰ ਵਲੋਂ ਉਦਾਸ ਰਹਿ ਕੇ ਯੋਗ ਕਰ ਰਹੇ ਹਨ।

**ਅਸੰਖ ਭਗਤ ਗੁਣ ਗਿਆਨ ਵੀਚਾਰ॥**

ਅਨੇਕਾਂ ਐਸੇ ਭਗਤ ਹਨ, ਜੋ ਪ੍ਰਭੂ ਦੇ ਗੁਣਾਂ ਅਤੇ
ਗਿਆਨ ਦੀ ਵਿਚਾਰ ਕਰ ਰਹੇ ਹਨ।

**ਅਸੰਖ ਸਤੀ ਅਸੰਖ ਦਾਤਾਰ॥**

ਅਨੇਕਾਂ ਪਵਿੱਤਰ ਜੀਵ ਹਨ, ਅਨੇਕਾਂ ਹੀ ਦਾਤੇ ਹਨ।

**ਅਸੰਖ ਸੂਰ ਮੁਹ ਭਖ ਸਾਰ॥**

ਅਨੇਕਾਂ ਸੂਰਮੇ ਹਨ, ਜੋ ਯੁੱਧ ਵਿੱਚ ਸ਼ਸਤਰਾਂ ਦੀ ਚੋਟਾਂ ਸਹਾਰਦੇ ਹਨ।

**ਅਸੰਖ ਮੋਨਿ ਲਿਵ ਲਾਇ ਤਾਰ॥**

ਅਨੇਕਾਂ ਐਸੇ ਮੋਨੀ(ਚੁੱਪ ਰਹਿਣ ਵਾਲੇ) ਹਨ,
ਜਿਨ੍ਹਾਂ ਇੱਕ ਰਸ ਸਮਾਧੀ ਲਾਈ ਹੋਈ ਹੈ।

**ਕੁਦਰਤਿ ਕਵਣ ਕਹਾ ਵੀਚਾਰੁ॥**

ਤੇਰੀ ਕੁਦਰਤ ਨੂੰ ਵਿਚਾਰਨ ਦੀ ਮੇਰੇ ਵਿੱਚ ਕੀ ਤਾਕਤ ਹੈ?

**ਵਾਰਿਆ ਨ ਜਾਵਾ ਏਕ ਵਾਰ॥**

ਮੈਂ ਤਾਂ ਤੇਰੇ ਉਤੋਂ ਇੱਕ ਵਾਰੀ ਵੀ ਕੁਰਬਾਨ ਹੋਣ ਜੋਗਾ ਨਹੀਂ ਹਾਂ।

**ਜੋ ਤੁਧੁ ਭਾਵੈ ਸਾਈ ਭਲੀ ਕਾਰ॥**

ਜੋ ਤੈਨੂੰ ਭਾਉਂਦੀ ਹੈ, ਉਹੀ ਕਾਰ ਚੰਗੀ ਹੈ।

**ਤੂ ਸਦਾ ਸਲਾਮਤਿ ਨਿਰੰਕਾਰ॥੧੭॥**

ਹੇ ਆਕਾਰ ਰਹਿਤ ਪ੍ਰਭੂ! ਤੂੰ ਸਦਾ ਰਹਿਣ ਵਾਲਾ ਹੈਂ।

**ਅਸੰਖ ਮੂਰਖ ਅੰਧ ਘੋਰ॥**

ਅਨੇਕਾਂ ਹੀ ਮਹਾਨ ਅੰਨ੍ਹੇ ਅਤੇ ਮੂਰਖ ਹਨ।

**ਅਸੰਖ ਚੋਰ ਹਰਾਮਖੋਰ॥**

ਅਨੇਕਾਂ ਹੀ ਬਿਗਾਨਾ ਹੱਕ ਖਾਣ ਵਾਲੇ ਚੋਰ ਹਨ।

**ਅਸੰਖ ਅਮਰ ਕਰਿ ਜਾਹਿ ਜੋਰ॥**

ਅਨੇਕਾਂ ਹੀ ਧੱਕੇ ਨਾਲ ਰਾਜ ਕਰਕੇ ਤੁਰ ਜਾਂਦੇ ਹਨ।

**ਅਸੰਖ ਗਲਵਢ ਹਤਿਆ ਕਮਾਹਿ॥**

ਅਨੇਕਾਂ ਹੀ ਗਲ ਵੱਢ ਕੇ ਹੱਤਿਆ ਕਰਨ ਵਾਲੇ ਖ਼ੂਨੀ ਹਨ।

**ਅਸੰਖ ਪਾਪੀ ਪਾਪੁ ਕਰਿ ਜਾਹਿ॥**

ਅਨੇਕਾਂ ਹੀ ਪਾਪੀ ਪਾਪ ਕਰਕੇ ਇੱਥੋਂ ਤੁਰ ਜਾਂਦੇ ਹਨ।

**ਅਸੰਖ ਕੂੜਿਆਰ ਕੂੜੇ ਫਿਰਾਹਿ॥**

ਅਨੇਕਾਂ ਹੀ ਝੂਠੇ ਝੂਠ ਵਿੱਚ ਹੀ ਰੁੱਝੇ ਰਹਿੰਦੇ ਹਨ।

**ਅਸੰਖ ਮਲੇਛ ਮਲੁ ਭਖਿ ਖਾਹਿ॥**

ਅਨੇਕਾਂ ਹੀ ਐਸੇ ਖੋਟੀ ਮੱਤ ਵਾਲੇ ਹਨ, ਜੋ ਗੰਦਗੀ ਖਾਂਦੇ ਹਨ।

**ਅਸੰਖ ਨਿੰਦਕ ਸਿਰਿ ਕਰਹਿ ਭਾਰੁ॥**

ਅਨੇਕਾਂ ਹੀ ਨਿੰਦਕ ਆਪਣੇ ਸਿਰ 'ਤੇ ਨਿੰਦਿਆ ਦਾ ਭਾਰ ਚੁੱਕੀ ਫਿਰਦੇ ਹਨ।

**ਨਾਨਕੁ ਨੀਚੁ ਕਹੈ ਵੀਚਾਰੁ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਵਿਚਾਰੇ ਨੇ ਤਾਂ
ਇਹ ਵਿਚਾਰਾਂ ਕੀਤੀਆਂ ਹਨ।

**ਵਾਰਿਆ ਨ ਜਾਵਾ ਏਕ ਵਾਰ॥**

ਮੈਂ ਤਾਂ ਤੇਰੇ ਉਤੋਂ ਇੱਕ ਵਾਰੀ ਵੀ ਕੁਰਬਾਨ ਹੋਣ ਜੋਗਾ ਨਹੀਂ ਹਾਂ।

**ਜੋ ਤੁਧੁ ਭਾਵੈ ਸਾਈ ਭਲੀ ਕਾਰ॥**

ਜੋ ਤੈਨੂੰ ਭਾਉਂਦੀ ਹੈ, ਉਹੀ ਕਾਰ ਚੰਗੀ ਹੈ।

**ਤੂ ਸਦਾ ਸਲਾਮਤਿ ਨਿਰੰਕਾਰ॥੧੯॥**

ਹੇ ਆਕਾਰ ਰਹਿਤ ਪ੍ਰਭੂ! ਤੂੰ ਸਦਾ ਰਹਿਣ ਵਾਲਾ ਹੈਂ।

**ਅਸੰਖ ਨਾਵ ਅਸੰਖ ਥਾਵ॥**

ਅਨੇਕਾਂ ਹੀ ਤੇਰੇ ਨਾਂ ਅਤੇ ਥਾਂ ਹਨ।

**ਅਗੰਮ ਅਗੰਮ ਅਸੰਖ ਲੋਅ॥**

ਅਨੇਕਾਂ ਹੀ ਤੇਰੇ ਲੋਕ ਹਨ, ਜਿੱਥੇ ਕੋਈ ਜੀਵ ਨਹੀਂ ਪਹੁੰਚ ਸਕਿਆ।

**ਅਸੰਖ ਕਹਹਿ ਸਿਰਿ ਭਾਰੁ ਹੋਇ॥**

ਹੇ ਪ੍ਰਭੂ! ਤੈਨੂੰ ਗਿਣਤੀ ਮਿਣਤੀ ਤੋਂ ਬਾਹਰਾ ਆਖਿਆਂ ਵੀ ਸਿਰ 'ਤੇ ਭਾਰ ਹੀ ਚੜ੍ਹਦਾ ਹੈ।

**ਅਖਰੀ ਨਾਮੁ ਅਖਰੀ ਸਾਲਾਹ॥**

ਅੱਖਰਾਂ ਨਾਲ ਤੇਰਾ ਨਾਮ ਲਿਆ ਜਾਂਦਾ ਹੈ ਅਤੇ ਅੱਖਰਾਂ ਨਾਲ ਹੀ ਤੇਰੀ ਸਿਫ਼ਤ ਕੀਤੀ ਜਾਂਦੀ ਹੈ।

**ਅਖਰੀ ਗਿਆਨੁ ਗੀਤ ਗੁਣ ਗਾਹ॥**

ਅੱਖਰਾਂ ਨਾਲ ਹੀ ਗਿਆਨ ਮਿਲਦਾ ਹੈ ਅਤੇ ਅੱਖਰਾਂ ਨਾਲ ਹੀ ਪ੍ਰਭੂ ਦੇ ਸਿਫ਼ਤ ਵਾਲੇ ਗੀਤ ਗਾਏ ਜਾਂਦੇ ਹਨ।

**ਅਖਰੀ ਲਿਖਣੁ ਬੋਲਣੁ ਬਾਣਿ॥**

ਬਾਣੀ ਲਿਖਣਾ ਤੇ ਬੋਲਣਾ ਅੱਖਰਾਂ ਨਾਲ ਹੀ ਹੁੰਦਾ ਹੈ।

**ਅਖਰਾ ਸਿਰਿ ਸੰਜੋਗੁ ਵਖਾਣਿ॥**

ਅੱਖਰਾਂ ਨਾਲ ਹੀ ਮੱਥੇ ਦੇ ਸੰਜੋਗ ਬਿਆਨ ਕੀਤੇ ਜਾਂਦੇ ਹਨ।

**ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥**

ਜਿਸਨੇ ਇਹ ਅੱਖਰ ਲਿਖੇ ਹਨ, ਉਸ ਦੇ ਸਿਰ 'ਤੇ ਕੋਈ ਲੇਖ ਨਹੀਂ।

**ਜਿਵ ਫੁਰਮਾਏ ਤਿਵ ਤਿਵ ਪਾਹਿ॥**

ਜਿਸ ਤਰ੍ਹਾਂ ਉਹ ਹੁਕਮ ਕਰਦਾ ਹੈ, ਉਸੇ ਤਰ੍ਹਾਂ ਜੀਵ ਦੁੱਖ ਸੁੱਖ ਭੋਗਦੇ ਹਨ।

**ਜੇਤਾ ਕੀਤਾ ਤੇਤਾ ਨਾਉ॥**

ਜੋ ਕੁਝ ਹਰੀ ਨੇ ਕੀਤਾ ਹੈ, ਸਭ ਨਾਮ ਰੂਪ ਹੀ ਕੀਤਾ ਹੈ।

**ਵਿਣੁ ਨਾਵੈ ਨਾਹੀ ਕੋ ਥਾਉ॥**

ਤੇਰੇ ਨਾਮ ਤੋਂ ਬਿਨਾਂ ਕੋਈ ਥਾਂ ਨਹੀਂ ਹੈ।

**ਕੁਦਰਤਿ ਕਵਣ ਕਹਾ ਵੀਚਾਰੁ॥**

ਤੇਰੀ ਕੁਦਰਤ ਨੂੰ ਵਿਚਾਰਨ ਦੀ ਮੇਰੇ ਵਿੱਚ ਕੀ ਤਾਕਤ ਹੈ?

**ਵਾਰਿਆ ਨ ਜਾਵਾ ਏਕ ਵਾਰ॥**

ਮੈਂ ਤਾਂ ਤੇਰੇ ਉਤੋਂ ਇੱਕ ਵਾਰੀ ਵੀ ਕੁਰਬਾਨ ਹੋਣ ਜੋਗਾ ਨਹੀਂ ਹਾਂ।

**ਜੋ ਤੁਧੁ ਭਾਵੈ ਸਾਈ ਭਲੀ ਕਾਰ॥**

ਜੋ ਤੈਨੂੰ ਭਾਉਂਦੀ ਹੈ, ਉਹੀ ਕਾਰ ਚੰਗੀ ਹੈ।

**ਤੂ ਸਦਾ ਸਲਾਮਤਿ ਨਿਰੰਕਾਰ॥੧੯॥**

ਹੇ ਆਕਾਰ ਰਹਿਤ ਪ੍ਰਭੂ! ਤੂੰ ਸਦਾ ਸਥਿਤ ਰਹਿਣ ਵਾਲਾ ਹੈਂ।

**ਭਰੀਐ ਹਥੁ ਪੈਰੁ ਤਨੁ ਦੇਹ॥**

ਜੇ ਹੱਥ, ਪੈਰ ਆਦਿਕ ਅੰਗ ਜਾਂ ਸਰੀਰ ਲਿਬੜ ਜਾਏ।

**ਪਾਣੀ ਧੋਤੈ ਉਤਰਸੁ ਖੇਹ॥**

ਤਾਂ ਪਾਣੀ ਨਾਲ ਧੋਤਿਆਂ ਉਹ ਮੈਲ ਉੱਤਰ ਜਾਂਦੀ ਹੈ।

**ਮੂਤ ਪਲੀਤੀ ਕਪੜੁ ਹੋਇ॥**

ਜੇ ਕੋਈ ਕੱਪੜਾ ਪਿਸ਼ਾਬ ਨਾਲ ਗੰਦਾ ਹੋ ਜਾਏ।

**ਦੇ ਸਾਬੂਣੁ ਲਈਐ ਓਹੁ ਧੋਇ॥**

ਤਾਂ ਸਾਬਣ ਲਾਇਆਂ ਉਹ ਧੋਤਾ ਜਾਂਦਾ ਹੈ।

**ਭਰੀਐ ਮਤਿ ਪਾਪਾ ਕੈ ਸੰਗਿ॥**

ਜੇ ਮੱਤ ਪਾਪਾਂ ਨਾਲ ਭਰ ਜਾਏ।

**ਓਹੁ ਧੋਪੈ ਨਾਵੈ ਕੈ ਰੰਗਿ॥**

ਤਾਂ ਉਹ ਨਾਮ ਦੇ ਰੰਗ ਨਾਲ ਧੋਤੀ ਜਾਂਦੀ ਹੈ।

**ਪੁੰਨੀ ਪਾਪੀ ਆਖਣੁ ਨਾਹਿ॥**

ਕੇਵਲ ਆਖਣ ਨਾਲ ਕੋਈ ਪੁੰਨੀ ਤੇ ਪਾਪੀ ਨਹੀਂ ਬਣਦਾ।

**ਕਰਿ ਕਰਿ ਕਰਣਾ ਲਿਖਿ ਲੈ ਜਾਹੁ॥**

ਜੀਵ ਜਿਹੋ ਜਿਹੇ ਕਰਮ ਕਰੇਗਾ,
ਉਹੋ ਜਿਹੇ ਸੰਸਕਾਰ ਆਪਣੇ ਅੰਦਰ ਉਕਰ ਕੇ ਨਾਲ ਲੈ ਜਾਏਗਾ।

**ਆਪੇ ਬੀਜਿ ਆਪੇ ਹੀ ਖਾਹੁ॥**

ਜੀਵ ਤੂੰ ਜਿਹੋ ਜਿਹਾ ਬੀਜਦਾ ਹੈਂ, ਓਹੋ ਜਿਹਾ ਹੀ ਫਲ ਖਾਂਦਾ ਹੈਂ।

**ਨਾਨਕ ਹੁਕਮੀ ਆਵਹੁ ਜਾਹੁ॥੨੦॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਦੇ ਹੁਕਮ ਅੰਦਰ ਹੀ ਜੀਵ ਆਉਂਦਾ ਜਾਂਦਾ ਹੈ ਭਾਵ ਜੰਮਦਾ ਮਰਦਾ ਹੈ।

**ਤੀਰਥੁ ਤਪੁ ਦਇਆ ਦਤੁ ਦਾਨੁ॥**

ਤੀਰਥ ਯਾਤਰਾ, ਤਪੱਸਿਆ, ਦਇਆ ਕਰਨੀ ਅਤੇ ਦਾਨ ਦੇਣਾ

**ਜੇ ਕੋ ਪਾਵੈ ਤਿਲ ਕਾ ਮਾਨੁ॥**

ਜੇ ਕਿਸੇ ਨੂੰ ਇਹ ਪ੍ਰਾਪਤ ਹੋ ਜਾਵੇ, ਤਾਂ ਉਸਨੂੰ ਇਸ ਦਾ ਫਲ ਥੋੜੇ ਸਮੇਂ ਲਈ ਹੀ ਮਾਣ ਪ੍ਰਾਪਤ ਹੁੰਦਾ ਹੈ।

**ਸੁਣਿਆ ਮੰਨਿਆ ਮਨਿ ਕੀਤਾ ਭਾਉ॥**

ਜਿਸਨੇ ਸੁਣਿਆ, ਮੰਨਿਆ ਅਤੇ ਮਨ ਵਿੱਚ ਪ੍ਰਭੂ ਨਾਲ ਪ੍ਰੇਮ ਕੀਤਾ।

**ਅੰਤਰਗਤਿ ਤੀਰਥਿ ਮਲਿ ਨਾਉ॥**

ਉਸਨੇ ਆਪਣੇ ਅੰਦਰਲੇ ਤੀਰਥ ਉੱਤੇ ਮਲ-ਮਲ ਇਸ਼ਨਾਨ ਕਰ ਲਿਆ ਹੈ।

**ਸਭਿ ਗੁਣ ਤੇਰੇ ਮੈ ਨਾਹੀ ਕੋਇ॥**

ਸਾਰੇ ਗੁਣ ਤੇਰੇ ਦਿੱਤੇ ਮਿਲਦੇ ਹਨ, ਮੇਰੇ ਵਿੱਚ ਕੋਈ ਗੁਣ ਨਹੀਂ ਹੈ।

**ਵਿਣੁ ਗੁਣ ਕੀਤੇ ਭਗਤਿ ਨ ਹੋਇ॥**

ਬਿਨਾਂ ਗੁਣਾਂ ਤੋਂ ਭਗਤੀ ਨਹੀਂ ਹੁੰਦੀ।

**ਸੁਅਸਤਿ ਆਥਿ ਬਾਣੀ ਬਰਮਾਉ॥**

ਹੇ ਪ੍ਰਭੂ! ਤੇਰੀ ਜੈ ਹੋਵੇ, ਤੂੰ ਆਪ ਹੀ ਮਾਇਆ, ਬਾਣੀ ਅਤੇ ਬ੍ਰਹਮਾ ਹੈਂ।

**ਸਤਿ ਸੁਹਾਣੁ ਸਦਾ ਮਨਿ ਚਾਉ॥**

ਤੂੰ ਸਦਾ ਸੱਚ ਹੈਂ, ਸੁੰਦਰ ਹੈਂ ਅਤੇ ਤੇਰੇ ਮਨ ਵਿੱਚ ਸਦਾ ਆਨੰਦ ਹੈ।

**ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥**

ਉਹ ਕਿਹੜਾ ਵੇਲਾ ਸੀ, ਕਿਹੜਾ ਵਕਤ ਸੀ,
ਕਿਹੜੀ ਥਿੱਤ ਅਤੇ ਕਿਹੜਾ ਵਾਰ ਸੀ।

**ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥**

ਕਿਹੜੀ ਰੁੱਤ ਅਤੇ ਕਿਹੜਾ ਮਹੀਨਾ ਸੀ,
ਜਿਸ ਵੇਲੇ ਨਿਰੰਕਾਰ ਤੋਂ ਇਹ ਸੰਸਾਰ ਰਚਿਆ ਗਿਆ ਸੀ।

**ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥**

ਪੰਡਿਤਾਂ ਨੂੰ ਉਹ ਵੇਲਾ ਨਹੀਂ ਲੱਭਾ, ਜੇ ਪੁਰਾਣਾਂ ਵਿੱਚ ਹੋਵੇ ਤਾਂ ਲੱਭਣ।

**ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥**

ਕਾਜ਼ੀਆਂ ਨੂੰ ਵੀ ਉਹ ਵਕਤ ਨਹੀਂ ਪ੍ਰਾਪਤ ਹੋਇਆ, ਜੇ ਕੁਰਾਣ ਵਿੱਚ ਉਹ ਲੇਖ ਲਿਖਿਆ ਹੋਵੇ ਤਾਂ ਮਿਲੇ।

**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥**

ਉਸ ਥਿੱਤ, ਵਾਰ, ਰੁੱਤ ਅਤੇ ਮਹੀਨੇ ਨੂੰ ਕੋਈ ਜੋਗੀ ਵੀ ਨਹੀਂ ਜਾਣਦਾ।

**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥**

ਜਿਸ ਸਮੇਂ ਕਰਤਾ ਪੁਰਖ ਨੇ ਸ੍ਰਿਸ਼ਟੀ ਰਚੀ,
ਉਸ ਬਾਰੇ ਆਪ ਹੀ ਸਾਰਾ ਕੁਝ ਜਾਣਦਾ ਹੈ।

**ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥**

ਮੈਂ ਉਸਦੀ ਸਿਫ਼ਤ-ਸਾਲਾਹ ਨੂੰ ਕਿਵੇਂ ਆਖ ਸਕਦਾ ਹਾਂ,
ਕਿਵੇਂ ਵਰਨਣ ਕਰ ਸਕਦਾ ਹਾਂ ਅਤੇ ਕਿਵੇਂ ਜਾਣ ਸਕਦਾ ਹਾਂ?

**ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇੱਕ ਤੋਂ ਇੱਕ ਵੱਧ ਸਿਆਣਾ,
ਉਸ ਦੀ ਸਿਫ਼ਤ ਕਹਿੰਦਾ ਹੈ

**ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥**

ਕਿ ਉਹ ਸਾਹਿਬ ਵੱਡਾ ਹੈ, ਉਸ ਦਾ ਨਾਮ ਵੀ ਵੱਡਾ ਹੈ ਅਤੇ ਉਸ ਦਾ ਕੀਤਾ ਹੀ ਸਭ ਕੁਝ ਹੁੰਦਾ ਹੈ।

**ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥੨੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਕੋਈ ਆਪਣੇ ਆਪ ਨੂੰ ਵੱਡਾ ਕਹਿੰਦਾ ਹੈ ਤਾਂ ਉਹ ਅੱਗੇ ਜਾ ਕੇ ਸੋਭਾ ਨਹੀਂ ਪਾਏਗਾ।

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥**

ਲੱਖਾਂ ਹੀ ਪਤਾਲ ਅਤੇ ਆਕਾਸ਼ ਹਨ।

**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥**

ਇਨ੍ਹਾਂ ਦੇ ਅੰਤ ਦੀ ਭਾਲ ਕਰਦੇ-ਕਰਦੇ ਆਖਰ ਸਾਰੇ ਥੱਕ ਗਏ,
ਪਰ ਵੇਦ ਇੱਕ ਹੀ ਗੱਲ ਕਹਿੰਦੇ ਹਨ।

**ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥**

ਹਜ਼ਾਰਾਂ ਰਿਖੀ, ਅਠਾਰਾਂ ਪੁਰਾਣ ਇੱਕ ਹੀ ਅਸਲੀਅਤ ਦੱਸਦੇ ਹਨ।

**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥**

ਕਿ ਜੇ ਇਨ੍ਹਾਂ ਦਾ ਕੋਈ ਲੇਖਾ ਹੋਵੇ ਤਾਂ ਲਿਖੀਏ,
ਲੇਖਾ ਕਰਦਿਆਂ ਉਹ ਆਪ ਹੀ ਮੁੱਕ ਗਏ।

**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪ੍ਰਭੂ ਵੱਡਾ ਆਖਿਆ ਜਾਂਦਾ ਹੈ ਅਤੇ ਉਹ ਆਪਣੇ-ਆਪੇ ਨੂੰ ਆਪ ਹੀ ਜਾਣਦਾ ਹੈ।

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥**

ਸਲਾਹੁਣ ਵਾਲਿਆਂ ਨੇ ਪ੍ਰਭੂ ਨੂੰ ਸਲਾਹਿਆ ਹੈ, ਪਰ ਉਨ੍ਹਾਂ ਕੋਲ ਏਨੀ ਬੁੱਧੀ ਨਹੀਂ ਕਿ ਉਸ ਦਾ ਪਾਰਾਵਾਰ ਪਾ ਲੈਣ।

**ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥**

ਜਿਵੇਂ ਨਦੀਆਂ ਅਤੇ ਨਾਲੇ ਸਮੁੰਦਰ ਵਿੱਚ ਜਾ ਪੈਂਦੇ ਹਨ ਅਤੇ ਉਹ ਪਛਾਣੇ ਨਹੀਂ ਜਾ ਸਕਦੇ ਭਾਵ ਸਮੁੰਦਰ ਹੀ ਬਣ ਜਾਂਦੇ ਹਨ, ਇਸ ਤਰ੍ਹਾਂ ਭਗਤ ਵੀ ਪ੍ਰਮੇਸ਼ਰ ਵਿੱਚ ਹੀ ਲੀਨ ਹੋ ਜਾਂਦੇ ਹਨ।

**ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥**

ਦੁਨੀਆ ਦੇ ਸ਼ਾਹ ਸੁਲਤਾਨ ਜਿਨ੍ਹਾ ਦਾ ਰਾਜ ਸਮੁੰਦਰਾਂ 'ਤੇ ਫੈਲਿਆ ਹੈ, ਜਿਨ੍ਹਾਂ ਸਮੁੰਦਰਾਂ ਵਿੱਚ ਧੰਨ ਦੌਲਤ ਦੇ ਵੱਡੇ-ਵੱਡੇ ਪਹਾੜ ਡੁਬੇ ਪਏ ਹਨ, ਭਾਵ ਅਪਾਰ ਧੰਨ ਦੌਲਤ ਵਾਲੇ ਲੋਕ

**ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥**

ਹੇ ਪ੍ਰਭੂ! ਜਿਸ ਦੇ ਮਨ ਵਿੱਚੋਂ ਤੂੰ ਨਾ ਵਿਸਰੇਂ, ਉਹਨਾਂ ਸਾਹਮਣੇ ਸ਼ਾਹ ਸੁਲਤਾਨ ਲੋਕ ਕੀੜੀ ਜਿੰਨੀ ਹੈਸੀਅਤ ਵੀ ਨਹੀਂ ਰੱਖਦੇ।

**ਅੰਤੁ ਨ ਸਿਫਤੀ ਕਹਣਿ ਨ ਅੰਤੁ ॥**

ਨਾ ਹੀ ਪ੍ਰਭੂ ਦੀਆਂ ਸਿਫ਼ਤਾਂ ਦਾ ਅੰਤ ਹੈ ਅਤੇ ਨਾ ਹੀ ਉਨ੍ਹਾਂ ਦੇ ਕਹਿਣ ਦਾ ਅੰਤ ਹੈ।

**ਅੰਤੁ ਨ ਕਰਣੈ ਦੇਣਿ ਨ ਅੰਤੁ ॥**

ਨਾ ਹੀ ਉਸਦੀ ਰਚਨਾ ਦਾ ਅੰਤ ਹੈ ਅਤੇ ਨਾ ਹੀ ਦਾਤਾਂ ਦਾ।

**ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥**

ਵੇਖਿਆਂ ਤੇ ਸੁਣਿਆਂ ਭੀ ਉਸ ਦੇ ਗੁਣਾਂ ਦਾ ਕੋਈ ਪਾਰ ਨਹੀਂ ਪੈਂਦਾ ।

**ਅੰਤੁ ਨ ਜਾਪੈ ਕਿਆ ਮਨਿ ਮੰਤੁ ॥**

ਪਰਮੇਸ਼ਰ ਦੇ ਮਨ ਵਿੱਚ ਕਿਹੜੀ ਸੋਚ ਹੈ, ਇਸ ਦਾ ਵੀ ਕੋਈ ਅੰਤ ਨਹੀਂ ਪਾਇਆ ਜਾ ਸਕਦਾ।

**ਅੰਤੁ ਨ ਜਾਪੈ ਕੀਤਾ ਆਕਾਰੁ ॥**

ਨਾ ਹੀ ਉਸਦੀ ਰਚਨਾ ਦਾ ਅੰਤ ਹੈ।

**ਅੰਤੁ ਨ ਜਾਪੈ ਪਾਰਾਵਾਰੁ ॥**

ਨਾ ਹੀ ਉਸਦੇ ਪਾਰਾਵਾਰ ਦਾ ਕੋਈ ਅੰਤ ਜਾਪਦਾ ਹੈ।

**ਅੰਤ ਕਾਰਣਿ ਕੇਤੇ ਬਿਲਲਾਹਿ ॥**

ਉਸਦਾ ਅੰਤ ਜਾਨਣ ਲਈ ਕਿੰਨੇ ਹੀ ਤਰਲੇ ਲੈ ਰਹੇ ਹਨ?

**ਤਾ ਕੇ ਅੰਤ ਨ ਪਾਏ ਜਾਹਿ ॥**

ਉਸਦਾ ਅੰਤ ਨਹੀਂ ਪਾਇਆ ਜਾਂਦਾ।

**ਏਹੁ ਅੰਤੁ ਨ ਜਾਣੈ ਕੋਇ ॥**

ਇਸ ਅੰਤ ਨੂੰ ਕੋਈ ਨਹੀਂ ਜਾਣਦਾ।

**ਬਹੁਤਾ ਕਹੀਐ ਬਹੁਤਾ ਹੋਇ ॥**

ਜਿੰਨਾ ਕੋਈ ਬਹੁਤਾ ਬਿਆਨ ਕਰਦਾ ਹੈ, ਉਹ ਉਸ ਤੋਂ ਬਹੁਤ ਜਿਆਦਾ ਹੈ।

**ਵਡਾ ਸਾਹਿਬੁ ਊਚਾ ਥਾਉ ॥**

ਉਹ ਸਾਹਿਬ ਵੱਡਾ ਹੈ ਅਤੇ ਉਸਦਾ ਟਿਕਾਣਾ ਵੀ ਵੱਡਾ ਹੈ।

**ਊਚੇ ਉਪਰਿ ਊਚਾ ਨਾਉ ॥**

ਉਸ ਵੱਡੇ ਤੋਂ ਵੀ ਵੱਡਾ ਹੈ ਉਸਦਾ ਨਾਮ।

**ਏਵਡੁ ਊਚਾ ਹੋਵੈ ਕੋਇ॥**

ਜੇ ਏਨਾ ਵੱਡਾ ਹੋਰ ਕੋਈ ਹੋਵੇ

**ਤਿਸੁ ਊਚੇ ਕਉ ਜਾਣੈ ਸੋਇ॥**

ਤਾਂ ਹੀ ਉਸ ਵੱਡੇ ਪ੍ਰਭੂ ਨੂੰ ਜਾਣ ਸਕੇਂਗਾ।

**ਜੇਵਡੁ ਆਪਿ ਜਾਣੈ ਆਪਿ ਆਪਿ॥**

ਜਿੰਨਾ ਵੱਡਾ ਉਹ ਆਪ ਹੈ, ਉਹ ਆਪ ਹੀ ਆਪਣੇ ਆਪ ਨੂੰ ਜਾਣ ਸਕਦਾ ਹੈ।

**ਨਾਨਕ ਨਦਰੀ ਕਰਮੀ ਦਾਤਿ॥੨੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਆਪਣੀ ਬਖ਼ਸ਼ਿਸ਼
ਦੁਆਰਾ ਦਾਤਾਂ ਬਖ਼ਸ਼ਦਾ ਹੈ।

**ਬਹੁਤਾ ਕਰਮੁ ਲਿਖਿਆ ਨਾ ਜਾਇ॥**

ਉਸਦੀ ਬਖ਼ਸ਼ਿਸ਼ ਬਹੁਤ ਵੱਡੀ ਹੈ, ਜਿਹੜੀ ਕਿ ਲਿਖੀ ਨਹੀਂ ਜਾ ਸਕਦੀ।

**ਵਡਾ ਦਾਤਾ ਤਿਲੁ ਨ ਤਮਾਇ॥**

ਉਹ ਵੱਡਾ ਦਾਤਾ ਹੈ, ਉਸਨੂੰ ਤਿਲ ਮਾਤਰ ਵੀ ਲਾਲਚ ਨਹੀਂ।

**ਕੇਤੇ ਮੰਗਹਿ ਜੋਧ ਅਪਾਰ॥**

ਕਿੰਨੇ ਹੀ ਯੋਧੇ ਉਸ ਕੋਲੋਂ ਮੰਗਦੇ ਹਨ?

**ਕੇਤਿਆ ਗਣਤ ਨਹੀ ਵੀਚਾਰੁ॥**

ਉਹ ਕਿੰਨੇ ਹਨ, ਉਨ੍ਹਾਂ ਦੀ ਗਿਣਤੀ ਦੀ ਵਿਚਾਰ ਨਹੀਂ ਕੀਤੀ ਜਾ ਸਕਦੀ।

**ਕੇਤੇ ਖਪਿ ਤੁਟਹਿ ਵੇਕਾਰ॥**

ਕਿੰਨੇ ਹੀ ਵਿਕਾਰਾਂ ਵਿੱਚ ਖਪ ਕੇ ਖ਼ਤਮ ਹੋ ਜਾਂਦੇ ਹਨ?

**ਕੇਤੇ ਲੈ ਲੈ ਮੁਕਰੁ ਪਾਹਿ॥**

ਕਿੰਨੇ ਹੀ ਦਾਤਾਂ ਲੈ ਕੇ ਮੁਨਕਰ ਹੋ ਜਾਂਦੇ ਹਨ?

**ਕੇਤੇ ਮੂਰਖ ਖਾਹੀ ਖਾਹਿ॥**

ਕਿੰਨੇ ਹੀ ਮੂਰਖ ਖਾਣ ਵਾਲੇ ਖਾਈ ਹੀ ਜਾਂਦੇ ਹਨ
ਉਸਦਾ ਸ਼ੁਕਰਾਨਾ ਨਹੀਂ ਕਰਦੇ।

**ਕੇਤਿਆ ਦੂਖ ਭੂਖ ਸਦ ਮਾਰ॥**

ਕਿੰਨੇ ਹੀ ਐਸੇ ਹਨ, ਜੋ ਦੁੱਖ ਤੇ ਭੁੱਖ ਦੀ ਮਾਰ ਖਾਂਦੇ ਹਨ।

**ਏਹਿ ਭਿ ਦਾਤਿ ਤੇਰੀ ਦਾਤਾਰ॥**

ਹੇ ਦਾਤਾਰ ਪ੍ਰਭੂ! ਇਹ ਵੀ ਤੇਰੀ ਹੀ ਦਾਤ ਹੈ।

**ਬੰਦਿ ਖਲਾਸੀ ਭਾਣੈ ਹੋਇ॥**

ਕੈਦ ਤੋਂ ਮੁਕਤੀ ਹਰੀ ਦੇ ਭਾਣੇ ਵਿੱਚ ਚੱਲਣ ਨਾਲ ਹੀ ਹੁੰਦੀ ਹੈ।

**ਹੋਰੁ ਆਖਿ ਨ ਸਕੈ ਕੋਇ॥**

ਰਜ਼ਾ ਮੰਨਣ ਤੋਂ ਬਿਨਾਂ ਹੋਰ ਕੋਈ ਕੁਝ ਵੀ ਆਖ ਨਹੀਂ ਸਕਦਾ।

**ਜੇ ਕੋ ਖਾਇਕੁ ਆਖਣਿ ਪਾਇ॥**

ਜੇ ਕੋਈ ਮੂਰਖ ਕੁਝ ਆਖਦਾ ਹੈ।

**ਓਹੁ ਜਾਣੈ ਜੇਤੀਆ ਮੁਹਿ ਖਾਇ॥**

ਉਹੀ ਜਾਣਦਾ ਹੈ ਜਿੰਨੀਆਂ ਉਹ ਮੂੰਹ ਦੀਆਂ ਖਾਂਦਾ ਹੈ ਭਾਵ ਭਾਣਾ ਨਾ ਮੰਨ ਕਸ਼ਟ ਸਹਿੰਦਾ ਹੈ।

**ਆਪੇ ਜਾਣੈ ਆਪੇ ਦੇਇ॥**

ਹਰੀ ਆਪ ਹੀ ਸਭ ਕੁਝ ਜਾਣਦਾ ਹੈ ਅਤੇ ਆਪ ਹੀ ਦੇਂਦਾ ਹੈ।

**ਆਖਹਿ ਸਿ ਭਿ ਕੇਈ ਕੇਇ॥**

ਕੋਈ-ਕੋਈ ਇਹ ਗੱਲ ਵੀ ਆਖਦੇ ਹਨ ਕਿ

**ਜਿਸ ਨੋ ਬਖਸੇ ਸਿਫਤਿ ਸਾਲਾਹ॥**

ਜਿਸਨੂੰ ਹਰੀ ਆਪ ਆਪਣੀ ਸਿਫ਼ਤ ਸਾਲਾਹ ਕਰਨੀ ਬਖਸ਼ਦਾ ਹੈ।

**ਨਾਨਕ ਪਾਤਿਸਾਹੀ ਪਾਤਿਸਾਹੁ॥੨੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ।

**ਅਮੁਲ ਗੁਣ ਅਮੁਲ ਵਾਪਾਰ॥**

ਅਣਮੁੱਲੇ ਹਨ ਉਸਦੇ ਗੁਣ ਅਤੇ ਅਨਮੋਲ ਹੈ ਉਸਦਾ ਸੱਚਾ ਵਪਾਰ।

**ਅਮੁਲ ਵਾਪਾਰੀਏ ਅਮੁਲ ਭੰਡਾਰ॥**

ਅਣਮੁੱਲੇ ਹਨ ਉਸਦੇ ਵਪਾਰ ਨੂੰ ਕਰਨ ਵਾਲੇ ਸਾਧੂ ਜਨ ਅਤੇ ਉਸਦੇ ਭੰਡਾਰ।

**ਅਮੁਲ ਆਵਹਿ ਅਮੁਲ ਲੈ ਜਾਹਿ॥**

ਅਣਮੁੱਲੇ ਹਨ ਜੋ ਤੇਰੇ ਕੋਲ ਆਉਂਦੇ ਹਨ, ਅਣਮੁੱਲੇ ਹਨ ਜੋ ਤੇਰੇ ਕੋਲੋਂ ਸੱਚ ਦਾ ਸੌਦਾ ਖਰੀਦ ਕੇ ਲੈ ਜਾਂਦੇ ਹਨ

**ਅਮੁਲ ਭਾਇ ਅਮੁਲਾ ਸਮਾਹਿ॥**

ਅਣਮੁੱਲੇ ਹਨ ਤੇਰੇ ਪ੍ਰੇਮੀ ਅਤੇ ਅਣਮੁੱਲੇ ਹਨ ਜੋ ਤੇਰੇ ਵਿੱਚ ਸਮਾ ਜਾਂਦੇ ਹਨ।

**ਅਮੁਲੁ ਧਰਮੁ ਅਮੁਲੁ ਦੀਬਾਣੁ॥**

ਅਣਮੁੱਲਾ ਹੈ ਤੇਰਾ ਕਾਇਦਾ ਕਾਨੂੰਨ ਅਤੇ ਅਣਮੁੱਲਾ ਹੈ ਤੇਰਾ ਦਰਬਾਰ।

**ਅਮੁਲੁ ਤੁਲੁ ਅਮੁਲੁ ਪਰਵਾਣੁ॥**

ਅਣਮੁੱਲੀ ਹੈ ਤੇਰੀ ਤੱਕੜੀ ਅਤੇ ਅਣਮੁੱਲੇ ਹਨ ਤੇਰੇ ਵੱਟੇ।

**ਅਮੁਲੁ ਬਖਸੀਸ ਅਮੁਲੁ ਨੀਸਾਣੁ॥**

ਤੇਰੀ ਬਖਸ਼ਿਸ਼ ਵੀ ਅਣਮੁੱਲੀ ਹੈ ਅਤੇ ਤੇਰਾ ਨੀਸ਼ਾਨ ਵੀ ਅਣਮੁੱਲਾ ਹੈ।

**ਅਮੁਲੁ ਕਰਮੁ ਅਮੁਲੁ ਫੁਰਮਾਣੁ॥**

ਤੇਰੀ ਰਹਿਮਤ ਵੀ ਅਣਮੁੱਲੀ ਹੈ ਅਤੇ ਤੇਰਾ ਹੁਕਮ ਵੀ ਅਣਮੁੱਲਾ ਹੈ।

**ਅਮੁਲੋ ਅਮੁਲੁ ਆਖਿਆ ਨ ਜਾਇ॥**

ਤੂੰ ਅਣਮੁੱਲ ਹੀ ਅਣਮੁੱਲ ਹੈਂ, ਤੇਰੇ ਬਾਰੇ ਕੁਝ ਵੀ ਆਖਿਆ ਨਹੀਂ ਜਾ ਸਕਦਾ

**ਆਖਿ ਆਖਿ ਰਹੇ ਲਿਵ ਲਾਇ॥**

ਉਸਦੀ ਸਿਫ਼ਤ ਕਹਿੰਦੇ-ਕਹਿੰਦੇ ਉਸ ਵਿੱਚ ਲੀਨ ਹੋ ਜਾਂਦੇ ਹਨ।

**ਆਖਹਿ ਵੇਦ ਪਾਠ ਪੁਰਾਣ॥**

ਵੇਦਾਂ ਅਤੇ ਪੁਰਾਣਾਂ ਦੇ ਪਾਠੀ ਵੀ ਤੇਰੀ ਸਿਫ਼ਤ ਨੂੰ ਕਹਿੰਦੇ ਹਨ

**ਆਖਹਿ ਪੜੇ ਕਰਹਿ ਵਖਿਆਣ॥**

ਵਿਦਵਾਨ ਵੀ ਤੇਰਾ ਨਾਮ ਉਚਾਰਦੇ ਹਨ ਅਤੇ ਭਾਸ਼ਣ ਦਿੰਦੇ ਹਨ।

**ਆਖਹਿ ਬਰਮੇ ਆਖਹਿ ਇੰਦ॥**

ਤੇਰੀ ਵਡਿਆਈ ਨੂੰ ਬ੍ਰਹਮਾ ਅਤੇ ਇੰਦਰ ਵੀ ਕਹਿੰਦੇ ਹਨ।

**ਆਖਹਿ ਗੋਪੀ ਤੈ ਗੋਵਿੰਦ॥**

ਗੋਪੀਆਂ ਅਤੇ ਕ੍ਰਿਸ਼ਨ ਵੀ ਤੇਰੀ ਸਿਫ਼ਤ ਕਰਦੇ ਹਨ।

**ਆਖਹਿ ਈਸਰ ਆਖਹਿ ਸਿਧ॥**

ਸ਼ਿਵ ਅਤੇ ਸਿੱਧ ਵੀ ਤੇਰੀ ਉਪਮਾ ਕਰਦੇ ਹਨ।

**ਆਖਹਿ ਕੇਤੇ ਕੀਤੇ ਬੁਧ॥**

ਸਾਰੇ ਬੁੱਧ ਜੋ ਤੂੰ ਪੈਦਾ ਕੀਤੇ ਹਨ, ਤੇਰੀ ਵਡਿਆਈ ਕਰਦੇ ਹਨ।

**ਆਖਹਿ ਦਾਨਵ ਆਖਹਿ ਦੇਵ॥**

ਦੈਂਤ ਅਤੇ ਦੇਵਤੇ ਵੀ ਤੇਰੀ ਉਪਮਾ ਕਰਦੇ ਹਨ।

**ਆਖਹਿ ਸੁਰਿ ਨਰ ਮੁਨਿ ਜਨ ਸੇਵ॥**

ਦੇਵਤੇ, ਆਦਮੀ, ਮੁਨੀ ਲੋਕ ਅਤੇ ਸੇਵਕ ਜਨ ਵੀ ਤੇਰੀ ਸਿਫ਼ਤ ਕਰਦੇ ਹਨ।

**ਕੇਤੇ ਆਖਹਿ ਆਖਣਿ ਪਾਹਿ॥**

ਅਨੇਕਾਂ ਹੀ ਤੇਰੀ ਸਿਫ਼ਤ ਕਰਦੇ ਹਨ ਅਤੇ ਸਿਫ਼ਤ ਕਰਨ ਦਾ
ਯਤਨ ਕਰਦੇ ਹਨ।

**ਕੇਤੇ ਕਹਿ ਕਹਿ ਉਠਿ ਉਠਿ ਜਾਹਿ॥**

ਅਨੇਕਾਂ ਹੀ ਤੇਰੀ ਸਿਫ਼ਤ ਦਾ ਅੰਦਾਜ਼ਾ ਲਾਉਂਦੇ-ਲਾਉਂਦੇ
ਇਥੋਂ ਤੁਰੇ ਜਾ ਰਹੇ ਹਨ।

**ਏਤੇ ਕੀਤੇ ਹੋਰਿ ਕਰੇਹਿ॥**

ਜੇ ਤੂੰ ਏਨੇ ਹੋਰ ਵੀ ਬਣਾ ਦੇਵੇਂ, ਜਿੰਨੇ ਪਹਿਲਾਂ ਬਣਾਏ ਹਨ।

**ਤਾ ਆਖਿ ਨ ਸਕਹਿ ਕੇਈ ਕੇਇ॥**

ਤਾਂ ਵੀ ਉਹ ਕੋਈ ਤੈਨੂੰ ਬਿਆਨ ਨਹੀਂ ਕਰ ਸਕਣਗੇ।

**ਜੇਵਡੁ ਭਾਵੈ ਤੇਵਡੁ ਹੋਇ॥**

ਜਿੰਨਾ ਵੱਡਾ ਵਿਸਥਾਰ ਤੈਨੂੰ ਭਾਉਂਦਾ ਹੈ, ਓਡਾ ਹੀ ਕਰ ਲੈਂਦਾ ਹੈ।

**ਨਾਨਕ ਜਾਣੈ ਸਾਚਾ ਸੋਇ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਸੱਚਾ ਪ੍ਰਭੂ ਸਭ ਕੁਝ ਜਾਣਦਾ ਹੈ।

**ਜੇ ਕੋ ਆਖੈ ਬੋਲੁ ਵਿਗਾੜੁ ॥**

ਜੇ ਕੋਈ ਬੜਬੋਲਾ ਮਨੁੱਖ ਉਸ ਬਾਰੇ ਦੱਸਣ ਲੱਗੇ।

**ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥**

ਤਾਂ ਉਹ ਮੂਰਖਾਂ ਸਿਰ ਮੂਰਖ ਗਿਣਿਆ ਜਾਂਦਾ ਹੈ।

**ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥**

ਉਸਦਾ ਦਰ ਅਤੇ ਘਰ ਕਿਹੋ ਜਿਹਾ ਹੈ,
ਜਿੱਥੇ ਬੈਠ ਕੇ ਸਭ ਦੀ ਸੰਭਾਲ ਕਰਦਾ ਹੈ।

**ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥**

ਉੱਥੇ ਅਨੇਕਾਂ ਹੀ ਰਾਗ ਅਤੇ ਵਾਜੇ ਵੱਜਦੇ ਹਨ,
ਅਨੇਕਾਂ ਹੀ ਉਨ੍ਹਾਂ ਨੂੰ ਵਜਾਉਣ ਵਾਲੇ ਹਨ।

**ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥**

ਅਨੇਕਾਂ ਹੀ ਰਾਗਣੀਆਂ ਸਮੇਤ ਅਨੇਕਾਂ ਰਾਗੀ ਗਾਉਂਦੇ ਹਨ।

**ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥**

ਹਵਾ, ਪਾਣੀ ਤੇ ਅਗਨੀ ਤੈਨੂੰ ਗਾਉਂਦੇ ਹਨ ਅਤੇ
ਧਰਮਰਾਜ ਵੀ ਤੇਰੇ ਦਰ ’ਤੇ ਗਾਉਂਦਾ ਹੈ।

**ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥**

ਚਿਤ੍ਰ ਅਤੇ ਗੁਪਤ ਜੋ ਲਿਖਣਾ ਜਾਣਦੇ ਹਨ ਅਤੇ ਜਿਨ੍ਹਾਂ ਦੀ ਲਿਖਤ ’ਤੇ
ਧਰਮਰਾਜ ਵਿਚਾਰ ਕਰਦਾ ਹੈ, ਉਹ ਤੇਰਾ ਹੀ ਜੱਸ ਕਰਦੇ ਹਨ।

**ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥**

ਤੇਰੇ ਸਵਾਰੇ ਹੋਏ ਸ਼ਿਵ, ਬ੍ਰਹਮਾ ਅਤੇ ਦੇਵੀਆਂ ਵੀ ਤੈਨੂੰ ਗਾਉਂਦੇ ਹਨ।

**ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥**

ਆਪਣੇ ਤਖਤ ’ਤੇ ਬੈਠੇ ਹੋਏ ਇੰਦਰ ਵੀ ਤੇਰੇ ਦਰ ’ਤੇ ਗਾਉਂਦੇ ਹਨ।

**ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥**

ਸਮਾਧੀ ਵਿੱਚ ਜੁੜੇ ਸਿੱਧ ਅਤੇ ਵਿਚਾਰਵਾਨ ਸਾਧ ਵੀ
ਤੈਨੂੰ ਹੀ ਗਾਉਂਦੇ ਹਨ।

**ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥**

ਜਤੀ, ਸਤੀ, ਸੰਤੋਖੀ ਅਤੇ ਹਠੀ ਸੂਰਮੇ ਵੀ ਤੇਰਾ ਜੱਸ ਗਾਉਂਦੇ ਹਨ।

**ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥**

ਪੰਡਿਤ ਤੇ ਮਹਾਂਰਿਖੀ ਜੋ ਵੇਦਾਂ ਨੂੰ ਪੜ੍ਹਦੇ ਹਨ, ਵੇਦਾਂ ਸਮੇਤ ਤੈਨੂੰ ਗਾ ਰਹੇ ਹਨ।

**ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥**

ਮੋਹ ਲੈਣ ਵਾਲੀਆਂ ਅਪੱਛਰਾਂ ਜੋ ਸਵਰਗ, ਮਾਤ-ਲੋਕ, ਅਤੇ ਪਾਤਾਲ ਤਿੰਨਾਂ
ਲੋਕਾਂ ਵਿੱਚ ਮੋਹ ਲੈਂਦੀਆਂ ਹਨ, ਉਹ ਤੈਨੂੰ ਗਾਉਂਦੀਆਂ ਹਨ।

**ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥**

ਤੇਰੇ ਪੈਦਾ ਕੀਤੇ ਹੋਏ ਰਤਨ ਅਠਾਹਠ ਤੀਰਥਾਂ ਸਮੇਤ ਤੈਨੂੰ ਗਾ ਰਹੇ ਹਨ।

**ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥**

ਮਹਾਂਬਲੀ ਯੋਧੇ, ਸੂਰਮੇ ਅਤੇ ਚਾਰੇ ਖਾਣੀਆਂ ਤੈਨੂੰ ਹੀ ਗਾ ਰਹੀਆਂ ਹਨ।

**ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥**

ਸਾਰੀ ਧਰਤੀ ਅਤੇ ਇਸਦੇ ਸਾਰੇ ਖੰਡ ਅਤੇ ਚੱਕਰ, ਜੋ ਤੂੰ ਪੈਦਾ ਕਰ ਕੇ ਟਿਕਾ ਰੱਖੇ ਹਨ, ਉਹ ਤੈਨੂੰ ਹੀ ਗਾ ਰਹੇ ਹਨ।

**ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥**

ਤੇਰੇ ਰੰਗ ਵਿਚ ਰੰਗੇ ਹੋਏ ਰਸ ਵਾਲੇ ਉਹੀ ਭਗਤ ਤੈਨੂੰ ਗਾਉਂਦੇ ਹਨ, ਜੋ ਤੈਨੂੰ ਭਾਉਂਦੇ ਹਨ।

**ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥**

ਹੋਰ ਕਿੰਨੇ ਤੈਨੂੰ ਗਾਉਂਦੇ ਹਨ, ਉਹ ਸਾਰੇ ਮੇਰੇ ਧਿਆਨ ਵਿੱਚ ਨਹੀਂ ਆਉਂਦੇ, ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਕਿੰਨਾ ਕੁ ਜਾਣ ਸਕਦਾ ਹਾਂ?

**ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥**

ਉਹ ਸੱਚਾ ਪ੍ਰਭੂ ਸਦਾ ਸਥਿਰ ਹੈ, ਉਸਦੀ ਵਡਿਆਈ ਸਦਾ ਅਟੱਲ ਹੈ।

**ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥**

ਉਹ ਪ੍ਰਭੂ ਹੁਣ ਵੀ ਹੈ, ਅੱਗੋਂ ਵੀ ਹੋਵੇਗਾ, ਉਹ ਕਿਤੇ ਵੀ ਜਾਂਦਾ ਨਹੀਂ ਭਾਵ ਮਰਦਾ ਨਹੀਂ, ਜਿਸਨੇ ਇਹ ਰਚਨਾ ਰਚੀ ਹੈ।

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥**

ਜਿਸਨੇ ਕਈ ਰੰਗਾਂ, ਕਿਸਮਾਂ ਜਿਨਸਾਂ ਦੀ ਮਾਇਆ ਰਚੀ ਹੈ।

**ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥**

ਜਿਵੇਂ ਉਸਦੀ ਰਜ਼ਾ ਹੈ, ਉਹ ਆਪਣੀ ਰਚੀ ਰਚਨਾ ਨੂੰ ਵੇਖਦਾ ਹੈ।

**ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥**

ਜੋ ਉਸਨੂੰ ਭਾਉਂਦਾ ਹੈ, ਉਹੀ ਕਰਦਾ ਹੈ, ਉਸਨੂੰ ਕੋਈ ਵੀ ਹੁਕਮ ਨਹੀਂ ਕਰਨਾ ਜਾਣਦਾ।

**ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥੨੭॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਹਰੀ ਪਾਤਸ਼ਾਹ ਹੈ, ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਜੀਵ ਨੂੰ ਉਸਦੀ ਰਜ਼ਾ ਵਿੱਚ ਰਹਿਣਾ ਬਣਦਾ ਹੈ।

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥**

ਹੇ ਯੋਗੀ! ਸੰਤੋਖ ਦੀਆਂ ਮੁੰਦਰਾਂ ਧਾਰਨ ਕਰ, ਮਿਹਨਤ ਦਾ ਖੱਪਰ ਤੇ ਝੋਲੀ ਧਾਰਨ ਕਰ ਅਤੇ ਪਰਮੇਸ਼ਰ ਦੇ ਧਿਆਨ ਦੀ ਸਰੀਰ ਨੂੰ ਸੁਆਹ ਲਾ।

**ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥**

ਮੌਤ ਦੇ ਡਰ ਦੀ ਗੋਦੜੀ ਬਣਾ, ਸਰੀਰ ਨੂੰ ਪਵਿੱਤਰ ਰੱਖਣਾ ਤੇਰੀ ਜੋਗ ਦੀ ਜੁਗਤੀ ਹੈ, ਪ੍ਰਭੂ 'ਤੇ ਸਿਦਕ ਰੱਖਣਾ ਜੋਗ ਦਾ ਡੰਡਾ ਹੈ।

**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥**

ਹੇ ਜੋਗੀ! ਸਾਰੇ ਸੰਸਾਰ ਨੂੰ ਇੱਕ ਸਮਾਨ ਜਾਨਣਾ ਤੇਰਾ ਆਈ ਪੰਥ (ਜੋਗੀਆਂ ਦੀ ਸ੍ਰੇਸ਼ਟ ਸ਼ਾਖਾ) ਹੈ, ਮਨ ਨੂੰ ਜਿੱਤਣ ਵਾਲਾ ਸਾਰੇ ਸੰਸਾਰ ਨੂੰ ਜਿੱਤ ਲੈਂਦਾ ਹੈ।

**ਆਦੇਸੁ ਤਿਸੈ ਆਦੇਸੁ॥**

ਕੇਵਲ ਉਸ ਪ੍ਰਭੂ ਨੂੰ ਨਮਸਕਾਰ ਕਰੋ।

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੮॥**

ਜੋ ਮੁੱਢ ਤੋਂ ਹੈ, ਜੋ ਪਵਿੱਤਰ ਹੈ, ਜੋ ਆਰੰਭ ਰਹਿਤ ਹੈ,
ਜੋ ਨਾਸ ਰਹਿਤ ਹੈ ਅਤੇ ਜੋ ਹਰੇਕ ਯੁੱਗ ਵਿੱਚ ਇੱਕੋ ਸਰੂਪ ਵਾਲਾ ਹੈ।

**ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥**

ਗਿਆਨ ਨੂੰ ਆਪਣਾ ਭੋਜਨ ਅਤੇ ਦਇਆ ਨੂੰ ਆਪਣਾ ਭੰਡਾਰੀ ਬਣਾ, ਇਲਾਹੀ ਨਾਦ ਨੂੰ ਹਰ ਹਿਰਦੇ ਵਿੱਚ ਸੁਣ।

**ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥**

ਉਹ ਪ੍ਰਭੂ ਸਭ ਦਾ ਆਪ ਮਾਲਕ ਹੈ, ਸਾਰੀ ਸ੍ਰਿਸ਼ਟੀ ਉਸਦੇ ਵੱਸ ਵਿੱਚ ਹੈ ਅਤੇ ਰਿੱਧੀਆਂ ਸਿੱਧੀਆਂ ਕਿਸੇ ਹੋਰ ਪਾਸੇ ਜੋੜਨ ਵਾਲੇ ਸੁਆਦ ਹਨ।

**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥**

ਸੰਜੋਗ ਅਤੇ ਵਿਜੋਗ ਦੋਵੇਂ ਹੀ ਸੰਸਾਰ ਦੇ ਕੰਮ ਚਲਾਉਂਦੇ ਹਨ ਅਤੇ ਕਰਮਾਂ ਅਨੁਸਾਰ ਜੀਵ ਦਾ ਲੇਖਾ ਹੁੰਦਾ ਹੈ।

**ਆਦੇਸੁ ਤਿਸੈ ਆਦੇਸੁ॥**

ਕੇਵਲ ਉਸ ਪ੍ਰਭੂ ਨੂੰ ਨਮਸਕਾਰ ਕਰੋ।

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੯॥**

ਜੋ ਮੁੱਢ ਤੋਂ ਹੈ, ਜੋ ਪਵਿੱਤਰ ਹੈ, ਜੋ ਆਰੰਭ ਰਹਿਤ ਹੈ, ਜੋ ਨਾਸ ਰਹਿਤ ਹੈ ਅਤੇ ਜੋ ਹਰੇਕ ਯੁੱਗ ਵਿੱਚ ਇੱਕੋ ਵੇਸ ਵਾਲਾ ਹੈ।

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥**

ਇੱਕ ਮਾਲਕ ਅਥਵਾ ਮਾਇਆ ਤੋਂ ਤਿੰਨਾਂ ਦੇਵਤਿਆਂ ਬ੍ਰਹਮਾ, ਵਿਸ਼ਨੂੰ, ਸ਼ਿਵ ਦੀ ਪੈਦਾਇਸ਼ ਹੋਈ।

**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥**

ਉਹਨਾਂ ਵਿੱਚੋਂ ਇੱਕ ਪੈਦਾ ਕਰਨ ਵਾਲਾ (ਬ੍ਰਹਮਾ), ਇੱਕ ਰਿਜ਼ਕ ਦੇਣ ਵਾਲਾ (ਵਿਸ਼ਨੂੰ) ਅਤੇ ਇੱਕ ਸ੍ਰਿਸ਼ਟੀ ਨੂੰ ਖ਼ਤਮ ਕਰਨ ਵਾਲਾ (ਸ਼ਿਵ) ਹੈ।

**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**

ਜਿਵੇਂ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ ਅਤੇ ਜਿਵੇਂ ਉਹ ਹੁਕਮ ਕਰਦਾ ਹੈ,
ਉਵੇਂ ਹੀ ਸ੍ਰਿਸ਼ਟੀ ਨੂੰ ਚਲਾਉਂਦਾ ਹੈ।

**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥**

ਇਹ ਵੱਡੀ ਹੈਰਾਨੀ ਹੈ ਕਿ ਉਹ ਪ੍ਰਭੂ ਤਾਂ ਸਭ ਨੂੰ ਵੇਖਦਾ ਹੈ,
ਪਰ ਜੀਵ ਉਸਨੂੰ ਨਹੀਂ ਵੇਖ ਸਕਦੇ।

**ਆਦੇਸੁ ਤਿਸੈ ਆਦੇਸੁ ॥**

ਕੇਵਲ ਉਸ ਪ੍ਰਭੂ ਨੂੰ ਨਮਸਕਾਰ ਕਰੋ।

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥**

ਜੋ ਮੁੱਢ ਤੋਂ ਹੈ, ਜੋ ਪਵਿੱਤਰ ਹੈ, ਜੋ ਆਰੰਭ ਰਹਿਤ ਹੈ, ਜੋ ਨਾਸ ਰਹਿਤ ਹੈ
ਅਤੇ ਜੋ ਹਰੇਕ ਯੁੱਗ ਵਿੱਚ ਇੱਕੋ ਵੇਸ ਵਾਲਾ ਹੈ।

**ਆਸਣੁ ਲੋਇ ਲੋਇ ਭੰਡਾਰ ॥**

ਹਰੇਕ ਲੋਕ ਵਿੱਚ ਪ੍ਰਭੂ ਦੇ ਭੰਡਾਰੇ ਹਨ।

**ਜੋ ਕਿਛੁ ਪਾਇਆ ਸੁ ਏਕਾ ਵਾਰ ॥**

ਜੋ ਕੁਝ ਵੀ ਉਹਨਾਂ ਵਿੱਚ ਪਾਇਆ ਹੈ, ਉਹ ਇੱਕੋ ਵਾਰੀ ਹੀ ਪਾਇਆ ਹੈ,
ਉਹ ਹੁਣ ਤੱਕ ਮੁੱਕਿਆ ਨਹੀਂ।

**ਕਰਿ ਕਰਿ ਵੇਖੈ ਸਿਰਜਣਹਾਰੁ ॥**

ਸਾਰੇ ਸੰਸਾਰ ਨੂੰ ਰਚ ਕੇ ਪ੍ਰਭੂ ਇਸ ਨੂੰ ਵੇਖ ਰਿਹਾ ਹੈ।

**ਨਾਨਕ ਸਚੇ ਕੀ ਸਾਚੀ ਕਾਰ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਹਰੀ ਦੇ ਕੰਮ ਸੱਚੇ ਹਨ।

**ਆਦੇਸੁ ਤਿਸੈ ਆਦੇਸੁ ॥**

ਕੇਵਲ ਉਸ ਪ੍ਰਭੂ ਨੂੰ ਨਮਸਕਾਰ ਕਰੋ।

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥**

ਜੋ ਮੁੱਢ ਤੋਂ ਹੈ, ਜੋ ਪਵਿੱਤਰ ਹੈ, ਜੋ ਆਰੰਭ ਰਹਿਤ ਹੈ, ਜੋ ਨਾਸ ਰਹਿਤ ਹੈ
ਅਤੇ ਜੋ ਹਰੇਕ ਯੁੱਗ ਵਿੱਚ ਇੱਕੋ ਵੇਸ ਵਾਲਾ ਹੈ।

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥**

ਜੇ ਮੇਰੀ ਇੱਕ ਜੀਭ ਤੋਂ ਲੱਖ ਜੀਭਾਂ ਬਣ ਜਾਣ, ਲੱਖ ਤੋਂ ਵੀਹ ਲੱਖ ਹੋ ਜਾਣ।

**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥**

ਹਰੇਕ ਜੀਭ ਨਾਲ ਲੱਖਾਂ ਵਾਰੀ ਇੱਕ ਪ੍ਰਭੂ ਦਾ ਨਾਮ ਜਪਾਂ।

**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥**

ਇਹ ਤਾਂ ਰਸਤਾ ਹੈ, ਜਿਸ ਵਿੱਚ ਪਤੀ-ਪਰਮੇਸ਼ਰ ਦੇ ਮਹੱਲ ਦੀਆਂ ਪਉੜੀਆਂ
ਹਨ, ਉਹਨਾਂ ਉੱਤੇ ਚੜ੍ਹਨ ਨਾਲ ਪਰਮੇਸ਼ਰ ਨਾਲ ਇੱਕ ਹੋਈਦਾ ਹੈ।

**ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥**

ਆਕਾਸ਼ ਦੀਆਂ ਗੱਲਾਂ ਸੁਣ ਕੇ ਕੀੜਿਆਂ ਨੂੰ ਵੀ ਰੀਸ ਆਈ ਕਿ ਅਸੀਂ ਵੀ ਆਕਾਸ਼ 'ਤੇ ਪਹੁੰਚ ਜਾਈਏ।

**ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥੩੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਰਹਿਮਤ ਨਾਲ ਮਿਲਦਾ ਹੈ,
ਝੂਠੇ ਮਨੁੱਖ ਦੀ ਵਡਿਆਈ ਝੂਠੀ ਹੈ।

**ਆਖਣਿ ਜੋਰੁ ਚੁਪੈ ਨਹ ਜੋਰੁ॥**

ਜੀਵ ਦੀ ਬੋਲਣ ਅਤੇ ਚੁੱਪ ਰਹਿਣ ਵਿੱਚ ਕੋਈ ਤਾਕਤ ਨਹੀਂ।

**ਜੋਰੁ ਨ ਮੰਗਣਿ ਦੇਣਿ ਨ ਜੋਰੁ॥**

ਮੰਗਣ ਅਤੇ ਦੇਣ ਵਿੱਚ ਵੀ ਇਸਦਾ ਕੋਈ ਜ਼ੋਰ ਨਹੀਂ ਹੈ।

**ਜੋਰੁ ਨ ਜੀਵਣਿ ਮਰਣਿ ਨਹ ਜੋਰੁ॥**

ਜੰਮਣ ਅਤੇ ਮਰਨ ਵਿੱਚ ਵੀ ਇਸਦੀ ਆਪਣੀ ਕੋਈ ਤਾਕਤ ਨਹੀਂ ਹੈ।

**ਜੋਰੁ ਨ ਰਾਜਿ ਮਾਲਿ ਮਨਿ ਸੋਰੁ॥**

ਰਾਜ ਤੇ ਪਦਾਰਥਾਂ ਦੀ ਪ੍ਰਾਪਤੀ ਵਿੱਚ ਵੀ ਇਸਦਾ ਕੋਈ ਜ਼ੋਰ-ਸ਼ੋਰ ਨਹੀਂ।

**ਜੋਰੁ ਨ ਸੁਰਤੀ ਗਿਆਨਿ ਵੀਚਾਰਿ॥**

ਗਿਆਨ ਦੀ ਵਿਚਾਰ ਅਤੇ ਸੁਰਤੀ ਟਿਕਾਉਣ ਵਿੱਚ ਵੀ ਇਸਦੀ ਆਪਣੀ ਕੋਈ ਤਾਕਤ ਨਹੀਂ ਹੈ।

**ਜੋਰੁ ਨ ਜੁਗਤੀ ਛੁਟੈ ਸੰਸਾਰੁ॥**

ਇਸ ਵਿੱਚ ਇਹ ਵੀ ਤਾਕਤ ਨਹੀਂ ਹੈ ਕਿ ਇਹ ਕਿਸੇ ਢੰਗ ਨਾਲ ਮਾਇਆਵੀ ਸੰਸਾਰ ਤੋਂ ਛੁੱਟ ਜਾਏ।

**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥**

ਜਿਸ ਦੇ ਹੱਥ ਵਿੱਚ ਇਹ ਸਾਰੀ ਤਾਕਤ ਹੈ,
ਉਹੀ ਆਪਣੀ ਤਾਕਤ ਵਰਤ ਕੇ ਵੇਖਦਾ ਹੈ।

**ਨਾਨਕ ਉਤਮੁ ਨੀਚੁ ਨ ਕੋਇ॥੩੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉੱਚਾ ਤੇ ਨੀਵਾਂ ਕੋਈ ਨਹੀਂ ਹੈ।

**ਰਾਤੀ ਰੁਤੀ ਥਿਤੀ ਵਾਰ॥**

ਰਾਤਾਂ, ਰੁੱਤਾਂ, ਥਿੱਤਾਂ ਅਤੇ ਵਾਰ।

**ਪਵਣ ਪਾਣੀ ਅਗਨੀ ਪਾਤਾਲ॥**

ਹਵਾ, ਪਾਣੀ, ਅੱਗ ਅਤੇ ਪਤਾਲ

**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥**

ਇਨ੍ਹਾਂ ਸਾਰਿਆਂ ਵਿੱਚ ਧਰਤੀ ਨੂੰ ਸਥਾਪਿਤ ਕਰਕੇ
ਇੱਕ ਮਰਿਆਦਾ ਵਿੱਚ ਬੰਨ੍ਹ ਕੇ ਰੱਖਿਆ ਹੈ।

**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥**

ਇਸ ਧਰਤੀ ਵਿੱਚ ਕਈ ਰੰਗਾਂ ਤੇ ਢੰਗਾਂ ਨਾਲ ਜੀਵ ਪੈਦਾ ਕੀਤੇ ਹਨ।

**ਤਿਨ ਕੇ ਨਾਮ ਅਨੇਕ ਅਨੰਤ॥**

ਜਿਨ੍ਹਾਂ ਦੇ ਅਨਗਿਣਤ ਨਾਮ ਹਨ।

**ਕਰਮੀ ਕਰਮੀ ਹੋਇ ਵੀਚਾਰੁ॥**

ਇਨ੍ਹਾਂ ਸਾਰਿਆਂ ਦਾ ਕਰਮਾਂ ਅਨੁਸਾਰ ਲੇਖਾ ਹੁੰਦਾ ਹੈ।

**ਸਚਾ ਆਪਿ ਸਚਾ ਦਰਬਾਰੁ॥**

ਉਹ ਪ੍ਰਭੂ ਆਪ ਵੀ ਸੱਚਾ ਹੈ ਅਤੇ ਉਸਦਾ ਦਰਬਾਰ ਵੀ ਸੱਚਾ ਹੈ।

**ਤਿਥੈ ਸੋਹਨਿ ਪੰਚ ਪਰਵਾਣੁ॥**

ਉੱਥੇ ਸਾਧ-ਜਨ ਪ੍ਰਤੱਖ ਤੌਰ 'ਤੇ ਸੋਭਾ ਪਾਉਂਦੇ ਹਨ।

**ਨਦਰੀ ਕਰਮਿ ਪਵੈ ਨੀਸਾਣੁ॥**

ਉਹਨਾਂ 'ਤੇ ਮਿਹਰ ਕਰਨ ਵਾਲੇ ਪ੍ਰਭੂ ਦਾ ਬਖਸ਼ਿਸ਼ ਦੁਆਰਾ ਵਡਿਆਈ ਰੂਪੀ ਨਿਸ਼ਾਨ ਪੈਂਦਾ ਹੈ।

**ਕਚ ਪਕਾਈ ਓਥੈ ਪਾਇ॥**

ਉੱਥੇ ਜੀਵ ਦੀ ਕਚਿਆਈ-ਪਕਿਆਈ ਦਾ ਪਤਾ ਲੱਗਦਾ ਹੈ।

**ਨਾਨਕ ਗਇਆ ਜਾਪੈ ਜਾਇ॥੩੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਸੱਚੇ ਦੇ ਦਰਬਾਰ ਵਿੱਚ ਗਿਆਂ ਹੀ ਪਤਾ ਲੱਗੇਗਾ ਕਿ ਕਚਿਆਈ ਕਿਸ ਵਿੱਚ ਹੈ ਅਤੇ ਪਕਿਆਈ ਕਿਸ ਵਿੱਚ ਹੈ?

**ਧਰਮ ਖੰਡ ਕਾ ਏਹੋ ਧਰਮੁ॥**

ਧਰਮ ਖੰਡ ਦਾ ਇਹੋ ਧਰਮ ਹੈ, ਜੋ ਉਪਰੋਕਤ ਪਉੜੀ ਵਿੱਚ ਦੱਸਿਆ ਗਿਆ ਹੈ।

**ਗਿਆਨ ਖੰਡ ਕਾ ਆਖਹੁ ਕਰਮੁ॥**

ਹੁਣ ਮੈਂ ਗਿਆਨ ਖੰਡ ਦਾ ਕੰਮ ਦੱਸਦਾ ਹਾਂ।

**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥**

ਅਨੇਕਾਂ ਹਵਾਵਾਂ, ਪਾਣੀ, ਅੱਗਾਂ ਹਨ ਅਤੇ ਅਨੇਕਾਂ ਹੀ ਕ੍ਰਿਸ਼ਨ ਤੇ ਸ਼ਿਵ ਹਨ।

**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥**

ਅਨੇਕਾਂ ਹੀ ਰੂਪ, ਰੰਗ ਤੇ ਲਿਬਾਸ ਕਰਕੇ ਰਚੀਆਂ ਹੋਈਆਂ ਰਚਨਾਵਾਂ ਹਨ।

**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥**

ਅਨੇਕਾਂ ਧਰਤੀਆਂ, ਸੁਮੇਰ ਪਰਬਤ, ਧ੍ਰੂਅ ਭਗਤ ਅਤੇ ਉਨ੍ਹਾਂ ਦੇ ਉਪਦੇਸ਼ ਕਰਨ ਵਾਲੇ ਹਨ।

**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥**

ਅਨੇਕਾਂ ਹੀ ਇੰਦਰ, ਚੰਦਰਮਾ, ਸੂਰਜ ਅਤੇ ਦੇਸ ਹਨ।

**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥**

ਅਨੇਕਾਂ ਸਿੱਧ, ਬੁੱਧ ਅਵਤਾਰ, ਸੁਆਮੀ ਅਤੇ ਦੇਵੀਆਂ ਦੇ ਲਿਬਾਸ ਹਨ।

**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥**

ਅਨੇਕਾਂ ਹੀ ਦੇਵਤੇ, ਦੈਂਤ, ਮੁਨੀ ਅਤੇ ਸਮੁੰਦਰਾਂ ਦੇ ਰਤਨ ਹਨ।

**ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥**

ਅਨੇਕਾਂ ਖਾਣੀਆਂ, ਬਾਣੀਆਂ, ਰਾਜੇ ਅਤੇ ਪਾਤਸ਼ਾਹ ਹਨ।

**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥੩੫॥**

ਅਨੇਕਾਂ ਹੀ ਧਿਆਨ ਦੀਆਂ ਕਿਸਮਾਂ ਤੇ ਸੇਵਕ ਹਨ, ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਕਰਤੇ ਦਾ ਅੰਤ ਨਹੀਂ ਪਾਇਆ ਜਾ ਸਕਦਾ।

**ਗਿਆਨ ਖੰਡ ਮਹਿ ਗਿਆਨੁ ਪਰਚੰਡੁ॥**

ਗਿਆਨ ਖੰਡ ਵਿੱਚ ਗਿਆਨ ਹੀ ਤੇਜ਼ ਵਾਲਾ ਹੁੰਦਾ ਹੈ।

**ਤਿਥੈ ਨਾਦ ਬਿਨੋਦ ਕੋਡ ਅਨੰਦੁ॥**

ਉਸ ਅਵਸਥਾ ਵਿੱਚ ਕ੍ਰੋੜਾਂ ਰਾਗਾਂ ਤੇ ਤਮਾਸ਼ਿਆਂ ਦਾ ਆਨੰਦ ਆ ਜਾਂਦਾ ਹੈ।

**ਸਰਮ ਖੰਡ ਕੀ ਬਾਣੀ ਰੂਪੁ॥**

ਸ਼ਰਮ ਖੰਡ ਦਾ ਲੱਛਣ ਸੁੰਦਰਤਾ ਹੈ।

**ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥**

ਉੱਥੇ ਮਨ ਦੀ ਪਰਮ ਸੁੰਦਰ ਘਾੜਤ ਘੜੀ ਜਾਂਦੀ ਹੈ ਭਾਵ ਉੱਚੀ ਅਵਸਥਾ ਹੋ ਜਾਂਦੀ ਹੈ।

**ਤਾ ਕੀਆ ਗਲਾ ਕਥੀਆ ਨਾ ਜਾਹਿ॥**

ਇਸ ਖੰਡ ਦੀਆਂ ਗੱਲਾਂ ਕਹੀਆਂ ਨਹੀਂ ਜਾ ਸਕਦੀਆਂ।

**ਜੇ ਕੋ ਕਹੈ ਪਿਛੈ ਪਛੁਤਾਇ॥**

ਜੇ ਕੋਈ ਕਹਿੰਦਾ ਹੈ ਤਾਂ ਪਿੱਛੋਂ ਪਛਤਾਉਂਦਾ ਹੈ।

**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥**

ਉੱਥੇ ਸੁਰਤੀ, ਮੱਤ, ਮਨ ਅਤੇ ਬੁੱਧੀ ਦੀ ਘਾੜਤ ਘੜੀ ਜਾਂਦੀ ਹੈ।

**ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥੩੬॥**

ਉੱਥੇ ਜੀਵਾਂ ਨੂੰ ਦੇਵਤੇ ਤੇ ਸਿੱਧ ਬਣਾਉਣ ਲਈ ਸ਼ੁੱਧਤਾ ਕੀਤੀ ਜਾਂਦੀ ਹੈ।

**ਕਰਮ ਖੰਡ ਕੀ ਬਾਣੀ ਜੋਰੁ॥**

ਕਰਮ ਖੰਡ ਵਿੱਚ ਪਹੁੰਚੇ ਜੀਵ ਦੀ ਬਾਣੀ ਅੰਦਰ ਬਲ ਹੁੰਦਾ ਹੈ ਭਾਵ ਉਸਦੇ ਬਚਨ ਵਿਅਰਥ ਨਹੀ ਜਾਂਦੇ।

**ਤਿਥੈ ਹੋਰੁ ਨ ਕੋਈ ਹੋਰੁ॥**

ਉੱਥੇ ਹੋਰ ਜੀਵ ਨਹੀਂ ਪਹੁੰਚ ਸਕਦਾ।

**ਤਿਥੈ ਜੋਧ ਮਹਾਬਲ ਸੂਰ ॥**

ਉੱਥੇ ਕੇਵਲ ਯੋਧੇ ਤੇ ਮਹਾਂਬਲੀ ਸੂਰਮੇ ਹੀ ਜਾਂਦੇ ਹਨ।

**ਤਿਨ ਮਹਿ ਰਾਮੁ ਰਹਿਆ ਭਰਪੂਰ ॥**

ਉਨ੍ਹਾਂ ਅੰਦਰ ਹਰੀ ਰਮਿਆ ਹੁੰਦਾ ਹੈ।

**ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥**

ਉਹਨਾਂ ਦਾ ਮਨ ਪ੍ਰਭੂ ਦੀ ਮਹਿਮਾ ਵਿੱਚ ਪਰੋਇਆ ਹੁੰਦਾ ਹੈ।

**ਤਾ ਕੇ ਰੂਪ ਨ ਕਥਨੇ ਜਾਹਿ ॥**

ਉਹਨਾਂ ਦਾ ਰੂਪ ਵਰਨਣ ਨਹੀਂ ਕੀਤਾ ਜਾ ਸਕਦਾ।

**ਨਾ ਓਹਿ ਮਰਹਿ ਨ ਠਾਗੇ ਜਾਹਿ ॥**

ਨਾ ਹੀ ਉਹ ਮਰਦੇ ਹਨ ਤੇ ਨਾ ਹੀ ਠੱਗੇ ਜਾਂਦੇ ਹਨ।

**ਜਿਨ ਕੈ ਰਾਮੁ ਵਸੈ ਮਨ ਮਾਹਿ ॥**

ਜਿਨ੍ਹਾਂ ਦੇ ਹਿਰਦੇ ਵਿੱਚ ਪ੍ਰਭੂ ਦਾ ਵਾਸਾ ਹੁੰਦਾ ਹੈ।

**ਤਿਥੈ ਭਗਤ ਵਸਹਿ ਕੇ ਲੋਅ ॥**

ਉੱਥੇ ਭਗਤ ਲੋਕਾਂ ਦਾ ਹੀ ਵਾਸਾ ਹੈ
ਭਾਵ ਉੱਚ ਅਵਸਥਾ ਵਾਲੇ ਸਾਧੂ ਹੀ ਰਹਿੰਦੇ ਹਨ।

**ਕਰਹਿ ਅਨੰਦੁ ਸਚਾ ਮਨਿ ਸੋਇ ॥**

ਉਹ ਸੱਚਾ ਹਰੀ ਉਨ੍ਹਾਂ ਦੇ ਅੰਦਰ ਹੁੰਦਾ ਹੈ ਤੇ ਉਹ ਸਦਾ ਖੇੜੇ ਵਿੱਚ ਰਹਿੰਦੇ ਹਨ।

**ਸਚਖੰਡਿ ਵਸੈ ਨਿਰੰਕਾਰੁ ॥**

ਸੱਚ ਖੰਡ ਵਿੱਚ ਅਕਾਲ ਪੁਰਖ ਦਾ ਵਾਸਾ ਹੈ।

**ਕਰਿ ਕਰਿ ਵੇਖੈ ਨਦਰਿ ਨਿਹਾਲ ॥**

ਉਹ ਜੀਵਾਂ ਦੀ ਰਚਨਾ ਕਰ ਕਰ ਵੇਖਦਾ ਹੈ, ਉਨ੍ਹਾਂ 'ਤੇ ਮਿਹਰ ਕਰਦਾ ਹੈ ਤੇ
ਉਨ੍ਹਾਂ ਨੂੰ ਨਿਹਾਲ ਕਰਦਾ ਹੈ।

**ਤਿਥੈ ਖੰਡ ਮੰਡਲ ਵਰਭੰਡ ॥**

ਉੱਥੇ ਬੇਅੰਤ ਹੀ ਹਿੱਸੇ, ਦੇਸ ਤੇ ਬ੍ਰਹਿਮੰਡ ਹਨ।

**ਜੇ ਕੋ ਕਥੈ ਤ ਅੰਤ ਨ ਅੰਤ ॥**

ਜੇ ਕੋਈ ਉਹਨਾਂ ਦਾ ਵਰਨਣ ਕਰੇ,ਤਾਂ ਉਹ ਉਹਨਾਂ ਦਾ ਅੰਤ ਨਹੀਂ ਪਾ ਸਕਦਾ।

**ਤਿਥੈ ਲੋਅ ਲੋਅ ਆਕਾਰ ॥**

ਉੱਥੇ ਬੇਅੰਤ ਲੋਕ ਤੇ ਰੂਪ ਹਨ।

**ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥**

ਜਿਵੇਂ ਜਿਵੇਂ ਪ੍ਰਭੂ ਦਾ ਹੁਕਮ ਹੁੰਦਾ ਹੈ, ਓਵੇਂ ਓਵੇਂ ਹੀ ਕਾਰਜ ਹੁੰਦੇ ਹਨ।

**ਵੇਖੈ ਵਿਗਸੈ ਕਰਿ ਵੀਚਾਰੁ ॥**

ਉਹ ਪ੍ਰਭੂ ਆਪਣੀ ਇਸ ਰਚਨਾ ਨੂੰ ਵੇਖਦਾ ਹੈ, ਵਿਚਾਰਦਾ ਹੈ ਤੇ ਖੁਸ਼ ਹੁੰਦਾ ਹੈ।

**ਨਾਨਕ ਕਥਨਾ ਕਰੜਾ ਸਾਰੁ ॥੩੭॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਲੋਹੇ ਵਰਗੇ ਸਖ਼ਤ ਸੱਚ ਨੂੰ ਮੈਂ ਬਿਆਨ ਕੀਤਾ ਹੈ ਭਾਵ ਇਸ ਖੰਡ ਨੂੰ ਸਿਰਫ਼ ਅਨੁਭਵ ਕੀਤਾ ਜਾ ਸਕਦਾ ਹੈ, ਬਿਆਨ ਨਹੀ।

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥**

ਬ੍ਰਹਮਚਰਜ ਨੂੰ ਭੱਠੀ ਤੇ ਧੀਰਜ ਨੂੰ ਸੁਨਿਆਰਾ ਬਣਾ।

**ਅਹਰਣਿ ਮਤਿ ਵੇਦੁ ਹਥੀਆਰੁ ॥**

ਅਕਲ ਨੂੰ ਅਹਿਰਣ ਤੇ ਗਿਆਨ ਨੂੰ ਹਥਿਆਰ ਬਣਾ।

**ਭਉ ਖਲਾ ਅਗਨਿ ਤਪ ਤਾਉ ॥**

ਪ੍ਰਭੂ ਦਾ ਡਰ ਧੌਂਕਣੀ ਹੋਵੇ ਤੇ ਸਖਤ ਤਪੱਸਿਆ ਨੂੰ ਅੱਗ ਬਣਾ।

**ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥**

ਪ੍ਰੇਮ ਦਾ ਭਾਂਡਾ ਲੈ ਕੇ ਉਸ ਵਿੱਚ ਅੰਮ੍ਰਿਤ ਨੂੰ ਪਾ।

**ਘੜੀਐ ਸਬਦੁ ਸਚੀ ਟਕਸਾਲ ॥**

ਐਸੀ ਸੱਚੀ ਟਕਸਾਲ ਵਿੱਚ ਸ਼ਬਦ ਦੀ ਘਾੜਤ ਹੁੰਦੀ ਹੈ।

**ਜਿਨ ਕਉ ਨਦਰਿ ਕਰਮੁ ਤਿਨ ਕਾਰ ॥**

ਇਹ ਕਰਮ ਉਨ੍ਹਾਂ ਦਾ ਹੈ, ਜਿਨ੍ਹਾਂ 'ਤੇ ਪ੍ਰਭੂ ਦੀ ਮਿਹਰ ਹੁੰਦੀ ਹੈ।

**ਨਾਨਕ ਨਦਰੀ ਨਦਰਿ ਨਿਹਾਲ ॥੩੮॥**

ਸ੍ਰੀ ਗੁਰੂ ਹੀ ਕਹਿੰਦੇ ਹਨ ਕਿ ਪ੍ਰਭੂ ਮਿਹਰ ਦੀ ਨਜ਼ਰ ਕਰਕੇ ਹੀ ਜੀਵ ਨੂੰ ਨਿਹਾਲ ਕਰ ਦੇਂਦਾ ਹੈ।

**ਸਲੋਕੁ ॥**

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**

ਹਵਾ ਗੁਰੂ ਹੈ, ਪਾਣੀ ਪਿਤਾ ਹੈ ਅਤੇ ਧਰਤੀ ਵੱਡੀ ਮਾਤਾ ਹੈ।

**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**

ਦਿਨ ਅਤੇ ਰਾਤ ਦੋਵੇਂ ਖਿਡਾਵਾ-ਖਿਡਾਵੀ ਹਨ,
ਜਿਨ੍ਹਾਂ ਦਿਆਂ ਹੱਥਾਂ ਵਿਚ ਸਾਰਾ ਸੰਸਾਰ ਖੇਡ ਰਿਹਾ ਹੈ।

**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥**

ਧਰਮਰਾਜ ਪਰਮੇਸ਼ਰ ਦੀ ਹਜ਼ੂਰੀ ਵਿੱਚ ਜੀਵਾਂ ਦੇ ਕੀਤੇ ਚੰਗੇ-ਮੰਦੇ ਕਰਮ ਵਿਚਾਰਦਾ ਹੈ।

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥**

ਆਪੋ-ਆਪਣੇ ਕੀਤੇ ਕਰਮਾਂ ਅਨੁਸਾਰ ਕਈ ਜੀਵ ਪ੍ਰਭੂ ਦੇ ਨੇੜੇ ਹੋ ਜਾਂਦੇ ਹਨ ਅਤੇ ਕਈ ਦੂਰ।

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**

ਜਿਨ੍ਹਾਂ ਨੇ ਨਾਮ ਸਿਮਰਿਆ ਹੈ ਅਤੇ
ਨਾਮ ਸਿਮਰਨ ਦੀ ਕਮਾਈ ਕਰ ਗਏ ਹਨ।

**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਉੱਜਲੇ ਮੁੱਖ ਵਾਲੇ ਹਨ ਅਤੇ ਕਈ ਹੋਰ
ਉਨ੍ਹਾਂ ਦੇ ਸੰਗ ਨਾਲ ਛੁੱਟ ਜਾਣਗੇ।

****

# ਸ਼ਬਦ ਹਜਾਰੇ

## ਮਾਝ ਮਹਲਾ ੫
## ਚਉਪਦੇ ਘਰੁ ੧ ॥

**ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥**

ਮੇਰਾ ਮਨ ਗੁਰੂ ਦੇ ਦਰਸ਼ਨਾਂ ਨੂੰ ਲੋਚਦਾ ਹੋਇਆ।

**ਬਿਲਪ ਕਰੇ ਚਾਤ੍ਰਿਕ ਕੀ ਨਿਆਈ॥**

ਪਪੀਹੇ ਵਾਂਗੂੰ ਵਿਰਲਾਪ ਕਰਦਾ ਹੈ।

**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ**
**ਬਿਨੁ ਦਰਸਨ ਸੰਤ ਪਿਆਰੇ ਜੀਉ॥੧॥**

ਜਿਵੇਂ ਪਪੀਹੇ ਦੀ ਜਿੰਨਾ ਚਿਰ ਪਿਆਸ ਨਹੀਂ ਲਹਿੰਦੀ ਉਸਨੂੰ ਸ਼ਾਂਤੀ ਨਹੀਂ ਆਉਂਦੀ, ਉਸੇ ਤਰ੍ਹਾਂ ਮੈਨੂੰ ਵੀ ਪਿਆਰੇ ਸੰਤਾਂ ਦੇ ਦਰਸ਼ਨ ਬਿਨਾਂ ਨਾ ਪਿਆਸ ਮਿਟਦੀ ਹੈ ਤੇ ਨਾ ਹੀ ਸ਼ਾਂਤੀ ਆਉਂਦੀ ਹੈ।

**ਹਉ ਘੋਲੀ ਜੀਉ ਘੋਲਿ ਘੁਮਾਈ**
**ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ॥**

ਹੇ ਜੀਉ! ਗੁਰੂ-ਸੰਤ ਪਿਆਰੇ ਦੇ ਦਰਸ਼ਨਾਂ ਤੋਂ,
ਮੈਂ ਤਨ ਤੇ ਮਨ ਕਰਕੇ ਕੁਰਬਾਨ ਜਾਂਦਾ ਹਾਂ।

**ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥**

ਹੇ ਪ੍ਰਭੂ! ਤੇਰਾ ਮੁੱਖ ਸੋਹਣਾ ਹੈ ਅਤੇ ਤੇਰੇ ਬੋਲਾਂ ਵਿੱਚ ਸਹਿਜਤਾ ਦੀ ਧੁਨੀ ਹੈ।

**ਚਿਰੁ ਹੋਆ ਦੇਖੇ ਸਾਰਿੰਗਪਾਣੀ॥**

ਹੇ ਧਨੁੱਖਧਾਰੀ ਪ੍ਰਭੂ! ਤੇਰੇ ਦਰਸ਼ਨ ਕੀਤਿਆਂ ਬਹੁਤ ਸਮਾਂ ਹੋ ਗਿਆ ਹੈ।

**ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥੨॥**

ਹੇ ਮੇਰੇ ਮਿੱਤਰ ਮੁਰਾਰੀ ਸੱਜਣ ਪ੍ਰਭੂ! ਉਹ ਦੇਸ਼ ਧੰਨਤਾਯੋਗ ਹੈ,
ਜਿੱਥੇ ਤੂੰ ਵਸਿਆ ਹੋਇਆ ਹੈਂ।

**ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥੧॥ ਰਹਾਉ॥**

ਹੇ ਮੇਰੇ ਸੱਜਣ ਪ੍ਰਭੂ! ਮੈਂ ਤੇਰੇ ਤੋਂ ਕੁਰਬਾਨ ਹਾਂ।

**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥**

ਜੇ ਤੁਸੀਂ ਮੈਨੂੰ ਇਕ ਘੜੀ ਵੀ ਨਹੀਂ ਸੀ ਮਿਲਦੇ,
ਤਾਂ ਮੇਰੇ ਲਈ ਕਲਿਯੁੱਗ ਹੋ ਜਾਂਦਾ ਸੀ।

**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥**

ਹੇ ਪ੍ਰਿਅ ਪ੍ਰਭੂ! ਤੈਨੂੰ ਹੁਣ ਮੈਂ ਕਦੋਂ ਮਿਲਾਂਗਾ?

**ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ**
**ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥**

ਹੇ ਸਵਾਮੀ! ਗੁਰੂ ਦਰਬਾਰ ਵੇਖੇ ਬਿਨਾਂ ਮੇਰੀ ਰਾਤ ਨਹੀਂ ਲੰਘਦੀ
ਅਤੇ ਮੈਨੂੰ ਨੀਂਦ ਵੀ ਨਹੀਂ ਆਉਂਦੀ।

**ਹਉ ਘੋਲੀ ਜੀਉ ਘੋਲਿ ਘੁਮਾਈ**
**ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥**

ਹੇ ਜੀਉ! ਉਸ ਸੱਚੇ ਗੁਰੂ ਦੇ ਦਰਬਾਰ ਤੋਂ, ਮੈਂ ਕੁਰਬਾਨ ਹਾਂ, ਕੁਰਬਾਨ ਹਾਂ।

**ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥**

ਹੁਣ ਮੇਰੇ ਭਾਗ ਜਾਗ ਪਏ ਹਨ, ਗੁਰੂ ਨੇ ਸੰਤ ਰੂਪੀ ਸੰਗਤ ਨੂੰ ਮਿਲਾ ਦਿੱਤਾ ਹੈ।

**ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥**

ਅਵਿਨਾਸੀ ਪ੍ਰਭੂ ਦਿਲ ਵਿਚੋਂ ਹੀ ਪਾ ਲਿਆ ਹੈ।

**ਸੇਵ ਕਰੀ ਪਲੁ ਚਸਾ ਨ ਵਿਛੁੜਾ**
**ਜਨ ਨਾਨਕ ਦਾਸ ਤੁਮਾਰੇ ਜੀਉ ॥੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਤੇਰੇ ਦਾਸ ਦੀ ਇਹੋ ਇੱਛਾ ਹੈ ਕਿ ਮੈਂ ਤੇਰੀ ਸੇਵਾ
ਹੀ ਕਰਦਾ ਰਹਾਂ ਅਤੇ ਤੈਥੋਂ ਇੱਕ ਪਲ ਵੀ ਨਾ ਵਿੱਛੜਾਂ।

**ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ**
**ਜੀਉ ॥ ਰਹਾਉ ॥੧॥੮॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਤੇਰਾ ਦਾਸ ਹਾਂ ਅਤੇ ਤੇਰੇ ਤੋਂ
ਬਲਿਹਾਰ ਜਾਂਦਾ ਹਾਂ, ਸਦਕੇ ਜਾਂਦਾ ਹਾਂ।

**ਧਨਾਸਰੀ ਮਹਲਾ ੧ ਘਰੁ ੧ ਚਉਪਦੇ ॥**
**ੴ**
**ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ**
**ਅਜੂਨੀ ਸੈਭੰ ਗੁਰ ਪ੍ਰਸਾਦਿ ॥**
**ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥**

ਹੇ ਪ੍ਰਭੂ!
ਮੇਰਾ ਜੀਅ ਡਰਿਆ ਹੋਇਆ ਹੈ, ਮੈਂ ਕੀਹਦੇ ਕੋਲ ਪੁਕਾਰ ਕਰਾਂ?

**ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥**

ਮੈਂ ਉਸਨੂੰ ਸੇਵਿਆ ਹੈ, ਜੋ ਹਮੇਸ਼ਾਂ ਦਾਤਾਰ ਅਤੇ ਦੁੱਖਾਂ ਨੂੰ ਭੁਲਾਉਣ ਵਾਲਾ ਹੈ।

**ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥ ਰਹਾਉ ॥**

ਮੇਰਾ ਸਾਹਿਬ ਸਦਾ ਹੀ ਨਵਾਂ ਅਤੇ ਦੇਣਹਾਰ ਹੈ।

**ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ॥**

ਜੇ ਦਿਨ-ਰਾਤ ਉਸ ਮਾਲਕ ਦੀ ਸੇਵਾ ਕਰੀਏ ਤਾਂ
ਉਹ ਅਖੀਰ ਨੂੰ ਯਮਫਾਹੀ ਤੋਂ ਛੁਡਾ ਲਵੇਗਾ।

**ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ॥੨॥**

ਉਸਦਾ ਨਾਮ ਸੁਣ-ਸੁਣ ਕੇ ਮੇਰਾ ਕਾਮਨਾਵਾਂ ਤੋਂ ਵੀ ਛੁਟਕਾਰਾ ਹੋ ਜਾਵੇਗਾ।

**ਦਇਆਲ ਤੇਰੈ ਨਾਮਿ ਤਰਾ॥**

ਹੇ ਦਿਆਲੂ ਪ੍ਰਭੂ!
ਮੈਂ ਤੇਰੇ ਨਾਮ ਨਾਲ ਤਰਾਂਗਾ।

**ਸਦ ਕੁਰਬਾਣੈ ਜਾਉ॥੧॥ ਰਹਾਉ॥**

ਮੈਂ ਤੈਥੋਂ ਸੈਂਕੜੇ ਵਾਰ ਕੁਰਬਾਨ ਜਾਂਦਾ ਹਾਂ।

**ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ॥**

ਸਭ ਤਰ੍ਹਾਂ ਨਾਲ ਸੱਚਾ ਉਹ ਇੱਕ ਹੀ ਹੈ,
ਉਸ ਵਰਗਾ ਦੂਜਾ ਕੋਈ ਨਹੀਂ ਹੈ।

**ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ॥੩॥**

ਉਸਦੀ ਸੇਵਾ ਤਾਂ ਉਹੋ ਹੀ ਕਰਦਾ ਹੈ, ਜੀਹਦੇ 'ਤੇ ਉਹ ਮਿਹਰ ਕਰਦਾ ਹੈ।

**ਤੁਧੁ ਬਾਝੁ ਪਿਆਰੇ ਕੇਵ ਰਹਾ॥**

ਹੇ ਪਿਆਰੇ ਪ੍ਰਭੂ! ਤੇਰੇ ਬਿਨਾਂ ਮੈਂ ਕਿਵੇਂ ਰਹਿ ਸਕਾਂਗਾ?

**ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ॥**

ਮੈਨੂੰ ਉਹ ਤਾਕਤ ਦੇਹ, ਜਿਸ ਨਾਲ ਤੇਰੇ ਨਾਮ-ਸਿਮਰਨ ਵਿੱਚ ਹੀ ਲੱਗਾ ਰਹਾਂ।

**ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ॥੧॥ਰਹਾਉ॥**

ਹੇ ਪਿਆਰੇ ਪ੍ਰਭੂ!
ਹੋਰ ਆਪ ਦੇ ਬਰਾਬਰ ਦਾ ਦੂਜਾ ਕੋਈ ਨਹੀਂ ਹੈ,
ਜਿਸ ਅੱਗੇ ਜਾ ਕੇ ਮੈਂ ਬੇਨਤੀ ਕਰਾਂ।

**ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ॥**

ਮੈਂ ਆਪਣੇ ਸਾਹਿਬ ਨੂੰ ਹੀ ਸਿਮਰਦਾ ਹਾਂ,
ਹੋਰ ਕਿਸੇ ਕੋਲੋਂ ਨਹੀਂ ਮੰਗਦਾ।

**ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ॥੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸ ਦਾ ਦਾਸ ਹਾਂ ਅਤੇ ਹਰ ਛਿਨ ਉਸ ਪ੍ਰਭੂ ਤੋਂ ਕੁਰਬਾਨ ਜਾਂਦਾ ਹਾਂ।

**ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ॥੧॥ ਰਹਾਉ॥੪॥੧॥**

ਹੇ ਮਾਲਕ ਪ੍ਰਭੂ! ਮੈਂ ਹਰ ਛਿਨ ਤੇਰੇ ਨਾਮ ਤੋਂ ਬਲਿਹਾਰ ਜਾਂਦਾ ਹਾਂ।

**ਤਿਲੰਗ ਮਹਲਾ ੧ ਘਰੁ ੩॥**

**ੴ**

**ਸਤਿਗੁਰ ਪ੍ਰਸਾਦਿ॥**

**ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥**

ਹੇ ਪਿਆਰੇ ਜੀਵ! ਜੇ ਇਸ ਸਰੀਰ ਨੂੰ ਮਾਇਆ ਦੀ ਲਾਗ ਲੱਗੀ ਹੋਵੇ ਅਤੇ ਫਿਰ ਇਸ ਨੂੰ ਲਾਲਚ ਨਾਲ ਰੰਗਾ ਲਿਆ ਹੋਵੇ।

**ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ॥੧॥**

ਹੇ ਜੀਵ! ਮੇਰੇ ਮਾਲਕ ਨੂੰ ਇਹ ਚੋਲਾ ਨਹੀਂ ਭਾਉਂਦਾ, ਤੇ ਫਿਰ ਉਹ ਜੀਵ ਰੂਪੀ ਇਸਤਰੀ ਨਾਲ ਮੇਲ ਕਿਉਂ ਕਰੇਗਾ।

**ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥**

ਹੇ ਮਿਹਰਬਾਨ ਪ੍ਰਭੂ! ਮੈਂ ਤੇਰੇ ਤੋਂ ਕੁਰਬਾਨ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ।

**ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥**

ਮੈਂ ਉਹਨਾਂ ਤੋਂ ਵੀ ਕੁਰਬਾਨ ਜਾਂਦਾ ਹਾਂ, ਜੋ ਤੇਰਾ ਨਾਮ ਲੈਂਦੇ ਹਨ।

**ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥੧॥ ਰਹਾਉ॥**

ਜੋ ਤੇਰਾ ਨਾਮ ਲੈਂਦੇ ਹਨ, ਮੈਂ ਉਨ੍ਹਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ।

**ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥**

ਹੇ ਪਿਆਰੇ ਜੀਵ! ਜੇਕਰ ਇਹ ਸਰੀਰ ਲਲਾਰੀ ਦੀ ਮਿੱਟੀ ਬਣ ਜਾਵੇ ਅਤੇ ਇਸ ਵਿੱਚ ਨਾਮ ਮਜੀਠ (ਪੱਕਾ ਰੰਗ) ਵਜੋਂ ਪਾਇਆ ਜਾਵੇ।

**ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ॥੨॥**

ਜੇ ਸਾਹਿਬ ਹੀ ਲਲਾਰੀ ਹੋ ਕੇ ਇਹੋ ਜਿਹਾ ਰੰਗ ਚੜ੍ਹਾ ਦੇਵੇ ਜੋ ਪਹਿਲਾਂ ਕਦੀ ਵੇਖਿਆ ਨਾ ਹੋਵੇ।

**ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥**

ਹੇ ਜੀਵ! ਜਿਹਨਾਂ ਦੇ ਮਨ ਰੂਪੀ ਚੋਲੇ ਰੰਗੇ ਹੋਏ ਹਨ, ਸੁਆਮੀ ਵੀ ਉਨ੍ਹਾਂ ਦੇ ਹੀ ਪਾਸ ਹੈ।

**ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੇਰੀ ਅਰਜ਼ ਹੈ ਕਿ ਉਨ੍ਹਾਂ ਦੀ ਧੂੜ ਮੈਨੂੰ ਵੀ ਮਿਲ ਜਾਵੇ।

**ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ॥**

ਉਹ ਪ੍ਰਭੂ ਆਪ ਹੀ ਮਿਹਰ ਦੀ ਨਿਗ੍ਹਾ ਕਰਕੇ ਸਾਜਦਾ ਹੈ ਅਤੇ ਰੰਗਦਾ ਹੈ।

**ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ॥੪॥੧॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਜੀਵ ਰੂਪ ਇਸਤਰੀ ਉਸ ਪ੍ਰਭੂ-ਪਤੀ ਨੂੰ ਭਾ ਜਾਵੇ ਤਾਂ ਆਪ ਹੀ ਉਹ ਉਸ ਨਾਲ ਮੇਲ ਕਰਦਾ ਹੈ।

**ਤਿਲੰਗ ਮਃ ੧॥**

**ਇਆਨੜੀਏ ਮਾਨੜਾ ਕਾਇ ਕਰੇਹਿ॥**

(ਦੋ ਸਖੀਆਂ ਦਾ ਸੰਵਾਦ ਹੈ, ਦੋਵੇਂ ਸੁਹਾਗਣਾਂ ਹਨ, ਪਰ ਇੱਕ ਪਤੀ ਦੇ ਨੇੜੇ ਹੈ ਅਤੇ ਇੱਕ ਦੂਰ ਹੈ। ਪਤੀ ਦੇ ਨੇੜੇ ਵਾਲੀ ਗੁਰਮੁਖ ਰੂਪ ਸਖੀ ਕਹਿੰਦੀ ਹੈ) ਹੇ ਅੰਞਾਣੀਏ! ਤੂੰ ਆਪਣੇ ਰੂਪ, ਜਪ, ਤਪ ਦਾ ਮਾਣ ਕਿਉਂ ਕਰਦੀ ਹੈਂ?

**ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥**

ਪ੍ਰਭੂ-ਪਤੀ ਤੇਰੇ ਹਿਰਦੇ ਰੂਪ ਘਰ ਵਿੱਚ ਹੈ,
ਤੂੰ ਉਸਦੇ ਰੰਗ ਨੂੰ ਕਿਉਂ ਨਹੀਂ ਮਾਣਦੀ?

**ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥**

ਹੇ ਕਮਲੀਏ ਔਰਤੇ! ਮਾਲਕ ਤਾਂ ਨੇੜੇ ਹੀ ਹੈ, ਬਾਹਰ ਕੀ ਲੱਭਦੀ ਹੈਂ?

**ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥**

ਭੈ ਰੂਪ ਸਲਾਈਆਂ ਮਨ ਰੂਪ ਅੱਖਾਂ ਵਿੱਚ ਪਾ ਅਤੇ ਪ੍ਰੇਮ ਦਾ ਸ਼ਿੰਗਾਰ ਬਣਾ।

**ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥੧॥**

ਲੜ ਲੱਗੀ ਹੋਈ ਸੁਹਾਗਣ ਤਾਂ ਹੀ ਸਮਝੀ ਜਾਵੇਂਗੀ,
ਜੇ ਮਾਲਕ ਤੇਰੇ ਨਾਲ ਪ੍ਰੇਮ ਰੱਖੇਗਾ।

**ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ॥**

ਬੇਸਮਝ ਲੜਕੀ ਉੱਥੇ ਕੀ ਕਰੇਗੀ? ਜੇ ਉਹ ਮਾਲਕ ਨੂੰ ਭਾਉਂਦੀ ਹੀ ਨਹੀਂ।

**ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ॥**

ਬਹੁਤੇ ਤਰਲੇ ਕਰਕੇ ਵੀ ਉਹ ਜੀਵ-ਇਸਤਰੀ
ਪ੍ਰਭੂ-ਪਤੀ ਦਾ ਟਿਕਾਣਾ ਪ੍ਰਾਪਤ ਨਹੀਂ ਕਰ ਸਕਦੀ।

**ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥**

ਬਿਨਾਂ ਕਰਮਾਂ ਤੋਂ ਕੁਝ ਨਹੀਂ ਹੱਥ ਆਉਂਦਾ,
ਬੇਸ਼ੱਕ ਆਦਮੀ ਕਿੰਨਾ ਹੀ ਦੌੜ-ਭੱਜ ਲਵੇ।

**ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ॥**

ਲਾਲਚ ਅਤੇ ਹੰਕਾਰ ਵਿੱਚ ਮੱਤੀ ਹੋਈ ਜੀਵ-ਇਸਤਰੀ
ਮਾਇਆ ਵਿੱਚ ਹੀ ਖਚਿਤ ਰਹਿੰਦੀ ਹੈ।

**ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ॥੨॥**

ਹੇ ਬੇਸਮਝ ਔਰਤੇ! ਇਹਨਾਂ ਗੱਲਾਂ ਨਾਲ ਮਾਲਕ ਨਹੀਂ ਮਿਲਦਾ।

**ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥**
ਹੇ ਇਸਤਰੀਏ! ਤੂੰ ਉਹਨਾਂ ਸੁਹਾਗਣਾਂ ਨੂੰ ਹੀ ਜਾ ਕੇ ਪੁੱਛ ਕਿ ਕਿੰਨ੍ਹਾਂ ਗੱਲਾਂ ਨਾਲ ਮਾਲਕ ਨੂੰ ਪਾਈਦਾ ਹੈ?

**ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥**
ਮਾਲਕ ਜੋ ਕੁਝ ਵੀ ਕਰੇ, ਉਹ ਭਲਾ ਜਾਣ ਕੇ ਮੰਨ ਲੈਣਾ ਚਾਹੀਦਾ ਹੈ, ਉਸ ਅੱਗੇ ਅਕਲਮੰਦੀ ਅਤੇ ਹੁਕਮ ਕਰਨਾ ਛੱਡਣਾ ਪਵੇਗਾ।

**ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥**
ਜਿਸ ਪ੍ਰਭੂ ਦੇ ਪ੍ਰੇਮ ਕਰਕੇ ਨਾਮ-ਵਸਤੂ ਮਿਲਦੀ ਹੈ, ਉਸ ਦੇ ਚਰਨਾਂ ਵਿੱਚ ਮਨ ਜੋੜਨਾ ਚਾਹੀਦਾ ਹੈ।

**ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥**
ਤੈਨੂੰ ਐਸਾ ਆਗਿਆਕਾਰੀ ਚੰਦਨ ਲਗਾਉਣਾ ਚਾਹੀਦਾ ਹੈ ਕਿ ਮਾਲਕ ਜੋ ਕਹੇ, ਉਹੋ ਹੀ ਕਰ, ਮਨ ਤੇ ਤਨ ਮਾਲਕ ਨੂੰ ਦੇ ਦੇ।

**ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥੩॥**
ਹੇ ਭੈਣੇ! ਸੁਹਾਗਣੀਆਂ ਇਉਂ ਕਹਿੰਦੀਆਂ ਹਨ ਕਿ ਇਹਨਾਂ ਗੱਲਾਂ ਨਾਲ ਹੀ ਮਾਲਕ ਦੀ ਪ੍ਰਾਪਤੀ ਹੁੰਦੀ ਹੈ।

**ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥**
ਆਪਾ ਗਵਾ ਕੇ ਹੀ ਪ੍ਰਭੂ-ਪਤੀ ਦੀ ਪ੍ਰਾਪਤੀ ਹੁੰਦੀ ਹੈ, ਹੋਰ ਚਤੁਰਾਈਆਂ ਕਿਹੜੇ ਕੰਮ ਭਾਵ ਕਿਸੇ ਕੰਮ ਨਹੀਂ ਆਉਂਦੀਆਂ।

**ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥**
ਜਿਸ ਦਿਨ ਮਾਲਕ ਮਿਹਰ ਨਾਲ ਵੇਖੇਗਾ, ਉਹੀ ਦਿਨ ਲੇਖੇ ਪਏਗਾ, ਉਸ ਦਿਨ ਤਾਂ ਔਰਤ ਨੂੰ ਨੌਂ ਨਿੱਧਾਂ ਹੀ ਮਿਲ ਜਾਣਗੀਆਂ।

**ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਆਪਣੇ ਮਾਲਕ ਨੂੰ ਪਿਆਰੀ ਲੱਗਦੀ ਹੈ, ਉਹੋ ਹੀ ਸੁਹਾਗਣ ਅਤੇ ਭਰਾਵਾਂ ਵਾਲੀ ਭਾਵ ਪੇਕੇ ਲੋਕ ਵਿੱਚ ਸੁਹੇਲੀ ਹੈ।

**ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ॥**
ਐਸੇ ਅਨੰਦ ਅਤੇ ਸਹਿਜ ਦੀ ਰੰਗੀ ਹੋਈ,
ਦਿਨ ਰਾਤ ਪ੍ਰੇਮ ਵਿੱਚ ਹੀ ਸਮਾਈ ਰਹਿੰਦੀ ਹੈ।

**ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ॥੪॥੨॥੪॥**
ਉਹ ਚੰਗੇ ਰੂਪ ਵਾਲੀ, ਵੱਚਿਤਰ ਅੱਖਾਂ ਵਾਲੀ
ਅਤੇ ਸਿਆਣੀ ਔਰਤ ਕਹੀ ਜਾਂਦੀ ਹੈ।

**ਸੂਹੀ ਮਹਲਾ ੧॥**

**ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ॥**

ਹੇ ਪ੍ਰਭੂ! ਤੇਰੇ ਲਈ ਕਿਹੜੀ ਤੱਕੜੀ, ਕਿਹੜੇ ਵੱਟੇ ਅਤੇ ਕਿਹੜਾ ਪਾਰਖੂ ਸੱਦਾਂ?

**ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ॥੧॥**

ਕਿਹੜਾ ਗੁਰੂ ਹੋਵੇ? ਕੀਹਦੇ ਪਾਸੋਂ ਦੀਖਿਆ ਲਵਾਂ?
ਅਤੇ ਕੀਹਦੇ ਕੋਲੋਂ ਤੇਰੀ ਕੀਮਤ ਪੁਆਵਾਂ?

**ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥**

ਹੇ ਮੇਰੇ ਪ੍ਰਭੂ! ਤੇਰਾ ਅੰਤ ਮੈਂ ਨਹੀਂ ਜਾਣ ਸਕਦਾ।

**ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ॥੧॥ ਰਹਾਉ॥**

ਤੂੰ ਆਪ ਹੀ ਜਲਾਂ, ਥਲਾਂ, ਧਰਤੀ, ਪਾਤਾਲ ਵਿੱਚ ਵਿਆਪਕ ਹੈਂ
ਅਤੇ ਆਪ ਹੀ ਸਾਰੇ ਜੀਵਾਂ ਵਿੱਚ ਸਮਾਇਆ ਹੋਇਆ ਹੈਂ।

**ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ॥**

ਮਨ ਤੱਕੜੀ ਹੋਵੇ, ਹਿਰਦਾ ਤੋਲਣ ਵਾਲਾ ਵੱਟਾ ਹੋਵੇ,
ਤੇਰੀ ਸੇਵਾ ਕਮਾਉਣਾ ਪਾਰਖੂ ਹੋਵੇ।

**ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ॥੨॥**

ਦਿਲ ਦੇ ਵਿੱਚ ਹੀ ਉਸ ਮਾਲਕ ਦੇ ਸਿਮਰਨ ਨੂੰ ਤੋਲਾਂ ਅਤੇ
ਇਸ ਤਰ੍ਹਾਂ ਚਿੱਤ ਨੂੰ ਟਿਕਾਈ ਰੱਖਾਂ।

**ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ॥**

ਤੂੰ ਆਪ ਹੀ ਕੰਡਾ, ਵੱਟੇ ਅਤੇ ਤੱਕੜੀ ਹੈਂ ਅਤੇ ਆਪ ਹੀ ਤੋਲਣ ਵਾਲਾ ਹੈਂ।

**ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ॥੩॥**

ਤੂੰ ਆਪ ਹੀ ਵੇਖਦਾ, ਆਪ ਹੀ ਸਮਝਦਾ ਅਤੇ ਆਪ ਹੀ ਖਰੀਦਣ ਵਾਲਾ ਹੈਂ।

**ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ॥**

ਜੋ ਅੰਨ੍ਹਾ, ਨੀਚ ਜਾਤ ਵਾਲਾ ਪਰਦੇਸੀ ਅਤੇ ਚੰਚਲ ਸੁਭਾਅ ਵਾਲਾ ਮਨਮੁੱਖ ਹੈ।

**ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ॥੪॥੨॥੯॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਮੂਰਖ, ਉਸ ਦੀ ਸੰਗਤ ਵਿਚ ਰਹਿੰਦਾ ਹਾਂ,
ਹੇ ਪ੍ਰਭੂ! ਮੈਂ ਤੈਨੂੰ ਕਿਵੇਂ ਪ੍ਰਾਪਤ ਕਰ ਸਕਦਾ ਹਾਂ?

**ੴ**

**ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

**ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧॥**

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ॥**

ਹੇ ਪਰਮੇਸ਼ਰ! ਇਹ ਤੇਰੀ ਕੀ ਵਡਿਆਈ ਹੈ ਕਿ ਮੈਂ ਤੈਨੂੰ ਬਾਦਸ਼ਾਹ ਨੂੰ ਮੀਆਂ ਕਹਿ ਰਿਹਾਂ ਹਾਂ?

**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ॥੧॥**

ਹੇ ਸੁਆਮੀ! ਜੋ ਤੂੰ ਮੱਤ ਦਿੱਤੀ ਹੈ, ਮੈਂ ਤੈਨੂੰ ਉਸ ਅਨੁਸਾਰ ਹੀ ਕਹਿੰਦਾ ਹਾਂ, ਮੈਥੋਂ ਮੂਰਖ ਤੋਂ ਤੇਰੀ ਸਿਫ਼ਤ ਕਹੀ ਨਹੀਂ ਜਾਂਦੀ।

**ਤੇਰੇ ਗੁਣ ਗਾਵਾ ਦੇਹਿ ਬੁਝਾਈ॥**

ਮੈਨੂੰ ਐਸੀ ਸਮਝ ਦੇਹ ਕਿ ਮੈਂ ਤੇਰੇ ਗੁਣ ਗਾਵਾਂ।

**ਜੈਸੇ ਸਚ ਮਹਿ ਰਹਉ ਰਜਾਈ॥੧॥ ਰਹਾਉ॥**

ਜਿਸ ਤਰ੍ਹਾਂ ਤੇਰੀ ਰਜ਼ਾ ਅਨੁਸਾਰ ਮੈਂ ਸੱਚ ਅੰਦਰ ਵੱਸਾਂ।

**ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ॥**

ਜੋ ਕੁਝ ਵੀ ਵਰਤਿਆ ਹੈ, ਸਭ ਕੁਝ ਤੇਰੇ ਤੋਂ ਹੀ ਵਰਤਿਆ ਹੈ, ਇਹ ਸਭ ਤੇਰੀ ਹੀ ਸਿਫ਼ਤ ਹੈ।

**ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ॥੨॥**

ਹੇ ਮੇਰੇ ਮਾਲਕ ਪ੍ਰਭੂ! ਮੈਂ ਤੇਰਾ ਅੰਤ ਨਹੀਂ ਜਾਣ ਸਕਦਾ, ਮੇਰੇ ਅੰਨ੍ਹੇ ਵਿੱਚ ਐਸੀ ਕੀ ਚਤੁਰਾਈ ਹੈ?

**ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ॥**

ਮੈਂ ਕੀ ਕਹਾਂ? ਕਹਿ-ਕਹਿ ਕੇ ਵੇਖ ਚੁੱਕਾ ਹਾਂ, ਪਰ ਮੇਰੇ ਤੋਂ ਤੇਰੀ ਬੇਅੰਤ ਸਿਫ਼ਤ ਕਹੀ ਨਹੀਂ ਜਾਂਦੀ।

**ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ॥੩॥**

ਹੇ ਪਰਮੇਸ਼ਰ! ਮੈਨੂੰ ਵੀ ਦੱਸ ਕਿ ਜਿਹੜੀ ਵਡਿਆਈ ਤੈਨੂੰ ਭਾਉਂਦੀ ਹੈ, ਉਹ ਤਿਲ ਮਾਤਰ ਮੈਂ ਵੀ ਕਹਿ ਸਕਾਂ।

**ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ॥**

ਏਨਿਆਂ ਕੁੱਤਿਆਂ ਵਿੱਚੋਂ ਮੈਂ ਵੀ ਇੱਕ ਬਿਗਾਨਾ ਕੁੱਤਾ ਹਾਂ, ਜੋ ਆਪਣੇ ਇਸ ਸਰੀਰ ਦੇ ਢਿੱਡ ਦੀ ਖਾਤਿਰ ਭੌਂਕਦਾ ਹਾਂ।

**ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ॥੪॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਮੈਂ ਭਗਤੀ ਤੋਂ ਹੀਣਾ ਵੀ ਹੋਵਾਂਗਾ ਤਾਂ ਵੀ ਮਾਲਕ ਦੇ ਨਾਮ ਨਾਲ ਹੀ ਸੰਬੰਧਿਤ ਰਹਾਂਗਾ।

**ਬਿਲਾਵਲੁ ਮਹਲਾ ੧॥**

**ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ॥**

ਮੇਰਾ ਹਿਰਦਾ ਮੰਦਿਰ ਹੈ, ਮੈਂ ਆਪਣੇ ਸਰੀਰ ਨੂੰ ਫ਼ਕੀਰਾਂ ਵਾਲਾ ਵੇਸ ਪਵਾਇਆ ਹੈ ਅਤੇ ਮੈਂ ਹਿਰਦੇ ਰੂਪੀ ਤੀਰਥ ਵਿੱਚ ਇਸ਼ਨਾਨ ਕਰਦਾ ਹਾਂ।

**ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥੧॥**

ਇੱਕ ਮਾਲਕ ਦਾ ਨਾਮ ਮੇਰੇ ਮਨ ਅੰਦਰ ਵੱਸਿਆ ਹੈ
ਅਤੇ ਮੈਂ ਫਿਰ ਜਨਮਾਂ ਵਿੱਚ ਨਹੀਂ ਆਵਾਂਗਾ।

**ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ॥**

ਹੇ ਮੇਰੀ ਮਾਏ! ਮੇਰਾ ਮਨ ਪ੍ਰਭੂ ਦੀ ਦਿਆਲਤਾ ਨਾਲ ਵਿੰਨ੍ਹਿਆ ਪਿਆ ਹੈ।

**ਕਉਣੁ ਜਾਣੈ ਪੀਰ ਪਰਾਈ॥**

ਦੂਜੇ ਦੀ ਪੀੜ ਨੂੰ ਕੌਣ ਸਮਝਦਾ ਹੈ?

**ਹਮ ਨਾਹੀ ਚਿੰਤ ਪਰਾਈ॥੧॥ ਰਹਾਉ॥**

ਹੁਣ ਮੈਂ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਦੀ ਆਸ ਨਹੀਂ ਰੱਖਦਾ।

**ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ॥**

ਹੇ ਮਨ ਤੋਂ ਅਗਮ, ਦ੍ਰਿਸ਼ਟੀ ਤੋਂ ਅਗੋਚਰ, ਬੁੱਧੀ ਤੋਂ ਅਲਖ ਅਤੇ
ਹਿਸਾਬ ਤੋਂ ਅਪਾਰ ਪ੍ਰਭੂ! ਸਾਡਾ ਵੀ ਖਿਆਲ ਕਰੋ।

**ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਾਰੀ॥੨॥**

ਤੂੰ ਜਲਾਂ ਥਲਾਂ ਵਿੱਚ ਪੂਰਨ ਵਿਆਪਕ ਹੈਂ ਅਤੇ
ਹਰ ਦਿਲ ਵਿੱਚ ਤੇਰੀ ਹੀ ਜੋਤ ਹੈ।

**ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ॥**

ਸਿੱਖਿਆ, ਮੱਤ ਅਤੇ ਬੁੱਧੀ ਸਭ ਤੇਰੀ ਹੀ ਹੈ,
ਤੇਰੇ ਮੰਦਰ ਵਿੱਚ ਸੁੱਖ ਹੀ ਸੁੱਖ ਹਨ।

**ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ**
**ਗੁਣ ਗਾਵਾ ਨਿਤ ਤੇਰੇ॥੩॥**

ਹੇ ਮੇਰੇ ਮਾਲਕ ਪ੍ਰਭੂ! ਮੈਂ ਤੇਰੇ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਜਾਣਦਾ ਅਤੇ
ਸਦਾ ਤੇਰੇ ਹੀ ਗੁਣ ਗਾਉਂਦਾ ਹਾਂ।

**ਜੀਅ ਜੰਤ ਸਭਿ ਸਰਣਿ ਤੁਮ੍ਾਰੀ ਸਰਬ ਚਿੰਤ ਤੁਧੁ ਪਾਸੇ॥**

ਛੋਟੇ ਵੱਡੇ ਜੀਅ-ਜੰਤ ਸਾਰੇ ਤੇਰੀ ਹੀ ਸ਼ਰਨ ਵਿੱਚ ਹਨ ਅਤੇ ਸਾਰਿਆਂ ਦੀ
ਚਿੰਤਾ ਵੀ ਤੇਰੇ ਹੀ ਪਾਸ ਹੈ।

**ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ॥੪॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੇਰੀ ਇੱਕ ਇਹੀ ਅਰਜ਼ ਹੈ ਕਿ ਜੋ ਤੈਨੂੰ ਭਾਵੇ
ਮੈਨੂੰ ਉਹੀ ਚੰਗਾ ਲੱਗੇ।

****

# ਜਾਪੁ

ੴ

**ਸਤਿਗੁਰ ਪ੍ਰਸਾਦਿ॥**

**॥ਜਾਪੁ॥**

**ਸ੍ਰੀ ਮੁਖ ਵਾਕ ਪਾਤਿਸਾਹੀ ੧੦॥**

**ਛਪੈ ਛੰਦ॥ਤ੍ਵ ਪ੍ਰਸਾਦਿ॥**

**ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥**

ਹੇ ਪ੍ਰਭੂ! ਤੇਰਾ ਕੋਈ ਚਕ੍ਰ, ਚਿੰਨ੍ਹ, ਵਰਣ, ਜਾਤ ਅਤੇ ਗੋਤ ਨਹੀਂ ਹੈ।

**ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥**

ਤੇਰੇ ਰੂਪ, ਰੰਗ, ਰੇਖ ਅਤੇ ਭੇਖ ਨੂੰ ਕੋਈ ਕਿਸੇ ਤਰ੍ਹਾਂ ਵੀ
ਬਿਆਨ ਨਹੀਂ ਕਰ ਸਕਦਾ।

**ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿਜੈ॥**

ਤੇਰਾ ਸਰੂਪ ਸਦਾ ਰਹਿਣ ਵਾਲਾ ਹੈ, ਜੋ ਆਪਣੇ ਆਪ ਪ੍ਰਕਾਸ਼ਮਾਨ ਹੈ
ਅਤੇ ਇਸਦਾ ਬਲ ਬੇਅੰਤ ਕਿਹਾ ਜਾਂਦਾ ਹੈ।

**ਕੋਟਿ ਇੰਦ੍ਰ ਇੰਦ੍ਰਾਣਿ ਸਾਹ ਸਾਹਾਣਿ ਗਣਿਜੈ॥**

ਤੂੰ ਕ੍ਰੋੜਾਂ ਇੰਦ੍ਰਾਂ ਦਾ ਇੰਦ੍ਰ ਅਤੇ ਬਾਦਸ਼ਾਹਾਂ ਦਾ ਬਾਦਸ਼ਾਹ ਮੰਨਿਆ ਜਾਂਦਾ ਹੈ।

**ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ॥**

ਤੂੰ ਤਿੰਨਾਂ ਲੋਕਾਂ ਦਾ ਰਾਜਾ ਹੈਂ, ਦੇਵਤੇ, ਮਨੁੱਖ, ਦੈਂਤ ਅਤੇ ਸਾਰੀ ਬਨਸਪਤੀ ਤੈਨੂੰ
ਬੇਅੰਤ ਬੇਅੰਤ ਕਹਿੰਦੀ ਹੈ।

**ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥੧॥**

ਹੇ ਪ੍ਰਭੂ! ਤੇਰੇ ਸਾਰੇ ਨਾਮ ਕੌਣ ਕਹਿ ਸਕਦਾ ਹੈ?
ਬੁਧੀਵਾਨਾਂ ਨੇ ਤੇਰੇ ਕਰਮ ਵੇਖ ਰੱਖੇ ਨਾਂਵਾਂ ਦਾ ਹੀ ਵਰਣਨ ਕੀਤਾ ਹੈ।

**ਭੁਜੰਗ ਪ੍ਰਯਾਤ ਛੰਦ**

**ਨਮਸਤ੍ਵੰ ਅਕਾਲੇ॥ਨਮਸਤ੍ਵੰ ਕ੍ਰਿਪਾਲੇ॥**

ਹੇ ਕਾਲ ਤੋਂ ਰਹਿਤ ਮਿਹਰਵਾਨ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਰੂਪੇ॥ਨਮਸਤੰ ਅਨੂਪੇ॥੨॥**

ਕਿਸੇ ਵਿਸ਼ੇਸ਼ ਰੂਪ ਅਤੇ ਉਪਮਾ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਭੇਖੇ॥ਨਮਸਤੰ ਅਲੇਖੇ॥**

ਭੇਖਾਂ ਤੋਂ ਰਹਿਤ ਅਤੇ ਗਿਣਤੀਆਂ ਮਿਣਤੀਆਂ ਤੋਂ ਬਾਹਰ ਪ੍ਰਭੂ!
ਤੈਨੂੰ ਨਮਸਕਾਰ ਹੈ।

**ਨਮਸਤੰ ਅਕਾਏ ॥ ਨਮਸਤੰ ਅਜਾਏ ॥ ੩ ॥**

ਸਰੀਰ ਅਤੇ ਜਨਮ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥**

ਅਬਿਨਾਸ਼ੀ ਅਤੇ ਅਜਿੱਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥ ੪ ॥**

ਕਿਸੇ ਵਿਸ਼ੇਸ਼ ਨਾਮ ਅਤੇ ਥਾਂ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥**

ਕਰਮਾਂ ਅਤੇ ਧਰਮਾਂ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਨਾਮੰ ॥ ਨਮਸਤੰ ਅਧਾਮੰ ॥ ੫ ॥**

ਨਾਮ ਅਤੇ ਘਰ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਜੀਤੇ ॥ ਨਮਸਤੰ ਅਭੀਤੇ ॥**

ਅਜਿੱਤ ਅਤੇ ਡਰ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਬਾਹੇ ॥ ਨਮਸਤੰ ਅਢਾਹੇ ॥ ੬ ॥**

ਬਾਹਾਂ ਤੋਂ ਰਹਿਤ ਅਤੇ ਅਜਿੱਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਨੀਲੇ ॥ ਨਮਸਤੰ ਅਨਾਦੇ ॥**

ਕਲੰਕ ਤੋਂ ਰਹਿਤ ਅਤੇ ਆਰੰਭ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਛੇਦੇ ॥ ਨਮਸਤੰ ਅਗਾਧੇ ॥ ੭ ॥**

ਅਖੰਡ ਅਤੇ ਅਥਾਹ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥**

ਅਜਿੱਤ ਅਤੇ ਅਵਿਨਾਸ਼ੀ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥ ੮ ॥**

ਮਹਾਨ ਦਾਤੇ ਅਤੇ ਬੇਅੰਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥**

ਇਕ ਸਰੂਪ ਹੁੰਦੇ ਹੋਇਆਂ ਅਨੇਕਾਂ ਰੂਪਾਂ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥ ੯ ॥**

ਤੱਤਾਂ ਅਤੇ ਬੰਧਨਾਂ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥**

ਕਰਮਾਂ ਅਤੇ ਭਰਮਾਂ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਦੇਸੇ ॥ ਨਮਸਤੰ ਨ੍ਰਿਭੇਸੇ ॥ ੧੦ ॥**

ਦੇਸਾਂ ਅਤੇ ਭੇਖਾਂ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥**

ਵਿਸ਼ੇਸ਼ ਪਹਿਚਾਣ ਅਤੇ ਕਾਮਨਾ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਧਾਤੇ ॥ ਨਮਸਤੰ ਨ੍ਰਿਘਾਤੇ ॥ ੧੧ ॥**

ਧਾਤਾਂ (ਰਸਾਂ) ਤੋਂ ਰਹਿਤ ਅਤੇ ਅਵਿਨਾਸ਼ੀ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਧੂਤੇ ॥ ਨਮਸਤੰ ਅਭੂਤੇ ॥**

ਅਚਲ ਤੇ ਅਸਚਰਜ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਲੋਕੇ ॥ ਨਮਸਤੰ ਅਸੋਕੇ ॥ ੧੨ ॥**

ਅਦ੍ਰਿਸ਼ ਅਤੇ ਸੋਗ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਤਾਪੇ ॥ ਨਮਸਤੰ ਅਥਾਪੇ ॥**

ਦੁੱਖ ਅਤੇ ਸਥਾਪਨਾ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਤ੍ਰਿਮਾਨੇ ॥ ਨਮਸਤੰ ਨਿਧਾਨੇ ॥ ੧੩ ॥**

ਤਿੰਨਾਂ ਲੋਕਾਂ ਦੇ ਜੀਵਾਂ ਦੇ ਮਾਣ ਅਤੇ ਸਰਬ ਪਦਾਰਥਾਂ ਦੇ ਖ਼ਜ਼ਾਨੇ ਬਖ਼ਸ਼ਣ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਗਾਹੇ ॥ ਨਮਸਤੰ ਅਬਾਹੇ ॥**

ਅਥਾਹ ਤੇ ਸਥਿਰ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਤ੍ਰਿਬਰਗੇ ॥ ਨਮਸਤੰ ਅਸਰਗੇ ॥ ੧੪ ॥**

ਤ੍ਰਿਵਰਗ(ਧਰਮ, ਅਰਥ ਅਤੇ ਕਾਮਨਾ) ਦੇ ਦਾਤੇ ਅਤੇ ਨਿਰਲੇਪ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਪ੍ਰਭੋਗੇ ॥ ਨਮਸਤੰ ਸੁ ਜੋਗੇ ॥**

ਸ੍ਰੇਸ਼ਟ ਭੋਗੀ ਅਤੇ ਸ੍ਰੇਸ਼ਟ ਜੋਗੀ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਰੰਗੇ ॥ ਨਮਸਤੰ ਅਭੰਗੇ ॥ ੧੫ ॥**

ਰੰਗ ਤੋਂ ਰਹਿਤ ਅਤੇ ਅਵਿਨਾਸ਼ੀ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਗੰਮੇ ॥ ਨਮਸਤਸਤੁ ਰੰਮੇ ॥**

ਪਹੁੰਚ ਤੋਂ ਦੂਰ ਅਤੇ ਸੁੰਦਰ ਸਰੂਪ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਜਲਾਸ੍ਰੇ ॥ ਨਮਸਤੰ ਨਿਰਾਸ੍ਰੇ ॥ ੧੬ ॥**

ਸਾਗਰ-ਸਰੂਪ ਅਤੇ ਆਸਰੇ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਜਾਤੇ ॥ ਨਮਸਤੰ ਅਪਾਤੇ ॥**

ਜਾਤ ਅਤੇ ਕੁਲ ਤੋਂ ਰਹਿਤ ਪ੍ਰਭੂ ਤੈਨੂੰ ਨਮਸਕਾਰ ਹੈ।

**ਨਮਸਤੰ ਅਮਜਬੇ ॥ ਨਮਸਤਸਤੁ ਅਜਬੇ ॥ ੧੭ ॥**

ਮਜ਼ਹਬ ਤੋਂ ਰਹਿਤ ਅਤੇ ਅਸਚਰਜ ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

**ਅਦੇਸੰ ਅਦੇਸੇ ॥ ਨਮਸਤੰ ਅਭੇਸੇ ॥**

ਦੇਸ ਅਤੇ ਭੇਖ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਧਾਮੇ ॥ ਨਮਸਤੰ ਨ੍ਰਿਬਾਮੇ ॥ ੧੮ ॥**

ਘਰ ਅਤੇ ਔਰਤ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਕਾਲੇ॥ਨਮੋ ਸਰਬ ਦਿਜਾਲੇ॥**

ਸਾਰੇ ਜੀਵਾਂ ਨੂੰ ਖਤਮ ਕਰਨ ਵਾਲੇ ਅਤੇ ਸਾਰਿਆਂ 'ਤੇ ਦਿਆਲਤਾ ਕਰਨ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਰੂਪੇ॥ਨਮੋ ਸਰਬ ਭੂਪੇ॥੧੯॥**

ਸਾਰਿਆਂ ਦੇ ਰਾਜੇ ਪ੍ਰਭੂ! ਤੇਰੇ ਸਾਰੇ ਰੂਪਾਂ ਨੂੰ ਨਮਸਕਾਰ ਹੈ।

**ਨਮੋ ਸਰਬ ਖਾਪੇ॥ਨਮੋ ਸਰਬ ਥਾਪੇ॥**

ਸਾਰਿਆਂ ਨੂੰ ਨਾਸ ਕਰਨ ਵਾਲੇ ਅਤੇ ਸਭ ਦੇ ਰਚਣਹਾਰ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਕਾਲੇ॥ਨਮੋ ਸਰਬ ਪਾਲੇ॥੨੦॥**

ਸਾਰਿਆਂ ਦਾ ਅੰਤ ਕਰਨ ਵਾਲੇ ਅਤੇ ਸਾਰਿਆਂ ਦੇ ਪਾਲਣ ਹਾਰ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤਸਤੁ ਦੇਵੈ॥ਨਮਸਤੰ ਅਭੇਵੈ॥**

ਪ੍ਰਕਾਸ਼ ਸਰੂਪ ਦੈਵੀ ਜੋਤ ਅਤੇ ਭੇਦ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਜਨਮੇ॥ਨਮਸਤੰ ਸੁ ਬਨ ਮੇ॥੨੧॥**

ਜਨਮ ਤੋਂ ਰਹਿਤ ਅਤੇ ਸਾਰਿਆਂ ਵਿੱਚ ਬਿਰਾਜਮਾਨ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਗਉਨੇ॥ਨਮੋ ਸਰਬ ਭਉਨੇ॥**

ਸਾਰੇ ਥਾਂਵਾਂ 'ਤੇ ਜਾਣ ਵਾਲੇ ਅਤੇ ਸਾਰੇ ਭਵਨਾਂ ਵਿੱਚ ਵਿਆਪਕ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਰੰਗੇ॥ਨਮੋ ਸਰਬ ਭੰਗੇ॥੨੨॥**

ਸਾਰੀਆਂ ਖੁਸ਼ੀਆਂ ਨੂੰ ਪੈਦਾ ਕਰਨ ਵਾਲੇ ਅਤੇ ਉਹਨਾਂ ਨੂੰ ਖਤਮ ਕਰਨ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਕਾਲ ਕਾਲੇ॥ਨਮਸਤਸਤੁ ਦਿਜਾਲੇ॥**

ਸਮੇਂ ਦਾ ਅੰਤ ਕਰਨ ਵਾਲੇ ਅਤੇ ਮਿਹਰਬਾਨ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਅਬਰਨੇ॥ਨਮਸਤੰ ਅਮਰਨੇ॥੨੩॥**

ਅਕੱਥ ਅਤੇ ਅਬਿਨਾਸੀ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਜਰਾਰੰ॥ਨਮਸਤੰ ਕ੍ਰਿਤਾਰੰ॥**

ਜ਼ੋਰਾਵਰ ਅਤੇ ਸਾਰੇ ਸੰਸਾਰ ਦੇ ਕਰਤਾ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਧੰਧੇ॥ਨਮੋਸਤ ਅਬੰਧੇ॥੨੪॥**

ਸਾਰਿਆਂ ਕੰਮਾਂ ਦੇ ਕਰਤੇ ਅਤੇ ਬੰਧਨ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਨ੍ਰਿਸਾਕੇ॥ਨਮਸਤੰ ਨ੍ਰਿਬਾਕੇ॥**

ਸਾਕ-ਸੰਬੰਧੀਆਂ ਅਤੇ ਡਰ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤੰ ਰਹੀਮੇ ॥ ਨਮਸਤੰ ਕਰੀਮੇ ॥੨੫॥**

ਰਹਿਮ ਕਰਨ ਵਾਲੇ ਕ੍ਰਿਪਾਲੂ ਪ੍ਰਭੂ ! ਤੈਨੂੰ ਨਮਸਕਾਰ ਹੈ।

**ਨਮਸਤੰ ਅਨੰਤੇ ॥ ਨਮਸਤੰ ਮਹੰਤੇ ॥**

ਬੇਅੰਤ ਅਤੇ ਮਹਾਨ ਪ੍ਰਭੂ ! ਤੈਨੂੰ ਨਮਸਕਾਰ ਹੈ।

**ਨਮਸਤਸਤੁ ਰਾਗੇ ॥ ਨਮਸਤੰ ਸੁਹਾਗੇ ॥੨੬॥**

ਪ੍ਰੇਮ ਅਤੇ ਆਨੰਦ ਸਰੂਪ ਪ੍ਰਭੂ ਨੂੰ ਨਮਸਕਾਰ ਹੈ।

**ਨਮੋ ਸਰਬ ਸੋਖੰ ॥ ਨਮੋ ਸਰਬ ਪੋਖੰ ॥**

ਸਾਰਿਆਂ ਨੂੰ ਨਾਸ ਕਰਨ ਵਾਲੇ ਅਤੇ ਸਾਰੇ ਜੀਵਾਂ ਨੂੰ ਪਾਲਣ ਵਾਲੇ ਪ੍ਰਭੂ ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ ॥੨੭॥**

ਸਾਰਿਆਂ ਨੂੰ ਪੈਦਾ ਕਰਨ ਵਾਲੇ ਅਤੇ ਸਾਰਿਆਂ ਨੂੰ ਨਾਸ ਕਰਨ ਵਾਲੇ ਪ੍ਰਭੂ ਨੂੰ ਨਮਸਕਾਰ ਹੈ।

**ਨਮੋ ਜੋਗ ਜੋਗੇ ॥ ਨਮੋ ਭੋਗ ਭੋਗੇ ॥**

ਹੇ ਜੋਗੀਆਂ ਦੇ ਜੋਗੀ ਅਤੇ ਭੋਗੀਆਂ ਵਿੱਚ ਭੋਗੀ ਸਰੂਪ ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਦਿਆਲੇ ॥ ਨਮੋ ਸਰਬ ਪਾਲੇ ॥੨੮॥**

ਸਾਰਿਆਂ 'ਤੇ ਦਇਆ ਕਰਨ ਵਾਲੇ ਅਤੇ ਸਾਰਿਆਂ ਨੂੰ ਪਾਲਣ ਵਾਲੇ ਪ੍ਰਭੂ ! ਤੈਨੂੰ ਨਮਸਕਾਰ ਹੈ।

**ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥**

**ਅਰੂਪ ਹੈਂ ॥ ਅਨੂਪ ਹੈਂ ॥**

ਹੇ ਪਰਮੇਸ਼ਵਰ ! ਤੂੰ ਰੂਪ ਰਹਿਤ ਅਤੇ ਉਪਮਾ ਤੋਂ ਪਰ੍ਹੇ ਹੈਂ।

**ਅਜੂ ਹੈਂ ॥ ਅਭੂ ਹੈਂ ॥੨੯॥**

ਤੂੰ ਜਨਮ ਅਤੇ ਤੱਤਾਂ ਦੀ ਰਚਨਾ ਤੋਂ ਰਹਿਤ ਹੈਂ।

**ਅਲੇਖ ਹੈਂ ॥ ਅਭੇਖ ਹੈਂ ॥**

ਤੂੰ ਮੱਥੇ ਦੇ ਲੇਖਾਂ ਅਤੇ ਭੇਖਾਂ ਤੋਂ ਰਹਿਤ ਹੈਂ।

**ਅਨਾਮ ਹੈਂ ॥ ਅਕਾਮ ਹੈਂ ॥੩੦॥**

ਤੂੰ ਵਿਸ਼ੇਸ ਪਹਿਚਾਨ ਅਤੇ ਕਾਮਨਾ ਤੋਂ ਰਹਿਤ ਹੈਂ।

**ਅਧੇ ਹੈਂ ॥ ਅਭੇ ਹੈਂ ॥**

ਤੂੰ ਕਿਸੇ ਦੇ ਆਸਰੇ 'ਤੇ ਟਿਕਿਆ ਹੋਇਆ ਨਹੀਂ ਹੈਂ ਅਤੇ ਨਾ ਹੀ ਕਿਸੇ ਕਰਮ-ਕਾਂਡ ਨਾਲ ਭਿੱਜਣ ਵਾਲਾ ਹੈਂ।

**ਅਜੀਤ ਹੈਂ ॥ ਅਭੀਤ ਹੈਂ ॥੩੧॥**

ਤੈਨੂੰ ਕੋਈ ਜਿੱਤ ਨਹੀਂ ਸਕਦਾ ਅਤੇ ਤੂੰ ਨਿਡਰ ਹੈਂ।

**ਤ੍ਰਿਮਾਨ ਹੈਂ॥ ਨਿਧਾਨ ਹੈਂ॥**

ਤੂੰ ਤਿੰਨਾਂ ਲੋਕਾਂ ਵਿੱਚ ਮੰਨਿਆ ਜਾਣ ਵਾਲਾ ਹੈਂ ਅਤੇ ਸਾਰਿਆਂ ਖ਼ਜ਼ਾਨਿਆਂ ਦਾ ਸਰੂਪ ਹੈਂ।

**ਤ੍ਰਿਬਰਗ ਹੈਂ॥ ਅਸਰਗ ਹੈਂ॥ ੩੨॥**

ਹੇ ਪ੍ਰਭੂ! ਤੂੰ ਤਿੰਨ (ਅਰਥ, ਧਰਮ ਅਤੇ ਕਾਮ) ਰੂਪ ਅਤੇ ਸੰਬੰਧ-ਰਹਿਤ ਭਾਵ ਨਿਰਲੇਪ ਹੈਂ।

**ਅਨੀਲ ਹੈਂ॥ ਅਨਾਦਿ ਹੈਂ॥**

ਤੂੰ ਕਲੰਕ ਰਹਿਤ ਅਤੇ ਆਦਿ ਰਹਿਤ ਹੈਂ।

**ਅਜੇ ਹੈਂ॥ ਅਜਾਦਿ ਹੈਂ॥ ੩੩॥**

ਤੂੰ ਅਜਿੱਤ ਅਤੇ ਮੁਕਤ ਹੈਂ।

**ਅਜਨਮ ਹੈਂ॥ ਅਬਰਨ ਹੈਂ॥**

ਤੂੰ ਜਨਮ ਰਹਿਤ ਹੈਂ ਅਤੇ ਵਰਣ ਰਹਿਤ ਹੈਂ।

**ਅਭੂਤ ਹੈਂ॥ ਅਭਰਨ ਹੈਂ॥ ੩੪॥**

ਤੂੰ ਤੱਤਾਂ ਤੋਂ ਰਹਿਤ ਹੈਂ ਅਤੇ ਕਿਸੇ ਦੀ ਦੇਖ ਭਾਲ ਅਧੀਨ ਨਹੀਂ ਹੈਂ।

**ਅਗੰਜ ਹੈਂ॥ ਅਭੰਜ ਹੈਂ॥**

ਤੂੰ ਨਾਸ ਰਹਿਤ ਅਤੇ ਟੁੱਟ-ਭੱਜ ਤੋਂ ਬਿਨਾਂ ਹੈਂ।

**ਅਝੂਝ ਹੈਂ॥ ਅਝੰਝ ਹੈਂ॥ ੩੫॥**

ਤੂੰ ਲੜਾਈ ਝਗੜਿਆਂ ਤੋਂ ਰਹਿਤ ਹੈਂ।

**ਅਮੀਕ ਹੈਂ॥ ਰਫ਼ੀਕ ਹੈਂ॥**

ਤੂੰ ਗੰਭੀਰ ਅਤੇ ਮਿੱਤਰ ਸਰੂਪ ਹੈਂ।

**ਅਧੰਧ ਹੈਂ॥ ਅਬੰਧ ਹੈਂ॥ ੩੬॥**

ਤੂੰ ਧੰਧਿਆਂ ਅਤੇ ਬੰਧਨਾਂ ਤੋਂ ਰਹਿਤ ਹੈਂ।

**ਨ੍ਰਿਬੂਝ ਹੈਂ॥ ਅਸੂਝ ਹੈਂ॥**

ਤੂੰ ਸਮਝਿਆ ਵੀ ਨਹੀਂ ਜਾ ਸਕਦਾ ਅਤੇ ਵੇਖਿਆ ਵੀ ਨਹੀਂ ਜਾ ਸਕਦਾ।

**ਅਕਾਲ ਹੈਂ॥ ਅਜਾਲ ਹੈਂ॥ ੩੭॥**

ਤੂੰ ਕਾਲ ਰਹਿਤ ਹੈਂ ਅਤੇ ਮੋਹ-ਜਾਲ ਤੋਂ ਬਿਨਾਂ ਹੈਂ।

**ਅਲਾਹ ਹੈਂ॥ ਅਜਾਹ ਹੈਂ॥**

ਹੇ ਪ੍ਰਭੂ! ਤੂੰ ਅਲੱਭ ਹੈਂ ਅਤੇ ਕਿਸੇ ਖ਼ਾਸ ਜਗ੍ਹਾ ਤੋਂ ਰਹਿਤ ਹੈਂ।

**ਅਨੰਤ ਹੈਂ॥ ਮਹੰਤ ਹੈਂ॥ ੩੮॥**

ਤੂੰ ਬੇਅੰਤ ਸਰੂਪ ਅਤੇ ਮਹਾਨ ਆਤਮਾ ਹੈਂ।

**ਅਲੀਕ ਹੈਂ॥ ਨ੍ਰਿਸ੍ਰੀਕ ਹੈਂ॥**

ਤੂੰ ਹੱਦਾਂ ਅਤੇ ਸ਼ਰੀਕਾਂ ਤੋਂ ਰਹਿਤ ਹੈਂ।

**ਨ੍ਰਿਲੰਭ ਹੈਂ॥ ਅਸੰਭ ਹੈਂ॥ ੩੯॥**

ਤੂੰ ਆਸਰੇ ਅਤੇ ਪੈਦਾਇਸ਼ ਤੋਂ ਬਿਨਾਂ ਹੈਂ।

**ਅਗੰਮ ਹੈਂ॥ ਅਜੰਮ ਹੈਂ॥**

ਤੂੰ ਪਹੁੰਚ ਤੋਂ ਪਰ੍ਹੇ ਅਤੇ ਜਨਮ ਰਹਿਤ ਹੈਂ।

**ਅਭੂਤ ਹੈਂ॥ ਅਛੂਤ ਹੈਂ॥ ੪੦॥**

ਹੇ ਪ੍ਰਭੂ! ਤੂੰ ਭੌਤਿਕ ਸਰੀਰ ਤੋਂ ਬਿਨਾਂ ਹੈਂ ਅਤੇ
ਤੈਨੂੰ ਛੋਹਿਆ ਨਹੀਂ ਜਾ ਸਕਦਾ।

**ਅਲੋਕ ਹੈਂ॥ ਅਸੋਕ ਹੈਂ॥**

ਤੂੰ ਅਦ੍ਰਿਸ਼ ਅਤੇ ਸੋਗ ਰਹਿਤ ਹੈਂ।

**ਅਕਰਮ ਹੈਂ॥ ਅਭਰਮ ਹੈਂ॥ ੪੧॥**

ਤੂੰ ਕਰਮ ਤੋਂ ਬਿਨਾਂ ਅਤੇ ਭਰਮ ਤੋਂ ਰਹਿਤ ਹੈਂ।

**ਅਜੀਤ ਹੈਂ॥ ਅਭੀਤ ਹੈਂ॥**

ਤੂੰ ਬਲਵਾਨ ਅਤੇ ਨਿਡਰ ਹੈਂ।

**ਅਬਾਹ ਹੈਂ॥ ਅਗਾਹ ਹੈਂ॥ ੪੨॥**

ਤੈਨੂੰ ਕਿਸੇ ਸਹਾਇਕ ਦੀ ਲੋੜ ਨਹੀਂ ਹੈ ਅਤੇ ਤੂੰ ਮਨੁੱਖੀ ਪਹੁੰਚ ਤੋਂ ਦੂਰ ਹੈਂ।

**ਅਮਾਨ ਹੈਂ॥ ਨਿਧਾਨ ਹੈਂ॥**

ਤੂੰ ਗਿਣਤੀ-ਮਿਣਤੀ ਤੋਂ ਰਹਿਤ ਅਤੇ ਖਜ਼ਾਨਾ-ਸਰੂਪ ਹੈਂ।

**ਅਨੇਕ ਹੈਂ॥ ਫਿਰ ਏਕ ਹੈਂ॥ ੪੩॥**

ਤੂੰ ਅਨੇਕਾਂ ਸਰੂਪਾਂ ਵਾਲਾ ਹੋ ਕੇ ਵੀ ਇਕ ਸਰੂਪ ਹੈਂ।

**ਭੁਜੰਗ ਪ੍ਰਯਾਤ ਛੰਦ॥**

**ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥**

ਸਾਰਿਆਂ ਦੇ ਮੰਨਣਯੋਗ ਅਤੇ ਸਾਰੇ ਖ਼ਜ਼ਾਨਿਆਂ ਦੇ ਮਾਲਕ ਨੂੰ ਨਮਸਕਾਰ ਹੈ।

**ਨਮੋ ਦੇਵ ਦੇਵੇ॥ ਅਭੇਖੀ ਅਭੇਵੇ॥ ੪੪॥**

ਸਭ ਦੇਵਤਿਆਂ ਦੇ ਪੂਜਯ ਦੇਵ, ਭੇਖ ਰਹਿਤ ਰਮੇ ਹੋਏ ਪ੍ਰਭੂ ਨੂੰ ਨਮਸਕਾਰ ਹੈ।

**ਨਮੋ ਕਾਲ ਕਾਲੇ॥ ਨਮੋ ਸਰਬ ਪਾਲੇ॥**

ਕਾਲ ਦੇ ਵੀ ਕਾਲ ਰੂਪ ਅਤੇ ਸਾਰਿਆਂ ਦੇ ਪਾਲਣ ਹਾਰ ਪ੍ਰਭੂ ਨੂੰ ਨਮਸਕਾਰ ਹੈ।

**ਨਮੋ ਸਰਬ ਗਉਣੇ॥ ਨਮੋ ਸਰਬ ਭਉਣੇ॥ ੪੫॥**

ਸਾਰਿਆਂ ਥਾਂਵਾਂ ਤੇ ਪਹੁੰਚ ਰੱਖਣ ਵਾਲੇ ਅਤੇ ਸਾਰਿਆਂ ਭਵਨਾਂ(ਥਾਵਾਂ) ਵਿੱਚ
ਰਹਿਣ ਵਾਲੇ ਪ੍ਰਭੂ ਨੂੰ ਨਮਸਕਾਰ ਹੈ।

**ਅਨੰਗੀ ਅਨਾਥੇ॥ ਨ੍ਰਿਸੰਗੀ ਪ੍ਰਮਾਥੇ॥**

ਸਰੀਰਕ ਅੰਗਾਂ ਤੇ ਮਾਲਕ ਤੋਂ ਰਹਿਤ ਪ੍ਰਭੂ! ਤੇਰਾ ਕੋਈ ਸਹਿਯੋਗੀ ਨਹੀਂ ਅਤੇ ਤੂੰ ਜੀਵਾਂ ਦਾ ਨਾਸ ਕਰਤਾ ਹੈਂ।

**ਨਮੋ ਭਾਨ ਭਾਨੇ॥ ਨਮੋ ਮਾਨ ਮਾਨੇ॥੪੬॥**

ਹੇ ਸੂਰਜਾਂ ਦੇ ਸੂਰਜ ਅਤੇ ਮਾਣਾਂ ਦੇ ਮਾਣ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਚੰਦ੍ਰ ਚੰਦ੍ਰੇ॥ ਨਮੋ ਭਾਨ ਭਾਨੇ॥**

ਹੇ ਸੀਤਲਤਾ ਦੇ ਸ੍ਰੋਤ ਅਤੇ ਮਹਾਨ ਤੇਜਸਵੀ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਗੀਤ ਗੀਤੇ॥ ਨਮੋ ਤਾਨ ਤਾਨੇ॥੪੭॥**

ਗੀਤਾਂ ਦੇ ਗੀਤ-ਸਰੂਪ ਅਤੇ ਤਾਨਾਂ ਦੇ ਤਾਨ-ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਨਿਰਤ ਨਿਰਤੇ॥ ਨਮੋ ਨਾਦ ਨਾਦੇ॥**

ਨਾਚਾਂ ਦੇ ਨਾਚ-ਸਰੂਪ ਅਤੇ ਆਵਾਜ਼ਾਂ(ਸ਼ਬਦ) ਦੀ ਆਵਾਜ਼-ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਪਾਨ ਪਾਨੇ॥ ਨਮੋ ਬਾਦ ਬਾਦੇ॥੪੮॥**

ਹੱਥਾਂ ਦੇ ਹੱਥ-ਸਰੂਪ (ਨ੍ਰਿਤਕਾਰੀ ਹਾਵ ਭਾਵ ਦੀ ਮੁਦ੍ਰਾ ਦੇ ਵਿੱਚ ਲੱਗੇ ਹੋਏ ਹੱਥ) ਅਤੇ ਵਾਜਿਆਂ ਦੇ ਵਾਜੇ-ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

**ਅਨੰਗੀ ਅਨਾਮੇ॥ ਸਮਸਤੀ ਸਰੂਪੇ॥**

ਹੇ ਪ੍ਰਭੂ! ਤੂੰ ਸਰੀਰ ਤੇ ਵਿਸ਼ੇਸ਼ ਨਾਮ ਤੋਂ ਰਹਿਤ ਅਤੇ ਸਭ ਰੂਪਾਂ ਵਾਲਾ ਹੈਂ।

**ਪ੍ਰਭੰਗੀ ਪ੍ਰਮਾਥੇ॥ ਸਮਸਤੀ ਬਿਭੂਤੇ॥੪੯॥**

ਤੂੰ ਦੁੱਖਾਂ ਦਾ ਵਿਨਾਸ਼ਕ ਅਤੇ ਸਮੂਹ ਸਮੱਗਰੀ ਵਾਲਾ ਹੈਂ।

**ਕਲੰਕੰ ਬਿਨਾਨੇ ਕਲੰਕੀ ਸਰੂਪੇ॥**

ਤੂੰ ਕਲੰਕ ਤੋਂ ਬਿਨਾਂ ਵੀ ਹੈ ਅਤੇ ਕਲੰਕ ਸਹਿਤ ਵੀ ਹੈਂ।

**ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ॥੫੦॥**

ਹੇ ਰਾਜਿਆਂ ਦੇ ਰਾਜੇ ਮਹਾਨ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਜੋਗ ਜੋਗੇਸ੍ਵਰੰ ਪਰਮ ਸਿੱਧੇ॥**

ਹੇ ਜੋਗੀਆਂ ਦੇ ਜੋਗੀ ਅਤੇ ਉੱਚੀ ਅਵਵਸਥਾ ਵਾਲੇ ਸਿੱਧ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ॥੫੧॥**

ਮਹਾਨ ਚੱਕ੍ਰਵਰਤੀ ਰਾਜੇ ਤੈਨੂੰ ਨਮਸਕਾਰ ਹੈ।

**ਨਮੋ ਸਸਤ੍ਰ ਪਾਣੇ॥ ਨਮੋ ਅਸਤ੍ਰ ਮਾਣੇ॥**

ਸ਼ਸਤ੍ਰਾਂ ਨੂੰ ਹੱਥ ਵਿੱਚ ਰੱਖਣ ਵਾਲੇ ਅਤੇ ਅਸਤ੍ਰਾਂ ਨੂੰ ਚਲੌਣ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਪਰਮ ਗਿਆਤਾ॥ਨਮੋ ਲੋਕ ਮਾਤਾ॥੫੨॥**

ਮਹਾਂ ਗਿਆਨੀ ਅਤੇ ਸੰਸਾਰ ਦੇ ਜਨਨੀ-ਸਰੂਪ ਪ੍ਰਭੂ!
ਤੈਨੂੰ ਨਮਸਕਾਰ ਹੈ।

**ਅਭੇਖੀ ਅਭਰਮੀ ਅਭੋਗੀ ਅਭੁਗਤੇ॥**

ਹੇ ਪ੍ਰਭੂ! ਤੂੰ ਭੇਖਾਂ, ਭਰਮਾਂ, ਭੋਗਾਂ (ਕਾਮਨਾ) ਅਤੇ
ਵਿਸ਼ੇਸ਼ ਭੋਜਨਾਂ ਤੋਂ ਰਹਿਤ ਹੈਂ।

**ਨਮੋ ਜੋਗ ਜੋਗੇਸ੍ਵਰੰ ਪਰਮ ਜੁਗਤੇ॥੫੩॥**

ਹੇ ਜੋਗੀਆਂ ਦੇ ਮਹਾਨ ਜੋਗੀ ਅਤੇ ਪੂਰਨ ਜੁਗਤੀਵਾਨ ਪ੍ਰਭੂ!
ਤੈਨੂੰ ਨਮਸਕਾਰ ਹੈ।

**ਨਮੋ ਨਿਤ ਨਾਰਾਇਣੇ ਕ੍ਰੂਰ ਕਰਮੇ॥**

ਸਦਾ ਕਲਿਆਣਕਾਰੀ ਅਤੇ ਦੁਸ਼ਟ ਕਰਮ ਕਰਨ ਵਾਲੇ ਨੂੰ ਨਮਸਕਾਰ ਹੈ।

**ਨਮੋ ਪ੍ਰੇਤ ਅਪ੍ਰੇਤ ਦੇਵੇ ਸੁ ਧਰਮੇ॥੫੪॥**

ਦੈਂਤਾਂ ਦੇਵਤਿਆਂ ਵਿੱਚ ਬਿਰਾਜਮਾਨ ਅਤੇ ਸ੍ਰੇਸਟ ਧਰਮ ਵਾਲੇ
ਪ੍ਰਭੂ ਨੂੰ ਨਮਸਕਾਰ ਹੈ।

**ਨਮੋ ਰੋਗ ਹਰਤਾ॥ਨਮੋ ਰਾਗ ਰੂਪੇ॥**

ਰੋਗ ਨਾਸ ਕਰਨ ਵਾਲੇ ਅਤੇ ਪ੍ਰੇਮ-ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਸਾਹ ਸਾਹੰ॥ਨਮੋ ਭੂਪ ਭੂਪੇ॥੫੫॥**

ਸ਼ਾਹਾਂ ਦੇ ਸ਼ਾਹ ਅਤੇ ਰਾਜਿਆਂ ਦੇ ਰਾਜੇ ਨੂੰ ਨਮਸਕਾਰ ਹੈ।

**ਨਮੋ ਦਾਨ ਦਾਨੇ॥ਨਮੋ ਮਾਨ ਮਾਨੇ॥**

ਦਾਨੀਆਂ ਦੇ ਦਾਨੀ ਅਤੇ ਯੋਗ ਲੋਕਾਂ ਦੇ ਸਨਮਾਨਯੋਗ ਪ੍ਰਭੂ!
ਤੈਨੂੰ ਨਮਸਕਾਰ ਹੈ।

**ਨਮੋ ਰੋਗ ਰੋਗੇ॥ਨਮਸਤੰ ਸਨਾਨੇ॥੫੬॥**

ਰੋਗ ਵਿੱਚ ਰੋਗ-ਸਰੂਪ ਅਤੇ ਅਰੋਗਤਾ-ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਮੰਤ੍ਰ ਮੰਤ੍ਰੰ॥ਨਮੋ ਜੰਤ੍ਰ ਜੰਤ੍ਰੰ॥**

ਮੰਤ੍ਰਾਂ ਵਿੱਚ ਮੰਤ੍ਰ-ਰੂਪ ਅਤੇ ਯੰਤ੍ਰਾਂ ਵਿੱਚ ਯੰਤ੍ਰ-ਰੂਪ ਨੂੰ ਨਮਸਕਾਰ ਹੈ।

**ਨਮੋ ਇਸਟ ਇਸਟੇ॥ਨਮੋ ਤੰਤ੍ਰ ਤੰਤ੍ਰੰ॥੫੭॥**

ਇਸ਼ਟਦੇਵਾਂ ਵਿੱਚ ਇਸ਼ਟਦੇਵ ਅਤੇ ਤੰਤ੍ਰਾਂ ਵਿੱਚ ਤੰਤ੍ਰ-ਸਰੂਪ ਨੂੰ ਨਮਸਕਾਰ ਹੈ।

**ਸਦਾ ਸੱਚਿਦਾਨੰਦ ਸਰਬੰ ਪ੍ਰਣਾਸੀ॥**

ਤੂੰ ਸਦਾ ਸੱਤ-ਚਿੱਤ-ਆਨੰਦ ਅਤੇ ਸਾਰਿਆਂ ਨੂੰ ਨਾਸ ਕਰਨ ਵਾਲਾ ਹੈਂ।

**ਅਨੂਪੇ ਅਰੂਪੇ ਸਮਸਤੁਲ ਨਿਵਾਸੀ॥੫੮॥**

ਹੇ ਪ੍ਰਭੂ! ਤੂੰ ਉਪਮਾ ਤੇ ਰੂਪ ਰਹਿਤ ਅਤੇ ਸਰਬ ਵਿਆਪਕ ਹੈਂ।

**ਸਦਾ ਸਿਧਿਦਾ ਬੁੱਧਿਦਾ ਬ੍ਰਿਧ ਕਰਤਾ॥**
ਤੂੰ ਸਦਾ ਆਤਮਿਕ ਸ਼ਕਤੀ ਤੇ ਗਿਆਨ ਵਿੱਚ ਵਾਧਾ ਕਰਨ ਵਾਲਾ ਹੈਂ।
**ਅਧੋ ਉਰਧ ਅਰਧੰ ਅਘੰ ਓਘ ਹਰਤਾ॥੫੯॥**
ਧਰਤ, ਪਤਾਲ ਅਤੇ ਸਵਰਗ ਦੇ ਸਾਰੇ ਹੀ ਪਾਪਾਂ ਨੂੰ ਨਾਸ ਕਰਨ ਵਾਲਾ ਹੈਂ।
**ਪਰੰ ਪਰਮ ਪਰਮੇਸ੍ਵਰੰ ਪ੍ਰੋਛਪਾਲੰ॥**
ਮਹਾਨ ਤੋਂ ਮਹਾਨ ਰਾਜੇ! ਤੂੰ ਜੀਵਾਂ ਨੂੰ ਓਹਲੇ ਰਹਿ ਕੇ ਪਾਲਦਾ ਹੈਂ।
**ਸਦਾ ਸਰਬ ਦਾ ਸਿੱਧ ਦਾਤਾ ਦਿਆਲੰ॥੬੦॥**
ਤੂੰ ਹਮੇਸ਼ਾਂ ਹੀ ਸਿੱਧੀਆਂ ਦਾ ਦਾਤਾ ਅਤੇ ਮਿਹਰਵਾਨ ਹੈਂ।
**ਅਛੇਦੀ ਅਭੇਦੀ ਅਨਾਮੰ ਅਕਾਮੰ॥**
ਤੂੰ ਖੰਡ, ਭੇਦ, ਨਾਮ ਅਤੇ ਕਾਮਨਾ ਤੋਂ ਰਹਿਤ ਹੈਂ।
**ਸਮਸਤੋਪਰਾਜੀ ਸਮਸਤਸਤੁ ਧਾਮੰ॥੬੧॥**
ਹੇ ਪ੍ਰਭੂ! ਤੂੰ ਸਾਰਿਆਂ ਨੂੰ ਪੈਦਾ ਕਰਨ ਵਾਲਾ ਅਤੇ ਉਹਨਾਂ ਦਾ ਆਸਰਾ ਹੈਂ।
**ਤੇਰਾ ਜੋਰੁ॥ਚਾਚਰੀ ਛੰਦ**
**ਜਲੇ ਹੈਂ॥ਥਲੇ ਹੈਂ॥**
ਹੇ ਪ੍ਰਭੂ! ਤੂੰ ਜਲ ਵਿੱਚ ਵੀ ਹੈਂ ਅਤੇ ਥਲ ਵਿੱਚ ਵੀ ਹੈਂ।
**ਅਭੀਤ ਹੈਂ॥ਅਭੇ ਹੈਂ॥੬੨॥**
ਤੂੰ ਬੇਖ਼ੌਫ਼ ਅਤੇ ਨਿਡਰ ਹੈਂ।
**ਪ੍ਰਭੂ ਹੈਂ॥ਅਜੂ ਹੈਂ॥**
ਤੂੰ ਪ੍ਰਕਾਸ਼ ਵਾਲਾ ਅਤੇ ਜਨਮ ਤੋਂ ਰਹਿਤ ਹੈਂ।
**ਅਦੇਸ ਹੈਂ॥ਅਭੇਸ ਹੈਂ॥੬੩॥**
ਤੂੰ ਦੇਸ ਅਤੇ ਭੇਖ ਤੋਂ ਰਹਿਤ ਹੈਂ।
**ਭੁਜੰਗ ਪ੍ਰਯਾਤ ਛੰਦ॥**
**ਅਗਾਧੇ ਅਬਾਧੇ॥ਅਨੰਦੀ ਸਰੂਪੇ॥**
ਹੇ ਪ੍ਰਭੂ! ਤੂੰ ਗੰਭੀਰ, ਅਵਿਨਾਸ਼ੀ ਅਤੇ ਆਨੰਦ ਸਰੂਪ ਹੈਂ।
**ਨਮੋ ਸਰਬ ਮਾਨੇ॥ਸਮਸਤੀ ਨਿਧਾਨੇ॥੬੪॥**
ਸਾਰਿਆਂ ਦੇ ਭੰਡਾਰ-ਸਰੂਪ ਅਤੇ ਸਾਰਿਆਂ ਦੇ ਪੂਜਣ ਯੋਗ ਨੂੰ ਨਮਸਕਾਰ ਹੈ।
**ਨਮਸਤ੍ਵੰ ਨ੍ਰਿਨਾਥੇ॥ਨਮਸਤ੍ਵੰ ਪ੍ਰਮਾਥੇ॥**
ਸ੍ਵਤੰਤ੍ਰ ਅਤੇ ਉੱਤਮ ਪ੍ਰਭੂ! ਤੈਨੂੰ ਨਮਸਕਾਰ ਹੈ।
**ਨਮਸਤ੍ਵੰ ਅਗੰਜੇ॥ਨਮਸਤ੍ਵੰ ਅਭੰਜੇ॥੬੫॥**
ਅਜਿੱਤ ਅਤੇ ਅਬਿਨਾਸੀ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮਸਤ੍ਵੰ ਅਕਾਲੇ॥ ਨਮਸਤ੍ਵੰ ਅਪਾਲੇ॥**

ਕਾਲ ਅਤੇ ਪਾਲਣਾਂ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਦੇਸੇ॥ ਨਮੋ ਸਰਬ ਭੇਸੇ॥੬੬॥**

ਸਾਰਿਆਂ ਦੇਸਾਂ ਅਤੇ ਭੇਖਾਂ ਵਾਲੇ ਨੂੰ ਨਮਸਕਾਰ ਹੈ।

**ਨਮੋ ਰਾਜ ਰਾਜੇ॥ ਨਮੋ ਸਾਜ ਸਾਜੇ॥**

ਰਾਜਿਆਂ ਦੇ ਰਾਜੇ ਅਤੇ ਸ੍ਰਿਸਟੀ ਦੀ ਸਾਜਣਾ ਕਰਨ ਵਾਲੇ ਨੂੰ ਨਮਸਕਾਰ ਹੈ।

**ਨਮੋ ਸਾਹ ਸਾਹੇ॥ ਨਮੋ ਮਾਹ ਮਾਹੇ॥੬੭॥**

ਸ਼ਾਹਾਂ ਦੇ ਸ਼ਾਹ ਅਤੇ ਚੰਦਰਮਾਂ ਦੇ ਚੰਦਰਮਾ ਭਾਵ
ਅਤੀ ਸੁੰਦਰ ਨੂੰ ਨਮਸਕਾਰ ਹੈ।

**ਨਮੋ ਗੀਤ ਗੀਤੇ॥ ਨਮੋ ਪ੍ਰੀਤ ਪ੍ਰੀਤੇ॥**

ਗੀਤਾਂ ਵਿੱਚ ਗੀਤ-ਰੂਪ ਅਤੇ ਪ੍ਰੀਤਾਂ ਨਾਲ ਪ੍ਰੀਤ-ਰੂਪ ਨੂੰ ਨਮਸਕਾਰ ਹੈ।

**ਨਮੋ ਰੋਖ ਰੋਖੇ॥ ਨਮੋ ਸੋਖ ਸੋਖੇ॥੬੮॥**

ਗੁੱਸੇ ਵਿੱਚ ਗੁੱਸੇ-ਰੂਪ ਅਤੇ ਖੁਸ਼ਕ ਵਿੱਚ ਖੁਸ਼ਕ-ਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਰੋਗੇ॥ ਨਮੋ ਸਰਬ ਭੋਗੇ॥**

ਸਾਰੇ ਰੋਗਾਂ ਨੂੰ ਪੈਦਾ ਕਰਨ ਵਾਲੇ ਅਤੇ ਸਾਰੇ ਭੋਗਾਂ ਦੇ ਭੋਗਣ ਵਾਲੇ
ਸਰੂਪ ਨੂੰ ਨਮਸਕਾਰ ਹੈ।

**ਨਮੋ ਸਰਬ ਜੀਤੰ॥ ਨਮੋ ਸਰਬ ਭੀਤੰ॥੬੯॥**

ਵਿਸ਼ਵ ਜੇਤੂ ਅਤੇ ਸਭ ਨੂੰ ਭੈ ਦੇਣ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਗਿਆਨੰ॥ ਨਮੋ ਪਰਮ ਤਾਨੰ॥**

ਹਰ ਪ੍ਰਕਾਰ ਦੇ ਗਿਆਨ ਸਰੂਪ ਅਤੇ ਮਹਾਨ ਬਲ ਵਾਲੇ ਤੈਨੂੰ ਨਮਸਕਾਰ ਹੈ।

**ਨਮੋ ਸਰਬ ਮੰਤ੍ਰੰ॥ ਨਮੋ ਸਰਬ ਜੰਤ੍ਰੰ॥੭੦॥**

ਸਾਰੇ ਮੰਤ੍ਰਾਂ ਅਤੇ ਜੰਤ੍ਰਾਂ ਦੇ ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਦ੍ਰਿਸੰ॥ ਨਮੋ ਸਰਬ ਕ੍ਰਿਸੰ॥**

ਸਾਰਿਆਂ ਨੂੰ ਵੇਖਣ ਵਾਲੇ ਅਤੇ ਲੁਭਾਉਣ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ।

**ਨਮੋ ਸਰਬ ਰੰਗੇ॥ ਤ੍ਰਿਭੰਗੀ ਅਨੰਗੇ॥੭੧॥**

ਸਾਰਿਆਂ ਰੰਗਾਂ ਵਾਲੇ ਅਤੇ ਤਿੰਨਾਂ ਭਵਨਾਂ ਨੂੰ ਨਾਸ ਕਰਨ ਵਾਲੇ ਨਿਰਾਕਾਰ ਪ੍ਰਭੂ!
ਤੈਨੂੰ ਨਮਸਕਾਰ ਹੈ।

**ਨਮੋ ਜੀਵ ਜੀਵੰ॥ ਨਮੋ ਬੀਜ ਬੀਜੇ॥**

ਜੀਵਾਂ ਦੇ ਜੀਵ-ਰੂਪ ਅਤੇ ਬੀਜਾਂ ਦੇ ਬੀਜ-ਰੂਪ ਤੈਨੂੰ ਨਮਸਕਾਰ ਹੈ।

**ਅਖਿੱਜੇ ਅਭਿੱਜੇ॥ ਸਮਸਤੰ ਪ੍ਰਸਿੱਜੇ॥੭੨॥**

ਤੂੰ ਅਵਿਨਾਸ਼ੀ, ਨਾ ਪਤੀਜਣ ਵਾਲਾ ਅਤੇ ਸਾਰਿਆਂ ਤੇ ਪ੍ਰਸੰਨ ਹੋਣ ਵਾਲਾ ਹੈਂ।

**ਕ੍ਰਿਪਾਲੰ ਸਰੂਪੇ॥ਕੁਕਰਮੰ ਪ੍ਰਣਾਸੀ॥**

ਤੂੰ ਦਿਆਲੂ ਸਰੂਪ ਅਤੇ ਬੁਰੇ ਕਰਮਾਂ ਦਾ ਨਾਸ ਕਰਨ ਵਾਲਾ ਹੈਂ।

**ਸਦਾ ਸਰਬਦਾ ਰਿੱਧਿ ਸਿੱਧੰ ਨਿਵਾਸੀ॥੭੩॥**

ਤੂੰ ਹਮੇਸ਼ਾਂ ਹੀ ਰਿੱਧੀਆਂ ਸਿੱਧੀਆਂ ਦਾ ਵਾਸੀ ਹੈਂ।

**ਚਰਪਟ ਛੰਦ॥ਤ੍ਵ ਪ੍ਰਸਾਦਿ॥**

**ਅੰਮ੍ਰਿਤ ਕਰਮੇ॥ਅੰਬ੍ਰਿਤ ਧਰਮੇ॥**

ਹੇ ਪ੍ਰਭੂ! ਤੂੰ ਅਮਰ ਕਰਮਾਂ ਵਾਲਾ ਅਤੇ ਅਟੱਲ ਧਰਮਾਂ ਵਾਲਾ ਹੈਂ।

**ਅਖਲ ਜੋਗੇ॥ਅਚੱਲ ਭੋਗੇ॥੭੪॥**

ਤੂੰ ਸਾਰਿਆਂ ਨਾਲ ਜੁੜਿਆਂ ਹੋਇਆ ਅਤੇ ਸਰਬ ਪਦਾਰਥਾਂ ਦਾ ਪਹਾੜ ਹੈਂ।

**ਅਚੱਲ ਰਾਜੇ॥ਅਟੱਲ ਸਾਜੇ॥**

ਤੇਰਾ ਰਾਜ ਅਚੱਲ ਹੈ ਅਤੇ ਤੇਰੀ ਰਚਨਾ ਅਟੱਲ ਹੈ।

**ਅਖਲ ਧਰਮੰ॥ਅਲਖ ਕਰਮੰ॥੭੫॥**

ਤੂੰ ਸਭ ਧਰਮਾਂ ਵਿੱਚ ਵਿਆਪਕ ਹੈਂ ਅਤੇ ਤੇਰੇ ਕਰਮ ਸਮਝੇ ਨਹੀਂ ਜਾ ਸਕਦੇ।

**ਸਰਬੰ ਦਾਤਾ॥ਸਰਬੰ ਗਿਆਤਾ॥**

ਤੂੰ ਸਭ ਦਾ ਦਾਤਾ ਅਤੇ ਸਭ ਦਾ ਜਾਣੂੰ ਹੈਂ।

**ਸਰਬੰ ਭਾਨੇ॥ਸਰਬੰ ਮਾਨੇ॥੭੬॥**

ਤੂੰ ਸਾਰਿਆਂ ਨੂੰ ਸੂਰਜ ਪ੍ਰਤੀਤ ਹੁੰਦਾ ਹੈਂ ਅਤੇ ਸਾਰਿਆਂ ਦਾ ਪੂਜਣਯੋਗ ਹੈਂ।

**ਸਰਬੰ ਪ੍ਰਾਣੰ॥ਸਰਬੰ ਤ੍ਰਾਣੰ॥**

ਤੂੰ ਸਾਰਿਆਂ ਦਾ ਜੀਵਨ-ਰੂਪ ਅਤੇ ਸਾਰਿਆਂ ਦਾ ਰੱਖਿਅਕ ਹੈਂ।

**ਸਰਬੰ ਭੁਗਤਾ॥ਸਰਬੰ ਜੁਗਤਾ॥੭੭॥**

ਤੂੰ ਸਾਰਿਆਂ ਪਦਾਰਥਾਂ ਦਾ ਭੋਗਣ ਵਾਲਾ ਅਤੇ
ਸਾਰਿਆਂ ਨਾਲ ਜੁੜਿਆ ਹੋਇਆ ਹੈਂ।

**ਸਰਬੰ ਦੇਵੰ॥ਸਰਬੰ ਭੇਵੰ॥**

ਤੂੰ ਸਾਰਿਆਂ ਦਾ ਪੂਜਨੀਕ ਅਤੇ ਸਾਰਿਆਂ ਦਾ ਭੇਤੀ ਹੈਂ।

**ਸਰਬੰ ਕਾਲੇ॥ਸਰਬੰ ਪਾਲੇ॥੭੮॥**

ਹੇ ਪ੍ਰਭੂ! ਤੂੰ ਹਰ ਸਮੇਂ ਸਾਰਿਆਂ ਨੂੰ ਪਾਲਦਾ ਹੈਂ।

**ਰੂਆਲ ਛੰਦ॥ਤ੍ਵ ਪ੍ਰਸਾਦਿ॥**

**ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ॥**

ਹੇ ਮਹਾਨ ਪੁਰਸ਼ਾਰਥ ਵਾਲੇ ਪ੍ਰਭੂ! ਤੂੰ ਆਦਿ-ਰੂਪ ਹੈਂ, ਤੇਰੀ ਮੂਰਤ ਆਦਿ ਤੋਂ ਰਹਿਤ ਹੈ ਅਤੇ ਤੂੰ ਜੂਨੀਆਂ ਵਿੱਚ ਨਹੀਂ ਆਉਂਦਾ।

**ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ॥**
ਤੂੰ ਸਾਰਿਆਂ ਦਾ ਪੂਜਣ ਯੋਗ, ਤਿੰਨਾਂ ਦੇਵਤਿਆਂ(ਬ੍ਰਹਮਾ,ਵਿਸ਼ਨੂੰ,ਸ਼ਿਵ) ਦਾ ਮਾਣ, ਭੇਦ ਰਹਿਤ ਅਤੇ ਸ਼ੁਰੂ ਤੋਂ ਹੀ ਦਾਤਾਰ ਹੈਂ।

**ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ॥**
ਤੂੰ ਸਾਰਿਆਂ ਨੂੰ ਇਸ ਲੋਕ 'ਤੇ ਭੇਜਣ ਵਾਲਾ, ਪਾਲਣ ਵਾਲਾ ਅਤੇ ਉਹਨਾਂ ਨੂੰ ਖਤਮ ਕਰਨ ਵਾਲਾ ਹੈਂ।

**ਜੱਤ੍ਰ ਤੱਤ੍ਰ ਬਿਰਾਜਹੀ ਅਵਿਧੂਤ ਰੂਪ ਰਸਾਲ॥੭੯॥**
ਤੂੰ ਸਭ ਜਗਾ ਤਿਆਗੀ ਹੋ ਕੇ ਰਸ ਸਹਿਤ ਬਿਰਾਜਦਾ ਹੈਂ।

**ਨਾਮ ਠਾਮ ਨ ਜਾਤ ਜਾ ਕਰ ਰੂਪ ਰੰਗ ਨ ਰੇਖ॥**
ਤੇਰਾ ਕੋਈ ਨਾਮ, ਸਥਾਨ, ਰੂਪ, ਰੰਗ ਅਤੇ ਨਿਸ਼ਾਨ ਨਹੀਂ ਹੈ।

**ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ॥**
ਤੂੰ ਆਦਿ-ਪੁਰਖ, ਦਾਤਾ-ਰੂਪ, ਜਨਮ ਰਹਿਤ ਅਤੇ ਮੁੱਢ ਤੋਂ ਹੀ ਪੂਰਣ ਹੈਂ।

**ਦੇਸ ਅਉਰ ਨ ਭੇਸ ਜਾ ਕਰ ਰੂਪ ਰੇਖ ਨ ਰਾਗ॥**
ਹੇ ਪ੍ਰਭੂ! ਤੇਰਾ ਕੋਈ ਵਿਸ਼ੇਸ ਦੇਸ, ਭੇਖ, ਰੂਪ, ਨਿਸ਼ਾਨ ਅਤੇ ਸ਼ਿੰਗਾਰ ਨਹੀਂ ਹੈ।

**ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥੮੦॥**
ਤੂੰ ਸਭ ਦਿਸ਼ਾਵਾਂ ਅਤੇ ਉਪਦਿਸ਼ਾਵਾਂ ਵਿੱਚ ਪ੍ਰੇਮ ਰੂਪ ਹੋ ਕੇ ਫੈਲਿਆ ਹੋਇਆ ਹੈਂ।

**ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ॥**
ਤੂੰ ਨਾਮ ਅਤੇ ਵਾਸ਼ਨਾ ਤੋਂ ਰਹਿਤ ਹੈਂ ਅਤੇ ਤੇਰਾ ਕੋਈ ਵਿਸ਼ੇਸ ਘਰ ਵੀ ਨਹੀਂ ਵੇਖਿਆ ਜਾਂਦਾ।

**ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ॥**
ਤੇਰਾ ਸਰੂਪ ਭੂਤ ਕਾਲ ਵਿੱਚ ਸਾਰਿਆਂ ਦੇ ਮੰਨਣ ਯੋਗ ਸੀ, ਹੁਣ ਵੀ ਮੰਨਣ ਯੋਗ ਹੈ ਅਤੇ ਭਵਿੱਖ ਵਿੱਚ ਸਾਰਿਆਂ ਦੇ ਮੰਨਣ ਯੋਗ ਹੋਵੇਗਾ।

**ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥**
ਤੇਰੀ ਇੱਕ ਮੂਰਤ ਦੇ ਅਨੇਕਾਂ ਦਰਸ਼ਨ-ਸ਼ਾਸਤ੍ਰਾਂ ਨੇ ਅਨੇਕਾਂ ਰੂਪ ਵਰਣਨ ਕੀਤੇ ਹਨ।

**ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥੮੧॥**
ਤੂੰ ਸਾਰੀਆਂ ਮੂਰਤਾਂ ਵਿੱਚ ਖੇਡਾਂ ਖੇਡਦਾ ਅੰਤ ਨੂੰ ਇੱਕ ਹੀ ਹੋ ਜਾਂਦਾ ਹੈਂ।

**ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ॥**
ਦੇਵਤੇ, ਬੇਦ ਅਤੇ ਕਤੇਬ ਤੇਰਾ ਭੇਦ ਨਹੀਂ ਜਾਣ ਸਕੇ।

**ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿਹ ਜੇਬ॥**
ਤੇਰੇ ਰੂਪ, ਰੰਗ, ਜਾਤ ਅਤੇ ਕੁਲ ਬਾਰੇ ਕੋਈ ਨਹੀਂ ਜਾਣਦਾ
ਕਿ ਤੂੰ ਕਿਹੋ ਜਿਹਾ ਹੈਂ।
**ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ॥**
ਤੇਰੇ ਮਾਤਾ, ਪਿਤਾ ਅਤੇ ਜਾਤ ਬਾਰੇ ਕੋਈ ਨਹੀਂ ਜਾਣਦਾ ਅਤੇ ਤੂੰ ਜਨਮ ਮਰਨ
ਤੋਂ ਰਹਿਤ ਹੈਂ।
**ਚਕ੍ਰ ਬਕ੍ਰ ਫਿਰੈ ਚਤੁਰ ਚੱਕ ਮਾਨਈ ਪੁਰ ਤੀਨ॥੯੨॥**
ਤਿੰਨੇ ਲੋਕ ਹੀ ਮੰਨਦੇ ਹਨ ਕਿ ਤੇਰਾ ਹੁਕਮ ਰੂਪੀ ਟੇਢਾ ਚਕ੍ਰ ਚਾਰੇ-ਚੱਕਾਂ ਵਿੱਚ
ਫਿਰ ਰਿਹਾ ਹੈ।
**ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿਹ ਜਾਪ॥**
ਚੌਦਾਂ ਲੋਕਾਂ ਵਿੱਚ ਤੇਰੇ ਜਾਪ ਨੂੰ ਸਾਰੇ ਜੀਵ ਜਪਦੇ ਹਨ।
**ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਹ ਥਾਪ॥**
ਤੂੰ ਆਦਿ ਤੋਂ ਪ੍ਰਕਾਸ਼ ਰੂਪ ਹੈਂ, ਤੇਰੀ ਮੂਰਤ ਆਦਿ ਤੋਂ ਰਹਿਤ ਹੈ ਅਤੇ
ਤੂੰ ਹੀ ਸਾਰਾ ਸੰਸਾਰ ਬਣਾਇਆ ਹੋਇਆ ਹੈ।
**ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ॥**
ਹੇ ਬੇਅੰਤ ਪ੍ਰਭੂ! ਤੂੰ ਉੱਤਮ ਰੂਪ, ਪਵਿਤ੍ਰ ਮੂਰਤ ਅਤੇ ਪੂਰਨ ਪੁਰਖ ਹੈਂ।
**ਸਰਬ ਬਿਸ੍ਵ ਰਚਿਓ ਸੁਯੰਭਵ ਗੜ੍ਹਨ ਭੰਜਨਹਾਰ॥੯੩॥**
ਸਵੈ ਪ੍ਰਕਾਸ਼ ਹੋਣ ਵਾਲੇ ਪ੍ਰਭੂ! ਤੂੰ ਆਪ ਹੀ ਸਾਰੇ ਸੰਸਾਰ ਦਾ ਸਿਰਜਕ
ਅਤੇ ਨਾਸ਼ਕ ਹੈਂ।
**ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ॥**
ਸਰਬ ਸ਼ਕਤੀਵਾਨ ਪੁਰਖ! ਤੂੰ ਮੌਤ, ਸਮੇਂ ਅਤੇ ਦੇਸ ਤੋਂ ਰਹਿਤ ਹੈਂ।
**ਧਰਮ ਧਾਮ ਸੁ ਭਰਮ ਰਹਤ ਅਭੂਤ ਅਲਖ ਅਭੇਸ॥**
ਹੇ ਪ੍ਰਭੂ! ਤੂੰ ਧਰਮ ਦਾ ਘਰ, ਭਰਮ, ਤੱਤਾਂ ਤੇ ਭੇਖਾਂ ਤੋਂ ਰਹਿਤ ਅਤੇ ਨਾ
ਜਾਣਿਆ ਜਾਣ ਵਾਲਾ ਹੈਂ।
**ਅੰਗ ਰਾਗ ਨ ਰੰਗ ਜਾ ਕਹ ਜਾਤਿ ਪਾਤਿ ਨ ਨਾਮ॥**
ਤੇਰਾ ਕੋਈ ਚਿੰਨ੍ਹ, ਸ਼ਿੰਗਾਰ, ਰੰਗ, ਜਾਤ-ਪਾਤ ਅਤੇ ਨਾਮ ਨਹੀਂ ਹੈ।
**ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ॥੯੪॥**
ਹੇ ਪ੍ਰਭੂ! ਤੇਰਾ ਕੰਮ ਹੰਕਾਰ ਦਾ ਨਾਸ ਕਰਨਾ, ਦੁਸ਼ਟਾਂ ਨੂੰ ਮਾਰਨਾ ਅਤੇ
ਮੁਕਤੀ ਦੇਣਾ ਹੈ।
**ਆਪ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ॥**
ਹੇ ਤਿਆਗੀ ਪੁਰਖ! ਤੂੰ ਸਵੈ-ਰੂਪ, ਗੰਭੀਰ ਅਤੇ ਉਪਮਾ ਰਹਿਤ ਹੈਂ।

**ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ॥**

ਤੂੰ ਹੰਕਾਰ ਆਦਿਕ ਸਾਰੇ ਵਿਕਾਰਾਂ ਦਾ ਨਾਸ਼ਕ, ਆਦਿ-ਸਰੂਪ ਅਤੇ ਜਨਮ ਰਹਿਤ ਹੈਂ।

**ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ॥**

ਹੇ ਮਹਾਨ ਪੁਰਖ! ਤੂੰ ਸਰੀਰ, ਨਾਸ਼ਵਾਨਤਾ ਅਤੇ ਜੀਵਾਤਮਾ ਤੋਂ ਰਹਿਤ ਹੈਂ।

**ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ॥੮੫॥**

ਤੂੰ ਸਭ ਦੇ ਪੈਦਾ ਕਰਨ ਵਾਲਾ, ਨਾਸ ਕਰਨ ਵਾਲਾ ਅਤੇ ਉਹਨਾਂ ਨੂੰ ਪਾਲਣ ਵਾਲਾ ਹੈਂ।

**ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ॥**

ਤੂੰ ਸਾਰਿਆਂ ਨੂੰ ਜਾਣਨ ਵਾਲਾ, ਨਾਸ ਕਰਨ ਵਾਲਾ ਅਤੇ ਭੇਖਾਂ ਤੋਂ ਰਹਿਤ ਹੈਂ।

**ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗ ਅਰੁ ਰੇਖ॥**

ਸਾਰੇ ਸ਼ਾਸ਼ਤ੍ਰ ਜਿਸ ਦੇ ਰੂਪ, ਰੰਗ ਅਤੇ ਚਿੰਨ੍ਹ ਨੂੰ ਨਹੀਂ ਜਾਣਦੇ।

**ਪਰਮ ਬੇਦ ਪੁਰਾਣ ਜਾ ਕਹਿ ਨੇਤਿ ਭਾਖਤ ਨਿੱਤ॥**

ਮਹਾਨ ਵੇਦ ਅਤੇ ਪੁਰਾਣ ਜਿਸ ਨੂੰ ਸਦਾ ਹੀ ਬੇਅੰਤ ਕਹਿੰਦੇ ਹਨ।

**ਕੋਟਿ ਸਿੰਮ੍ਰਿਤਿ ਪੁਰਾਨ ਸਾਸਤ੍ਰ ਨ ਆਵਹੀ ਵਹੁ ਚਿੱਤ॥੮੬॥**

ਉਹ ਪ੍ਰਭੂ ਕ੍ਰੋੜਾਂ ਸਿਮ੍ਰਤੀਆਂ, ਪੁਰਾਣਾਂ ਅਤੇ ਸ਼ਾਸ਼ਤ੍ਰਾਂ ਤੋਂ ਵੀ ਬਿਆਨਿਆ ਨਹੀਂ ਜਾਂਦਾ।

**ਮਧੁਭਾਰ ਛੰਦ॥ਤ੍ਵ ਪ੍ਰਸਾਦਿ॥**

**ਗੁਨ ਗਨ ਉਦਾਰ॥ਮਹਿਮਾ ਅਪਾਰ॥**

ਹੇ ਬੇਅੰਤ ਮਹਿਮਾ ਵਾਲੇ ਪ੍ਰਭੂ! ਤੇਰੇ ਵਿੱਚ ਸਾਰੇ ਸ਼੍ਰੇਸ਼ਟ ਗੁਣ ਹਨ।

**ਆਸਨ ਅਭੰਗ॥ਉਪਮਾ ਅਨੰਗ॥੮੭॥**

ਬੇ-ਮਿਸਾਲ ਸੁੰਦਰਤਾ ਵਾਲੇ ਪ੍ਰਭੂ! ਤੇਰਾ ਆਸਣ ਅਡੋਲ ਹੈ।

**ਅਨਭਉ ਪ੍ਰਕਾਸ॥ਨਿਸਿ ਦਿਨ ਅਨਾਸ॥**

ਤੂੰ ਸੁਤੇ ਸਿੱਧ ਪ੍ਰਕਾਸ਼ਵਾਨ ਅਤੇ ਸਦਾ ਹੀ ਨਾਸ ਤੋਂ ਰਹਿਤ ਹੈਂ।

**ਆਜਾਨੁ ਬਾਹੁ॥ਸਾਹਾਨ ਸਾਹੁ॥੮੮॥**

ਤੂੰ ਗੋਡਿਆਂ ਤੱਕ ਬਾਹਾਂ ਵਾਲਾ ਅਤੇ ਬਾਦਸ਼ਾਹਾਂ ਦਾ ਬਾਦਸ਼ਾਹ ਹੈਂ।

**ਰਾਜਾਨ ਰਾਜ॥ਭਾਨਾਨ ਭਾਨ॥**

ਤੂੰ ਰਾਜਿਆਂ ਦਾ ਰਾਜਾ ਅਤੇ ਸੂਰਜਾਂ ਦਾ ਸੂਰਜ ਹੈਂ।

**ਦੇਵਾਨ ਦੇਵ॥ਉਪਮਾ ਮਹਾਨ॥੮੯॥**

ਹੇ ਮਹਾਨ ਉਪਮਾ ਵਾਲੇ ਪ੍ਰਭੂ! ਤੂੰ ਦੇਵਤਿਆਂ ਦਾ ਦੇਵਤਾ ਹੈਂ।

**ਇੰਦ੍ਰਾਨ ਇੰਦ੍ਰ॥ਬਾਲਾਨ ਬਾਲ॥**

ਤੂੰ ਇੰਦਰਾਂ ਦਾ ਇੰਦਰ ਅਤੇ ਬੱਚਿਆਂ ਦਾ ਬੱਚਾ ਹੈਂ।

**ਰੰਕਾਨ ਰੰਕ ॥ ਕਾਲਾਨ ਕਾਲ ॥ ੯੦ ॥**

ਤੂੰ ਗਰੀਬਾਂ ਦਾ ਗਰੀਬ-ਰੂਪ ਅਤੇ ਕਾਤਲਾਂ ਦਾ ਕਾਤਲ ਹੈਂ।

**ਅਨਭੂਤ ਅੰਗ ॥ ਆਭਾ ਅਭੰਗ ॥**

ਤੂੰ ਤੱਤਾਂ ਤੋਂ ਰਹਿਤ ਸਰੀਰ ਵਾਲਾ ਅਤੇ ਨਾਸ ਰਹਿਤ ਚਮਕ ਵਾਲਾ ਹੈਂ।

**ਗਤਿ ਮਿਤਿ ਅਪਾਰ ॥ ਗੁਨ ਗਨ ਉਦਾਰ ॥ ੯੧ ॥**

ਤੇਰੀ ਮਰਿਆਦਾ ਦੀ ਰੀਤੀ ਦਾ ਕੋਈ ਸਾਨੀ ਨਹੀਂ ਅਤੇ ਤੂੰ ਸਮੂਹ ਉੱਤਮ ਗੁਣਾਂ ਵਾਲਾ ਹੈਂ।

**ਮੁਨਿ ਗਨ ਪ੍ਰਨਾਮ ॥ ਨਿਰਭੈ ਨ੍ਰਿਕਾਮ ॥**

ਹੇ ਨਿਡਰ ਅਤੇ ਕਾਮਨਾ ਤੋਂ ਰਹਿਤ ਪ੍ਰਭੂ! ਸਾਰੇ ਮੁਨੀ-ਜਨ
ਤੈਨੂੰ ਨਮਸਕਾਰ ਕਰਦੇ ਹਨ।

**ਅਤਿ ਦੁਤਿ ਪ੍ਰਚੰਡ ॥ ਮਿਤਿ ਗਤਿ ਅਖੰਡ ॥ ੯੨ ॥**

ਹੇ ਪ੍ਰਭੂ! ਤੇਰੇ ਸਰੂਪ ਦੀ ਸੋਭਾ ਅਤਿਅੰਤ ਤੇਜਮਈ ਹੈ ਅਤੇ ਤੇਰੀ ਮਰਿਆਦਾ ਖੰਡਨ ਤੋਂ ਰਹਿਤ ਹੈ।

**ਆਲਿਸਜ ਕਰਮ ॥ ਆਦ੍ਰਿਸਜ ਧਰਮ ॥**

ਹੇ ਪ੍ਰਭੂ! ਤੇਰੇ ਸਾਰੇ ਕਰਮ ਸਹਿਜ ਸੁਭਾ ਹੋ ਰਹੇ ਹਨ, ਇਹੀ ਤੇਰਾ ਅਦ੍ਰਿਸ਼ ਧਰਮ ਹੈ।

**ਸਰਬਾ ਭਰਣਾਢਜ ॥ ਅਨਡੰਡ ਬਾਢਜ ॥ ੯੩ ॥**

ਤੂੰ ਸਾਰਿਆਂ ਦਾ ਪਾਲਣਹਾਰ ਅਤੇ ਨਿਸ਼ਚੇ ਹੀ ਸਜ਼ਾ ਰਹਿਤ ਹੈਂ।

**ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥**

**ਗੁਬਿੰਦੇ ॥ ਮੁਕੰਦੇ ॥ ਉਦਾਰੇ ॥ ਅਪਾਰੇ ॥ ੯੪ ॥**

ਹੇ ਧਰਤੀ ਦੇ ਪਾਲਕ, ਮੁਕਤੀ ਦੇਣ ਵਾਲੇ ਪ੍ਰਭੂ! ਤੂੰ ਦਾਤਾਰ ਅਤੇ ਬੇਅੰਤ ਹੈਂ।

**ਹਰੀਅੰ ॥ ਕਰੀਅੰ ॥ ਨ੍ਰਿਨਾਮੇ ॥ ਅਕਾਮੇ ॥ ੯੫ ॥**

ਤੂੰ ਪਾਪਾਂ ਨੂੰ ਹਰਨ ਵਾਲਾ, ਕੰਮਾਂ ਨੂੰ ਕਰਨ ਵਾਲਾ ਅਤੇ ਵਿਸ਼ੇਸ਼ ਨਾਮ ਤੇ ਕਾਮਨਾ ਰਹਿਤ ਹੈਂ।

**ਭੁਜੰਗ ਪ੍ਰਯਾਤ ਛੰਦ ॥**

**ਚੱਤ੍ਰ ਚੱਕ੍ਰ ਕਰਤਾ ॥ ਚੱਤ੍ਰ ਚੱਕ੍ਰ ਹਰਤਾ ॥**

ਹੇ ਪ੍ਰਭੂ! ਤੂੰ ਚਾਰੇ ਦਿਸ਼ਾਵਾਂ ਦੇ ਜੀਵਾਂ ਨੂੰ ਬਨਾਉਣ ਵਾਲਾ ਅਤੇ ਉਹਨਾਂ ਨੂੰ ਖ਼ਤਮ ਕਰਨ ਵਾਲਾ ਹੈਂ।

**ਚੱਤ੍ਰ ਚੱਕ੍ਰ ਦਾਨੇ ॥ ਚੱਤ੍ਰ ਚੱਕ੍ਰ ਜਾਨੇ ॥ ੯੬ ॥**

ਤੂੰ ਸਾਰੇ ਸੰਸਾਰ ਦਾ ਦਾਨੀ ਅਤੇ ਸਾਰਿਆਂ ਨੂੰ ਜਾਣਨ ਵਾਲਾ ਹੈਂ।

**ਚੱਤ੍ਰ ਚੱਕ੍ਰ ਵਰਤੀ ॥ ਚੱਤ੍ਰ ਚੱਕ੍ਰ ਭਰਤੀ ॥**

ਤੂੰ ਸਾਰੇ ਸੰਸਾਰ ਵਿੱਚ ਵਿਆਪਕ ਅਤੇ ਉਸਦਾ ਪਾਲਕ ਹੈਂ।

**ਚੱਤ੍ਰ ਚੱਕ੍ਰ ਪਾਲੈ॥ ਚੱਤ੍ਰ ਚੱਕ੍ਰ ਕਾਲੈ॥੯੭॥**

ਤੂੰ ਸਾਰੇ ਵਿਸ਼ਵ ਦਾ ਪਾਲਕ ਅਤੇ ਨਾਸ਼ਕ ਹੈਂ।

**ਚੱਤ੍ਰ ਚੱਕ੍ਰ ਪਾਸੇ॥ ਚੱਤ੍ਰ ਚੱਕ੍ਰ ਵਾਸੇ॥**

ਤੂੰ ਸਾਰੇ ਸੰਸਾਰ ਦੇ ਜੀਵਾਂ ਦੇ ਨਜ਼ਦੀਕ ਹੈਂ ਅਤੇ ਉਹਨਾਂ ਵਿੱਚ ਵਾਸ ਰੱਖਦਾ ਹੈਂ।

**ਚੱਤ੍ਰ ਚੱਕ੍ਰ ਮਾਨਜੈ॥ ਚੱਤ੍ਰ ਚੱਕ੍ਰ ਦਾਨਜੈ॥੯੮॥**

ਤੂੰ ਸਾਰੇ ਸੰਸਾਰ ਦੇ ਮੰਨਣ ਯੋਗ ਅਤੇ ਸਾਰੇ ਸੰਸਾਰ ਨੂੰ ਦਾਨ ਦੇਣ ਯੋਗ ਹੈਂ।

**ਚਾਚਰੀ ਛੰਦ॥**

**ਨ ਸੱਤ੍ਰੈ॥ ਨ ਮਿੱਤ੍ਰੈ॥**

ਤੇਰਾ ਨਾ ਕੋਈ ਦੁਸ਼ਮਣ ਹੈ ਅਤੇ ਨਾ ਹੀ ਕੋਈ ਸੱਜਣ ਹੈ।

**ਨ ਭਰਮੰ॥ ਨ ਭਿਤ੍ਰੈ॥੯੯॥**

ਨਾ ਤੈਨੂੰ ਕੋਈ ਭਰਮ ਹੈ ਅਤੇ ਨਾ ਹੀ ਕੋਈ ਡਰ ਹੈ।

**ਨ ਕਰਮੰ॥ ਨ ਕਾਏ॥**

ਤੂੰ ਕਰਮ ਅਤੇ ਸਰੀਰ ਰਹਿਤ ਹੈਂ।

**ਅਜਨਮੰ॥ ਅਜਾਏ॥੧੦੦॥**

ਤੂੰ ਜਨਮ ਅਤੇ ਮਾਤਾ-ਪਿਤਾ ਰਹਿਤ ਹੈਂ।

**ਨ ਚਿੱਤ੍ਰੈ॥ ਨ ਮਿੱਤ੍ਰੈ॥**

ਨਾ ਹੀ ਤੇਰੀ ਕੋਈ ਮੂਰਤ ਹੈ ਅਤੇ ਨਾ ਹੀ ਤੇਰਾ ਕੋਈ ਮਿੱਤਰ ਹੈ।

**ਪਰੇ ਹੈਂ॥ ਪਵਿੱਤ੍ਰੈ॥੧੦੧॥**

ਤੂੰ ਵਿਆਪਕ ਅਤੇ ਪਵਿੱਤਰ ਹੈਂ।

**ਪ੍ਰਿਥੀਸੈ॥ ਅਦੀਸੈ॥**

ਤੂੰ ਪ੍ਰਿਥਵੀ ਦਾ ਰਾਜਾ ਅਤੇ ਆਰੰਭ ਤੋਂ ਹੀ ਸਭ ਦਾ ਮਾਲਕ ਹੈਂ।

**ਅਦ੍ਰਿਸੈ॥ ਅਕ੍ਰਿਸੈ॥੧੦੨॥**

ਤੂੰ ਅਦ੍ਰਿਸ਼ਟ ਅਤੇ ਬਲਵਾਨ ਹੈਂ।

**ਭਗਵਤੀ ਛੰਦ॥**

**ਤ੍ਵ ਪ੍ਰਸਾਦਿ ਕਥਤੇ॥**

**ਕਿ ਆਛਿੱਜ ਦੇਸੈ॥ ਕਿ ਆਭਿੱਜ ਭੇਸੈ॥**

ਤੂੰ ਅਖੰਡ ਦੇਸ਼ ਅਤੇ ਅਬਿਨਾਸੀ ਭੇਖ ਵਾਲਾ ਹੈਂ।

**ਕਿ ਆਗੰਜ ਕਰਮੈ॥ ਕਿ ਆਭੰਜ ਭਰਮੈ॥੧੦੩॥**

ਤੂੰ ਕਰਮਾਂ ਅਤੇ ਭਰਮਾਂ ਨੂੰ ਨਾਸ ਕਰਨ ਵਾਲਾ ਹੈਂ।

**ਕਿ ਆਭਿੱਜ ਲੋਕੈ ॥ ਕਿ ਆਦਿੱਤ ਸੋਕੈ ॥**

ਤੂੰ ਸੰਸਾਰਿਕ ਪਦਾਰਥਾਂ ਨਾਲ ਸੰਤੁਸ਼ਟ ਨਹੀਂ ਹੁੰਦਾ ਅਤੇ
ਦੁੱਖਾਂ ਨੂੰ ਸੋਕਣ ਵਾਸਤੇ ਸੂਰਜ ਵਾਂਗ ਹੈਂ।

**ਕਿ ਅਵਧੂਤ ਬਰਨੈ ॥ ਕਿ ਬਿਭੂਤਿ ਕਰਨੈ ॥੧੦੪॥**

ਤੂੰ ਸਾਧੂ ਦੇ ਭੇਖ ਵਾਲਾ ਅਤੇ ਮਾਇਕ ਸਮੱਗਰੀ ਨੂੰ ਪੈਦਾ ਕਰਨ ਵਾਲਾ ਹੈਂ।

**ਕਿ ਰਾਜੰ ਪ੍ਰਭਾ ਹੈਂ ॥ ਕਿ ਧਰਮੰ ਧੁਜਾ ਹੈਂ ॥**

ਤੂੰ ਰਾਜਿਆਂ ਵਾਂਗ ਸ਼ੋਭਾ ਵਾਲਾ ਅਤੇ ਧਰਮਾਂ ਦਾ ਚਿੰਨ੍ਹ ਹੈਂ।

**ਕਿ ਆਸੋਕ ਬਰਨੈ ॥ ਕਿ ਸਰਬਾ ਅਭਰਨੈ ॥੧੦੫॥**

ਤੂੰ ਪ੍ਰਸੰਨ ਸਰੂਪ ਵਾਲਾ ਅਤੇ ਸਾਰਿਆਂ ਦਾ ਸ਼ਿੰਗਾਰ-ਰੂਪ ਹੈਂ।

**ਕਿ ਜਗਤੰ ਕ੍ਰਿਤੀ ਹੈਂ ॥ ਕਿ ਛਤ੍ਰੰ ਛਤ੍ਰੀ ਹੈਂ ॥**

ਤੂੰ ਸੰਸਾਰ ਨੂੰ ਪੈਦਾ ਕਰਨ ਵਾਲਾ ਅਤੇ ਯੋਧਿਆਂ ਦਾ ਯੋਧਾ ਹੈਂ।

**ਕਿ ਬ੍ਰਹਮੰ ਸਰੂਪੈ ॥ ਕਿ ਅਨਭਉ ਅਨੂਪੈ ॥੧੦੬॥**

ਤੂੰ ਬ੍ਰਹਮ ਦਾ ਸਰੂਪ, ਨਿਡਰ ਅਤੇ ਉਪਮਾ ਤੋਂ ਰਹਿਤ ਹੈਂ।

**ਕਿ ਆਦਿ ਅਦੇਵ ਹੈਂ ॥ ਕਿ ਆਪ ਅਭੇਵ ਹੈਂ ॥**

ਤੂੰ ਮੁੱਢ ਤੋਂ ਹੀ ਬੇਮੁਹਤਾਜ ਹੈਂ ਅਤੇ ਆਪਣਾ ਭੇਦ ਆਪ ਹੀ ਜਾਣਦਾ ਹੈਂ।

**ਕਿ ਚਿੱਤ੍ਰੰ ਬਿਹੀਨੈ ॥ ਕਿ ਏਕੈ ਅਧੀਨੈ ॥੧੦੭॥**

ਤੂੰ ਮੂਰਤ ਤੋਂ ਬਿਨਾਂ ਅਤੇ ਇੱਕ ਆਪਣੀ ਹੀ ਮੂਰਤ ਦੇ ਅਧੀਨ ਹੈਂ।

**ਕਿ ਰੋਜ਼ੀ ਰਜ਼ਾਕੈ ॥ ਰਹੀਮੈ ਰਿਹਾਕੈ ॥**

ਤੂੰ ਪੇਟ ਵਾਸਤੇ ਰਿਜਕ ਦੇਣ ਵਾਲਾ, ਬਖ਼ਸ਼ਿਸ਼ ਕਰਨ ਵਾਲਾ ਅਤੇ ਪਾਪਾਂ ਤੋਂ
ਮੁਕਤੀ ਦੇਣ ਵਾਲਾ ਹੈਂ।

**ਕਿ ਪਾਕ ਬਿਐਬ ਹੈਂ ॥ ਕਿ ਗ਼ੈਬੁਲ ਗੈਬ ਹੈਂ ॥੧੦੮॥**

ਤੂੰ ਪਵਿੱਤਰ, ਵਿਕਾਰਾਂ ਤੋਂ ਰਹਿਤ ਅਤੇ ਮੁਕੰਮਲ ਤੌਰ 'ਤੇ ਰਹੱਸਮਈ ਹੈਂ।

**ਕਿ ਅਫ਼ਵੁਲ ਗੁਨਾਹ ਹੈਂ ॥ ਕਿ ਸਾਹਾਨ ਸਾਹ ਹੈਂ ॥**

ਤੂੰ ਪਾਪਾਂ ਨੂੰ ਮਾਫ਼ ਕਰਨ ਵਾਲਾ ਅਤੇ ਸ਼ਾਹਾਂ ਦਾ ਸ਼ਾਹ ਹੈਂ।

**ਕਿ ਕਾਰਨ ਕੁਨਿੰਦ ਹੈਂ ॥ ਕਿ ਰੋਜ਼ੀ ਦਿਹਿੰਦ ਹੈਂ ॥੧੦੯॥**

ਤੂੰ ਕਾਰਨਾਂ ਨੂੰ ਪੈਦਾ ਕਰਨ ਵਾਲਾ ਅਤੇ ਰਿਜ਼ਕ ਦੇ ਦੇਣ ਵਾਲਾ ਹੈਂ।

**ਕਿ ਰਾਜਕ ਰਹੀਮ ਹੈਂ ॥ ਕਿ ਕਰਮੰ ਕਰੀਮ ਹੈਂ ॥**

ਤੂੰ ਦਿਆਲੂ, ਰਿਜ਼ਕ ਦੇਣ ਵਾਲਾ ਅਤੇ ਬਖ਼ਸ਼ਿਸ਼ ਕਰਨ ਵਾਲਾ ਕ੍ਰਿਪਾਲੂ ਹੈਂ।

**ਕਿ ਸਰਬੰ ਕਲੀ ਹੈਂ ॥ ਕਿ ਸਰਬੰ ਦਲੀ ਹੈਂ ॥੧੧੦॥**

ਤੂੰ ਸਾਰੀਆਂ ਸ਼ਕਤੀਆਂ ਵਾਲਾ ਅਤੇ ਸਾਰੀਆਂ ਫ਼ੌਜਾਂ ਨੂੰ ਦਲਣ ਵਾਲਾ ਹੈਂ।

**ਕਿ ਸਰਬੱਤ੍ਰ ਮਾਨਜੈ ॥ ਕਿ ਸਰਬੱਤ੍ਰ ਦਾਨਜੈ ॥**

ਤੂੰ ਸਾਰਿਆਂ ਲਈ ਮੰਨਣ ਯੋਗ ਅਤੇ ਸਾਰਿਆਂ ਨੂੰ ਦਾਨ ਦੇਣ ਵਾਲਾ ਹੈਂ।

**ਕਿ ਸਰਬੱਤ੍ਰ ਗਉਨੈ ॥ ਕਿ ਸਰਬੱਤ੍ਰ ਭਉਨੈ ॥੧੧੧॥**

ਤੂੰ ਸਾਰਿਆਂ ਭਵਨਾਂ (ਤਿੰਨਾਂ ਲੋਕਾਂ) ਵਿੱਚ ਵਿਆਪਕ ਹੈਂ।

**ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥**

ਤੂੰ ਸਾਰਿਆਂ ਦੇਸਾਂ ਅਤੇ ਭੇਖਾਂ ਵਿੱਚ ਵਿਆਪਕ ਹੈਂ।

**ਕਿ ਸਰਬੱਤ੍ਰ ਰਾਜੈ ॥ ਕਿ ਸਰਬੱਤ੍ਰ ਸਾਜੈ ॥੧੧੨॥**

ਤੂੰ ਸਾਰਿਆਂ ਜੀਵਾਂ ਨੂੰ ਸਾਜਦਾ ਵੀ ਹੈਂ ਅਤੇ ਉਹਨਾਂ 'ਤੇ ਰਾਜ ਵੀ ਕਰਦਾ ਹੈਂ।

**ਕਿ ਸਰਬੱਤ੍ਰ ਦੀਨੈ ॥ ਕਿ ਸਰਬੱਤ੍ਰ ਲੀਨੈ ॥**

ਤੂੰ ਸਾਰਿਆਂ ਮਜ਼ਹਬਾਂ ਦਾ ਅਧਾਰ ਹੈਂ ਅਤੇ ਉਹਨਾਂ ਵਿੱਚ ਰਮਿਆ ਹੋਇਆ ਹੈਂ।

**ਕਿ ਸਰਬੱਤ੍ਰ ਜਾ ਹੋ ॥ ਕਿ ਸਰਬੱਤ੍ਰ ਭਾ ਹੋ ॥੧੧੩॥**

ਤੂੰ ਸਾਰਿਆਂ ਥਾਵਾਂ 'ਤੇ ਮੌਜੂਦ ਹੈਂ ਅਤੇ ਸਭ ਨੂੰ ਭਾਉਂਦਾ ਹੈਂ।

**ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥**

ਤੂੰ ਸਾਰਿਆਂ ਦੇਸਾਂ ਅਤੇ ਲਿਬਾਸਾਂ ਵਿੱਚ ਹੈਂ।

**ਕਿ ਸਰਬਤ੍ਰ ਕਾਲੈ ॥ ਕਿ ਸਰਬਤ੍ਰ ਪਾਲੈ ॥੧੧੪॥**

ਤੂੰ ਹਰ ਸਮੇਂ ਸਭ ਦੀ ਪਾਲਣਾ ਕਰਨ ਵਾਲਾ ਹੈਂ।

**ਕਿ ਸਰਬੱਤ੍ਰ ਹੰਤਾ ॥ ਕਿ ਸਰਬੱਤ੍ਰ ਗੰਤਾ ॥**

ਤੂੰ ਸਾਰਿਆਂ ਨੂੰ ਮਾਰਨ ਵਾਲਾ ਅਤੇ ਸਭ ਥਾਂ ਪਹੁੰਚ ਕਰਨ ਵਾਲਾ ਹੈਂ।

**ਕਿ ਸਰਬੱਤ੍ਰ ਭੇਖੀ ॥ ਕਿ ਸਰਬੱਤ੍ਰ ਪੇਖੀ ॥੧੧੫॥**

ਤੂੰ ਸਾਰਿਆਂ ਭੇਖਾਂ ਵਾਲਾ ਅਤੇ ਸਭ ਨੂੰ ਵੇਖਣ ਵਾਲਾ ਹੈਂ।

**ਕਿ ਸਰਬੱਤ੍ਰ ਕਾਜੈ ॥ ਕਿ ਸਰਬੱਤ੍ਰ ਰਾਜੈ ॥**

ਤੂੰ ਸਾਰੇ ਕੰਮ ਕਰਨ ਵਾਲਾ ਅਤੇ ਸਾਰਿਆਂ ਦਾ ਰਾਜਾ ਹੈਂ।

**ਕਿ ਸਰਬੱਤ੍ਰ ਸੋਖੈ ॥ ਕਿ ਸਰਬੱਤ੍ਰ ਪੋਖੈ ॥੧੧੬॥**

ਤੂੰ ਸਭ ਦਾ ਨਾਸ ਕਰਨ ਵਾਲਾ ਅਤੇ ਪਾਲਣ ਵਾਲਾ ਹੈਂ।

**ਕਿ ਸਰਬੱਤ੍ਰ ਤ੍ਰਾਣੈ ॥ ਕਿ ਸਰਬੱਤ੍ਰ ਪ੍ਰਾਣੈ ॥**

ਤੂੰ ਸਭ ਦੀ ਤਾਕਤ ਅਤੇ ਸਭ ਦਾ ਜੀਵਨ ਹੈਂ।

**ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥੧੧੭॥**

ਤੂੰ ਸਭ ਦੇਸਾਂ ਵਿੱਚ ਵਿਆਪਕ ਅਤੇ ਸਭ ਭੇਖਾਂ ਨੂੰ ਧਾਰਨ ਕਰਨ ਵਾਲਾ ਹੈਂ।

**ਕਿ ਸਰਬੱਤ੍ਰ ਮਾਨਜੈ ॥ ਸਦੈਵੰ ਪ੍ਰਧਾਨਜੈ ॥**

ਤੂੰ ਸਭ ਲਈ ਮੰਨਣ ਯੋਗ ਅਤੇ ਸਭ ਦਾ ਮੁਖੀ ਹੈਂ।

**ਕਿ ਸਰਬੱਤ੍ਰ ਜਾਪਜੈ ॥ ਕਿ ਸਰਬੱਤ੍ਰ ਥਾਪਜੈ ॥੧੧੮॥**

ਤੂੰ ਸਭ ਲਈ ਜਪਣ ਯੋਗ ਅਤੇ ਪੂਜਣ ਯੋਗ ਹੈਂ।

**ਕਿ ਸਰਬੱਤ੍ਰ ਭਾਨੈ ॥ ਕਿ ਸਰਬੱਤ੍ਰ ਮਾਨੈ ॥**

ਤੂੰ ਸਭ ਲਈ ਪ੍ਰਕਾਸ਼ ਰੂਪ ਹੈਂ ਅਤੇ ਸਾਰਿਆਂ ਦਾ ਮਾਣ ਹੈਂ।

**ਕਿ ਸਰਬੱਤ੍ਰ ਇੰਦ੍ਰੈ ॥ ਕਿ ਸਰਬੱਤ੍ਰ ਚੰਦ੍ਰੈ ॥੧੧੯॥**

ਤੂੰ ਸਾਰਿਆਂ ਦਾ ਰਾਜਾ ਅਤੇ ਸਭ ਤੋਂ ਸੋਹਣਾ ਹੈਂ।

**ਕਿ ਸਰਬੰ ਕਲੀਮੈ ॥ ਕਿ ਪਰਮੰ ਫਹੀਮੈ ॥**

ਤੂੰ ਸਾਰਿਆਂ ਨੂੰ ਗਿਆਨ ਦੇਣ ਵਾਲਾ ਮਹਾਨ ਅਕਲਮੰਦ ਹੈਂ।

**ਕਿ ਆਕਲ ਅਲਾਮੈ ॥ ਕਿ ਸਾਹਿਬ ਕਲਾਮੈ ॥੧੨੦॥**

ਤੂੰ ਮਹਾਨ ਵਿਦਵਾਨ ਹੈਂ ਅਤੇ ਸ਼੍ਰੇਸਟ ਬਾਣੀ ਦਾ ਮਾਲਕ ਹੈਂ।

**ਕਿ ਹੁਸਨੁਲ ਵਜੂ ਹੈਂ ॥ ਤਮਾਮੁਲ ਰੁਜੂ ਹੈਂ ॥**

ਤੂੰ ਚਿਹਰਿਆਂ ਦਾ ਨੂਰ ਅਤੇ ਸਭ ਦੀ ਬੰਦਗੀ ਹੈਂ।

**ਹਮੇਸੁਲ ਸਲਾਮੈ ॥ ਸਲੀਖਤ ਮੁਦਾਮੈ ॥੧੨੧॥**

ਤੂੰ ਸਦਾ ਹੀ ਸਲਾਮਤ ਹੈਂ ਅਤੇ ਤੇਰੀ ਕੁਦਰਤ ਹਮੇਸ਼ਾਂ ਰਹਿਣ ਵਾਲੀ ਹੈ।

**ਗਨੀਮੁਲ ਸਿਕਸਤੈ ॥ ਗ਼ਰੀਬੁਲ ਪਰਸਤੈ ॥**

ਤੂੰ ਹੰਕਾਰੀਆਂ ਨੂੰ ਹਾਰ ਦੇਣ ਵਾਲਾ ਅਤੇ ਗਰੀਬਾਂ ਨੂੰ ਪਾਲਣ ਵਾਲਾ ਹੈਂ।

**ਬਲੰਦੁਲ ਮਕਾਨੈ ॥ ਜਮੀਨੁਲ ਜਮਾਨੈ ॥੧੨੨॥**

ਤੂੰ ਜ਼ਮੀਨ ਅਤੇ ਆਸਮਾਨ ਰੂਪ ਬੁਲੰਦ ਮਕਾਨ ਵਾਲਾ ਹੈਂ।

**ਤਮੀਜ਼ੁਲ ਤਮਾਮੈ ॥ ਰੁਜੂਅਲ ਨਿਧਾਨੈ ॥**

ਤੂੰ ਸਭ ਦੀ ਅਕਲ ਅਤੇ ਧਿਆਨ ਦਾ ਖ਼ਜ਼ਾਨਾ ਹੈਂ।

**ਹਰੀਫੁਲ ਅਜ਼ੀਮੈ ॥ ਰਜ਼ਾਇਕ ਯਕੀਨੈ ॥੧੨੩॥**

ਤੂੰ ਵੱਡਿਆਂ ਭਾਵ ਹੰਕਾਰੀਆਂ ਦਾ ਵੈਰੀ ਹੈਂ ਅਤੇ ਯਕੀਨਨ ਹੀ
ਸਭ ਨੂੰ ਰਿਜ਼ਕ ਦੇਣ ਵਾਲਾ ਹੈਂ।

**ਅਨੇਕੁਲ ਤਰੰਗ ਹੈਂ ॥ ਅਭੇਦ ਹੈਂ ਅਭੰਗ ਹੈਂ ॥**

ਤੂੰ ਅਨੇਕਾਂ ਲਹਿਰਾਂ (ਮਨੋਭਾਵਾਂ) ਵਾਲਾ, ਭੇਦ ਰਹਿਤ ਅਤੇ ਅਵਿਨਾਸ਼ੀ ਹੈਂ।

**ਅਜ਼ੀਜ਼ੁਲ ਨਿਵਾਜ ਹੈਂ ॥ ਗਨੀਮੁਲ ਖਿਰਾਜ ਹੈਂ ॥੧੨੪॥**

ਤੂੰ ਆਪਣੇ ਪਿਆਰਿਆਂ ਨੂੰ ਨਿਵਾਜਣ ਵਾਲਾ ਅਤੇ
ਹੰਕਾਰੀਆਂ ਨੂੰ ਡੰਨ ਦੇਣ ਵਾਲਾ ਹੈਂ।

**ਨਿਰੁਕਤ ਸਰੂਪ ਹੈਂ ॥ ਤ੍ਰਿ ਮੁਕਤਿ ਬਿਭੂਤਿ ਹੈਂ ॥**

ਤੂੰ ਅਕੱਥ ਸਰੂਪ ਹੈਂ ਅਤੇ ਤੇਰੀ ਸਮੱਗਰੀ ਤਿੰਨਾਂ ਗੁਣਾਂ(ਰਜੋ,ਤਮੋ,ਸਤੋ) ਤੋਂ
ਨਿਰਲੇਪ ਹੈ।

**ਪ੍ਰਭੁਗਤਿ ਪ੍ਰਭਾ ਹੈਂ ॥ ਸੁ ਜੁਗਤਿ ਸੁਧਾ ਹੈਂ ॥੧੨੫॥**

ਹੇ ਪ੍ਰਭੂ ! ਤੂੰ ਸਾਰੇ ਭੋਗਾਂ ਤੋਂ ਪਰ੍ਹੇ, ਪ੍ਰਕਾਸ਼ ਸਰੂਪ ਹੈਂ ਅਤੇ ਤੇਰੀਆਂ ਉੱਤਮ
ਦਲੀਲਾਂ ਅਮਰ ਹਨ।

**ਸਦੈਵੰ ਸਰੂਪ ਹੈਂ ॥ ਅਭੇਦੀ ਅਨੂਪ ਹੈਂ ॥**

ਤੇਰਾ ਸਰੂਪ ਸਦੀਵੀ, ਭੇਦ ਰਹਿਤ ਅਤੇ ਉਪਮਾ ਰਹਿਤ ਹੈ।

**ਸਮਸਤੋਪਰਾਜ ਹੈਂ ॥ ਸਦਾ ਸਰਬ ਸਾਜ ਹੈਂ ॥ ੧੨੬ ॥**

ਤੂੰ ਸਭ ਨੂੰ ਪੈਦਾ ਕਰਨ ਵਾਲਾ ਅਤੇ ਉਹਨਾਂ ਨੂੰ ਸ਼ਿੰਗਾਰਨ ਵਾਲਾ ਹੈਂ।

**ਸਮਸਤੁਲ ਸਲਾਮ ਹੈਂ ॥ ਸਦੈਵਲ ਅਕਾਮ ਹੈਂ ॥**

ਤੂੰ ਸਭ ਦਾ ਰੱਖਿਅਕ ਅਤੇ ਹਮੇਸ਼ਾਂ ਕਾਮਨਾ ਰਹਿਤ ਹੈਂ।

**ਨ੍ਰਿਬਾਧ ਸਰੂਪ ਹੈਂ ॥ ਅਗਾਧਿ ਅਨੂਪ ਹੈਂ ॥ ੧੨੭ ॥**

ਤੂੰ ਅਮਰ ਰੂਪ, ਗੰਭੀਰ ਅਤੇ ਉਪਮਾ ਰਹਿਤ ਹੈਂ।

**ਓਅੰ ਆਦਿ ਰੂਪੇ ॥ ਅਨਾਦਿ ਸਰੂਪੈ ॥**

ਹੇ ਪ੍ਰਭੂ! ਤੂੰ ਸ਼੍ਰਿਸ਼ਟੀ ਦਾ ਆਦਿ ਅਤੇ ਅਨਾਦਿ ਸਰੂਪ ਹੈਂ।

**ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥ ੧੨੮ ॥**

ਤੂੰ ਸਰੀਰ ਤੇ ਨਾਮ ਰਹਿਤ, ਤਿੰਨ ਲੋਕਾਂ ਦਾ ਨਾਸ ਕਰਤਾ
ਅਤੇ ਉਹਨਾਂ ਦੀਆਂ ਇੱਛਾਵਾਂ ਪੂਰਨ ਵਾਲਾ ਹੈਂ।

**ਤ੍ਰਿਬਰਗੰ ਤ੍ਰਿਬਾਧੇ ॥ ਅਗੰਜੇ ਅਗਾਧੇ ॥**

ਹੇ ਅਜਿੱਤ ਤੇ ਗੰਭੀਰ ਪ੍ਰਭੂ! ਤੇਰੀ ਹਸਤੀ ਵਿੱਚ ਮੌਜੂਦ ਤਿੰਨੇ ਗੁਣ (ਰਜੋ, ਤਮੋ, ਸਤੋ) ਤਿੰਨਾਂ ਲੋਕਾਂ ਨੂੰ ਆਪਣੇ ਅਧੀਨ ਰੱਖਦੇ ਹਨ।

**ਸੁਭੰ ਸਰਬ ਭਾਗੇ ॥ ਸੁ ਸਰਬਾਨੁਰਾਗੇ ॥ ੧੨੯ ॥**

ਤੂੰ ਸਾਰਿਆਂ ਖੰਡਾਂ ਵਿੱਚ ਸ਼੍ਰੇਸ਼ਟ ਪ੍ਰੇਮ ਰੂਪ ਹੈਂ।

**ਤ੍ਰਿਭੁਗਤ ਸਰੂਪ ਹੈਂ ॥ ਅਛਿਜ ਹੈਂ ਅਛੂਤ ਹੈਂ ॥**

ਤੂੰ ਤਿੰਨਾਂ ਲੋਕਾਂ ਦੇ ਪਦਾਰਥਾਂ ਨੂੰ ਭੋਗਣ ਵਾਲਾ ਅਤੇ
ਨਾਸ ਤੇ ਸਪਰਸ਼ ਰਹਿਤ ਹੈਂ।

**ਕਿ ਨਰਕੰ ਪ੍ਰਣਾਸ ਹੈਂ ॥ ਪ੍ਰਿਥੀਉਲ ਪ੍ਰਵਾਸ ਹੈਂ ॥ ੧੩੦ ॥**

ਹੇ ਪ੍ਰਭੂ! ਤੂੰ ਨਰਕ ਨੂੰ ਨਾਸ ਕਰਨ ਵਾਲਾ ਅਤੇ
ਧਰਤੀ ਉੱਤੇ ਨਿਵਾਸ ਰੱਖਣ ਵਾਲਾ ਹੈਂ।

**ਨਿਰੁਕਤਿ ਪ੍ਰਭਾ ਹੈਂ ॥ ਸਦੈਵੰ ਸਦਾ ਹੈਂ ॥**

ਤੂੰ ਅਕਹਿ ਸੋਭਾ ਵਾਲਾ ਅਤੇ ਸਦਾ ਰਹਿਣ ਵਾਲਾ ਹੈਂ।

**ਬਿਭੁਗਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥ ੧੩੧ ॥**

ਤੂੰ ਸਭ ਭੋਗਾਂ ਦੇ ਭੋਗਣਵਾਲਾ, ਪ੍ਰਸਿੱਧ ਜੁਗਤੀਆਂ ਵਾਲਾ ਅਤੇ ਲਾ-ਮਿਸਾਲ ਹੈਂ।

**ਨਿਰੁਕਤਿ ਸਦਾ ਹੈਂ ॥ ਬਿਭੁਗਤਿ ਪ੍ਰਭਾ ਹੈਂ ॥**

ਤੂੰ ਸਦਾ ਹੀ ਵਿਵਾਦ ਰਹਿਤ ਅਤੇ ਅਖੰਡ ਸ਼ੋਭਾ ਵਾਲਾ ਹੈਂ।

**ਅਨੁਕਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥ ੧੩੨ ॥**

ਤੂੰ ਅਕਥ ਸਰੂਪ ਵਾਲਾ, ਬੇ ਮਿਸਾਲ ਅਤੇ ਪ੍ਰਸਿੱਧ ਜੁਗਤੀਆਂ ਵਾਲਾ ਹੈਂ।

**ਚਾਚਰੀ ਛੰਦ॥**

**ਅਭੰਗ ਹੈਂ॥ਅਨੰਗ ਹੈਂ॥**

ਹੇ ਪ੍ਰਭੂ! ਤੇਰਾ ਸਰੀਰ ਨਾਸ ਰਹਿਤ ਹੈ।

**ਅਭੇਖ ਹੈਂ॥ਅਲੇਖ ਹੈਂ॥੧੩੩॥**

ਤੂੰ ਭੇਖਾਂ ਅਤੇ ਗਿਣਤੀਆਂ ਮਿਣਤੀਆਂ ਤੋਂ ਪਰ੍ਹੇ ਹੈਂ।

**ਅਭਰਮ ਹੈਂ॥ਅਕਰਮ ਹੈਂ॥**

ਭਰਮਾਂ ਅਤੇ ਕਰਮ-ਕਾਂਡਾਂ ਤੋਂ ਰਹਿਤ ਹੈਂ।

**ਅਨਾਦਿ ਹੈਂ॥ਜੁਗਾਦਿ ਹੈਂ॥੧੩੪॥**

ਤੇਰੇ ਆਰੰਭ ਬਾਰੇ ਕੋਈ ਜਾਣਕਾਰੀ ਨਹੀਂ ਅਤੇ
ਤੂੰ ਯੁੱਗਾਂ ਤੋਂ ਵੀ ਪਹਿਲਾਂ ਦਾ ਹੈਂ।

**ਅਜੈ ਹੈਂ॥ਅਭੈ ਹੈਂ॥**

ਤੂੰ ਅਜਿਤ ਅਤੇ ਨਿਡਰ ਹੈਂ।

**ਅਭੂਤ ਹੈਂ॥ਅਧੂਤ ਹੈਂ॥੧੩੫॥**

ਤੂੰ ਤੱਤਾਂ ਅਤੇ ਭੈ ਤੋਂ ਰਹਿਤ ਹੈਂ।

**ਅਨਾਸ ਹੈਂ॥ਉਦਾਸ ਹੈਂ॥**

ਤੂੰ ਆਸਾਵਾਂ ਰਹਿਤ ਅਤੇ ਤਿਆਗੀ ਹੈਂ।

**ਅਧੰਧ ਹੈਂ॥ਅਬੰਧ ਹੈਂ॥੧੩੬॥**

ਤੂੰ ਸੰਸਾਰਿਕ ਧੰਧਿਆਂ ਅਤੇ ਬੰਧਨਾਂ ਤੋਂ ਰਹਿਤ ਹੈਂ।

**ਅਭਗਤ ਹੈਂ॥ਬਿਰਕਤ ਹੈਂ॥**

ਤੂੰ ਕਿਸੇ ਦਾ ਭਗਤ ਨਹੀਂ ਅਤੇ ਸੰਸਾਰਕ ਪਦਾਰਥਾਂ ਦਾ ਤਿਆਗੀ ਹੈਂ।

**ਅਨਾਸ ਹੈਂ॥ਪ੍ਰਕਾਸ ਹੈਂ॥੧੩੭॥**

ਤੂੰ ਮੌਤ ਰਹਿਤ ਅਤੇ ਪ੍ਰਕਾਸ਼ ਰੂਪ ਹੈਂ।

**ਨਿਚਿੰਤ ਹੈਂ॥ਸੁਨਿੰਤ ਹੈਂ॥**

ਤੂੰ ਨਿਸ਼ਚਿੰਤ ਅਤੇ ਅਮਰ ਹੈਂ।

**ਅਲਿੱਖ ਹੈਂ॥ਅਦਿੱਖ ਹੈਂ॥੧੩੮॥**

ਤੇਰੇ ਗੁਣ ਲਿਖੇ ਨਹੀਂ ਜਾ ਸਕਦੇ ਅਤੇ ਤੂੰ ਦਿਸਦਾ ਵੀ ਨਹੀਂ ਹੈਂ।

**ਅਲੇਖ ਹੈਂ॥ਅਭੇਖ ਹੈਂ॥**

ਤੂੰ ਲੇਖਾਂ ਅਤੇ ਭੇਖਾਂ ਤੋਂ ਰਹਿਤ ਹੈਂ।

**ਅਢਾਹ ਹੈਂ॥ਅਗਾਹ ਹੈਂ॥੧੩੯॥**

ਤੈਨੂੰ ਕੋਈ ਢਾਹ(ਹਰਾ) ਅਤੇ ਫੜ ਨਹੀਂ ਸਕਦਾ।

**ਅਸੰਭ ਹੈਂ ॥ ਅਗੰਭ ਹੈਂ ॥**

ਤੂੰ ਜਨਮ ਰਹਿਤ ਅਤੇ ਗੰਭੀਰ ਹੈਂ।

**ਅਨੀਲ ਹੈਂ ॥ ਅਨਾਦਿ ਹੈਂ ॥੧੪੦॥**

ਤੂੰ ਕਲੰਕ ਅਤੇ ਆਰੰਭ ਰਹਿਤ ਹੈਂ।

**ਅਨਿੱਤ ਹੈਂ ॥ ਸੁ ਨਿੱਤ ਹੈਂ ॥**

ਤੂੰ ਕਿਸੇ ਦਾ ਮੁਕੱਰਰ ਕੀਤਾ ਨਹੀਂ ਅਤੇ ਭਲੀ ਪ੍ਰਕਾਰ ਸਥਿਰ ਹੈਂ।

**ਅਜਾਤ ਹੈਂ ॥ ਅਜਾਦ ਹੈਂ ॥੧੪੧॥**

ਤੂੰ ਜਾਤ ਤੋਂ ਰਹਿਤ ਅਤੇ ਸੁਤੰਤਰ ਹੈਂ।

**ਚਰਪਟ ਛੰਦ ॥ ਤ੍ਵ ਪ੍ਰਸਾਦਿ ॥**

**ਸਰਬੰ ਹੰਤਾ ॥ ਸਰਬੰ ਗੰਤਾ ॥**

ਤੂੰ ਸਭ ਦਾ ਨਾਸਕ ਅਤੇ ਸਰਬ-ਵਿਆਪਕ ਹੈਂ।

**ਸਰਬੰ ਖਿਆਤਾ ॥ ਸਰਬੰ ਗਿਆਤਾ ॥੧੪੨॥**

ਤੂੰ ਸਾਰਿਆਂ ਵਿੱਚ ਮਸ਼ਹੂਰ ਅਤੇ ਅੰਤਰਜਾਮੀ ਹੈਂ।

**ਸਰਬੰ ਹਰਤਾ ॥ ਸਰਬੰ ਕਰਤਾ ॥**

ਤੂੰ ਸਭ ਨੂੰ ਖਤਮ ਕਰਨ ਵਾਲਾ ਅਤੇ ਉਹਨਾਂ ਨੂੰ ਪੈਦਾ ਕਰਨ ਵਾਲਾ ਹੈਂ।

**ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥੧੪੩॥**

ਤੂੰ ਸਾਰਿਆਂ ਦਾ ਜੀਵਨ ਅਤੇ ਆਸਰਾ ਹੈਂ।

**ਸਰਬੰ ਕਰਮੰ ॥ ਸਰਬੰ ਧਰਮੰ ॥**

ਤੂੰ ਸਾਰਿਆਂ ਕਰਮਾਂ ਧਰਮਾਂ ਦਾ ਮਾਲਕ ਹੈਂ।

**ਸਰਬੰ ਜੁਗਤਾ ॥ ਸਰਬੰ ਮੁਕਤਾ ॥੧੪੪॥**

ਤੂੰ ਸਭ ਨਾਲ ਜੁੜਿਆ ਹੋਇਆ ਵੀ ਹੈਂ ਅਤੇ ਸਭ ਨਾਲੋਂ ਵੱਖਰਾ ਵੀ ਹੈਂ।

**ਰਸਾਵਲ ਛੰਦ ॥ ਤ੍ਵ ਪ੍ਰਸਾਦਿ ॥**

**ਨਮੋ ਨਰਕ ਨਾਸੇ ॥ ਸਦੈਵੰ ਪ੍ਰਕਾਸੇ ॥**

ਨਰਕਾਂ ਦੇ ਦੁੱਖ ਨਾਸ ਕਰਨ ਵਾਲੇ ਅਤੇ ਹਰ ਸਮੇਂ ਪ੍ਰਕਾਸ਼ ਰੂਪ
ਪ੍ਰਭੂ! ਤੈਨੂੰ ਨਮਸਕਾਰ ਹੈ।

**ਅਨੰਗੰ ਸਰੂਪੇ ॥ ਅਭੰਗੰ ਬਿਭੂਤੇ ॥੧੪੫॥**

ਤੂੰ ਕਾਮਦੇਵ ਵਾਂਗ ਸੁੰਦਰ ਸਰੂਪ ਵਾਲਾ ਅਤੇ ਅਵਿਨਾਸ਼ੀ ਪ੍ਰਤਾਪ ਵਾਲਾ ਹੈਂ।

**ਪ੍ਰਮਾਥੰ ਪ੍ਰਮਾਥੇ ॥ ਸਦਾ ਸਰਬ ਸਾਥੇ ॥**

ਤੂੰ ਜ਼ਾਲਮਾਂ ਦਾ ਨਾਸ਼ ਕਰਨ ਵਾਲਾ ਅਤੇ ਹਮੇਸ਼ਾਂ ਸਾਰਿਆਂ ਦੇ ਨਾਲ ਰਹਿੰਦਾ ਹੈਂ।

**ਅਗਾਧ ਸਰੂਪੇ ॥ ਨ੍ਰਿਬਾਧ ਬਿਭੂਤੇ ॥੧੪੬॥**

ਤੂੰ ਗੰਭੀਰ ਸਰੂਪ ਵਾਲਾ ਅਤੇ ਅਮਰ ਸਮੱਗਰੀ ਵਾਲਾ ਹੈਂ।

**ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ॥**

ਤੂੰ ਸਰੀਰ ਤੇ ਨਾਮ ਤੋਂ ਬਿਨਾਂ ਹੈਂ ਅਤੇ ਕਾਲ ਰੂਪ ਹੋ ਕੇ ਤਿੰਨਾਂ ਲੋਕਾਂ ਦਾ ਨਾਸ ਕਰਨ ਵਾਲਾ ਹੈਂ।

**ਨ੍ਰਿਭੰਗੀ ਸਰੂਪੇ॥ ਸ੍ਰਬੰਗੀ ਅਨੂਪੇ॥੧੪੭॥**

ਤੂੰ ਅਵਿਨਾਸ਼ੀ ਸਰੂਪ ਵਾਲਾ ਅਤੇ ਸਾਰਿਆਂ ਪਾਸਿਆਂ ਤੋਂ ਸੁੰਦਰ ਹੈਂ।

**ਨ ਪੋਤ੍ਰੈ ਨ ਪੁਤ੍ਰੈ॥ ਨ ਸਤ੍ਰੈ ਨ ਮਿਤ੍ਰੈ॥**

ਤੇਰਾ ਕੋਈ ਪੋਤਰਾ, ਪੁੱਤਰ, ਦੁਸ਼ਮਣ ਅਤੇ ਸੱਜਣ ਨਹੀਂ ਹੈ।

**ਨ ਤਾਤੈ ਨ ਮਾਤੈ॥ ਨ ਜਾਤੈ ਨ ਪਾਤੈ॥੧੪੮॥**

ਤੇਰਾ ਕੋਈ ਪਿਉ, ਮਾਂ, ਜਾਤ ਅਤੇ ਕੁਲ ਵੀ ਨਹੀਂ ਹੈ।

**ਨ੍ਰਿਸਾਕੰ ਸਰੀਕ ਹੈਂ॥ ਅਮਿਤੋ ਅਮੀਕ ਹੈਂ॥**

ਹੇ ਪ੍ਰਭੂ! ਤੂੰ ਸਾਕ-ਸੰਬੰਧ ਤੋਂ ਰਹਿਤ, ਬੇਅੰਤ ਅਤੇ ਗੰਭੀਰ ਹੈਂ।

**ਸਦੈਵੰ ਪ੍ਰਭਾ ਹੈਂ॥ ਅਜੈ ਹੈਂ ਅਜਾ ਹੈਂ॥੧੪੯॥**

ਤੂੰ ਸਦਾ ਹੀ ਪ੍ਰਕਾਸ਼ਮਈ, ਅਮਰ ਅਤੇ ਅਜਨਮ ਹੈਂ।

**ਭਗਵਤੀ ਛੰਦ॥ ਤ੍ਵਪ੍ਰਸਾਦਿ॥**

**ਕਿ ਜ਼ਾਹਰ ਜ਼ਹੂਰ ਹੈਂ॥ ਕਿ ਹਾਜ਼ਰ ਹਜ਼ੂਰ ਹੈਂ॥**

ਹੇ ਪ੍ਰਭੂ! ਤੂੰ ਹਰ ਵਕਤ ਪ੍ਰਤੱਖ ਰੂਪ ਵਿੱਚ ਪ੍ਰਗਟ ਹੈਂ ਅਤੇ ਹਰ ਥਾਂ ਮੌਜੂਦ ਹੈਂ।

**ਹਮੇਸੁਲ ਸਲਾਮ ਹੈਂ॥ ਸਮਸਤੁਲ ਕਲਾਮ ਹੈਂ॥੧੫੦॥**

ਤੂੰ ਹਰ ਸਮੇਂ ਮੌਜੂਦ ਹੈਂ ਅਤੇ ਤੇਰੀ ਬਾਣੀ ਅਮਰ ਹੈਂ।

**ਕਿ ਸਾਹਿਬ ਦਿਮਾਗ਼ ਹੈਂ॥ ਕਿ ਹੁਸਨੁਲ ਚਰਾਗ਼ ਹੈਂ॥**

ਤੂੰ ਬਹੁਤ ਅਕਲਮੰਦ ਅਤੇ ਸੁੰਦਰਤਾ ਦਾ ਦੀਵਾ ਹੈਂ।

**ਕਿ ਕਾਮਲ ਕਰੀਮ ਹੈਂ॥ ਕਿ ਰਾਜ਼ਕ ਰਹੀਮ ਹੈਂ॥੧੫੧॥**

ਤੂੰ ਪੂਰਨ ਕ੍ਰਿਪਾਲੂ, ਰਿਜ਼ਕ ਦੇਣ ਵਾਲਾ ਅਤੇ ਰਹਿਮ-ਦਿਲ ਹੈਂ।

**ਕਿ ਰੋਜ਼ੀ ਦਿਹਿੰਦ ਹੈਂ॥ ਕਿ ਰਾਜ਼ਕ ਰਹਿੰਦ ਹੈਂ॥**

ਤੂੰ ਭੋਜਨ ਦੇਣ ਵਾਲਾ, ਰਿਜ਼ਕ ਦਾਤਾ ਅਤੇ ਮੁਕਤੀ ਦੇਣ ਵਾਲਾ ਹੈਂ।

**ਕਰੀਮੁਲ ਕਮਾਲ ਹੈਂ॥ ਕਿ ਹੁਸਨੁਲ ਜਮਾਲ ਹੈਂ॥੧੫੨॥**

ਤੂੰ ਪੂਰਨ ਕ੍ਰਿਪਾਲੂ ਅਤੇ ਸੁੰਦਰਤਾ ਦੀ ਸਿਖ਼ਰ ਹੈਂ।

**ਗਨੀਮੁਲ ਖਿਰਾਜ ਹੈਂ॥ ਗਰੀਬੁਲ ਨਿਵਾਜ਼ ਹੈਂ॥**

ਤੂੰ ਹੰਕਾਰੀਆਂ ਨੂੰ ਨਾਸ ਕਰਨ ਵਾਲਾ ਅਤੇ ਗਰੀਬਾਂ ਨੂੰ ਪਾਲਣ ਵਾਲਾ ਹੈਂ।

**ਹਰੀਫੁਲ ਸਿਕੰਨ ਹੈਂ॥ ਹਿਰਾਸੁਲ ਫਿਕੰਨ ਹੈਂ॥੧੫੩॥**

ਤੂੰ ਦੁਸ਼ਮਣਾਂ ਦਾ ਮਾਣ ਤੋੜਣ ਵਾਲਾ ਅਤੇ
ਆਪਣੇ ਪਿਆਰਿਆਂ ਦੇ ਡਰ ਦੂਰ ਕਰਨ ਵਾਲਾ ਹੈਂ।

**ਕਲੰਕੰ ਪ੍ਰਣਾਸ ਹੈਂ॥ ਸਮਸਤੁਲ ਨਿਵਾਸ ਹੈਂ॥**
ਦੁਸ਼ਮਣਾਂ ਦੇ ਨਾਸ ਕਰਨ ਵਾਲਾ ਅਤੇ ਸਭ ਥਾਈਂ ਨਿਵਾਸ ਰੱਖਣ ਵਾਲਾ ਹੈਂ।
**ਅਗੰਜੁਲ ਗਨੀਮ ਹੈਂ॥ ਰਜ਼ਾਇਕ ਰਹੀਮ ਹੈਂ॥੧੫੪॥**
ਹੰਕਾਰੀਆਂ ਤੋਂ ਅਜਿੱਤ ਅਤੇ ਰਿਜ਼ਕ ਦੇਣ ਵਾਲਾ ਮਿਹਰਬਾਨ ਹੈਂ।
**ਸਮਸਤੁਲ ਜ਼ੁਬਾਂ ਹੈਂ॥ ਕਿ ਸਾਹਿਬ ਕਿਰਾਂ ਹੈਂ॥**
ਤੂੰ ਸਭ ਦੀ ਜ਼ਬਾਨ (ਬਾਣੀ) ਅਤੇ ਮਹਾਨ ਬਾਦਸ਼ਾਹ ਹੈਂ।
**ਕਿ ਨਰਕੰ ਪ੍ਰਣਾਸ ਹੈਂ॥ ਬਹਿਸ਼ਤੁਲ ਨਿਵਾਸ ਹੈਂ॥੧੫੫॥**
ਤੂੰ ਨਰਕਾਂ ਦਾ ਨਾਸ ਕਰਨ ਵਾਲਾ ਅਤੇ ਸਵਰਗਾਂ ਵਿੱਚ ਵਾਸ ਕਰਨ ਵਾਲਾ ਹੈਂ।
**ਕਿ ਸਰਬੁਲ ਗਵੰਨ ਹੈਂ॥ ਹਮੇਸੁਲ ਰਵੰਨ ਹੈਂ॥**
ਤੂੰ ਸਭ ਥਾਈਂ ਪਹੁੰਚਣ ਵਾਲਾ ਅਤੇ ਵਿਆਪਕ ਹੈਂ।
**ਤਮਾਮੁਲ ਤਮੀਜ਼ ਹੈਂ॥ ਸਮਸਤੁਲ ਅਜ਼ੀਜ਼ ਹੈਂ॥੧੫੬॥**
ਤੂੰ ਸਭ ਦੀ ਬੁੱਧੀ ਨੂੰ ਜਾਨਣ ਵਾਲਾ ਅਤੇ ਸਭ ਦਾ ਪਿਆਰਾ ਹੈਂ।
**ਪਰੰ ਪਰਮਈਸ ਹੈਂ॥ ਸਮਸਤੁਲ ਅਦੀਸ ਹੈਂ॥**
ਤੂੰ ਬਹੁਤ ਵੱਡਾ ਰਾਜਾ ਅਤੇ ਸਭ ਦੀ ਜੀਵਨ-ਜੋਤ ਹੈਂ।
**ਅਦੇਸੁਲ ਅਲੇਖ ਹੈਂ॥ ਹਮੇਸੁਲ ਅਭੇਖ ਹੈਂ॥੧੫੭॥**
ਤੇਰੇ ਹੁਕਮ ਲਿਖੇ ਨਹੀਂ ਜਾ ਸਕਦੇ ਅਤੇ ਤੂੰ ਹਮੇਸ਼ਾ ਹੀ ਭੇਖਾਂ ਤੋਂ ਰਹਿਤ ਹੈਂ।
**ਜ਼ਮੀਨੁਲ ਜ਼ਮਾਂ ਹੈਂ॥ ਅਮੀਕੁਲ ਇਮਾਂ ਹੈਂ॥**
ਤੂੰ ਜ਼ਮੀਨ ਅਤੇ ਆਸਮਾਨ ਵਿੱਚ ਵਿਆਪਕ, ਗੰਭੀਰ ਧਰਮ ਵਾਲਾ ਹੈਂ।
**ਕਰੀਮੁਲ ਕਮਾਲ ਹੈਂ॥ ਕਿ ਜੁਰਅਤ ਜਮਾਲ ਹੈਂ॥੧੫੮॥**
ਤੂੰ ਪੂਰਨ ਮਿਹਰਬਾਨ, ਦਲੇਰੀ ਅਤੇ ਸੁੰਦਰਤਾ ਵਾਲਾ ਹੈਂ।
**ਕਿ ਅਚਲੰ ਪ੍ਰਕਾਸ ਹੈਂ॥ ਕਿ ਅਮਿਤੋ ਸੁਬਾਸ ਹੈਂ॥**
ਤੂੰ ਪ੍ਰਕਾਸ਼ ਦਾ ਪਹਾੜ ਅਤੇ ਬੇਅੰਤਤਾ ਦਾ ਘਰ ਹੈਂ।
**ਕਿ ਅਜਬ ਸਰੂਪ ਹੈਂ॥ ਕਿ ਅਮਿਤੋ ਬਿਭੂਤਿ ਹੈਂ॥੧੫੯॥**
ਹੇ ਪ੍ਰਭੂ! ਤੂੰ ਅਸਚਰਜ ਸਰੂਪ ਵਾਲਾ ਅਤੇ ਬੇਅੰਤ ਮਾਇਆ ਵਾਲਾ ਹੈਂ।
**ਕਿ ਅਮਿਤੋ ਪਸਾ ਹੈਂ॥ ਕਿ ਆਤਮ ਪ੍ਰਭਾ ਹੈਂ॥**
ਤੂੰ ਸ੍ਰਿਸ਼ਟੀ ਦੇ ਬੇਅੰਤ ਪਸਾਰੇ ਦਾ ਮਾਲਕ ਅਤੇ ਆਪਣੇ ਆਪ ਤੋਂ ਪ੍ਰਕਾਸ਼ ਮਾਣ ਹੈਂ।
**ਕਿ ਅਚਲੰ ਅਨੰਗ ਹੈਂ॥ ਕਿ ਅਮਿਤੋ ਅਭੰਗ ਹੈਂ॥੧੬੦॥**
ਤੂੰ ਐਸਾ ਅਚੱਲ ਹੈਂ ਕਿ ਕਾਮ ਆਦਿਕ ਤੈਨੂੰ ਡੁਲਾ ਨਹੀਂ ਸਕਦੇ ਅਤੇ ਤੂੰ ਬੇਅੰਤ ਗੁਣਾਂ ਵਾਲਾ, ਅਵਿਨਾਸ਼ੀ ਹੈਂ।

**ਮਧੁਭਾਰ ਛੰਦ ॥ ਤ੍ਵਪ੍ਰਸਾਦਿ ॥**

**ਮੁਨਿ ਮਨਿ ਪ੍ਰਨਾਮ ॥ ਗੁਨ ਗਨ ਮੁਦਾਮ ॥**

ਮੁਨੀਆਂ ਦੇ ਸ਼੍ਰੋਮਣੀ ਅਤੇ ਗੁਣਾਂ ਦੇ ਪੁੰਜ ਪ੍ਰਭੂ ! ਤੈਨੂੰ ਨਮਸਕਾਰ ਹੈ।

**ਅਰਿ ਬਰ ਅਗੰਜ ॥ ਹਰਿ ਨਰ ਪ੍ਰਭੰਜ ॥ ੧੬੧ ॥**

ਹੇ ਮਹਾਂ ਵੈਰੀਆਂ ਤੋਂ ਵੀ ਅਜਿੱਤ ਪ੍ਰਭੂ ! ਤੂੰ ਦੇਵਤਿਆਂ
ਅਤੇ ਬੰਦਿਆਂ ਨੂੰ ਨਾਸ ਕਰਨ ਵਾਲਾ ਹੈਂ।

**ਅਨ ਗਨ ਪ੍ਰਨਾਮ ॥ ਮੁਨਿ ਮਨ ਸਲਾਮ ॥**

ਹੇ ਮੁਨੀਆਂ ਦੇ ਸ਼੍ਰੋਮਣੀ ! ਤੈਨੂੰ ਅਨੇਕ ਵਾਰ ਨਮਸਕਾਰ ਹੈ।

**ਹਰਿ ਨਰ ਅਖੰਡ ॥ ਬਰ ਨਰ ਅਮੰਡ ॥ ੧੬੨ ॥**

ਤੂੰ ਮਨੁੱਖਾਂ ਨੂੰ ਪੈਦਾ ਕਰਨ ਵਾਲਾ, ਨਾਸ ਰਹਿਤ ਅਤੇ
ਤਾਕਤਵਰਾਂ ਤੋਂ ਅਜਿੱਤ ਹੈਂ।

**ਅਨੁਭਵ ਅਨਾਸ ॥ ਮੁਨਿ ਮਨਿ ਪ੍ਰਕਾਸ ॥**

ਤੂੰ ਅਮਿੱਟ ਗਿਆਨ ਵਾਲਾ ਅਤੇ ਸ਼੍ਰੇਸ਼ਟ ਮੁਨੀਆਂ ਦਾ ਪ੍ਰਕਾਸ਼ ਰੂਪ ਹੈਂ।

**ਗੁਨ ਗਨ ਪ੍ਰਨਾਮ ॥ ਜਲ ਥਲ ਮੁਦਾਮ ॥ ੧੬੩ ॥**

ਤੇਰੇ ਸਮੂਹ ਗੁਣਾਂ ਨੂੰ ਨਮਸਕਾਰ ਹੈ ਅਤੇ
ਤੂੰ ਸਦਾ ਹੀ ਜਲ ਥਲ ਵਿੱਚ ਮੌਜੂਦ ਹੈਂ।

**ਅਨਛਿੱਜ ਅੰਗ ॥ ਆਸਨ ਅਭੰਗ ॥**

ਤੂੰ ਅਮਰ ਸਰੀਰ ਅਤੇ ਅਡੋਲ ਆਸਣ ਵਾਲਾ ਹੈਂ।

**ਉਪਮਾ ਅਪਾਰ ॥ ਗਤਿ ਮਿਤਿ ਉਦਾਰ ॥ ੧੬੪ ॥**

ਤੂੰ ਬੇਅੰਤ ਸੋਭਾ ਅਤੇ ਸ਼੍ਰੇਸ਼ਟ ਮਰਿਆਦਾ ਵਾਲਾ ਹੈਂ।

**ਜਲ ਥਲ ਅਮੰਡ ॥ ਦਿਸ ਵਿਸ ਅਭੰਡ ॥**

ਤੂੰ ਜਲ-ਥਲ ਵਿੱਚ ਮੌਜੂਦ, ਦਿਸ਼ਾਵਾਂ ਤੇ ਉਪਦਿਸ਼ਾਵਾਂ ਵਿੱਚ ਵਿਆਪਕ ਅਤੇ
ਵਿਘਨ-ਰਹਿਤ ਹੈਂ।

**ਜਲ ਥਲ ਮਹੰਤ ॥ ਦਿਸ ਵਿਸ ਬਿਅੰਤ ॥ ੧੬੫ ॥**

ਤੂੰ ਸਮੂਹ ਵਿਸ਼ਵ ਦਾ ਪੂਜਨੀਕ ਹੈਂ ਅਤੇ ਦਿਸ਼ਾਵਾਂ ਤੇ ਉਪਦਿਸ਼ਾਵਾਂ ਵਿੱਚ ਤੇਰਾ
ਅਪਾਰ ਜੱਸ ਹੋ ਰਿਹਾ ਹੈ।

**ਅਨਭਵ ਅਨਾਸ ॥ ਧ੍ਰਿਤ ਧਰ ਧੁਰਾਸ ॥**

ਤੇਰਾ ਅਨੁਭਵ ਅਵਿਨਾਸ਼ੀ ਹੈ ਅਤੇ ਤੂੰ ਸਦਾ ਹੀ ਧੀਰਜ ਅਤੇ
ਧਰਤੀ ਦਾ ਆਸਰਾ ਹੈਂ।

**ਆਜਾਨੁ ਬਾਹੁ ॥ ਏਕੈ ਸਦਾਹੁ ॥ ੧੬੬ ॥**

ਤੂੰ ਗੋਡਿਆਂ ਤੱਕ ਭੁਜਾਵਾਂ ਵਾਲਾ ਅਤੇ ਹਮੇਸ਼ਾਂ ਇੱਕ ਹੀ ਹੈਂ।

**ਓਅੰਕਾਰ ਆਦਿ ॥ ਕਥਨੀ ਅਨਾਦਿ ॥**

ਮੁੱਢ ਤੋਂ ਹੀ ਓਅੰਕਾਰ ਆਦਿਕ ਨਾਂਵਾਂ ਨਾਲ ਤੇਰੀ ਕਥਾ ਚਲੀ ਆਉਂਦੀ ਹੈ।

**ਖਲ ਖੰਡ ਖਿਆਲ ॥ ਗੁਰੁ ਬਰ ਅਕਾਲ ॥ ੧੬੭ ॥**

ਤੈਨੂੰ ਦੁਸ਼ਟਾਂ ਦਾ ਕਾਲ ਮੰਨਿਆ ਜਾਂਦਾ ਹੈ ਅਤੇ ਤੂੰ ਪੂਜਨੀਕ,
ਉੱਤਮ ਅਤੇ ਮੌਤ ਰਹਿਤ ਹੈਂ।

**ਘਰ ਘਰ ਪ੍ਰਨਾਮ ॥ ਚਿਤ ਚਰਨ ਨਾਮ ॥**

ਤੈਨੂੰ ਘਰ-ਘਰ ਨਮਸਕਾਰ ਹੁੰਦੀ ਹੈ ਅਤੇ ਸਭ ਜੀਵਾਂ ਦੇ ਮਨਾਂ ਵਿੱਚ
ਤੇਰੇ ਚਰਨ ਅਤੇ ਤੇਰਾ ਨਾਮ ਵੱਸਦਾ ਹੈ।

**ਅਨਛਿੱਜ ਗਾਤ ॥ ਆਜਿਜ ਨ ਬਾਤ ॥ ੧੬੮ ॥**

ਤੇਰਾ ਸਰੀਰ ਅਵਿਨਾਸ਼ੀ ਹੈ ਅਤੇ ਤੂੰ ਕਿਸੇ ਵੀ ਗੱਲੋਂ ਅਸਮਰੱਥ ਨਹੀਂ।

**ਅਨਝੰਝ ਗਾਤ ॥ ਅਨਰੰਜ ਬਾਤ ॥**

ਤੇਰੀ ਹੋਂਦ ਸਭ ਝਗੜਿਆਂ ਤੋਂ ਰਹਿਤ ਅਤੇ ਤੇਰੇ ਬਚਨ
ਗ਼ਮ ਦੂਰ ਕਰਨ ਵਾਲੇ ਹਨ।

**ਅਨਟੁਟ ਭੰਡਾਰ ॥ ਅਨਠਟ ਅਪਾਰ ॥ ੧੬੯ ॥**

ਤੇਰਾ ਭੰਡਾਰਾ ਅਖੁੱਟ ਹੈ ਅਤੇ ਤੂੰ ਕਿਸੇ ਦਾ ਬਣਾਇਆ ਹੋਇਆ ਨਹੀਂ।

**ਆਡੀਠ ਧਰਮ ॥ ਅਤਿ ਢੀਠ ਕਰਮ ॥**

ਤੂੰ ਅਦ੍ਰਿਸ਼ ਧਰਮ ਵਾਲਾ ਅਤੇ ਬਲਵਾਨ ਕਰਮਾਂ ਵਾਲਾ ਹੈਂ।

**ਅਨਬ੍ਰਣ ਅਨੰਤ ॥ ਦਾਤਾ ਮਹੰਤ ॥ ੧੭੦ ॥**

ਤੂੰ ਫੱਟ ਰਹਿਤ, ਬੇਅੰਤ ਅਤੇ ਮਹਾਨ ਦਾਤਾ ਹੈਂ।

**ਹਰਿ ਬੋਲਮਨਾ ਛੰਦ ॥ ਤ੍ਵਪ੍ਰਸਾਦਿ ॥**

**ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥**

ਹੇ ਪ੍ਰਭੂ! ਤੂੰ ਦਇਆ ਦਾ ਘਰ ਅਤੇ ਦੁਸ਼ਮਣਾਂ ਨੂੰ ਖ਼ਤਮ ਕਰਨ ਵਾਲਾ ਹੈਂ।

**ਖਲ ਖੰਡਨ ਹੈਂ ॥ ਮਹਿ ਮੰਡਨ ਹੈਂ ॥ ੧੭੧ ॥**

ਤੂੰ ਦੁਸ਼ਟਾਂ ਨੂੰ ਨਾਸ਼ ਕਰਨਵਾਲਾ ਅਤੇ ਧਰਤੀ ਦਾ ਪੂਜਨੀਕ ਹੈਂ।

**ਜਗਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥**

ਸੰਸਾਰ ਦਾ ਮਾਲਿਕ ਅਤੇ ਵੱਡਾ ਸੁਆਮੀ ਹੈਂ।

**ਕਲਿ ਕਾਰਣ ਹੈਂ ॥ ਸਰਬੁਬਾਰਣ ਹੈਂ ॥ ੧੭੨ ॥**

ਤੂੰ ਰਚਨਾ (ਸ਼੍ਰਿਸ਼ਟੀ) ਦਾ ਕਾਰਨ ਰੂਪ ਹੈਂ ਅਤੇ
ਸਾਰਿਆਂ ਨੂੰ ਬਚਾਉਣ ਵਾਲਾ ਹੈਂ।

**ਧ੍ਰਿਤ ਧਾਰਨ ਹੈਂ ॥ ਜਗ ਕਾਰਨ ਹੈਂ ॥**

ਤੂੰ ਧੀਰਜ ਨੂੰ ਧਾਰਨ ਵਾਲਾ ਅਤੇ ਸੰਸਾਰ ਦਾ ਰਚਣਹਾਰ ਹੈਂ।

**ਮਨ ਮਾਨਿਯ ਹੈਂ॥ਜਗ ਜਾਨਿਯ ਹੈਂ॥੧੭੩॥**

ਮਨ ਦੁਆਰਾ ਮੰਨਣ ਯੋਗ ਅਤੇ ਸੰਸਾਰ ਲਈ ਜਾਨਣ ਯੋਗ ਹੈਂ।

**ਸਰਬੰ ਭਰ ਹੈਂ॥ਸਰਬੰ ਕਰ ਹੈਂ॥**

ਤੂੰ ਸਾਰਿਆਂ ਨੂੰ ਪਾਲਣਵਾਲਾ ਅਤੇ ਸਭ ਨੂੰ ਰਚਣ ਵਾਲਾ ਹੈਂ।

**ਸਰਬੁਪਾਸਜ ਹੈਂ॥ਸਰਬ ਨਾਸਜ ਹੈਂ॥੧੭੪॥**

ਤੂੰ ਸਭ ਦਾ ਪੂਜਨੀਕ ਅਤੇ ਵਿਨਾਸ਼ਕ ਹੈਂ।

**ਕਰੁਣਾਕਰ ਹੈਂ॥ਬਿਸ੍ਵੰਭਰ ਹੈਂ॥**

ਤੂੰ ਕ੍ਰਿਪਾ ਦੀ ਖਾਣ ਅਤੇ ਸੰਸਾਰ ਦਾ ਪਾਲਣਹਾਰ ਹੈਂ।

**ਸਰਬੇਸ੍ਵਰ ਹੈਂ॥ਜਗਤੇਸ੍ਵਰ ਹੈਂ॥੧੭੫॥**

ਤੂੰ ਸਾਰੇ ਸੰਸਾਰ ਦਾ ਰਾਜਾ ਅਤੇ ਮਾਲਿਕ ਹੈਂ।

**ਬ੍ਰਹਮੰਡਸ ਹੈਂ॥ਖਲ ਖੰਡਸ ਹੈਂ॥**

ਤੂੰ ਬ੍ਰਹਮੰਡ-ਸਰੂਪ ਅਤੇ ਦੁਸ਼ਟਾਂ ਨੂੰ ਨਾਸ਼ ਕਰਨ ਵਾਲਾ ਹੈਂ।

**ਪਰ ਤੇ ਪਰ ਹੈਂ॥ਕਰੁਣਾਕਰ ਹੈਂ॥੧੭੬॥**

ਤੂੰ ਦੂਰ ਤੋਂ ਦੂਰ ਅਤੇ ਕ੍ਰਿਪਾ ਦੀ ਖਾਣ ਹੈਂ।

**ਅਜਪਾ ਜਪ ਹੈਂ॥ਅਥਪਾ ਥਪ ਹੈਂ॥**

ਤੇਰਾ ਜਾਪ ਜਪਿਆ ਨਹੀਂ ਜਾ ਸਕਦਾ ਅਤੇ
ਤੂੰ ਕਿਸੇ ਦਾ ਸਥਾਪਿਤ ਕੀਤਾ ਹੋਇਆ ਨਹੀਂ।

**ਅਕ੍ਰਿਤਾਕ੍ਰਿਤ ਹੈਂ॥ਅਮ੍ਰਿਤਾਮ੍ਰਿਤ ਹੈਂ॥੧੭੭॥**

ਤੂੰ ਸੁੰਦਰਤਾ ਦੀ ਮੂਰਤ ਅਤੇ ਅੰਮ੍ਰਿਤਾਂ ਦਾ ਵੀ ਅਮਰ ਤੱਤ ਹੈਂ।

**ਅਮ੍ਰਿਤਾਮ੍ਰਿਤ ਹੈਂ॥ਕਰੁਣਾਕ੍ਰਿਤ ਹੈਂ॥**

ਤੂੰ ਅਮਰ ਲੋਕਾਂ ਨੂੰ ਮਾਰਨ ਵਾਲਾ ਅਤੇ ਦਇਆ ਦਾ ਘਰ ਹੈਂ।

**ਅਕ੍ਰਿਤਾਕ੍ਰਿਤ ਹੈਂ॥ਧਰਣੀ ਧ੍ਰਿਤ ਹੈਂ॥੧੭੮॥**

ਤੂੰ ਸਿਰਜਿਆਂ ਹੋਇਆਂ ਵਾਂਗੂ ਸਿਰਜਿਆ ਹੋਇਆ ਨਹੀਂ ਅਤੇ ਧਰਤੀ ਦਾ ਧੀਰਜ ਰੂਪ ਹੈਂ।

**ਅਮਿਤੇਸ੍ਵਰ ਹੈਂ॥ਪਰਮੇਸ੍ਵਰ ਹੈਂ॥**

ਹੇ ਪ੍ਰਭੂ! ਤੇਰਾ ਖ਼ਜ਼ਾਨਾ ਅੰਦਾਜ਼ੇ ਤੋਂ ਰਹਿਤ ਹੈ ਅਤੇ ਤੂੰ ਵੱਡਾ ਰਾਜਾ ਹੈਂ।

**ਅਕ੍ਰਿਤਾਕ੍ਰਿਤ ਹੈਂ॥ਅਮ੍ਰਿਤਾਮ੍ਰਿਤ ਹੈਂ॥੧੭੯॥**

ਤੂੰ ਉਹ ਕਰਮ ਕਰਨ ਵਾਲਾ ਹੈਂ, ਜੋ ਕਿਸੇ ਤੋਂ ਨਹੀ ਕੀਤੇ ਜਾ ਸਕਦੇ ਅਤੇ ਜੋ ਅਮਰ ਹਨ, ਤੂੰ ਉਨ੍ਹਾਂ ਨੂੰ ਵੀ ਮਾਰ ਸਕਦਾ ਹੈਂ।

**ਅਜਬਾਕ੍ਰਿਤ ਹੈਂ॥ਅਮ੍ਰਿਤਾਮ੍ਰਿਤ ਹੈਂ॥**

ਤੂੰ ਅਸਚਰਜ ਰੂਪ ਹੈਂ ਅਤੇ ਅੰਮ੍ਰਿਤਾਂ ਦਾ ਵੀ ਅੰਮ੍ਰਿਤ ਹੈਂ।

**ਨਰ ਨਾਇਕ ਹੈਂ॥ਖਲ ਘਾਇਕ ਹੈਂ॥੧੯੦॥**

ਤੂੰ ਮਨੁੱਖਾਂ ਦਾ ਮਾਲਕ ਅਤੇ ਦੁਸ਼ਟਾਂ ਨੂੰ ਨਾਸ ਕਰਨ ਵਾਲਾ ਹੈਂ।

**ਬਿਸ੍ਵੰਭਰ ਹੈਂ॥ਕਰੁਣਾਲਯ ਹੈਂ॥**

ਤੂੰ ਸੰਸਾਰ ਨੂੰ ਪਾਲਣ ਵਾਲਾ ਅਤੇ ਕ੍ਰਿਪਾ ਦਾ ਘਰ ਹੈਂ।

**ਨ੍ਰਿਪ ਨਾਇਕ ਹੈਂ॥ਸਰਬ ਪਾਇਕ ਹੈਂ॥੧੯੧॥**

ਤੂੰ ਰਾਜਿਆਂ ਦਾ ਮਾਲਕ ਹੈਂ ਅਤੇ ਸਾਰੇ ਤੇਰੇ ਹੀ ਦਾਸ ਹਨ।

**ਭਵ ਭੰਜਨ ਹੈਂ॥ਅਰਿ ਗੰਜਨ ਹੈਂ॥**

ਤੂੰ ਜਨਮ ਮਰਨ ਵਾਲੇ ਚਕ੍ਰ ਨੂੰ ਨਾਸ਼ ਕਰਨ ਵਾਲਾ ਅਤੇ
ਵੈਰੀਆਂ ਨੂੰ ਨਾਸ਼ ਕਰਨ ਵਾਲਾ ਹੈਂ।

**ਰਿਪੁ ਤਾਪਨ ਹੈਂ॥ਜਪ ਜਾਪਨ ਹੈਂ॥੧੯੨॥**

ਤੂੰ ਦੁਸ਼ਮਣਾਂ ਨੂੰ ਸਾੜਨ ਵਾਲਾ ਅਤੇ ਸਿਮਰਨ ਕਰਨ ਨਾਲ ਮਹਿਸੂਸ ਹੁੰਦਾ ਹੈਂ।

**ਅਕਲੰ ਕ੍ਰਿਤ ਹੈਂ॥ਸਰਬਾ ਕ੍ਰਿਤ ਹੈਂ॥**

ਤੂੰ ਕਲੰਕ ਰਹਿਤ ਹੈਂ ਅਤੇ ਸਭ ਤੋਂ ਸੁੰਦਰ ਹੈਂ।

**ਕਰਤਾ ਕਰ ਹੈਂ॥ਹਰਤਾ ਹਰ ਹੈਂ॥੧੯੩॥**

ਤੂੰ ਬ੍ਰਹਮਾ ਨੂੰ ਰਚਣ ਵਾਲਾ ਅਤੇ ਸ਼ਿਵ ਨੂੰ ਮਾਰਨ ਵਾਲਾ ਹੈਂ।

**ਪਰਮਾਤਮ ਹੈਂ॥ਸਰਬਾਤਮ ਹੈਂ॥**

ਤੂੰ ਮਹਾਨ ਆਤਮਾ ਵੀ ਹੈਂ ਅਤੇ ਸਭ ਦੀ ਆਤਮ ਵੀ ਤੂੰ ਹੀ ਹੈਂ।

**ਆਤਮ ਬਸ ਹੈਂ॥ਜਸ ਕੇ ਜਸ ਹੈਂ॥੧੯੪॥**

ਤੂੰ ਆਪਣੇ ਆਪ ਦੇ ਹੀ ਵੱਸ ਵਿੱਚ ਹੈਂ ਅਤੇ ਸੋਭਾ ਦਾ ਵੀ ਸੋਭਾ ਰੂਪ ਹੈਂ।

**ਭੁਜੰਗ ਪ੍ਰਯਾਤ ਛੰਦ॥**

**ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥**

ਸੂਰਜਾਂ ਦੇ ਸੂਰਜ ਅਤੇ ਚੰਦ੍ਰਮਾਂ ਦੇ ਚੰਦ੍ਰਮਾ ਨੂੰ ਨਮਸਕਾਰ ਹੈ।

**ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥**

ਰਾਜਿਆਂ ਦੇ ਰਾਜੇ ਅਤੇ ਦੇਵਰਾਜਾਂ ਦੇ ਦੇਵਰਾਜ ਨੂੰ ਨਮਸਕਾਰ ਹੈ।

**ਨਮੋ ਅੰਧਕਾਰੇ ਨਮੋ ਤੇਜ ਤੇਜੇ॥**

ਅਗਿਆਨ ਅਤੇ ਮਹਾਂ ਗਿਆਨ ਰੂਪ ਨੂੰ ਨਮਸਕਾਰ ਹੈ।

**ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ॥੧੯੫॥**

ਸਮੂਹਾਂ ਦੇ ਸਮੂਹ ਅਤੇ ਸੂਖਮ ਬੀਜ ਰੂਪ ਨੂੰ ਨਮਸਕਾਰ ਹੈ।

**ਨਮੋ ਰਾਜਸੰ ਤਾਮਸੰ ਸਾਂਤ ਰੂਪੇ॥**

ਰਜੋ, ਤਮੋ ਅਤੇ ਸਤੋ ਗੁਣ ਰੂਪ ਨੂੰ ਨਮਸਕਾਰ ਹੈ।

**ਨਮੋ ਪਰਮ ਤੱਤੰ ਅਤੱਤੰ ਸਰੂਪੇ॥**

ਮਹਾਨ ਸਿੱਧਾਂਤਾਂ ਅਤੇ ਗੈਰ-ਸਿੱਧਾਂਤਾਂ ਰੂਪ ਨੂੰ ਨਮਸਕਾਰ ਹੈ।

**ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ॥**

ਯੋਗਾਂ ਦੇ ਯੋਗ ਅਤੇ ਗਿਆਨਾਂ ਦੇ ਗਿਆਨ ਰੂਪ ਨੂੰ ਨਮਸਕਾਰ ਹੈ।

**ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ॥੧੮੬॥**

ਸ੍ਰੇਸ਼ਟ ਮੰਤ੍ਰ ਅਤੇ ਮਹਾਨ ਧਿਆਨ ਰੂਪ ਨੂੰ ਨਮਸਕਾਰ ਹੈ।

**ਨਮੋ ਜੁੱਧ ਜੁੱਧੇ ਨਮੋ ਗਿਆਨ ਗਿਆਨੇ॥**

ਯੁੱਧਾਂ ਦੇ ਯੁੱਧ ਅਤੇ ਗਿਆਨਾਂ ਦੇ ਗਿਆਨ ਰੂਪ ਨੂੰ ਨਮਸਕਾਰ ਹੈ।

**ਨਮੋ ਭੋਜ ਭੋਜੇ ਨਮੋ ਪਾਨ ਪਾਨੇ॥**

ਭੋਜਨਾਂ ਦੇ ਭੋਜਨ ਅਤੇ ਪਾਣੀਆਂ ਦੇ ਪਾਣੀ ਰੂਪ ਨੂੰ ਨਮਸਕਾਰ ਹੈ।

**ਨਮੋ ਕਲਹ ਕਰਤਾ ਨਮੋ ਸਾਂਤਿ ਰੂਪੇ॥**

ਲੜਾਈ ਕਰਨ ਵਾਲੇ ਅਤੇ ਸ਼ਾਂਤਮਈ ਰੂਪ ਨੂੰ ਨਮਸਕਾਰ ਹੈ।

**ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ॥੧੮੭॥**

ਦੇਵਰਾਜਾਂ ਦੇ ਦੇਵਰਾਜ ਅਤੇ ਅਵਿਨਾਸ਼ੀ ਸਮੱਗਰੀ ਵਾਲੇ ਨੂੰ ਨਮਸਕਾਰ ਹੈ।

**ਕਲੰਕਾਰ ਰੂਪੇ ਅਲੰਕਾਰ ਅਲੰਕੇ॥**

ਤੂੰ ਸੁੰਦਰ ਸਰੂਪ ਅਤੇ ਸ਼ਿੰਗਾਰਾਂ ਦਾ ਸ਼ਿੰਗਾਰ ਹੈਂ।

**ਨਮੋ ਆਸ ਆਸੇ ਨਮੋ ਬਾਂਕ ਬੰਕੇ॥**

ਉਮੀਦਾਂ ਦੇ ਉਮੀਦ ਰੂਪ ਅਤੇ ਸੋਹਣਿਆਂ ਦੇ ਸੋਹਣੇ ਨੂੰ ਨਮਸਕਾਰ ਹੈ।

**ਅਭੰਗੀ ਸਰੂਪੇ ਅਨੰਗੀ ਅਨਾਮੇ॥**

ਤੇਰਾ ਸਰੂਪ ਨਾਮ ਅਤੇ ਸਰੀਰ ਰਹਿਤ ਅਬਿਨਾਸੀ ਹੈ।

**ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ॥੧੮੮॥**

ਤੂੰ ਤਿੰਨਾਂ ਭਵਨਾਂ ਨੂੰ ਨਾਸ ਕਰਨ ਵਾਲਾ, ਤਿੰਨਾ ਕਾਲਾਂ ਵਿੱਚ ਮੌਜੂਦ, ਸਰੀਰ ਅਤੇ ਕਾਮਨਾ ਰਹਿਤ ਹੈਂ।

**ਏਕ ਅਛਰੀ ਛੰਦ॥**

**ਅਜੈ॥ਅਲੈ॥ਅਭੈ॥ਅਬੈ॥੧੮੯॥**

ਤੂੰ ਅਜਿੱਤ, ਅਵਿਨਾਸ਼ੀ, ਨਿਡਰ ਅਤੇ ਅਮਰ ਹੈਂ।

**ਅਭੂ॥ਅਜੂ॥ਅਨਾਸ॥ਅਕਾਸ॥੧੯੦॥**

ਤੂੰ ਉਤਪਤੀ ਬਿਨਾਂ, ਜਨਮ ਰਹਿਤ, ਅਮਰ ਅਤੇ
ਆਸਮਾਨ ਵਾਂਗ ਵਿਆਪਕ ਹੈਂ।

**ਅਗੰਜ॥ਅਭੰਜ॥ਅਲਖ॥ਅਭਖ॥੧੯੧॥**

ਹੇ ਅਜਿੱਤ ਅਤੇ ਅਟੁੱਟ ਪ੍ਰਭੂ! ਤੂੰ ਜਾਣਿਆ ਨਹੀਂ ਜਾ ਸਕਦਾ
ਅਤੇ ਭੁੱਖ ਰਹਿਤ ਹੈਂ।

**ਅਕਾਲ ॥ ਦਿਆਲ ॥ ਅਲੇਖ ॥ ਅਭੇਖ ॥ ੧੯੨ ॥**

ਹੇ ਅਮਰ ਤੇ ਕ੍ਰਿਪਾਲੂ ਪ੍ਰਭੂ! ਤੂੰ ਲੇਖਾਂ ਅਤੇ ਭੇਖਾਂ ਤੋਂ ਰਹਿਤ ਹੈਂ।

**ਅਨਾਮ ॥ ਅਕਾਮ ॥ ਅਗਾਹ ॥ ਅਢਾਹ ॥ ੧੯੩ ॥**

ਤੂੰ ਵਿਸ਼ੇਸ਼ ਨਾਮ ਤੇ ਕਾਮਨਾ ਤੋਂ ਰਹਿਤ, ਗੰਭੀਰ ਅਤੇ ਅਜਿੱਤ ਹੈਂ।

**ਅਨਾਥੇ ॥ ਪ੍ਰਮਾਥੇ ॥ ਅਜੋਨੀ ॥ ਅਮੋਨੀ ॥ ੧੯੪ ॥**

ਹੇ ਜੂਨਾਂ ਰਹਿਤ ਪ੍ਰਭੂ! ਤੂੰ ਸੁਤੰਤਰ, ਸ਼ਿਰੋਮਣੀ ਅਤੇ ਵਕਤਾ ਹੈਂ।

**ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥ ੧੯੫ ॥**

ਤੂੰ ਮੋਹ, ਆਨੰਦ, ਰੂਪ ਅਤੇ ਕਰਮ ਰਹਿਤ ਹੈਂ।

**ਅਕਰਮੰ ॥ ਅਭਰਮੰ ॥ ਅਗੰਜੇ ॥ ਅਲੇਖੇ ॥ ੧੯੬ ॥**

ਹੇ ਅਜਿੱਤ ਪ੍ਰਭੂ! ਤੂੰ ਕਰਮਾਂ, ਭਰਮਾਂ ਅਤੇ ਹਿਸਾਬਾਂ ਤੋਂ ਬਿਨਾਂ ਹੈਂ।

**ਭੁਜੰਗ ਪ੍ਰਯਾਤ ਛੰਦ ॥**

**ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ ॥**

ਸਭ ਦਾ ਨਾਸ ਕਰਨ ਵਾਲੇ, ਨਮਸਕਾਰ ਕਰਨ ਯੋਗ ਪ੍ਰਭੂ! ਤੈਨੂੰ ਨਮਸਕਾਰ ਹੈ।

**ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥**

ਤੂੰ ਅਜਿੱਤ, ਨਾਮ ਰਹਿਤ ਅਤੇ ਸਭ ਥਾਂ ਨਿਵਾਸ ਰੱਖਣ ਵਾਲਾ ਹੈਂ।

**ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ॥**

ਤੂੰ ਪਦਾਰਥਾਂ ਦੀ ਕਾਮਨਾ ਤੋਂ ਰਹਿਤ ਅਤੇ ਸਰਵ ਵਿਆਪੀ ਸਰੂਪ ਹੈਂ।

**ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥ ੧੯੭ ॥**

ਤੂੰ ਬੁਰੇ ਕਰਮਾਂ ਦਾ ਨਾਸ ਕਰਨ ਵਾਲਾ ਅਤੇ
ਸ੍ਰੇਸ਼ਟ ਧਰਮ ਨੂੰ ਫਲੀਭੂਤ ਕਰਨ ਵਾਲਾ ਹੈਂ।

**ਸਦਾ ਸੱਚਿਦਾਨੰਦ ਸਤ੍ਰੰ ਪ੍ਰਣਾਸੀ ॥**

ਤੂੰ ਹਮੇਸ਼ਾਂ ਹੀ ਸਤ-ਚਿੱਤ-ਆਨੰਦ ਰੂਪ ਅਤੇ
ਦੁਸ਼ਮਣਾਂ ਨੂੰ ਨਾਸ ਕਰਨ ਵਾਲਾ ਹੈਂ।

**ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥**

ਤੂੰ ਮਿਹਰਬਾਨ, ਕਰਤਾ-ਪੁਰਖ ਅਤੇ ਸਭ ਥਾਂ ਨਿਵਾਸ ਰੱਖਣ ਵਾਲਾ ਹੈਂ।

**ਅਜਾਇਬ ਬਿਭੂਤੇ ਗਜਾਇਬ ਗਨੀਮੇ ॥**

ਤੂੰ ਅਸਚਰਜ ਮਾਇਆ ਵਾਲਾ ਅਤੇ ਹੰਕਾਰੀਆਂ ਦਾ ਵੈਰੀ ਹੈਂ।

**ਹਰੀਅੰ ਕਰੀਅੰ ਕਰੀਮੁਲ ਰਹੀਮੇ ॥ ੧੯੮ ॥**

ਤੂੰ ਹਰਤਾ, ਕਰਤਾ, ਦਿਆਲੂ ਅਤੇ ਰਹਿਮ ਕਰਨ ਵਾਲਾ ਹੈਂ।

**ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ॥**

ਤੂੰ ਸਭ ਪਾਸੇ ਵਿਆਪਕ ਅਤੇ ਸਭ ਪਾਸਿਆਂ ਦੇ ਪਦਾਰਥਾਂ ਨੂੰ ਭੋਗਣ ਵਾਲਾ ਹੈਂ।

**ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ॥**

ਤੂੰ ਆਪਣੇ ਆਪ ਤੋਂ ਪੈਦਾ ਹੋਇਆ, ਕਲਿਆਣ ਸਰੂਪ ਅਤੇ ਸਾਰਿਆਂ ਨਾਲ ਜੁੜਿਆ ਹੋਇਆ ਹੈਂ।

**ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥**

ਤੂੰ ਬਿਪਤਾ ਦੇ ਸਮੇਂ ਨੂੰ ਨਾਸ ਕਰਨ ਵਾਲਾ ਅਤੇ ਮਿਹਰਬਾਨ ਸਰੂਪ ਹੈਂ।

**ਸਦਾ ਅੰਗ ਸੰਗੇ ਅਭੰਗੰ ਬਿਭੂਤੇ॥੧੯੯॥**

ਤੂੰ ਹਮੇਸ਼ਾਂ ਅੰਗ ਸੰਗ ਰਹਿਣ ਵਾਲਾ ਅਤੇ ਅਮੁੱਕ ਪਦਾਰਥਾਂ ਦਾ ਦਾਤਾ ਹੈਂ।

****

# ਸ਼ਬਦ ਹਜਾਰੇ ਪਾ: ੧੦

ੴ

**ਸਤਿਗੁਰ ਪ੍ਰਸਾਦਿ॥**

**ਰਾਮਕਲੀ ਪਾਤਸਾਹੀ ੧੦**

**ਰੇ ਮਨ ਐਸੋ ਕਰਿ ਸੰਨਿਆਸਾ॥**

ਹੇ ਮੇਰੇ ਮਨ! ਤੂੰ ਐਸਾ ਸੰਨਿਆਸ ਧਾਰਨ ਕਰ।

**ਬਨ ਸੇ ਸਦਨ ਸਬੈ ਕਰਿ ਸਮਝਹੁ ਮਨਹੀ ਮਾਹਿ ਉਦਾਸਾ॥੧॥ਰਹਾਉ॥**

ਕਿ ਸਾਰੇ ਘਰਾਂ ਨੂੰ ਜੰਗਲ ਵਾਂਗ ਸਮਝ ਅਤੇ ਆਪਣੇ ਮਨ ਵਿੱਚ ਉਦਾਸ ਰਹਿ।

**ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ॥**

ਤੂੰ ਜਤ ਦੀਆਂ ਜਟਾਵਾਂ, ਯੋਗ ਦਾ ਇਸ਼ਨਾਨ ਅਤੇ ਨਿਯਮਾਂ ਦੇ ਨਹੁੰ ਵਧਾ।

**ਗਜਾਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤਿ ਲਗਾਓ॥੧॥**

ਗਿਆਨ ਨੂੰ ਗੁਰੂ ਬਣਾ ਕੇ ਆਪਣੀ ਆਤਮਾ ਨੂੰ ਉਪਦੇਸ਼ ਕਰ ਅਤੇ
ਆਪਣੇ ਸਰੀਰ 'ਤੇ ਨਾਮ ਦੀ ਸੁਆਹ ਲਗਾ।

**ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥**

ਤੇਰਾ ਖਾਣਾ ਅਤੇ ਸੌਣਾ ਘੱਟ ਹੋਵੇ ਅਤੇ ਤੂੰ ਦਇਆ ਤੇ ਖਿਮਾ ਨਾਲ ਪ੍ਰੇਮ ਕਰ।

**ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ॥੨॥**

ਸ਼ੀਲ ਤੇ ਸੰਤੋਖ ਨੂੰ ਸਦਾ ਨਿਬਾਹ ਅਤੇ ਤਿੰਨਾਂ ਗੁਣਾਂ
(ਰਜੋਗੁਣ, ਸਤੋਗੁਣ, ਤਮੋਗੁਣ) ਤੋਂ ਨਿਰਲੇਪ ਰਹਿ।

**ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਮੋ ਲਯਾਵੈ॥**

ਤੂੰ ਕਾਮ, ਕ੍ਰੋਧ, ਹੰਕਾਰ, ਲਾਲਚ ਅਤੇ ਹਠੀ ਮੋਹ ਨੂੰ ਮਨ ਵਿੱਚ ਕਦੇ ਨਾ ਲਿਆਵੀਂ।

**ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹ ਪਾਵੈ॥੩॥੧॥**

ਜੇ ਐਸਾ ਕਰੇਂਗਾ ਤਾਂ ਹੀ ਆਪਣੇ ਆਤਮ ਸਰੂਪ ਨੂੰ ਵੇਖ ਸਕੇਂਗਾ
ਅਤੇ ਪਰਮ ਪੁਰਖ ਪਰਮਾਤਮਾ ਨੂੰ ਪਾ ਸਕੇਂਗਾ।

**ਰਾਮਕਲੀ ਪਾਤਸ਼ਾਹੀ ੧੦**

**ਰੇ ਮਨ ਇਹ ਬਿਧਿ ਜੋਗੁ ਕਮਾਓ॥**

ਹੇ ਮਨ! ਤੂੰ ਇਸ ਤਰ੍ਹਾਂ ਦਾ ਯੋਗ ਕਮਾ ਕਿ

**ਸਿੰਙੀ ਸਾਚ ਅਕਪਟ ਕੰਠਲਾ ਧਿਆਨ ਬਿਭੂਤ ਚੜ੍ਹਾਓ॥੧॥ਰਹਾਉ॥**

ਤੂੰ ਸੱਚ ਦੀ ਸਿੰਙੀ (ਯੋਗੀਆਂ ਦਾ ਸਾਜ਼) ਵਜਾ, ਛਲ ਰਹਿਤ ਕੰਠਾ
(ਰੁਦਰਾਖਸ਼ ਦੀ ਮਾਲਾ) ਗਲ ਵਿੱਚ ਪਾ ਅਤੇ
ਆਪਣੇ ਸਰੀਰ 'ਤੇ ਧਿਆਨ ਦੀ ਸੁਆਹ ਚੜ੍ਹਾ।

**ਤਾਤੀ ਗਹੁ ਆਤਮ ਬਸਿ ਕਰ ਕੀ ਭਿੱਛਾ ਨਾਮ ਅਧਾਰੰ॥**
ਹੱਥ ਵਿੱਚ ਫੜੀ ਕਿੰਗਰੀ (ਵੀਣਾ) ਮਨ ਨੂੰ ਵੱਸ ਵਿੱਚ ਕਰਨ ਵਾਲੀ ਹੋਵੇ
ਅਤੇ ਨਾਮ ਦੀ ਭਿੱਛਾ ਨੂੰ ਆਸਰਾ ਬਣਾ।
**ਬਾਜੈ ਪਰਮ ਤਾਰ ਤਤ ਹਰਿ ਕੋ ਉਪਜੈ ਰਾਗ ਰਸਾਰੰ॥**
ਪਰਮ ਤੱਤ ਪਰਮਾਤਮਾ ਨੂੰ ਪ੍ਰਾਪਤ ਕਰਨਾ ਹੀ ਇਸਦੀ ਤਾਰ ਦਾ ਵੱਜਣਾ
ਹੋਵੇ ਅਤੇ ਇਸ ਵਿੱਚੋਂ ਪ੍ਰੇਮ ਦਾ ਰਸੀਲਾ ਰਾਗ ਨਿਕਲੇ।
**ਉਘਟੈ ਤਾਨ ਤਰੰਗ ਰੰਗਿ ਅਤਿ ਗਯਾਨ ਗੀਤ ਬੰਧਾਨੰ॥**
ਪ੍ਰੇਮ ਦੀ ਲਹਿਰ ਇਸ ਵਿੱਚੋਂ ਰਾਗ ਦੀ ਤਾਨ ਵਜੋਂ ਪ੍ਰਗਟ ਹੋਵੇ ਅਤੇ
ਗਿਆਨ ਗੀਤਾਂ ਦੀ ਮਰਿਆਦਾ ਹੋਵੇ।
**ਚਕਿ ਚਕਿ ਰਹੈ ਦੇਵ ਦਾਨਵ ਮੁਨਿ ਛਕਿ ਛਕਿ ਬਯੋਮ ਬਿਵਾਨੰ॥੨॥**
ਐਸੀ ਹਾਲਤ ਨੂੰ ਵੇਖ-ਵੇਖ ਕੇ ਬਿਮਾਨਾਂ ਵਿੱਚ ਬੈਠ ਕੇ ਸ਼ੋਭਾ ਪਾ ਰਹੇ
ਦੇਵਤੇ, ਦੈਂਤ, ਮੁਨੀ ਹੈਰਾਨ ਹੁੰਦੇ ਹਨ।
**ਆਤਮ ਉਪਦੇਸ ਭੇਸੁ ਸੰਜਮ ਕੋ ਜਾਪੁ ਸੁ ਅਜਪਾ ਜਾਪੇ॥**
ਮਨ ਨੂੰ ਉਪਦੇਸ਼ ਕਰ, ਸੰਜਮ ਦਾ ਲਿਬਾਸ ਧਾਰਨ ਕਰ
ਅਤੇ ਨਾ ਰੁਕਣ ਵਾਲਾ ਜਾਪ ਕਰ।
**ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂੰ ਬਿਆਪੇ॥੩॥੨॥**
ਐਸਾ ਯੋਗ ਕਮਾਉਣ ਨਾਲ ਤੇਰਾ ਸਰੀਰ ਸਦਾ ਹੀ ਤੰਦਰੁਸਤ ਰਹੇਗਾ
ਅਤੇ ਕਾਲ ਤੈਨੂੰ ਕਦੇ ਡਰਾਵੇਗਾ ਨਹੀਂ।

## ਰਾਮਕਲੀ ਪਾਤਸਾਹੀ ੧੦

**ਪ੍ਰਾਨੀ ਪਰਮ ਪੁਰਖ ਪਗ ਲਾਗੋ॥**
ਹੇ ਜੀਵ! ਪਰਮ ਪੁਰਖ ਪਰਮਾਤਮਾ ਦੇ ਚਰਨੀਂ ਲੱਗ।
**ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ॥੧॥ਰਹਾਉ॥**
ਤੂੰ ਮੋਹ ਦੀ ਨੀਂਦ ਵਿੱਚ ਕਿਉਂ ਸੁੱਤਾ ਪਿਆ ਹੈਂ,
ਕਦੀ ਤੇ ਸੁਚੇਤ ਹੋ ਕੇ ਜਾਗ ਪਉ।
**ਔਰਨ ਕਹਾ ਉਪਦੇਸਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ॥**
ਹੇ ਮੂਰਖ ਹੋਰਨਾਂ ਨੂੰ ਕੀ ਉਪਦੇਸ਼ ਕਰਦਾ ਹੈਂ?
ਤੈਨੂੰ ਆਪ ਨੂੰ ਉਪਦੇਸ਼ ਨਹੀਂ ਲੱਗਦਾ।
**ਸਿੰਚਤ ਕਹਾ ਪਰੇ ਬਿਖਯਨ ਕਹ ਕਬਹੂ ਬਿਖੈ ਰਸ ਤਿਆਗੋ॥੧॥**
ਵਿਸ਼ਿਆਂ ਨੂੰ ਕਿਉਂ ਸਿੰਝ ਰਿਹਾ ਹੈਂ ਭਾਵ ਵਿਸ਼ੇ-ਵਿਕਾਰਾਂ ਵਿੱਚ
ਕਿਉਂ ਗਲਤਾਨ ਹੈਂ? ਕਦੇ ਤਾਂ ਵਿਸ਼ਿਆਂ ਦੇ ਰਸ ਨੂੰ ਤਿਆਗ।

**ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ॥**

ਕੇਵਲ ਕਰਮ ਕਰਨਾ ਭਰਮ ਵਰਗਾ ਹੈ,
ਹੇ ਜੀਵ! ਧਰਮ ਦੇ ਕਰਮ ਨਾਲ ਪ੍ਰੇਮ ਕਰ।

**ਸੰਗ੍ਰਹੁ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ॥੨॥**

ਸਦਾ ਨਾਮ-ਸਿਮਰਨ ਨੂੰ ਇਕੱਠਾ ਕਰ ਅਤੇ ਮਹਾਂ ਪਾਪਾਂ ਨੂੰ ਛੱਡ ਕੇ
ਇਹਨਾਂ ਤੋਂ ਦੂਰ ਹੋ ਜਾ।

**ਜਾ ਤੇ ਦੂਖ ਪਾਪ ਨਹਿ ਭੇਟੈ ਕਾਲ ਜਾਲ ਤੇ ਤਾਗੋ॥**

ਐਸਾ ਕੰਮ ਕਰ ਜਿਸ ਕਰਕੇ ਦੁੱਖ ਤੇ ਪਾਪ ਨਾ ਛੂਹਣ
ਅਤੇ ਮੌਤ ਦੇ ਜਾਲ ਨੂੰ ਸਮਝ ਸਕੇਂ।

**ਜੌ ਸੁਖ ਚਾਹੋ ਸਦਾ ਸਭਨ ਕੋ ਤੌ ਹਰਿ ਕੇ ਰਸ ਪਾਗੋ॥੩॥**

ਜੇ ਤੂੰ ਸਦਾ ਹੀ ਸੁੱਖ ਨੂੰ ਚਾਹੁੰਦਾ ਹੈਂ
ਤਾਂ ਹਰੀ ਦੇ ਪ੍ਰੇਮ-ਰਸ ਵਿੱਚ ਮਗਨ ਹੋ ਜਾ।

## ਸੋਰਠਿ ਪਾਤਸਾਹੀ ੧੦

**ਪ੍ਰਭ ਜੂ ਤੋ ਕਹ ਲਾਜ ਹਮਾਰੀ॥**

ਹੇ ਪ੍ਰਭੂ! ਤੁਹਾਨੂੰ ਹੀ ਮੇਰੀ ਇੱਜ਼ਤ ਦੀ ਚਿੰਤਾ ਹੈ।

**ਨੀਲ ਕੰਠ ਨਰਹਰਿ ਨਾਰਾਇਣ ਨੀਲ ਬਸਨ ਬਨਵਾਰੀ॥੧॥ਰਹਾਉ॥**

ਤੁਸੀਂ ਨੀਲ ਕੰਠ ਵਾਲੇ, ਨਰਸਿੰਘ ਰੂਪ, ਨਾਰਾਇਣ,
ਨੀਲੇ ਕੱਪੜਿਆਂ ਵਾਲੇ ਅਤੇ ਬਨਵਾਰੀ ਹੋ।

**ਪਰਮ ਪੁਰਖ ਪਰਮੇਸੁਰ ਸੁਆਮੀ ਪਾਵਨ ਪਉਨ ਅਹਾਰੀ॥**

ਤੁਸੀਂ ਮਹਾਨ ਪੁਰਸ਼, ਪਰਮਾਤਮਾ, ਮਾਲਕ, ਪਵਿੱਤਰ
ਅਤੇ ਹਵਾ ਦਾ ਆਹਾਰ ਕਰਨ ਵਾਲੇ ਹੋ।

**ਮਾਧੁਵ ਮਹਾਜੋਤਿ ਮਧੁ ਮਰਦਨ ਮਾਨ ਮੁਕੰਦ ਮੁਰਾਰੀ॥੧॥**

ਤੁਸੀਂ ਮਾਧਵ, ਮਹਾਨ ਜੋਤ ਸਰੂਪ, ਮਧੂ ਤੇ ਮਾਨ ਰਾਖਸ਼ ਨੂੰ ਮਾਰਨ ਵਾਲੇ,
ਮੁਕਤੀ ਦੇਣ ਵਾਲੇ ਤੇ ਮੁਰ ਰਾਖਸ਼ ਨੂੰ ਮਾਰਨ ਵਾਲੇ ਹੋ।

**ਨ੍ਰਿਬਿਕਾਰ ਨਿਰਜੁਰ ਨਿੰਦ੍ਰਾ ਬਿਨੁ ਨਿਰਬਿਖ ਨਰਕ ਨਿਵਾਰੀ॥**

ਵਿਕਾਰਾਂ, ਬੁਢਾਪੇ ਤੇ ਨੀਂਦ ਤੋਂ ਰਹਿਤ ਹੋ, ਵਿਸ਼ੇ-ਵਿਕਾਰਾਂ ਤੋਂ ਪਰ੍ਹੇ
ਅਤੇ ਨਰਕਾਂ ਤੋਂ ਬਚਾਉਣ ਵਾਲੇ ਹੋ।

**ਕ੍ਰਿਪਾ ਸਿੰਧ ਕਾਲ ਤ੍ਰਿਦਰਸੀ ਕੁਕ੍ਰਿਤ ਪ੍ਰਨਾਸਨ ਕਾਰੀ॥੨॥**

ਕਿਰਪਾ ਦੇ ਸਾਗਰ, ਤਿੰਨਾ ਕਾਲਾਂ ਨੂੰ ਵੇਖਣ ਵਾਲੇ
ਅਤੇ ਬੁਰੇ ਕਰਮਾਂ ਨੂੰ ਪੂਰੀ ਤਰ੍ਹਾਂ ਨਾਸ ਕਰਨ ਵਾਲੇ ਹੋ।

**ਧਨੁਰਪਾਨ ਧ੍ਰਿਤ ਮਾਨ ਧਰਾਧਰ ਅਨ ਬਿਕਾਰ ਅਸਿਧਾਰੀ॥**

ਹੱਥ ਵਿੱਚ ਧਨੁਸ਼ ਧਾਰਨ ਕਰਨ ਵਾਲੇ, ਧੀਰਜਵਾਨ, ਧਰਤੀ ਨੂੰ ਧਾਰਨ ਕਰਨ ਵਾਲੇ, ਵਿਕਾਰਾਂ ਤੋਂ ਰਹਿਤ ਅਤੇ ਤਲਵਾਰ ਧਾਰਨ ਕਰਨ ਵਾਲੇ ਹੋ।

**ਹੌ ਮਤਿ ਮੰਦ ਚਰਨ ਸਰਨਾਗਤਿ ਕਰਿ ਗਹਿ ਲੇਹੁ ਉਬਾਰੀ॥੩॥੪॥**

ਮੈਂ ਮੰਦੀ ਬੁੱਧੀ ਵਾਲਾ ਤੁਹਾਡੀ ਸ਼ਰਨ ਵਿੱਚ ਆਇਆ ਹਾਂ,
ਮੇਰਾ ਹੱਥ ਫੜ੍ਹ ਕੇ ਮੈਨੂੰ ਬਚਾ ਲਵੋ।

## ਰਾਗੁ ਕਲਿਆਣ ਪਾਤਸਾਹੀ ੧੦

**ਬਿਨ ਕਰਤਾਰ ਨ ਕਿਰਤਮ ਮਾਨੋ॥**

ਕਰਤਾਰ ਤੋਂ ਬਿਨਾਂ ਕਿਸੇ ਹੋਰ ਦੇ ਕੀਤੇ ਹੋਏ ਨੂੰ ਨਾ ਮੰਨੋ।

**ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ॥੧॥ਰਹਾਉ॥**

ਜਿਹੜਾ ਮੁੱਢ ਤੋਂ ਹੈ, ਜੂਨਾਂ ਤੋਂ ਰਹਿਤ, ਅਜਿੱਤ ਤੇ ਨਾਸ ਰਹਿਤ ਹੈ,
ਉਸਨੂੰ ਪਰਮੇਸ਼ਰ ਜਾਣੋ।

**ਕਹਾ ਭਯੋ ਜੋ ਆਨਿ ਜਗਤ ਮੈ ਦਸਕ ਅਸੁਰ ਹਰਿ ਘਾਏ॥**

ਕੀ ਹੋਇਆ ਜੇ ਵਿਸ਼ਨੂੰ ਨੇ ਜਗਤ ਵਿੱਚ ਆ ਕੇ ਦਸ ਕੁ ਦੈਂਤ ਮਾਰ ਦਿੱਤੇ?

**ਅਧਿਕ ਪਰਪੰਚ ਦਿਖਾਇ ਸਭਨ ਕਹ ਆਪਹਿ ਬ੍ਰਹਮੁ ਕਹਾਏ॥੧॥**

ਸਾਰਿਆਂ ਨੂੰ ਪਖੰਡ ਵਿਖਾ ਕੇ ਆਪਣੇ ਆਪ ਨੂੰ ਬ੍ਰਹਮ ਅਖਵਾਉਣ ਲੱਗ ਪਿਆ।

**ਭੰਜਨ ਗੜਨ ਸਮਰਥ ਸਦਾ ਪ੍ਰਭੁ ਸੋ ਕਿਮ ਜਾਤਿ ਗਿਨਾਯੋ॥**

ਜੋ ਪ੍ਰਭੂ ਸਦਾ ਹੀ ਭੰਨਣ ਤੇ ਘੜਨ ਦੇ ਸਮਰੱਥ ਹੈ,
ਉਸਨੂੰ ਵਿਸ਼ਨੂੰ ਕਿਵੇਂ ਮੰਨਿਆ ਜਾ ਸਕਦਾ ਹੈ।

**ਤਾ ਤੇ ਸਰਬ ਕਾਲ ਕੇ ਅਸਿ ਕੋ ਘਾਇ ਬਚਾਇ ਨ ਆਯੋ॥੨॥**

ਇਸ ਕਰਕੇ ਵਿਸ਼ਨੂੰ ਮਹਾਂ ਕਾਲ ਦੀ ਤਲਵਾਰ ਦੇ ਵਾਰ ਤੋਂ
ਆਪਣੇ ਆਪ ਨੂੰ ਬਚਾ ਨਹੀਂ ਸਕਿਆ।

**ਕੈਸੇ ਤੋਹਿ ਤਾਰਿ ਹੈ ਸੁਨਿ ਜੜ ਆਪ ਡੁਬਿਓ ਭਵ ਸਾਗਰ॥**

ਹੇ ਮੂਰਖ ਸੁਣ! ਉਹ ਤੈਨੂੰ ਕਿਵੇਂ ਬਚਾ ਸਕੇਗਾ,
ਜੋ ਆਪ ਸੰਸਾਰ ਸਾਗਰ ਵਿੱਚ ਡੁੱਬਿਆ ਹੋਇਆ ਹੈ।

**ਛੁਟਿਹੋ ਕਾਲ ਫਾਂਸ ਤੇ ਤਬਹੀ ਗਹੋ ਸਰਨਿ ਜਗਤਾਗਰ॥੩॥੫॥**

ਤੂੰ ਤਾਂ ਹੀ ਕਾਲ ਦੀ ਫਾਹੀ ਤੋਂ ਛੁੱਟ ਸਕਦਾ ਹੈਂ,
ਜੇ ਜਗਤ ਨੂੰ ਤਾਰਨ ਵਾਲੇ ਦੀ ਸ਼ਰਨ ਪਕੜੇਂਗਾ।

## ਖਿਆਲ ਪਾਤਸਾਹੀ ੧੦

**ਮਿਤ੍ਰ ਪਿਆਰੇ ਨੂ ਹਾਲ ਫਕੀਰਾਂ ਦਾ ਕਹਿਣਾ॥**

ਪਿਆਰੇ ਮਿੱਤਰ ਪ੍ਰਭੂ ਨੂੰ ਮੇਰਾ ਫਕੀਰ ਦਾ ਹਾਲ ਦੱਸਣਾ।

**ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥**

ਤੇਰੇ ਤੋਂ ਬਿਨਾਂ ਰਜਾਈਆਂ ਦਾ ਓੜ੍ਹਨਾ ਰੋਗ ਸਮਾਨ ਹੈ
ਅਤੇ ਨਿਵਾਸ ਸਥਾਨਾਂ ਵਿੱਚ ਰਹਿਣਾ ਨਾਗਾਂ ਵਿੱਚ ਰਹਿਣਾ ਹੈ।

**ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗੁ ਕਸਾਈਆਂ ਦਾ ਸਹਿਣਾ॥**

ਤੇਰੇ ਤੋਂ ਬਿਨਾਂ ਸੁਰਾਹੀ ਸੂਲ ਵਰਗੀ, ਪਿਆਲਾ ਖੰਜ਼ਰ ਵਰਗਾ ਤੇ ਵਿਯੋਗ
ਕਸਾਈਆਂ ਦੇ ਵਿੰਗੇ ਛੁਰੇ ਨੂੰ ਸਹਿਣ ਕਰਨ ਦੇ ਸਮਾਨ ਹੈ।

**ਯਾਰੜੇ ਦਾ ਸਾਨੂ ਸੱਥਰੁ ਚੰਗਾ ਭਠ ਖੇੜਿਆਂ ਦਾ ਰਹਿਣਾ॥੧॥੬॥**

ਮੈਨੂੰ ਸੱਜਣ ਦਾ ਕੱਖਾਂ ਦਾ ਵਿਛਾਓਣਾ ਹੀ ਚੰਗਾ ਹੈ ਅਤੇ ਖੇੜਿਆਂ ਦੇ ਸੁਖਦਾਇਕ
ਬਿਸਤਰੇ ਮੇਰੇ ਲਈ ਭੱਠੀ ਸਮਾਨ ਹਨ।

## ਤਿਲੰਗ ਕਾਫੀ ਪਾਤਸਾਹੀ ੧੦

**ਕੇਵਲ ਕਾਲ ਈ ਕਰਤਾਰ॥**

ਕੇਵਲ ਕਾਲ ਹੀ ਸਭ ਦਾ ਕਰਤਾ ਹੈ।

**ਆਦਿ ਅੰਤਿ ਅਨੰਤਿ ਮੂਰਤਿ ਗੜ੍ਹਨ ਭੰਜਨ ਹਾਰ॥੧॥ਰਹਾਉ॥**

ਉਹ ਪ੍ਰਭੂ ਆਦਿ ਤੋਂ ਅੰਤ ਤੱਕ ਅਨੰਤ ਮੂਰਤਾਂ ਬਣਾਉਣ ਅਤੇ ਭੰਨਣ ਵਾਲਾ ਹੈ।

**ਨਿੰਦ ਉਸਤਤਿ ਜਉਨ ਕੇ ਸਮ ਸਤ੍ਰੁ ਮਿਤ੍ਰ ਨ ਕੋਇ॥**

ਜਿਸ ਲਈ ਨਿੰਦਿਆ ਤੇ ਉਸਤਤ ਇੱਕ ਸਮਾਨ ਹੈ ਅਤੇ ਜਿਸਦਾ ਕੋਈ
ਵੈਰੀ ਅਤੇ ਮਿੱਤਰ ਨਹੀਂ ਹੈ।

**ਕਉਨ ਬਾਟ ਪਰੀ ਤਿਸੈ ਪਥ ਸਾਰਥੀ ਰਥ ਹੋਇ॥੧॥**

ਉਸਨੂੰ ਕਿਹੜੀ ਔਖ ਆ ਬਣੀ ਸੀ ਕਿ ਉਹ ਅਰਜਨ ਦਾ ਸਾਰਥੀ ਬਣਿਆ ਸੀ।

**ਤਾਤ ਮਾਤ ਨ ਜਾਤ ਜਾ ਕਰ ਪੁਤ੍ਰ ਪੌਤ੍ਰ ਮੁਕੰਦ॥**

ਜਿਸ ਮੁਕਤੀ ਦਾਤੇ ਦਾ ਨਾ ਪਿਤਾ ਹੈ, ਨਾ ਮਾਤਾ ਹੈ, ਨਾ ਉਸਦੀ ਜਾਤ ਹੈ
ਅਤੇ ਨਾ ਕੋਈ ਪੁੱਤ-ਪੋਤਰਾ ਹੈ।

**ਕਉਨ ਕਾਜਿ ਕਹਾਹਿੰਗੇ ਜਗ ਆਨਿ ਦੇਵਕਿ ਨੰਦ॥੨॥**

ਫਿਰ ਉਹ ਕਿਸ ਕੰਮ ਕਰਕੇ ਦੇਵਕੀ ਦਾ ਪੁੱਤਰ ਕਹਾਇਆ?

**ਦੇਵ ਦੈਤ ਦਿਸਾ ਵਿਸਾ ਜਿਹ ਕੀਨ ਸਰਬ ਪਸਾਰਿ॥**

ਦੇਵਤੇ, ਦੈਂਤ, ਸਾਰੀਆਂ ਦਿਸ਼ਾਵਾਂ ਅਤੇ ਸਾਰਾ ਪਸਾਰਾ ਜਿਸਦਾ ਪਸਾਰਿਆ ਹੈ।

**ਕਉਨ ਉਪਮਾ ਤਉਨ ਕੋ ਮੁਖ ਲੇਤ ਨਾਮੁ ਮੁਰਾਰਿ॥੩॥੭॥**

ਉਸਦੀ ਇਹ ਕਿਹੜੀ ਉਪਮਾ ਹੈ? ਜੋ ਤੂੰ ਉਸਦਾ ਨਾਮ ਮੂੰਹੋਂ ਮੁਰਾਰੀ ਲੈ ਰਿਹਾ ਹੈਂ।

## ਰਾਗੁ ਬਿਲਾਵਲੁ ਪਾਤਸਾਹੀ ੧੦

**ਸੋ ਕਿਮ ਮਾਨਸ ਰੂਪ ਕਹਾਏ॥**

ਉਸਨੂੰ ਕਿਸ ਤਰ੍ਹਾਂ ਮਨੁੱਖ ਸਰੂਪ ਕਿਹਾ ਜਾਂਦਾ ਹੈ?

**ਸਿੱਧਜ ਸਮਾਧਿ ਸਾਧ ਕਰਿ ਹਾਰੇ ਕਿਉ ਹੂ ਨ ਦੇਖਨ ਪਾਏ॥੧॥ਰਹਾਉ॥**

ਜਿਸ ਦੇ ਦਰਸ਼ਨ ਲਈ ਸਿੱਧ ਲੋਕ ਸਮਾਧੀ ਲਾ ਕੇ ਹਾਰ ਗਏ,
ਪਰ ਕਿਵੇਂ ਵੀ ਉਸਨੂੰ ਵੇਖ ਨਾ ਸਕੇ।

**ਨਾਰਦ ਬਿਆਸ ਪਰਾਸਰ ਧ੍ਰੂਅ ਸੇ ਧਿਆਵਤ ਧਿਆਨ ਲਗਾਏ॥**

ਨਾਰਦ, ਵਿਆਸ, ਪਰਾਸ਼ਰ ਤੇ ਧ੍ਰੂਅ ਵਰਗੇ
ਜਿਸਦਾ ਧਿਆਨ ਲਗਾਉਂਦੇ ਰਹੇ ਹਨ।

**ਬੇਦ ਪੁਰਾਨ ਹਾਰਿ ਹਠ ਛਾਡਿਓ ਤਦਪਿ ਧਯਾਨ ਨ ਆਏ॥੨॥**

ਵੇਦਾਂ ਤੇ ਪੁਰਾਨਾਂ ਨੇ ਹਾਰ ਕੇ ਹੱਠ ਛੱਡ ਦਿੱਤਾ ਹੈ,
ਪਰ ਫਿਰ ਵੀ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਆਇਆ।

**ਦਾਨਵ ਦੇਵ ਪਿਸਾਚ ਪ੍ਰੇਤ ਤੇ ਨੇਤਹਿ ਨੇਤਿ ਕਹਾਏ॥**

ਦੈਂਤ, ਦੇਵਤੇ, ਪਿਸ਼ਾਚ ਤੇ ਪ੍ਰੇਤ ਉਸਨੂੰ ਬੇਅੰਤ-ਬੇਅੰਤ ਕਹਿੰਦੇ ਹਨ।

**ਸੂਛਮ ਤੇ ਸੂਛਮ ਕਰਿ ਚੀਨੇ ਬ੍ਰਿਧਨ ਬ੍ਰਿਧ ਬਤਾਏ॥੩॥**

ਸੂਖਮ ਤੋਂ ਸੂਖਮ ਕਰਕੇ ਵੀ ਉਹੀ ਜਾਣਿਆ ਜਾਂਦਾ ਹੈ
ਅਤੇ ਵੱਡੇ ਤੋਂ ਵੱਡਾ ਵੀ ਉਹੀ ਦੱਸਿਆ ਜਾਂਦਾ ਹੈ।

**ਭੂਮਿ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ॥**

ਧਰਤੀ, ਆਕਾਸ਼, ਪਾਤਾਲ ਆਦਿ ਸਭ ਨੂੰ ਬਣਾ ਕੇ ਉਹ ਇੱਕ ਤੋਂ ਅਨੇਕ ਰੂਪਾਂ ਵਾਲਾ ਸਦਵਾਇਆ ਹੈ।

**ਸੋ ਨਰ ਕਾਲ ਫਾਂਸ ਤੇ ਬਾਚੇ ਜੋ ਹਰਿ ਸਰਣਿ ਸਿਧਾਏ॥੪॥੮॥**

ਉਹ ਜੀਵ ਕਾਲ ਦੀ ਫਾਹੀ ਤੋਂ ਬਚ ਜਾਂਦੇ ਹਨ, ਜੋ ਪ੍ਰਭੂ ਦੀ ਸ਼ਰਨ ਵਿੱਚ ਜਾਂਦੇ ਹਨ।

## ਦੇਵ ਗੰਧਾਰੀ ਪਾਤਸਾਹੀ ੧੦

**ਇਕ ਬਿਨ ਦੂਸਰ ਸੋ ਨ ਚਿਨਾਰ॥**

ਉਸ ਇੱਕ ਪ੍ਰਭੂ ਤੋਂ ਬਿਨਾਂ ਦੂਜੇ ਨੂੰ ਨਾ ਵੇਖੋ।

**ਭੰਜਨ ਗੜ੍ਹਨ ਸਮਰੱਥ ਸਦਾ ਪ੍ਰਭੁ ਜਾਨਤ ਹੈ ਕਰਤਾਰ॥੧॥ਰਹਾਉ॥**

ਜੋ ਪ੍ਰਭੂ ਘੜਨ ਤੇ ਭੰਜਨ ਦੇ ਸਮਰੱਥ ਹੈ, ਉਹ ਕਰਤਾਰ ਸਭ ਕੁਝ ਜਾਣਦਾ ਹੈ।

**ਕਹਾ ਭਯੋ ਜੋ ਅਤਿ ਹਿਤ ਚਿਤ ਕਰਿ ਬਹੁ ਬਿਧਿ ਸਿਲਾ ਪੁਜਾਈ॥**

ਕੀ ਹੋਇਆ ਜੇ ਬਹੁਤ ਹਿਤ ਕਰਕੇ ਬਹੁਤ ਤਰ੍ਹਾਂ ਪੱਥਰਾਂ ਦੀ ਪੂਜਾ ਕੀਤੀ ਹੈ?

**ਪਾਨ ਥਕੇ ਪਾਹਨ ਕਹ ਪਰਸਤ ਕਛੁ ਕਰਿ ਸਿੱਧਿ ਨ ਆਈ॥੧॥**

ਪੱਥਰਾਂ ਨੂੰ ਪੂਜਦਿਆਂ ਸਰੀਰ ਖ਼ਤਮ ਹੋ ਗਿਆ, ਪਰ ਕੋਈ ਸਿੱਧੀ ਹੱਥ ਨਹੀਂ ਲੱਗੀ।

**ਅੱਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈ ਹੈ॥**

ਪੱਥਰ ਨੂੰ ਚਾਵਲ, ਧੂਪ, ਦੀਪ ਆਦਿ ਅਰਪਨ ਕੀਤਾ ਜਾਂਦਾ ਹੈ,
ਪਰ ਪੱਥਰ ਕੁਝ ਨਹੀਂ ਖਾਂਦਾ।

**ਤਾ ਮੈ ਕਹਾ ਸਿੱਧਜ ਹੈ ਰੇ ਜੜ ਤੋਹਿ ਕਛੂ ਬਰ ਦੈ ਹੈ॥੨॥**

ਹੇ ਮੂਰਖ! ਉਸ ਵਿੱਚ ਕਿਹੜੀ ਸਿੱਧੀ ਹੈ? ਜੋ ਤੈਨੂੰ ਕੋਈ ਵਰ ਦੇਵੇਗਾ।

**ਜੌਂ ਜੀਅ ਹੋਤ ਤੌਂ ਦੇਤ ਕਛੁ ਤੁਹਿ ਮਨ ਬਚ ਕਰਮ ਬਿਚਾਰ॥**

ਤੂੰ ਮਨ, ਬਾਣੀ ਤੇ ਕਰਮ ਕਰਕੇ ਵਿਚਾਰ ਲੈ ਕਿ ਜੇ ਉਸ ਵਿੱਚ ਜੀਵਨ ਹੁੰਦਾ ਤਾਂ ਤੈਨੂੰ ਕੁਝ ਜ਼ਰੂਰ ਦੇਂਦਾ।

**ਕੇਵਲ ਏਕ ਸਰਣਿ ਸੁਆਮੀ ਬਿਨ ਯੌਂ ਨ ਕਤਹਿ ਉਧਾਰ॥੩॥੯॥**

ਸਿਰਫ਼ ਇੱਕ ਮਾਲਕ ਦੀ ਮਿਹਰ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਵੀ ਤੇਰਾ
ਪਾਰ-ਉਤਾਰਾ ਨਹੀਂ ਹੋਵੇਗਾ।

## ਦੇਵਗੰਧਾਰੀ ਪਾਤਸਾਹੀ ੧੦

**ਬਿਨ ਹਰਿ ਨਾਮ ਨ ਬਾਚਨ ਪੈਹੈ॥**

ਹੇ ਜੀਵ! ਹਰੀ ਦੇ ਨਾਮ ਤੋਂ ਬਿਨਾਂ ਤੂੰ ਬਚ ਨਹੀਂ ਸਕੇਂਗਾ।

**ਚੌਦਹ ਲੋਕ ਜਾਹਿ ਬਸਿ ਕੀਨੇ ਤਾਤੇ ਕਹਾ ਪਲੈ ਹੈ॥੧॥ਰਹਾਉ॥**

ਜਿਸਨੇ ਚੌਦਾਂ ਲੋਕ ਵੱਸ ਕੀਤੇ ਹਨ, ਉਸ ਤੋਂ ਕਿੱਥੇ ਭੱਜ ਕੇ ਜਾਵੇਂਗਾ?

**ਰਾਮ ਰਹੀਮ ਉਬਾਰ ਨ ਸਾਕਿ ਹੈ ਜਾ ਕਰਿ ਨਾਮੁ ਰਟੈ ਹੈ॥**

ਰਾਮ ਤੇ ਰਹੀਮ ਵੀ ਤੈਨੂੰ ਬਚਾ ਨਹੀਂ ਸਕਦੇ, ਜਿਨ੍ਹਾਂ ਦੇ ਨਾਮ ਤੂੰ ਰਟਦਾ ਹੈਂ।

**ਬ੍ਰਹਮਾ ਬਿਸਨੁ ਰੁਦ੍ਰ ਸੂਰਜ ਸਸਿ ਤੇ ਬਸਿ ਕਾਲ ਸਬੈ ਹੈ॥੧॥**

ਬ੍ਰਹਮਾ, ਵਿਸ਼ਨੂੰ, ਸ਼ਿਵ, ਸੂਰਜ ਤੇ ਚੰਦਰਮਾ ਇਹ ਸਾਰੇ ਹੀ ਕਾਲ ਦੇ ਵੱਸ ਵਿੱਚ ਹਨ।

**ਬੇਦ ਪੁਰਾਨ ਕੁਰਾਨ ਸਬੈ ਮਤ ਜਾ ਕਰ ਨੇਤਿ ਕਹੈ ਹੈ॥**

ਸਾਰੇ ਵੇਦ, ਪੁਰਾਨ ਤੇ ਕੁਰਾਨ ਉਸਨੂੰ ਬੇਅੰਤ ਕਹਿੰਦੇ ਹਨ।

**ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ ਬਹੁ ਧਜਾਵਤ ਧਿਆਨ ਨ ਐਹੈ॥੨॥**

ਇੰਦਰ, ਸ਼ੇਸ਼ਨਾਗ, ਮੁਨੀ ਆਦਿ ਜਿਸਨੂੰ ਬਹੁਤ ਕਲਪ(ਇਕ ਕਲਪ ਚਾਰ ਅਰਬ ਬੱਤੀ ਕਰੋੜ ਸਾਲ ਦਾ ਹੁੰਦਾ ਹੈ) ਧਿਆਉਂਦੇ ਹਨ ਪਰ ਉਸ ਦਾ ਸਰੂਪ ਧਿਆਨ ਵਿੱਚ ਨਹੀਂ ਆਉਂਦਾ।

**ਜਾ ਕਹ ਰੂਪ ਰੰਗ ਨਹਿ ਜਨਿਯਤ ਸੋ ਕਿਮ ਸ੍ਯਾਮ ਕਹੈ ਹੈ॥**

ਜਿਸਦਾ ਰੂਪ-ਰੰਗ ਨਹੀਂ ਜਾਣਿਆ ਜਾਂਦਾ,
ਫਿਰ ਉਸਨੂੰ ਸ਼ਿਆਮ ਕਿਵੇਂ ਕਿਹਾ ਜਾ ਸਕਦਾ ਹੈ?

**ਛੁਟਿ ਹੋ ਕਾਲ ਜਾਲ ਤੇ ਤਬ ਹੀ ਤਾਹਿ ਚਰਨ ਲਪਟੈ ਹੈ॥੩॥੧੦॥**

ਹੇ ਜੀਵ! ਕਾਲ ਦੇ ਜਾਲ ਤੋਂ ਤੂੰ ਤਾਂ ਹੀ ਛੁੱਟ ਸਕੇਂਗਾ,
ਜੇ ਉਸ ਪ੍ਰਭੂ ਦੇ ਚਰਨਾਂ ਨਾਲ ਲਿਪਟ ਜਾਏਂਗਾ।

*****

# ਰਹਿਰਾਸ

**ਸਲੋਕੁ ਮਃ ੧॥**

**ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥**

ਦੁੱਖ ਦਵਾਈ ਅਤੇ ਸੁੱਖ ਰੋਗ ਹੈ, ਕਿਉਂਕਿ ਜਦੋਂ ਸੁੱਖ ਹੁੰਦਾ ਹੈ
ਓਦੋਂ ਪਰਮੇਸ਼ਰ ਨੂੰ ਪਾਉਣ ਦੀ ਇੱਛਾ ਨਹੀਂ ਹੁੰਦੀ।

**ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥**

ਤੂੰ ਕਰਨਹਾਰ ਹੈਂ, ਮੈਂ ਕੁਝ ਨਹੀਂ ਕਰ ਸਕਦਾ, ਜੇ ਮੈਂ ਕੁਝ ਕਰਨ ਦੀ ਕੋਸ਼ਿਸ਼
ਕਰਾਂ ਤਾਂ ਵੀ ਕੁਝ ਹੋ ਨਹੀਂ ਸਕਦਾ।

**ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥**

ਹੇ ਕੁਦਰਤ ਵਿਚ ਵੱਸੇ ਹੋਏ ਕਾਦਰ ਪ੍ਰਭੂ! ਮੈ ਬਲਿਹਾਰ ਹਾਂ ਕਿਉਂਕਿ
ਤੇਰਾ ਅੰਤ ਨਹੀਂ ਪਾਇਆ ਜਾਂਦਾ।

**ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥**

ਸਾਰੇ ਸੰਸਾਰ ਵਿਚ ਤੇਰੀ ਜੋਤ ਵਿਆਪਕ ਹੈ, ਸਾਰੇ ਜੀਵਾਂ ਵਿਚ ਤੇਰਾ ਨੂਰ
ਵੱਸਦਾ ਹੈ ਅਤੇ ਹੇ ਕਰਤਾਰ! ਸਭ ਥਾਂ ਤੇਰੀ ਹੀ ਕਲਾ ਵਰਤ ਰਹੀ ਹੈ।

**ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ॥**

ਤੂੰ ਸੱਚਾ ਸਾਹਿਬ ਹੈਂ, ਤੇਰੀ ਸ਼ੋਭਾ ਸੁੰਦਰ ਹੈ
ਅਤੇ ਜਿਸ ਨੇ ਤੇਰੀ ਸ਼ੋਭਾ ਕੀਤੀ, ਉਹ ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ।

**ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਕਰਤਾ ਪੁਰਖ ਨੇ ਜੋ ਕੁਝ ਵੀ ਉਸ ਕਰਨਾ ਹੈ,
ਉਹ ਆਪਣੀ ਰਜ਼ਾ ਅਨੁਸਾਰ ਕਰ ਰਿਹਾ ਹੈ।

**ਸੋ ਦਰੁ ਰਾਗੁ ਆਸਾ ਮਹਲਾ ੧**

**ੴ ਸਤਿਗੁਰ ਪ੍ਰਸਾਦਿ ॥**

**ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥**

ਤੇਰਾ ਉਹ ਦਰ ਅਤੇ ਘਰ ਕਿਹੋ ਜਿਹਾ ਹੈ?
ਜਿੱਥੇ ਬੈਠ ਕੇ ਤੂੰ ਸਭ ਦੀ ਸੰਭਾਲ ਕਰਦਾ ਹੈਂ।

**ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥**

ਉੱਥੇ ਤੇਰੇ ਅਨੇਕਾਂ ਹੀ ਰਾਗ ਅਤੇ ਵਾਜੇ ਵੱਜਦੇ ਹਨ,
ਅਨੇਕਾ ਹੀ ਉਨ੍ਹਾਂ ਨੂੰ ਵਜਾਉਣ ਵਾਲੇ ਹਨ।

**ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥**

ਤੇਰੇ ਅਨੇਕਾਂ ਹੀ ਰਾਗਣੀਆਂ ਸਮੇਤ ਰਾਗਾਂ ਨੂੰ ਗਾਉਣ ਵਾਲੇ ਰਾਗੀ ਹਨ।

**ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥**
ਹਵਾ, ਪਾਣੀ ਤੇ ਅਗਨੀ ਤੈਨੂੰ ਗਾਉਂਦੇ ਹਨ ਅਤੇ ਧਰਮਰਾਜ ਵੀ ਤੇਰੇ ਦਰ 'ਤੇ ਗਾਉਂਦਾ ਹੈ।

**ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥**
ਚਿਤ੍ਰ ਅਤੇ ਗੁਪਤ ਜੋ ਲਿਖਣਾ ਜਾਣਦੇ ਹਨ ਅਤੇ ਜਿਨ੍ਹਾਂ ਦੀ ਲਿਖਤ 'ਤੇ ਧਰਮਰਾਜ ਵਿਚਾਰ ਕਰਦਾ ਹੈ, ਉਹ ਤੇਰਾ ਹੀ ਜੱਸ ਕਰਦੇ ਹਨ।

**ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥**
ਤੇਰੇ ਸਾਜੇ ਹੋਏ ਸ਼ਿਵ, ਬ੍ਰਹਮਾ ਅਤੇ ਦੇਵੀਆਂ ਵੀ ਤੇਰਾ ਜੱਸ ਗਾਉਂਦੀਆਂ ਹਨ।

**ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥**
ਤਖਤ 'ਤੇ ਬੈਠੇ ਹੋਏ ਇੰਦਰ ਵੀ ਤੇਰੇ ਦਰ 'ਤੇ ਗਾਉਂਦੇ ਹਨ।

**ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥**
ਸਮਾਧੀ ਵਿੱਚ ਜੁੜੇ ਸਿੱਧ ਅਤੇ ਵਿਚਾਰ ਕਰਨ ਵਾਲੇ ਸਾਧ ਵੀ ਤੇਰਾ ਜੱਸ ਗਾਉਂਦੇ ਹਨ।

**ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥**
ਜਤੀ, ਸਤੀ, ਸੰਤੋਖੀ ਅਤੇ ਹਠੀ ਸੂਰਮੇ ਵੀ ਤੇਰਾ ਜੱਸ ਗਾਉਂਦੇ ਹਨ।

**ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥**
ਪੰਡਿਤ ਤੇ ਮਹਾਂਰਿਖੀ ਜੋ ਵੇਦਾਂ ਨੂੰ ਪੜ੍ਹਦੇ ਹਨ, ਵੇਦਾਂ ਸਮੇਤ ਤੇਰਾ ਜੱਸ ਗਾ ਰਹੇ ਹਨ।

**ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥**
ਧਰਤੀ, ਪਤਾਲ ਅਤੇ ਸਵਰਗ ਦੀਆਂ ਮਨਾਂ ਨੂੰ ਮੋਹ ਲੈਣ ਵਾਲੀਆਂ ਅਪੱਛਰਾਂ ਵੀ ਤੇਰਾ ਜੱਸ ਗਾ ਰਹੀਆਂ ਹਨ।

**ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥**
ਅਠਾਹਠ ਤੀਰਥਾਂ 'ਤੇ ਪੈਦਾ ਕੀਤੇ ਹੋਏ ਰਤਨ ਵੀ ਤੇਰਾ ਜੱਸ ਗਾ ਰਹੇ ਹਨ।

**ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥**
ਮਹਾਂਬਲੀ ਯੋਧੇ, ਸੂਰਮੇ ਅਤੇ ਚਾਰੇ ਖਾਣੀਆਂ ਤੇਰਾ ਜੱਸ ਗਾ ਰਹੀਆਂ ਹਨ।

**ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥**
ਸਾਰੀ ਧਰਤੀ ਅਤੇ ਇਸਦੇ ਸਾਰੇ ਖੰਡ ਜੋ ਤੂੰ ਪੈਦਾ ਕਰ ਕੇ ਪਾਣੀ 'ਤੇ ਟਿਕਾ ਰੱਖੇ ਹਨ, ਉਹ ਤੇਰਾ ਜੱਸ ਗਾ ਰਹੇ ਹਨ।

**ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥**
ਤੇਰੇ ਪ੍ਰੇਮ ਦਾ ਰਸ ਉਹ ਹੀ ਰੰਗੇ ਹੋਏ ਭਗਤ ਗਾ ਕੇ ਮਾਣ ਸਕਦੇ ਹਨ, ਜੋ ਤੈਨੂੰ ਭਾਉਂਦੇ ਹਨ।

**ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥**
ਹੋਰ ਕਿੰਨੇ ਹੀ ਤੈਨੂੰ ਗਾ ਰਹੇ ਹਨ, ਉਹ ਸਾਰੇ ਮੇਰੀ ਗਿਣਤੀ ਤੋਂ ਬਾਹਰ ਹਨ, ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਕਿੰਨਾ ਕੁ ਜਾਣ ਸਕਦਾ ਹਾਂ।

**ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥**

ਉਹ ਸੱਚਾ ਪ੍ਰਭੂ ਸਦਾ ਸਥਿਰ ਹੈ ਅਤੇ ਉਸਦੀ ਵਡਿਆਈ ਸਦਾ ਅਟੱਲ ਹੈ।

**ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥**

ਉਹ ਪ੍ਰਭੂ ਹੁਣ ਵੀ ਹੈ, ਅੱਗੋਂ ਵੀ ਹੋਵੇਗਾ ਅਤੇ ਉਹ ਕਿਤੇ ਵੀ ਜਾਂਦਾ ਨਹੀਂ, ਜਿਸਨੇ ਇਹ ਰਚਨਾ ਰਚੀ ਹੈ।

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥**

ਜਿਸਨੇ ਕਈ ਰੰਗਾਂ, ਕਿਸਮਾਂ ਜਿਨਸਾਂ ਦੀ ਸੰਸਾਰ ਰੂਪੀ ਮਾਇਆ ਰਚੀ ਹੈ।

**ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥**

ਜਿਵੇਂ ਉਸਦੀ ਰਜ਼ਾ ਹੈ, ਉਹ ਆਪਣੀ ਇਸ ਸੰਸਾਰ ਰੂਪੀ ਰਚਨਾ ਨੂੰ ਢਾਹ-ਉਸਾਰ ਕੇ ਵੇਖਦਾ ਹੈ।

**ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥**

ਜੋ ਉਸਨੂੰ ਭਾਉਂਦਾ ਹੈ, ਉਹੀ ਕਰਦਾ ਹੈ,
ਉਸਦੇ ਅੱਗੇ ਕਿਸੇ ਦਾ ਹੁਕਮ ਨਹੀਂ ਚਲਦਾ।

**ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪਰਮੇਸ਼ਰ ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਜੀਵ ਨੂੰ ਉਸਦੀ ਰਜ਼ਾ ਵਿੱਚ ਰਹਿਣਾ ਚਾਹੀਦਾ ਹੈ।

**ਆਸਾ ਮਹਲਾ ੧ ॥**

**ਸੁਣਿ ਵਡਾ ਆਖੈ ਸਭੁ ਕੋਇ ॥**

ਤੇਰੀ ਮਹਿਮਾ ਸੁਣ ਕੇ ਹਰ ਕੋਈ ਤੈਨੂੰ ਵੱਡਾ ਕਹਿੰਦਾ ਹੈ।

**ਕੇਵਡੁ ਵਡਾ ਡੀਠਾ ਹੋਇ ॥**

ਉਹ ਪ੍ਰਭੂ ਕਿੰਨਾ ਵੱਡਾ ਹੈ?
ਇਸ ਦੀ ਜਾਣਕਾਰੀ ਤਾਂ ਹੋਵੇ ਜੇ ਉਸ ਨੂੰ ਵੇਖਿਆ ਹੋਵੇ।

**ਕੀਮਤਿ ਪਾਇ ਨ ਕਹਿਆ ਜਾਇ ॥**

ਤੇਰੀ ਕੋਈ ਕੀਮਤ ਪਾ ਕੇ ਤੈਨੂੰ ਬਿਆਨ ਨਹੀਂ ਕਰ ਸਕਦਾ।

**ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥**

ਹੇ ਪ੍ਰਭੂ! ਤੇਰੀ ਮਹਿਮਾ ਕਹਿਣ ਵਾਲੇ ਤਾਂ ਤੇਰੇ ਵਿਚ ਲੀਨ ਹੋ ਰਹਿੰਦੇ ਹਨ।

**ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥**

ਹੇ ਮੇਰੇ ਵੱਡੇ ਸਾਹਿਬ! ਡੂੰਘੇ ਤੋਂ ਡੂੰਘੇ ਅਤੇ ਗੁਣਾਂ ਦੇ ਸਮੁੰਦਰ!

**ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥**

'ਤੇਰਾ ਕਿੰਨਾ ਵੱਡਾ ਫੈਲਾਅ ਹੈ?' ਇਹ ਗੱਲ ਕੋਈ ਨਹੀਂ ਜਾਣਦਾ।

**ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥**

ਸਭ ਵਿਦਵਾਨਾਂ ਨੇ ਮਿਲ ਕੇ ਵਿਚਾਰ ਕਰਕੇ।

**ਸਭ ਕੀਮਤਿ ਮਿਲਿ ਕੀਮਤਿ ਪਾਈ ॥**

ਸਭ ਮਾਇਆ ਧਾਰੀਆਂ ਨੇ ਮਿਲ ਕੇ ਕੀਮਤ ਪਾ ਕੇ।

**ਗਿਆਨੀ ਧਿਆਨੀ ਗੁਰ ਗੁਰਹਾਈ ॥**

ਗਿਆਨੀਆਂ, ਧਿਆਨੀਆਂ ਨੇ ਤੈਨੂੰ ਵੱਡੇ ਤੋਂ ਵੱਡਾ ਆਖਿਆ ਹੈ।

**ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥**

ਹੇ ਪ੍ਰਭੂ! ਇਨ੍ਹਾਂ ਸਾਰਿਆਂ ਤੋਂ ਤੇਰੀ ਤਿਲ ਜਿੰਨੀ ਵਡਿਆਈ ਵੀ ਨਹੀਂ ਕਹੀ ਜਾਂਦੀ।

**ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥**

ਸਾਰੇ ਜਤ-ਸਤ, ਤਪ ਅਤੇ ਨੇਕੀਆਂ,

**ਸਿਧਾ ਪੁਰਖਾ ਕੀਆ ਵਡਿਆਈਆ ॥**

ਸੰਤਾਂ ਦੀ ਸਿਫਤ-ਸਲਾਹ

**ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥**

ਹੇ ਪ੍ਰਭੂ! ਤੇਰੀ ਕਿਰਪਾ ਤੋਂ ਬਿਨਾਂ ਪ੍ਰਾਪਤ ਨਹੀ ਹੁੰਦੀ।

**ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥**

ਤੇਰੀ ਮਿਹਰ ਨਾਲ ਇਹ ਪ੍ਰਾਪਤੀ ਹੁੰਦੀ ਹੈ ਅਤੇ ਕੋਈ ਹੋਰ ਇਸ ਵਿੱਚ ਰੁਕਾਵਟ ਨਹੀਂ ਬਣ ਸਕਦਾ।

**ਆਖਣ ਵਾਲਾ ਕਿਆ ਵੇਚਾਰਾ ॥**

ਹੇ ਪ੍ਰਭੂ! ਤੇਰੀ ਸਿਫ਼ਤ ਕੋਈ ਵਿਚਾਰਾ ਕਿੰਨੀ ਕੁ ਕਰ ਸਕਦਾ ਹੈ ?

**ਸਿਫਤੀ ਭਰੇ ਤੇਰੇ ਭੰਡਾਰਾ ॥**

ਕਿਉਂਕਿ ਤੂੰ ਸਿਫਤਾਂ ਦਾ ਭੰਡਾਰਾ ਹੈਂ।

**ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥**

ਜਿਸ ਨੂੰ ਤੂੰ ਦਾਤ ਦੇਵੇਂ, ਉਸ ਨੂੰ ਹੋਰ ਕਿਸੇ ਯਤਨ ਦੀ ਕੀ ਲੋੜ ਹੈ?

**ਨਾਨਕ ਸਚੁ ਸਵਾਰਣਹਾਰਾ ॥੪॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਸਭ ਦੇ ਕਾਜ ਸਵਾਰਣ ਵਾਲਾ ਹੈ।

**ਆਸਾ ਮਹਲਾ ੧ ॥**

**ਆਖਾ ਜੀਵਾ ਵਿਸਰੈ ਮਰਿ ਜਾਉ ॥**

ਜੇ ਮੈਂ ਪਰਮੇਸ਼ੁਰ ਦਾ ਨਾਮ ਕਹਿੰਦਾ ਹਾਂ ਤਾਂ ਜੀਵਨ ਹੈ,
ਜੇ ਭੁੱਲਾਂ ਤਾਂ ਮਰ ਜਾਵਾਂ।

**ਆਖਣਿ ਅਉਖਾ ਸਾਚਾ ਨਾਉ ॥**

ਪਰ ਇਹ ਪਵਿੱਤਰ ਨਾਮ ਜਪਣਾ ਬਹੁਤ ਔਖਾ ਹੈ।

**ਸਾਚੇ ਨਾਮ ਕੀ ਲਾਗੈ ਭੂਖ ॥**

ਜੇ ਕਿਸੇ ਨੂੰ ਸੱਚੇ ਨਾਮ ਦੀ ਭੁੱਖ ਲਗ ਜਾਵੇ,

**ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥**

ਤਾਂ ਉਹ ਨਾਮ ਦੀ ਭੁੱਖ ਉਸਦੇ ਦੁੱਖਾਂ ਨੂੰ ਖਾ ਜਾਂਦੀ ਹੈ।

**ਸੋ ਕਿਉ ਵਿਸਰੈ ਮੇਰੀ ਮਾਇ ॥**

ਹੇ ਮੇਰੀ ਮਾਤਾ! ਉਹ ਪ੍ਰਭੂ ਮੈਨੂੰ ਕਿਉਂ ਭੁੱਲੇ?

**ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥**

ਉਹ ਸੱਚਾ ਹੈ ਅਤੇ ਉਸਦਾ ਨਾਮ ਵੀ ਸੱਚਾ ਹੈ।

**ਸਾਚੇ ਨਾਮ ਕੀ ਤਿਲੁ ਵਡਿਆਈ ॥**

ਸਾਰੇ ਹੀ ਸੱਚੇ ਨਾਮ ਦੀ ਤਿਲ ਜਿੰਨੀ ਵਡਿਆਈ ਨੂੰ

**ਆਖਿ ਥਕੇ ਕੀਮਤਿ ਨਹੀ ਪਾਈ ॥**

ਕਹਿ ਕੇ ਥੱਕ ਗਏ ਹਨ, ਪਰ ਉਸਦੀ ਕੀਮਤ ਨਹੀਂ ਪਾਈ ਗਈ।

**ਜੇ ਸਭਿ ਮਿਲਿ ਕੈ ਆਖਣ ਪਾਹਿ ॥**

ਜੇ ਸਾਰੇ ਇਕੱਠੇ ਹੋ ਕੇ ਪ੍ਰਭੂ ਦੀ ਵਡਿਆਈ ਜਾਂ ਨਿੰਦਿਆ ਕਹਿਣ ਲਗ ਪੈਣ,

**ਵਡਾ ਨ ਹੋਵੈ ਘਾਟਿ ਨ ਜਾਇ ॥੨॥**

ਤਾਂ ਉਹ ਵਡਿਆਈ ਨਾਲ ਵੱਡਾ ਨਹੀਂ ਹੁੰਦਾ ਅਤੇ ਨਿੰਦਿਆ ਨਾਲ ਘੱਟ ਨਹੀਂ ਜਾਂਦਾ।

**ਨਾ ਓਹੁ ਮਰੈ ਨ ਹੋਵੈ ਸੋਗੁ ॥**

ਉਹ ਪ੍ਰਭੂ ਨਾ ਤਾਂ ਮਰਦਾ ਹੈ ਅਤੇ ਨਾ ਹੀ ਉਸ ਨੂੰ ਕੋਈ ਸੋਗ ਹੁੰਦਾ ਹੈ।

**ਦੇਦਾ ਰਹੈ ਨ ਚੂਕੈ ਭੋਗੁ ॥**

ਉਹ ਆਪਣੇ ਕਰਮ ਤੋਂ ਪਿੱਛੇ ਨਹੀਂ ਹਟਦਾ ਅਤੇ ਦਾਤਾਂ ਦੇਂਦਾ ਹੀ ਰਹਿੰਦਾ ਹੈ।

**ਗੁਣੁ ਏਹੋ ਹੋਰੁ ਨਾਹੀ ਕੋਇ ॥**

ਉਸ ਵਿਚ ਇਹੋ ਗੁਣ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ ਹੈ।

**ਨਾ ਕੋ ਹੋਆ ਨਾ ਕੋ ਹੋਇ ॥੩॥**

ਇਹੋ ਜਿਹੇ ਗੁਣਾਂ ਵਾਲਾ ਨਾ ਕੋਈ ਹੋਇਆ ਹੈ ਅਤੇ ਨਾ ਕੋਈ ਹੋਵੇਗਾ।

**ਜੇਵਡੁ ਆਪਿ ਤੇਵਡ ਤੇਰੀ ਦਾਤਿ ॥**

ਹੇ ਪ੍ਰਭੂ! ਤੇਰੀ ਦਾਤ ਵੀ ਓਨੀ ਹੀ ਵੱਡੀ ਹੈ, ਜਿੰਨਾ ਵੱਡਾ ਤੂੰ ਆਪ ਹੈਂ।

**ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥**

ਜਿਸ ਪ੍ਰਭੂ ਨੇ ਦਿਨ ਬਣਾ ਕੇ ਰਾਤ ਬਣਾਈ ਹੈ।

**ਖਸਮੁ ਵਿਸਾਰਹਿ ਤੇ ਕਮਜਾਤਿ ॥**

ਜੋ ਐਸੇ ਪ੍ਰਭੂ ਨੂੰ ਭੁਲਾ ਦੇਂਦੇ ਹਨ, ਉਹ ਨੀਚ ਹਨ।

**ਨਾਨਕ ਨਾਵੈ ਬਾਝੁ ਸਨਾਤਿ ॥੪॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਨਾਮ ਵਿਹੂਣੇ ਜੀਵ ਬੁਰੇ ਹਨ।

**ਰਾਗੁ ਗੂਜਰੀ ਮਹਲਾ ੪ ॥**

**ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥**

ਹੇ ਸਤ ਪੁਰਸ਼! ਪਰਮੇਸ਼੍ਵਰ ਦੇ ਪਿਆਰੇ! ਸਤਿਗੁਰ! ਮੈਂ ਆਪ ਜੀ ਦੇ ਪਾਸ ਇਕ ਬੇਨਤੀ ਕਰਦਾਂ ਹਾਂ।

**ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥੧॥**

ਅਸੀਂ ਕੀੜੇ ਮਕੌੜੇ ਤੇਰੀ ਸ਼ਰਣ ਵਿੱਚ ਆਏ ਹਾਂ, ਦਇਆ ਕਰਕੇ ਨਾਮ ਦਾ ਪ੍ਰਕਾਸ਼ ਸਾਡੇ ਹਿਰਦੇ 'ਚ ਕਰ ਦਿਉ।

**ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥**

ਹੇ ਮੇਰੇ ਮਿੱਤਰ ਗੁਰਦੇਵ! ਮੈਨੂੰ ਹਰੀ-ਨਾਮ ਦਾ ਚਾਨਣ ਬਖਸ਼ੋ।

**ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥**

ਮੇਰੀ ਇੱਛਾ ਇਹੋ ਹੈ ਕਿ ਤੇਰਾ ਨਾਮ ਅਤੇ ਮੇਰੇ ਪ੍ਰਾਣਾਂ ਦੀ ਮਿੱਤਰਤਾ ਬਣੀ ਰਹੇ ਅਤੇ ਅੰਤ ਸਮੇਂ ਤੱਕ ਨਿਭ ਜਾਏ, ਹੇ ਪ੍ਰਭੂ! ਤੇਰੀ ਕੀਰਤੀ ਹੀ ਸਾਡੀ ਪੂੰਜੀ ਬਣੀ ਰਹੇ।

**ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥**

ਹਰੀ ਦੇ ਜਨ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਹਰੀ ਨਾਮ 'ਤੇ ਭਰੋਸਾ ਅਤੇ ਪਿਆਸ ਹੈ।

**ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥**

ਜਦੋਂ ਉਨ੍ਹਾਂ ਨੂੰ ਪ੍ਰਭੂ ਦਾ ਨਾਮ ਮਿਲਦਾ ਹੈ, ਓਦੋਂ ਉਹ ਤ੍ਰਿਪਤ ਹੋ ਜਾਂਦੇ ਹਨ, ਸਾਧਸੰਗਤ ਦੇ ਮੇਲ ਨਾਲ ਉਹਨਾਂ ਦੇ ਗੁਣ ਪ੍ਰਗਟ ਹੁੰਦੇ ਹਨ।

**ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥**

ਜਿਨ੍ਹਾਂ ਨੇ ਕਦੇ ਹਰੀ ਦਾ ਪ੍ਰੇਮ-ਰਸ ਅਤੇ ਨਾਮ ਨਹੀਂ ਲਿਆ, ਉਹ ਕਰਮਹੀਣ ਯਮ-ਫਾਹੀ ਵਿਚ ਫਸੇ ਹੋਏ ਹਨ।

**ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥**

ਜਿਹੜੇ ਸਤਿਗੁਰ ਦੀ ਸ਼ਰਣ ਵਿੱਚ ਨਹੀਂ ਆਏ, ਉਨ੍ਹਾਂ ਦਾ ਜੀਵਿਆ ਅਤੇ ਜਿਊਣਾ ਧ੍ਰਿਕਾਰ ਹੈ।

**ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥**

ਜਿਨ੍ਹਾਂ ਹਰੀ ਦੇ ਪਿਆਰਿਆਂ ਨੇ ਸਤਿਗੁਰ ਦੀ ਸੰਗਤ ਪ੍ਰਾਪਤ ਕੀਤੀ ਹੈ, ਉਹਨਾਂ ਦੇ ਮੱਥੇ 'ਤੇ ਧੁਰੋਂ ਹੀ ਚੰਗਾ ਲੇਖ ਲਿਖਿਆ ਹੋਇਆ ਹੈ।

**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਾਧ-ਸੰਗਤ ਧੰਨਤਾ ਯੋਗ ਹੈ, ਜਿੱਥੋਂ ਨਾਮ ਦਾ ਰਸ ਅਤੇ ਗਿਆਨ ਪ੍ਰਾਪਤ ਹੁੰਦਾ ਹੈ।

**ਰਾਗੁ ਗੂਜਰੀ ਮਹਲਾ ੫ ॥**

**ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥**

ਹੇ ਮਨ! ਤੂੰ ਕਿਉਂ ਚਿੰਤਾ ਕਰਦਾ ਹੈਂ?
ਜਦੋਂ ਕਿ ਤੇਰੇ ਭੋਜਨ ਦਾ ਫ਼ਿਕਰ ਪ੍ਰਭੂ ਨੂੰ ਹੈ।

**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥**

ਉਸ ਪ੍ਰਭੂ ਨੇ ਪਹਾੜਾਂ ਦੇ ਪੱਥਰਾਂ ਵਿਚ ਜੀਵਾਂ ਨੂੰ ਪੈਦਾ ਕਰਕੇ ਉਹਨਾਂ ਦੇ ਰਿਜ਼ਕ ਦਾ ਬੰਦੋਬਸਤ ਪਹਿਲਾਂ ਹੀ ਕਰ ਦਿੱਤਾ।

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥**

ਹੇ ਮੇਰੇ ਮਾਧਉ ਜੀ! ਜਿਸ ਨੇ ਸਾਧਾਂ ਦੀ ਸੰਗਤ ਕੀਤੀ, ਉਹ ਤਰ ਗਿਆ।

**ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥**

ਗੁਰੂ ਦੀ ਕ੍ਰਿਪਾ ਨਾਲ ਜੀਵ ਦੀ ਆਤਮਿਕ ਅਵਸਥਾ ਉੱਚੀ ਹੋ ਗਈ ਅਤੇ ਮਨ ਰੂਪੀ ਸੁੱਕੀ ਲੱਕੜ ਵੀ ਹਰੀ ਹੋ ਗਈ।

**ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥**

ਮਾਤਾ, ਪਿਤਾ, ਸੰਬੰਧੀ, ਪੁੱਤਰ ਅਤੇ ਇਸਤਰੀ ਕੋਈ ਕਿਸੇ ਲਈ ਭੋਜਨ ਨਹੀਂ ਰੱਖੀ ਬੈਠਾ।

**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥**

ਹਰੇਕ ਜੀਵ ਨੂੰ ਪ੍ਰਭੂ ਹੀ ਭੋਜਨ ਪਹੁਚਾਉਂਦਾ ਹੈ, ਹੇ ਮਨ! ਤੂੰ ਕਿਉਂ ਡਰ ਰਿਹਾ ਹੈਂ?

**ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥**

ਕੂੰਜਾਂ ਆਦਿਕ ਪੰਛੀ ਆਪਣੇ ਛੋਟੇ-ਛੋਟੇ ਬੱਚੇ ਛੱਡ ਕੇ ਸੈਂਕੜੇ ਕੋਹਾਂ ਦੂਰ ਚਲੇ ਜਾਂਦੇ ਹਨ।

**ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥**

ਹੇ ਮਨੁੱਖ! ਤੂੰ ਉਹਨਾਂ ਨੂੰ ਕਦੀ ਮਨ ਵਿਚ ਯਾਦ ਕੀਤਾ ਹੈ ਕਿ ਉਹਨਾਂ ਬੱਚਿਆਂ ਨੂੰ ਕੌਣ ਖੁਆਉਂਦਾ ਤੇ ਕੌਣ ਚੁਗਾਉਂਦਾ ਹੈ?

**ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥**

ਸਾਰੀਆਂ ਨਿੱਧੀਆਂ ਨੂੰ ਅਤੇ ਅਠਾਰਾਂ ਸਿੱਧੀਆਂ ਨੂੰ ਪ੍ਰਭੂ ਨੇ ਆਪਣੇ ਅਧੀਨ ਰੱਖਿਆ ਹੋਇਆ ਹੈ।

**ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪॥੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਐਸੇ ਪ੍ਰਭੂ ਤੋਂ ਮਨ, ਬਾਣੀ ਤੇ ਕਰਮ ਕਰਕੇ ਬਲਿਹਾਰ ਜਾਈਏ, ਜਿਸਦਾ ਅੰਤ ਨਹੀਂ ਪਾਇਆ ਜਾਂਦਾ।

**ਰਾਗੁ ਆਸਾ ਮਹਲਾ ੪ ਸੋ ਪੁਰਖੁ॥**

**ੴ ਸਤਿਗੁਰ ਪ੍ਰਸਾਦਿ ॥**

**ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ॥**

ਉਹ ਪ੍ਰਭੂ ਸਾਰੇ ਜੀਵਾਂ ਵਿੱਚ ਵਿਆਪਕ, ਮਾਇਆ ਦੇ ਪ੍ਰਭਾਵ ਤੋਂ ਉੱਚਾ, ਅਪਹੁੰਚ ਅਤੇ ਬੇਅੰਤ ਹੈ।

**ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥**

ਜੀਵਾਂ ਨੂੰ ਪੈਦਾ ਕਰਨ ਵਾਲੇ ਸੱਚੇ ਪ੍ਰਭੂ! ਤੁਹਾਨੂੰ ਸਾਰੇ ਧਿਆਉਂਦੇ ਹਨ।

**ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥**

ਹੇ ਪ੍ਰਭੂ! ਸਾਰੇ ਜੀਵ ਤੇਰੇ ਹਨ ਅਤੇ ਤੂੰ ਜੀਵਾਂ ਦਾ ਦਾਤਾ ਹੈਂ।

**ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥**

ਹੇ ਸੰਤੋ! ਸਾਰੇ ਦੁੱਖਾਂ ਨੂੰ ਦੂਰ ਕਰਨ ਵਾਲੇ ਹਰੀ ਨੂੰ ਯਾਦ ਕਰੋ।

**ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੀਵ ਵਿਚਾਰਾ ਕੀ ਚੀਜ਼ ਹੈ?
ਹਰੀ ਆਪ ਹੀ ਮਾਲਕ ਤੇ ਆਪ ਹੀ ਸੇਵਕ ਹੈ।

**ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥**

ਹੇ ਪ੍ਰਭੂ! ਤੂੰ ਹਰ ਹਿਰਦੇ ਵਿੱਚ ਹੈਂ ਅਤੇ ਸਾਰਿਆਂ ਵਿਚ ਤੇਰੀ ਹੀ ਜੋਤ ਇੱਕ ਹੈ।

**ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥**

ਕੋਈ ਦਾਤਾ ਹੈ, ਕੋਈ ਮੰਗਤਾ ਹੈ, ਇਹ ਸਾਰੇ ਤੇਰੇ ਹੀ ਚੋਜ ਹਨ।

**ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥**

ਤੂੰ ਆਪ ਹੀ ਦਾਤਾ ਤੇ ਆਪ ਹੀ ਖਾਣਵਾਲਾ ਹੈਂ, ਮੈਂ ਤੇਰੇ ਬਿਨਾਂ ਹੋਰ ਕਿਸੇ ਨੂੰ ਨਹੀਂ ਜਾਣਦਾ।

**ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥**

ਹੇ ਪ੍ਰਭੂ! ਤੂੰ ਬੇਅੰਤ, ਬੇਅੰਤ ਹੈਂ, ਮੈਂ ਤੇਰੇ ਕਿਹੜ-ਕਿਹੜੇ ਗੁਣ ਕਹਿ ਸਕਦਾ ਹਾਂ?

**ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਜੋ ਤੈਨੂੰ ਸਿਮਰਦੇ ਹਨ,
ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ।

**ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥**

ਜੋ ਤੈਨੂੰ ਧਿਆਉਂਦੇ ਹਨ, ਉਹ ਸਾਧੂ-ਜਨ ਸੰਸਾਰ ਵਿਚ ਸੁਖੀ ਵੱਸਦੇ ਹਨ।

**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥**

ਜਿਨ੍ਹਾਂ ਨੇ ਹਰੀ ਨੂੰ ਧਿਆਇਆ ਹੈ, ਉਹ ਸੰਸਾਰਿਕ ਬੰਧਨਾਂ ਤੋਂ ਆਜ਼ਾਦ ਹੋ ਗਏ ਹਨ ਅਤੇ ਉਨਾਂ ਦੀ ਯਮ-ਫਾਹੀ ਟੁੱਟ ਗਈ ਹੈ।

**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥**

ਜਿਨ੍ਹਾਂ ਨੇ ਨਿਡਰ ਪ੍ਰਭੂ ਨੂੰ ਧਿਆਇਆ ਹੈ, ਉਹਨਾਂ ਦਾ ਡਰ ਹਰੀ ਨੇ ਖ਼ਤਮ ਕਰ ਦਿੱਤਾ ਹੈ।

**ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥**

ਜਿਹੜੇ ਮੇਰੇ ਪ੍ਰਭੂ ਨੂੰ ਸਿਮਰਦੇ ਹਨ, ਉਹ ਉਸਦਾ ਹੀ ਰੂਪ ਬਣ ਜਾਂਦੇ ਹਨ।

**ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਸੇਵਕ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਹਰੀ ਨੂੰ ਸਿਮਰਿਆ ਹੈ।

**ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥**

ਹੇ ਪ੍ਰਭੂ! ਤੇਰੀ ਭਗਤੀ ਦੇ ਬੇਅੰਤ ਖਜ਼ਾਨੇ ਭਰੇ ਹੋਏ ਹਨ।

**ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥**

ਹੇ ਬੇਅੰਤ ਪ੍ਰਭੂ! ਤੇਰੇ ਭਗਤ ਤੈਨੂੰ ਸਲਾਹੁੰਦੇ ਹਨ।

**ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥**

ਹੇ ਬੇਅੰਤ ਪ੍ਰਭੂ! ਤੇਰੇ ਭਗਤ ਅਨੇਕਾਂ ਢੰਗਾਂ ਨਾਲ ਤੇਰੀ ਪੂਜਾ ਕਰਦੇ ਹਨ।

**ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥**

ਹੇ ਪ੍ਰਭੂ! ਤੇਰੇ ਅਨੇਕਾਂ ਜਨ ਸਿੰਮ੍ਰਿਤੀਆਂ ਤੇ ਸ਼ਾਸਤ੍ਰ ਪੜ੍ਹਦੇ ਹਨ ਅਤੇ ਕਈ ਤਰ੍ਹਾਂ ਦੇ ਕਰਮ-ਕਾਂਡ ਕਰਦੇ ਹਨ।

**ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥**

ਹੇ ਪ੍ਰਭੂ! ਉਹੀ ਭਗਤ ਚੰਗੇ ਹਨ, ਜਿਹੜੇ ਤੈਨੂੰ ਚੰਗੇ ਲੱਗਦੇ ਹਨ।

**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥**
ਹੇ ਪ੍ਰਭੂ! ਤੂੰ ਮੁੱਢ ਤੋਂ ਹੀ ਬੇਅੰਤ ਹੈਂ ਅਤੇ ਤੇਰੇ ਵਰਗਾ ਹੋਰ ਕੋਈ ਨਹੀਂ ਹੈ।
**ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥**
ਹੇ ਅਟੱਲ ਪ੍ਰਭੂ! ਤੂੰ ਯੁੱਗਾਂ ਤੋਂ ਹਮੇਸ਼ਾਂ ਇੱਕ ਹੀ ਹੈਂ।
**ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥**
ਹੇ ਪ੍ਰਭੂ! ਜੋ ਤੈਨੂੰ ਭਾਉਂਦਾ ਹੈ, ਉਹੀ ਵਰਤਦਾ ਹੈ ਅਤੇ
ਜੋ ਤੂੰ ਆਪ ਕਰਦਾ ਹੈਂ, ਓਹੀ ਹੁੰਦਾ ਹੈ।
**ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥**
ਤੂੰ ਆਪ ਹੀ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਅਤੇ
ਆਪ ਹੀ ਉਸਨੂੰ ਨਾਸ਼ ਕਰਦਾ ਹੈਂ।
**ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਦਾਸ ਉਸ ਦੇ ਗੁਣ ਗਾਉਂਦਾ ਹਾਂ,
ਜੋ ਸਾਰਿਆਂ ਦੇ ਦਿਲਾਂ ਦੀ ਜਾਣਦਾ ਹੈ।

**ਆਸਾ ਮਹਲਾ ੪ ॥**

**ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥**
ਹੇ ਮੇਰੇ ਸਾਈਂ! ਤੂੰ ਸੱਚਾ ਕਰਤਾ ਹੈਂ।
**ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥**
**ਰਹਾਉ ॥**
ਜੋ ਤੈਨੂੰ ਭਾਵੇਗਾ, ਓਹੀ ਹੋਵੇਗਾ, ਜੋ ਤੂੰ ਦੇਵੇਂਗਾ ਮੈਂ ਓਹੀ ਲਵਾਂਗਾ।
**ਸਭ ਤੇਰੀ ਤੂੰ ਸਭਨੀ ਧਿਆਇਆ ॥**
ਸਾਰੀ ਸ੍ਰਿਸਟੀ ਤੇਰੀ ਹੀ ਰਚਨਾ ਹੈ, ਤੈਨੂੰ ਸਾਰਿਆਂ ਭਗਤਾਂ ਨੇ ਸਿਮਰਿਆ ਹੈ।
**ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥**
ਜਿਸ 'ਤੇ ਤੂੰ ਕ੍ਰਿਪਾ ਕਰਦਾ ਹੈਂ, ਉਹੀ ਨਾਮ ਰੂਪੀ ਅਮੁੱਲਾ ਪਦਾਰਥ ਪਾਉਂਦਾ ਹੈ।
**ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥**
ਗੁਰਮੁੱਖਾਂ ਨੇ ਪ੍ਰਭੂ ਨੂੰ ਲੱਭ ਲਿਆ ਅਤੇ ਮਨਮੁੱਖਾਂ ਨੇ ਜੀਵਨ
ਵਿਅਰਥ ਗਵਾ ਲਿਆ ਹੈ।
**ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥**
ਤੂੰ ਆਪ ਮਨਮੁੱਖਾਂ ਨੂੰ ਵਿਛੋੜਿਆ ਅਤੇ ਆਪ ਹੀ ਗੁਰਮੁੱਖਾਂ ਨੂੰ ਮਿਲਾਇਆ ਹੈ।
**ਤੂੰ ਦਰੀਆਉ ਸਭ ਤੁਝ ਹੀ ਮਾਹਿ ॥**
ਤੂੰ ਦਰਿਆ ਸਮਾਨ ਹੈਂ ਅਤੇ ਸਭ ਜੀਵ ਤੇਰੇ ਵਿੱਚ ਹਨ।
**ਤੁਝ ਬਿਨੁ ਦੂਜਾ ਕੋਈ ਨਾਹਿ ॥**
ਤੇਰੇ ਬਿਨਾਂ ਹੋਰ ਕੋਈ ਨਹੀਂ।

**ਜੀਅ ਜੰਤ ਸਭਿ ਤੇਰਾ ਖੇਲੁ ॥**

ਇਹ ਜੀਵ-ਜੰਤੂ ਸਭ ਤੇਰਾ ਹੀ ਤਮਾਸ਼ਾ ਹਨ।

**ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥**

ਜੀਵ ਵਿਯੋਗੀ ਕਰਮਾਂ ਨਾਲ ਮਿਲ ਕੇ ਗੁਰੂ ਤੋਂ ਵਿਛੜ ਜਾਂਦਾ ਹੈ
ਅਤੇ ਸੰਜੋਗੀ ਕਰਮਾਂ ਨਾਲ ਵਿਛੜਿਆਂ ਦਾ ਮੇਲ ਹੋ ਜਾਂਦਾ ਹੈ।

**ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥**

ਜਿਸ ਜਨ ਨੂੰ ਤੂੰ ਜਣਾਉਂਦਾ ਹੈਂ, ਓਹੀ ਤੈਨੂੰ ਜਾਣਦਾ ਹੈ।

**ਹਰਿ ਗੁਣ ਸਦ ਹੀ ਆਖਿ ਵਖਾਣੈ ॥**

ਉਹ ਸਦਾ ਹੀ ਹਰੀ ਦੇ ਗੁਣ ਕਹਿੰਦਾ ਹੈ।

**ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥**

ਜਿਨ੍ਹਾਂ ਨੇ ਪਰਮੇਸ਼੍ਵਰ ਨੂੰ ਅਰਾਧਿਆ ਹੈ, ਉਨ੍ਹਾਂ ਹੀ ਸੁੱਖ ਪਾਇਆ ਹੈ।

**ਸਹਜੇ ਹੀ ਹਰਿ ਨਾਮਿ ਸਮਾਇਆ ॥੩॥**

ਉਹ ਸਹਿਜੇ ਹੀ ਪਰਮੇਸ਼ਰ ਦੇ ਨਾਮ ਵਿਚ ਲੀਨ ਹੋ ਗਏ ਹਨ।

**ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥**

ਤੂੰ ਕਰਨਹਾਰ ਆਪ ਹੀ ਹੈਂ ਅਤੇ ਤੇਰਾ ਕੀਤਾ ਹੀ ਸਭ ਕੁਝ ਹੁੰਦਾ ਹੈ।

**ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥**

ਤੇਰੇ ਬਿਨਾਂ ਦੂਜਾ ਹੋਰ ਕੋਈ ਨਹੀਂ।

**ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥**

ਇਹ ਗੱਲ ਸਾਧੂ-ਜਨ ਜਾਣਦੇ ਹਨ ਕਿ ਤੂੰ ਜੀਵਾਂ ਨੂੰ ਪੈਦਾ ਕਰਕੇ ਸੰਭਾਲਦਾ ਹੈ।

**ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੇ ਰਾਹੀਂ ਹੀ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ।

**ਆਸਾ ਮਹਲਾ ੧ ॥**

**ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥**

ਜੀਵ ਦਾ ਓਸ ਸੰਸਾਰ ਸਰੋਵਰ ਵਿਚ ਨਿਵਾਸ ਹੋਇਆ ਹੈ, ਜਿਸ ਸਰੋਵਰ ਨੇ
ਪਾਣੀ ਭਾਵ ਸੁਖਦ ਵਸਤੂਆਂ ਨੂੰ ਅੱਗ ਵਾਂਗ ਦੁਖਦਾਈ ਕੀਤਾ ਹੋਇਆ ਹੈ।

**ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥**

ਮੈਂ ਇਸ ਸੰਸਾਰ ਸਰੋਵਰ ਵਿੱਚ ਵੇਖਿਆ ਹੈ ਕਿ ਮੋਹ ਰੂਪ ਕਮਲ ਵਿਚ ਫਸ ਕੇ
ਭੌਰੇ ਰੂਪ ਜੀਵ ਹਿੱਲ ਨਹੀਂ ਸਕੇ ਅਤੇ ਉੱਥੇ ਹੀ ਡੁੱਬੇ ਗਏ।

**ਮਨ ਏਕੁ ਨ ਚੇਤਸਿ ਮੂੜ ਮਨਾ ॥**

ਹੇ ਮੂਰਖ ਮਨਾ! ਤੂੰ ਇੱਕ ਪ੍ਰਭੂ ਨੂੰ ਯਾਦ ਨਹੀਂ ਕਰਦਾ।

**ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥**

ਹਰੀ ਨੂੰ ਵਿਸਾਰਿਆਂ ਤੇਰੀਆਂ ਚੰਗਿਆਈਆਂ ਖ਼ਤਮ ਹੋ ਗਈਆਂ ਹਨ।

**ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥**
ਮੈਂ ਵਿੱਦਿਆਹੀਣ, ਨਾ ਸੰਨਿਆਸੀ ਹਾਂ ਅਤੇ ਨਾ ਹੀ ਸੱਤਵਾਦੀ ਹਾਂ, ਸਾਰਾ ਜੀਵਨ ਮੂਰਖਾਂ ਵਾਂਗ ਬਤੀਤ ਕੀਤਾ ਹੈ।
**ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥੨॥੩॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪਰਮੇਸ਼ਰ! ਜਿਨ੍ਹਾਂ ਸਾਧੂ-ਜਨਾਂ ਨੂੰ ਤੂੰ ਕਦੀ ਨਹੀਂ ਵਿਸਰਿਆ, ਮੈਂ ਉਹਨਾਂ ਦੀ ਸ਼ਰਨ ਆਇਆ ਹਾਂ।

**ਆਸਾ ਮਹਲਾ ੫ ॥**

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
ਹੇ ਜੀਵ! ਤੈਨੂੰ ਮਨੁੱਖਾ ਦੇਹੀ ਮਿਲੀ ਹੈ।
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**
ਗੋਬਿੰਦ ਨੂੰ ਮਿਲਣ ਦਾ ਇਹ ਤੇਰੇ ਕੋਲ ਮੌਕਾ ਹੈ।
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
ਹੋਰ ਕੰਮ ਤੇਰੇ ਕਿਸੇ ਕੰਮ ਨਹੀਂ ਆਉਣੇ।
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥**
ਸਾਧੂਆਂ ਦੀ ਸੰਗਤ ਵਿੱਚ ਬੈਠ ਕੇ ਇੱਕ ਨਾਮ ਸਿਮਰਿਆ ਹੀ ਕੰਮ ਆਉਣਾ ਹੈ।
**ਸਰੰਜਾਮਿ ਲਾਗੁ ਭਵਜਲ ਤਰਨ ਕੈ ॥**
ਸੰਸਾਰ ਰੂਪ ਸਮੁੰਦਰ ਨੂੰ ਤਰਨ ਦੇ ਇੰਤਜ਼ਾਮ ਵਿਚ ਲੱਗ।
**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥**
ਤੇਰਾ ਮਾਇਆ ਦੇ ਰੰਗ ਵਿਚ ਜਨਮ ਵਿਅਰਥ ਜਾ ਰਿਹਾ ਹੈ।
**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥**
ਤੂੰ ਜਪ, ਤਪ, ਸੰਜਮ ਅਤੇ ਧਰਮ ਨਹੀਂ ਕਮਾਇਆ।
**ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**
ਸਾਧੂਆਂ ਦੀ ਸੇਵਾ ਵੀ ਨਹੀਂ ਕੀਤੀ ਅਤੇ ਪਰਮੇਸ਼ਰ ਨੂੰ ਵੀ ਨਹੀਂ ਅਰਾਧਿਆ।
**ਕਹੁ ਨਾਨਕ ਹਮ ਨੀਚ ਕਰੰਮਾ ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਅਸੀਂ ਨੀਚ ਕਰਮੀ ਜੀਵ ਹਾਂ।
**ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥**
ਹੇ ਪ੍ਰਭੂ! ਸ਼ਰਣ ਪਿਆਂ ਦੀ ਲਾਜ ਰੱਖੋ।

**ੴ**

**ਵਾਹਿਗੁਰੂ ਜੀ ਕੀ ਫਤੇ॥**

**ਪਾਤਿਸਾਹੀ ੧੦ ॥ ਚੌਪਈ ॥**

**ਪੁਨਿ ਰਾਛਸ ਕਾ ਕਾਟਾ ਸੀਸਾ ॥**

ਫਿਰ ਉਸ ਦੈਂਤ ਦਾ ਸਿਰ ਵੱਢ ਦਿੱਤਾ।

**ਸ੍ਰੀ ਅਸਿਕੇਤ ਜਗਤ ਕੇ ਈਸਾ ॥**

ਜੋ ਜਗਤ ਦਾ ਮਾਲਕ ਹੈ ਅਤੇ ਜਿਸ ਦੇ ਝੰਡੇ 'ਤੇ ਕਿਰਪਾਨ ਦਾ ਨਿਸ਼ਾਨ ਹੈ।

**ਪੁਹਪਨ ਬ੍ਰਿਸਟਿ ਗਗਨ ਤੇ ਭਈ ॥**

ਉਸ ਸਮੇਂ ਆਕਾਸ਼ ਤੋਂ ਫੁੱਲਾਂ ਦੀ ਵਰਖਾ ਹੋਈ।

**ਸਭਹਿਨ ਆਨਿ ਬਧਾਈ ਦਈ ॥ ॥**

ਸਾਰਿਆਂ ਨੇ ਆ ਕੇ ਵਧਾਈ ਦਿੱਤੀ।

**ਧੰਨਜ ਧੰਨਜ ਲੋਗਨ ਕੇ ਰਾਜਾ ॥**

ਹੇ ਲੋਕਾਂ ਦੇ ਰਾਜੇ! ਤੁਸੀਂ ਧੰਨ ਹੋ, ਤੁਸੀਂ ਧੰਨ ਹੋ।

**ਦੁਸਟਨ ਦਾਹ ਗਰੀਬ ਨਿਵਾਜਾ ॥**

ਤੁਸੀਂ ਦੁਸ਼ਟਾਂ ਨੂੰ ਮਾਰ ਕੇ ਗਰੀਬਾਂ ਦੀ ਰੱਖਿਆ ਕਰਦੇ ਹੋ।

**ਅਖਲ ਭਵਨ ਕੇ ਸਿਰਜਨਹਾਰੇ ॥**

ਤੁਸੀਂ ਸਾਰੇ ਲੋਕਾਂ ਨੂੰ ਬਨਾਉਣ ਵਾਲੇ ਹੋ।

**ਦਾਸ ਜਾਨਿ ਮੁਹਿ ਲੇਹੁ ਉਬਾਰੇ ॥ ॥**

ਮੈਨੂੰ ਸੇਵਕ ਸਮਝ ਕੇ, ਮੇਰੀ ਰੱਖਿਆ ਕਰੋ।

**ਕਬਿਯੋ ਬਾਚ ਬੇਨਤੀ ॥ ਚੌਪਈ ॥**

**ਹਮਰੀ ਕਰੋ ਹਾਥ ਦੈ ਰੱਛਾ ॥**

ਮੇਰੀ ਹੱਥ ਦੇ ਕੇ ਰੱਖਿਆ ਕਰੋ।

**ਪੂਰਨ ਹੋਇ ਚਿੱਤ ਕੀ ਇੱਛਾ ॥**

ਤਾਂ ਕਿ ਮੇਰੇ ਦਿਲ ਦੀ ਇੱਛਾ ਪੂਰੀ ਹੋ ਸਕੇ।

**ਤਵ ਚਰਨਨ ਮਨ ਰਹੈ ਹਮਾਰਾ ॥**

ਮੇਰਾ ਮਨ ਤੁਹਾਡੇ ਚਰਨਾਂ ਵਿੱਚ ਟਿਕਿਆ ਰਹੇ।

**ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥**

ਮੈਨੂੰ ਆਪਣਾ ਜਾਣ ਕੇ ਮੇਰੀ ਪਾਲਣਾ ਕਰੋ।

**ਹਮਰੇ ਦੁਸਟ ਸਭੈ ਤੁਮ ਘਾਵਹੁ ॥**

ਮੇਰੇ ਸਾਰੇ ਦੁਸ਼ਮਣਾਂ ਨੂੰ ਖ਼ਤਮ ਕਰ ਦਿਓ।

**ਆਪੁ ਹਾਥ ਦੈ ਮੋਹਿ ਬਚਾਵਹੁ ॥**

ਆਪਣਾ ਹੱਥ ਦੇ ਕੇ ਮੈਨੂੰ ਬਚਾ ਲਵੋ।

**ਸੁਖੀ ਵਸੈ ਮੋਰੋ ਪਰਿਵਾਰਾ ॥**

**ਸੇਵਕ ਸਿਖ ਸਭੈ ਕਰਤਾਰਾ ॥੨॥**

ਹੇ ਕਰਤਾਰ! ਮੇਰਾ ਪਰਿਵਾਰ, ਸੇਵਕ ਤੇ ਸਿੱਖ ਸੁਖੀ ਵੱਸਣ।

**ਮੋ ਰੱਛਾ ਨਿਜ ਕਰ ਦੈ ਕਰੀਐ ॥**

ਆਪਣਾ ਹੱਥ ਦੇ ਕੇ ਮੇਰੀ ਰੱਖਿਆ ਕਰੋ।

**ਸਭ ਬੈਰਿਨ ਕੋ ਆਜ ਸੰਘਰੀਐ ॥**

ਸਾਰੇ ਵੈਰੀਆਂ ਨੂੰ ਅੱਜ ਹੀ ਮਾਰ ਦਿਓ।

**ਪੂਰਨ ਹੋਇ ਹਮਾਰੀ ਆਸਾ ॥**

ਮੇਰੀ ਇਹ ਇੱਛਾ ਪੂਰੀ ਕਰੋ ਕਿ

**ਤੋਰ ਭਜਨ ਕੀ ਰਹੈ ਪਿਆਸਾ ॥੩॥**

ਮੈਨੂੰ ਹਮੇਸ਼ਾਂ ਨਾਮ-ਸਿਮਰਨ ਦੀ ਪਿਆਸ ਬਣੀ ਰਹੇ।

**ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥**

ਤੁਹਾਡੇ ਤੋਂ ਬਿਨਾਂ ਮੈਂ ਕਿਸੇ ਹੋਰ ਨੂੰ ਨਾ ਧਿਆਵਾਂ।

**ਜੋ ਬਰ ਚਾਹੋਂ ਸੁ ਤੁਮ ਤੇ ਪਾਊਂ ॥**

ਜੋ ਵੀ ਇੱਛਾ ਹੋਵੇ, ਤੁਹਾਡੇ ਤੋਂ ਹੀ ਪ੍ਰਾਪਤ ਕਰਾਂ।

**ਸੇਵਕ ਸਿੱਖ ਹਮਾਰੇ ਤਾਰੀਅਹਿ ॥**

ਮੇਰੇ ਸੇਵਕਾਂ ਤੇ ਸਿੱਖਾਂ ਨੂੰ ਭਵ-ਸਾਗਰ ਤੋਂ ਤਾਰ ਦਿਓ।

**ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥੪॥**

ਲੱਭ-ਲੱਭ ਕੇ ਮੇਰੇ ਵੈਰੀਆਂ ਨੂੰ ਮਾਰ ਦਿਓ।

**ਆਪ ਹਾਥ ਦੈ ਮੁਝੈ ਉਬਰੀਐ ॥**

ਆਪਣਾ ਹੱਥ ਦੇ ਕੇ ਮੈਨੂੰ ਬਚਾ ਲਓ।

**ਮਰਣ ਕਾਲ ਕਾ ਤ੍ਰਾਸ ਨਿਵਰੀਐ ॥**

ਮੇਰਾ ਮੌਤ ਤੇ ਸਮੇਂ ਦਾ ਡਰ ਖ਼ਤਮ ਕਰ ਦਿਓ।

**ਹੂਜੋ ਸਦਾ ਹਮਾਰੇ ਪੱਛਾ ॥**

ਤੁਸੀਂ ਹਮੇਸ਼ਾ ਹੀ ਮੇਰੇ ਪੱਖ ਵਿੱਚ ਰਹੋ।

**ਸ੍ਰੀ ਅਸਿਧੁਜ ਜੂ ਕਰਿਅਹੁ ਰੱਛਾ ॥੫॥**

ਹੇ ਕਿਰਪਾਨ ਦੇ ਝੰਡੇ ਵਾਲੇ! ਮੇਰੀ ਰੱਖਿਆ ਕਰੋ।

**ਰਾਖਿ ਲੇਹੁ ਮੁਹਿ ਰਾਖਨਹਾਰੇ ॥**

ਹੇ ਰੱਖਿਅਕ ਪ੍ਰਭੂ! ਮੇਰੀ ਰੱਖਿਆ ਕਰੋ।

**ਸਾਹਿਬ ਸੰਤ ਸਹਾਇ ਪਿਆਰੇ ॥**

ਤੁਸੀਂ ਸੰਤਾਂ ਦੇ ਸਹਾਇਕ ਅਤੇ ਪਿਆਰੇ ਹੋ।

**ਦੀਨ ਬੰਧੁ ਦੁਸਟਨ ਕੇ ਹੰਤਾ ॥**

ਤੁਸੀਂ ਗਰੀਬਾਂ ਦੇ ਮਦਦਗਾਰ ਅਤੇ ਦੁਸ਼ਟਾਂ ਨੂੰ ਖ਼ਤਮ ਕਰਨ ਵਾਲੇ ਹੋ।

**ਤੁਮ ਹੋ ਪੁਰੀ ਚਤੁਰਦਸ ਕੰਤਾ ॥੬॥**

ਤੁਸੀਂ ਚੌਦਾਂ ਭਵਨਾਂ ਦੇ ਮਾਲਕ ਹੋ।

**ਕਾਲ ਪਾਇ ਬ੍ਰਹਮਾ ਬਪੁ ਧਰਾ ॥**

ਕਾਲ ਦੇ ਹੁਕਮ ਨਾਲ ਬ੍ਰਹਮਾ ਪੈਦਾ ਹੋਇਆ।

**ਕਾਲ ਪਾਇ ਸਿਵਜੂ ਅਵਤਰਾ ॥**

ਕਾਲ ਦੇ ਹੁਕਮ ਨਾਲ ਹੀ ਸ਼ਿਵਜੀ ਨੇ ਅਵਤਾਰ ਧਾਰਿਆ।

**ਕਾਲ ਪਾਇ ਕਰਿ ਬਿਸਨੁ ਪ੍ਰਕਾਸਾ ॥**

ਕਾਲ ਦੇ ਹੁਕਮ ਨਾਲ ਹੀ ਵਿਸ਼ਨੂੰ ਪ੍ਰਗਟ ਹੋਇਆ।

**ਸਕਲ ਕਾਲ ਕਾ ਕੀਆ ਤਮਾਸਾ ॥੭॥**

ਸਾਰਾ ਕਾਲ ਦਾ ਹੀ ਬਣਾਇਆ ਤਮਾਸ਼ਾ ਹੈ।

**ਜਵਨ ਕਾਲ ਜੋਗੀ ਸਿਵ ਕੀਓ ॥**

ਜਿਸ ਕਾਲ ਨੇ ਸ਼ਿਵਜੀ ਨੂੰ ਜੋਗੀ ਬਣਾਇਆ।

**ਬੇਦਰਾਜ ਬ੍ਰਹਮਾ ਜੂ ਥੀਓ ॥**

ਬ੍ਰਹਮਾ ਨੂੰ ਵੇਦਰਾਜ ਬਣਾਇਆ।

**ਜਵਨ ਕਾਲ ਸਭ ਲੋਕ ਸਵਾਰਾ ॥**

ਜਿਸ ਕਾਲ ਨੇ ਸਾਰੇ ਲੋਕਾਂ ਨੂੰ ਬਣਾਇਆ।

**ਨਮਸਕਾਰ ਹੈ ਤਾਹਿ ਹਮਾਰਾ ॥੮॥**

ਉਸ ਕਾਲ ਨੂੰ ਮੇਰੀ ਨਮਸਕਾਰ ਹੈ।

**ਜਵਨ ਕਾਲ ਸਭ ਜਗਤ ਬਨਾਯੋ ॥**

ਜਿਸ ਕਾਲ ਨੇ ਸਾਰਾ ਸੰਸਾਰ ਬਣਾਇਆ ਹੈ।

**ਦੇਵ ਦੈਤ ਜਛਨ ਉਪਜਾਯੋ ॥**

ਦੇਵਤੇ, ਦੈਂਤ ਤੇ ਜੱਛ ਪੈਦਾ ਕੀਤੇ ਹਨ।

**ਆਦਿ ਅੰਤਿ ਏਕੈ ਅਵਤਾਰਾ ॥**

ਉਹ ਅਵਾਤਰੀ ਪੁਰਸ਼ ਸ਼ੁਰੂ ਤੋਂ ਅਖੀਰ ਤੱਕ ਇੱਕ ਹੀ ਹੈ।

**ਸੋਈ ਗੁਰੂ ਸਮਝੀਅਹੁ ਹਮਾਰਾ ॥੯॥**

ਉਸਨੂੰ ਮੇਰਾ ਗੁਰੂ ਸਮਝੋ।

**ਨਮਸਕਾਰ ਤਿਸ ਹੀ ਕੋ ਹਮਾਰੀ ॥**

ਉਸਨੂੰ ਹੀ ਮੇਰੀ ਨਮਸਕਾਰ ਹੈ।

**ਸਕਲ ਪ੍ਰਜਾ ਜਿਨ ਆਪ ਸਵਾਰੀ ॥**

ਜਿਸ ਨੇ ਸਾਰੀ ਸ੍ਰਿਸ਼ਟੀ ਬਣਾਈ ਹੈ।

**ਸਿਵਕਨ ਕੋ ਸਿਵਗੁਨ ਸੁਖ ਦੀਓ ॥**

ਸੇਵਕਾਂ ਨੂੰ ਉਸਨੇ ਸੌ ਗੁਣਾਂ ਸੁੱਖ ਦਿੱਤੇ ਹਨ।

**ਸਤ੍ਰੁਨ ਕੋ ਪਲ ਮੋ ਬਧ ਕੀਓ ॥੧੦॥**

ਵੈਰੀਆਂ ਦਾ ਛਿਨ ਵਿੱਚ ਹੀ ਨਾਸ਼ ਕਰ ਦਿੱਤਾ ਹੈ।

**ਘਟ ਘਟ ਕੇ ਅੰਤਰ ਕੀ ਜਾਨਤਿ ॥**

ਹੇ ਪ੍ਰਭੂ! ਤੁਸੀਂ ਹਰੇਕ ਹਿਰਦੇ ਦੀ ਜਾਨਣ ਵਾਲੇ ਹੋ।

**ਭਲੇ ਬੁਰੇ ਕੀ ਪੀਰ ਪਛਾਨਤ ॥**

ਚੰਗੇ ਤੇ ਮਾੜੇ ਦੀ ਪੀੜ ਨੂੰ ਪਛਾਣਦੇ ਹੋ।

**ਚੀਟੀ ਤੇ ਕੁੰਚਰ ਅਸਥੂਲਾ ॥**

ਕੀੜੀ ਤੋਂ ਲੈ ਕੇ ਹਾਥੀ ਤੱਕ

**ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ ॥੧੧॥**

ਸਾਰਿਆਂ ਉੱਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਦੇ ਹੋ।

**ਸੰਤਨ ਦੁਖ ਪਾਏ ਤੇ ਦੁਖੀ ॥**

ਜਦੋਂ ਸੰਤ-ਜਨ ਦੁਖੀ ਹੁੰਦੇ ਹਨ ਤਾਂ ਤੁਸੀਂ ਵੀ ਦੁਖੀ ਹੁੰਦੇ ਹੋ।

**ਸੁਖ ਪਾਏ ਸਾਧਨ ਕੇ ਸੁਖੀ ॥**

ਜਦੋਂ ਸਾਧੂ ਸੁੱਖ ਪ੍ਰਾਪਤ ਕਰਦੇ ਹਨ ਤਾਂ ਤੁਸੀਂ ਵੀ ਸੁੱਖ ਅਨੁਭਵ ਕਰਦੇ ਹੋ।

**ਏਕ ਏਕ ਕੀ ਪੀਰ ਪਛਾਨੈ ॥**

ਤੁਸੀਂ ਹਰ ਇੱਕ ਦੇ ਦਰਦ ਨੂੰ ਪਛਾਣਦੇ ਹੋ।

**ਘਟ ਘਟ ਕੇ ਪਟ ਪਟ ਕੀ ਜਾਨੈ ॥੧੨॥**

ਹਰ ਇੱਕ ਦੇ ਅੰਦਰ ਦੀ ਨਿੱਕੀ ਤੋਂ ਨਿੱਕੀ ਗੱਲ ਨੂੰ ਵੀ ਜਾਣਦੇ ਹੋ।

**ਜਬ ਉਦਕਰਖ ਕਰਾ ਕਰਤਾਰਾ ॥**

ਹੇ ਪ੍ਰਭੂ! ਜਦੋਂ ਤੁਸੀਂ ਆਪਣਾ ਵਿਸਥਾਰ ਕਰਦੇ ਹੋ।

**ਪ੍ਰਜਾ ਧਰਤ ਤਬ ਦੇਹ ਅਪਾਰਾ ॥**

ਤਾਂ ਸਾਰੀ ਲੋਕਾਈ ਆਪਣਾ ਆਕਾਰ ਗ੍ਰਹਿਣ ਕਰਦੀ ਹੈ।

**ਜਬ ਆਕਰਖ ਕਰਤ ਹੋ ਕਬਹੂੰ ॥**

ਜਦੋਂ ਤੁਸੀਂ ਆਪਣਾ ਆਪ ਸੰਕੋਚਦੇ ਹੋ।

**ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥**

ਤਾਂ ਸਾਰੀ ਲੋਕਾਈ ਤੁਹਾਡੇ ਵਿੱਚ ਸਮਾ ਜਾਂਦੀ ਹੈ।

**ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥**

ਸ੍ਰਿਸ਼ਟੀ 'ਤੇ ਜਿੰਨੇ ਵੀ ਜੀਵ ਬਣਾਏ ਗਏ ਹਨ।

**ਆਪੁ ਆਪਨੀ ਬੂਝ ਉਚਾਰੈ ॥**

ਉਹ ਸਭ ਆਪਣੀ-ਆਪਣੀ ਸਮਝ ਨਾਲ ਤੁਹਾਡੇ ਗੁਣ ਉਚਾਰਦੇ ਹਨ।

**ਤੁਮ ਸਭਹੀ ਤੇ ਰਹਤ ਨਿਰਾਲਮ ॥**

ਤੁਸੀਂ ਸਾਰਿਆਂ ਤੋਂ ਨਿਰਲੇਪ ਰਹਿੰਦੇ ਹੋ।

**ਜਾਨਤ ਬੇਦ ਭੇਦ ਅਰੁ ਆਲਮ ॥੧੪॥**

ਤੁਸੀਂ ਸਾਰੇ ਵਿਸ਼ਵ ਦੇ ਗਿਆਨ ਤੇ ਰਹੱਸ ਨੂੰ ਜਾਣਦੇ ਹੋ।

**ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥**

ਤੁਸੀਂ ਆਕਾਰ, ਵਿਕਾਰ ਅਤੇ ਆਸਰਾ ਰਹਿਤ ਹੋ।

**ਆਦਿ ਅਨੀਲ ਅਨਾਦਿ ਅਸੰਭ ॥**

ਤੁਸੀਂ ਇਸ ਕਾਇਨਾਤ ਦਾ ਮੁੱਢ, ਪਵਿੱਤਰ, ਮੁੱਢ ਰਹਿਤ ਅਤੇ ਜਨਮ ਰਹਿਤ ਹੋ।

**ਤਾ ਕਾ ਮੂੜ ਉਚਾਰਤ ਭੇਦਾ ॥ ਜਾ ਕਾ ਭੇਵ ਨ ਪਾਵਤ ਬੇਦਾ ॥੧੫॥**

ਜਿਸ ਦੇ ਭੇਦ ਨੂੰ ਵੇਦ ਵੀ ਨਹੀਂ ਜਾਣ ਸਕੇ,
ਮੂਰਖ ਲੋਕ ਉਸਦੇ ਰਹੱਸ ਨੂੰ ਉਚਾਰਦੇ ਹਨ।

**ਤਾ ਕੋ ਕਰਿ ਪਾਹਨ ਅਨੁਮਾਨਤ ॥ ਮਹਾ ਮੂੜ ਕਛੁ ਭੇਦ ਨ ਜਾਨਤ ॥**

ਮਹਾਂ ਮੂਰਖ ਉਸਦਾ ਕੁਝ ਵੀ ਭੇਦ ਨਹੀਂ ਜਾਣਦੇ,
ਉਹ ਉਸਨੂੰ ਪੱਥਰ ਦਾ ਰੂਪ ਸਮਝਦੇ ਹਨ।

**ਮਹਾਦੇਵ ਕੋ ਕਹਤ ਸਦਾ ਸਿਵ ॥**

ਉਹ ਮਹਾਂਦੇਵ ਪ੍ਰਭੂ ਨੂੰ ਹੀ ਕਲਿਆਣ ਕਰਤਾ ਕਹਿੰਦੇ ਹਨ।

**ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥**

ਜੀਵ ਨਿਰੰਕਾਰ ਪ੍ਰਭੂ ਦਾ ਭੇਦ ਨਹੀਂ ਜਾਣਦੇ।

**ਆਪੁ ਆਪਨੀ ਬੁਧਿ ਹੈ ਜੇਤੀ ॥**

ਜਿਸਦੀ ਜਿੰਨੀ ਬੁੱਧੀ ਹੈ।

**ਬਰਨਤ ਭਿੰਨ ਭਿੰਨ ਤੁਹਿ ਤੇਤੀ ॥**

ਉਹ ਉਸੇ ਤਰ੍ਹਾਂ ਹੀ ਉਸਦਾ ਵਰਨਣ ਕਰਦਾ ਹੈ।

**ਤੁਮਰਾ ਲਖਾ ਨ ਜਾਇ ਪਸਾਰਾ ॥**

ਹੇ ਪ੍ਰਭੂ! ਤੁਹਾਡਾ ਪਸਾਰਿਆ ਪਸਾਰਾ ਜਾਣਿਆ ਨਹੀਂ ਜਾ ਸਕਦਾ।

**ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥**

ਕਿ ਕਿਸ ਤਰ੍ਹਾਂ ਇਸ ਸੰਸਾਰ ਦੀ ਸਿਰਜਣਾ ਕੀਤੀ ਹੈ।

**ਏਕੈ ਰੂਪ ਅਨੂਪ ਸਰੂਪਾ ॥**

ਤੇਰੇ ਇੱਕ ਸਰੂਪ ਦੇ ਹੀ ਇਹ ਅਨੇਕਾਂ ਸਰੂਪ ਹਨ।

**ਰੰਕ ਭਯੋ ਰਾਵ ਕਹੀ ਭੂਪਾ ॥**

ਤੁਸੀਂ ਹੀ ਕਿਤੇ ਕੰਗਾਲ, ਕਿਤੇ ਅਮੀਰ, ਕਿਤੇ ਰਾਜਾ ਹੋ।

**ਅੰਡਜ ਜੇਰਜ ਸੇਤਜ ਕੀਨੀ ॥**

ਤੁਸੀਂ ਪਹਿਲਾਂ ਅਡੰਜ, ਜੇਰਜ ਤੇ ਸੇਤਜ ਖਾਣੀਆਂ ਬਣਾਈਆਂ।

**ਉਤਭੁਜ ਖਾਨਿ ਬਹੁਰਿ ਰਚਿ ਦੀਨੀ ॥੧੮॥**
ਫਿਰ ਤੁਸੀਂ ਉਤਭੁਜ ਖਾਣੀ ਦੀ ਰਚਨਾ ਕੀਤੀ।
**ਕਹੂੰ ਫੂਲ ਰਾਜਾ ਹ੍ਵੈ ਬੈਠਾ ॥**
ਕਿਤੇ ਤੁਸੀਂ ਫੁੱਲ ਦੇ ਰੂਪ ਵਿੱਚ ਰਾਜੇ ਬਣੇ ਬੈਠੇ ਹੋ।
**ਕਹੂੰ ਸਿਮਟਿ ਭਿਯੋ ਸੰਕਰ ਇਕੈਠਾ ॥**
ਕਿਤੇ ਸਾਰਾ ਕੁਝ ਸਿਮਟ ਕੇ ਇਕੱਠੇ ਹੋਏ ਬੈਠੇ ਹੋ।
**ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥**
ਤੁਸੀਂ ਸਾਰੀ ਦੁਨੀਆਂ ਨੂੰ ਹੈਰਾਨ ਕਰਨ ਵਾਲੀ ਖੇਡ ਵਿਖਾ ਰਹੇ ਹੋ।
**ਆਦਿ ਜੁਗਾਦਿ ਸਰੂਪ ਸੁਯੰਭਵ ॥੧੯॥**
ਤੁਸੀਂ ਸਭ ਦਾ ਮੁੱਢ, ਯੁੱਗਾਂ ਦਾ ਮੁੱਢ ਅਤੇ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੋ।
**ਅਬ ਰੱਛਾ ਮੇਰੀ ਤੁਮ ਕਰੋ ॥**
ਹੁਣ ਮੇਰੀ ਵੀ ਤੁਸੀਂ ਹੀ ਰੱਖਿਆ ਕਰੋ।
**ਸਿੱਖਜ ਉਬਾਰਿ ਅਸਿੱਖਜ ਸੰਘਰੋ ॥**
ਹੇ ਪ੍ਰਭੂ! ਗੁਰਮੁੱਖਾਂ ਨੂੰ ਬਚਾਓ ਤੇ ਮਨਮੁੱਖਾਂ ਦਾ ਨਾਸ਼ ਕਰੋ।
**ਦੁਸਟ ਜਿਤੇ ਉਠਵਤ ਉਤਪਾਤਾ ॥**
ਜਿੰਨੇ ਵੀ ਦੁਸ਼ਟ ਉੱਠ ਕੇ ਉਪੱਧਰ ਮਚਾ ਰਹੇ ਹਨ।
**ਸਕਲ ਮਲੇਛ ਕਰੋ ਰਣ ਘਾਤਾ ॥੨੦॥**
ਸਾਰਿਆਂ ਦਾ ਹੀ ਯੁੱਧ ਵਿੱਚ ਨਾਸ਼ ਕਰੋ।
**ਜੇ ਅਸਿਧੁਜ ਤ੍ਵ ਸਰਨੀ ਪਰੇ ॥**
ਹੇ ਅਸਿਧੁਜ! ਜਿਹੜੇ ਤੁਹਾਡੀ ਸ਼ਰਨ ਵਿੱਚ ਆਉਂਦੇ ਹਨ।
**ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ ॥**
ਉਨ੍ਹਾਂ ਦੇ ਦੁਸ਼ਮਣ ਦੁਖੀ ਹੋ ਕੇ ਖ਼ਤਮ ਹੋ ਜਾਂਦੇ ਹਨ।
**ਪੁਰਖ ਜਵਨ ਪਗ ਪਰੇ ਤਿਹਾਰੇ ॥**
ਜਿੰਨੇ ਵੀ ਜੀਵ ਤੁਹਾਡੇ ਚਰਨੀਂ ਡਿੱਗੇ ਹਨ।
**ਤਿਨ ਕੇ ਤੁਮ ਸੰਕਟ ਸਭ ਟਾਰੇ ॥੨੧॥**
ਉਹਨਾਂ ਦੇ ਸਾਰੇ ਹੀ ਦੁੱਖ ਤੁਸੀਂ ਨਾਸ਼ ਕਰ ਦਿੱਤੇ ਹਨ।
**ਜੋ ਕਲਿ ਕੋ ਇਕ ਬਾਰ ਧਿਐ ਹੈ ॥**
ਜੋ ਪ੍ਰਭੂ ਨੂੰ ਇੱਕ ਵਾਰ ਧਿਆਉਂਦਾ ਹੈ।
**ਤਾ ਕੇ ਕਾਲ ਨਿਕਟ ਨਹੀ ਐ ਹੈ ॥**
ਮੌਤ ਉਸਦੇ ਨੇੜੇ ਨਹੀਂ ਆਉਂਦੀ।
**ਰੱਛਾ ਹੋਇ ਤਾਹਿ ਸਭ ਕਾਲਾ ॥**
ਉਸਦੀ ਰੱਖਿਆ ਹਰ ਸਮੇਂ ਵਿੱਚ ਹੁੰਦੀ ਹੈ।

**ਦੁਸਟ ਅਰਿਸਟ ਟਰੇ ਤਤਕਾਲਾ ॥੨੨॥**

ਉਸਦੇ ਭਿਆਨਕ ਦੁਸ਼ਮਣ ਵੀ ਤੁਰੰਤ ਖ਼ਤਮ ਹੋ ਜਾਂਦੇ ਹਨ।

**ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥**

ਤੁਸੀਂ ਜਿਸ ਨੂੰ ਵੀ ਆਪਣੀ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਦੇ ਹੋ।

**ਤਾ ਕੇ ਤਾਪ ਤਨਿਕ ਮੋ ਹਰਿਹੋ ॥**

ਉਸਦੇ ਤਾਪ ਛਿਨ ਵਿੱਚ ਹੀ ਖ਼ਤਮ ਕਰ ਦੇਂਦੇ ਹੋ।

**ਰਿੱਧਿ ਸਿੱਧਿ ਘਰ ਮੋ ਸਭ ਹੋਈ ॥**

ਉਸਨੂੰ ਰਿੱਧੀਆਂ ਤੇ ਸਿੱਧੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ।

**ਦੁਸਟ ਛਾਹ ਛ੍ਵੈ ਸਕੈ ਨ ਕੋਈ ॥੨੩॥**

ਦੁਸ਼ਟ ਉਸਦੇ ਪਰਛਾਵੇਂ ਨੂੰ ਵੀ ਨਹੀਂ ਛੋਹ ਸਕਦੇ।

**ਏਕ ਬਾਰ ਜਿਨ ਤੁਮੈ ਸੰਭਾਰਾ ॥**

ਜਿਸ ਨੇ ਇੱਕ ਵਾਰ ਤੁਹਾਨੂੰ ਸਿਮਰਿਆ ਹੈ।

**ਕਾਲ ਫਾਸ ਤੇ ਤਾਹਿ ਉਬਾਰਾ ॥**

ਤੁਸੀਂ ਉਸਨੂੰ ਕਾਲ ਦੀ ਫਾਹੀ ਤੋਂ ਬਚਾ ਲਿਆ ਹੈ।

**ਜਿਨ ਨਰ ਨਾਮ ਤਿਹਾਰੋ ਕਹਾ ॥**

ਜਿਸ ਜੀਵ ਨੇ ਤੁਹਾਡਾ ਨਾਮ ਸਿਮਰਿਆ ਹੈ।

**ਦਾਰਿਦ ਦੁਸਟ ਦੋਖ ਤੇ ਰਹਾ ॥੨੪॥**

ਉਹ ਦਲਿੱਦਰ, ਦੁਸ਼ਟਾਂ ਤੇ ਦੁਖਾਂ ਤੋਂ ਬਚ ਗਿਆ ਹੈ।

**ਖੜਗਕੇਤ ਮੈ ਸਰਣਿ ਤਿਹਾਰੀ ॥**

ਹੇ ਕਿਰਪਾਨ ਦੇ ਝੰਡੇ ਵਾਲੇ! ਮੈਂ ਤੁਹਾਡੀ ਸ਼ਰਨ ਵਿੱਚ ਹਾਂ।

**ਆਪੁ ਹਾਥ ਦੈ ਲੇਹੁ ਉਬਾਰੀ ॥**

ਆਪਣਾ ਹੱਥ ਦੇ ਕੇ ਮੈਨੂੰ ਬਚਾ ਲਓ।

**ਸਰਬ ਠਉਰ ਮੋ ਹੋਹੁ ਸਹਾਈ ॥**

ਸਾਰਿਆਂ ਥਾਵਾਂ 'ਤੇ ਮੇਰੀ ਸਹਾਇਤਾ ਕਰੋ।

**ਦੁਸਟ ਦੋਖ ਤੇ ਲੇਹੁ ਬਚਾਈ ॥੨੫॥**

ਮੈਨੂੰ ਦੁਸ਼ਟਾਂ ਤੇ ਦੁੱਖਾਂ ਤੋਂ ਬਚਾ ਲਓ।

**ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥**

ਮੇਰੇ 'ਤੇ ਜਗਤ ਮਾਤਾ ਨੇ ਕ੍ਰਿਪਾ ਕੀਤੀ ਹੈ।

**ਗ੍ਰੰਥ ਕਰਾ ਪੂਰਨ ਸੁਭ ਰਾਤਾ ॥**

ਇਸ ਕਰਕੇ ਮੈਂ ਅਤੀ ਸੁੰਦਰ ਗ੍ਰੰਥ ਸੰਪੂਰਨ ਕਰ ਲਿਆ ਹੈ।

**ਕਿਲਬਿਖ ਸਕਲ ਦੇਹ ਕੋ ਹਰਤਾ ॥**

ਉਹ ਪ੍ਰਭੂ ਸਰੀਰ ਦੇ ਸਾਰੇ ਪਾਪਾਂ ਨੂੰ ਨਾਸ਼ ਕਰਨ ਵਾਲਾ ਹੈ।

**ਦੁਸਟ ਦੋਖੀਅਨ ਕੋ ਛੈ ਕਰਤਾ ॥੨੬॥**
ਦੁਸ਼ਟਾਂ ਤੇ ਦੋਖੀਆਂ ਨੂੰ ਮਾਰਨ ਵਾਲਾ ਹੈ।
**ਸ੍ਰੀ ਅਸਿਧੁਜ ਜਬ ਭਏ ਦਇਆਲਾ ॥**
ਜਦੋਂ ਉਹ ਪ੍ਰਭੂ ਮੇਰੇ 'ਤੇ ਦਿਆਲ ਹੋਏ।
**ਪੂਰਨ ਕਰਾ ਗ੍ਰੰਥ ਤਤਕਾਲਾ ॥**
ਤਾਂ ਉਸ ਛਿਨ ਮੈਂ ਗ੍ਰੰਥ ਸੰਪੂਰਨ ਕੀਤਾ।
**ਮਨ ਬਾਛਤ ਫਲ ਪਾਵੈ ਸੋਈ ॥**
ਜੋ ਇਸ ਗ੍ਰੰਥ ਨੂੰ ਪੜ੍ਹੇਗਾ, ਉਹ ਮਨ ਇੱਛਤ ਫਲ ਪ੍ਰਾਪਤ ਕਰੇਗਾ।
**ਦੂਖ ਨ ਤਿਸੈ ਬਿਆਪਤ ਕੋਈ ॥੨੭॥**
ਉਸਨੂੰ ਕੋਈ ਵੀ ਦੁੱਖ ਨਹੀਂ ਵਿਆਪੇਗਾ।

**ਅੜਿੱਲ ॥**
**ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥**
ਜੇ ਕੋਈ ਗੂੰਗਾ ਮਨੁੱਖ ਇਸ ਨੂੰ ਸੁਣ ਲਵੇਗਾ,
ਤਾਂ ਉਸਨੂੰ ਬੋਲਣ ਦੀ ਸ਼ਕਤੀ ਪ੍ਰਾਪਤ ਹੋ ਜਾਵੇਗੀ।
**ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥**
ਜੇ ਕੋਈ ਮੂਰਖ ਮਨ ਲਾ ਕੇ ਸੁਣ ਲਵੇਗਾ ਤਾਂ ਉਸਨੂੰ ਸਿਆਣਪ ਪ੍ਰਾਪਤ ਹੋ ਜਾਵੇਗੀ।
**ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥**
ਉਸ ਆਦਮੀ ਦੇ ਦੁੱਖ, ਦਰਦ ਤੇ ਡਰ ਨੇੜੇ ਵੀ ਨਹੀਂ ਰਹੇਗਾ।
**ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ ॥੨੮॥**
ਜਿਹੜਾ ਇਸ ਚੌਪਈ ਨੂੰ ਸਿਰਫ਼ ਇੱਕ ਵਾਰ ਉਚਾਰੇਗਾ।

**ਚੌਪਈ ॥**
**ਸੰਬਤ ਸਤਰਹ ਸਹਸ ਭਣਿੱਜੈ ॥ ਅਰਧ ਸਹਸ ਫੁਨਿ ਤੀਨ ਕਹਿੱਜੈ ॥**
ਸੰਮਤ ਸਤਾਰਾਂ ਸੌ + ਅੱਧਾ ਸੌ + ਤਿੰਨ (ਸਮੰਤ ਸਤਾਰਾਂ ਸੌ ਤਿਰਵੰਜਾ)
**ਭਾਦਵ ਸੁਦੀ ਅਸਟਮੀ ਰਵਿ ਵਾਰਾ ॥**
ਭਾਦਰੋਂ ਸੁਦੀ ਅਸ਼ਟਮੀ, ਐਤਵਾਰ ਦੇ ਦਿਨ
**ਤੀਰ ਸੱਤੁਦ੍ਰਵ ਗ੍ਰੰਥ ਸੁਧਾਰਾ ॥੨੯॥**
ਸਤਿਲੁਜ ਦਰਿਆ ਦੇ ਕੰਢੇ 'ਤੇ ਇਸ ਗ੍ਰੰਥ ਦੀ ਸੰਪੂਰਨਤਾ ਹੋਈ।
**ਇਤਿ ਸ੍ਰੀ ਚਰਿਤ੍ਰੋਪਖਜਾਨੇ ਤ੍ਰਿਯਾ ਚਰਿਤ੍ਰੇ ਭੂਪ ਮੰਤ੍ਰੀ ਸੰਬਾਦੇ ਚਾਰ ਸੈ ਚਾਰ ਚਰਿਤ੍ਰ ਸਮਾਪਤ ਮਸਤੁ ਸੁਭ ਮਸਤੁ ॥੩॥**

**ਦੋਹਰਾ ॥**

**ਦਾਸ ਜਾਨ ਕਰਿ ਦਾਸ ਪਰ ਕੀਜੈ ਕ੍ਰਿਪਾ ਅਪਾਰ॥**

ਮੈਨੂੰ ਸੇਵਕਾਂ ਦਾ ਸੇਵਕ ਜਾਣ ਕੇ ਮੇਰੇ 'ਤੇ ਵੱਡੀ ਕਿਰਪਾ ਕਰੋ।

**ਆਪ ਹਾਥ ਦੈ ਰਾਖ ਮੁਹਿ ਮਨ ਕ੍ਰਮ ਬਚਨ ਬਿਚਾਰ ॥੧॥**

ਮਨ, ਬਚਨ ਤੇ ਕਰਮ ਕਰਕੇ ਆਪਣਾ ਹੱਥ ਦੇ ਕੇ ਮੈਨੂੰ ਬਚਾ ਲਓ।

**ਚੌਪਈ ॥ ਮੈ ਨ ਗਨੇਸਹਿ ਪ੍ਰਿਥਮ ਮਨਾਊਂ॥**

ਹੇ ਅਕਾਲ ਪੁਰਖ! ਮੈਂ ਤੇਰੇ ਤੋਂ ਪਹਿਲਾਂ ਗਣੇਸ਼ ਨੂੰ ਨਹੀਂ ਪੂਜਦਾ।

**ਕਿਸਨ ਬਿਸਨ ਕਬਹੂੰ ਨਹਿ ਧਿਆਊਂ॥**

ਕ੍ਰਿਸ਼ਨ ਅਤੇ ਵਿਸ਼ਨੂੰ ਨੂੰ ਵੀ ਮੈਂ ਤੇਰੇ ਤੋਂ ਪਹਿਲਾਂ ਨਹੀਂ ਧਿਆਉਂਦਾ।

**ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥**

ਉਹਨਾਂ ਦੇ ਨਾਮ ਮੈਂ ਕੰਨੀਂ ਸੁਣੇ ਹਨ, ਪਰ ਉਹਨਾਂ ਨਾਲ ਮੇਰੀ ਕੋਈ ਪਛਾਣ ਨਹੀਂ ਹੈ।

**ਲਿਵਲਾਗੀ ਮੋਰੀ ਪਗ ਇਨ ਸੋਂ ॥੨॥**

ਹੇ ਪ੍ਰਭੂ! ਮੇਰੀ ਪ੍ਰੀਤ ਤੇਰੇ ਚਰਨਾਂ ਨਾਲ ਲੱਗੀ ਹੈ।

**ਮਹਾਕਾਲ ਰਖਵਾਰ ਹਮਾਰੋ ॥**

ਮਹਾਂਕਾਲ ਪ੍ਰਭੂ ਹੀ ਮੇਰਾ ਰਖਵਾਲਾ ਹੈ।

**ਮਹਾ ਲੋਹ ਮੈ ਕਿੰਕਰ ਥਾਰੋ ॥**

ਹੇ ਅਕਾਲ ਪੁਰਖ! ਮੈਂ ਕਿੰਕਰ ਵਾਂਗ ਬਹੁਤ ਛੋਟਾ ਹਾਂ।

**ਅਪਨਾ ਜਾਨ ਕਰੋ ਰਖਵਾਰ ॥**

ਹੇ ਪ੍ਰਭੂ! ਮੈਨੂੰ ਆਪਣਾ ਸਮਝ ਕੇ ਮੇਰੀ ਰੱਖਿਆ ਕਰੋ।

**ਬਾਹਿ ਗਹੇ ਕੀ ਲਾਜ ਬਿਚਾਰ ॥੩॥**

ਇਹ ਗੱਲ ਵਿਚਾਰੋ ਕਿ ਤੁਸੀਂ ਬਾਂਹ ਫੜੇ ਦੀ ਲਾਜ ਰੱਖਦੇ ਹੋ।

**ਅਪਨਾ ਜਾਨ ਮੁਝੈ ਪ੍ਰਤਿਪਰੀਐ ॥**

ਮੈਨੂੰ ਆਪਣਾ ਸਮਝ ਕੇ ਮੇਰੀ ਪਾਲਣਾ ਕਰੋ।

**ਚੁਨਿ ਚੁਨਿ ਸਤ੍ਰੁ ਹਮਾਰੇ ਮਰੀਐ॥**

ਚੁਣ-ਚੁਣ ਕੇ ਮੇਰੇ ਵੈਰੀਆਂ ਨੂੰ ਖ਼ਤਮ ਕਰੋ।

**ਦੇਗ ਤੇਗ ਜਗ ਮੈ ਦੋਊ ਚਲੈ ॥**

ਇਹ ਕਿਰਪਾ ਕਰੋ ਕਿ ਦੇਗ ਅਤੇ ਤੇਗ ਸੰਸਾਰ ਵਿੱਚ ਚੱਲੇ।

**ਰਾਖ ਆਪ ਮੁਹਿ ਅਉਰ ਨ ਦਲੈ॥੪॥**

ਤੁਸੀਂ ਮੇਰੇ ਤੇ ਕਿਰਪਾ ਕਰੋ ਕਿ ਮੈਨੂੰ ਹੋਰ ਕੋਈ ਹਰਾ ਨਾ ਸਕੇ।

**ਤੁਮ ਮਮ ਕਰਹੁ ਸਦਾ ਪ੍ਰਤਿਪਾਰਾ ॥**

ਤੁਸੀਂ ਮੇਰੀ ਸਦਾ ਹੀ ਪਾਲਣਾ ਕਰੋ।

**ਤੁਮ ਸਾਹਿਬ ਮੈ ਦਾਸ ਤਿਹਾਰਾ ॥**

ਹੇ ਪ੍ਰਭੂ! ਤੁਸੀਂ ਮਾਲਕ ਹੋ ਅਤੇ ਮੈਂ ਤੁਹਾਡਾ ਦਾਸ ਹਾਂ।

**ਜਾਨਿ ਆਪਨਾ ਮੁਝੈ ਨਿਵਾਜ ॥**

ਆਪਣਾ ਸਮਝ ਕੇ ਮੈਨੂੰ ਨਿਵਾਜੋ।

**ਆਪ ਕਰੋ ਹਮਰੇ ਸਭ ਕਾਜ ॥੫॥**

ਤੁਸੀਂ ਹੀ ਮੇਰੇ ਸਾਰੇ ਕਾਰਜ ਕਰਨੇ ਹਨ।

**ਤੁਮ ਹੋ ਸਭ ਰਾਜਨ ਕੇ ਰਾਜਾ ॥**

ਤੁਸੀਂ ਸਾਰੇ ਰਾਜਿਆਂ ਦੇ ਰਾਜੇ ਹੋ।

**ਆਪੇ ਆਪ ਗਰੀਬ ਨਿਵਾਜਾ ॥**

ਤੁਸੀਂ ਆਪ ਹੀ ਆਪਣੇ ਆਪ ਤੋਂ ਪ੍ਰਗਟੇ ਹੋ ਅਤੇ ਗਰੀਬਾਂ ਨੂੰ ਨਿਵਾਜਣ ਵਾਲੇ ਹੋ।

**ਦਾਸ ਜਾਨ ਕਰਿ ਕ੍ਰਿਪਾ ਕਰਹੁ ਮੁਹਿ ॥**

ਮੈਨੂੰ ਸੇਵਕ ਸਮਝ ਕੇ ਮੇਰੇ 'ਤੇ ਕਿਰਪਾ ਕਰੋ।

**ਹਾਰ ਪਰਾ ਮੈ ਆਨ ਦੁਆਰ ਤੁਹਿ ॥੬॥**

ਮੈਂ ਸਭ ਪਾਸਿਓਂ ਹਾਰ ਕੇ ਤੁਹਾਡੇ ਦਰ 'ਤੇ ਡਿੱਗਾ ਹਾਂ।

**ਅਪਨਾ ਜਾਨ ਕਰੋ ਪ੍ਰਤਿਪਾਰਾ ॥**

ਮੈਨੂੰ ਆਪਣਾ ਸਮਝ ਕੇ ਮੇਰੀ ਪਾਲਣਾ ਕਰੋ।

**ਤੁਮ ਸਾਹਿਬ ਮੈ ਕਿੰਕਰ ਥਾਰਾ ॥**

ਤੁਸੀਂ ਮਾਲਕ ਹੋ ਅਤੇ ਮੈਂ ਕੰਕਰ ਦੀ ਤਰ੍ਹਾਂ ਬਹੁਤ ਛੋਟਾ ਹਾਂ।

**ਦਾਸ ਜਾਨ ਦੈ ਹਾਥ ਉਬਾਰੋ ॥**

ਮੈਨੂੰ ਆਪਣਾ ਸੇਵਕ ਸਮਝ ਕੇ ਹੱਥ ਦੇ ਕੇ ਰੱਖੋ।

**ਹਮਰੇ ਸਭ ਬੈਰੀਅਨ ਸੰਘਾਰੋ ॥੭॥**

ਮੇਰੇ ਸਾਰੇ ਵੈਰੀਆਂ ਦਾ ਨਾਸ ਕਰ ਦਿਓ।

**ਪ੍ਰਿਥਮ ਧਰੋਂ ਭਗਵਤ ਕੋ ਧਿਆਨਾ ॥**

ਮੈਂ ਸਭ ਤੋਂ ਪਹਿਲਾਂ ਅਕਾਲ ਪੁਰਖ ਦਾ ਧਿਆਨ ਧਰਦਾ ਹਾਂ।

**ਬਹੁਰ ਕਰੋਂ ਕਬਿਤਾ ਬਿਧਿ ਨਾਨਾ ॥**

ਫਿਰ ਮੈਂ ਅਨੇਕ ਤਰ੍ਹਾਂ ਦੀ ਕਵਿਤਾ ਕਹਿੰਦਾ ਹਾਂ।

**ਕ੍ਰਿਸਨ ਜਥਾ ਮਤਿ ਚਰਿਤ੍ਰ ਉਚਾਰੋ ॥**

ਆਪਣੀ ਮੱਤ ਅਨੁਸਾਰ ਹੁਣ ਮੈਂ ਕ੍ਰਿਸ਼ਨ ਦੀ ਕਥਾ ਉਚਾਰਦਾ ਹਾਂ।

**ਚੂਕ ਹੋਇ ਕਬਿ ਲੇਹੁ ਸੁਧਾਰੋ ॥੮॥**

ਜੇ ਕੋਈ ਮੇਰੀ ਕਵਿਤਾ ਵਿਚ ਭੁੱਲ ਹੋ ਜਾਵੇ ਤਾਂ ਮੈਨੂੰ ਸੁਧਾਰ ਦੇਣਾ।

**ਕਬਿ ਬਾਚ॥ਦੋਹਰਾ॥ ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋਂ ਜਗ ਮਾਹਿ॥**

ਜੋ ਮੈਨੂੰ ਅਕਾਲ ਪੁਰਖ ਨੇ ਕਿਹਾ ਸੀ, ਉਹ ਮੈਂ ਸਾਰੇ ਸੰਸਾਰ ਨੂੰ ਕਹਿੰਦਾ ਹਾਂ।

**ਜੋ ਤਿਹ ਪ੍ਰਭ ਕੋ ਧਿਆਇ ਹੈ ਅੰਤ ਸੁਰਗ ਕੋ ਜਾਹਿ ॥੧॥**

ਜੋ ਉਸ ਪ੍ਰਭੂ ਨੂੰ ਧਿਆਉਣਗੇ, ਉਹ ਅੰਤ ਨੂੰ ਸਵਰਗਾਂ ਵਿੱਚ ਜਾਣਗੇ।

**ਦੋਹਰਾ॥ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥**

ਹਰੀ ਅਤੇ ਹਰੀ ਦਾ ਸੇਵਕ ਇੱਕ ਹੀ ਹੁੰਦਾ ਹੈ,
ਦੋਹਾਂ ਨੂੰ ਥੋੜ੍ਹਾ ਜਿਹਾ ਵੀ ਅਲੱਗ ਨਾ ਸਮਝੋ।

**ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੨॥**

ਜਿਵੇਂ ਪਾਣੀ ਤੋਂ ਬਣੀ ਲਹਿਰ ਪਾਣੀ ਵਿੱਚ ਹੀ ਸਮਾ ਜਾਂਦੀ ਹੈ,
ਇਸ ਤਰ੍ਹਾਂ ਹਰੀ ਅਤੇ ਹਰੀ ਦਾ ਦਾਸ ਇਕਮਿਕ ਹੁੰਦੇ ਹਨ।

**ਦੋਹਰਾ॥ ਜਬ ਆਇਸ ਪ੍ਰਭੁ ਕੋ ਭਯੋ ਜਨਮੁ ਧਰਾ ਜਗ ਆਇ ॥**

ਜਦੋਂ ਪ੍ਰਭੂ ਨੇ ਆਗਿਆ ਦਿੱਤੀ, ਓਦੋਂ ਮੈਂ ਧਰਤੀ 'ਤੇ ਜਨਮ ਲਿਆ।

**ਅਬ ਮੈ ਕਥਾ ਸੰਛੇਪ ਤੇ ਸਭਹੂੰ ਕਹਤ ਸੁਨਾਇ ॥੩॥**

ਹੁਣ ਮੈਂ ਉਸ ਕਥਾ ਨੂੰ ਸੰਖੇਪ ਵਿੱਚ ਕਹਿ ਕੇ ਸੁਣਾਉਂਦਾ ਹਾਂ।

**ਕਬਿ ਬਾਚ ॥ ਦੋਹਰਾ ॥**

**ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਜਾਇ ॥**

ਅਕਾਲ ਪੁਰਖ ਦਾ ਹੁਕਮ ਸੁਣ ਮੈਂ ਹੱਥ ਜੋੜ,
ਸੀਸ ਨਿਵਾ ਖੜਾ ਹੋ ਗਿਆ ਅਤੇ ਕਿਹਾ।

**ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰੋ ਸਹਾਇ ॥੪॥**

ਸੰਸਾਰ 'ਤੇ ਪੰਥ ਤਾਂ ਹੀ ਚੱਲ ਸਕਦਾ ਹੈ, ਜੇ ਤੁਸੀਂ ਸਹਾਇਤਾ ਕਰੋ।

**ਦੋਹਰਾ ॥ ਜੇ ਜੇ ਤੁਮਰੇ ਧਿਆਨ ਕੋ ਨਿੱਤ ਉਠਿ ਧਿਐਹੈਂ ਸੰਤ॥**

ਹੇ ਪ੍ਰਭੂ! ਜਿਹੜੇ ਸੰਤ ਤੇਰੇ ਨਾਮ ਨੂੰ ਹਰ ਰੋਜ਼ ਸਵੇਰੇ ਉੱਠ ਕੇ ਧਿਆਉਂਦੇ ਹਨ।

**ਅੰਤ ਲਹੈਂਗੇ ਮੁਕਤਿ ਫਲੁ ਪਾਵਹਿੰਗੇ ਭਗਵੰਤ ॥੫॥**

ਅੰਤ ਸਮੇਂ ਮੁਕਤੀ ਪ੍ਰਾਪਤ ਕਰਨਗੇ ਅਤੇ ਤੇਰੇ ਵਿੱਚ ਲੀਨ ਹੋਣਗੇ।

**ਦੋਹਰਾ ॥ ਰਾਮ ਕਥਾ ਜੁਗ ਜੁਗ ਅਟਲ ਸਭ ਕੋਈ ਭਾਖਤ ਨੇਤ ॥**

ਹਰ ਕੋਈ ਕਹਿੰਦਾ ਹੈ ਕਿ ਰਾਮ ਕਥਾ ਯੁੱਗਾਂ ਤੋਂ ਹੀ ਚੱਲੀ ਆਉਂਦੀ ਹੈ।

**ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ ॥੬॥**

ਭਗਵਾਨ ਰਾਮ ਚੰਦਰ ਨੇ ਸਵਰਗਾਂ ਵਿੱਚ ਆਪਣੀ ਪਰਜਾ ਸਮੇਤ ਜਾ ਵਾਸ ਕੀਤਾ।

**ਚੌਪਈ ॥ ਜੋ ਇਹ ਕਥਾ ਸੁਨੈ ਅਰੁ ਗਾਵੈ ॥**

ਜੋ ਵੀ ਇਸ ਕਥਾ ਨੂੰ ਸੁਣੇਗਾ ਤੇ ਗਾਏਗਾ।

**ਦੂਖ ਪਾਪ ਤਿਹ ਨਿਕਟ ਨ ਆਵੈ ॥**

ਦੁੱਖ ਅਤੇ ਪਾਪ ਉਸ ਦੇ ਨੇੜੇ ਨਹੀਂ ਆਉਣਗੇ।

**ਬਿਸਨੁ ਭਗਤਿ ਕੀ ਏ ਫਲ ਹੋਈ ॥**

ਪ੍ਰਭੂ ਦੀ ਭਗਤੀ ਕਰਨ ਨਾਲ ਇਹ ਫਲ ਪ੍ਰਾਪਤ ਹੁੰਦਾ ਹੈ ਕਿ

**ਆਧਿ ਬਿਆਧਿ ਛ੍ਵੈ ਸਕੈ ਨ ਕੋਈ ॥੭॥**

ਆਧ ਅਤੇ ਬਿਆਧ ਰੋਗ ਉਸ ਜੀਵ ਨੂੰ ਛੂਹ ਨਹੀਂ ਸਕਦੇ।

**ਸੰਮਤ ਸਤਰਹ ਸਹਸ ਪਚਾਵਨ ॥**

ਸੰਮਤ ਸਤਾਰਾਂ ਸੌ ਪਚਵੰਜਾ(੧੭੫੫)

**ਹਾੜ ਵਦੀ ਪ੍ਰਿਥਮ ਸੁਖਦਾਵਨ ॥**

ਸੁੱਖ ਦੇਣ ਵਾਲੀ ਹਾੜ ਵਦੀ ਪਹਿਲੀ

**ਤ੍ਵ ਪ੍ਰਸਾਦਿ ਕਰਿ ਗ੍ਰੰਥ ਸੁਧਾਰਾ ॥**

ਤੁਹਾਡੀ ਕਿਰਪਾ ਨਾਲ ਇਸ ਤਾਰੀਖ਼ ਨੂੰ ਇਹ ਗ੍ਰੰਥ ਸੰਪੂਰਨ ਕੀਤਾ।

**ਭੂਲ ਪਰੀ ਲਹੁ ਲੇਹੁ ਸੁਧਾਰਾ ॥੮॥**

ਜੇ ਕੋਈ ਭੁੱਲ ਹੋ ਗਈ ਹੋਵੇ ਤਾਂ ਉਸਨੂੰ ਸੁਧਾਰ ਲੈਣਾ।

**ਦੋਹਰਾ ॥ ਨੇਤ੍ਰ ਤੁੰਗ ਕੇ ਚਰਨ ਤਰ ਸੱਤ੍ਰ ਦ੍ਰਵ ਤੀਰ ਤਰੰਗ ॥**

ਨੈਣਾਂ ਦੇਵੀ ਦੇ ਪਹਾੜ ਥੱਲੇ ਅਤੇ ਸਤਲਜਿ ਦਰਿਆ ਦੇ ਕੰਢੇ।

**ਸ੍ਰੀ ਭਗਵਤ ਪੂਰਨ ਕੀਜੋ ਰਘੁਬਰ ਕਥਾ ਪ੍ਰਸੰਗ ॥੯॥**

ਮੈਂ ਭਗਵਾਨ ਰਾਮ ਦੀ ਕਥਾ ਵਾਲਾ ਪ੍ਰਸੰਗ ਸੰਪੂਰਨ ਕੀਤਾ।

**ਸਾਧ ਅਸਾਧ ਜਾਨਿਓ ਨਹੀ ਬਾਦ ਸੁ ਬਾਦ ਬਿਬਾਦ॥**

ਮੈਂ ਕਿਸੇ ਸੰਤ ਅਤੇ ਦੁਸ਼ਟ ਦਾ ਪੱਖ ਨਹੀਂ ਪੂਰਿਆ ਅਤੇ ਨਾ ਹੀ ਕਿਸੇ ਵਿਵਾਦ ਵਿੱਚ ਪਿਆ ਹਾਂ।

**ਗ੍ਰੰਥ ਸਕਲ ਪੂਰਨ ਕੀਜੋ ਭਗਵਤ ਕ੍ਰਿਪਾ ਪ੍ਰਸਾਦਿ॥੧੦॥**

ਹੇ ਪ੍ਰਭੂ! ਮੈਂ ਤੁਹਾਡੀ ਕਿਰਪਾ ਨਾਲ ਹੀ ਸਾਰਾ ਗ੍ਰੰਥ ਸੰਪੂਰਨ ਕੀਤਾ ਹੈ।

**ਸਵੈਯਾ**

**ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖਿ ਤਰੇ ਨਹੀ ਆਨਜੋ ॥**

ਹੇ ਪ੍ਰਭੂ! ਮੈਂ ਜਦੋਂ ਦਾ ਤੇਰੇ ਚਰਨਾਂ ਨਾਲ ਜੁੜਿਆ ਹਾਂ, ਓਦੋਂ ਤੋਂ ਮੈਂ ਹੋਰ ਕਿਸੇ ਨੂੰ ਨਹੀਂ ਮੰਨਿਆ।

**ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ ॥**

ਰਾਮ, ਰਹੀਮ, ਪੁਰਾਨ ਅਤੇ ਕੁਰਾਨ ਅਨੇਕਾਂ ਇਸ਼ਟਾਂ ਬਾਰੇ ਦੱਸਦੇ ਹਨ, ਪਰ ਮੈਂ ਕਿਸੇ ਨੂੰ ਨਹੀਂ ਮੰਨਿਆ।

**ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈਂ ਹਮ ਏਕ ਨ ਜਾਨਜੋ ॥**

ਧਾਰਮਿਕ ਗ੍ਰੰਥ ਅਨੇਕਾਂ ਭੇਦ ਦੱਸਦੇ ਹਨ, ਪਰ ਮੈਂ ਕਿਸੇ ਨੂੰ ਨਹੀਂ ਜਾਣਿਆ।

**ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਜੋ ॥**

ਹੇ ਪ੍ਰਭੂ! ਮੈਂ ਕੁਝ ਨਹੀਂ ਕਿਹਾ,
ਤੁਸੀਂ ਹੀ ਸਭ ਕੁਝ ਕਿਰਪਾ ਕਰਕੇ ਮੈਥੋਂ ਕਹਾਇਆ ਹੈ।

**ਦੋਹਰਾ ॥ ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥**

ਹੇ ਪ੍ਰਭੂ! ਮੈਂ ਸਾਰੇ ਦਰ ਛੱਡ ਕੇ ਇੱਕ ਤੁਹਾਡਾ ਹੀ ਦਰ ਪਕੜਿਆ ਹੈ।

**ਬਾਂਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੈਂ ਤੁਹਾਡਾ ਦਾਸ ਹਾਂ ਅਤੇ ਮੇਰੀ ਲਾਜ ਰੱਖੋ।

## ਰਾਮਕਲੀ ਮਹਲਾ ੩ ਅਨੰਦੁ ॥

## ੴ

## ਸਤਿਗੁਰ ਪ੍ਰਸਾਦਿ ॥

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**

ਹੇ ਮੇਰੀ ਮਾਏ! ਸਤਿਗੁਰੂ ਨੂੰ ਪਾ ਕੇ ਮੇਰੇ ਅੰਦਰ ਆਨੰਦ ਪੈਦਾ ਹੋ ਗਿਆ ਹੈ।

**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥**

ਸਤਿਗੁਰੂ ਦੀ ਪ੍ਰਾਪਤੀ ਨਾਲ ਮੈਨੂੰ ਸਹਿਜ ਅਵਸਥਾ ਮਿਲ ਗਈ, ਹੁਣ ਮਨ ਵਿੱਚ ਖੁਸ਼ੀਆਂ ਦੇ ਵਾਜੇ ਵੱਜਦੇ ਹਨ।

**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥**

ਅਣਮੁੱਲੇ ਰਤਨਾਂ ਵਰਗੇ ਰਾਗ ਅਤੇ ਰਾਗਨੀਆਂ ਆਪਣੇ ਪਰਿਵਾਰਾਂ ਸਮੇਤ, ਸ਼ਬਦ ਗਾਉਣ ਵਾਸਤੇ ਆਏ ਹਨ।

**ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥**

ਜਿਹਨਾਂ ਨੇ ਹਰੀ ਨੂੰ ਮਨ ਵਿੱਚ ਵਸਾਇਆ ਹੈ,
ਉਹੀ ਹਰੀ ਦਾ ਸ਼ਬਦ ਗਾਉਂਦੇ ਹਨ।

**ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਸਤਿਗੁਰੂ ਨੂੰ ਪਾਇਆ ਹੈ ਤਾਂ ਹੀ ਮੇਰੇ ਮਨ ਵਿੱਚ ਖੁਸ਼ੀ ਪੈਦਾ ਹੋਈ ਹੈ।

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥**

ਹੇ ਮੇਰੇ ਮਨ! ਤੂੰ ਹਮੇਸ਼ਾਂ ਹੀ ਹਰੀ ਸਿਮਰਨ ਦੇ ਨਾਲ ਜੁੜਿਆ ਰਹੁ।

**ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥**

ਹੇ ਮੇਰੇ ਮਨ! ਤੂੰ ਸਭ ਦੁੱਖਾਂ ਨੂੰ ਭੁਲਾ ਕੇ ਹਰੀ ਨਾਮ ਨਾਲ ਜੁੜਿਆ ਰਹਿ।

**ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥**

ਉਹੋ ਹੀ ਤੇਰਾ ਸਾਰਾ ਕੰਮ ਸਵਾਰਣ ਵਾਲਾ ਹੈ ਅਤੇ ਉਹੋ ਹੀ ਤੇਰਾ ਭਲਾ-ਬੁਰਾ ਸਵੀਕਾਰ ਕਰੇਗਾ।

**ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥**

ਜੋ ਸਾਰੇ ਕੰਮ ਕਰਨ ਵਾਲਾ ਸਮਰੱਥ ਸੁਆਮੀ ਹੈ,
ਉਸਨੂੰ ਮਨੋਂ ਕਿਉਂ ਭੁਲਾਉਂਦਾ ਹੈਂ?

**ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੇਰੇ ਮਨ!
ਸਦਾ ਹਰਿ-ਸਿਮਰਨ ਦੇ ਨਾਲ ਜੁੜਿਆ ਰਹੁ।

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥**

ਹੇ ਸੱਚੇ ਸਾਹਿਬਾ!
ਤੇਰੇ ਘਰ ਵਿੱਚ ਕੀ ਨਹੀਂ?

**ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥**

ਤੇਰੇ ਘਰ ਵਿੱਚ ਤਾਂ ਸਭ ਕੁਝ ਹੈ, ਪਰ ਉਹ ਪ੍ਰਾਪਤ ਕਰਦਾ ਹੈ,
ਜਿਸਨੂੰ ਤੂੰ ਆਪ ਦੇਂਦਾ ਹੈਂ।

**ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥**

ਉਹ ਸਦਾ ਹੀ ਤੇਰੀ ਸਿਫ਼ਤ-ਸਲਾਹ ਕਰਦੇ ਹਨ ਅਤੇ ਤੇਰੇ ਨਾਮ ਨੂੰ ਮਨ ਵਿੱਚ ਵਸਾਉਂਦੇ ਹਨ।

**ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥**

ਜਿਹਨਾਂ ਦੇ ਮਨ ਵਿੱਚ ਹਰੀ ਦਾ ਨਾਮ ਵੱਸਿਆ ਹੈ, ਉਨ੍ਹਾਂ ਦੇ ਹਿਰਦੇ ਵਿੱਚ ਅਣਗਿਣਤ ਅਨੰਦ ਦੇ ਸ਼ਬਦ ਵੱਜਦੇ ਹਨ।

**ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਸੱਚੇ ਸਾਹਿਬ! ਤੇਰੇ ਘਰ ਵਿੱਚ ਕੀ ਨਹੀਂ?

**ਸਾਚਾ ਨਾਮੁ ਮੇਰਾ ਆਧਾਰੋ ॥**

ਮੇਰਾ ਆਸਰਾ ਸੱਚਾ ਨਾਮ ਹੀ ਹੈ।

**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥**

ਸੱਚਾ ਨਾਮ ਹੀ ਮੇਰਾ ਭੋਜਨ ਹੈ, ਜਿਸਨੇ ਸਾਰੀਆਂ ਭੁੱਖਾਂ ਖ਼ਤਮ ਕਰ ਦਿੱਤੀਆਂ ਹਨ।

**ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥**

ਮੇਰੀਆਂ ਇੱਛਾਵਾਂ ਨੂੰ ਪੂਰੀਆਂ ਕਰਕੇ ਹਰੀ ਨੇ ਮਨ ਵਿੱਚ ਸ਼ਾਂਤੀ ਅਤੇ ਸੁੱਖ ਵਸਾਇਆ ਹੈ।

**ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥**

ਮੈਂ ਆਪਣੇ ਆਪ ਨੂੰ ਸਦਾ ਹੀ ਗੁਰੂ ਤੋਂ ਕੁਰਬਾਨ ਕੀਤਾ ਹੈ, ਜਿਸਨੇ ਇਹ ਵਡਿਆਈਆਂ ਦਿੱਤੀਆਂ ਹਨ।

**ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਸੰਤੋ! ਸੁਣੋ,
ਮੈਂ ਗੁਰੂ ਦੇ ਸ਼ਬਦ ਨਾਲ ਹੀ ਪਿਆਰ ਰੱਖਦਾ ਹਾਂ।

**ਸਾਚਾ ਨਾਮੁ ਮੇਰਾ ਆਧਾਰੋ ॥੪॥**

ਮੇਰਾ ਆਸਰਾ ਸੱਚਾ ਨਾਮ ਹੀ ਹੈ।

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥**

ਸ੍ਰੇਸ਼ਟ ਕਰਮਾਂ ਵਾਲੇ ਹਿਰਦੇ ਵਿੱਚ ਪੰਜ ਕਿਸਮਾਂ ਦੇ ਸਾਜਾਂ ਦੀਆਂ ਧੁਨੀਆਂ ਵੱਜੀਆਂ ਹਨ।

**ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥**

ਜਿਸ ਹਿਰਦੇ ਵਿੱਚ ਸਤਿਗੁਰੂ ਨੇ ਆਪਣੀ ਸੱਤਿਆ ਰੱਖੀ ਹੈ
ਉਸ ਸ੍ਰੇਸ਼ਟ ਕਰਮਾਂ ਵਾਲੇ ਹਿਰਦੇ ਰੂਪੀ ਘਰ ਵਿੱਚ ਸ਼ਬਦ ਵੱਜੇ ਹਨ।

**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥**

ਹੇ ਪਰਮੇਸ਼ਰ! ਤੂੰ ਹੀ ਪੰਜ ਦੂਤ (ਕਾਮਾਦਿਕ) ਮੇਰੇ ਅਧੀਨ ਕੀਤੇ ਹਨ ਅਤੇ
ਵੈਰੀ ਕਾਲ ਦਾ ਡਰ ਵੀ ਮਾਰਿਆ ਭਾਵ ਖ਼ਤਮ ਕੀਤਾ ਹੈ।

**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥**

ਜਿਹਨਾਂ ਦੇ ਤੂੰ ਧੁਰੋਂ ਹੀ ਕਰਮ ਲਿਖੇ ਹਨ,
ਉਹ ਹੀ ਹਰਿ-ਸਿਮਰਨ ਵਿੱਚ ਲੱਗੇ ਹੋਏ ਹਨ।

**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉੱਥੇ ਹੀ ਸੁੱਖ ਹੋਇਆ ਹੈ ਅਤੇ ਉਸੇ ਘਰ ਵਿੱਚ
ਹੀ ਅਨਹਦ ਸ਼ਬਦ ਵੱਜਿਆ ਹੈ।

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥**

ਹੇ ਵਡਭਾਗੀਓ! ਇਸ ਅਨੰਦ ਨੂੰ ਸੁਣੋ,
ਤੁਹਾਡੀਆ ਸਾਰੀਆਂ ਮਨੋਕਾਮਨਾਵਾਂ ਪੂਰਨ ਹੋ ਜਾਣਗੀਆਂ।

**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥**

ਪਾਰਬ੍ਰਹਮ ਪ੍ਰਭੂ ਨੂੰ ਪਾਉਣ ਨਾਲ ਸਾਰੇ ਦੁੱਖ ਲਹਿ ਜਾਣਗੇ।

**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**

ਸੱਚੀ ਬਾਣੀ ਨੂੰ ਸੁਣਿਆਂ ਦੁੱਖ, ਰੋਗ ਅਤੇ ਸੰਤਾਪ ਉੱਤਰ ਜਾਣਗੇ।

**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥**

ਪੂਰਨ ਗੁਰੂ ਤੋਂ ਜਾਣੀ ਭਾਵ ਗਿਆਨ ਪ੍ਰਾਪਤ ਕਰਕੇ ਸੱਜਣ-ਸੰਤ ਖੁਸ਼ ਹੋ ਗਏ ਹਨ।

**ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥**

ਸੁਣਨ ਵਾਲੇ ਵੀ ਅਤੇ ਕਹਿਣ ਵਾਲੇ ਵੀ ਪਵਿੱਤਰ ਹੋ ਗਏ, ਕਿਉਂਕਿ ਦੋਹਾਂ ਵਿੱਚ
ਹੀ ਸਤਿਗੁਰੂ ਵਿਆਪ ਰਿਹਾ ਹੈ।

**ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥**

ਸ੍ਰੀ ਗੁਰੂ ਜੀ ਬੇਨਤੀ ਕਰਦੇ ਹਨ ਕਿ ਗੁਰੂ ਦੇ ਚਰਨੀਂ ਲੱਗਿਆਂ ਹੀ ਅਨਹਦ
ਵਾਜੇ ਵੱਜਦੇ ਹਨ।

**ਮੁੰਦਾਵਣੀ ਮਹਲਾ ੫ ॥**

**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥**

ਗੁਰਮੁਖ ਦੇ ਅੰਤਹਕਰਨ ਰੂਪ ਥਾਲ ਵਿੱਚ ਸਤ, ਸੰਤੋਖ ਅਤੇ ਵੀਚਾਰ ਤਿੰਨੇ ਵਸਤੂਆਂ ਸਤਿਗੁਰਾਂ ਵੱਲੋਂ ਪਾਈਆਂ ਗਈਆਂ ਹਨ।

**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥**

ਜਿਸ ਠਾਕੁਰ ਦਾ ਸਭ ਨੂੰ ਆਸਰਾ ਹੈ,
ਉਸ ਨੇ ਨਾਮ ਰੂਪ ਅੰਮ੍ਰਿਤ ਵੀ ਇਸ ਵਿੱਚ ਪਾਇਆ ਹੈ।

**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**

ਜੋ ਕੋਈ ਇਸ ਨੂੰ ਖਾਂਦਾ ਹੈ ਅਤੇ ਭੋਗਦਾ ਹੈ, ਉਸੇ ਦਾ ਹੀ ਉਧਾਰ ਹੁੰਦਾ ਹੈ।

**ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥**

ਇਹ ਵਸਤੂ ਛੱਡਣਯੋਗ ਨਹੀਂ, ਇਸਨੂੰ ਹਿਰਦੇ ਵਿੱਚ ਧਾਰ ਕੇ ਰੱਖੋ।

**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੰਸਾਰ ਦੇ ਅਗਿਆਨ ਰੂਪੀ ਹਨ੍ਹੇਰੇ ਤੋਂ ਗੁਰੂ ਦਿਆਂ ਚਰਨਾਂ ਨਾਲ ਲੱਗਿਆਂ ਹੀ ਤਰਿਆ ਜਾਂਦਾ ਹੈ,
ਇਹ ਸਭ ਬ੍ਰਹਮ ਦਾ ਹੀ ਪਸਾਰਿਆ ਪਸਾਰਾ ਹੈ।

**ਸਲੋਕ ਮਹਲਾ ੫॥**

**ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥**

ਹੇ ਪ੍ਰਭੂ! ਮੈਨੂੰ ਅਕ੍ਰਿਤਘਨ ਨੂੰ ਤੂੰ ਯੋਗ ਬਣਾ ਦਿੱਤਾ।

**ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥**

ਮੇਰੇ ਨਿਗੁਣੇ ਵਿੱਚ ਕੋਈ ਗੁਣ ਨਹੀਂ ਸੀ, ਤੂੰ ਆਪ ਮੇਰੇ 'ਤੇ ਤਰਸ ਕੀਤਾ ਹੈ।

**ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥**

ਤੇਰੇ ਤਰਸ ਕਰਕੇ ਮੇਰੇ 'ਤੇ ਮਹਾਨ ਮਿਹਰ ਹੋ ਗਈ ਅਤੇ
ਸੱਜਣ-ਸਤਿਗੁਰੂ ਮਿਲ ਗਿਆ।

**ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਮੈਨੂੰ ਹਰੀ-ਨਾਮ ਮਿਲਦਾ ਹੈ ਤਾਂ ਹੀ ਮੈਂ ਜੀਉਂਦਾ ਹਾਂ ਅਤੇ ਮੇਰਾ ਤਨ-ਮਨ ਹਰਿਆ ਹੁੰਦਾ ਹੈ।

**ਪਉੜੀ ॥ ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ ॥**

ਹੇ ਸਮਰੱਥ ਪ੍ਰਭੂ! ਜਿੱਥੇ ਕੋਈ ਸਹਾਈ ਨਹੀਂ, ਉੱਥੇ ਤੂੰ ਰੱਖਿਅਕ ਹੈਂ।

**ਓਥੈ ਤੇਰੀ ਰਖ ਅਗਨੀ ਉਦਰ ਮਾਹਿ ॥**

ਗਰਭ ਅਗਨੀ ਵਿੱਚ ਤੂੰ ਹੀ ਸਹਾਈ ਹੈਂ।

**ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ॥**

ਤੇਰੇ ਨਾਮ ਨੂੰ ਸੁਣਕੇ ਜਮਦੂਤ ਵੀ ਛੱਡ ਜਾਂਦੇ ਹਨ।

**ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ ॥**

ਗੁਰੂ ਦਾ ਨਾਮ ਜਪਣ ਵਾਲੇ ਬਿਖਮ ਅਤੇ ਡੂੰਘੇ ਸੰਸਾਰ ਸਾਗਰ ਤੋਂ ਪਾਰ ਹੋ ਜਾਂਦੇ ਹਨ।

**ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਇ ਖਾਹਿ ॥**

ਜਿਹਨਾਂ ਨੂੰ ਨਾਮ-ਰਸ ਦੀ ਪਿਆਸ ਲੱਗੀ ਹੈ, ਉਹ ਹੀ ਤੇਰੇ ਨਾਮ-ਅੰਮ੍ਰਿਤ ਨੂੰ ਸੇਵਨ ਕਰਦੇ ਹਨ।

**ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥**

ਗੋਵਿੰਦ ਦੇ ਗੁਣਾਂ ਨੂੰ ਵਿਚਾਰਨਾ, ਕਲਿਜੁਗ ਵਿੱਚ ਇਹੋ ਹੀ ਪੁੰਨ ਹੈ।

**ਸਭਸੈ ਨੋ ਕਿਰਪਾਲੁ ਸਮ੍ਹਾਲੇ ਸਾਹਿ ਸਾਹਿ ॥**

ਹੇ ਜੀਵ ਕਿਰਪਾਲੂ! ਪਰਮੇਸ਼ਰ ਨੂੰ ਸਵਾਸ-ਸਵਾਸ ਯਾਦ ਕਰ।

**ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ ॥੯॥**

ਹੇ ਪ੍ਰਭੂ! ਜਿਹੜਾ ਤੇਰੀ ਸ਼ਰਨ ਆਉਂਦਾ ਹੈ, ਉਹ ਖ਼ਾਲੀ ਨਹੀਂ ਜਾਂਦਾ।

**ਸਲੋਕੁ ਮਃ ੫ ॥**

**ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥**

ਹੇ ਜੀਵ! ਮਨ ਵਿੱਚ ਗੁਰੂ ਦੀ ਆਰਾਧਣਾ ਕਰ ਅਤੇ ਜੀਭ ਨਾਲ ਗੁਰੂ ਦਾ ਨਾਮ ਜਪ।

**ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥**

ਅੱਖਾਂ ਨਾਲ ਗੁਰੂ ਦਾ ਦਰਸ਼ਨ ਕਰ ਅਤੇ ਕੰਨਾਂ ਨਾਲ ਗੁਰੂ ਦਾ ਨਾਮ ਸੁਣ।

**ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥**

ਗੁਰੂ ਨਾਲ ਪ੍ਰੀਤ ਕੀਤਿਆਂ ਦਰਗਾਹ ਵਿੱਚ ਥਾਂ ਮਿਲਦੀ ਹੈ।

**ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੀਹਦੇ 'ਤੇ ਪ੍ਰਭੂ ਕਿਰਪਾ ਕਰਦਾ ਹੈ, ਉਸ ਨੂੰ ਨਾਮ ਰੂਪੀ ਵਸਤੂ ਪ੍ਰਾਪਤ ਹੁੰਦੀ ਹੈ।

**ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥**

ਇਸ ਤਰ੍ਹਾਂ ਦੇ ਉੱਤਮ ਮਨੁੱਖ ਸੰਸਾਰ ਵਿੱਚ ਵਿਰਲੇ ਹੀ ਹਨ।

**ਮਃ ੫ ॥ ਰਖੇ ਰਖਣਹਾਰਿ ਆਪਿ ਉਬਾਰਿਅਨੁ ॥**

ਰਖਣਹਾਰ-ਪ੍ਰਭੂ ਨੇ ਮੈਨੂੰ ਆਪ ਹੀ ਮੋਹ ਆਦਿਕ ਦੋਸ਼ਾਂ ਤੋਂ ਬਚਾਇਆ ਹੈ।

**ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥**

ਗੁਰੂ ਦੀ ਚਰਨੀਂ ਲੱਗਿਆਂ ਮੇਰੇ ਕਾਰਜ ਸੰਵਰ ਗਏ ਹਨ।

**ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥**

ਉਹ ਪ੍ਰਭੂ ਮੇਰੇ 'ਤੇ ਐਸਾ ਦਿਆਲ ਹੋਇਆ ਹੈ, ਉਸਨੇ ਮੈਨੂੰ ਮਨੋਂ ਨਹੀਂ ਭੁਲਾਇਆ।

**ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥**

ਸਾਧਾਂ ਦੀ ਸੰਗਤ ਨਾਲ ਮੈਂ ਸੰਸਾਰ ਸਾਗਰ ਤੋਂ ਪਾਰ ਹੋ ਗਿਆ ਹਾਂ।

**ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥**

ਸਾਕਤਾਂ, ਨਿੰਦਕਾਂ ਅਤੇ ਦੁਸ਼ਟਾਂ ਨੂੰ ਪ੍ਰਭੂ ਨੇ ਛਿਣ ਵਿੱਚ ਹੀ ਨਾਸ ਕਰ ਦਿੱਤਾ ਹੈ।

**ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਨੂੰ ਸਿਰਫ਼ ਉਸ ਮਾਲਕ ਦਾ ਹੀ ਆਸਰਾ ਹੈ।

**ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥੨॥**

ਜਿਸ ਦਾ ਨਾਮ ਜਪਿਆਂ ਸੁੱਖ ਹੋਏ ਹਨ ਅਤੇ ਦੁੱਖ ਦੂਰ ਚਲੇ ਗਏ ਹਨ।

****

# ਕੀਰਤਨ ਸੋਹਿਲਾ

**ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧**

**ੴ**

**ਸਤਿਗੁਰ ਪ੍ਰਸਾਦਿ ॥**

**ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥**

ਜਿਸ ਸਾਧਸੰਗਤ ਰੂਪੀ ਘਰ ਵਿੱਚ ਕਰਤੇ-ਪ੍ਰਭੂ ਦੀ ਸ਼ੋਭਾ ਕੀਤੀ ਜਾਂਦੀ ਹੈ ਅਤੇ ਉਸਦੇ ਗੁਣਾਂ ਦੀ ਵਿਚਾਰ ਹੁੰਦੀ ਹੈ।

**ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥**

ਉਸ ਘਰ ਵਿੱਚ ਪ੍ਰਭੂ ਦੀ ਸਿਫ਼ਤ ਦੇ ਗੀਤ ਗਾਇਨ ਕਰ ਅਤੇ ਸਿਰਜਣਹਾਰੇ ਨੂੰ ਸਿਮਰ।

**ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥**

ਹੇ ਜੀਵ! ਤੂੰ ਨਿਡਰ ਸੁਆਮੀ ਦੀ ਸਿਫ਼ਤ ਦੇ ਗੀਤ ਗਾਇਨ ਕਰ।

**ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥**

ਮੈਂ ਬਲਿਹਾਰ ਜਾਂਦਾ ਹਾਂ ਉਸ ਸਿਫ਼ਤ ਦੇ ਗੀਤ ਤੋਂ,
ਜਿਸ ਕਰਕੇ ਸਦਾ ਹੀ ਸੁੱਖ ਮਿਲਦਾ ਹੈ।

**ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥**

ਦੇਣਵਾਲਾ ਸਭ ਨੂੰ ਵੇਖਦਾ ਹੈ ਅਤੇ ਸਦਾ ਹੀ ਜੀਵਾਂ ਦੀ ਸੰਭਾਲ ਕਰਦਾ ਹੈ।

**ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥**

ਤੇਰੇ ਸੱਚ ਨੂੰ ਜਾਨਣ ਵਾਲਿਆਂ ਸਾਧੂਆਂ ਦੀ ਕੀਮਤ ਨਹੀਂ ਪੈਂਦੀ, ਉਸ ਸੱਚ ਨੂੰ ਸਥਾਪਿਤ ਕਰਨ ਵਾਲੇ ਦਾਤੇ ਦਾ ਕਿਵੇਂ ਅੰਤ ਪਾਇਆ ਜਾ ਸਕਦਾ ਹੈ?

**ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥**

ਵਿਆਹ ਦਾ ਦਿਨ ਅਤੇ ਸਾਲ ਤਾਂ ਲਿਖਿਆ ਗਿਆ ਹੈ,
ਹੇ ਸਖੀਓ! ਮਿਲ ਕੇ ਤੇਲ ਚੋਵੋ ਭਾਵ ਮੌਤ ਦੀ ਤਰੀਖ ਨੀਅਤ ਹੋ ਚੁੱਕੀ ਹੈ,
ਮੈਨੂੰ ਗੁਣਾਂ ਰੂਪੀ ਤੇਲ ਲਾਵੋ।

**ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥**

ਹੇ ਸੰਤ ਜਨੋ! ਅਸੀਸਾਂ ਰੂਪੀ ਉਪਦੇਸ਼ ਦਿਓ,
ਜਿਸ ਕਰਕੇ ਸਾਹਿਬ ਨਾਲ ਮੇਲ ਹੋਵੇ।

**ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥**

ਹਰ ਘਰ ਮੌਤ ਦਾ ਸੁਨੇਹਾ ਪੁੱਜ ਗਿਆ ਹੈ ਅਤੇ
ਉਸ ਦਾ ਨਿੱਤ ਹੀ ਬੁਲਾਵਾ ਆਉਂਦਾ ਹੈ।

**ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥**

ਉਸ ਮੌਤ ਦਾ ਬੁਲਾਵਾ ਭੇਜਣ ਵਾਲੇ ਪ੍ਰਭੂ ਨੂੰ ਸਿਮਰ,
ਕਿਉਂਕਿ ਮੌਤ ਦਾ ਦਿਨ ਨੇੜੇ ਆ ਰਿਹਾ ਹੈ।

**ਰਾਗੁ ਆਸਾ ਮਹਲਾ ੧ ॥**

**ਛਿਅ ਘਰ ਛਿਅ ਗੁਰ ਛਿਅ ਉਪਦੇਸ ॥**

ਛੇ ਸ਼ਾਸ਼ਤ੍ਰ ਹਨ, ਛੇ ਉਨ੍ਹਾਂ ਦੇ ਪੜ੍ਹਾਉਣ ਵਾਲੇ ਹਨ
ਅਤੇ ਛੇ ਹੀ ਉਨ੍ਹਾਂ ਦੇ ਸਿਧਾਂਤ ਹਨ।

**ਗੁਰੁ ਗੁਰੁ ਏਕੋ ਵੇਸ ਅਨੇਕ ॥੧॥**

ਪਰ ਇਨ੍ਹਾਂ ਸਾਰਿਆਂ ਗੁਰੂਆਂ ਦਾ ਇੱਕ ਗੁਰੂ ਪ੍ਰਭੂ ਹੈ,
ਉਸ ਇੱਕ ਪ੍ਰਭੂ ਦੇ ਅਨੇਕਾਂ ਭੇਸ ਹਨ।

**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥**

ਹੇ ਜੀਵ! ਜਿਸ ਘਰ ਵਿੱਚ ਰਚਨਹਾਰ ਦੀ ਸ਼ੋਭਾ ਹੁੰਦੀ ਹੈ।

**ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥**

ਉਸ ਘਰ ਨੂੰ ਸਾਂਭ ਕੇ ਰੱਖ, ਇਸ ਵਿੱਚ ਤੇਰੀ ਭਲਾਈ ਹੈ।

**ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥**

ਜਿਵੇਂ ਵਿਸੁਏ, ਚਸੇ, ਘੜੀਆਂ, ਪਹਿਰ, ਥਿੱਤਾਂ, ਵਾਰ, ਮਹੀਨਾ ਆਦਿਕ

**ਸੂਰਜੁ ਏਕੋ ਰੁਤਿ ਅਨੇਕ ॥**

ਇੱਕ ਸੂਰਜ ਦੀਆਂ ਅਨੇਕਾਂ ਰੁੱਤਾਂ ਹਨ।

**ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਇਵੇਂ ਹੀ ਪ੍ਰਭੂ ਦੇ ਇਹ ਸਾਰੇ ਸਿਧਾਂਤ ਅਨੇਕਾਂ ਵੇਸ ਹਨ।

**ਰਾਗੁ ਧਨਾਸਰੀ ਮਹਲਾ ੧ ॥**

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥**

ਆਕਾਸ਼ ਰੂਪ ਥਾਲ ਵਿਚ ਸੂਰਜ ਚੰਦ ਰੂਪ ਦੀਵੇ ਬਣੇ ਹੋਏ ਹਨ, ਤਾਰਿਆਂ ਦਾ
ਇਕੱਠ ਮਾਨੋ ਮੋਤੀ ਹਨ।

**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥**

ਮਲਯ ਪਹਾੜ ਦੀ ਅੱਗ ਰੂਪ ਧੂਪ ਹੈ, ਪਵਣ ਰੂਪ ਚੌਰ-ਬਰਦਾਰ ਹੈ ਅਤੇ ਸਾਰੀ
ਬਨਸਪਤੀ ਦੀ ਜੋਤੀ ਰੂਪ ਫੁੱਲ ਖਿੜੇ ਹੋਏ ਹਨ।

**ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥**

ਹੇ ਜਨਮ-ਮਰਨ ਦੇ ਕੱਟਣ ਵਾਲੇ! ਤੇਰੀ ਆਰਤੀ ਕਿਸ ਤਰ੍ਹਾਂ ਦੀ ਹੈ?

**ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥**

ਇਸ ਆਰਤੀ ਵਿੱਚ ਅਨਹਦ ਸ਼ਬਦ ਰੂਪ ਨਗਾਰੇ ਵੱਜਦੇ ਹਨ।

**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ॥**

ਤੇਰੇ ਹਜ਼ਾਰਾਂ ਨੇਤਰ ਹਨ ਅਤੇ ਕੋਈ ਨੇਤਰ ਨਹੀਂ,
ਹਜ਼ਾਰਾਂ ਮੂਰਤਾਂ ਤੇਰੀਆਂ ਹਨ ਪਰ ਤੇਰੀ ਇੱਕ ਵੀ ਮੂਰਤ ਨਹੀਂ।

**ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥**

ਹਜ਼ਾਰਾਂ ਨਿਰਮਲ ਚਰਨ ਤੇਰੇ ਹਨ, ਤੇਰਾ ਇਕ ਵੀ ਪੈਰ ਨਹੀਂ ਹੈ, ਹਜ਼ਾਰਾਂ ਤੇਰੇ ਨੱਕ ਅਥਵਾ ਸੁਗੰਧੀਆਂ ਹਨ ਅਤੇ ਤੂੰ ਬਿਨ ਨਾਸ ਅਥਵਾ ਸੁਗੰਧੀਆਂ ਬਿਨਾਂ ਹੈਂ, ਇਸ ਤਰ੍ਹਾਂ ਦੇ ਕੌਤਕ ਨਾਲ ਮੋਹਣ ਵਾਲਾ ਹੈਂ।

**ਸਭ ਮਹਿ ਜੋਤਿ ਜੋਤਿ ਹੈ ਸੋਇ ॥**

ਸਾਰਿਆਂ ਵਿਚ ਇੱਕ ਉਹੀ ਪਰਮੇਸ਼ਰ ਦੀ ਜੋਤੀ ਹੈ।

**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**

ਉਸਦੇ ਚਾਨਣ ਨਾਲ ਹੀ ਸਾਰਿਆਂ ਵਿਚ ਚਾਨਣ ਹੁੰਦਾ ਹੈ।

**ਗੁਰ ਸਾਖੀ ਜੋਤਿ ਪਰਗਟੁ ਹੋਇ ॥**

ਗੁਰੂ ਦੀ ਸਿੱਖਿਆ ਨਾਲ ਗਿਆਨ ਰੂਪ ਜੋਤ ਪ੍ਰਗਟ ਹੁੰਦੀ ਹੈ।

**ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥**

ਜੋ ਉਸਨੂੰ ਭਾ ਜਾਵੇ ਉਹੀ ਆਰਤੀ ਵਾਲਾ ਹੁੰਦਾ ਹੈ।

**ਹਰਿ ਚਰਣ ਕਵਲ ਮਕਰੰਦ ਲੋਭਿਤ**
**ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥**

ਹਰੀ ਦੇ ਚਰਨ ਰੂਪ ਕਮਲ ਵਿਚ ਰਾਤ-ਦਿਨ ਮਨ ਰੂਪ ਭੰਵਰ ਨੂੰ ਲੁਭਾਇਮਾਨ ਹੋਣ ਦੀ ਪਿਆਸ ਹੈ।

**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੀਵ ਰੂਪ ਪਪੀਹੇ ਨੂੰ ਮਿਹਰ ਰੂਪ ਪਾਣੀ ਦਿਓ, ਜਿਸ ਤੋਂ ਤੁਹਾਡੇ ਨਾਮ ਵਿੱਚ ਨਿਵਾਸ ਹੋਵੇ।

**ਰਾਗੁ ਗਉੜੀ ਪੂਰਬੀ ਮਹਲਾ ੪ ॥**

**ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥**

ਕਾਮ ਤੇ ਕ੍ਰੋਧ ਆਦਿ ਗੰਦਗੀ ਨਾਲ ਮਨ ਰੂਪ ਨਗਰ ਬਹੁਤ ਗੰਦਾ ਹੋਇਆ ਸੀ, ਸਾਧੂਆਂ ਨਾਲ ਮਿਲ ਕੇ ਵਿਕਾਰਾਂ ਦਾ ਖੰਡਨ ਕੀਤਾ ਹੈ।

**ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥**

ਗੁਰੂ ਤਾਂ ਪੂਰਬਲੇ ਕਰਮਾਂ ਦੀ ਲਿਖਤ ਲਿਖੇ ਨਾਲ ਪਾਇਆ ਜਾਂਦਾ ਹੈ, ਜਿਹੜਾ ਮਨ ਨੂੰ ਹਰੀ ਦੇ ਪ੍ਰੇਮ ਮੰਡਲ ਵਿਚ ਮੰਡਨ ਵਾਲਾ ਹੈ।

**ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥**

ਸਾਧੂ ਅੱਗੇ ਹੱਥ ਜੋੜ ਕੇ ਪ੍ਰਾਰਥਨਾ ਕਰੀਏ, ਇਹ ਵਡਾ ਪੁੰਨ ਕਰਮ ਹੈ।

**ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥**

ਡੰਡਉਤ ਕਰਨਾ ਵੀ ਵਡਾ ਪੁੰਨ ਕਰਮ ਹੈ।

**ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥**

ਸਾਕਤਾਂ ਨੇ ਹਰੀ-ਰਸ ਭਜਨ ਦਾ ਸਵਾਦ ਨਹੀਂ ਜਾਣਿਆ, ਉਹਨਾਂ ਦੇ ਵਿੱਚ ਹਉਮੈ ਦਾ ਕੰਡਾ ਹੈ।

**ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥**

ਜਿਵੇਂ-ਜਿਵੇਂ ਉਹ ਤੁਰਦੇ ਹਨ, ਉਹ ਕੰਡਾ ਚੁੱਭਦਾ ਹੈ, ਦੁੱਖ ਪਾਉਂਦੇ ਹਨ ਅਤੇ ਮਰਨ ਵੇਲੇ ਸਿਰ 'ਤੇ ਦੰਡ ਸਹਾਰਦੇ ਹਨ।

**ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥**

ਸੰਤ-ਜਨ, ਹਰੀ-ਨਾਮ ਵਿਚ ਸਮਾਏ ਹਨ ਕਿਉਂਕਿ ਉਹਨਾਂ ਜਨਮ-ਮਰਨ ਦੇ ਦੁੱਖ ਅਤੇ ਯਮ ਨੂੰ ਮਾਰ ਲਿਆ ਹੈ।

**ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥**

ਨਾਸ-ਰਹਿਤ, ਪੁਰਸ਼ਾਰਥ ਵਾਲਾ, ਪਰਮ ਈਸ਼੍ਵਰ ਪਾ ਕੇ ਉਹ ਖੰਡਾਂ-ਬ੍ਰਹਮੰਡਾਂ ਵਿੱਚ ਬਹੁਤੀ ਸ਼ੋਭਾ ਲੈਂਦੇ ਹਨ।

**ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥**

ਅਸੀਂ ਗ਼ਰੀਬ ਤੋਂ ਗ਼ਰੀਬ, ਹੇ ਪ੍ਰਭੂ! ਤੇਰੇ ਹਾਂ, ਹੇ ਵੱਡੇ ਤੋਂ ਵੱਡੇ ਪ੍ਰਭੂ! ਸਾਨੂੰ ਰੱਖ ਲਉ, ਰੱਖ ਲਉ।

**ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗਰੀਬਾਂ ਨੂੰ ਨਾਮ ਦਾ ਅਧਾਰ ਅਤੇ ਆਸਰਾ ਹੈ ਅਤੇ ਉਹ ਹਰੀ-ਨਾਮ ਜਪ ਕੇ ਸੁੱਖ ਮਾਣਦੇ ਹਨ।

**ਰਾਗੁ ਗਉੜੀ ਪੂਰਬੀ ਮਹਲਾ ੫ ॥**

**ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥**

ਹੇ ਮੇਰੇ ਮਿੱਤਰੋ ਸੁਣੋ! ਮੈਂ ਬੇਨਤੀ ਕਰਦਾ ਹਾਂ ਕਿ ਸੰਤਾਂ ਦੀ ਸੇਵਾ ਦਾ ਹੁਣ ਸਮਾਂ ਹੈ।

**ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥**

ਜੇ ਇੱਥੋਂ ਹਰੀ-ਨਾਮ ਦਾ ਲਾਹਾ ਖੱਟ ਕੇ ਚੱਲੋਗੇ ਤਾਂ ਅੱਗੇ ਰਹਿਣਾ ਸੌਖਾ ਹੋ ਜਾਵੇਗਾ।

**ਅਉਧ ਘਟੈ ਦਿਨਸੁ ਰੈਣਾਰੇ ॥**

ਦਿਨ-ਰਾਤ ਉਮਰ ਘੱਟਦੀ ਜਾ ਰਹੀ ਹੈ।

**ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥**

ਹੇ ਮਨ! ਤੂੰ ਗੁਰੂ ਨਾਲ ਮਿਲ ਕੇ ਕਾਰਜ ਸਵਾਰ ਲੈ।

**ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥**

ਇਸ ਸੰਸਾਰ ਅਤੇ ਵਿਕਾਰਾਂ ਦੇ ਸੰਸਿਆ 'ਚੋਂ ਬ੍ਰਹਮ ਨੂੰ ਜਾਨਣਵਾਲਾ ਹੀ ਤਰਿਆ ਹੈ।

**ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥**

ਜਿਸਨੂੰ ਪ੍ਰਭੂ ਸੁਰਤੀ ਬਖ਼ਸ਼ੇ, ਉਸ ਨੂੰ ਇਹ ਰਸ ਮਿਲਦਾ ਹੈ ਅਤੇ ਉਹ ਹੀ ਮਨੁੱਖ ਅਕੱਥ ਦੀ ਕਥਾ ਜਾਣ ਸਕਦਾ ਹੈ।

**ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥**

ਜਿਸ ਵਾਸਤੇ ਆਏ ਹੋ, ਉਹੀ ਨਾਮ ਵਸਤੂ ਖਰੀਦੋ, ਗੁਰੂ ਕਰਕੇ ਹੀ ਹਰੀ ਰੂਪ ਮਕਾਨ ਵਿਚ ਵਾਸਾ ਹੁੰਦਾ ਹੈ।

**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥**

ਆਪਣੇ ਨਿਜ ਘਰ ਵਿੱਚ ਸਹਜ ਸੁੱਖ ਨਾਲ ਨਿਵਾਸ ਪਾਉ ਅਤੇ ਫਿਰ ਇਹ ਜਨਮ ਮਰਨ ਦਾ ਗੇੜ ਮੁੱਕ ਜਾਵੇਗਾ।

**ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥**

ਅੰਤਰਜਾਮੀ ਪਰਮੇਸ਼ਰ ਸਾਡੇ ਮਨ ਦੀ ਸ਼ਰਧਾ ਪੂਰੀ ਕਰ ਦਿੰਦੇ ਹਨ।

**ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਇਹੀ ਮੰਗ ਮੰਗਦਾ ਹਾਂ ਕਿ ਮੈਨੂੰ ਸੰਤਾਂ ਦੀ ਧੂੜੀ ਕਰ ਦਿਓ।

****

# ਅਨੰਦੁ

**ਰਾਮਕਲੀ ਮਹਲਾ ੩ ਅਨੰਦੁ ॥**

**ੴ**

**ਸਤਿਗੁਰ ਪ੍ਰਸਾਦਿ ॥**

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**

ਹੇ ਮੇਰੀ ਮਾਏ! ਸਤਿਗੁਰੂ ਦੇ ਲੜ ਲੱਗ ਕੇ ਮੇਰੇ ਅੰਦਰ
ਆਨੰਦ ਪੈਦਾ ਹੋ ਗਿਆ ਹੈ।

**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥**

ਸਤਿਗੁਰੂ ਦੀ ਪ੍ਰਾਪਤੀ ਨਾਲ ਮੈਨੂੰ ਸਹਿਜ ਅਵਸਥਾ ਮਿਲ ਗਈ ਹੁਣ ਮਨ ਵਿੱਚ
ਖੁਸ਼ੀਆਂ ਦੇ ਵਾਜੇ ਵੱਜਦੇ ਹਨ।

**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥**

ਅਣਮੁੱਲੇ ਰਤਨਾਂ ਵਰਗੇ ਰਾਗ ਅਤੇ ਰਾਗਨੀਆਂ ਆਪਣੇ ਪਰਿਵਾਰਾਂ ਸਮੇਤ,
ਸ਼ਬਦ ਗਾਉਣ ਵਾਸਤੇ ਆਏ ਹਨ।

**ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥**

ਜਿਸ ਹਰੀ ਨੇ ਤੁਹਾਡੇ ਮਨ ਵਿੱਚ ਸ਼ਬਦ ਦਾ ਵਾਸਾ ਕੀਤਾ ਹੈ,
ਉਸ ਦਾ ਜੱਸ ਗਾਉ!

**ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥**

ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਮੈਂ ਸਤਿਗੁਰੂ ਨੂੰ ਪਾਇਆ ਹੈ ਤਾਂ ਹੀ
ਮੇਰੇ ਮਨ ਵਿੱਚ ਖੁਸ਼ੀ ਪੈਦਾ ਹੋਈ ਹੈ।

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥**

ਹੇ ਮੇਰੇ ਮਨ!
ਤੂੰ ਹਮੇਸ਼ਾਂ ਹੀ ਹਰੀ ਸਿਮਰਨ ਦੇ ਨਾਲ ਜੁੜਿਆ ਰਹੁ।

**ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥**

ਹੇ ਮੇਰੇ ਮਨ! ਤੂੰ ਸਭ ਦੁੱਖਾਂ ਨੂੰ ਦੂਰ ਕਰਨ ਵਾਲੇ ਹਰੀ ਨਾਮ ਨਾਲ ਜੁੜਿਆ ਰਹਿ।

**ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥**

ਉਹੋ ਹੀ ਤੇਰਾ ਸਾਰਾ ਕੰਮ ਸਵਾਰਣ ਵਾਲਾ ਹੈ ਅਤੇ ਉਹੋ ਹੀ ਤੇਰਾ ਭਲਾ-ਬੁਰਾ
ਸਵੀਕਾਰ ਕਰੇਗਾ।

**ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥**

ਜੋ ਸਾਰੇ ਕੰਮ ਕਰਨ ਵਾਲਾ ਸਮਰੱਥ ਸੁਆਮੀ ਹੈ,
ਉਸਨੂੰ ਮਨੋਂ ਕਿਉਂ ਭੁਲਾਉਂਦਾ ਹੈਂ?

**ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੇਰੇ ਮਨ!
ਸਦਾ ਹਰਿ ਸਿਮਰਨ ਦੇ ਨਾਲ ਜੁੜਿਆ ਰਹੁ।

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥**

ਹੇ ਸੱਚੇ ਸਾਹਿਬਾ! ਤੇਰੇ ਘਰ ਵਿੱਚ ਕੀ ਨਹੀਂ?

**ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥**

ਤੇਰੇ ਘਰ ਵਿੱਚ ਹੈ ਤਾਂ ਸਭ ਕੁਝ, ਪਰ ਪ੍ਰਾਪਤ ਉਹੀ ਕਰਦਾ ਹੈ,
ਜਿਸਨੂੰ ਤੂੰ ਆਪ ਦੇਂਦਾ ਹੈਂ।

**ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥**

ਉਹ ਸਦਾ ਹੀ ਤੇਰੀ ਸਿਫ਼ਤ-ਸਲਾਹ ਕਰਦੇ ਹਨ ਅਤੇ ਤੇਰੇ ਨਾਮ ਨੂੰ ਮਨ ਵਿੱਚ ਵਸਾਉਂਦੇ ਹਨ।

**ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥**

ਜਿਹਨਾਂ ਦੇ ਮਨ ਵਿੱਚ ਹਰੀ ਦਾ ਨਾਮ ਵੱਸਿਆ ਹੈ, ਉਨ੍ਹਾਂ ਦੇ ਹਿਰਦੇ ਵਿੱਚ ਅਣਗਿਣਤ ਅਨੰਦ ਦੇ ਸ਼ਬਦ ਵੱਜਦੇ ਹਨ।

**ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਸੱਚੇ ਸਾਹਿਬ! ਤੇਰੇ ਘਰ ਵਿੱਚ ਕੀ ਨਹੀਂ?

**ਸਾਚਾ ਨਾਮੁ ਮੇਰਾ ਆਧਾਰੋ ॥**

ਮੇਰਾ ਆਸਰਾ ਸੱਚਾ ਨਾਮ ਹੀ ਹੈ।

**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥**

ਸੱਚਾ ਨਾਮ ਹੀ ਮੇਰਾ ਆਸਰਾ ਹੈ, ਜਿਸਨੇ ਸਾਰੀਆਂ ਖ਼ਾਹਿਸ਼ਾਂ ਦੀਆਂ ਭੁੱਖਾਂ ਖ਼ਤਮ ਕਰ ਦਿੱਤੀਆਂ।

**ਕਰਿ ਸਾਂਤਿ ਸੁਖ ਮਨਿ ਆਇ ਵਸਿਆ**
**ਜਿਨਿ ਇਛਾ ਸਭਿ ਪੁਜਾਈਆ ॥**

ਮੇਰੀਆਂ ਇੱਛਾਵਾਂ ਨੂੰ ਪੂਰੀਆਂ ਕਰਕੇ ਹਰੀ ਨੇ ਮਨ ਵਿੱਚ ਸ਼ਾਂਤੀ ਅਤੇ ਸੁੱਖ ਵਸਾਇਆ ਹੈ।

**ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥**

ਮੈਂ ਆਪਣੇ ਆਪ ਨੂੰ ਸਦਾ ਹੀ ਗੁਰੂ ਤੋਂ ਕੁਰਬਾਨ ਕੀਤਾ ਹੈ, ਜਿਸ ਦੀਆਂ ਇਹ ਵਡਿਆਈਆਂ ਹਨ।

**ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਸੰਤੋ! ਸੁਣੋ, ਅਤੇ ਗੁਰੂ ਦੇ ਸ਼ਬਦ ਨਾਲ ਹੀ ਪਿਆਰ ਰੱਖੋ!

**ਸਾਚਾ ਨਾਮੁ ਮੇਰਾ ਆਧਾਰੋ ॥੪॥**

ਮੇਰਾ ਆਸਰਾ ਸੱਚਾ ਨਾਮ ਹੀ ਹੈ।

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥**

ਸ੍ਰੇਸ਼ਟ ਕਰਮਾਂ ਵਾਲੇ ਹਿਰਦੇ ਵਿੱਚ ਪੰਜ ਕਿਸਮਾਂ ਦੇ ਸਾਜਾਂ ਦੀਆਂ ਧੁਨੀਆਂ ਵੱਜੀਆਂ ਹਨ।

**ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥**

ਜਿਸ ਹਿਰਦੇ ਵਿੱਚ ਸਤਿਗੁਰੂ ਨੇ ਆਪਣੀ ਸੱਤਿਆ ਰੱਖੀ ਹੈ,
ਉਸ ਸ੍ਰੇਸ਼ਟ ਕਰਮਾਂ ਵਾਲੇ ਹਿਰਦੇ ਰੂਪੀ ਘਰ ਵਿੱਚ ਸ਼ਬਦ ਵੱਜੇ ਹਨ।

**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥**

ਹੇ ਪਰਮੇਸ਼ਰ! ਤੂੰ ਹੀ ਪੰਜ ਦੂਤ (ਕਾਮਾਦਿਕ) ਮੇਰੇ ਅਧੀਨ ਕੀਤੇ ਹਨ
ਅਤੇ ਵੈਰੀ ਕਾਲ ਦਾ ਡਰ ਵੀ ਖ਼ਤਮ ਕੀਤਾ ਹੈ।

**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥**

ਜਿਹਨਾਂ ਦੇ ਤੂੰ ਧੁਰੋਂ ਹੀ ਕਰਮ ਲਿਖੇ ਹਨ,
ਉਹ ਹੀ ਹਰੀ-ਸਿਮਰਨ ਵਿੱਚ ਲੱਗੇ ਹੋਏ ਹਨ।

**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉੱਥੇ ਹੀ ਸੁੱਖ ਹੋਇਆ ਹੈ ਅਤੇ
ਉਸੇ ਘਰ ਵਿੱਚ ਹੀ ਅਨਹਦ ਸ਼ਬਦ ਵੱਜਿਆ ਹੈ।

**ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥**

ਸੱਚੀ ਪ੍ਰੀਤ ਤੋਂ ਬਿਨਾਂ, ਇਹ ਦੇਹ ਆਸਰਾ ਰਹਿਤ ਹੈ।

**ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥**

ਦੇਹ ਪ੍ਰਭੂ-ਪ੍ਰੀਤ ਤੋਂ ਸੱਖਣੀ ਹੋਣ ਕਰਕੇ ਆਸਰਾ ਰਹਿਤ ਹੈ,
ਹੁਣ ਇਹ ਵਿਚਾਰੀ ਕੀ ਕਰੇ?

**ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥**

ਹੇ ਪ੍ਰਭੂ! ਤੂੰ ਕਿਰਪਾ ਕਰ ਤੇਰੇ ਵਰਗਾ ਹੋਰ ਕੋਈ ਸ਼ਕਤੀਵਾਨ ਨਹੀਂ ਹੈ।

**ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥**

ਤੇਰੇ ਸ਼ਬਦ ਨਾਲ ਜੁੜ ਕੇ ਉੱਤਮ ਹੋਣ ਤੋਂ ਬਿਨਾਂ ਇਸ ਆਸਰਾ ਰਹਿਤ ਦੇਹ ਨੂੰ ਹੋਰ ਕੋਈ ਥਾਂ ਨਹੀਂ।

**ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥੬॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰੀਤ ਤੋਂ ਸੱਖਣੀ ਵਿਚਾਰੀ ਦੇਹ ਕੀ ਕਰੇ?

**ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥**

ਅਨੰਦ-ਅਨੰਦ ਕਹਿੰਦੇ ਤਾਂ ਸਾਰੇ ਹਨ,
ਪਰ ਪੂਰਨ ਅਨੰਦ ਦੀ ਸਮਝ ਗੁਰੂ ਤੋਂ ਮਿਲਦੀ ਹੈ।

**ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥**

ਗੁਰੂ ਨੇ ਆਪਣੇ ਪਿਆਰਿਆਂ 'ਤੇ ਕਿਰਪਾ ਕਰਕੇ ਉਨ੍ਹਾਂ ਨੂੰ ਸਦੀਵੀ ਅਨੰਦ ਤੋਂ ਜਾਣੂੰ ਕਰਵਾਇਆ।

**ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥**

ਉਸਨੇ ਆਪਣੀ ਬਖ਼ਸ਼ਿਸ਼ ਦੁਆਰਾ ਗਿਆਨ ਦਾ ਸੁਰਮਾ ਪਾ ਕੇ ਸੇਵਕਾਂ ਦੇ ਸਾਰੇ ਪਾਪ ਕੱਟ ਦਿੱਤੇ।

**ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥**

ਜਿਹਨਾਂ ਦਿਲੋਂ ਮਾਇਆ ਦਾ ਮੋਹ ਤੋੜਿਆ ਹੈ,<br>ਉਨ੍ਹਾਂ ਦੇ ਬੋਲ ਪ੍ਰਭੂ ਨੇ ਸੁੰਦਰ ਅਤੇ ਮਿੱਠੇ ਕਰ ਦਿੱਤੇ।

**ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਅਨੰਦ ਉਹੀ ਹੈ,<br>ਜੋ ਅਨੰਦ ਮੈਂ ਗੁਰੂ ਤੋਂ ਜਾਣਿਆ ਹੈ।

**ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥**

ਹੇ ਪ੍ਰਭੂ! ਜਿਸ ਮਨੁੱਖ 'ਤੇ ਤੂੰ ਕਿਰਪਾ ਕਰਦਾ ਹੈਂ,<br>ਉਹ ਪਰਮ ਅਨੰਦ ਪ੍ਰਾਪਤੀ ਕਰਦਾ ਹੈ।

**ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ ॥**

ਉਹ ਹੀ ਮਨੁੱਖ ਆਤਮਿਕ ਅਨੰਦ ਦਾ ਸੁੱਖ ਮਾਣਦਾ ਹੈ, ਜਿਸ ਤੇ ਤੂੰ ਕਿਰਪਾ ਕਰਦਾ ਹੈਂ, ਵਿਚਾਰੇ ਮਨੁੱਖ ਤਾਂ ਹੋਰ ਯਤਨ ਕਰਕੇ ਅਸਫ਼ਲ ਹੀ ਹੁੰਦੇ ਹਨ।

**ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ॥**

ਕਈ ਭਰਮਾਂ ਵਿੱਚ ਭੁੱਲੇ ਹੋਏ ਹਰ ਪਾਸੇ ਭਟਕਦੇ ਹਨ, ਕਈ ਨਾਮ ਨਾਲ ਜੁੜ ਕੇ ਜਨਮ ਸਵਾਰ ਲੈਂਦੇ ਹਨ।

**ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥**

ਜਿਹਨਾਂ ਨੂੰ ਗੁਰੂ ਦੀ ਮਿਹਰ ਨਾਲ ਭਾਣਾ (ਹੁਕਮ, ਸਬਰ) ਚੰਗਾ ਲੱਗਦਾ ਹੈ,<br>ਉਨ੍ਹਾਂ ਦਾ ਮਨ ਨਿਰਮਲ ਹੋ ਗਿਆ ਹੈ।

**ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪਿਆਰੇ! ਜਿਸ ਮਨੁੱਖ 'ਤੇ ਤੂੰ ਬਖ਼ਸ਼ਿਸ਼ ਕਰਦਾ ਹੈਂ, ਉਹੀ ਪਰਮ ਅਨੰਦ ਦੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ।

**ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥**

ਹੇ ਪਿਆਰੇ ਸੰਤ ਜਨੋਂ! ਆਓ ਇਕੱਠੇ ਬੈਠ ਕੇ ਉਸ ਪ੍ਰਭੂ ਦਾ ਜੱਸ ਕਰੀਏ,<br>ਜਿਸ ਨੂੰ ਸ਼ਬਦਾਂ ਵਿੱਚ ਬੰਨ੍ਹਿਆ ਨਹੀਂ ਜਾ ਸਕਦਾ।

**ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥**

ਉਸ ਅਕਥ ਪ੍ਰਭੂ ਨੂੰ ਕਿਸ ਤਰੀਕੇ ਨਾਲ ਪਾ ਸਕਦੇ ਹਾਂ? ਇਹ ਕਥਾ ਕਰੀਏ।

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥**
ਉਹ ਪਰਮੇਸ਼ਰ, ਤਨ, ਮਨ ਅਤੇ ਧਨ ਇਹ ਸਭ ਗੁਰੂ ਨੂੰ ਭੇਟ ਕਰਕੇ ਹੁਕਮ ਮੰਨਣ ਤੋਂ ਹੀ ਪ੍ਰਾਪਤ ਹੁੰਦਾ ਹੈ।

**ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥**
ਹੇ ਸੰਤੋ! ਗੁਰੂ ਦਾ ਹੁਕਮ ਮੰਨ ਕੇ ਸੱਚੀ ਬਾਣੀ ਨੂੰ ਗਾਵੋ।

**ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਸੰਤ ਜਨੋਂ! ਸੁਣੋ, ਤੁਸੀਂ ਸਿਰਫ਼ ਅਕਥ ਪ੍ਰਭੂ ਦੀ ਕਥਾ ਹੀ ਕਹੋ।

**ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥**
ਹੇ ਚੰਚਲ ਮਨ! ਕਿਸੇ ਨੇ ਚਤੁਰਾਈ ਨਾਲ ਪਰਮੇਸ਼ਰ ਨੂੰ ਨਹੀਂ ਪਾਇਆ।

**ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥**
ਹੇ ਮੇਰਿਆ ਮਨਾ! ਤੂੰ ਧਿਆਨ ਨਾਲ ਸੁਣ ਕਿ ਉਸ ਪ੍ਰਭੂ ਨੂੰ ਚਤੁਰਾਈ ਨਾਲ ਕਿਸੇ ਨੇ ਨਹੀਂ ਪਾਇਆ।

**ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥**
ਇਸ ਮੋਹਣੀ ਮਾਇਆ ਨੇ ਇਸ ਜੀਵ ਨੂੰ ਭਰਮ ਵਿੱਚ ਭੁਲਾਇਆ ਹੋਇਆ ਹੈ।

**ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥**
ਜਿਸਨੇ ਭਰਮ ਦੀ ਠੱਗੀ ਪਾਈ ਹੋਈ ਹੈ, ਉਸ ਪ੍ਰਭੂ ਨੇ ਹੀ ਮੋਹਣੀ ਮਾਇਆ ਬਣਾਈ ਹੈ।

**ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥**
ਮੈਂ ਉਸ ਤੋਂ ਆਪਣੇ ਆਪ ਨੂੰ ਕੁਰਬਾਨ ਕੀਤਾ ਹੈ, ਜਿਸਨੇ ਮੋਹ ਰੂਪ ਮਿੱਠਾ ਮਨ ਨੂੰ ਲਾਇਆ ਹੈ।

**ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਚੰਚਲ ਮਨ! ਚਤੁਰਾਈ ਨਾਲ ਕਿਸੇ ਨੂੰ ਵੀ ਪ੍ਰਭੂ ਦੀ ਪ੍ਰਾਪਤੀ ਨਹੀਂ ਹੋਈ।

**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥**
ਹੇ ਪਿਆਰੇ ਮਨ! ਤੂੰ ਸਦਾ ਹੀ ਸੱਚੇ ਪ੍ਰਭੂ ਨੂੰ ਸਿਮਰ।

**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥**
ਜੋ ਤੂੰ ਇਹ ਪਰਿਵਾਰ ਵੇਖਦਾ ਹੈਂ, ਉਹ ਤੇਰੇ ਨਾਲ ਅੰਤ ਨੂੰ ਨਹੀਂ ਤੁਰੇਗਾ।

**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥**
ਜੋ ਤੇਰੇ ਨਾਲ ਹੀ ਨਾ ਤੁਰੇ,
ਉਹਦੇ ਨਾਲ ਫਿਰ ਦਿਲ ਹੀ ਕਿਉਂ ਲਾਉਣਾ ਹੋਇਆ?

**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥**

ਇਹੋ ਜਿਹਾ ਕੰਮ ਬਿਲਕੁਲ ਨਾ ਕਰ,
ਜਿਸ ਦੇ ਕੀਤਿਆਂ ਅਖੀਰ ਨੂੰ ਪਛਤਾਵਾ ਹੋਵੇ।

**ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥**

ਤੂੰ ਸਤਿਗੁਰ ਦਾ ਉਪਦੇਸ਼ ਸੁਣ,
ਜੋ ਸਦਾ ਤੇਰੇ ਨਾਲ ਰਹਿਣ ਵਾਲਾ ਹੈ।

**ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪਿਆਰੇ ਮਨ!
ਤੂੰ ਸਦਾ ਹੀ ਸੱਚੇ ਪ੍ਰਭੂ ਨੂੰ ਸਿਮਰ।

**ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥**

ਹੇ ਗੰਭੀਰ ਅਦ੍ਰਿਸ਼ਟ ਪ੍ਰਭੂ! ਤੇਰਾ ਕੋਈ ਵੀ ਅੰਤ ਨਹੀਂ ਪਾ ਸਕਿਆ।

**ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥**

ਤੇਰਾ ਅੰਤ ਕਿਸੇ ਨੇ ਵੀ ਨਹੀਂ ਪਾਇਆ ਅਤੇ ਤੂੰ ਆਪਣੇ ਆਪ ਨੂੰ ਆਪ ਹੀ ਜਾਣਦਾ ਹੈਂ।

**ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥**

ਸਾਰੇ ਜੀਅ-ਜੰਤ ਤੇਰਾ ਹੀ ਖੇਲ ਹਨ, ਕੋਈ ਤੈਨੂੰ ਕੀ ਬਿਆਨ ਕਰ ਸਕਦਾ ਹੈ?

**ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ॥**

ਜਿਸਨੇ ਸੰਸਾਰ ਨੂੰ ਪੈਦਾ ਕੀਤਾ ਹੈ,
ਉਹੀ ਸਭ ਜੀਵਾਂ ਨੂੰ ਹੁਕਮ ਦਿੰਦਾ ਅਤੇ ਪਾਲਦਾ ਹੈ।

**ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ ॥੧੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪਰਮੇਸ਼ਰ! ਤੂੰ ਸਦਾ ਹੀ ਅਪਹੁੰਚ ਹੈਂ,
ਤੇਰਾ ਕੋਈ ਵੀ ਅੰਤ ਨਹੀਂ ਪਾ ਸਕਿਆ।

**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥**

ਜਿਸ ਨਾਮ ਰੂਪੀ ਅੰਮ੍ਰਿਤ ਨੂੰ ਦੇਵਤੇ, ਮਨੁੱਖ ਅਤੇ ਮੁਨੀਜਨ ਲੱਭਦੇ ਹਨ, ਅਖੀਰ ਉਹ ਉੱਤਮ ਅੰਮ੍ਰਿਤ ਗੁਰੂ ਤੋਂ ਮਿਲਿਆ।

**ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥**

ਗੁਰੂ ਦੀ ਮਿਹਰ ਨਾਲ ਅੰਮ੍ਰਿਤ ਪ੍ਰਾਪਤ ਹੋਇਆ
ਅਤੇ ਸੱਚਾ ਪ੍ਰਭੂ ਮਨ ਵਿੱਚ ਵੱਸ ਗਿਆ।

**ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥**

ਸਾਰੇ ਜੀਅ ਜੰਤ ਉਸਦੇ ਪੈਦਾ ਕੀਤੇ ਹਨ, ਕੋਈ ਵਿਰਲਾ ਇਸ ਭੇਦ ਨੂੰ ਸਮਝ ਪਰਮੇਸ਼ਰ ਦੀ ਪ੍ਰਾਪਤੀ ਲਈ ਗੁਰੂ ਦੇ ਚਰਨ ਪਰਸਣ ਆਇਆ ਹੈ।

**ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥**

ਜੋ ਸਤਿਗੁਰੂ ਨੂੰ ਚੰਗਾ ਲੱਗਾ,
ਉਸ ਦਾ ਲਾਲਚ ਅਤੇ ਹੰਕਾਰ ਗੁਰੂ ਨੇ ਦੂਰ ਕਰ ਦਿੱਤਾ।

**ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥**

ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਜਿਸ 'ਤੇ ਪਰਮੇਸ਼ਰ ਆਪ ਪ੍ਰਸੰਨ ਹੋਇਆ, ਉਸ ਨੇ ਹੀ ਗੁਰੂ ਤੋਂ ਨਾਮ ਰੂਪੀ ਅੰਮ੍ਰਿਤ ਪ੍ਰਾਪਤ ਕੀਤਾ ਹੈ।

**ਭਗਤਾ ਕੀ ਚਾਲ ਨਿਰਾਲੀ ॥**

ਸਾਧੂਆਂ ਦੀ ਚਾਲ ਨਿਰਾਲੀ ਹੁੰਦੀ ਹੈ।

**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥**

ਸਾਧੂਆਂ ਦੀ ਚਾਲ ਨਿਰਾਲੀ ਹੁੰਦੀ ਹੈ
ਅਤੇ ਉਹ ਔਖੇ ਰਸਤਿਆਂ ਦੇ ਪਾਂਧੀ ਹੁੰਦੇ ਹਨ।

**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥**

ਉਹ ਲਾਲਚ, ਹੰਕਾਰ ਅਤੇ ਤ੍ਰਿਸ਼ਨਾ ਦੇ ਤਿਆਗੀ ਅਤੇ ਘੱਟ ਬੋਲਦੇ ਹਨ।

**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥**

ਉਹ ਰਸਤਾ ਜਿਸ 'ਤੇ ਸਾਧੂ-ਜਨ ਚੱਲਦੇ ਹਨ,
ਤਲਵਾਰ ਦੀ ਧਾਰ ਤੋਂ ਤਿੱਖਾ ਅਤੇ ਵਾਲ ਤੋਂ ਬਰੀਕ ਹੁੰਦਾ ਹੈ।

**ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥**

ਜਿਨ੍ਹਾਂ ਸਾਧੂਆਂ ਨੇ ਗੁਰੂ ਦੀ ਮਿਹਰ ਨਾਲ ਹੰਕਾਰ ਨੂੰ ਛੱਡਿਆ ਹੈ,
ਉਹਨਾਂ ਦੀ ਹਰੀ ਨੇ ਸਾਰੀ ਵਾਸ਼ਨਾ ਸਮਾਪਤ ਕਰ ਦਿੱਤੀ।

**ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਾਧੂਆਂ ਦੀ ਚਾਲ
ਹਰ ਯੁੱਗ ਵਿੱਚ ਨਿਰਾਲੀ ਰਹੀ ਹੈ।

**ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ॥**

ਹੇ ਸੁਆਮੀ! ਜਿਵੇਂ ਤੂੰ ਤੋਰਦਾ ਹੈਂ, ਓਵੇਂ ਹੀ ਸਾਰੇ ਜੀਵ ਚੱਲਦੇ ਹਨ, ਇਸ ਤੋਂ ਬਿਨਾਂ ਮੈਂ ਤੇਰੇ ਹੋਰ ਗੁਣਾਂ ਨੂੰ ਨਹੀਂ ਜਾਣਦਾ।

**ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ ॥**

ਜਿਹਨਾਂ ਨੂੰ ਤੂੰ ਰਸਤੇ ਪਾਉਂਦਾ ਹੈ, ਉਹ ਜੀਵ ਓਵੇਂ ਹੀ ਚਲਦੇ ਹਨ
ਜਿਵੇਂ ਤੂੰ ਚਲਾਉਂਦਾ ਹੈਂ।

**ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ ॥**

ਜਿਹਨਾਂ ਨੂੰ ਹਰੀ ਮਿਹਰ ਕਰਕੇ ਹਰੀ ਨਾਮ-ਸਿਮਰਨ ਨਾਲ ਲਾਵੇਗਾ,
ਉਹੀ ਹਮੇਸ਼ਾਂ ਹਰੀ-ਨਾਮ ਧਿਆਉਣਗੇ।

**ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ ॥**

ਜਿਸ ਨੂੰ ਹਰੀ ਪ੍ਰਭੂ ਆਪਣੀ ਕਥਾ ਸਣਾਉਂਦਾ ਹੈ, ਉਹ ਮਨੁੱਖ ਗੁਰੂ ਦਰ 'ਤੇ ਸੁੱਖ ਪ੍ਰਾਪਤ ਕਰਦਾ ਹੈ।

**ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ ॥੧੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਸੱਚੇ ਸਾਹਿਬ! ਜਿਵੇਂ ਤੈਨੂੰ ਚੰਗਾ ਲੱਗਦਾ ਹੈ, ਉਸ ਤਰ੍ਹਾਂ ਹੀ ਤੂੰ ਜੀਵਾਂ ਨੂੰ ਚਲਾਉਂਦਾ ਹੈਂ।

**ਏਹੁ ਸੋਹਿਲਾ ਸਬਦੁ ਸੁਹਾਵਾ ॥**

ਪ੍ਰਭੂ ਦਾ ਇਹ ਉਸਤਤ ਗੀਤ ਸੁੰਦਰ ਧੁਨੀ ਵਾਲਾ ਹੈ।

**ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥**

ਸੁੰਦਰ ਧੁਨੀਆਂ ਵਾਲਾ ਸਦੀਵੀ ਗੀਤ ਸਤਿਗੁਰੂ ਨੇ ਸੁਣਾਇਆ ਹੈ।

**ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥**

ਜਿਹਨਾਂ ਨੂੰ ਧੁਰੋਂ ਹੀ ਲਿਖਿਆ ਹੋਇਆ ਆਇਆ ਹੈ,<br>ਇਹ ਗੀਤ ਉਨ੍ਹਾਂ ਦੇ ਹੀ ਮਨ ਵਿੱਚ ਟਿਕਿਆ ਹੈ।

**ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥**

ਬਹੁਤੇ ਤਾਂ ਗੱਲਾਂ ਕਰਨ ਵਾਲੇ ਹੀ ਹਨ, ਪਰ ਗੱਲਾਂ ਨਾਲ ਤਾਂ ਕਿਸੇ ਨੂੰ ਕੁਝ ਵੀ ਪ੍ਰਾਪਤ ਨਹੀਂ ਹੋਇਆ।

**ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥੧੬॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਦਾ ਉਸਤਤ ਗੀਤ ਸੁੰਦਰ ਧੁਨੀ ਵਾਲਾ ਹੈ।

**ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ ॥**

ਉਹ ਹੀ ਆਦਮੀ ਪਵਿੱਤਰ ਹੋਏ ਹਨ, ਿ<br>ਜਹਨਾਂ ਨੇ ਹਰੀ-ਨਾਮ ਨੂੰ ਸਿਮਰਿਆ ਹੈ।

**ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ ॥**

ਜਿਹਨਾਂ ਗੁਰਮੁਖਾਂ ਨੇ ਹਰੀ-ਨਾਮ ਸਿਮਰਿਆ ਹੈ,<br>ਉਹ ਸਿਮਰਨ ਕਰਨ ਵਾਲੇ ਪਵਿੱਤਰ ਹੋ ਗਏ।

**ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ ॥**

ਗੁਰਮੁੱਖ ਦੀ ਸੰਗਤ ਕਰਨ ਵਾਲੇ ਮਾਂ, ਪਿਉ, ਪਰਿਵਾਰ ਆਦਿ ਸਾਰੇ ਪਵਿੱਤਰ ਹਨ।

**ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥**

ਹਰੀ ਨਾਮ ਨੂੰ ਕਹਿਣ ਤੇ ਸੁਣਨ ਵਾਲੇ ਪਵਿੱਤਰ ਹਨ ਅਤੇ ਜਿਹਨਾਂ ਨੇ ਹਰੀ-ਨਾਮ ਨੂੰ ਮਨ ਵਿੱਚ ਟਿਕਾਇਆ ਹੈ, ਉਹ ਵੀ ਪਵਿੱਤਰ ਹਨ।

**ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥੧੭॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਹਨਾਂ ਗੁਰਮੁਖਾਂ ਨੇ ਹਰੀ-ਨਾਮ ਸਿਮਰਿਆ ਹੈ, ਉਹ ਪਵਿੱਤਰ ਹਨ।

**ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥**

ਕਰਮ-ਕਾਂਡਾਂ ਨਾਲ ਸਹਿਜ ਗਿਆਨ (ਬ੍ਰਹਮ ਗਿਆਨ) ਨਹੀਂ ਪ੍ਰਾਪਤ ਹੁੰਦਾ ਅਤੇ ਬਿਨਾਂ ਗਿਆਨ ਤੋਂ ਸੰਸਾ ਨਹੀਂ ਮਿੱਟਦਾ।

**ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥**

ਅਨੇਕਾਂ ਕਰਮਾਂ-ਕਾਂਡਾਂ ਰਾਹੀਂ ਕੋਸ਼ਿਸ਼ ਕਰਦਿਆਂ ਵੀ ਮਨ ਵਿੱਚੋਂ ਸੰਸਾ ਨਹੀਂ ਜਾਂਦਾ।

**ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥**

ਸੰਸੇ ਨਾਲ ਮਨ ਅਪਵਿੱਤਰ ਹੁੰਦਾ ਹੈ, ਫਿਰ ਕਿਸ ਯਤਨ ਨਾਲ ਮਨ ਸਾਫ਼ ਕੀਤਾ ਜਾਏ?

**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥**

ਮਨ ਨੂੰ ਸਾਫ਼ ਕਰਨ ਲਈ ਗੁਰੂ ਬਚਨਾਂ ਨੂੰ ਸੁਣਦਿਆਂ ਹਰੀ ਨਾਲ ਚਿੱਤ ਜੋੜਨਾ ਚਾਹੀਦਾ ਹੈ।

**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥੧੮॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੀ ਕਿਰਪਾ ਨਾਲ ਹੀ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ ਅਤੇ ਮਨ ਵਿੱਚੋਂ ਸੰਸਾ ਦੂਰ ਹੁੰਦਾ ਹੈ।

**ਜੀਅਹੁ ਮੈਲੇ ਬਾਹਰਹੁ ਨਿਰਮਲ ॥**

ਜੋ ਦਿਲੋਂ ਖੋਟੇ ਅਤੇ ਬਾਹਰੋਂ ਨਿਰਮਲ ਹਨ।

**ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥**

ਜੋ ਬਾਹਰੋਂ ਸਾਫ਼ ਅਤੇ ਦਿਲੋਂ ਖੋਟੇ ਹਨ, ਉਨ੍ਹਾਂ ਜੀਵਨ ਨੂੰ ਜੂਏ ਵਿੱਚ ਹਾਰ ਦਿੱਤਾ ਹੈ।

**ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥**

ਉਹਨਾਂ ਨੂੰ ਤ੍ਰਿਸ਼ਨਾ ਰੂਪੀ ਵੱਡਾ ਰੋਗ ਲੱਗਾ ਹੋਇਆ ਹੈ, ਜਿਸ ਕਾਰਨ ਮੌਤ ਭੁੱਲੀ ਹੋਈ ਹੈ।

**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥**

ਵੇਦਾਂ ਵਿੱਚ ਨਾਮ ਨੂੰ ਉੱਤਮ ਦੱਸਿਆ ਗਿਆ ਹੈ, ਪਰ ਉਹ ਇਹ ਗੱਲ ਸੁਣਦੇ ਹੀ ਨਹੀਂ ਅਤੇ ਕਮਲਿਆਂ ਵਾਂਗ ਫਿਰਦੇ ਹਨ।

**ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਸੱਚ ਨੂੰ ਛੱਡ ਕੇ ਝੂਠ ਨਾਲ ਲੱਗੇ ਹੋਏ ਹਨ, ਉਨ੍ਹਾਂ ਨੇ ਜੀਵਨ ਜੂਏ ਵਿੱਚ ਹਾਰ ਦਿੱਤਾ ਹੈ।

**ਜੀਅਹੁ ਨਿਰਮਲ ਬਾਹਰਹੁ ਨਿਰਮਲ ॥**

ਜੋ ਦਿਲੋਂ ਵੀ ਸਾਫ਼ ਅਤੇ ਬਾਹਰੋਂ ਵੀ ਸਾਫ਼ ਹਨ।

**ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥**

ਜੋ ਬਾਹਰੋਂ ਵੀ ਸਾਫ਼ ਅਤੇ ਦਿਲੋਂ ਵੀ ਸਾਫ਼ ਹਨ, ਉਨ੍ਹਾਂ ਨੇ ਗੁਰੂ ਹੁਕਮ ਵਿੱਚ ਰਹਿ ਕੇ ਸ਼ੁੱਭ ਕਰਮਾਂ ਦੀ ਕਮਾਈ ਕੀਤੀ ਹੈ।

**ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥**

ਉਨ੍ਹਾਂ ਤੱਕ ਝੂਠ ਦੀ ਕੋਈ ਖ਼ਬਰ ਨਹੀਂ ਪਹੁੰਚਦੀ ਅਤੇ ਉਹਨਾਂ ਦੀ ਭਾਵਨਾ ਸੱਚ ਨਾਲ ਮਿਲੀ ਹੋਈ ਹੈ।

**ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥**

ਜਿਨ੍ਹਾਂ ਨੇ ਜੀਵਨ ਵਿੱਚ ਨਾਮ ਰੂਪ ਰਤਨ ਕਮਾਇਆ ਹੈ,
ਉਹ ਹੀ ਚੰਗੇ ਵਪਾਰੀ ਹਨ।

**ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਦੇ ਮਨ ਸ਼ੁੱਧ ਹਨ,
ਉਹ ਸਦਾ ਗੁਰੂ ਦੇ ਨਾਲ ਹੀ ਰਹਿੰਦੇ ਹਨ।

**ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥**

ਜੇ ਕੋਈ ਸਿੱਖ, ਗੁਰੂ ਦੇ ਸਨਮੁਖ ਹੋਵੇ।

**ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥**

ਜੇ ਕੋਈ ਸਿੱਖ ਸਨਮੁਖ ਹੋਵੇ ਅਤੇ ਦਿਲੋਂ ਹਮੇਸ਼ਾਂ ਗੁਰੂ ਨੂੰ ਅੰਗ ਸੰਗ ਸਮਝੇ।

**ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥**

ਗੁਰੂ ਦੇ ਚਰਨਾਂ ਦਾ ਧਿਆਨ ਰੱਖੇ ਅਤੇ ਗੁਰੂ ਨੂੰ ਸੱਚੇ ਮਨ ਨਾਲ ਸਿਮਰੇ।

**ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥**

ਆਪਾ ਭਾਵ ਤਿਆਗ ਕੇ ਸਦਾ ਹੀ ਗੁਰੂ ਦੇ ਆਸਰੇ ਤੇ ਨਿਸਚਾ ਰੱਖੇ,
ਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਮੰਨੇ।

**ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਸੰਤੋ! ਸੁਣੋ ਉਹ ਸਿੱਖ ਹੀ ਸਨਮੁੱਖ ਹੁੰਦਾ ਹੈ।

**ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥**

ਜੇ ਕੋਈ ਮਨੁੱਖ ਗੁਰੂ ਤੋਂ ਮੂੰਹ ਮੋੜ ਲਵੇ ਤਾਂ
ਉਹ ਗੁਰੂ ਤੋਂ ਬਿਨਾਂ ਮੁਕਤੀ ਨਹੀਂ ਪਾਉਂਦਾ।

**ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥**

ਹੋਰ ਕਿਤੋਂ ਵੀ ਉਹ ਮੁਕਤੀ ਨਹੀਂ ਪਾ ਸਕਦਾ,
ਭਾਵੇਂ ਇਹ ਗੱਲ ਗਿਆਨੀਆਂ ਤੋਂ ਵੀ ਪੁੱਛ ਲਵੋ।

**ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥**

ਸਤਿਗੁਰੂ ਤੋਂ ਬਿਨਾਂ ਮਨੁੱਖ ਅਨੇਕਾਂ ਜੂਨੀਆਂ ਵਿੱਚ ਭਟਕ ਆਉਂਦਾ ਹੈ,
ਪਰ ਮੁਕਤੀ ਪ੍ਰਾਪਤ ਨਹੀਂ ਹੁੰਦੀ।

**ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥**

ਮੁਕਤੀ ਤਾਂ ਸਤਿਗੁਰੂ ਦੇ ਚਰਨੀਂ ਲੱਗਿਆਂ ਅਤੇ
ਗੁਰੂ ਦਾ ਉਪਦੇਸ਼ ਸੁਣਿਆਂ ਹੀ ਮਿਲਦੀ ਹੈ।

**ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥੨੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹ ਗੱਲ ਵਿਚਾਰ ਕੇ ਵੀ ਵੇਖ ਲਵੋ
ਕਿ ਗੁਰੂ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੁੰਦੀ।

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥**

ਹੇ ਸਤਿਗੁਰੂ ਦੇ ਪ੍ਰੇਮੀ ਸਿੱਖੋ!
ਆਓ, ਪ੍ਰਮੇਸ਼ਰ ਨਾਲ ਜੋੜਨ ਵਾਲੀ ਸੱਚੀ ਬਾਣੀ ਨੂੰ ਗਾਵੋ।

**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥**

ਗੁਰੂ ਦੀ ਬਾਣੀ ਨੂੰ ਗਾਵੋ, ਜੋ ਬਾਣੀਆਂ ਦੀ ਸ਼੍ਰੋਮਣੀ ਬਾਣੀ ਹੈ।

**ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥**

ਜਿਹਨਾਂ 'ਤੇ ਮਿਹਰ ਦੀ ਨਿਗ੍ਹਾ ਹੁੰਦੀ ਹੈ, ਉਨ੍ਹਾਂ ਦੇ ਹਿਰਦੇ ਵਿੱਚ ਸਮਾਉਂਦੀ ਹੈ।

**ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥**

ਗੁਰੂ ਦੀ ਬਾਣੀ ਰੂਪੀ ਅੰਮ੍ਰਿਤ ਪੀਵੋ ਅਤੇ ਸਦਾ ਸਿਮਰਨ ਕਰਦੇ ਹੋਏ
ਪ੍ਰਭੂ ਦੇ ਰੰਗ ਵਿੱਚ ਰੰਗੇ ਰਹੋ।

**ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਦੀ ਉਸਤਤ ਕਰਨ ਵਾਲੀ
ਇਸ ਸੱਚੀ ਬਾਣੀ ਦਾ ਸਦਾ ਗਾਇਨ ਕਰੋ।

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥**

ਸੱਚੇ ਗੁਰੂ ਨਾਲ ਜੋੜਨ ਵਾਲੀ ਬਾਣੀ ਤੋਂ ਬਿਨਾਂ ਹੋਰ ਬਾਣੀ ਕੱਚੀ ਹੈ।

**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥**

ਸੱਚੇ ਗੁਰੂ ਨਾਲ ਜੋੜਣ ਵਾਲੀ ਬਾਣੀ ਤੋਂ ਬਿਨਾਂ ਹੋਰ ਬਾਣੀਆਂ ਕੱਚੀਆਂ ਹਨ।

**ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥**

ਕੱਚਿਆਂ ਦੁਅਰਾ ਉਚਾਰਨ ਕੀਤੀ ਬਾਣੀ ਨੂੰ ਕਹਿਣ ਤੇ ਸੁਣਨ ਵਾਲੇ ਕੱਚੇ ਹਨ।

**ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥**

ਉਹ ਪ੍ਰਭੂ ਦੇ ਉਪਦੇਸ਼ 'ਤੇ ਅਮਲ ਨਹੀਂ ਕਰਦੇ,
ਪਰ ਮੂੰਹੋਂ ਹਰੀ-ਹਰੀ ਕਰਦੇ ਰਹਿੰਦੇ ਹਨ।

**ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥**

ਉਹਨਾਂ ਦਾ ਮਨ ਤਾਂ ਮਾਇਆ ਨੇ ਮੋਹ ਲਿਆ ਹੈ ਅਤੇ
ਉਹ ਇਕ ਲੈਅ ਵਿੱਚ ਵਿਅਰਥ ਪੜ੍ਹੀ ਜਾਂਦੇ ਹਨ ।

**ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੱਚੇ ਗੁਰੂ ਨਾਲ ਜੋੜਨ ਵਾਲੀ ਬਾਣੀ ਤੋਂ
ਬਿਨਾਂ ਹੋਰ ਬਾਣੀ ਕੱਚੀ ਹੈ।

**ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥**

ਗੁਰੂ ਦਾ ਉਪਦੇਸ਼ ਅਮੋਲਕ ਰਤਨ ਹੈ, ਜਿਸ ਨਾਲ ਸ਼ੁਭ ਗੁਣ ਰੂਪੀ ਮਣੀਆਂ
ਜੜੀਆਂ ਹੋਈਆਂ ਹਨ।

**ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥**

ਜਿਸਦੇ ਮਨ ਨੂੰ ਗੁਰੂ ਉਪਦੇਸ਼ ਰੂਪੀ ਰਤਨ ਲੱਗ ਗਿਆ,
ਉਹ ਪਰਮਾਤਮਾ ਨਾਲ ਅਭੇਦ ਹੋ ਗਿਆ।

**ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥**

ਗੁਰੂ ਉਪਦੇਸ਼ ਕਾਰਨ ਸੱਚੇ ਪਰਮੇਸ਼ਰ ਨਾਲ ਮਨ ਵੀ ਮਿਲ ਗਿਆ
ਅਤੇ ਪ੍ਰੇਮ ਵੀ ਲੱਗ ਗਿਆ।

**ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥**

ਉਹ ਆਪ ਹੀ ਗਿਆਨ ਰੂਪੀ ਹੀਰਾ ਅਤੇ ਵੈਰਾਗ ਰੂਪੀ ਰਤਨ ਹੈ,
ਜਿਸਨੂੰ ਉਹ ਸੋਝੀ ਦਿੰਦਾ ਹੈ ਉਹੀ ਇਸ ਭੇਦ ਨੂੰ ਜਾਣਦਾ ਹੈ।

**ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਉਪਦੇਸ਼ ਐਸਾ ਰਤਨ ਹੈ,
ਜਿਸ ਨਾਲ ਗਿਆਨ ਰੂਪੀ ਹੀਰਾ ਜੜਿਆ ਹੋਇਆ ਹੈ।

**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥**

ਕਰਤਾ ਪਰਮੇਸ਼ਰ ਆਪਣੀ ਸ਼ਕਤੀ ਦੁਆਰਾ ਸ੍ਰਿਸ਼ਟੀ ਨੂੰ ਪੈਦਾ ਕਰਕੇ ਆਪ ਹੀ
ਹੁਕਮ ਵਰਤਾਉਂਦਾ ਹੈ।

**ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥**

ਆਪ ਹੀ ਹੁਕਮ ਚਲਾਉਂਦਾ ਹੈ ਅਤੇ ਆਪ ਹੀ ਵੇਖਦਾ ਹੈ,
ਕਿਸੇ ਗੁਰਮੁਖ ਨੂੰ ਹੀ ਇਸ ਗੱਲ ਦੀ ਸੋਝੀ ਦੇਂਦਾ ਹੈ।

**ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥**

ਕੋਈ ਸੋਝੀ ਵਾਲਾ ਗੁਰਮੁੱਖ ਹੀ ਗੁਰੂ ਦੇ ਸ਼ਬਦ ਨੂੰ ਮਨ ਵਿੱਚ ਵਸਾ ਕੇ ਮਾਇਆ
ਦੇ ਬੰਧਨ ਤੋੜ ਕੇ ਮੁਕਤ ਹੁੰਦਾ ਹੈ।

**ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥**

ਪ੍ਰਭੂ ਜਿਸ 'ਤੇ ਆਪ ਕਿਰਪਾ ਕਰੇ ਉਸਦਾ ਹੀ ਮਨ ਇਕ ਪਰਮੇਸ਼ਰ ਨਾਲ ਜੁੜਦਾ ਹੈ ਅਤੇ ਗੁਰਮੁਖ ਦੀ ਉਪਾਧੀ ਮਿਲਦੀ ਹੈ।

**ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਆਪ ਹੀ ਹੁਕਮ ਕਰਨ ਵਾਲਾ ਹੈ ਅਤੇ ਆਪ ਹੀ ਆਪਣੇ ਹੁਕਮ ਦੀ ਸੋਝੀ ਦੇਣ ਵਾਲਾ ਹੈ।

**ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥**

ਸਿਮ੍ਰਤੀਆਂ, ਸ਼ਾਸ਼ਤਰਾਂ 'ਚੋਂ ਪੁੰਨ ਅਤੇ ਪਾਪ ਕਰਮਾਂ ਨੂੰ ਵਿਚਾਰਦੇ ਪੰਡਿਤ ਲੋਕਾਂ ਨੇ ਤੱਤ ਦਾ ਸਾਰ ਨਹੀਂ ਜਾਣਿਆ।

**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥**

ਗੁਰੂ ਤੋਂ ਬਿਨਾਂ ਤੱਤ ਦੀ ਖ਼ਬਰ ਨਹੀਂ ਜਾਣੀ ।

**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥**

ਸੰਸਾਰ ਤਿੰਨਾਂ ਗੁਣਾਂ (ਸਤੋ,ਰਜੋ,ਤਮੋ) ਦੇ ਭਰਮ ਵਿੱਚ ਸੁੱਤਾ ਪਿਆ ਹੈ ਅਤੇ ਇਸ ਅਗਿਆਨਤਾ ਦੇ ਭਰਮ ਵਿੱਚ ਹੀ ਉਮਰ ਬੀਤ ਜਾਏਗੀ।

**ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥**

ਗੁਰੂ ਦੀ ਮਿਹਰ ਨਾਲ ਉਹੋ ਜੀਵ ਸੁਚੇਤ ਹਨ, ਜਿਨ੍ਹਾਂ ਦੇ ਮਨ ਵਿੱਚ ਹਰੀ-ਨਾਮ ਵੱਸਿਆ ਹੈ ਅਤੇ ਉਹ ਮਿੱਠੀ ਬਾਣੀ ਬੋਲਦੇ ਹਨ।

**ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਅਸਲ ਸਿਧਾਂਤ ਨੂੰ ਉਹ ਹੀ ਸਮਝ ਪਾਉਂਦਾ ਹੈ, ਜਿਸ ਨੇ ਦਿਨ-ਰਾਤ ਪ੍ਰਭੂ ਪ੍ਰੀਤ ਵਿੱਚ ਸਿਮਰਨ ਕਰਦਿਆਂ ਹੀ ਉਮਰ ਬਤੀਤ ਕੀਤੀ ਹੋਵੇ।

**ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥**

ਜੋ ਮਾਂ ਦੇ ਢਿੱਡ ਵਿੱਚ ਵੀ ਪਾਲਣਾ ਕਰਦਾ ਹੈ, ਉਸ ਨੂੰ ਕਿਉਂ ਵਿਸਾਰੀਏ?

**ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥**

ਏਨੇ ਵੱਡੇ ਦਾਤੇ ਨੂੰ ਮਨੋਂ ਕਿਵੇਂ ਭੁਲਾਇਆ ਜਾ ਸਕਦਾ ਹੈ? ਜਿਹੜਾ ਮਾਤ-ਗਰਭ ਦੀ ਅੱਗ ਵਿੱਚ ਵੀ ਖਾਣਾ ਪਹੁੰਚਾਉਂਦਾ ਹੈ।

**ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥**

ਉਸਨੂੰ ਕੋਈ ਵੀ ਦੁੱਖ ਨਹੀਂ ਛੂੰਹਦਾ, ਜਿਸ ਨੂੰ ਆਪਣੀ ਪ੍ਰੀਤ ਲਾਉਂਦਾ ਹੈ।

**ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥**
ਗੁਰਮੁਖ ਇਹ ਜਾਣਦੇ ਹਨ ਕਿ ਉਹ ਆਪਣੀ ਪ੍ਰੀਤ ਵੀ ਆਪ ਹੀ ਲਾਉਂਦਾ ਹੈ।
**ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥੨੮॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਏਡਾ ਵੱਡਾ ਦਾਤਾ ਹੈ,
ਉਸ ਨੂੰ ਮਨੋਂ ਕਿਵੇਂ ਵਿਸਾਰੀਏ?
**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥**
ਮਾਂ ਦੇ ਢਿੱਡ ਵਿੱਚ ਜਿਹੋ ਜਿਹੀ ਜਠਰ ਅੱਗ ਹੈ, ਉਸੇ ਤਰ੍ਹਾਂ ਦੀ ਹੀ ਬਾਹਰ ਸੰਸਾਰ ਵਿੱਚ ਮਾਇਆ ਹੈ।
**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥**
ਮਾਇਆ ਤੇ ਜਠਰ-ਅੱਗ ਸਭ ਜੀਵਾਂ ਲਈ ਇੱਕੋ ਜਿਹੀ ਹੈ, ਪਰਮੇਸ਼ਰ ਨੇ ਹੀ ਇਹ ਖੇਲ ਬਣਾਇਆ ਹੋਇਆ ਹੈ।
**ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥**
ਜਦੋਂ ਉਸਦਾ ਹੁਕਮ ਹੋਇਆ ਤਾਂ ਮਨੁੱਖ ਜੰਮਿਆ ਅਤੇ ਪਰਿਵਾਰ ਅੰਦਰ ਖੁਸ਼ੀ ਹੋਈ।
**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥**
ਜਦੋਂ ਜਨਮ ਲਿਆ ਤਾਂ ਪਰਿਵਾਰ ਨਾਲ ਮੋਹ ਹੋਇਆ, ਪ੍ਰਭੂ ਨਾਲੋਂ ਲਿਵ ਟੁੱਟ ਗਈ ਅਤੇ ਮਾਇਆ ਨੇ ਪ੍ਰਭਾਵ ਪਾ ਲਿਆ।
**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥**
ਇਹ ਸਾਰੇ ਕੰਮ ਮਾਇਆ ਦੇ ਹੀ ਹਨ, ਜਿਨ੍ਹਾਂ ਤੋਂ ਹਰੀ-ਸਿਮਰਨ ਭੁੱਲਦਾ ਹੈ, ਮੋਹ ਪੈਦਾ ਹੁੰਦਾ ਹੈ ਅਤੇ ਦਵੈਤ ਭਾਵ ਲੱਗ ਜਾਂਦਾ ਹੈ।
**ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਦੀ ਬਿਰਤੀ ਫਿਰ ਵੀ ਹਰੀ-ਸਿਮਰਨ ਨਾਲ ਲੱਗੀ ਰਹੀ, ਉਨ੍ਹਾਂ ਇਸ ਮਾਇਆਵਈ ਸੰਸਾਰ ਵਿੱਚ ਰਹਿੰਦੇ ਹੋਇਆਂ, ਉਸ ਪਰਮੇਸ਼ਰ ਨੂੰ ਪਾ ਲਿਆ।
**ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥**
ਉਹ ਪ੍ਰਭੂ ਮੁੱਲ ਰਹਿਤ ਹੈ,
ਇਸ ਲਈ ਉਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ।
**ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥**
ਐਸੇ ਅਮੁੱਲੇ ਪ੍ਰਭੂ ਦਾ ਕਿਸੇ ਕੋਲੋਂ ਵੀ ਮੁੱਲ ਨਹੀਂ ਪਾਇਆ ਜਾਂਦਾ, ਬੜੇ ਲੋਕ ਉਸ ਨੂੰ ਪਾਉਣ ਲਈ ਪੁਕਾਰ ਕਰਦੇ ਹਨ।
**ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥**

ਜੇ ਐਸਾ ਸਤਿਗੁਰ ਮਿਲ ਜਾਵੇ ਤਾਂ ਉਸ ਨੂੰ ਦਿਲੋਂ ਆਪਾ ਭਾਵ ਛੱਡ ਕੇ ਸਿਰ ਅਰਪਣ ਕਰ ਦੇਣਾ ਚਾਹੀਦਾ ਹੈ।

**ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥**

ਜਿਸ ਪ੍ਰਭੂ ਨੇ ਜੀਵਨ ਦਿੱਤਾ ਹੈ, ਉਸ ਨਾਲ ਜੁੜਿਆ ਰਹਿ, ਇਸ ਤਰ੍ਹਾਂ ਹਰੀ ਤੇਰੇ ਮਨ ਵਿੱਚ ਵੱਸ ਜਾਵੇਗਾ।

**ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ**
**ਨਾਨਕਾ ਜਿਨ ਹਰਿ ਪਲੈ ਪਾਇ ॥੩੦॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪ੍ਰਭੂ ਬੇਸ਼ਕੀਮਤੀ ਹੈ, ਉਨ੍ਹਾਂ ਦੇ ਭਾਗ ਉੱਤਮ ਹਨ, ਜਿਨ੍ਹਾਂ ਨੂੰ ਉਸਦੀ ਪ੍ਰਾਪਤੀ ਹੁੰਦੀ ਹੈ।

**ਹਰਿ ਰਾਸਿ ਮੇਰੀ ਮਨੁ ਵਣਜਾਰਾ ॥**

ਮੇਰੇ ਕੋਲ ਹਰੀ-ਸਿਮਰਨ ਦੀ ਪੂੰਜੀ ਹੈ ਅਤੇ ਮਨ ਵਣਜਾਰਾ ਹੈ।

**ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥**

ਮੇਰੀ ਪੂੰਜੀ ਹਰੀ-ਸਿਮਰਨ ਅਤੇ ਮਨ ਵਣਜਾਰਾ ਹੈ,
ਸਤਿਗੁਰ ਤੋਂ ਮੈਨੂੰ ਇਸ ਪੂੰਜੀ ਦੀ ਪਛਾਣ ਹੋਈ ਹੈ।

**ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥**

ਹਰ ਰੋਜ਼ ਮੈਂ ਹਰੀ-ਨਾਮ ਦਿਲੋਂ ਸਿਮਰ ਕੇ ਦਿਹਾੜੀ ਸਫ਼ਲ ਕਰਦਾ ਹਾਂ।

**ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥**

ਇਹ ਪੂੰਜੀ ਉਨ੍ਹਾਂ ਨੂੰ ਹੀ ਮਿਲੀ ਹੈ, ਜਿਨ੍ਹਾਂ ਨੂੰ ਆਪ ਹੀ ਹਰੀ ਨੇ ਸੋਝੀ ਦਿੱਤੀ ਹੈ।

**ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੇਰੀ ਪੂੰਜੀ ਹਰੀ-ਸਿਮਰਨ ਹੈ ਅਤੇ ਮਨ ਵਾਪਾਰੀ ਹੈ।

**ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥**

ਹੇ ਜੀਭੇ! ਤੂੰ ਹੋਰ ਰਸਾਂ ਨਾਲ ਖਚਿਤ ਹੋ ਰਹੀ ਹੈਂ,
ਇਸ ਤਰ੍ਹਾਂ ਤੇਰੀ ਤ੍ਰਿਸ਼ਨਾ ਨਹੀਂ ਜਾਏਗੀ।

**ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥**

ਜਿੰਨਾਂ ਚਿਰ ਹਰੀ-ਸਿਮਰਨ ਰੂਪੀ ਰਸ ਤੇਰੇ ਪੱਲੇ ਨਹੀਂ ਪਏਗਾ, ਉਨ੍ਹਾਂ ਸਮਾਂ ਤੇਰੀ ਪਿਆਸ ਹੋਰ ਕਿਤੋਂ ਨਹੀਂ ਮਿਟੇਗੀ।

**ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ॥**

ਜੇ ਤੂੰ ਹਰੀ-ਰਸ ਨੂੰ ਪੱਲੇ ਵਿੱਚ ਪਾਵੇਂ ਅਤੇ ਉਸਨੂੰ ਪੀਵੇਂ ਤਾਂ ਫਿਰ ਤ੍ਰਿਸ਼ਨਾ ਤੇਰੇ ਨੇੜੇ ਨਹੀਂ ਆਏਗੀ।

**ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥**

ਜਿਸ ਨੂੰ ਸਤਿਗੁਰੂ ਆ ਮਿਲੇ, ਉਸਨੂੰ ਹੀ ਕਰਮਾਂ ਸਦਕਾ ਹਰੀ-ਸਿਮਰਨ ਰੂਪੀ ਰਸ ਪ੍ਰਾਪਤ ਹੁੰਦਾ ਹੈ।

**ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ**
**ਜਾ ਹਰਿ ਵਸੈ ਮਨਿ ਆਇ ॥੩੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਦੋਂ ਮਨ ਵਿੱਚ ਹਰੀ ਆ ਵੱਸਦਾ ਹੈ ਤਾਂ ਹੋਰ ਦੂਜੇ ਸਾਰੇ ਰਸ ਹੀ ਭੁੱਲ ਜਾਂਦੇ ਹਨ।

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ**
**ਤਾ ਤੂ ਜਗ ਮਹਿ ਆਇਆ ॥**

ਹੇ ਮੇਰਿਆ ਸਰੀਰਾ! ਪ੍ਰਭੂ ਨੇ ਤੇਰੇ ਵਿੱਚ ਚੇਤਨਾ (ਜੋਤਿ) ਰੱਖੀ, ਤਾਂ ਹੀ ਤੂੰ ਸੰਸਾਰ ਵਿੱਚ ਆਇਆ ਹੈਂ।

**ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥**

ਹਰੀ ਨੇ ਤੇਰੇ ਵਿੱਚ ਜੋਤ ਰੱਖੀ ਹੈ, ਤਾਂ ਹੀ ਤੂੰ ਜਗਤ ਵਿੱਚ ਆਇਆ ਹੈਂ।

**ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ**
**ਜਗਤੁ ਦਿਖਾਇਆ ॥**

ਜਿਸਨੇ ਜੀਵ ਨੂੰ ਪੈਦਾ ਕਰਕੇ ਜਗਤ ਵਿਖਾਇਆ ਹੈ,
ਉਹ ਹਰੀ ਆਪ ਹੀ ਮਾਂ ਅਤੇ ਪਿਉ ਹੈ।

**ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥**

ਗੁਰੂ ਦੀ ਮਿਹਰ ਨਾਲ ਸਮਝ ਆਈ ਤਾਂ ਸਾਰਾ ਸੰਸਾਰ ਖੇਡ ਖੇਡਦਾ ਹੀ ਨਜ਼ਰੀਂ ਆਇਆ।

**ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ**
**ਤਾ ਤੂ ਜਗ ਮਹਿ ਆਇਆ ॥੩੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ਰ ਨੇ ਸ੍ਰਿਸ਼ਟੀ ਦਾ ਮੁੱਢ ਰਚਿਆ ਅਤੇ ਉਸ ਵਿੱਚ ਆਪਣੀ ਚੇਤਨ (ਜੋਤ) ਰੱਖੀ ਤਾਂ ਹੀ ਤੂੰ ਸੰਸਾਰ ਵਿੱਚ ਆਇਆ ਹੈਂ।

**ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥**

ਪ੍ਰਭੂ ਦਾ ਆਉਣਾ ਸੁਣ ਕੇ ਮਨ 'ਚ ਬੇਅੰਤ ਖੁਸ਼ੀ ਹੋਈ।

**ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥**

ਹੇ ਸਖੀਓ! ਖੁਸ਼ੀ ਦੇ ਗੀਤ ਗਾਉ,
ਮੇਰਾ ਸਰੀਰ ਰੂਪੀ ਘਰ ਪ੍ਰਭੂ ਦਾ ਘਰ ਬਣ ਗਿਆ ਹੈ।

**ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥**

ਹੇ ਸਖੀਓ! ਹੁਣ ਨਿੱਤ ਖੁਸ਼ੀ ਦੇ ਗੀਤ ਗਾਉ ਕਿਉਂਕਿ ਪ੍ਰਭੂ ਦੇ ਅੰਦਰ ਨਿਵਾਸ ਕਰਨ ਨਾਲ ਮੈਨੂੰ ਸੋਗ ਅਤੇ ਦੁੱਖ ਨਹੀਂ ਵਿਆਪਦੇ।

**ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥**

ਕਰਮਾਂ ਵਾਲੇ ਦਿਨ ਗੁਰੂ ਦੇ ਚਰਨਾਂ ਨਾਲ ਲੱਗੇ ਹਾਂ,
ਉਸ ਦੀ ਕਿਰਪਾ ਨਾਲ ਹੀ ਪ੍ਰਭੂ ਪ੍ਰੀਤਮ ਨੂੰ ਸਿਮਰਦਾ ਹਾਂ।

**ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥**

ਗੁਰੂ ਦੇ ਉਪਦੇਸ਼ ਨਾਲ ਅਨਹਦ ਬਾਣੀ ਨੂੰ ਜਾਣਿਆ ਹੈ
ਅਤੇ ਹਰੀ-ਨਾਮ ਦੇ ਰਸ ਨੂੰ ਮਾਣਦਾ ਹਾਂ।

**ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਆਪ ਸਾਰੇ ਕੰਮ ਕਰਨ ਦੇ ਸਮਰੱਥ ਹੈ,
ਉਹ ਪ੍ਰਭੂ ਮੈਨੂੰ ਮਿਲਿਆ ਹੈ।

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ**
**ਕਿਆ ਤੁਧੁ ਕਰਮ ਕਮਾਇਆ ॥**

ਹੇ ਮੇਰਿਆ ਸਰੀਰਾ!
ਇਸ ਸੰਸਾਰ ਵਿੱਚ ਆ ਕੇ ਤੂੰ ਕਿਹੜਾ ਚੰਗਾ ਕੰਮ ਕੀਤਾ ਹੈ?

**ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥**

ਹੇ ਸਰੀਰਾ! ਜਦੋਂ ਤੋਂ ਤੂੰ ਇਸ ਜਗ ਵਿੱਚ ਆਇਆਂ ਹੈਂ,
ਤੂੰ ਕਿਹੜਾ ਕੰਮ ਕੀਤਾ ਹੈ?

**ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥**

ਜਿਸ ਪਰਮੇਸ਼ਰ ਨੇ ਤੇਰਾ ਸਰੂਪ ਬਣਾਇਆ ਹੈ,
ਉਸਨੂੰ ਤਾਂ ਤੂੰ ਮਨ ਵਿੱਚ ਵਸਾਇਆ ਹੀ ਨਹੀਂ।

**ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥**

ਪੂਰਬਲੇ ਕਰਮਾਂ ਸਦਕਾ ਗੁਰੂ ਕਿਰਪਾ ਵਾਲਿਆਂ ਦੇ ਮਨ ਵਿੱਚ ਹੀ
ਹਰੀ ਵੱਸਿਆ ਹੈ।

**ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ**
**ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹ ਸਰੀਰ ਉਸਦਾ ਹੀ ਸਫ਼ਲ ਹੋਇਆ ਹੈ,
ਜਿਸਨੇ ਗੁਰੂ ਨਾਲ ਆਪਣਾ ਮਨ ਜੋੜਿਆ ਹੈ।

**ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ**
**ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥**

ਹੇ ਮੇਰਿਓ ਨੇਤ੍ਰੋ! ਹਰੀ ਨੇ ਤੁਹਾਡੇ ਵਿੱਚ ਜੋਤੀ ਰੱਖੀ ਹੈ ਤਾਂ ਕਿ ਤੁਸੀਂ ਹਰੀ ਤੋਂ
ਬਿਨਾਂ ਹੋਰ ਕਿਸੇ ਨੂੰ ਨਾ ਵੇਖੋ।

**ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥**

ਹਰੀ ਤੋਂ ਬਿਨਾਂ ਕਿਸੇ ਦੂਜੇ ਵੱਲ ਨਾ ਵੇਖੋ,
ਅੱਖਾਂ ਨਾਲ ਸਿਰਫ਼ ਪਰਮੇਸ਼ਰ ਦਾ ਹੀ ਦਰਸ਼ਨ ਕਰੋ।

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ**
**ਹਰਿ ਰੂਪੁ ਨਦਰੀ ਆਇਆ ॥**

ਇਹ ਸੰਸਾਰ ਜੋ ਤੁਸੀਂ ਵੇਖ ਰਹੀਆਂ ਹੋ, ਇਹ ਹਰੀ ਦਾ ਹੀ ਰੂਪ ਹੈ,
ਇਸ ਦੇ ਕਣ-ਕਣ ਵਿੱਚੋਂ ਹਰੀ ਦਾ ਰੂਪ ਹੀ ਨਜ਼ਰ ਆ ਰਿਹਾ ਹੈ।

**ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ**
**ਹਰਿ ਬਿਨੁ ਅਵਰੁ ਨ ਕੋਈ ॥**

ਜਦੋਂ ਵੇਖਦੇ ਹਾਂ ਕਿ ਹਰੀ ਇੱਕ ਹੈ ਤਾਂ ਗੁਰੂ ਦੀ ਮਿਹਰ ਨਾਲ ਸਮਝ ਆਉਂਦੀ ਹੈ ਕਿ ਉਸ ਤੋਂ ਬਿਨਾਂ ਹੋਰ ਦੂਜਾ ਕੋਈ ਨਹੀਂ ਹੈ।

**ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ**
**ਦਿਬ ਦ੍ਰਿਸਟਿ ਹੋਈ ॥੩੬॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਹਿਲੋਂ ਤਾਂ ਇਹ ਨੇਤਰ ਅੰਨ੍ਹਿਆਂ ਵਰਗੇ ਸਨ, ਸਤਿਗੁਰੂ ਦੇ ਮਿਲਣ ਕਰਕੇ ਇਹ ਨਜ਼ਰ ਅਲੌਕਿਕ ਹੋ ਗਈ ਹੈ, ਹੁਣ ਸਭ ਜਗ੍ਹਾ ਪਰਮੇਸ਼ਰ ਹੀ ਨਜ਼ਰ ਆਉਂਦਾ ਹੈ।

**ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥**

ਹੇ ਮੇਰਿਓ ਕੰਨੋ! ਤੁਹਾਨੂੰ ਸੱਚਾ ਨਾਮ ਸੁਣਨ ਲਈ ਭੇਜਿਆ ਗਿਆ ਹੈ।

**ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥**

ਤੁਹਾਨੂੰ ਸਰੀਰ ਨਾਲ ਲਾ ਕੇ ਸੱਚ ਸੁਣਨ ਲਈ ਭੇਜਿਆ ਗਿਆ ਹੈ,
ਇਸ ਲਈ ਤੁਸੀਂ ਸੱਚੀ ਬਾਣੀ ਹੀ ਸੁਣੋ।

**ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥**

ਜਿਸਨੇ ਵੀ ਸੱਚੀ ਬਾਣੀ ਸੁਣੀ ਉਸਦਾ ਮਨ-ਤਨ ਪ੍ਰਸੰਨ ਹੋ ਗਿਆ ਅਤੇ ਉਸਦੀ ਜੀਭ ਵੀ ਰਸ ਵਿੱਚ ਸਮਾ ਗਈ।

**ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥**

ਉਹ ਸੱਚ ਸਰੂਪ, ਨਾ ਜਾਣਿਆ ਜਾਣ ਵਾਲਾ, ਅਸਚਰਜ ਹੈ ਅਤੇ ਉਸਦੀ ਗਤੀ ਕਹੀ ਨਹੀਂ ਜਾ ਸਕਦੀ।

**ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ**
**ਸਾਚੈ ਸੁਨਣੈ ਨੋ ਪਠਾਏ ॥੩੭॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮੇਰਿਓ ਕੰਨੋ! ਪਰਮੇਸ਼ਰ ਨੇ ਤੁਹਾਨੂੰ ਸੱਚ ਸੁਣਨ ਲਈ ਭੇਜਿਆ ਹੈ, ਇਸ ਕਰਕੇ ਤੁਸੀਂ ਅੰਮ੍ਰਿਤ ਨਾਮ ਸੁਣੋ ਅਤੇ ਪਵਿੱਤਰ ਹੋਵੋ।

**ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥**

ਪਰਮੇਸ਼ਰ ਨੇ ਜੀਵ ਆਤਮਾ ਨੂੰ ਸਰੀਰ ਰੂਪ ਗੁਫਾ ਵਿੱਚ ਰੱਖ ਕੇ ਸਵਾਸਾਂ ਰੂਪ ਵਾਜਾ ਵਜਾਇਆ।

**ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ**
**ਦਸਵਾ ਗੁਪਤੁ ਰਖਾਇਆ ॥**

ਉਸ ਨੇ ਸਵਾਸਾਂ ਦਾ ਵਾਜਾ ਵਜਾ ਕੇ ਸਰੀਰ ਵਿੱਚ ਨੌਂ ਦਰਵਾਜ਼ੇ ਪਰਗਟ ਕੀਤੇ ਅਤੇ ਦੱਸਵਾਂ ਗੁਪਤ ਰੱਖਿਆ।

**ਗੁਰ ਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥**

ਜਿਨ੍ਹਾਂ ਨੇ ਗੁਰੂ ਦੇ ਦਰ 'ਤੇ ਸ਼ਰਧਾ ਰੱਖੀ, ਉਹਨਾਂ ਕਈਆਂ ਨੂੰ ਦੱਸਵਾਂ ਦੁਆਰ ਵੀ ਵਿਖਾਇਆ।

**ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥**

ਉਹ ਬੇਅੰਤ ਰੂਪ ਤੇ ਨਾਵਾਂ ਵਾਲਾ, ਨੌ ਨਿੱਧਾਂ ਦਾ ਸੁਆਮੀ ਹੈ ਅਤੇ ਉਸ ਦਾ ਅੰਤ ਨਹੀਂ ਪਾਇਆ ਜਾਂਦਾ।

**ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਜੀਉ! ਹਰੀ-ਪ੍ਰੀਤਮ ਨੇ ਸਰੀਰ ਰੂਪ ਗੁਫਾ ਵਿੱਚ ਸਵਾਸ ਰੂਪ ਹਵਾ ਦਾ ਵਾਜਾ ਵਜਾਇਆ ਹੈ।

**ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥**

ਇਹ ਖੁਸ਼ੀ ਦਾ ਸੱਚਾ ਗੀਤ ਸੱਚੇ ਹਿਰਦੇ ਵਿੱਚ ਗਾਵੋ।

**ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥**

ਖੁਸ਼ੀ ਦਾ ਗੀਤ ਸੱਚੇ ਘਰ ਵਿੱਚ ਗਾਵੋ,
ਜਿਥੇ ਸਦਾ ਸੱਚੇ ਪ੍ਰਭੂ ਨੂੰ ਸਿਮਰਿਆ ਜਾਂਦਾ ਹੈ।

**ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥**

ਜਿਨ੍ਹਾਂ ਨੂੰ ਤੂੰ ਸੋਝੀ ਬਖ਼ਸ਼ਦਾ ਹੈਂ, ਉਹ ਸੱਚੇ ਪ੍ਰਭੂ ਨੂੰ ਧਿਆਉਂਦੇ ਹਨ ਅਤੇ ਉਹ ਗੁਰਮੁਖ ਤੈਨੂੰ ਚੰਗੇ ਲੱਗਦੇ ਹਨ।

**ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥**

ਸੱਚਾ ਪ੍ਰਭੂ ਹੀ ਸਾਰਿਆਂ ਦਾ ਮਾਲਕ ਹੈ, ਉਹ ਜਿਸ 'ਤੇ ਮਿਹਰ ਕਰਦਾ ਹੈ, ਉਸ ਨੂੰ ਹੀ ਉਸਦੀ ਪ੍ਰਾਪਤੀ ਹੁੰਦਾ ਹੈ।

**ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਖੁਸ਼ੀ ਦਾ ਸੱਚਾ ਗੀਤ ਸੱਚੇ ਘਰ ਵਿੱਚ ਗਾਇਆ ਜਾਂਦਾ ਹੈ।

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥**

ਹੇ ਵਡਭਾਗੀਓ! ਇਸ ਅਨੰਦ ਨੂੰ ਸੁਣੋ ਤਾਂ ਕਿ ਤੁਹਾਡੀਆ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋ ਜਾਣ।

**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥**

ਪਾਰਬ੍ਰਹਮ ਪ੍ਰਭੂ ਨੂੰ ਪਾਉਣ ਨਾਲ ਸਾਰੇ ਦੁੱਖ ਲਹਿ ਜਾਣਗੇ।

**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**

ਸੱਚੀ ਬਾਣੀ ਨੂੰ ਸੁਣਿਆਂ ਦੁੱਖ, ਰੋਗ ਅਤੇ ਸੰਤਾਪ ਉੱਤਰ ਜਾਣਗੇ।

**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥**

ਪੂਰਨ ਗੁਰੂ ਤੋਂ ਗਿਆਨ ਪ੍ਰਾਪਤ ਕਰਕੇ ਸੱਜਣ-ਸੰਤ ਖੁਸ਼ ਹੋ ਗਏ ਹਨ।

**ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥**

ਸੁਣਨ ਵਾਲੇ ਵੀ ਅਤੇ ਕਹਿਣ ਵਾਲੇ ਵੀ ਪਵਿੱਤਰ ਹੋ ਗਏ, ਕਿਉਂਕਿ ਦੋਹਾਂ ਵਿੱਚ ਹੀ ਸਤਿਗੁਰੂ ਵਿਆਪ ਰਿਹਾ ਹੈ।

**ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥**

ਸ੍ਰੀ ਗੁਰੂ ਜੀ ਬੇਨਤੀ ਕਰਦੇ ਹਨ ਕਿ ਗੁਰੂ ਦੇ ਚਰਨੀਂ ਲੱਗਿਆਂ ਅਨਹਦ ਵਾਜੇ ਵੱਜਦੇ ਹਨ।

****

# ਸੁਖਮਨੀ

## ਗਉੜੀ ਸੁਖਮਨੀ ਮਃ ੫ ॥

**ੴ**

**ਸਤਿਗੁਰ ਪ੍ਰਸਾਦਿ ॥**

**ਸਲੋਕੁ ॥ ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥**

ਆਦਿ ਗੁਰੂ ਭਾਵ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ ਹੈ। ਜੁਗਾਦਿ ਭਾਵ ਦੂਜੇ ਗੁਰੂ ਅੰਗਦ ਦੇਵ ਜੀ ਨੂੰ ਨਮਸਕਾਰ ਹੈ।

**ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥੧॥**

ਸਤਿਗੁਰ ਭਾਵ ਸ੍ਰੀ ਗੁਰੂ ਅਮਰਦਾਸ ਜੀ ਨੂੰ ਨਮਸਕਾਰ ਹੈ। ਸ੍ਰੀ ਗੁਰਦੇਵ ਭਾਵ ਸ੍ਰੀ ਗੁਰੂ ਰਾਮਦਾਸ ਜੀ ਨੂੰ ਨਮਸਕਾਰ ਹੈ।

**ਅਸਟਪਦੀ ॥**

**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥**
**ਕਲਿ ਕਲੇਸ ਤਨ ਮਾਹਿ ਮਿਟਾਵਉ ॥**

ਮੈਂ ਪ੍ਰਭੂ ਨੂੰ ਸਿਮਰਕੇ ਭਾਵ ਯਾਦ ਕਰਕੇ ਸੁੱਖ ਪ੍ਰਾਪਤ ਕਰਦਾ ਹਾਂ। ਸਰੀਰ ਵਿੱਚੋਂ ਪਾਪਾਂ ਤੇ ਦੋਸ਼ਾਂ ਨੂੰ ਮਿਟਾਉਂਦਾ ਹਾਂ।

**ਸਿਮਰਉ ਜਾਸੁ ਬਿਸੁੰਭਰ ਏਕੈ ॥**
**ਨਾਮੁ ਜਪਤ ਅਗਨਤ ਅਨੇਕੈ ॥**

ਜਿਸ ਇੱਕ ਜਗਤ ਪਾਲਕ ਨੂੰ ਮੈਂ ਸਿਮਰਦਾ ਹਾਂ।
ਉਸ ਦੇ ਨਾਮ ਨੂੰ ਅਨੇਕਾਂ ਲੋਕ ਜਪਦੇ ਹਨ।

**ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰ ॥**
**ਕੀਨੇ ਰਾਮ ਨਾਮ ਇਕ ਆਖ੍ਰ ॥**

ਵੇਦ, ਪੁਰਾਣ ਅਤੇ ਸਿਮ੍ਰਤੀਆਂ ਦੇ ਪਵਿੱਤਰ ਅੱਖਰ ਇੱਕ ਪ੍ਰਭੂ ਦੇ ਨਾਮ ਨੂੰ ਹੀ ਸਭ ਤੋਂ ਪਵਿੱਤਰ ਮੰਨਦੇ ਹਨ।

**ਕਿਨਕਾ ਏਕ ਜਿਸੁ ਜੀਅ ਬਸਾਵੈ ॥**
**ਤਾ ਕੀ ਮਹਿਮਾ ਗਨੀ ਨ ਆਵੈ ॥**

ਜਿਸ ਮਨੁੱਖ ਦੇ ਹਿਰਦੇ ਅੰਦਰ ਪ੍ਰਭੂ ਆਪਣਾ ਨਾਮ ਕਿਣਕਾ ਮਾਤਰ ਹੀ ਵਸਾ ਦੇਵੇ। ਉਸਦੀ ਮਹਿਮਾ ਗਿਣੀ ਨਹੀਂ ਜਾ ਸਕਦੀ।

**ਕਾਂਖੀ ਏਕੈ ਦਰਸ ਤੁਹਾਰੋ ॥**
**ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥**

ਜੋ ਮਨੁੱਖ ਤੇਰੇ ਦੀਦਾਰ ਦੇ ਇੱਛੁਕ ਹਨ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੈਨੂੰ ਵੀ ਉਨ੍ਹਾਂ ਦੇ ਨਾਲ ਪਾਰ ਉਤਾਰੋ।

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥**
**ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥**

ਪ੍ਰਭੂ ਦਾ ਅਮਰ ਕਰਨ ਵਾਲਾ ਅਤੇ ਸੁਖਦਾਈ ਨਾਮ ਸਭ ਸੁੱਖਾਂ ਦੀ ਮਣੀ ਹੈ । ਇਸ ਦਾ ਵਾਸਾ ਭਗਤਾਂ ਦੇ ਹਿਰਦੇ ਵਿੱਚ ਹੈ।

**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥**
**ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਜੀਵ ਦੁਬਾਰਾ ਮਾਤਾ ਦੇ ਗਰਭ ਭਾਵ ਜੂਨਾਂ ਵਿੱਚ ਨਹੀਂ ਪੈਂਦਾ। ਪ੍ਰਭੂ ਦਾ ਸਿਮਰਨ ਕਰਨ ਨਾਲ ਜਮ ਦਾ ਦੁੱਖ ਨਾਸ ਹੋ ਜਾਂਦਾ ਹੈ।

**ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥**
**ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਮੌਤ ਦੂਰ ਹੋ ਜਾਂਦੀ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਦੁਸ਼ਮਣ ਟਲ ਜਾਂਦਾ ਹੈ।

**ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥**
**ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਕੋਈ ਵਿਘਨ ਨਹੀਂ ਲੱਗਦਾ। ਪ੍ਰਭੂ ਦਾ ਸਿਮਰਨ ਕਰਨ ਨਾਲ ਜੀਵ ਰਾਤ-ਦਿਨ ਵਿਕਾਰਾਂ ਤੋਂ ਸੁਚੇਤ ਰਹਿੰਦਾ ਹੈ।

**ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥**
**ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਜੀਵ ਨੂੰ ਕੋਈ ਡਰ ਨਹੀਂ ਲੱਗਦਾ। ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਨੂੰ ਕੋਈ ਦੁੱਖ ਅਤੇ ਕਸ਼ਟ ਨਹੀਂ ਵਿਆਪਦਾ।

**ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥**
**ਸਰਬ ਨਿਧਾਨ ਨਾਨਕ ਹਰਿ ਰੰਗਿ ॥੨॥**

ਪ੍ਰਭੂ ਦਾ ਸਿਮਰਨ ਸਾਧ ਸੰਗਤ ਵਿੱਚੋਂ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ਰ ਦੇ ਪ੍ਰੇਮ ਵਿੱਚ ਹੀ ਸਾਰੇ ਖਜ਼ਾਨੇ ਹਨ।

**ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥**
**ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਰਿੱਧੀਆਂ, ਸਿੱਧੀਆਂ ਅਤੇ ਨੌਂ ਨਿੱਧੀਆਂ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਹੀ ਗਿਆਨ, ਧਿਆਨ ਅਤੇ ਜੀਵਨ ਉਦੇਸ਼ ਨੂੰ ਸਮਝਣ ਵਾਲੀ ਬੁੱਧੀ ਪ੍ਰਾਪਤ ਹੁੰਦੀ ਹੈ।

**ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥**
**ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਹੀ ਜਪ, ਤਪ ਅਤੇ ਪੂਜਾ ਆਦਿਕ ਸ਼ੁੱਭ ਕਰਮਾਂ ਦੇ ਫਲ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਦਵੈਤ-ਭਾਵ ਦੂਰ ਹੋ ਜਾਂਦਾ ਹੈ।

**ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥**
**ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਦਰਗਾਹ ਵਿੱਚ ਮਾਣ ਪ੍ਰਾਪਤ ਹੁੰਦਾ ਹੈ।

**ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥**
**ਪ੍ਰਭ ਕੈ ਸਿਮਰਨਿ ਸੁਫਲ ਫਲਾ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਪਰਮੇਸ਼ਰ ਜੋ ਕਰ ਰਿਹਾ ਹੈ, ਉਹ ਚੰਗਾ ਪ੍ਰਤੀਤ ਹੁੰਦਾ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਚੰਗਿਆਂ ਗੁਣਾਂ ਨਾਲ ਫਲਦਾ ਹੈ।

**ਸੇ ਸਿਮਰਹਿ ਜਿਨ ਆਪਿ ਸਿਮਰਾਏ ॥**
**ਨਾਨਕ ਤਾ ਕੈ ਲਾਗਉ ਪਾਏ ॥੩॥**

ਉਹ ਹੀ ਸਿਮਰਨ ਕਰਦੇ ਹਨ, ਜਿਨ੍ਹਾਂ ਤੋਂ ਪਰਮੇਸ਼ਰ ਆਪ ਕਰਵਾਉਂਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਹਨਾਂ ਸਿਮਰਨ ਕਰਨ ਵਾਲਿਆਂ ਦੇ ਚਰਨੀਂ ਲੱਗਦਾ ਹਾਂ ਭਾਵ ਨਮਸਕਾਰ ਕਰਦਾ ਹਾਂ।

**ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥**
**ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥**

ਪ੍ਰਭੂ ਦਾ ਸਿਮਰਨ ਸਭ ਕਰਮਾਂ-ਧਰਮਾਂ ਨਾਲੋਂ ਸ੍ਰੇਸ਼ਟ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਅਨੇਕਾਂ ਦਾ ਪਾਰ ਉਤਾਰਾ ਹੋਇਆ ਹੈ।

**ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥**
**ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਤ੍ਰਿਸ਼ਨਾ ਮਿਟ ਜਾਂਦੀ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਸਾਰੀ ਸੋਝੀ ਹੋ ਜਾਂਦੀ ਹੈ।

**ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥**
**ਪ੍ਰਭ ਕੈ ਸਿਮਰਨਿ ਪੂਰਨ ਆਸਾ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਜਮਾਂ ਦਾ ਡਰ ਖ਼ਤਮ ਹੋ ਜਾਂਦਾ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਦੀ ਹਰ ਇੱਛਾ ਪੂਰਨ ਹੋ ਜਾਂਦੀ ਹੈ।

**ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥**
**ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਮਨ ਦੀ ਮੈਲ ਦੂਰ ਹੋ ਜਾਂਦੀ ਹੈ। ਨਾਮ ਰੂਪ ਅੰਮ੍ਰਿਤ ਹਿਰਦੇ ਵਿੱਚ ਸਮਾ ਜਾਂਦਾ ਹੈ।

**ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥**
**ਨਾਨਕ ਜਨ ਕਾ ਦਾਸਨਿ ਦਸਨਾ ॥੪॥**

ਪ੍ਰਭੂ ਦਾ ਵਾਸਾ ਸਾਧੂਆਂ ਦੀ ਰਸਨਾ 'ਤੇ ਹੁੰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਐਸੇ ਸਾਧੂਆਂ ਦੇ ਦਾਸਾਂ ਦਾ ਵੀ ਦਾਸ ਹਾਂ।

**ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥**
**ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥**

ਜਿਹੜੇ ਪਰਮੇਸ਼ਰ ਨੂੰ ਸਿਮਰਦੇ ਹਨ, ਉਹ ਧਨ ਵਾਲੇ ਹਨ। ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹ ਦੋਹਾਂ ਜ਼ਹਾਨਾਂ ਵਿੱਚ ਇੱਜ਼ਤ ਵਾਲੇ ਹਨ।

**ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥**
**ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥**

ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹ ਸੇਵਕ ਪਰਵਾਨ ਹੁੰਦੇ ਹਨ। ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹ ਉੱਤਮ ਪੁਰਸ਼ ਹਨ।

**ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥**
**ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥**

ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹ ਕਿਸੇ ਦੇ ਮੁਥਾਜ (ਅਧੀਨ) ਨਹੀਂ ਹੁੰਦੇ। ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹ ਸਾਰਿਆਂ ਦੇ ਮਾਲਕਹਨ।

**ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥**
**ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥**

ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹ ਆਤਮਿਕ ਸੁੱਖ ਵਿੱਚ ਨਿਵਾਸ ਕਰਦੇ ਹਨ। ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹ ਸਦਾ ਅਮਰ ਹਨ।

**ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥**
**ਨਾਨਕ ਜਨ ਕੀ ਮੰਗੈ ਰਵਾਲਾ ॥੫॥**

ਪ੍ਰਭੂ ਦੇ ਸਿਮਰਨ ਵਿੱਚ ਉਹੀ ਲੱਗਦੇ ਹਨ, ਜਿਨ੍ਹਾਂ 'ਤੇ ਪਰਮੇਸ਼ਰ ਆਪ ਮਿਹਰਬਾਨ ਹੁੰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਐਸੇ ਸਾਧੂਆਂ ਦੇ ਚਰਨਾਂ ਦੀ ਧੂੜੀ ਮੰਗਦਾ ਹਾਂ।

**ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥**
**ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥**

ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹ ਪਰਉਪਕਾਰੀ ਹੁੰਦੇ ਹਨ। ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਮੈਂ ਉਹਨਾਂ ਤੋਂ ਹਮੇਸ਼ਾਂ ਕੁਰਬਾਨ ਜਾਂਦਾ ਹਾਂ।

**ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥**
**ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥**

ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹ ਮੁਖ ਸੋਹਣੇ ਹਨ। ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹਨਾਂ ਦੀ ਜ਼ਿੰਦਗੀ ਸੁਖ ਨਾਲ ਗੁਜ਼ਰਦੀ ਹੈ।

**ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥**
**ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥**

ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹਨਾਂ ਨੇ ਆਪਣੇ ਮਨ ਨੂੰ ਜਿੱਤਿਆ ਹੈ। ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹਨਾਂ ਦੀ ਮਰਿਆਦਾ ਨਿਰਮਲ ਹੈ।

**ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥**
**ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥**

ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹਨਾਂ ਨੂੰ ਆਤਮਿਕ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਜੋ ਪਰਮੇਸ਼ਰ ਨੂੰ ਸਿਮਰਦੇ ਹਨ, ਉਹ ਪਰਮੇਸ਼ਰ ਦੇ ਕੋਲ ਵੱਸਦੇ ਹਨ।

**ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥**
**ਨਾਨਕ ਸਿਮਰਨੁ ਪੂਰੈ ਭਾਗਿ ॥੬॥**

ਗੁਰੂ ਕਿਰਪਾ ਨਾਲ ਜੀਵ ਰਾਤ-ਦਿਨ ਸੁਚੇਤ ਹੋ ਕੇ ਨਾਮ ਜਪ ਸਕਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਸਿਮਰਨ ਦੀ ਦਾਤ ਪੂਰੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੀ ਹੈ।

**ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥**
**ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਦੇ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ। ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਕਦੀ ਪਛਤਾਵਾ ਨਹੀਂ ਕਰਦਾ।

**ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥**
**ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਦੀ ਬਾਣੀ ਪਰਮੇਸ਼ਰ ਦਾ ਜੱਸ ਕਰਨ ਵਾਲੀ ਹੋ ਜਾਂਦੀ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਆਤਮਿਕ ਅਡੋਲਤਾ ਵਿੱਚ ਲੀਨ ਹੋ ਜਾਂਦਾ ਹੈ।

**ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥**
**ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਨੂੰ ਸਥਿਰਤਾ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਹੀ ਮਨੁੱਖ ਦਾ ਹਿਰਦੇ ਰੂਪੀ ਕਮਲ ਖੇੜੇ ਵਿੱਚ ਆਉਂਦਾ ਹੈ।

**ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥**
**ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥**

ਪ੍ਰਭੂ ਦਾ ਸਿਮਰਨ ਕਰਨ ਨਾਲ ਹੀ ਮਨੁੱਖ ਦੇ ਅੰਦਰ ਅਨਹਦ ਧੁਨੀ ਵੱਜਣੀ ਸ਼ੁਰੂ ਹੋ ਜਾਂਦੀ ਹੈ। ਪ੍ਰਭੂ ਦਾ ਸਿਮਰਨ ਕਰਨ ਨਾਲ ਜੋ ਸੁਖ ਮਿਲਦਾ ਹੈ, ਉਸਦਾ ਅੰਤ ਨਹੀਂ ਪਾਇਆ ਜਾ ਸਕਦਾ।

**ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥**
**ਨਾਨਕ ਤਿਨ ਜਨ ਸਰਨੀ ਪਇਆ ॥੭॥**

ਉਹੀ ਸੇਵਕ ਪ੍ਰਭੂ ਨੂੰ ਸਿਮਰਦੇ ਹਨ, ਜਿਨ੍ਹਾਂ ਉੱਤੇ ਪਰਮੇਸ਼ਰ ਦੀ ਕਿਰਪਾ ਹੁੰਦੀ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਹਨਾਂ ਸਾਧੂਆਂ ਦੀ ਸ਼ਰਨ ਵਿੱਚ ਪੈਂਦਾ ਹਾਂ।

**ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥**
**ਹਰਿ ਸਿਮਰਨਿ ਲਗਿ ਬੇਦ ਉਪਾਏ ॥**

ਹਰੀ ਦਾ ਸਿਮਰਨ ਕਰਨ ਨਾਲ ਸਾਧੂ ਸੰਸਾਰ ਵਿੱਚ ਪ੍ਰਗਟ ਹੁੰਦੇ ਹਨ। ਹਰੀ ਸਿਮਰਨ ਵਿੱਚ ਜੁੜ ਕੇ ਹੀ ਵੇਦ ਰਚੇ ਗਏ ਹਨ।

**ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥**
**ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥**

ਹਰੀ ਦਾ ਸਿਮਰਨ ਕਰਕੇ ਹੀ ਜੀਵ ਸਿੱਧ, ਜਤੀ ਅਤੇ ਦਾਤੇ ਬਣੇ ਹਨ। ਹਰੀ ਸਿਮਰਨ ਕਰਕੇ ਨੀਵੇਂ ਲੋਕ ਵੀ ਚਾਰੇ ਦਿਸ਼ਾਵਾਂ ਵਿੱਚ ਜਾਣੇ ਗਏ।

**ਹਰਿ ਸਿਮਰਨਿ ਧਾਰੀ ਸਭ ਧਰਨਾ ॥**
**ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥**

ਹਰੀ-ਨਾਮ ਨੇ ਹੀ ਸਾਰੀ ਧਰਤੀ ਨੂੰ ਆਸਰਾ ਦਿੱਤਾ ਹੈ। ਹੇ ਜੀਵ! ਤੂੰ ਵੀ ਉਸ ਨੂੰ ਯਾਦ ਕਰ, ਜੋ ਸ੍ਰਿਸ਼ਟੀ ਦੇ ਕਾਰਨ ਨੂੰ ਕਰਨ ਵਾਲਾ ਹੈ।

**ਹਰਿ ਸਿਮਰਨਿ ਕੀਓ ਸਗਲ ਅਕਾਰਾ ॥**
**ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥**

ਹਰੀ-ਨਾਮ ਦੀ ਸ਼ਕਤੀ ਨਾਲ ਹੀ ਸਾਰਾ ਸੰਸਾਰ ਰਚਿਆ ਹੈ। ਹਰੀ-ਨਾਮ ਵਿੱਚ ਹਰੀ ਆਪ ਵਾਸ ਕਰਦਾ ਹੈ।

**ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥**
**ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮॥੧॥**

ਜਿਸ ਨੂੰ ਕਿਰਪਾ ਕਰਕੇ ਆਪ ਜਣਾਇਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਸ ਨੇ ਹੀ ਗੁਰੂ ਦੁਆਰਾ ਹਰੀ-ਨਾਮ ਨੂੰ ਪਾਇਆ ਹੈ।

**ਸਲੋਕੁ ॥**

**ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥**

ਗਰੀਬਾਂ ਦੇ ਦੁੱਖ ਅਤੇ ਦਰਦ ਨਾਸ ਕਰਨ ਵਾਲੇ ਹੇ ਪ੍ਰਭੂ! ਤੂੰ ਹਰ ਹਿਰਦੇ ਵਿੱਚ ਵਾਸ ਕਰਦਾ ਹੈਂ ਅਤੇ ਅਨਾਥਾਂ ਦਾ ਨਾਥ ਹੈਂ।

**ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪ੍ਰਭੂ!
ਤੁਸੀਂ ਮੇਰੇ ਨਾਲ ਹੋ ਕਿਉਂਕਿ ਮੈਂ ਤੁਹਾਡੀ ਸ਼ਰਨ ਵਿੱਚ ਆਇਆ ਹਾਂ।

**ਅਸਟਪਦੀ ॥**

**ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥**
**ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥**

ਹੇ ਮਨ! ਜਿੱਥੇ ਮਾਂ ਪਿਉ, ਪੁੱਤਰ, ਮਿੱਤਰ ਅਤੇ ਭਰਾ ਵੀ ਸਹਾਇਕ ਨਹੀਂ ਹੋ ਸਕਦੇ। ਉੱਥੇ ਤੇਰਾ ਸਹਾਇਕ ਨਾਮ ਹੋਵੇਗਾ।

**ਜਹ ਮਹਾ ਭਇਆਨ ਦੂਤ ਜਮ ਦਲੈ ॥**
**ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥**

ਜਿੱਥੇ ਬਹੁਤ ਭਿਆਨਕ ਯਮਦੂਤਾਂ ਦੇ ਸਮੂਹ ਹਨ। ਓਥੇ ਕੇਵਲ ਤੇਰੇ ਨਾਲ ਨਾਮ ਹੀ ਜਾਂਦਾ ਹੈ।

**ਜਹ ਮੁਸਕਲ ਹੋਵੈ ਅਤਿ ਭਾਰੀ ॥**
**ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥**

ਜਿੱਥੇ ਤੈਨੂੰ ਬਹੁਤ ਭਾਰੀ ਮੁਸ਼ਕਿਲ ਆਉਂਦੀ ਹੈ। ਓਥੋਂ ਹਰੀ ਦਾ ਨਾਮ ਤੈਨੂੰ ਛਿਨ ਵਿਚ ਪਾਰ ਉਤਾਰ ਦੇਂਦਾ ਹੈ।

**ਅਨਿਕ ਪੁਨਹਚਰਨ ਕਰਤ ਨਹੀ ਤਰੈ ॥**
**ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥**

ਹੇ ਜੀਵ! ਅਨੇਕਾਂ ਧਾਰਮਿਕ ਕਰਮ ਕਰਕੇ ਵੀ ਤੇਰਾ ਪਾਰ ਉਤਾਰਾ ਨਹੀਂ ਹੋ ਸਕਦਾ। ਹਰੀ ਦਾ ਨਾਮ ਕਰੋੜਾਂ ਪਾਪਾਂ ਨੂੰ ਦੂਰ ਕਰ ਦੇਂਦਾ ਹੈ।

**ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥**
**ਨਾਨਕ ਪਾਵਹੁ ਸੂਖ ਘਨੇਰੇ ॥੧॥**

ਹੇ ਮੇਰੇ ਮਨ! ਗੁਰੂ ਵਾਲਾ ਬਣ ਕੇ ਹਰੀ ਦਾ ਨਾਮ ਜਪ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਤੂੰ ਬਹੁਤ ਸੁਖ ਪਾਵੇਂਗਾ।

**ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥**
**ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥**

ਸਾਰੀ ਸ੍ਰਿਸ਼ਟੀ ਦਾ ਰਾਜਾ ਵੀ ਦੁਖੀ ਹੁੰਦਾ ਹੈ। ਪਰ ਹਰੀ ਦਾ ਨਾਮ ਜਪਣ ਵਾਲਾ ਸੁਖੀ ਹੁੰਦਾ ਹੈ।

**ਲਾਖ ਕਰੋਰੀ ਬੰਧੁਨ ਪਰੈ ॥**
**ਹਰਿ ਕਾ ਨਾਮੁ ਜਪਤ ਨਿਸਤਰੈ ॥**

ਭਾਵੇਂ ਜੀਵ ਲੱਖਾਂ ਕਰੋੜਾਂ ਬੰਧਨਾਂ ਵਿੱਚ ਬੱਝਾ ਹੋਵੇ।
ਹਰੀ ਦਾ ਨਾਮ ਜਪਣ ਨਾਲ ਉਸਦਾ ਪਾਰ ਉਤਾਰਾ ਹੋ ਜਾਂਦਾ ਹੈ।

**ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥**
**ਹਰਿ ਕਾ ਨਾਮੁ ਜਪਤ ਆਘਾਵੈ ॥**

ਅਨੇਕਾਂ ਮਾਇਆ ਦੇ ਸੁੱਖਾਂ ਨਾਲ ਮਨੁੱਖ ਦੀ ਤ੍ਰਿਸ਼ਨਾ ਨਹੀਂ ਬੁੱਝਦੀ, ਪਰ ਹਰੀ ਦਾ ਨਾਮ ਜਪਦਿਆਂ ਹੀ ਮਨੁੱਖ ਰੱਜ ਜਾਂਦਾ ਹੈ।

**ਜਿਹ ਮਾਰਗਿ ਇਹੁ ਜਾਤ ਇਕੇਲਾ ॥**
**ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥**

ਜਿਸ ਜਮ ਮਾਰਗ 'ਤੇ ਇਹ ਜੀਵ ਇਕੱਲਾ ਜਾਂਦਾ ਹੈ। ਉੱਥੇ ਹਰੀ ਦਾ ਨਾਮ ਸੁਖਦਾਈ ਸਾਥੀ ਹੁੰਦਾ ਹੈ।

**ਐਸਾ ਨਾਮੁ ਮਨ ਸਦਾ ਧਿਆਈਐ ॥**
**ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨ! ਐਸਾ ਨਾਮ ਸਦਾ ਹੀ ਧਿਆਉਣਾ ਚਾਹੀਦਾ ਹੈ। ਜਿਸ ਨਾਲ ਗੁਰਮੁੱਖ ਨੂੰ ਉੱਤਮ ਆਤਮਿਕ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ।

**ਛੂਟਤ ਨਹੀ ਕੋਟਿ ਲਖ ਬਾਹੀ ॥**
**ਨਾਮੁ ਜਪਤ ਤਹ ਪਾਰਿ ਪਰਾਹੀ ॥**

ਜਿੱਥੇ ਮਨੁੱਖ ਲੱਖਾਂ, ਕਰੋੜਾਂ ਬਾਹਵਾਂ ਭਾਵ ਸਾਥੀਆਂ ਦੇ ਹੁੰਦਿਆਂ ਵੀ ਛੁੱਟ ਨਹੀਂ ਸਕਦਾ। ਉੱਥੇ ਨਾਮ ਜਪਣ ਨਾਲ ਜੀਵ ਦਾ ਪਾਰ-ਉਤਾਰਾ ਹੁੰਦਾ ਹੈ।

**ਅਨਿਕ ਬਿਘਨ ਜਹ ਆਇ ਸੰਘਾਰੈ ॥**
**ਹਰਿ ਕਾ ਨਾਮੁ ਤਤਕਾਲ ਉਧਾਰੈ ॥**

ਜਿੱਥੇ ਅਨੇਕਾਂ ਵਿਘਨ ਆ ਕੇ ਮਾਰਦੇ ਹੋਣ, ਉੱਥੇ ਹਰੀ ਦਾ ਨਾਮ ਤੁਰੰਤ ਉਧਾਰਦਾ ਹੈ।

**ਅਨਿਕ ਜੋਨਿ ਜਨਮੈ ਮਰਿ ਜਾਮ ॥**
**ਨਾਮੁ ਜਪਤ ਪਾਵੈ ਬਿਸ੍ਰਾਮ ॥**

ਜਦੋਂ ਮਨੁੱਖ ਅਨੇਕਾਂ ਜੂਨਾਂ ਅੰਦਰ ਜੰਮ-ਮਰ ਰਿਹਾ ਹੁੰਦਾ ਹੈ ਤਾਂ ਉਦੋਂ ਨਾਮ ਜਪਣ ਨਾਲ ਹੀ ਟਿਕਾਉ ਪ੍ਰਾਪਤ ਹੁੰਦਾ ਹੈ।

**ਹਉ ਮੈਲਾ ਮਲੁ ਕਬਹੁ ਨ ਧੋਵੈ ॥**
**ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥**

ਹੰਕਾਰ ਦੀ ਮੈਲ ਨਾਲ ਗੰਦਾ ਹੋਇਆ ਮਨ ਅਨੇਕਾਂ ਕਰਮ ਕਰਕੇ ਵੀ ਧੋਤਾ ਨਹੀਂ ਜਾ ਸਕਦਾ। ਹਰੀ ਦਾ ਨਾਮ ਹੀ ਕਰੋੜਾਂ ਪਾਪਾਂ ਨੂੰ ਨਾਸ ਕਰ ਸਕਦਾ ਹੈ।

**ਐਸਾ ਨਾਮੁ ਜਪਹੁ ਮਨ ਰੰਗਿ ॥**
**ਨਾਨਕ ਪਾਈਐ ਸਾਧ ਕੈ ਸੰਗਿ ॥੩॥**

ਹੇ ਜੀਵ! ਮਨ ਨੂੰ ਐਸੇ ਰੰਗ ਵਿੱਚ ਰੰਗ ਕੇ ਸਿਮਰਨ ਕਰ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਐਸਾ ਨਾਮ-ਰੰਗ ਸਾਧੂਆਂ ਦੀ ਸੰਗਤ 'ਚੋਂ ਪ੍ਰਾਪਤ ਹੁੰਦਾ ਹੈ।

**ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥**

**ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥**

ਜਿਸ ਰਸਤੇ ਦੇ ਕੋਹ (ਕਿਲੋਮੀਟਰ) ਗਿਣੇ ਨਹੀਂ ਜਾਂਦੇ। ਉਸ ਰਸਤੇ ਲਈ ਹਰੀ ਦਾ ਨਾਮ ਤੋਸਾ ਭਾਵ ਰਸਤੇ ਦਾ ਖਰਚ ਹੈ।

**ਜਿਹ ਪੈਡੈ ਮਹਾ ਅੰਧ ਗੁਬਾਰਾ ॥**

**ਹਰਿ ਕਾ ਨਾਮੁ ਸੰਗਿ ਉਜੀਆਰਾ ॥**

ਜਿਸ ਰਸਤੇ ਵਿੱਚ ਘੋਰ ਹਨ੍ਹੇਰਾ ਹੈ, ਉੱਥੇ ਹਰੀ ਦੇ ਨਾਮ ਨਾਲ ਹੀ ਚਾਨਣ ਹੈ।

**ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥**

**ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥**

ਹੇ ਜੀਵ! ਜਿਸ ਰਸਤੇ ਵਿੱਚ ਤੇਰਾ ਕੋਈ ਵੀ ਜਾਣਕਾਰ ਨਹੀਂ ਹੈ, ਉੱਥੇ ਹਰੀ ਦਾ ਨਾਮ ਹੀ ਤੈਨੂੰ ਪਛਾਨਣ ਵਾਲਾ ਭਾਵ ਸਾਥੀ ਹੈ।

**ਜਹ ਮਹਾ ਭਇਆਨ ਤਪਤਿ ਬਹੁ ਘਾਮ ॥**

**ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥**

ਜਿਥੇ ਮਹਾਂ ਭਿਆਨਕ ਗਰਮੀ ਅਤੇ ਧੁੱਪ ਹੈ। ਹੇ ਜੀਵ! ਉੱਥੇ ਹਰੀ ਦੇ ਨਾਮ ਦੀ ਤੇਰੇ ਉੱਪਰ ਛਾਂ ਹੈ।

**ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥**

**ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥**

ਹੇ ਮਨ! ਜਿੱਥੇ ਤੈਨੂੰ ਤੇਜ਼ ਪਿਆਸ ਲੱਗੇਗੀ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਓਥੇ ਹਰੀ ਦੇ ਨਾਮ ਦੀ ਅੰਮ੍ਰਿਤਮਈ ਵਰਖਾ ਹੋਵੇਗੀ।

**ਭਗਤ ਜਨਾ ਕੀ ਬਰਤਨਿ ਨਾਮੁ ॥**

**ਸੰਤ ਜਨਾ ਕੈ ਮਨਿ ਬਿਸ੍ਰਾਮੁ ॥**

ਨਾਮ ਹੀ ਭਗਤ-ਜਨਾਂ ਦਾ ਵਰਤੋਂ ਵਿਹਾਰ ਹੈ। ਸੰਤ ਜਨਾਂ ਦੇ ਮਨ ਵਿੱਚ ਨਾਮ ਦਾ ਨਿਵਾਸ ਰਹਿੰਦਾ ਹੈ।

**ਹਰਿ ਕਾ ਨਾਮੁ ਦਾਸ ਕੀ ਓਟ ॥**

**ਹਰਿ ਕੈ ਨਾਮਿ ਉਧਰੇ ਜਨ ਕੋਟਿ ॥**

ਹਰੀ ਦਾ ਨਾਮ ਭਗਤਾਂ ਦਾ ਆਸਰਾ ਹੈ। ਹਰੀ ਦੇ ਨਾਮ ਨਾਲ ਕਰੋੜਾਂ ਸੰਤ ਉਧਰੇ ਹਨ।

**ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥**

**ਹਰਿ ਹਰਿ ਅਉਖਧੁ ਸਾਧ ਕਮਾਤਿ ॥**

ਸੰਤ-ਜਨ ਹਰੀ ਦਾ ਜੱਸ ਰਾਤ-ਦਿਨ ਕਰਦੇ ਹਨ। ਹਰੀ ਨਾਮ ਰੂਪੀ ਦਵਾਈ ਵੀ ਸੰਤ-ਜਨ ਹੀ ਕਮਾਉਂਦੇ ਹਨ।

**ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥**

**ਪਾਰਬ੍ਰਹਮਿ ਜਨ ਕੀਨੋ ਦਾਨ ॥**

ਮਹਾਂਪੁਰਖਾਂ ਦੇ ਪਾਸ ਹਰੀ ਨਾਮ ਦਾ ਹੀ ਭੰਡਾਰ ਹੈ। ਪਾਰਬ੍ਰਹਮ ਨੇ ਸੇਵਕਾਂ ਨੂੰ ਨਾਮ-ਸਿਮਰਨ ਰੂਪ ਦਾਨ ਦਿੱਤਾ ਹੈ।

**ਮਨ ਤਨ ਰੰਗਿ ਰਤੇ ਰੰਗ ਏਕੈ ॥**

**ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥**

ਜੋ ਜਨ ਮਨੋਂ ਤਨੋਂ ਇੱਕ ਦੇ ਰੰਗ ਵਿੱਚ ਰੰਗੇ ਹੋਏ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਨ੍ਹਾਂ ਦੀ ਬਿਰਤੀ ਗਿਆਨਵਾਨ ਹੋ ਜਾਂਦੀ ਹੈ।

**ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥**

**ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥**

ਹਰੀ ਦਾ ਨਾਮ ਹੀ ਭਗਤਾਂ ਵਾਸਤੇ ਮੁਕਤੀ ਦਾ ਰਾਹ ਹੈ। ਹਰੀ ਦੇ ਨਾਮ ਨਾਲ ਭਗਤਾਂ ਨੂੰ ਪਦਾਰਥਾਂ ਵੱਲੋਂ ਤ੍ਰਿਪਤੀ ਹੋ ਜਾਂਦੀ ਹੈ।

**ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥**

**ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥**

ਹਰੀ ਦਾ ਨਾਮ ਹੀ ਸੰਤਾਂ ਦਾ ਰੰਗ ਰੂਪ ਹੈ। ਹਰੀ ਨਾਮ ਸਿਮਰਨ ਵਾਲਿਆਂ ਨੂੰ ਉਹਨਾਂ ਦੇ ਰਸਤੇ ਵਿੱਚ ਕਦੇ ਕੋਈ ਰੁਕਾਵਟ ਨਹੀਂ ਪੈਂਦੀ।

**ਹਰਿ ਕਾ ਨਾਮੁ ਜਨ ਕੀ ਵਡਿਆਈ ॥**

**ਹਰਿ ਕੈ ਨਾਮਿ ਜਨ ਸੋਭਾ ਪਾਈ ॥**

ਹਰੀ ਦਾ ਨਾਮ ਹੀ ਸੰਤਾਂ ਦਾ ਮਾਣ-ਸਤਿਕਾਰ ਹੈ। ਹਰੀ ਦੇ ਨਾਮ ਨਾਲ ਹੀ ਸੰਤਾਂ ਨੇ ਸ਼ੋਭਾ ਪ੍ਰਾਪਤ ਕੀਤੀ ਹੈ।

**ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥**

**ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥**

ਹਰੀ ਦਾ ਨਾਮ ਹੀ ਸੰਤਾਂ ਲਈ ਮਾਇਆ ਦਾ ਭੋਗ ਅਤੇ ਯੋਗਾਭਿਆਸ ਹੈ। ਹਰੀ ਦਾ ਨਾਮ ਸਿਮਰਦਿਆਂ ਜੀਵ ਨੂੰ ਪ੍ਰਭੂ ਨਾਲੋਂ ਵਿਛੋੜਾ ਨਹੀਂ ਪੈਂਦਾ।

**ਜਨੁ ਰਾਤਾ ਹਰਿ ਨਾਮ ਕੀ ਸੇਵਾ ॥**

**ਨਾਨਕ ਪੂਜੈ ਹਰਿ ਹਰਿ ਦੇਵਾ ॥੬॥**

ਸੰਤ ਤਾਂ ਹਰੀ ਨਾਮ ਦੀ ਸੇਵਾ ਵਿੱਚ ਮਸਤ ਰਹਿੰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਵੀ ਹਰੀ-ਦਾਤੇ ਨੂੰ ਪੂਜਦਾ ਹਾਂ।

**ਹਰਿ ਹਰਿ ਜਨ ਕੈ ਮਾਲੁ ਖਜੀਨਾ ॥**

**ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥**

ਭਗਤਾਂ ਲਈ ਹਰੀ ਦਾ ਨਾਮ ਦੌਲਤ ਦਾ ਭੰਡਾਰ ਹੈ। ਪ੍ਰਭੂ ਨੇ ਸੰਤਾਂ ਨੂੰ ਹਰੀ ਨਾਮ ਰੂਪ ਧਨ ਆਪ ਬਖਸ਼ਿਆ ਹੈ।

**ਹਰਿ ਹਰਿ ਜਨ ਕੈ ਓਟ ਸਤਾਣੀ ॥**

**ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥**

ਸੰਤਾਂ ਵਾਸਤੇ ਹਰੀ ਦਾ ਨਾਮ ਹੀ ਮਜ਼ਬੂਤ ਆਸਰਾ ਹੈ। ਹਰੀ ਦੇ ਪ੍ਰਤਾਪ ਕਰਕੇ ਸੰਤਾਂ ਨੇ ਹੋਰ ਕਿਸੇ ਦੇ ਪ੍ਰਤਾਪ ਨੂੰ ਨਹੀਂ ਜਾਣਿਆ।

**ਓਤਿ ਪੋਤਿ ਜਨ ਹਰਿ ਰਸਿ ਰਾਤੇ ॥**

**ਸੁੰਨ ਸਮਾਧਿ ਨਾਮ ਰਸ ਮਾਤੇ ॥**

ਅੰਦਰੋਂ ਬਾਹਰੋਂ ਸੰਤ-ਜਨ ਹਰੀ ਨਾਮ ਸਿਮਰਨ ਦੇ ਰਸ ਵਿੱਚ ਰੰਗੇ ਰਹਿੰਦੇ ਹਨ। ਫੁਰਨਾ ਰਹਿਤ ਡੂੰਘੀ ਸਮਾਧੀ ਵਿੱਚ ਨਾਮ ਦਾ ਰਸ ਮਾਣਦੇ ਹਨ।

**ਆਠ ਪਹਰ ਜਨੁ ਹਰਿ ਹਰਿ ਜਪੈ ॥**

**ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥**

ਜੋ ਮਾਹਤਮਾ ਅੱਠੇ ਪਹਿਰ ਹੀ ਹਰੀ ਦੇ ਨਾਮ ਨੂੰ ਸਿਮਰਦਾ ਹੈ। ਉਹ ਪ੍ਰਭੂ ਦਾ ਭਗਤ ਪ੍ਰਗਟ ਹੁੰਦਾ ਹੈ, ਛੁਪਿਆ ਨਹੀਂ ਰਹਿੰਦਾ।

**ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥**

**ਨਾਨਕ ਜਨ ਸੰਗਿ ਕੇਤੇ ਤਰੇ ॥੭॥**

ਪ੍ਰਭੂ ਦੀ ਭਗਤੀ ਨੇ ਬੇਅੰਤ ਜੀਵ ਮੁਕਤ ਕੀਤੇ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੰਤਾਂ ਦੀ ਸੰਗਤ ਕਰਕੇ ਕਿੰਨੇ ਹੀ ਤਰ ਗਏ ਹਨ।

**ਪਾਰਜਾਤੁ ਇਹੁ ਹਰਿ ਕੋ ਨਾਮ ॥**

**ਕਾਮਧੇਨ ਹਰਿ ਹਰਿ ਗੁਣ ਗਾਮ ॥**

ਹਰੀ ਦਾ ਇਹ ਨਾਮ ਕਲਪ ਬ੍ਰਿਛ (ਮਨ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲਾ) ਹੈ। ਹਰੀ ਦੇ ਗੁਣ ਗਾਇਣ ਕਰਨੇ ਕਾਮਧੇਨ ਗਊ (ਮਨ ਇੱਛਤ ਫਲ ਦੇਣ ਵਾਲੀ ਗਊ) ਹੈ।

**ਸਭ ਤੇ ਊਤਮ ਹਰਿ ਕੀ ਕਥਾ ॥**

**ਨਾਮੁ ਸੁਨਤ ਦਰਦ ਦੁਖ ਲਥਾ ॥**

ਹਰੀ ਦੀ ਕਥਾ (ਸਿਫ਼ਤ-ਸਲਾਹ) ਸੰਤਾਂ ਲਈ ਸਾਰਿਆਂ ਤੋਂ ਚੰਗੀ ਹੈ। ਪ੍ਰਭੂ ਦਾ ਨਾਮ ਸੁਣਦਿਆਂ ਹੀ ਸਾਰੇ ਦੁਖ-ਦਰਦ ਦੂਰ ਹੋ ਜਾਂਦੇ ਹਨ।

**ਨਾਮ ਕੀ ਮਹਿਮਾ ਸੰਤ ਰਿਦ ਵਸੈ ॥**

**ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥**

ਨਾਮ ਦੀ ਸ਼ੋਭਾ ਸੰਤਾਂ ਦੇ ਹਿਰਦੇ ਵਿੱਚ ਵੱਸਦੀ ਹੈ। ਸੰਤਾਂ ਦੇ ਪ੍ਰਤਾਪ ਨਾਲ ਸਾਰੇ ਪਾਪ ਨੱਸ ਜਾਂਦੇ ਹਨ।

**ਸੰਤ ਕਾ ਸੰਗੁ ਵਡਭਾਗੀ ਪਾਈਐ ॥**

**ਸੰਤ ਕੀ ਸੇਵਾ ਨਾਮੁ ਧਿਆਈਐ ॥**

ਚੰਗਿਆਂ ਕਰਮਾਂ ਨਾਲ ਹੀ ਸੰਤਾਂ ਦੀ ਸੰਗਤ ਮਿਲਦੀ ਹੈ।
ਸੰਤ ਦੀ ਸੇਵਾ ਤੋਂ ਹੀ ਨਾਮ ਧਿਆਇਆ ਜਾ ਸਕਦਾ ਹੈ।

**ਨਾਮ ਤੁਲਿ ਕਛੁ ਅਵਰੁ ਨ ਹੋਇ ॥**
**ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥੮॥੨॥**

ਪ੍ਰਭੂ ਦੇ ਨਾਮ ਦੇ ਬਰਾਬਰ ਹੋਰ ਕੁਝ ਨਹੀਂ ਹੋ ਸਕਦਾ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਵਿਰਲੇ ਸੇਵਕਾਂ ਨੂੰ ਹੀ ਗੁਰੂ ਦੁਆਰਾ ਨਾਮ ਪ੍ਰਾਪਤ ਹੁੰਦਾ ਹੈ।

**ਸਲੋਕੁ ॥**

**ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥**

ਬਹੁਤੇ ਸ਼ਾਸਤਰ ਅਤੇ ਸਿਮ੍ਰਤੀਆਂ ਨੂੰ ਖੋਜ ਵਿਚਾਰ ਕੇ ਵੇਖ ਲਿਆ ਹੈ।

**ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ ਦੇ ਅਮੋਲਕ ਨਾਮ ਦੇ ਬਰੋਬਰ, ਉਹ ਨਹੀਂ ਪਹੁੰਚਦੇ।

**ਅਸਟਪਦੀ ॥**

**ਜਾਪ ਤਾਪ ਗਿਆਨ ਸਭਿ ਧਿਆਨ ॥**
**ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥**

ਸਾਰੇ ਜਾਪ, ਸਾਰੇ ਤਪ, ਸਾਰੇ ਗਿਆਨ, ਸਾਰੇ ਧਿਆਨ। ਛੇ ਸ਼ਾਸਤਰ ਅਤੇ ਸਤਾਈ ਸਿਮ੍ਰਤੀਆਂ ਦੇ ਵਖਿਆਨ।

**ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥**
**ਸਗਲ ਤਿਆਗਿ ਬਨ ਮਧੇ ਫਿਰਿਆ ॥**

ਯੋਗ ਦੀ ਸਾਧਨਾ, ਕਰਮ, ਧਰਮ ਅਤੇ ਪੂਜਾ ਆਦਿਕ ਕਿਰਿਆ। ਸਾਰਾ ਕੁਝ ਤਿਆਗ ਕੇ ਜੰਗਲਾਂ ਵਿੱਚ ਫਿਰੇ।

**ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥**
**ਪੁੰਨ ਦਾਨ ਹੋਮੇ ਬਹੁ ਰਤਨਾ ॥**

ਅਨੇਕ ਤਰ੍ਹਾਂ ਦੇ ਬਹੁਤ ਯਤਨ ਕਰੇ।
ਬਹੁਤ ਰਤਨਾਂ ਦਾ ਪੁੰਨ ਦਾਨ ਅਤੇ ਹਵਨ ਕਰੇ।

**ਸਰੀਰੁ ਕਟਾਇ ਹੋਮੈ ਕਰਿ ਰਾਤੀ ॥**
**ਵਰਤ ਨੇਮ ਕਰੈ ਬਹੁ ਭਾਤੀ ॥**

ਸਰੀਰ ਨੂੰ ਰੱਤੀ-ਰੱਤੀ ਕਟਵਾਕੇ ਹਵਨ ਕਰੇ।
ਬਹੁਤ ਤਰ੍ਹਾਂ ਨਾਲ ਵਰਤ ਅਤੇ ਨਿਯਮ ਰੱਖੇ।

**ਨਹੀ ਤੁਲਿ ਰਾਮ ਨਾਮ ਬੀਚਾਰ ॥**

**ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥**

ਇਹ ਸਭ ਪ੍ਰਭੂ ਨਾਮ ਦੇ ਤੁੱਲ ਨਹੀਂ ਹਨ, ਸੰਤਾਂ ਦਾ ਇਹ ਵਿਚਾਰ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਗੁਰੂ ਦੇ ਉਪਦੇਸ਼ ਨਾਲ ਇੱਕ ਵਾਰ ਵੀ ਨਾਮ ਜਪ ਲਈਏ।

**ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥**

**ਮਹਾ ਉਦਾਸੁ ਤਪੀਸਰੁ ਥੀਵੈ ॥**

ਜੇ ਕੋਈ ਲੰਮੀ ਉਮਰ ਤੱਕ ਸਾਰੀ ਧਰਤੀ ਵੀ ਫਿਰ ਲਵੇ। ਜੇ ਕੋਈ ਦੁਨੀਆਂ ਤਿਆਗ ਕੇ ਤਪੀਸਰ ਵੀ ਹੋ ਜਾਵੇ।

**ਅਗਨਿ ਮਾਹਿ ਹੋਮਤ ਪਰਾਨ ॥**

**ਕਨਿਕ ਅਸ੍ਵ ਹੈਵਰ ਭੂਮਿ ਦਾਨ ॥**

ਆਪਣੇ ਪ੍ਰਾਣਾਂ ਦਾ ਹਵਨ ਕਰ ਦੇਵੇ। ਸੋਨਾ, ਘੋੜੇ ਅਤੇ ਚੰਗੀ ਧਰਤੀ ਦਾ ਦਾਨ ਕਰ ਦੇਵੇ।

**ਨਿਉਲੀ ਕਰਮ ਕਰੈ ਬਹੁ ਆਸਨ ॥**

**ਜੈਨ ਮਾਰਗ ਸੰਜਮ ਅਤਿ ਸਾਧਨ ॥**

ਨੇਤੀ-ਧੋਤੀ (ਸਰੀਰ ਦੀ ਸਫ਼ਾਈ ਲਈ ਯੋਗ ਦੇ ਕਰਮ) ਕਰਮ ਅਤੇ ਹੋਰ ਬਹੁਤੇ ਆਸਣ ਕਰੇ। ਜੈਨੀਆਂ ਦੇ ਰਸਤੇ ਚੱਲ ਕੇ ਬੜੇ ਕਠਿਨ ਸਾਧਨ ਸੰਜਮ ਰੱਖੇ।

**ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥**

**ਤਉ ਭੀ ਹਉਮੈ ਮੈਲੁ ਨ ਜਾਵੈ ॥**

ਜੇ ਰਤਾ ਰਤਾ ਕਰਕੇ ਸਰੀਰ ਨੂੰ ਕਟਾ ਵੀ ਦੇਵੇ ਤਾਂ ਵੀ ਹੰਕਾਰ ਦੀ ਮੈਲ ਨਹੀਂ ਜਾਂਦੀ।

**ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥**

**ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥**

ਸੰਤਾਂ ਦੇ ਮੱਤ ਵਿੱਚ ਹੰਕਾਰ ਰੂਪ ਮੈਲ ਨੂੰ ਦੂਰ ਕਰਨ ਵਾਸਤੇ ਹਰੀ-ਨਾਮ ਦੇ ਬਰਾਬਰ ਕੁਝ ਵੀ ਨਹੀਂ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਉਪਦੇਸ਼ ਦੁਆਰਾ ਨਾਮ ਜਪ ਕੇ ਹੀ ਮੁਕਤੀ ਪ੍ਰਾਪਤ ਹੁੰਦੀ ਹੈ।

**ਮਨ ਕਾਮਨਾ ਤੀਰਥ ਦੇਹ ਛੁਟੈ ॥**

**ਗਰਬੁ ਗੁਮਾਨੁ ਨ ਮਨ ਤੇ ਹੁਟੈ ॥**

ਜੇ ਮਨ ਦੀ ਇੱਛਾ ਅਨੁਸਾਰ ਸਰੀਰ ਤੀਰਥ 'ਤੇ ਵੀ ਛੱਡੇ ਤਾਂ ਵੀ ਮਨ ਤੋਂ ਹਉਮੈ ਅਤੇ ਹੰਕਾਰ ਦੂਰ ਨਹੀਂ ਹੁੰਦਾ।

**ਸੋਚ ਕਰੈ ਦਿਨਸੁ ਅਰੁ ਰਾਤਿ ॥**

**ਮਨ ਕੀ ਮੈਲੁ ਨ ਤਨ ਤੇ ਜਾਤਿ ॥**

ਦਿਨ-ਰਾਤ ਸਰੀਰ ਨੂੰ ਪਵਿੱਤਰ ਰੱਖੇ ਤਾਂ ਵੀ ਤਨ ਦੀ ਪਵਿੱਤਰਤਾ ਕਰਕੇ ਮਨ ਦੀ ਮੈਲ ਨਹੀਂ ਜਾਂਦੀ।

**ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥**
**ਮਨ ਤੇ ਕਬਹੂ ਨ ਬਿਖਿਆ ਟਰੈ ॥**

ਜੇ ਇਸ ਸਰੀਰ ਨੂੰ ਬਹੁਤ ਸਿੱਧੀਆਂ ਕਰਕੇ ਸਾਧਦਾ ਹੋਵੇ ਤਾਂ ਵੀ ਵਿਸ਼ਿਆਂ ਦੀ ਵਾਸ਼ਨਾ ਮਨ ਤੋਂ ਨਹੀਂ ਟਲਦੀ।

**ਜਲਿ ਧੋਵੈ ਬਹੁ ਦੇਹ ਅਨੀਤਿ ॥**
**ਸੁਧ ਕਹਾ ਹੋਇ ਕਾਚੀ ਭੀਤਿ ॥**

ਜੇ ਨਾਸ਼ਵਾਨ ਸਰੀਰ ਨੂੰ ਵਾਰ-ਵਾਰ ਪਾਣੀ ਨਾਲ ਧੋ ਲਏ ਤਾਂ ਕੱਚੀ ਕੰਧ ਵਾਂਗ ਕਿੱਥੋਂ ਸ਼ੁੱਧ ਹੋਵੇਗਾ?

**ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥**
**ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥੩॥**

ਹੇ ਮਨ! ਹਰੀ ਦੇ ਨਾਮ ਦੀ ਸ਼ੋਭਾ ਉੱਤਮ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਬਹੁਤ ਵੱਡੇ ਪਾਪੀ ਨਾਮ ਦੁਆਰਾ ਹੀ ਉਧਰੇ ਹਨ।

**ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥**
**ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥**

ਬਹੁਤੀ ਸਿਆਣਪ ਹੋਣ ਦੇ ਬਾਵਜੂਦ ਵੀ ਜਮ ਦਾ ਡਰ ਆ ਘੇਰਦਾ ਹੈ। ਅਨੇਕਾਂ ਯਤਨਾਂ ਨਾਲ ਵੀ ਮਾਇਆ ਦੀ ਇੱਛਾ ਦੂਰ ਨਹੀਂ ਹੁੰਦੀ।

**ਭੇਖ ਅਨੇਕ ਅਗਨਿ ਨਹੀ ਬੁਝੈ ॥**
**ਕੋਟਿ ਉਪਾਵ ਦਰਗਹ ਨਹੀ ਸਿਝੈ ॥**

ਅਨੇਕਾਂ ਭੇਖਾਂ ਦੇ ਧਾਰਨ ਤੋਂ ਵੀ ਤ੍ਰਿਸ਼ਨਾ ਦੀ ਅੱਗ ਨਹੀਂ ਬੁਝਦੀ। ਕਰੋੜਾਂ ਯਤਨਾਂ ਨਾਲ ਵੀ ਦਰਗਾਹ ਵਿੱਚ ਸੁਰਖਰੂ ਨਹੀਂ ਹੁੰਦਾ।

**ਛੂਟਸਿ ਨਾਹੀ ਊਭ ਪਇਆਲਿ ॥**
**ਮੋਹਿ ਬਿਆਪਹਿ ਮਾਇਆ ਜਾਲਿ ॥**

ਉੱਤੇ ਹੇਠਾਂ ਭਾਵ ਐਧਰ ਓਧਰ ਦੀਆਂ ਗੱਪਾਂ ਨਾਲ ਜੀਵ ਛੁੱਟਦਾ ਨਹੀਂ। ਮੋਹ ਵਿੱਚ ਮਾਇਆ ਦਾ ਜਾਲ ਜੀਵ ਨੂੰ ਵਿਆਪਦਾ ਹੈ।

**ਅਵਰ ਕਰਤੂਤਿ ਸਗਲੀ ਜਮੁ ਡਾਨੈ ॥**
**ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥**

ਨਾਮ ਤੋਂ ਬਿਨਾਂ ਹੋਰ ਸਾਰੀ ਕਰਮ ਕਿਰਿਆ ਨੂੰ ਜਮ ਡੰਨ ਲਾਉਂਦਾ ਹੈ। ਗੋਵਿੰਦ ਦੇ ਭਜਨ ਤੋਂ ਬਿਨਾਂ ਉਹ ਰਤਾ ਭਰ ਵੀ ਨਹੀਂ ਮੰਨੇਗਾ।

**ਹਰਿ ਕਾ ਨਾਮੁ ਜਪਤ ਦੁਖੁ ਜਾਇ ॥**
**ਨਾਨਕ ਬੋਲੈ ਸਹਜਿ ਸੁਭਾਇ ॥੪॥**

ਹਰੀ ਦਾ ਨਾਮ ਸਿਮਰਦਿਆਂ ਹੀ ਦੁੱਖ ਚਲਾ ਜਾਂਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਆਤਮਿਕ ਅਡੋਲਤਾ ਨਾਲ ਹਰੀ ਦਾ ਨਾਮ ਲੈਂਦਾ ਹੈ।

**ਚਾਰਿ ਪਦਾਰਥ ਜੇ ਕੋ ਮਾਗੈ ॥**

**ਸਾਧ ਜਨਾ ਕੀ ਸੇਵਾ ਲਾਗੈ ॥**

ਜੇ ਕੋਈ ਚਾਰ ਪਦਾਰਥਾਂ (ਧਰਮ, ਅਰਥ, ਕਾਮ, ਮੋਖ) ਨੂੰ ਚਾਹੁੰਦਾ ਹੈ ਤਾਂ ਉਹ ਸਾਧੂਆਂ ਦੀ ਸੇਵਾ ਵਿੱਚ ਲੱਗ ਜਾਵੇ।

**ਜੇ ਕੋ ਆਪੁਨਾ ਦੂਖੁ ਮਿਟਾਵੈ ॥**

**ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥**

ਜੇ ਕੋਈ ਆਦਮੀ ਆਪਣਾ ਦੁੱਖ ਦੂਰ ਕਰਨਾ ਚਾਹੇ ਤਾਂ ਉਹ ਹਰੀ ਨਾਮ ਨੂੰ ਸਦਾ ਹੀ ਦਿਲੋਂ ਆਰਾਧੇ।

**ਜੇ ਕੋ ਆਪੁਨੀ ਸੋਭਾ ਲੋਰੈ ॥**

**ਸਾਧਸੰਗਿ ਇਹ ਹਉਮੈ ਛੋਰੈ ॥**

ਜੇ ਕੋਈ ਆਦਮੀ ਆਪਣੀ ਸ਼ੋਭਾ ਚਾਹੁੰਦਾ ਹੈ ਤਾਂ ਉਹ ਸਾਧਾਂ ਦੇ ਸੰਗ ਨਾਲ ਹੰਕਾਰ ਛੱਡ ਦੇਵੇ।

**ਜੇ ਕੋ ਜਨਮ ਮਰਣ ਤੇ ਡਰੈ ॥**

**ਸਾਧ ਜਨਾ ਕੀ ਸਰਨੀ ਪਰੈ ॥**

ਜੇ ਕੋਈ ਜਨਮ-ਮਰਨ ਦੇ ਦੁੱਖਾਂ ਤੋਂ ਡਰਦਾ ਹੋਵੇ ਤਾਂ ਉਹ ਸੰਤਾਂ ਦੀ ਸ਼ਰਨ ਵਿੱਚ ਪੈ ਜਾਵੇ।

**ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥**

**ਨਾਨਕ ਤਾ ਕੈ ਬਲਿ ਬਲਿ ਜਾਸਾ ॥੫॥**

ਜਿਸ ਆਦਮੀ ਨੂੰ ਪਰਮੇਸ਼ਰ ਦੇ ਦੀਦਾਰ ਦੀ ਪਿਆਸ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸ ਤੋਂ ਮਨ ਅਤੇ ਬਾਣੀ ਕਰਕੇ ਬਲਿਹਾਰ ਬਲਿਹਾਰ ਜਾਂਦਾ ਹਾਂ।

**ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥**

**ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥**

ਉਹ ਮਨੁੱਖ ਸਾਰਿਆਂ ਮਨੁੱਖਾਂ ਵਿੱਚੋਂ ਪ੍ਰਧਾਨ ਹੈ। ਜਿਸਦਾ ਸਾਧੂਆਂ ਦੀ ਸੰਗਤ ਨਾਲ ਹੰਕਾਰ ਮਿਟ ਜਾਵੇ।

**ਆਪਸ ਕਉ ਜੋ ਜਾਣੈ ਨੀਚਾ ॥**

**ਸੋਊ ਗਨੀਐ ਸਭ ਤੇ ਊਚਾ ॥**

ਜੋ ਆਪਣੇ ਆਪ ਨੂੰ ਨੀਵਾਂ ਸਮਝੇ। ਉਸਨੂੰ ਹੀ ਸਾਰਿਆਂ ਤੋਂ ਉੱਤਮ ਸਮਝੋ।

**ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥**

**ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥**

ਜਿਸਦਾ ਮਨ ਸਾਰਿਆਂ ਦੇ ਚਰਨਾਂ ਦੀ ਧੂੜ ਹੋਇਆ ਹੈ। ਉਸਨੇ ਹੀ ਹਰ ਹਿਰਦੇ ਵਿੱਚ ਹਰੀ-ਨਾਮ ਵਾਲੇ ਪਰਮੇਸ਼ਰ ਨੂੰ ਪਛਾਣਿਆ ਹੈ।

**ਮਨ ਅਪੁਨੇ ਤੇ ਬੁਰਾ ਮਿਟਾਨਾ ॥**

**ਪੇਖੈ ਸਗਲ ਸ੍ਰਿਸਟਿ ਸਾਜਨਾ ॥**

ਜਿਸਨੇ ਆਪਣੇ ਮਨ ਤੋਂ ਵੈਰ ਭਾਵ ਮਿਟਾ ਦਿੱਤਾ ਹੈ।
ਉਹ ਸਾਰੀ ਸ੍ਰਿਸ਼ਟੀ ਨੂੰ ਸੱਜਣ ਕਰਕੇ ਵੇਖਦਾ ਹੈ।

**ਸੂਖ ਦੂਖ ਜਨ ਸਮ ਦ੍ਰਿਸਟੇਤਾ ॥**

**ਨਾਨਕ ਪਾਪ ਪੁੰਨ ਨਹੀ ਲੇਪਾ ॥੬॥**

ਜਿਹੜੇ ਮਨੁੱਖ ਸੁੱਖ-ਦੁੱਖ ਨੂੰ ਇੱਕੋ ਜਿਹਾ ਜਾਣਦੇ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹਨਾਂ ਨੂੰ ਪਾਪ ਪੁੰਨ ਦਾ ਲੇਪ ਨਹੀਂ ਹੁੰਦਾ।

**ਨਿਰਧਨ ਕਉ ਧਨੁ ਤੇਰੋ ਨਾਉ ॥**

**ਨਿਥਾਵੇ ਕਉ ਨਾਉ ਤੇਰਾ ਥਾਉ ॥**

ਹੇ ਪ੍ਰਭੂ! ਕੰਗਾਲ ਲਈ ਤੇਰਾ ਨਾਮ ਹੀ ਧਨ ਹੈ।
ਨਿਥਾਂਵੇਂ ਲਈ ਤੇਰਾ ਨਾਮ ਹੀ ਆਸਰਾ ਹੈ।

**ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥**

**ਸਗਲ ਘਟਾ ਕਉ ਦੇਵਹੁ ਦਾਨੁ ॥**

ਹੇ ਪ੍ਰਭੂ! ਨਿਮਾਣੇ ਨੂੰ ਵੀ ਤੇਰਾ ਹੀ ਮਾਣ ਹੈ।
ਸਾਰਿਆਂ ਜੀਵਾਂ ਨੂੰ ਨਾਮ ਦਾ ਦਾਨ ਦੇਵੋ।

**ਕਰਨ ਕਰਾਵਨਹਾਰ ਸੁਆਮੀ ॥**

**ਸਗਲ ਘਟਾ ਕੇ ਅੰਤਰਜਾਮੀ ॥**

ਹੇ ਸਵਾਮੀ! ਤੁਸੀਂ ਕਰਨ ਅਤੇ ਕਰਾਵਣਹਾਰ ਹੋ।
ਸਾਰੇ ਹਿਰਦਿਆਂ ਦੇ ਜਾਨਣ ਵਾਲੇ ਹੋ।

**ਅਪਨੀ ਗਤਿ ਮਿਤਿ ਜਾਨਹੁ ਆਪੇ ॥**

**ਆਪਨ ਸੰਗਿ ਆਪਿ ਪ੍ਰਭ ਰਾਤੇ ॥**

ਆਪਣੀ ਰਹੁ ਰੀਤ ਨੂੰ ਆਪ ਹੀ ਜਾਣਦੇ ਹੋ।
ਹੇ ਪ੍ਰਭੂ! ਆਪਣੇ ਨਾਲ ਆਪ ਹੀ ਮਸਤ ਹੋ।

**ਤੁਮ੍ਰੀ ਉਸਤਤਿ ਤੁਮ ਤੇ ਹੋਇ ॥**

**ਨਾਨਕ ਅਵਰੁ ਨ ਜਾਨਸਿ ਕੋਇ ॥੭॥**

ਆਪਦੀ ਉਸਤਤ ਤੁਸੀਂ ਆਪ ਹੀ ਕਰ ਸਕਦੇ ਹੋ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੋਰ ਕੋਈ ਤੈਨੂੰ ਨਹੀਂ ਜਾਣ ਸਕਦਾ।

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**

**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**

ਸਾਰਿਆਂ ਯਕੀਨਾਂ ਵਿੱਚੋਂ ਚੰਗਾ ਨਿਸਚੈ, ਸਾਰਿਆਂ ਕਰਮਾਂ ਵਿੱਚੋਂ ਸ਼ੁੱਧ ਕਰਮ, ਹਰੀ ਦੇ ਨਾਮ ਦਾ ਸਿਮਰਨ ਹੀ ਹੈ।

**ਸਗਲ ਕ੍ਰਿਆ ਮਹਿ ਊਤਮ ਕਿਰਿਆ ॥**

**ਸਾਧਸੰਗਿ ਦੁਰਮਤਿ ਮਲੁ ਹਿਰਿਆ ॥**

ਸਾਰੀਆਂ ਕਿਰਿਆਵਾਂ ਵਿੱਚੋਂ ਚੰਗੀ ਕਿਰਿਆ। ਸਾਧ ਦੇ ਸੰਗ ਨਾਲ ਖੋਟੀ ਮੱਤ ਦੀ ਮੈਲ ਨੂੰ ਨਾਸ਼ ਕਰਨਾ ਹੈ।

**ਸਗਲ ਉਦਮ ਮਹਿ ਉਦਮੁ ਭਲਾ ॥**

**ਹਰਿ ਕਾ ਨਾਮੁ ਜਪਹੁ ਜੀਅ ਸਦਾ ॥**

ਸਾਰਿਆਂ ਉੱਦਮਾਂ ਵਿੱਚੋਂ ਚੰਗਾ ਉੱਦਮ ਇਹ ਹੈ ਕਿ ਹੇ ਜੀਅ! ਸਦਾ ਹਰੀ ਦਾ ਨਾਮ ਜਪੋ।

**ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥**

**ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥**

ਸਾਰੀਆਂ ਬਾਣੀਆਂ ਵਿੱਚੋਂ ਅਮਰ ਬਾਣੀ ਏਹੋ ਹੈ ਕਿ ਹਰੀ ਦਾ ਨਾਮ ਸਾਧਾਂ ਕੋਲੋਂ ਸੁਣ ਕੇ ਜੀਭ ਨਾਲ ਜਪ।

**ਸਗਲ ਥਾਨ ਤੇ ਓਹੁ ਊਤਮ ਥਾਨੁ ॥**

**ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥੩॥**

ਸਾਰਿਆਂ ਥਾਂਵਾਂ ਤੋਂ ਉਹ ਉੱਤਮ ਥਾਂ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਹਿਰਦੇ ਵਿੱਚ ਹਰੀ ਦਾ ਨਾਮ ਹੈ।

**ਸਲੋਕੁ ॥**

**ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ ॥**

ਹੇ ਅਗਿਆਨੀ ਔਗਣਆਰਿਆ! ਉਸ ਪਰਮੇਸ਼ਰ ਨੂੰ ਹਮੇਸ਼ਾਂ ਸਿਮਰ।

**ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਭਵਿੱਖ ਵਿੱਚ ਨਾਲ ਨਿਭ ਸਕੇਗਾ ਅਤੇ ਜਿਸ ਨੇ ਤੈਨੂੰ ਪੈਦਾ ਕੀਤਾ ਹੈ, ਉਸਨੂੰ ਮਨ ਵਿੱਚ ਯਾਦ ਰੱਖ।

**ਅਸਟਪਦੀ ॥**

**ਰਮਈਆ ਕੇ ਗੁਨ ਚੇਤਿ ਪਰਾਨੀ ॥**

**ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥**

ਹੇ ਪ੍ਰਾਣੀ! ਸਰਬ ਵਿਆਪਕ ਪ੍ਰਭੂ ਦੇ ਗੁਣਾਂ ਨੂੰ ਯਾਦ ਕਰ। ਕਿਸ ਰੂਪ ਤੋਂ ਤੇਰਾ ਕਿਹਾ ਸੁੰਦਰ ਰੂਪ ਦਿਖਾਇਆ ਹੈ।

**ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥**

**ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥**

ਜਿਸਨੇ ਤੈਨੂੰ ਬਣਾਇਆ ਸਵਾਰਿਆ ਅਤੇ ਸ਼ਿੰਗਾਰਿਆ ਹੈ। ਜਿਸਨੇ ਤੈਨੂੰ ਮਾਤਾ ਦੇ ਪੇਟ ਦੀ ਅੱਗ ਵਿੱਚੋਂ ਬਚਾਇਆ ਹੈ।

**ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥**

**ਭਰਿ ਜੋਬਨ ਭੋਜਨ ਸੁਖ ਸੂਧ ॥**

ਉਹ ਬਚਪਨ ਵਿੱਚ ਤੈਨੂੰ ਦੁੱਧ ਪਿਆਉਂਦਾ ਹੈ।
ਭਰ ਜੁਆਨੀ ਵਿੱਚ ਸ਼ੁੱਧ ਭੋਜਨ ਦਾ ਸੁਖ ਦੇਂਦਾ ਹੈ।

**ਬਿਰਧਿ ਭਇਆ ਊਪਰਿ ਸਾਕ ਸੈਨ ॥**

**ਮੁਖਿ ਅਪਿਆਉ ਬੈਠ ਕਉ ਦੈਨ ॥**

ਜਿਸਨੇ ਬੁੱਢੇ ਹੋਇਆਂ ਤੇਰੀ ਸੇਵਾ ਲਈ ਸਾਕ-ਸੰਬੰਧੀ ਖੜ੍ਹੇ ਕਰ ਦਿੱਤੇ।
ਜਿਹੜੇ ਤੈਨੂੰ ਬੈਠੇ ਨੂੰ ਹੀ ਮੂੰਹ ਵਿੱਚ ਮਿੱਠੇ ਪਦਾਰਥ ਦੇਂਦੇ ਹਨ।

**ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ॥**

**ਬਖਸਿ ਲੇਹੁ ਤਉ ਨਾਨਕ ਸੀਝੈ॥੧॥**

ਹੇ ਪ੍ਰਭੂ! ਇਹ ਮਨੁੱਖ ਹੀ ਨਿਗੁਣਾ ਹੈ, ਜੋ ਤੇਰੇ ਕੁਝ ਵੀ ਉਪਕਾਰ ਨਹੀਂ ਜਾਣਦਾ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਤੁਸੀਂ ਬਖਸ਼ ਲਵੋਂਗੇ ਤਾਂ ਹੀ ਇਸ ਮਨੁੱਖ ਦੀ ਪੂਰੀ ਪੈ ਸਕਦੀ ਹੈ।

**ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥**

**ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥**

ਹੇ ਮਨੁੱਖ! ਜਿਸ ਦੀ ਕਿਰਪਾ ਨਾਲ ਤੂੰ ਧਰਤੀ 'ਤੇ ਸੁਖ ਨਾਲ ਰਹਿੰਦਾ ਹੈਂ।
ਪੁੱਤਰ, ਭਰਾ, ਮਿੱਤਰ ਤੇ ਇਸਤਰੀ ਨਾਲ ਹੱਸਦਾ ਹੈਂ।

**ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥**

**ਸੁਖਦਾਈ ਪਵਨੁ ਪਾਵਕੁ ਅਮੁਲਾ ॥**

ਜਿਸ ਦੀ ਕਿਰਪਾ ਨਾਲ ਠੰਢੇ ਪਾਣੀ ਪੀਂਦਾ ਹੈਂ।
ਅਮੋਲਕ ਸੁਖਦਾਈ ਹਵਾ ਤੇ ਅੱਗ ਵਰਤਦਾ ਹੈਂ।

**ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥**

**ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥**

ਜਿਸ ਦੀ ਕਿਰਪਾ ਨਾਲ ਸਾਰੇ ਰਸਾਂ ਨੂੰ ਭੋਗਦਾ ਹੈਂ।
ਸਾਰੇ ਲੋੜੀਂਦੇ ਸਮਾਨ ਸਹਿਤ ਜੀਂਦਾ ਹੈਂ।

**ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥**

**ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥**

ਜਿਸਨੇ ਹੱਥ, ਪੈਰ, ਕੰਨ, ਅੱਖਾਂ ਅਤੇ ਜੀਭ ਆਦਿਕ ਦਸੇ ਇੰਦਰੇ ਦਿੱਤੇ ਹਨ।
ਉਸ ਨੂੰ ਛੱਡ ਕੇ ਹੋਰ ਨਾਲ ਲੱਗ ਜਾਣਾ, ਕਿੱਡੀ ਹੈਰਾਨੀ ਦੀ ਗੱਲ ਹੈ?

**ਐਸੇ ਦੋਖ ਮੂੜ ਅੰਧ ਬਿਆਪੇ ॥**

**ਨਾਨਕ ਕਾਢਿ ਲੇਹੁ ਪ੍ਰਭ ਆਪੇ ॥੨॥**

ਐਸੇ ਦੋਸ਼ਾਂ ਵਿੱਚ ਮੂਰਖ ਅਤੇ ਅੰਨ੍ਹੇ ਜੀਵ ਲੱਗੇ ਹੋਏ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਤੁਸੀਂ ਆਪ ਹੀ ਇਨ੍ਹਾਂ ਦੋਸ਼ਾਂ ਵਿੱਚੋਂ ਕੱਢ ਲਉ।

**ਆਦਿ ਅੰਤਿ ਜੋ ਰਾਖਨਹਾਰੁ ॥**

**ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥**

ਜੋ ਪਰਮੇਸ਼ਰ ਜਨਮ ਤੋਂ ਮਰਨ ਤੱਕ ਰੱਖਣ ਵਾਲਾ ਹੈ।
ਹੇ ਮੂਰਖ ਇਨਸਾਨ! ਉਸ ਨਾਲ ਤੂੰ ਪ੍ਰੇਮ ਨਹੀਂ ਕਰਦਾ।

**ਜਾ ਕੀ ਸੇਵਾ ਨਵ ਨਿਧਿ ਪਾਵੈ ॥**

**ਤਾ ਸਿਉ ਮੂੜਾ ਮਨੁ ਨਹੀ ਲਾਵੈ ॥**

ਜਿਸ ਦੀ ਸੇਵਾ 'ਚੋਂ ਨੌਂ ਨਿੱਧੀਆਂ ਪਾਈਆਂ ਜਾ ਸਕਦੀਆਂ ਹਨ।
ਉਸ ਨਾਲ ਮੂਰਖ ਇਨਸਾਨ ਤੂੰ ਮਨ ਨਹੀਂ ਲਾਉਂਦਾ।

**ਜੋ ਠਾਕੁਰੁ ਸਦ ਸਦਾ ਹਜੂਰੇ ॥**

**ਤਾ ਕਉ ਅੰਧਾ ਜਾਨਤ ਦੂਰੇ ॥**

ਜੋ ਮਾਲਕ ਹਮੇਸ਼ਾਂ-ਹਮੇਸ਼ਾਂ ਲਈ ਤੇਰੇ ਪਾਸ ਹੈ।
ਹੇ ਅੰਨ੍ਹੇ ਆਦਮੀ! ਤੂੰ ਉਸ ਨੂੰ ਦੂਰ ਸਮਝਦਾ ਹੈਂ।

**ਜਾ ਕੀ ਟਹਲ ਪਾਵੈ ਦਰਗਹ ਮਾਨੁ ॥**

**ਤਿਸਹਿ ਬਿਸਾਰੈ ਮੁਗਧੁ ਅਜਾਨੁ ॥**

ਜਿਸ ਦੀ ਸੇਵਾ ਨਾਲ ਦਰਗਾਹ ਵਿੱਚ ਆਦਰ ਪਾਈਦਾ ਹੈ।
ਮੂਰਖ ਅਤੇ ਅਜਾਣ ਆਦਮੀ ਉਸੇ ਨੂੰ ਹੀ ਭੁਲਾਉਂਦਾ ਹੈ।

**ਸਦਾ ਸਦਾ ਇਹੁ ਭੂਲਨਹਾਰੁ ॥**

**ਨਾਨਕ ਰਾਖਨਹਾਰੁ ਅਪਾਰੁ ॥੩॥**

ਇਹੁ ਇਨਸਾਨ ਤਾਂ ਹਮੇਸ਼ ਦਰ ਹਮੇਸ਼ ਭੁੱਲਣ ਵਾਲਾ ਹੀ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਬੇਅੰਤ ਪਰਮੇਸ਼ਰ ਰੱਖਿਆ ਕਰਨ ਵਾਲਾ ਹੈ।

**ਰਤਨੁ ਤਿਆਗਿ ਕਉਡੀ ਸੰਗਿ ਰਚੈ ॥**

**ਸਾਚੁ ਛੋਡਿ ਝੂਠ ਸੰਗਿ ਮਚੈ ॥**

ਇਹ ਜੀਵ ਕੀਮਤੀ ਰਤਨਾਂ ਨੂੰ ਛੱਡ ਕੇ ਕਉਡੀਆਂ ਨਾਲ ਮਨ ਲਾਉਂਦਾ ਹੈ।
ਸੱਚ ਨੂੰ ਛੱਡ ਕੇ ਝੂਠ ਬੋਲਣ ਨਾਲ ਖੁਸ਼ ਹੁੰਦਾ ਹੈ।

**ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥**

**ਜੋ ਹੋਵਨੁ ਸੋ ਦੂਰਿ ਪਰਾਨੈ ॥**

ਜੋ ਛੱਡਣ ਵਾਲਾ ਹੈ ਉਸਨੂੰ ਸਦਾ ਰਹਿਣ ਵਾਲਾ ਮੰਨਦਾ ਹੈ।
ਜੋ ਹੋਣਾ ਹੈ, ਉਸਨੂੰ ਦੂਰ ਸਮਝਦਾ ਹੈ।

**ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥**
**ਸੰਗਿ ਸਹਾਈ ਤਿਸੁ ਪਰਹਰੈ ॥**

ਜੋ ਪਦਾਰਥ ਛੱਡਣ ਵਾਲੇ ਹਨ ਉਸ ਦੀ ਪ੍ਰਾਪਤੀ ਦਾ ਯਤਨ ਕਰਦਾ ਹੈ। ਜੋ ਹਰਿ-ਸਿਮਰਨ ਸਹਾਇਕ ਹੋਣਾ ਹੈ, ਉਸਨੂੰ ਛੱਡ ਰਿਹਾ ਹੈ।

**ਚੰਦਨ ਲੇਪੁ ਉਤਾਰੈ ਧੋਇ ॥**
**ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥**

ਚੰਦਨ ਦਾ ਲੇਪ ਧੋ ਕੇ ਉਤਾਰ ਰਿਹਾ ਹੈ ਅਤੇ ਗਧੇ ਵਾਂਗ ਸੁਆਹ ਨਾਲ ਏਸ ਦੀ ਪ੍ਰੀਤ ਹੋ ਰਹੀ ਹੈ।

**ਅੰਧ ਕੂਪ ਮਹਿ ਪਤਿਤ ਬਿਕਰਾਲ ॥**
**ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥੪॥**

ਏਸ ਤਰ੍ਹਾਂ ਇਹ ਪਾਪੀ ਮਨੁੱਖ ਭਿਆਨਕ ਹਨੇਰੇ ਖੂਹ ਵਿੱਚ ਗਿਰਿਆ ਪਿਆ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਦਇਆਲ ਪ੍ਰਭੂ! ਇਸ ਜੀਵ ਨੂੰ ਹਨੇਰੇ ਵਾਲੇ ਖੂਹ ਵਿੱਚੋਂ ਕੱਢ ਲਉ।

**ਕਰਤੂਤਿ ਪਸੂ ਕੀ ਮਾਨਸ ਜਾਤਿ ॥**
**ਲੋਕ ਪਚਾਰਾ ਕਰੈ ਦਿਨੁ ਰਾਤਿ ॥**

ਮਨੁਖ ਜਾਤਿ ਵਿੱਚ ਪੈਦਾ ਹੋਣ ਦੇ ਬਾਵਜੂਦ ਇਸ ਜੀਵ ਦੀ ਕਰਤੂਤ ਤਾਂ ਪਸ਼ੂ ਵਾਲੀ ਹੈ। ਲੋਕਾਂ ਨੂੰ ਭਰਮਾਉਣ ਦਾ ਕਰਮ ਹੀ ਹਮੇਸ਼ਾਂ ਕਰਦਾ ਹੈ।

**ਬਾਹਰਿ ਭੇਖ ਅੰਤਰਿ ਮਲੁ ਮਾਇਆ ॥**
**ਛਪਸਿ ਨਾਹਿ ਕਛੁ ਕਰੈ ਛਪਾਇਆ ॥**

ਦੁਨੀਆਂ ਸਾਹਮਣੇ ਤਿਆਗੀ ਬਣਿਆ ਹੈ, ਪਰ ਅੰਦਰ ਮਾਇਆ ਦੀ ਮੈਲ ਲੱਗੀ ਹੈ। ਲੁਕਾਅ ਕੀਤਿਆਂ ਵੀ ਕੁਝ ਲੁਕੇਗਾ ਨਹੀਂ।

**ਬਾਹਰਿ ਗਿਆਨ ਧਿਆਨ ਇਸਨਾਨ ॥**
**ਅੰਤਰਿ ਬਿਆਪੈ ਲੋਭੁ ਸੁਆਨੁ ॥**

ਬਾਹਰੋਂ ਤਾਂ ਗਿਆਨ ਵਾਲੀਆਂ ਗੱਲਾਂ ਕਰਦਾ ਹੈਂ, ਧਿਆਨ ਲਾਉਣ ਦੇ ਤਰੀਕੇ ਦੱਸਦਾ ਹੈ ਅਤੇ ਵਿਖਾਵੇ ਲਈ ਇਸ਼ਨਾਨ ਕਰਦਾ ਹੈ। ਦਿਲ ਵਿੱਚ ਲੋਭ ਰੂਪ ਕੁੱਤੇ ਦਾ ਹਲਕ ਕੁੱਦ ਰਿਹਾ ਹੈ।

**ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥**
**ਗਲਿ ਪਾਥਰ ਕੈਸੇ ਤਰੈ ਅਥਾਹ ॥**

ਅੰਦਰ ਕਾਮ, ਕ੍ਰੋਧ, ਤ੍ਰਿਸ਼ਨਾ ਆਦਿਕ ਦੀ ਅੱਗ ਹੈ, ਬਾਹਰ ਸਰੀਰ ਨੂੰ ਸੁਆਹ ਲਾਈ ਹੈ। ਗਲ ਨਾਲ ਪੱਥਰ ਬੰਨ ਕੇ ਅਥਾਹ ਸਮੁੰਦਰ ਕਿਵੇਂ ਤਰੇਂਗਾ?

**ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥**
**ਨਾਨਕ ਤੇ ਜਨ ਸਹਜਿ ਸਮਾਤਿ ॥੫॥**

ਜਿਸ ਦੇ ਦਿਲ ਵਿੱਚ ਆਪ ਹੀ ਪ੍ਰਭੂ ਵੱਸ ਜਾਵੇ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਆਦਮੀ ਸਹਿਜੇ ਹੀ ਹਰੀ ਵਿੱਚ ਸਮਾ ਜਾਂਦੇ ਹਨ।

**ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥**
**ਕਰੁ ਗਹਿ ਲੇਹੁ ਓੜਿ ਨਿਬਹਾਵੈ ॥**

ਅੰਨ੍ਹਾ ਕੇਵਲ ਸੁਣ ਕੇ ਹੀ ਰਾਹ ਕਿਵੇਂ ਲੱਭ ਸਕਦਾ ਹੈ? ਹੇ ਪ੍ਰਭੂ! ਜੇ ਹੱਥ ਫੜ ਲਓ ਤਾਂ ਹੀ ਇਹ ਜੀਵ ਆਖਰੀ ਮੰਜ਼ਿਲ ਤੱਕ ਪੁੱਜ ਸਕੇਗਾ।

**ਕਹਾ ਬੁਝਾਰਤਿ ਬੂਝੈ ਡੋਰਾ ॥**
**ਨਿਸਿ ਕਹੀਐ ਤਉ ਸਮਝੈ ਭੋਰਾ ॥**

ਕੋਈ ਬੋਲਾ ਮਨੁੱਖ ਗੁੰਝਲਦਾਰ ਬੁਝਾਰਤ ਨੂੰ ਕਿਥੋਂ ਬੁੱਝ ਸਕੇਗਾ?
ਜਿਸਨੂੰ ਰਾਤ ਕਹਿਣ ਤੋਂ ਦਿਨ ਦੀ ਸਮਝ ਆਉਂਦੀ ਹੋਵੇ।

**ਕਹਾ ਬਿਸਨਪਦ ਗਾਵੈ ਗੁੰਗ ॥**
**ਜਤਨ ਕਰੈ ਤਉ ਭੀ ਸੁਰ ਭੰਗ ॥**

ਗੁੰਗਾ ਬਿਸ਼ਨ ਪਦਾਂ ਨੂੰ ਕਿੱਥੋਂ ਗਾਏਗਾ?
ਜੇ ਕੋਸ਼ਿਸ਼ ਵੀ ਕਰੇ ਤਾਂ ਵੀ ਉਸਦੀ ਸੁਰ ਟੁੱਟ ਜਾਏਗੀ।

**ਕਹ ਪਿੰਗੁਲ ਪਰਬਤ ਪਰ ਭਵਨ ॥**
**ਨਹੀ ਹੋਤ ਊਹਾ ਉਸੁ ਗਵਨ ॥**

ਪਿੰਗਲੇ ਨੇ ਪਹਾੜ ਉੱਪਰ ਕੀ ਫਿਰਨਾ ਹੈ?
ਜਦੋਂ ਕਿ ਉਹ ਉੱਥੇ ਜਾ ਹੀ ਨਹੀਂ ਸਕਦਾ।

**ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥**
**ਨਾਨਕ ਤੁਮਰੀ ਕਿਰਪਾ ਤਰੈ ॥੬॥**

ਹੇ ਕਰਨਹਾਰ ਤੇ ਦਿਆਲੂ ਪ੍ਰਭੂ! ਮੈਂ ਗਰੀਬ ਇਹ ਬੇਨਤੀ ਕਰ ਰਿਹਾ ਹਾਂ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਤੇਰੀ ਮਿਹਰ ਨਾਲ ਹੀ ਤਰ ਸਕਾਂਗਾ, ਨਹੀਂ ਤਾਂ ਨਹੀਂ ਤਰ ਸਕਦਾ।

**ਸੰਗਿ ਸਹਾਈ ਸੁ ਆਵੈ ਨ ਚੀਤਿ ॥**
**ਜੋ ਬੈਰਾਈ ਤਾ ਸਿਉ ਪ੍ਰੀਤਿ ॥**

ਇਹ ਜੀਵ ਉਸ ਸੰਗੀ ਅਤੇ ਸਹਾਇਕ ਪ੍ਰਭੂ ਨੂੰ ਯਾਦ ਨਹੀਂ ਕਰਦਾ।
ਜੋ ਵੈਰੀਆਂ ਨਾਲ ਪ੍ਰੀਤ ਕਰਦਾ ਹੈ।

**ਬਲੂਆ ਕੇ ਗ੍ਰਿਹ ਭੀਤਰਿ ਬਸੈ ॥**
**ਅਨਦ ਕੇਲ ਮਾਇਆ ਰੰਗਿ ਰਸੈ ॥**

ਰੇਤ ਦੇ ਘਰ ਅਥਵਾ ਮਿਥਿਆ ਸੰਸਾਰ ਵਿੱਚ ਵੱਸਦਾ ਹੈ। ਮਾਇਆ ਦੇ ਝੂਠੇ ਰੰਗਾਂ ਵਿੱਚ ਪੈ ਕੇ ਭੋਗ ਦੇ ਅਨੰਦਾਂ ਵਿੱਚ ਮਗਨ ਰਹਿੰਦਾ ਹੈ।

**ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥**

**ਕਾਲੁ ਨ ਆਵੈ ਮੂੜੇ ਚੀਤਿ ॥**

ਜੀਵ ਨੇ ਇਹ ਗੱਲ ਪੂਰੇ ਵਿਸ਼ਵਾਸ ਨਾਲ ਮਨ ਨੂੰ ਦ੍ਰਿੜ੍ਹ ਕਰਵਾਈ ਹੋਈ ਹੈ ਕਿ ਇਹ ਜੀਵਨ ਸਦੀਵ ਕਾਲ ਰਹਿਣ ਵਾਲਾ ਹੈ। ਪਰ ਮੂਰਖ ਨੂੰ ਮੌਤ ਦੀ ਯਾਦ ਹੀ ਨਹੀਂ ਆਉਂਦੀ।

**ਬੈਰ ਬਿਰੋਧ ਕਾਮ ਕ੍ਰੋਧ ਮੋਹ ॥**

**ਝੂਠ ਬਿਕਾਰ ਮਹਾ ਲੋਭ ਧ੍ਰੋਹ ॥**

ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਲੋਭ ਅਤੇ ਧ੍ਰੋਹ ਆਦਿ ਮਹਾ ਵਿਕਾਰ।

**ਇਆਹੂ ਜੁਗਤਿ ਬਿਹਾਨੇ ਕਈ ਜਨਮ ॥**

**ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥**

ਇਹਨਾਂ ਜੁਗਤੀਆਂ ਨਾਲ ਹੀ ਕਈ ਜਨਮ ਗੁਜ਼ਾਰੇ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਆਪਣੀ ਮਿਹਰ ਕਰਕੇ ਮੈਨੂੰ ਰੱਖ ਲਉ।

**ਤੂ ਠਾਕੁਰੁ ਤੁਮ ਪਹਿ ਅਰਦਾਸਿ ॥**

**ਜੀਉ ਪਿੰਡੁ ਸਭੁ ਤੇਰੀ ਰਾਸਿ ॥**

ਹੇ ਪਰਮੇਸ਼ਰ! ਤੂੰ ਮਾਲਕਹੈਂ, ਤੇਰੇ ਕੋਲ ਬੇਨਤੀ ਕਰਨੀ ਹੈ। ਜ਼ਿੰਦਗੀ ਅਤੇ ਸਰੀਰ ਸਭ ਤੇਰੀ ਦਿੱਤੀ ਹੋਈ ਪੂੰਜੀ ਹੈ।

**ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥**

**ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥**

ਤੁਸੀਂ ਮਾਤਾ ਪਿਤਾ ਹੋ ਅਤੇ ਅਸੀਂ ਤੇਰੇ ਬੱਚੇ ਹਾਂ।
ਤੁਹਾਡੀ ਮਿਹਰ ਵਿੱਚ ਬੇਅੰਤ ਸੁੱਖ ਹਨ।

**ਕੋਇ ਨ ਜਾਨੈ ਤੁਮਰਾ ਅੰਤੁ ॥**

**ਊਚੇ ਤੇ ਊਚਾ ਭਗਵੰਤ ॥**

ਤੇਰੇ ਅੰਤ ਨੂੰ ਕੋਈ ਨਹੀਂ ਸਮਝ ਸਕਦਾ।
ਹੇ ਭਗਵੰਤ! ਤੂੰ ਉੱਚੇ ਤੋਂ ਵੀ ਉੱਚਾ ਹੈਂ।

**ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥**

**ਤੁਮ ਤੇ ਹੋਇ ਸੁ ਆਗਿਆਕਾਰੀ ॥**

ਤੇਰੇ ਹੁਕਮ ਵਿੱਚ ਹੀ ਸਾਰੀਆਂ ਵਸਤਾਂ ਹਨ।
ਜੋ ਹੁਕਮ ਆਪ ਤੋਂ ਹੁੰਦਾ ਹੈ, ਉਹ ਮੰਨਣਯੋਗ ਹੈ।

**ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥**

**ਨਾਨਕ ਦਾਸ ਸਦਾ ਕੁਰਬਾਨੀ ॥੮॥੪॥**

ਤੇਰੀ ਗਿਣਤੀ-ਮਿਣਤੀ ਨੂੰ ਤਾਂ ਤੂੰ ਹੀ ਸਮਝ ਸਕਦਾ ਹੈਂ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਦਾਸ ਹਮੇਸ਼ਾਂ ਹੀ ਤੇਰੇ ਤੋਂ ਬਲਿਹਾਰ ਹਾਂ।

**ਸਲੋਕੁ ॥**

**ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ ॥**

ਜੇ ਇਨਸਾਨ ਪ੍ਰਭੂ ਦਾਤਾਰ ਨੂੰ ਛੱਡ ਕੇ ਪਦਾਰਥਾਂ ਨਾਲ ਜੁੜਦਾ ਹੈ।

**ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਤਾਂ ਉਹ ਮਨੁੱਖ ਕਿਤੇ ਵੀ ਸਫਲ ਨਹੀਂ ਹੁੰਦਾ ਅਤੇ ਨਾਮ ਤੋਂ ਬਿਨਾਂ ਉਸਦੀ ਇੱਜ਼ਤ ਵੀ ਜਾਂਦੀ ਰਹਿੰਦੀ ਹੈ।

**ਅਸਟਪਦੀ ॥ਦਸ ਬਸਤੂ ਲੇ ਪਾਛੈ ਪਾਵੈ ॥**

**ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥**

ਜੇ ਇਨਸਾਨ ਦਸ ਪਦਾਰਥ ਲੈ ਕੇ ਜਮਾ ਕਰ ਲੈਂਦਾ ਹੈ ਤਾਂ ਫਿਰ ਵੀ ਕਿਸੇ ਇਕ ਵਸਤੂ ਦੀ ਕਮੀ ਵਾਸਤੇ ਬੁਰਾ ਬੋਲਦਾ ਹੈ।

**ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥**

**ਤਉ ਮੂੜਾ ਕਹੁ ਕਹਾ ਕਰੇਇ ॥**

ਜੇ ਇਕ ਵੀ ਨਾ ਦੇਵੇ ਅਤੇ ਦਸ ਵੀ ਖੋਹ ਲਵੇ ਅਰਥਾਤ ਦਿੱਤੀਆਂ ਹੋਈਆਂ ਵੀ ਲੈ ਲਵੇ। ਹੇ ਮੂਰਖ! ਦੱਸ ਫਿਰ ਤੂੰ ਕੀ ਕਰੇਂਗਾ?।

**ਜਿਸੁ ਠਾਕੁਰ ਸਿਉ ਨਾਹੀ ਚਾਰਾ ॥**

**ਤਾ ਕਉ ਕੀਜੈ ਸਦ ਨਮਸਕਾਰਾ ॥**

ਜਿਸ ਪਾਤਸ਼ਾਹ ਅੱਗੇ ਕੋਈ ਜੋਰ ਨਹੀਂ,
ਉਸਨੂੰ ਹਮੇਸ਼ਾਂ ਨਮਸਕਾਰ ਹੀ ਕਰਨੀ ਯੋਗ ਹੈ।

**ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥**

**ਸਰਬ ਸੂਖ ਤਾਹੂ ਮਨਿ ਵੂਠਾ ॥**

ਜਿਸ ਦੇ ਮਨ ਨੂੰ ਮਾਲਕਪਿਆਰਾ ਲੱਗਾ ਹੈ,
ਉਸ ਦੇ ਮਨ ਵਿੱਚ ਸਾਰੇ ਸੁਖ ਵੱਸੇ ਹਨ।

**ਜਿਸੁ ਜਨ ਅਪਨਾ ਹੁਕਮੁ ਮਨਾਇਆ ॥**

**ਸਰਬ ਥੋਕ ਨਾਨਕ ਤਿਨਿ ਪਾਇਆ ॥੧॥**

ਜਿਸ ਮਨੁੱਖ ਨੂੰ ਪਰਮੇਸ਼ਰ ਨੇ ਆਪਣਾ ਹੁਕਮ ਮਨਵਾ ਲਿਆ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਓਸਨੇ ਹੀ ਸਰਬ ਪਦਾਰਥ ਪਾਏ ਹਨ।

**ਅਗਨਤ ਸਾਹੁ ਅਪਨੀ ਦੇ ਰਾਸਿ ॥**

**ਖਾਤ ਪੀਤ ਬਰਤੈ ਅਨਦ ਉਲਾਸਿ ॥**

ਜਿਸ ਤਰ੍ਹਾਂ ਕੋਈ ਸ਼ਾਹ ਆਪਣੀ ਬੇਗਿਣਤ ਪੂੰਜੀ ਕਿਸੇ ਨੂੰ ਦੇ ਦੇਵੇ ਤਾਂ ਉਹ ਖਾਂਦਾ ਪੀਂਦਾ ਆਨੰਦ ਅਤੇ ਪ੍ਰਸੰਨਤਾ ਨਾਲ ਉਸ ਪੂੰਜੀ ਨੂੰ ਵਰਤਦਾ ਹੋਵੇ।

**ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥**
**ਅਗਿਆਨੀ ਮਨਿ ਰੋਸੁ ਕਰੇਇ ॥**

ਓਹੋ ਸ਼ਾਹ ਆਪਣੀ ਕੁਝ ਅਮਾਨਤ ਨੂੰ ਵਾਪਸ ਲੈ ਲਵੇ ਤਾਂ ਅਗਿਆਨੀ ਆਦਮੀ ਮਨ ਵਿੱਚ ਰੋਸ ਕਰਦਾ ਹੈ।

**ਅਪਨੀ ਪਰਤੀਤਿ ਆਪ ਹੀ ਖੋਵੈ ॥**
**ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥**

ਇਸ ਤਰ੍ਹਾਂ ਆਪਣਾ ਵਿਸ਼ਵਾਸ਼ ਆਪ ਹੀ ਗੁਆ ਲੈਂਦਾ ਹੈ।
ਫਿਰ ਉਸਦਾ ਭਰੋਸਾ ਨਹੀਂ ਹੁੰਦਾ।

**ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥**
**ਪ੍ਰਭ ਕੀ ਆਗਿਆ ਮਾਨੈ ਮਾਥੈ ॥**

ਜਿਸ ਸ਼ਾਹ-ਪ੍ਰਭੂ ਦੀ ਸਾਰੀ ਵਸਤੂ ਹੈ, ਖੁਸ਼ੀ ਨਾਲ ਉਸਦੇ ਅੱਗੇ ਰੱਖ ਦੇਵੇ ਅਤੇ ਮਾਲਕਦਾ ਹੁਕਮ ਸਿਰ ਮੱਥੇ ਤੇ ਸਵੀਕਾਰ ਕਰੇ।

**ਉਸ ਤੇ ਚਉਗੁਨ ਕਰੈ ਨਿਹਾਲੁ ॥**
**ਨਾਨਕ ਸਾਹਿਬੁ ਸਦਾ ਦਇਆਲੁ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮਾਲਕਤਾਂ ਹਮੇਸ਼ਾ ਹੀ ਮਿਹਰਬਾਨ ਹੈ, ਉਹ ਤਾਂ ਉਸ ਨੂੰ ਪਹਿਲਾਂ ਨਾਲੋਂ ਵੀ ਚਾਰ-ਗੁਣਾਂ ਵੱਧ ਨਿਹਾਲ ਕਰਦਾ ਹੈ॥੨॥

**ਅਨਿਕ ਭਾਤਿ ਮਾਇਆ ਕੇ ਹੇਤ ॥**
**ਸਰਪਰ ਹੋਵਤ ਜਾਨੁ ਅਨੇਤ ॥**

ਮਾਇਆ ਇਕੱਠੀ ਕਰਨ ਲਈ ਤੇਰੇ ਕੀਤੇ ਅਨੇਕ ਵਸੀਲੇ।
ਅੰਤ ਵੇਲੇ ਨਾਸ਼ ਹੋ ਜਾਣਗੇ, ਇਸ ਗੱਲ ਨੂੰ ਸਮਝ ਲੈ।

**ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥**
**ਓਹ ਬਿਨਸੈ ਉਹੁ ਮਨਿ ਪਛੁਤਾਵੈ ॥**

ਜੇ ਕੋਈ ਮਨੁੱਖ ਰੁੱਖ ਦੀ ਛਾਂ ਨਾਲ ਪ੍ਰੇਮ ਕਰ ਲਵੇ। ਉਹ ਛਾਂ ਦੇ ਖਤਮ ਹੋਣ ਨਾਲ ਪਛਤਾਵੇਗਾ। ਇਸ ਤਰ੍ਹਾਂ ਮਾਇਆ ਨੂੰ ਆਧਾਰ ਮੰਨਣ ਵਾਲਾ ਵੀ ਅੰਤ ਪਸ਼ਚਾਤਾਪ ਕਰੇਗਾ।

**ਜੋ ਦੀਸੈ ਸੋ ਚਾਲਨਹਾਰੁ ॥**
**ਲਪਟਿ ਰਹਿਓ ਤਹ ਅੰਧ ਅੰਧਾਰੁ ॥**

ਜੋ ਵੀ ਦਿਸਦਾ ਹੈ, ਉਹ ਤਾਂ ਨਾਸ ਹੋਣ ਵਾਲਾ ਹੈ ਤਾਂ ਵੀ ਮੂਰਖ ਅੰਨ੍ਹਾ ਉਸ ਨਾਲ ਲਿਪਟ ਰਿਹਾ ਹੈ।

**ਬਟਾਊ ਸਿਉ ਜੋ ਲਾਵੈ ਨੇਹ ॥**
**ਤਾ ਕਉ ਹਾਥਿ ਨ ਆਵੈ ਕੇਹ ॥**

ਜਿਹੜਾ ਕੁਝ ਦਿਨਾਂ ਦੇ ਮਹਿਮਾਨ ਨਾਲ ਪ੍ਰੀਤ ਕਰ ਲਵੇ।
ਉਸਨੂੰ ਕੁਝ ਵੀ ਹਾਸਲ ਨਹੀਂ ਹੁੰਦਾ।

**ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥**
**ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥੩॥**

ਹੇ ਮਨ! ਹਰੀ ਦੇ ਨਾਮ ਦੀ ਪ੍ਰੀਤ ਹੀ ਸੁਖ ਦਾਇਕ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ਰ ਆਪ ਹੀ ਮਿਹਰ ਕਰਕੇ ਏਸ ਪ੍ਰੀਤ ਵਿੱਚ ਲਾ ਲਵੇ।

**ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥**
**ਮਿਥਿਆ ਹਉਮੈ ਮਮਤਾ ਮਾਇਆ ॥**

ਇਹ ਸਰੀਰ, ਦੌਲਤ ਅਤੇ ਸਾਰੇ ਹੀ ਸਨਬੰਧੀ ਨਾਸ਼ਵੰਤ ਹਨ।
ਮਾਇਆ, ਹੰਕਾਰ ਅਤੇ ਮੋਹ ਵੀ ਝੂਠੇ ਹਨ।

**ਮਿਥਿਆ ਰਾਜ ਜੋਬਨ ਧਨ ਮਾਲ ॥**
**ਮਿਥਿਆ ਕਾਮ ਕ੍ਰੋਧ ਬਿਕਰਾਲ ॥**

ਰਾਜ ਭਾਗ, ਜੁਆਨੀ ਅਤੇ ਧਨ-ਪਦਾਰਥ ਵੀ ਨਾਸ਼ਵਾਨ ਹਨ। ਕਾਮ ਅਤੇ ਭਯਾਨਕ ਕ੍ਰੋਧ ਵੀ ਝੂਠੇ ਹਨ।

**ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥**
**ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥**

ਹਾਥੀ, ਰੱਥ, ਘੋੜੇ ਤੇ ਵਸਤ੍ਰ ਵੀ ਨਾਸ਼ਵੰਤ ਹਨ।ਮਾਇਆ ਦੇ ਫੈਲਾਅ ਭਾਵ ਪਦਾਰਥਾਂ ਦੇ ਵਿਸਤਾਰ ਨੂੰ ਆਨੰਦ ਨਾਲ ਵੇਖ ਕੇ ਹੱਸਣ ਵਾਲਾ ਵੀ ਨਾਸ਼ਵੰਤ ਹੈ।

**ਮਿਥਿਆ ਧ੍ਰੋਹ ਮੋਹ ਅਭਿਮਾਨੁ ॥**
**ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥**

ਛਲ, ਮੋਹ ਅਤੇ ਹੰਕਾਰ ਵੀ ਨਾਸ਼ਵੰਤ ਹਨ।
ਆਪਣੇ ਗੁਣ ਉੱਤੇ ਹੰਕਾਰ ਕਰਨਾ ਵੀ ਵਿਅਰਥ ਹੈ।

**ਅਸਥਿਰੁ ਭਗਤਿ ਸਾਧ ਕੀ ਸਰਨ ॥**
**ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥੪॥**

ਸਦਾ ਸਥਿਰ ਰਹਿਣ ਵਾਲੀ ਤਾਂ ਸਾਧੂ ਦੀ ਸ਼ਰਨ 'ਚੋਂ ਮਿਲੀ ਪ੍ਰਭੂ ਦੀ ਭਗਤੀ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਓਸ ਭਗਤੀ ਨਾਲ ਹੀ ਹਰੀ ਦੇ ਚਰਨਾਂ ਨੂੰ ਸਿਮਰ ਸਿਮਰ ਕੇ ਮੈਂ ਜੀਂਦਾ ਹਾਂ।

**ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥**
**ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥**

ਜੋ ਕੰਨ ਪਰਾਈ ਨਿੰਦਾ ਸੁਣਦੇ ਹਨ ਉਹ ਵੀ ਨਾਸ਼ਵੰਤ ਹਨ। ਜੋ ਪਰਾਏ ਧਨ ਨੂੰ ਚੁਰੌਂਦੇ ਹਨ, ਉਹ ਹੱਥ ਵੀ ਨਾਸ਼ਵੰਤ ਹਨ।

**ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥**
**ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥**

ਬਿਗਾਨੀਆਂ ਇਸਤ੍ਰੀਆਂ ਦੇ ਰੂਪ ਆਦਿਕ ਵੇਖਦੀਆਂ ਹੋਈਆਂ ਅੱਖਾਂ ਵੀ ਨਾਸ਼ਵੰਤ ਹਨ। ਹੋਰ ਭੋਜਨਾਂ ਦੇ ਸ੍ਵਾਦ ਲੈਣ ਵਾਲੀ ਜੀਭ ਵੀ ਨਾਸ਼ਵੰਤ ਹੈ।

**ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥**
**ਮਿਥਿਆ ਮਨ ਪਰ ਲੋਭ ਲੁਭਾਵਹਿ ॥**

ਦੂਜੇ ਦਾ ਬੁਰਾ ਕਰਨ ਲਈ ਦੌੜਦੇ ਹੋਏ ਪੈਰ ਵੀ ਨਾਸ਼ਵੰਤ ਹਨ। ਪਰਾਏ ਲੋਭ ਵਿੱਚ ਲੋਭਾਏ ਹੋਏ ਮਨ ਵੀ ਨਾਸ਼ਵੰਤ ਹਨ।

**ਮਿਥਿਆ ਤਨ ਨਹੀ ਪਰਉਪਕਾਰਾ ॥**
**ਮਿਥਿਆ ਬਾਸੁ ਲੇਤ ਬਿਕਾਰਾ ॥**

ਜੋ ਸਰੀਰ ਪਰਉਪਕਾਰ ਨਹੀਂ ਕਰਦਾ, ਉਹ ਵੀ ਨਾਸ਼ਵੰਤ ਹੈ। ਵਿਕਾਰਾਂ ਦੀ ਸੁਗੰਧੀ ਲੈਂਦੇ ਨੱਕ ਵੀ ਨਾਸ਼ਵੰਤ ਹਨ।

**ਬਿਨੁ ਬੂਝੇ ਮਿਥਿਆ ਸਭ ਭਏ ॥**
**ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥**

ਬਿਨਾਂ ਸਮਝ ਵਾਲੇ ਜੀਵ ਦੇ ਸਾਰੇ ਇੰਦ੍ਰੇ ਨਾਸ਼ਵੰਤ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ ਦੇ ਨਾਮ ਸਿਮਰਣ ਤੋਂ ਹੀ ਸਰੀਰ ਸਫਲ ਹੋ ਸਕਦਾ ਹੈ।

**ਬਿਰਥੀ ਸਾਕਤ ਕੀ ਆਰਜਾ ॥**
**ਸਾਚ ਬਿਨਾ ਕਹ ਹੋਵਤ ਸੂਚਾ ॥**

ਮਨਮੁਖ ਮਨੁੱਖ ਦੀ ਉਮਰ ਹੀ ਵਿਅਰਥ ਹੈ। ਸੱਚੇ ਪ੍ਰਭੂ ਬਿਨਾਂ ਉਹ ਕਿਵੇਂ ਸੁੱਚਾ ਹੋ ਸਕਦਾ ਹੈ? ਅਰਥਾਤ ਨਹੀਂ।

**ਬਿਰਥਾ ਨਾਮ ਬਿਨਾ ਤਨੁ ਅੰਧ ॥**
**ਮੁਖਿ ਆਵਤ ਤਾ ਕੈ ਦੁਰਗੰਧ ॥**

ਨਾਮ-ਸਿਮਰਨ ਤੋਂ ਬਿਨਾਂ ਤਾਂ ਅਗਿਆਨੀ ਦਾ ਸਰੀਰ ਵੀ ਝੂਠਾ ਹੈ ਕਿਉਂਕਿ ਓਸਦੇ ਕੋਲੋਂ ਵਿਕਾਰਾਂ ਦੀ ਬਦਬੂ ਆਉਂਦੀ ਹੈ।

**ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥**
**ਮੇਘ ਬਿਨਾ ਜਿਉ ਖੇਤੀ ਜਾਇ ॥**

ਬੰਦਗੀਹੀਣ ਮਨੁੱਖ ਦੇ ਦਿਨ ਤੇ ਰਾਤ ਵਿਅਰਥ ਹੀ ਬੀਤਦੇ ਹਨ। ਜਿਸ ਤਰ੍ਹਾਂ ਮੀਂਹ ਬਿਨਾਂ ਖੇਤੀ ਨਾਸ਼ ਹੋ ਜਾਂਦੀ ਹੈ।

**ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥**
**ਜਿਉ ਕਿਰਪਨ ਕੇ ਨਿਰਾਰਥ ਦਾਮ ॥**

ਗੋਬਿੰਦ ਦੇ ਭਜਨ ਤੋਂ ਬਿਨਾਂ ਮਨਮੁਖ ਦੇ ਸਾਰੇ ਧੰਦੇ ਵਿਅਰਥ ਹਨ। ਜਿਸ ਤਰ੍ਹਾਂ ਸ਼ੂਮ ਦੇ ਪੈਸੇ ਕਿਸੇ ਕੰਮ ਨਹੀਂ ਹੁੰਦੇ।

**ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥**
**ਨਾਨਕ ਤਾ ਕੈ ਬਲਿ ਬਲਿ ਜਾਉ ॥੬॥**

ਉਹੋ ਆਦਮੀ ਮਨ ਬਾਣੀ ਕਰਮ ਨਾਲ ਧੰਨ-ਧੰਨ ਹਨ ਜਿਨ੍ਹਾਂ ਦੇ ਦਿਲ ਵਿੱਚ ਹਰੀ ਨਾਮ-ਸਿਮਰਨ ਵੱਸਿਆ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਓਸ ਤੋਂ ਬਲਿਹਾਰ ਬਲਿਹਾਰ ਜਾਂਦਾ ਹੈ।

**ਰਹਤ ਅਵਰ ਕਛੁ ਅਵਰ ਕਮਾਵਤ ॥**
**ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥**

ਮਨੁੱਖ ਦੀ ਰਹਿਣੀ ਭਾਵ ਦਿਖਾਵਾ ਕੁਝ ਹੋਰ ਹੈ ਅਤੇ ਕਮਾਉਂਦਾ ਕੁਝ ਹੋਰ ਹੈ ਮਨ ਵਿੱਚ ਪ੍ਰੇਮ ਨਹੀਂ ਹੈ ਅਤੇ ਗੱਲੀਂ-ਬਾਤੀਂ ਪ੍ਰੇਮ ਦਾ ਵਿਖਾਵਾ ਕਰਦਾ ਹੈ।

**ਜਾਨਨਹਾਰ ਪ੍ਰਭੂ ਪਰਬੀਨ ॥**
**ਬਾਹਿਰ ਭੇਖ ਨ ਕਾਹੂ ਭੀਨ ॥**

ਉਹ ਜਾਣੀਜਾਣ(ਅੰਤਰਜਾਮੀ) ਪ੍ਰਭੂ ਸਭ ਜਾਣਦਾ ਹੈ। ਉਹ ਕਿਸੇ ਦੇ ਬਾਹਰੀ ਲਿਬਾਸ ਤੋਂ ਨਹੀਂ ਰੀਝਦਾ।

**ਅਵਰ ਉਪਦੇਸੈ ਆਪਿ ਨ ਕਰੈ ॥**
**ਆਵਤ ਜਾਵਤ ਜਨਮੈ ਮਰੈ ॥**

ਜੇ ਕੋਈ ਕਿਸੇ ਹੋਰ ਨੂੰ ਉਪਦੇਸ਼ ਦੇਂਦਾ ਹੈ ਅਤੇ ਆਪ ਨਹੀਂ ਕਮਾਉਂਦਾ। ਐਸਾ ਮਨੁੱਖ ਆਉਂਦਾ-ਜਾਂਦਾ ਅਤੇ ਜੰਮਦਾ-ਮਰਦਾ ਹੀ ਰਹੇਗਾ।

**ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥**
**ਤਿਸ ਕੀ ਸੀਖ ਤਰੈ ਸੰਸਾਰੁ ॥**

ਜਿਸ ਦੇ ਹਿਰਦੇ ਵਿੱਚ ਨਿਰੰਕਾਰ ਵੱਸਦਾ ਹੈ। ਉਸ ਦੀ ਸਿੱਖਿਆ ਨਾਲ ਸੰਸਾਰ-ਸਾਗਰ ਤਰ ਸਕਦੇ ਹਾਂ।

**ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ ॥**
**ਨਾਨਕ ਉਨ ਜਨ ਚਰਨ ਪਰਾਤਾ ॥੭॥**

ਹੇ ਪਰਮੇਸ਼੍ਵਰ! ਜੋ ਤੈਨੂੰ ਚੰਗੇ ਲਗੇ ਹਨ ਉਹਨਾਂ ਨੇ ਹੀ ਤੈਨੂੰ ਸਮਝਿਆ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਓਹਨਾਂ ਸਾਧੂਆਂ ਦੀ ਚਰਨੀਂ ਪੈਂਦਾ ਹਾਂ।

**ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥**
**ਅਪਨਾ ਕੀਆ ਆਪਹਿ ਮਾਨੈ ॥**

ਮੈਂ ਜੋ ਬੇਨਤੀ ਕਰਦਾ ਹਾਂ, ਉਹ ਸਭ ਪਾਰਬ੍ਰਹਮ ਪਹਿਲੋਂ ਹੀ ਜਾਣਦਾ ਹੈ। ਉਹ ਪ੍ਰਭੂ ਆਪਣੇ ਬਣਾਏ ਹੋਏ ਜੀਵਾਂ ਨੂੰ ਆਪ ਹੀ ਮਾਣ ਦੇਂਦਾ ਹੈ।

**ਆਪਹਿ ਆਪ ਆਪਿ ਕਰਤ ਨਿਬੇਰਾ ॥**
**ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥**

ਉਹਨਾਂ ਦੇ ਕਰਮਾਂ ਦਾ ਨਿਬੇੜਾ ਵੀ ਆਪ ਹੀ ਕਰਦਾ ਹੈ। ਕਿਸੇ ਨੂੰ ਤਾਂ ਆਪਣਾ ਆਪ ਦੂਰ ਪ੍ਰਤੀਤ ਕਰਵਾਉਂਦਾ ਹੈ ਅਤੇ ਕਿਸੇ ਨੂੰ ਆਪਣਾ ਆਪ ਨੇੜੇ ਪ੍ਰਤੀਤ ਕਰਾਉਂਦਾ ਹੈ।

**ਉਪਾਵ ਸਿਆਨਪ ਸਗਲ ਤੇ ਰਹਤ ॥**

**ਸਭੁ ਕਛੁ ਜਾਨੈ ਆਤਮ ਕੀ ਰਹਤ ॥**

ਉਹ ਪ੍ਰਭੂ ਸਾਰਿਆਂ ਯਤਨਾਂ ਅਤੇ ਸਾਰੀਆਂ ਸਿਆਣਪਾਂ ਤੋਂ ਪਰ੍ਹੇ ਹੈ ਭਾਵ ਕੋਈ ਵੀ ਯਤਨ ਤੇ ਸਿਆਣਪ ਉਸ ਤੱਕ ਨਹੀਂ ਪਹੁੰਚ ਸਕਦੀ। ਉਹ ਮਨੁੱਖ ਦੇ ਅੰਦਰ ਦੀ ਸਾਰੀ ਕਰਨੀ ਨੂੰ ਜਾਣਦਾ ਹੈ।

**ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥**

**ਥਾਨ ਥਨੰਤਰਿ ਰਹਿਆ ਸਮਾਇ ॥**

ਜੋ ਉਸਨੂੰ ਚੰਗਾ ਲੱਗ ਜਾਵੇ, ਓਸ ਨੂੰ ਆਪਣੇ ਨਾਲ ਜੋੜ ਲੈਂਦਾ ਹੈ। ਉਹ ਸਭ ਥਾਵਾਂ 'ਤੇ ਵੱਸਣ ਵਾਲੇ ਜੀਵਾਂ ਵਿੱਚ ਰਮਿਆ ਹੋਇਆ ਹੈ।

**ਸੋ ਸੇਵਕੁ ਜਿਸੁ ਕਿਰਪਾ ਕਰੀ ॥**

**ਨਿਮਖ ਨਿਮਖ ਜਪਿ ਨਾਨਕ ਹਰੀ ॥੮॥੫॥**

ਜਿਸ ਉੱਤੇ ਆਪਣੀ ਮਿਹਰ ਕਰਦਾ ਹੈ, ਉਹੀ ਉਸਦਾ ਸੇਵਕ ਬਣਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਜੀਵ! ਹਰ ਛਿਨ ਉਸ ਹਰੀ ਨੂੰ ਜਪ।

**ਸਲੋਕੁ ॥**

**ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥**

ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨਾਸ਼ ਹੋ ਜਾਂਦੇ ਹਨ।

**ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਜੀਵ ਗੁਰੂਦੇਵ ਦੀ ਕ੍ਰਿਪਾ ਨਾਲ ਪ੍ਰਭੂ ਦੀ ਸ਼ਰਣ ਵਿੱਚ ਆ ਜਾਵੇ।

**ਅਸਟਪਦੀ ॥**

**ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥**

**ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥**

ਹੇ ਜੀਵ! ਜਿਸ ਦੀ ਮਿਹਰ ਨਾਲ ਤੂੰ ਛੱਤੀ ਪਦਾਰਥ ਖਾਂਦਾ ਹੈਂ। ਓਸ ਮਾਲਕ ਨੂੰ ਵੀ ਮਨ ਵਿੱਚ ਵਸਾ ਕੇ ਰੱਖ।

**ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥**

**ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥**

ਜਿਸ ਦੀ ਮਿਹਰ ਨਾਲ ਤੂੰ ਸਰੀਰ ਨੂੰ ਸੁਗੰਧਿਤ ਵਸਤੂਆਂ ਲਾਉਂਦਾ ਹੈਂ। ਉਸਦਾ ਸਿਮਰਨ ਕਰਨ ਨਾਲ ਹੀ ਤੈਨੂੰ ਮੁਕਤੀ ਪ੍ਰਾਪਤ ਹੋਵੇਗੀ।

**ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥**
**ਤਿਸਹਿ ਧਿਆਇ ਸਦਾ ਮਨ ਅੰਦਰਿ ॥**

ਜਿਸ ਦੀ ਮਿਹਰ ਨਾਲ ਸੁੱਖਦਾਇਕ ਘਰਾਂ ਵਿੱਚ ਵੱਸਦਾ ਹੈਂ। ਹਮੇਸ਼ਾਂ ਉਸ ਨੂੰ ਮਨ ਵਿੱਚ ਯਾਦ ਕਰ।

**ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥**
**ਆਠ ਪਹਰ ਸਿਮਰਹੁ ਤਿਸੁ ਰਸਨਾ ॥**

ਜਿਸ ਦੀ ਮਿਹਰ ਨਾਲ ਘਰ-ਪਰਿਵਾਰ ਵਿੱਚ ਸੁੱਖ ਨਾਲ ਰਹਿੰਦਾ ਹੈਂ। ਉਸ ਨੂੰ ਅੱਠੇ ਪਹਿਰ ਰਸਨਾ ਨਾਲ ਜਪ।

**ਜਿਹ ਪ੍ਰਸਾਦਿ ਰੰਗ ਰਸ ਭੋਗ ॥**
**ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥**

ਜਿਸ ਦੀ ਮਿਹਰ ਨਾਲ ਰੰਗ ਤਮਾਸ਼ੇ ਅਤੇ ਪਦਾਰਥਾਂ ਦੇ ਰਸਾਂ ਨੂੰ ਮਾਣਦਾ ਹੈਂ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਧਿਆਉਣ ਯੋਗ ਪ੍ਰਭੂ ਨੂੰ ਹਮੇਸ਼ਾਂ ਹੀ ਧਿਆਉਣਾ ਚਾਹੀਦਾ ਹੈ।

**ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥**
**ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥**

ਜਿਸ ਦੀ ਕਿਰਪਾ ਨਾਲ ਚੰਗੇ ਰੇਸ਼ਮੀ ਕਪੜੇ ਹੰਢਾਉਂਦਾ ਹੈਂ। ਉਸ ਨੂੰ ਛੱਡ ਕੇ ਹੋਰ ਕਿਤੇ ਕਿਉਂ ਲੁਭਾਇਮਾਨ ਹੁੰਦਾ ਹੈਂ?

**ਜਿਹ ਪ੍ਰਸਾਦਿ ਸੁਖ ਸੇਜ ਸੋਈਜੈ ॥**
**ਮਨ ਆਠ ਪਹਰ ਤਾ ਕਾ ਜਸੁ ਗਾਵੀਜੈ ॥**

ਜਿਸ ਦੀ ਕਿਰਪਾ ਨਾਲ ਸੁੱਖਦਾਇਕ ਬਿਸਤਰੇ ਉੱਤੇ ਸੌਂਦਾ ਹੈਂ। ਹੇ ਮਨ! ਹਮੇਸ਼ਾਂ ਉਸਦਾ ਹੀ ਜੱਸ ਗਾਇਨ ਕਰ।

**ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥**
**ਮੁਖਿ ਤਾ ਕੋ ਜਸੁ ਰਸਨ ਬਖਾਨੈ ॥**

ਜਿਸ ਦੀ ਮਿਹਰ ਸਦਕਾ ਹੇ ਇਨਸਾਨ! ਤੈਨੂੰ ਹਰ ਕੋਈ ਆਦਰ ਦੇਂਦਾ ਹੈ। ਆਪਣੇ ਮੂੰਹੋਂ ਰਸਨਾ ਦੁਆਰਾ ਉਸਦੀ ਸਿਫ਼ਤ-ਸਾਲਾਹ ਕਰ।

**ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥**
**ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥**

ਜਿਸ ਦੀ ਮਿਹਰ ਸਦਕਾ ਤੇਰਾ ਧਰਮ ਕਾਇਮ ਰਹਿੰਦਾ ਹੈ। ਹੇ ਮਨ! ਤੂੰ ਕੇਵਲ ਸਦਾ ਉਸ ਪਾਰਬ੍ਰਹਮ ਨੂੰ ਹੀ ਸਿਮਰ।

**ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥**
**ਨਾਨਕ ਪਤਿ ਸੇਤੀ ਘਰਿ ਜਾਵਹਿ ॥੨॥**

ਪ੍ਰਭੂ ਜੀ ਨੂੰ ਜਪਦਿਆਂ ਦਰਗਾਹ ਵਿੱਚ ਸਨਮਾਨ ਪ੍ਰਾਪਤ ਕਰੇਂਗਾ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇੱਜ਼ਤ ਨਾਲ ਘਰ ਵਿੱਚ ਭਾਵ ਪਰਲੋਕ ਵਿੱਚ ਜਾਵੇਂਗਾ।

**ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥**

**ਲਿਵ ਲਾਵਹੁ ਤਿਸੁ ਰਾਮ ਸਨੇਹੀ ॥**

ਜਿਸ ਦੀ ਮਿਹਰ ਨਾਲ ਤੈਨੂੰ ਸੋਨੇ ਵਰਗੀ ਨਿਰੋਗ ਦੇਹੀ ਮਿਲੀ ਹੈ। ਹੇ ਜੀਵ! ਤੂੰ ਉਸ ਪਿਆਰੇ ਰਾਮ ਨਾਲ ਪ੍ਰੇਮ ਕਰ।

**ਜਿਹ ਪ੍ਰਸਾਦਿ ਤੇਰਾ ਓਲਾ ਰਹਤ ॥**

**ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥**

ਹੇ ਮਨੁੱਖ! ਜਿਸ ਦੀ ਮਿਹਰ ਨਾਲ ਤੇਰਾ ਪੜਦਾ ਬਣਿਆ ਰਹਿੰਦਾ ਹੈ। ਹੇ ਮਨ! ਉਸ ਹਰੀ ਦਾ ਜੱਸ ਕਰਕੇ ਹੀ ਸੁਖ ਪਾਵੇਂਗਾ।

**ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥**

**ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ ॥**

ਜਿਸ ਦੀ ਮਿਹਰ ਨਾਲ ਹੇ ਮਨ! ਤੇਰੇ ਸਾਰੇ ਦੋਸ਼ ਢੱਕੇ ਰਹਿੰਦੇ ਹਨ। ਹੇ ਮਨ! ਉਸ ਸਵਾਮੀ ਪ੍ਰਭੂ ਦੀ ਸ਼ਰਣੀ ਪਉ।

**ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥**

**ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥**

ਜਿਸ ਦੀ ਕ੍ਰਿਪਾ ਨਾਲ ਕੋਈ ਤੇਰੇ ਬਰਾਬਰ ਨਹੀਂ ਪਹੁੰਚ ਸਕਦਾ। ਹੇ ਮਨ! ਉਸ ਉੱਚੇ ਪ੍ਰਭੂ ਨੂੰ ਸਵਾਸ-ਸਵਾਸ ਸਿਮਰ।

**ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ ॥**

**ਨਾਨਕ ਤਾ ਕੀ ਭਗਤਿ ਕਰੇਹ ॥੩॥**

ਜਿਸ ਦੀ ਮਿਹਰ ਨਾਲ ਦੁਰਲੱਭ ਮਨੁੱਖਾ ਸਰੀਰ ਪ੍ਰਾਪਤ ਹੋਇਆ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਦੀ ਭਗਤੀ ਕਰ।

**ਜਿਹ ਪ੍ਰਸਾਦਿ ਆਭੂਖਨ ਪਹਿਰੀਜੈ ॥**

**ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ ॥**

ਜਿਸ ਦੀ ਕ੍ਰਿਪਾ ਨਾਲ ਗਹਿਣੇ ਪਹਿਣਦਾ ਹੈਂ। ਹੇ ਮਨ! ਉਸਨੂੰ ਸਿਮਰਦਿਆਂ ਆਲਸ ਕਿਉਂ ਕਰਦਾ ਹੈਂ?

**ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ ॥**

**ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥**

ਜਿਸ ਦੀ ਕ੍ਰਿਪਾ ਨਾਲ ਘੋੜੇ, ਹਾਥੀ ਤੇ ਪਾਲਕੀਆਂ ਮਿਲੀਆਂ ਹਨ। ਹੇ ਮਨ! ਉਸ ਪ੍ਰਭੂ ਨੂੰ ਕਦੇ ਨਾ ਭੁੱਲੀਂ।

**ਜਿਹ ਪ੍ਰਸਾਦਿ ਬਾਗ ਮਿਲਖ ਧਨਾ ॥**

**ਰਾਖੁ ਪਰੋਇ ਪ੍ਰਭੁ ਅਪੁਨੇ ਮਨਾ ॥**

ਜਿਸ ਦੀ ਕਿਰਪਾ ਨਾਲ ਬਾਗ ਜ਼ਮੀਨ ਅਤੇ ਧਨ ਪ੍ਰਾਪਤ ਹੋਇਆ ਹੈ। ਐਸੇ ਪ੍ਰਭੂ ਨੂੰ ਆਪਣੇ ਮਨ ਵਿੱਚ ਵਸਾਈ ਰੱਖ।

**ਜਿਨਿ ਤੇਰੀ ਮਨ ਬਨਤ ਬਨਾਈ ॥**

**ਊਠਤ ਬੈਠਤ ਸਦ ਤਿਸਹਿ ਧਿਆਈ ॥**

ਹੇ ਜੀਵ! ਜਿਸ ਨੇ ਤੇਰੀ ਰਚਨਾ ਬਣਾਈ ਹੈ। ਉੱਠਦਿਆਂ-ਬਹਿੰਦਿਆਂ ਹਮੇਸ਼ਾਂ ਉਸ ਨੂੰ ਯਾਦ ਰੱਖ।

**ਤਿਸਹਿ ਧਿਆਇ ਜੋ ਏਕ ਅਲਖੈ ॥**

**ਈਹਾ ਊਹਾ ਨਾਨਕ ਤੇਰੀ ਰਖੈ ॥੪॥**

ਜੋ ਇੱਕ ਅਤੇ ਅਦ੍ਰਿਸ਼ ਹੈ, ਉਸ ਨੂੰ ਸਿਮਰ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਲੋਕ-ਪਰਲੋਕ ਵਿੱਚ ਤੇਰੀ ਇੱਜ਼ਤ ਰੱਖੇਗਾ।

**ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥**

**ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥**

ਜਿਸ ਦੀ ਕ੍ਰਿਪਾ ਨਾਲ ਬਹੁਤ ਦਾਨ-ਪੁੰਨ ਕਰਦਾ ਹੈਂ। ਹੇ ਮਨ! ਅੱਠੇ ਪਹਿਰ ਉਸ ਦਾ ਧਿਆਨ ਕਰ।

**ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ ॥**

**ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ ॥**

ਜਿਸਦੀ ਕ੍ਰਿਪਾ ਨਾਲ ਤੂੰ ਸ਼ੁਭ ਆਚਾਰ ਵਾਲਾ ਵਿਉਹਾਰੀ ਬਣਿਆ ਹੈਂ। ਉਸ ਪ੍ਰਭੂ ਨੂੰ ਸਵਾਸ-ਸਵਾਸ ਸਿਮਰਦਾ ਰਹਿ।

**ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥**

**ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥**

ਜਿਸਦੀ ਕਿਰਪਾ ਨਾਲ ਤੇਰਾ ਸੁੰਦਰ ਸਰੂਪ ਬਣਿਆ ਹੈ। ਉਸ ਬੇਮਿਸਾਲ ਹਰੀ ਨੂੰ ਸਦਾ ਸਿਮਰ।

**ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥**

**ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥**

ਜਿਸ ਦੀ ਕਿਰਪਾ ਨਾਲ ਤੈਨੂੰ ਉੱਤਮ ਜਨਮ ਪ੍ਰਾਪਤ ਹੋਇਆ ਹੈ। ਉਸ ਪ੍ਰਭੂ ਨੂੰ ਹਮੇਸ਼ਾਂ ਦਿਨ-ਰਾਤ ਯਾਦ ਕਰ।

**ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥**

**ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥੫॥**

ਜਿਸ ਦੀ ਕਿਰਪਾ ਨਾਲ ਤੇਰੀ ਇੱਜ਼ਤ ਬਣੀ ਰਹਿ ਸਕਦੀ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੀ ਕਿਰਪਾ ਨਾਲ ਮੈਂ ਉਸਦਾ ਜੱਸ ਉਚਾਰਨ ਕਰਦਾ ਹਾਂ।

**ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥**

**ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥**

ਜਿਸ ਦੀ ਕਿਰਪਾ ਨਾਲ ਕੰਨ ਆਵਾਜ਼ ਸੁਣਦੇ ਹਨ।
ਜਿਸ ਦੀ ਕਿਰਪਾ ਨਾਲ ਅੱਖਾਂ ਹੈਰਾਨੀਜਨਕ ਕੌਤਕ ਵੇਖਦੀਆਂ ਹਨ।

**ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥**
**ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥**

ਜਿਸ ਦੀ ਕਿਰਪਾ ਨਾਲ ਜੀਭ ਮਿੱਠੇ ਵਾਕ ਬੋਲਦੀ ਹੈ।
ਜਿਸ ਦੀ ਕਿਰਪਾ ਨਾਲ ਸੁੱਖ ਅਤੇ ਸ਼ਾਂਤੀ ਨਾਲ ਵੱਸਦਾ ਹੈਂ।

**ਜਿਹ ਪ੍ਰਸਾਦਿ ਹਸਤ ਕਰ ਚਲਹਿ ॥**
**ਜਿਹ ਪ੍ਰਸਾਦਿ ਸੰਪੂਰਨ ਫਲਹਿ ॥**

ਜਿਸ ਦੀ ਕਿਰਪਾ ਨਾਲ ਦੋਵੇਂ ਹੱਥ ਚਲਦੇ ਹਨ। ਜਿਸ ਦੀ ਕਿਰਪਾ ਨਾਲ ਸੰਪੂਰਣ ਫਲ ਪ੍ਰਾਪਤ ਹੁੰਦੇ ਹਨ।

**ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥**
**ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥**

ਜਿਸ ਦੀ ਕਿਰਪਾ ਨਾਲ ਮੁਕਤੀ ਪ੍ਰਾਪਤ ਕਰੇਂਗਾ।
ਜਿਸ ਦੀ ਕਿਰਪਾ ਨਾਲ ਸੁਖ ਅਤੇ ਸਹਿਜਤਾ ਮਿਲਦੀ ਹੈ।

**ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥**
**ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥੬॥**

ਐਸੇ ਪ੍ਰਭੂ ਨੂੰ ਛੱਡ ਕੇ ਹੋਰ ਕਿਤੇ ਕਿਉਂ ਲੱਗਦਾ ਹੈਂ?
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੀ ਕਿਰਪਾ ਨਾਲ ਮਨ ਕਰਕੇ ਸੁਚੇਤ ਹੋ।

**ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥**
**ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥**

ਜਿਸ ਦੀ ਮਿਹਰ ਨਾਲ ਹੇ ਮਨੁੱਖ! ਤੂੰ ਜਗਤ ਵਿੱਚ ਪ੍ਰਸਿੱਧ ਹੈਂ।
ਉਸ ਪਰਮੇਸ਼ਰ ਨੂੰ ਮਨ ਤੋਂ ਬਿਲਕੁਲ ਨ ਭੁਲਾ।

**ਜਿਹ ਪ੍ਰਸਾਦਿ ਤੇਰਾ ਪਰਤਾਪੁ ॥**
**ਰੇ ਮਨ ਮੂੜ ਤੂ ਤਾ ਕਉ ਜਾਪੁ ॥**

ਜਿਸ ਦੀ ਮਿਹਰ ਨਾਲ ਤੇਰਾ ਪ੍ਰਭਾਵ ਹੈ। ਹੇ ਮੂਰਖ ਮਨ! ਤੂੰ ਉਸ ਪ੍ਰਭੂ ਨੂੰ ਸਿਮਰ।

**ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥**
**ਤਿਸਹਿ ਜਾਨੁ ਮਨ ਸਦਾ ਹਜੂਰੇ ॥**

ਜਿਸ ਦੀ ਮਿਹਰ ਨਾਲ ਤੇਰੇ ਸਾਰੇ ਕੰਮ ਪੂਰੇ ਹੁੰਦੇ ਹਨ। ਹੇ ਮਨ! ਉਸ ਨੂੰ ਵੀ ਹਮੇਸ਼ਾਂ ਪਾਸ ਸਮਝ।

**ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥**
**ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥**

ਜਿਸ ਦੀ ਮਿਹਰ ਨਾਲ ਤੂੰ ਸੱਚ-ਸਰੂਪ ਪਰਮੇਸ਼ਰ ਨੂੰ ਪਾਵੇਂਗਾ। ਹੇ ਮੇਰੇ ਮਨ! ਤੂੰ ਉਸ ਦੇ ਨਾਲ ਇਕਮਿਕ ਹੋ।

**ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥**
**ਨਾਨਕ ਜਾਪੁ ਜਪੈ ਜਪੁ ਸੋਇ ॥੭॥**

ਜਿਸ ਦੀ ਮਿਹਰ ਨਾਲ ਸਾਰਿਆਂ ਦੀ ਹੀ ਮੁਕਤੀ ਹੁੰਦੀ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਪ੍ਰਭੂ ਦੇ ਨਾਮ ਦਾ ਸਿਮਰਨ ਕਰ।

**ਆਪਿ ਜਪਾਏ ਜਪੈ ਸੋ ਨਾਉ ॥**
**ਆਪਿ ਗਾਵਾਏ ਸੁ ਹਰਿ ਗੁਨ ਗਾਉ ॥**

ਜਿਸ ਨੂੰ ਪਰਮੇਸ਼ਰ ਆਪ ਸਿਮਰਨ ਕਰਵਾਏ, ਉਹੀ ਸਿਮਰਨ ਕਰਦਾ ਹੈ। ਜਿਸ ਤੋਂ ਹਰੀ ਆਪਣੇ ਗੁਣ ਆਪ ਗਵਾਏ, ਉਹੀ ਉਸਦੇ ਗੁਣਾਂ ਨੂੰ ਗਾ ਸਕਦਾ ਹੈ।

**ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥**
**ਪ੍ਰਭੂ ਦਇਆ ਤੇ ਕਮਲ ਬਿਗਾਸੁ ॥**

ਪਰਮੇਸ਼ਰ ਦੀ ਮਿਹਰ ਨਾਲ ਹੀ ਪ੍ਰਭੂ ਦਾ ਅਨੁਭਵ ਹੁੰਦਾ ਹੈ। ਪਰਮੇਸ਼ਰ ਦੀ ਦਇਆ ਤੋਂ ਹਿਰਦੇ ਰੂਪੀ ਕਮਲ ਖਿੜ ਜਾਂਦਾ ਹੈ।

**ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥**
**ਪ੍ਰਭ ਦਇਆ ਤੇ ਮਤਿ ਊਤਮ ਹੋਇ ॥**

ਜਿਸ 'ਤੇ ਪ੍ਰਭੂ ਖੁਸ਼ ਹੈ, ਉਸਦੇ ਹੀ ਮਨ ਵਿੱਚ ਵੱਸਦਾ ਹੈ। ਪਰਮੇਸ਼ਰ ਦੀ ਮਿਹਰ ਨਾਲ ਹੀ ਬੁੱਧੀ ਉੱਚੀ ਹੁੰਦੀ ਹੈ।

**ਸਰਬ ਨਿਧਾਨ ਪ੍ਰਭ ਤੇਰੀ ਮਇਆ ॥**
**ਆਪਹੁ ਕਛੂ ਨ ਕਿਨਹੂ ਲਇਆ ॥**

ਹੇ ਪ੍ਰਭੂ! ਤੇਰੀ ਮਿਹਰ ਵਿੱਚ ਹੀ ਸਾਰੇ ਭੰਡਾਰ ਹਨ। ਕਿਸੇ ਨੇ ਵੀ ਆਪਣੇ ਯਤਨ ਨਾਲ ਕੁਝ ਨਹੀਂ ਲਿਆ।

**ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥**
**ਨਾਨਕ ਇਨ ਕੈ ਕਛੂ ਨ ਹਾਥ ॥੮॥੬॥**

ਹੇ ਸੁਆਮੀ! ਜੀਵਾਂ ਨੂੰ ਜਿਧਰ-ਜਿਧਰ ਲਾਉਂਦੇ ਹੋ, ਓਧਰ-ਓਧਰ ਹੀ ਲਗਦੇ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹਨਾਂ ਜੀਵਾਂ ਦੇ ਹੱਥ ਵੱਸ ਤਾਂ ਕੁਝ ਵੀ ਨਹੀਂ ਹੈ।

**ਸਲੋਕੁ ॥**

**ਅਗਮ ਅਗਾਧਿ ਪਾਰਬ੍ਰਹਮੁ ਸੋਇ ॥**
**ਜੋ ਜੋ ਕਹੈ ਸੁ ਮੁਕਤਾ ਹੋਇ ॥**

ਉਹ ਗੰਭੀਰ ਪ੍ਰਭੂ ਪਹੁੰਚ ਤੋਂ ਦੂਰ ਹੈ। ਜੋ ਜੋ ਵੀ ਉਸ ਨੂੰ ਸਿਮਰਦਾ ਹੈ, ਉਹ ਮੁਕਤ ਹੋ ਜਾਂਦਾ ਹੈ।

**ਸੁਨਿ ਮੀਤਾ ਨਾਨਕੁ ਬਿਨਵੰਤਾ ॥**

**ਸਾਧ ਜਨਾ ਕੀ ਅਚਰਜ ਕਥਾ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਿੱਤਰੋ! ਮੇਰੀ ਬੇਨਤੀ ਸੁਣੋ। ਸਾਧੂਆਂ ਦੀ ਕਥਾ ਹੈਰਾਨੀਜਨਕ ਹੁੰਦੀ ਹੈ।

**ਅਸਟਪਦੀ ॥**

**ਸਾਧ ਕੈ ਸੰਗਿ ਮੁਖ ਊਜਲ ਹੋਤ ॥**

**ਸਾਧਸੰਗਿ ਮਲੁ ਸਗਲੀ ਖੋਤ ॥**

ਸਾਧ ਦੀ ਸੰਗਤ ਨਾਲ ਮੂੰਹ ਉੱਜਲ ਹੁੰਦਾ ਹੈ।
ਸਾਧਸੰਗਤ ਮਨ ਦੀ ਸਾਰੀ ਮੈਲ ਨਾਸ਼ ਕਰਦੀ ਹੈ।

**ਸਾਧ ਕੈ ਸੰਗਿ ਮਿਟੈ ਅਭਿਮਾਨੁ ॥**

**ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥**

ਸਾਧੂ ਦੇ ਸੰਗ ਨਾਲ ਹੰਕਾਰ ਮਿਟਦਾ ਹੈ।
ਸਾਧੂ ਦੇ ਸੰਗ ਨਾਲ ਉੱਤਮ ਗਿਆਨ ਪ੍ਰਗਟ ਹੁੰਦਾ ਹੈ।

**ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥**

**ਸਾਧਸੰਗਿ ਸਭੁ ਹੋਤ ਨਿਬੇਰਾ ॥**

ਸਾਧੂ ਦੀ ਸੰਗਤ ਨਾਲ ਪਰਮੇਸ਼ਰ ਨੂੰ ਨੇੜੇ ਸਮਝੀਦਾ ਹੈ।
ਸਾਧਸੰਗਤ ਨਾਲ ਸੱਚ ਤੇ ਝੂਠ ਦਾ ਫੈਸਲਾ ਹੋ ਜਾਂਦਾ ਹੈ।

**ਸਾਧ ਕੈ ਸੰਗਿ ਪਾਏ ਨਾਮ ਰਤਨੁ ॥**

**ਸਾਧ ਕੈ ਸੰਗਿ ਏਕ ਊਪਰਿ ਜਤਨੁ ॥**

ਸਾਧੂ ਦੀ ਸੰਗਤ ਨਾਲ ਨਾਮ ਰੂਪ ਰਤਨ ਪ੍ਰਾਪਤ ਹੋ ਜਾਂਦਾ ਹੈ।
ਸਾਧੂ ਦੀ ਸੰਗਤ ਨਾਲ ਇੱਕ ਹਰੀ ਨੂੰ ਪਾਉਣ ਦਾ ਯਤਨ ਕੀਤਾ ਜਾਂਦਾ ਹੈ।

**ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥**

**ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥੧॥**

ਸਾਧਾਂ ਦੀ ਮਹਿਮਾ ਕਿਹੜਾ ਜੀਵ ਕਰ ਸਕਦਾ ਹੈ?
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਾਧ ਦੀ ਸ਼ੋਭਾ ਪ੍ਰਭੂ ਦੀ ਸ਼ੋਭਾ ਨਾਲ ਇਕਮਿਕ ਹੈ।

**ਸਾਧ ਕੈ ਸੰਗਿ ਅਗੋਚਰੁ ਮਿਲੈ ॥**

**ਸਾਧ ਕੈ ਸੰਗਿ ਸਦਾ ਪਰਫੁਲੈ ॥**

ਸਾਧੂਆਂ ਦੀ ਸੰਗਤ ਨਾਲ ਨਾ ਦਿਸਣ ਵਾਲਾ ਪਰਮੇਸ਼ਰ ਮਿਲਦਾ ਹੈ।
ਸਾਧੂ ਦੀ ਸੰਗਤ ਨਾਲ ਮਨ ਹਮੇਸ਼ਾਂ ਖੁਸ਼ ਰਹਿੰਦਾ ਹੈ।

**ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥**

**ਸਾਧਸੰਗਿ ਅੰਮ੍ਰਿਤ ਰਸੁ ਭੁੰਚਾ ॥**

ਸਾਧ ਦੇ ਸੰਗ ਨਾਲ ਪੰਜੇ ਕਾਮਾਦਿਕ ਰੋਗ ਵੱਸ ਹੋ ਜਾਂਦੇ ਹਨ। ਸਾਧੂ ਦੀ ਸੰਗਤ ਨਾਲ ਹੀ ਨਾਮ ਰੂਪੀ ਅੰਮ੍ਰਿਤ ਦਾ ਰਸ ਪੀਤਾ ਜਾਂਦਾ ਹੈ।

**ਸਾਧਸੰਗਿ ਹੋਇ ਸਭ ਕੀ ਰੇਨ ॥**

**ਸਾਧ ਕੈ ਸੰਗਿ ਮਨੋਹਰ ਬੈਨ ॥**

ਸਾਧਸੰਗਤ ਨਾਲ ਜੀਵ ਸਾਰਿਆਂ ਦੇ ਚਰਨਾਂ ਦੀ ਧੂੜੀ ਹੋ ਜਾਂਦਾ ਹੈ ਭਾਵ ਜੀਵ ਨਿਮਰਤਾਵਾਨ ਹੋ ਜਾਂਦਾ ਹੈ। ਸਾਧੂ ਦੀ ਸੰਗਤ ਕਰਨ ਨਾਲ ਜੀਵ ਦੀ ਬੋਲੀ ਵਿੱਚ ਮਿਠਾਸ ਆ ਜਾਂਦੀ ਹੈ।

**ਸਾਧ ਕੈ ਸੰਗਿ ਨ ਕਤਹੂੰ ਧਾਵੈ ॥**

**ਸਾਧਸੰਗਿ ਅਸਥਿਤਿ ਮਨੁ ਪਾਵੈ ॥**

ਸਾਧ ਦੀ ਸੰਗਤ ਨਾਲ ਮਨ ਕਿਤੇ ਨਹੀਂ ਦੌੜਦਾ ਭਾਵ ਟਿਕ ਜਾਂਦਾ ਹੈ। ਸਾਧ ਦੇ ਸੰਗ ਨਾਲ ਮਨ ਨੂੰ ਆਤਮਿਕ ਅਡੋਲਤਾ ਦੀ ਪ੍ਰਾਪਤੀ ਹੋ ਜਾਂਦੀ ਹੈ।

**ਸਾਧ ਕੈ ਸੰਗਿ ਮਾਇਆ ਤੇ ਭਿੰਨ ॥**

**ਸਾਧਸੰਗਿ ਨਾਨਕ ਪ੍ਰਭ ਸੁਪ੍ਰਸੰਨ ॥੨॥**

ਸਾਧੂ ਦੀ ਸੰਗਤ ਨਾਲ ਮਨ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਾਧੂ ਦੀ ਸੰਗਤ ਕੀਤਿਆਂ ਪਰਮੇਸ਼ਰ ਪ੍ਰਸੰਨ ਹੋ ਜਾਂਦਾ ਹੈ।

**ਸਾਧਸੰਗਿ ਦੁਸਮਨ ਸਭਿ ਮੀਤ ॥**

**ਸਾਧੂ ਕੈ ਸੰਗਿ ਮਹਾ ਪੁਨੀਤ ॥**

ਸਾਧੂ ਦੇ ਸੰਗ ਨਾਲ ਸਾਰੇ ਦੁਸ਼ਮਣ ਵੀ ਮਿੱਤਰ ਬਣ ਜਾਂਦੇ ਹਨ ਭਾਵ ਮਨ ਵਿੱਚੋਂ ਵੈਰ ਭਾਵ ਮਿਟ ਜਾਂਦਾ ਹੈ। ਸਾਧ ਦੀ ਸੰਗਤ ਨਾਲ ਜੀਵ ਅਤੀ ਪਵਿੱਤਰ ਹੋ ਜਾਂਦਾ ਹੈ।

**ਸਾਧਸੰਗਿ ਕਿਸ ਸਿਉ ਨਹੀ ਬੈਰੁ ॥**

**ਸਾਧ ਕੈ ਸੰਗਿ ਨ ਬੀਗਾ ਪੈਰੁ ॥**

ਸਾਧ ਦੀ ਸੰਗਤ ਕੀਤਿਆਂ ਕਿਸੇ ਨਾਲ ਵੀ ਵੈਰ ਨਹੀਂ ਰਹਿੰਦਾ। ਸਾਧ ਦੇ ਸੰਗ ਨਾਲ ਪੈਰ ਉਲਟੇ ਰਸਤੇ ਨਹੀਂ ਪੈਂਦਾ।

**ਸਾਧ ਕੈ ਸੰਗਿ ਨਾਹੀ ਕੋ ਮੰਦਾ ॥**

**ਸਾਧਸੰਗਿ ਜਾਨੇ ਪਰਮਾਨੰਦਾ ॥**

ਸਾਧ ਦੇ ਸੰਗ ਨਾਲ ਜੀਵ ਨੂੰ ਕੋਈ ਬੁਰਾ ਨਹੀਂ ਦਿਸਦਾ। ਸਾਧ ਦੇ ਸੰਗ ਨਾਲ ਪਰਮ ਆਨੰਦ ਨੂੰ ਜਾਣ ਸਕੀਦਾ ਹੈ।

**ਸਾਧ ਕੈ ਸੰਗਿ ਨਾਹੀ ਹਉ ਤਾਪੁ ॥**

**ਸਾਧ ਕੈ ਸੰਗਿ ਤਜੈ ਸਭੁ ਆਪੁ ॥**

ਸਾਧ ਦੇ ਸੰਗ ਨਾਲ ਹੰਕਾਰ ਅਤੇ ਹਉਮੈ ਦੀ ਅੱਗ ਨਹੀਂ ਰਹਿੰਦੀ। ਸਾਧੂ ਦੀ ਸੰਗਤ ਨਾਲ ਆਪਣਾ-ਆਪ ਭਾਵ ਮੈਂ-ਮੇਰੀ ਖ਼ਤਮ ਹੋ ਜਾਂਦੀ ਹੈ।

**ਆਪੇ ਜਾਨੈ ਸਾਧ ਬਡਾਈ ॥**

**ਨਾਨਕ ਸਾਧ ਪ੍ਰਭੂ ਬਨਿ ਆਈ ॥੩॥**

ਸਾਧੂਆਂ ਦੀ ਮਹਿਮਾ ਨੂੰ ਪਰਮੇਸ਼ਰ ਆਪ ਹੀ ਜਾਣਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਾਧ ਤੇ ਪਰਮੇਸ਼ਰ ਦੀ ਆਪੋ ਵਿਚ ਦੀ ਮਿੱਤਰਤਾ ਧੁਰੋਂ ਬਣ ਕੇ ਆਈ ਹੈ।

**ਸਾਧ ਕੈ ਸੰਗਿ ਨ ਕਬਹੂ ਧਾਵੈ ॥**

**ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥**

ਸਾਧ ਦੀ ਸੰਗਤ ਕੀਤਿਆਂ ਮਨ ਕਦੇ ਡੋਲਦਾ ਨਹੀਂ। ਸਾਧ ਦੇ ਸੰਗ ਨਾਲ ਜੀਵ ਸਦਾ ਸੁਖ ਪਾਉਂਦਾ ਹੈ।

**ਸਾਧਸੰਗਿ ਬਸਤੁ ਅਗੋਚਰ ਲਹੈ ॥**

**ਸਾਧੂ ਕੈ ਸੰਗਿ ਅਜਰੁ ਸਹੈ ॥**

ਸਾਧ ਦੇ ਸੰਗ ਨਾਲ ਜੀਵ ਨਾ ਦਿਸਣ ਵਾਲੀ ਵਸਤੂ ਨੂੰ ਵੀ ਵੇਖਦਾ ਹੈ। ਸਾਧੂ ਦੇ ਸੰਗ ਨਾਲ ਜੀਵ ਨਾ ਜਰੀ ਜਾਣ ਵਾਲੀ ਸ਼ਕਤੀ ਨੂੰ ਵੀ ਜਰਦਾ ਹੈ।

**ਸਾਧ ਕੈ ਸੰਗਿ ਬਸੈ ਥਾਨਿ ਊਚੈ ॥**

**ਸਾਧੂ ਕੈ ਸੰਗਿ ਮਹਲਿ ਪਹੂਚੈ ॥**

ਸਾਧ ਦੇ ਸੰਗ ਨਾਲ ਜੀਵ ਉੱਤਮ ਸਥਾਨ ਵਿੱਚ ਰਹਿੰਦਾ ਹੈ। ਸਾਧ ਦੇ ਸੰਗ ਨਾਲ ਜੀਵ ਮਹੱਲ ਭਾਵ ਪ੍ਰਭੂ ਦੇ ਘਰ ਪਹੁੰਚਦਾ ਹੈ।

**ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥**

**ਸਾਧ ਕੈ ਸੰਗਿ ਕੇਵਲ ਪਾਰਬ੍ਰਹਮ ॥**

ਸਾਧੂ ਦੀ ਸੰਗਤ ਨਾਲ ਜੀਵ ਆਪਣੇ ਧਰਮ ਵਿੱਚ ਦ੍ਰਿੜ ਹੋ ਜਾਂਦਾ ਹੈ। ਸਾਧ ਦੇ ਸੰਗ ਨਾਲ ਮਨ ਇੱਕ ਪਾਰਬ੍ਰਹਮ ਵਿੱਚ ਟਿਕ ਜਾਂਦਾ ਹੈ।

**ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥**

**ਨਾਨਕ ਸਾਧੂ ਕੈ ਕੁਰਬਾਨ ॥੪॥**

ਸਾਧ ਦੀ ਸੰਗਤ ਨਾਲ ਜੀਵ ਨਾਮ ਦਾ ਭੰਡਾਰ ਪਾਉਂਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਸਾਧੂ ਤੋਂ ਬਲਿਹਾਰ ਜਾਂਦਾ ਹਾਂ।

**ਸਾਧ ਕੈ ਸੰਗਿ ਸਭ ਕੁਲ ਉਧਾਰੈ ॥**

**ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥**

ਸਾਧ ਦੇ ਸੰਗ ਨਾਲ ਜੀਵ ਸਾਰੀਆਂ ਕੁਲਾਂ ਦਾ ਪਾਰ-ਉਤਾਰਾ ਕਰ ਦੇਂਦਾ ਹੈ। ਸਾਧ ਦੇ ਸੰਗ ਨਾਲ ਜੀਵ ਸੱਜਣ ਮਿੱਤਰ ਅਤੇ ਪਰਿਵਾਰ ਨੂੰ ਤਾਰ ਲੈਂਦਾ ਹੈ।

**ਸਾਧੂ ਕੈ ਸੰਗਿ ਸੋ ਧਨੁ ਪਾਵੈ ॥**
**ਜਿਸੁ ਧਨ ਤੇ ਸਭੁ ਕੋ ਵਰਸਾਵੈ ॥**

ਸਾਧ ਦੇ ਸੰਗ ਨਾਲ ਉਸ ਧਨ ਨੂੰ ਪ੍ਰਾਪਤ ਕਰਦਾ ਹੈ। ਜਿਸ ਨਾਮ ਰੂਪੀ ਧਨ ਤੋਂ ਹਰ ਕੋਈ ਸੁਖੀ ਹੋ ਸਕਦਾ ਹੈ।

**ਸਾਧਸੰਗਿ ਧਰਮ ਰਾਇ ਕਰੇ ਸੇਵਾ ॥**
**ਸਾਧ ਕੈ ਸੰਗਿ ਸੋਭਾ ਸੁਰਦੇਵਾ ॥**

ਸਾਧ ਦਾ ਸੰਗ ਕੀਤਿਆਂ ਧਰਮ ਰਾਜ ਵੀ ਸੇਵਾ ਕਰਦਾ ਹੈ। ਸਾਧੂ ਦੀ ਸੰਗਤ ਕੀਤਿਆਂ ਇੰਦਰ ਵੀ ਸ਼ੋਭਾ ਕਰਦਾ ਹੈ।

**ਸਾਧੂ ਕੈ ਸੰਗਿ ਪਾਪ ਪਲਾਇਨ ॥**
**ਸਾਧਸੰਗਿ ਅੰਮ੍ਰਿਤ ਗੁਨ ਗਾਇਨ ॥**

ਸਾਧ ਦੇ ਸੰਗ ਨਾਲ ਪਾਪ ਦੌੜਦੇ ਹਨ। ਸਾਧ ਦੇ ਸੰਗ ਨਾਲ ਪ੍ਰਭੂ ਦੇ ਅੰਮ੍ਰਿਤ ਗੁਣ ਗਾਏ ਜਾਂਦੇ ਹਨ।

**ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥**
**ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥੫॥**

ਸਾਧ ਦੇ ਸੰਗ ਨਾਲ ਸਾਰੀ ਥਾਈਂ ਜਾਣ ਯੋਗ ਹੋਈਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਾਧੂ ਦੀ ਸੰਗਤ ਨਾਲ ਜੀਵਨ ਸਫ਼ਲ ਹੋ ਜਾਂਦਾ ਹੈ।

**ਸਾਧ ਕੈ ਸੰਗਿ ਨਹੀ ਕਛੁ ਘਾਲ ॥**
**ਦਰਸਨੁ ਭੇਟਤ ਹੋਤ ਨਿਹਾਲ ॥**

ਸਾਧ ਦੀ ਸੰਗਤ ਨਾਲ ਕੋਈ ਭਾਰੀ ਜਪ-ਤਪ ਵਰਗੀ ਕਮਾਈ ਨਹੀਂ ਕਰਨੀ ਪੈਂਦੀ ਕਿਉਂਕਿ ਸਾਧੂ ਦੇ ਦਰਸ਼ਨ ਕਰਦਿਆਂ ਮਹਾਂ ਸੁਖੀ ਹੋ ਜਾਈਦਾ ਹੈ।

**ਸਾਧ ਕੈ ਸੰਗਿ ਕਲੂਖਤ ਹਰੈ ॥**
**ਸਾਧ ਕੈ ਸੰਗਿ ਨਰਕ ਪਰਹਰੈ ॥**

ਸਾਧ ਦੀ ਸੰਗਤ ਨਾਲ ਪਾਪ ਨਾਸ਼ ਹੁੰਦੇ ਹਨ। ਸਾਧ ਦੀ ਸੰਗਤ ਨਾਲ ਨਰਕਾਂ ਦਾ ਨਾਸ ਹੋ ਜਾਂਦਾ ਹੈ।

**ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥**
**ਸਾਧਸੰਗਿ ਬਿਛੁਰਤ ਹਰਿ ਮੇਲਾ ॥**

ਸਾਧ ਦੇ ਸੰਗ ਨਾਲ ਜੀਵ ਲੋਕ ਪਰਲੋਕ ਵਿੱਚ ਸੁਖੀ ਹੋ ਸਕਦਾ ਹੈ। ਸਾਧ ਦੇ ਸੰਗ ਨਾਲ ਵਿਛੜਿਆ ਹੋਇਆ ਜੀਵ ਪ੍ਰਭੂ ਨੂੰ ਫਿਰ ਮਿਲ ਪੈਂਦਾ ਹੈ।

**ਜੋ ਇਛੈ ਸੋਈ ਫਲੁ ਪਾਵੈ ॥**
**ਸਾਧ ਕੈ ਸੰਗਿ ਨ ਬਿਰਥਾ ਜਾਵੈ ॥**

ਸਾਧ ਦੇ ਸੰਗ ਨਾਲ ਜੀਵ ਜੋ ਚਾਹੁੰਦਾ ਹੈ, ਉਹ ਹੀ ਸਫਲਤਾ ਪਾਉਂਦਾ ਹੈ, ਸਾਧ ਦਾ ਸੰਗ ਵਿਅਰਥ ਨਹੀਂ ਜਾਂਦਾ।

**ਪਾਰਬ੍ਰਹਮੁ ਸਾਧ ਰਿਦ ਬਸੈ ॥**

**ਨਾਨਕ ਉਧਰੈ ਸਾਧ ਸੁਨਿ ਰਸੈ ॥੬॥**

ਸਾਧ ਦੇ ਹਿਰਦੇ ਵਿੱਚ ਪਾਰਬ੍ਰਹਮ ਰਹਿੰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਾਧ ਦੀ ਰਸਨਾ ਤੋਂ ਨਾਮ ਸੁਣ ਕੇ ਜੀਵ ਦਾ ਉਧਾਰ ਹੁੰਦਾ ਹੈ।

**ਸਾਧ ਕੈ ਸੰਗਿ ਸੁਨਉ ਹਰਿ ਨਾਉ ॥**

**ਸਾਧਸੰਗਿ ਹਰਿ ਕੇ ਗੁਨ ਗਾਉ ॥**

ਸਾਧ ਦੇ ਸੰਗ ਨਾਲ ਹਰੀ ਦਾ ਨਾਮ ਸੁਣੋ।
ਸਾਧ ਦੇ ਸੰਗ ਨਾਲ ਪਰਮੇਸ਼ਰ ਦੇ ਗੁਣ ਗਾਓ।

**ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥**

**ਸਾਧਸੰਗਿ ਸਰਪਰ ਨਿਸਤਰੈ ॥**

ਸਾਧ ਦੇ ਸੰਗ ਨਾਲ ਹਰੀ ਮਨ ਕਰਕੇ ਭੁੱਲਦਾ ਨਹੀਂ।
ਸਾਧ ਦੇ ਸੰਗ ਨਾਲ ਜੀਵ ਦਾ ਪਾਰ-ਉਤਾਰਾ ਹੋ ਜਾਂਦਾ ਹੈ।

**ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥**

**ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥**

ਸਾਧ ਦੇ ਸੰਗ ਨਾਲ ਪ੍ਰਭੂ ਦਾ ਨਾਮ-ਸਿਮਰਨ ਮਿੱਠਾ ਲੱਗਦਾ ਹੈ। ਸਾਧ ਦੇ ਸੰਗ ਨਾਲ ਹਰੀ ਨੂੰ ਹਰ ਦਿਲ ਵਿੱਚ ਵੇਖਿਆ ਜਾ ਸਕਦਾ ਹੈ।

**ਸਾਧਸੰਗਿ ਭਏ ਆਗਿਆਕਾਰੀ ॥**

**ਸਾਧਸੰਗਿ ਗਤਿ ਭਈ ਹਮਾਰੀ ॥**

ਸਾਧ ਦੇ ਸੰਗ ਨਾਲ ਜੀਵ ਆਗਿਆਕਾਰੀ ਸੇਵਕ ਹੋ ਗਏ। ਸਾਧ ਦੇ ਸੰਗ ਨਾਲ ਮੇਰੀ ਮੁਕਤੀ ਹੋ ਗਈ।

**ਸਾਧ ਕੈ ਸੰਗਿ ਮਿਟੇ ਸਭਿ ਰੋਗ ॥**

**ਨਾਨਕ ਸਾਧ ਭੇਟੇ ਸੰਜੋਗ ॥੭॥**

ਸਾਧ ਦੇ ਸੰਗ ਨਾਲ ਸਾਰੇ ਰੋਗ ਮਿਟ ਗਏ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੰਜੋਗ ਨਾਲ ਹੀ ਸਾਧੂ ਦਾ ਮਿਲਾਪ ਹੁੰਦਾ ਹੈ।

**ਸਾਧ ਕੀ ਮਹਿਮਾ ਬੇਦ ਨ ਜਾਨਹਿ ॥**

**ਜੇਤਾ ਸੁਨਹਿ ਤੇਤਾ ਬਖਿਆਨਹਿ ॥**

ਸਾਧ ਦੀ ਮਹਿਮਾ ਨੂੰ ਚਾਰੇ ਵੇਦ ਵੀ ਨਹੀਂ ਜਾਣਦੇ। ਉਹਨਾਂ ਦੇ ਕੌਤਕਾਂ ਨੂੰ ਜਿੰਨਾ ਕਿਸੇ ਨੇ ਸੁਣਿਆ ਹੈ ਓਨਾ ਆਖਿਆ ਹੈ।

**ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥**

**ਸਾਧ ਕੀ ਉਪਮਾ ਰਹੀ ਭਰਪੂਰਿ ॥**

ਸਾਧ ਦੀ ਮਹਿਮਾ ਤਿੰਨਾਂ ਗੁਣਾਂ (ਸਤੋ, ਰਜੋ, ਤਮੋ) ਤੋਂ ਦੂਰ ਹੈ। ਸਾਧ ਦੀ ਮਹਿਮਾ ਸਭ ਥਾਂ ਵਿਆਪਕ ਹੋ ਰਹੀ ਹੈ।

**ਸਾਧ ਕੀ ਸੋਭਾ ਕਾ ਨਾਹੀ ਅੰਤ ॥**
**ਸਾਧ ਕੀ ਸੋਭਾ ਸਦਾ ਬੇਅੰਤ ॥**
ਸਾਧ ਦੀ ਮਹਿਮਾ ਦਾ ਅੰਤ ਹੀ ਨਹੀਂ। ਸਾਧ ਦੀ ਮਹਿਮਾ ਹਮੇਸ਼ਾਂ ਬੇਹਿਸਾਬ ਹੈ।
**ਸਾਧ ਕੀ ਸੋਭਾ ਊਚ ਤੇ ਊਚੀ ॥**
**ਸਾਧ ਕੀ ਸੋਭਾ ਮੂਚ ਤੇ ਮੂਚੀ ॥**
ਸਾਧ ਦੀ ਮਹਿਮਾ ਉੱਤਮ ਤੋਂ ਉੱਤਮ ਹੈ।
ਸਾਧ ਦੀ ਮਹਿਮਾ ਬਹੁਤ ਤੋਂ ਬਹੁਤ ਹੈ।
**ਸਾਧ ਕੀ ਸੋਭਾ ਸਾਧ ਬਨਿ ਆਈ ॥**
**ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥**
ਸਾਧ ਦੀ ਮਹਿਮਾ ਨਾਲ ਹੀ, ਸਾਧ ਨਾਲ ਬਣ ਆਉਂਦੀ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਭਾਈ! ਸਾਧੂ ਅਤੇ ਪਰਮੇਸ਼ਰ ਵਿੱਚ ਕੋਈ ਭੇਦ ਨਹੀਂ ਹੈ।

**ਸਲੋਕੁ ॥**
**ਮਨਿ ਸਾਚਾ ਮੁਖਿ ਸਾਚਾ ਸੋਇ ॥**
ਜੋ ਮਨ ਦਾ ਸੱਚਾ ਅਤੇ ਮੂੰਹ ਦਾ ਵੀ ਸੱਚਾ ਹੈ।
**ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥**
ਉਹ ਇਕ ਪਰਮੇਸ਼ਰ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਵੇਖਦਾ।
**ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹ ਬ੍ਰਹਮ ਗਿਆਨੀ ਦੇ ਲੱਛਣ ਹਨ।
**ਅਸਟਪਦੀ ॥**
**ਬ੍ਰਹਮ ਗਿਆਨੀ ਸਦਾ ਨਿਰਲੇਪ ॥**
**ਜੈਸੇ ਜਲ ਮਹਿ ਕਮਲ ਅਲੇਪ ॥**
ਬ੍ਰਹਮ ਦਾ ਗਿਆਤਾ ਹਮੇਸ਼ਾਂ ਦੋਸ਼ ਰਹਿਤ ਮੰਨਿਆ ਜਾਂਦਾ ਹੈ,
ਜਿਸ ਤਰ੍ਹਾਂ ਪਾਣੀ ਵਿੱਚ ਕਮਲ ਫੁੱਲ ਨਿਰਲੇਪ ਮੰਨਿਆ ਜਾਂਦਾ ਹੈ।
**ਬ੍ਰਹਮ ਗਿਆਨੀ ਸਦਾ ਨਿਰਦੋਖ ॥**
**ਜੈਸੇ ਸੂਰੁ ਸਰਬ ਕਉ ਸੋਖ ॥**
ਬ੍ਰਹਮ ਦਾ ਗਿਆਤਾ ਦੋਸ਼ਾਂ ਤੋਂ ਰਹਿਤ ਹੈ।
ਜਿਸ ਤਰ੍ਹਾਂ ਸੂਰਜ ਸਾਰਿਆਂ ਨੂੰ ਸੁਖ ਦੇਂਦਾ ਹੈ।
**ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥**
**ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥**

ਬ੍ਰਹਮ ਦੇ ਗਿਆਤੇ ਵਾਸਤੇ ਸਮ ਦ੍ਰਿਸ਼ਟੀ ਹੋਣਾ ਵੀ ਇੱਕ ਲੱਛਣ ਹੈ।
ਜਿਸ ਤਰ੍ਹਾਂ ਰਾਜੇ ਤੇ ਕੰਗਾਲ ਨੂੰ ਹਵਾ ਇੱਕੋ ਜਿਹੀ ਲੱਗਦੀ ਹੈ।

**ਬ੍ਰਹਮ ਗਿਆਨੀ ਕੈ ਧੀਰਜੁ ਏਕ ॥**
**ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥**

ਬ੍ਰਹਮ ਦੇ ਗਿਆਤੇ ਲਈ ਇੱਕ ਲੱਛਣ ਧੀਰਜ-ਧਾਰੀ ਹੋਣ ਦਾ ਵੀ ਹੈ।
ਜਿਸ ਤਰ੍ਹਾਂ ਜ਼ਮੀਨ ਨੂੰ ਕੋਈ ਪੁੱਟੇ ਕੋਈ ਚੰਦਨ ਦਾ ਲੇਪ ਕਰੇ, ਉਹ ਧੀਰਜ ਨਹੀਂ ਤਿਆਗਦੀ।

**ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥**
**ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥**

ਬ੍ਰਹਮ ਦੇ ਗਿਆਤੇ ਦਾ ਇਹ ਗੁਣ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਅੱਗ ਦਾ ਸਭ ਨੂੰ ਸਾੜਣ ਵਾਲਾ ਸੁਭਾਅ ਸੁਤੇ ਸਿੱਧ ਹੈ।

**ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥**
**ਜੈਸੇ ਮੈਲੁ ਨ ਲਾਗੈ ਜਲਾ ॥**

ਬ੍ਰਹਮ ਦਾ ਗਿਆਤਾ ਨਿਰਮਲ ਤੋਂ ਵੀ ਨਿਰਮਲ ਹੈ। ਜਿਸ ਤਰ੍ਹਾਂ ਪਾਣੀ ਨੂੰ ਮੈਲ ਨਹੀਂ ਲੱਗਦੀ ਭਾਵ ਪਾਣੀ ਹੀ ਸਭ ਮੈਲ ਨੂੰ ਧੋਣ ਵਾਲਾ ਹੈ।

**ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥**
**ਜੈਸੇ ਧਰ ਊਪਰਿ ਆਕਾਸੁ ॥**

ਬ੍ਰਹਮ ਦੇ ਗਿਆਤੇ ਦੇ ਮਨ ਵਿੱਚ ਸਦਾ ਪ੍ਰਕਾਸ਼ ਰਹਿੰਦਾ ਹੈ।
ਜਿਸ ਤਰ੍ਹਾਂ ਜ਼ਮੀਨ ਉੱਤੇ ਆਸਮਾਨ ਮੰਨਿਆ ਜਾਂਦਾ ਹੈ।

**ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ ॥**
**ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥**

ਬ੍ਰਹਮ ਦੇ ਗਿਆਤੇ ਲਈ ਸੱਜਣ ਦੁਸ਼ਮਣ ਇੱਕੋ ਜਿਹੇ ਹਨ।
ਬ੍ਰਹਮ ਦੇ ਗਿਆਤੇ ਨੂੰ ਹੰਕਾਰ ਨਹੀਂ ਹੁੰਦਾ।

**ਬ੍ਰਹਮ ਗਿਆਨੀ ਊਚ ਤੇ ਊਚਾ ॥**
**ਮਨਿ ਅਪਨੈ ਹੈ ਸਭ ਤੇ ਨੀਚਾ ॥**

ਬ੍ਰਹਮ ਦਾ ਗਿਆਤਾ ਉੱਚੇ ਤੋਂ ਉੱਚਾ ਹੈ।
ਪਰ ਆਪਣੇ ਮਨ ਵਿੱਚ ਸਾਰਿਆਂ ਤੋਂ ਨੀਵਾਂ ਹੁੰਦਾ ਹੈ।

**ਬ੍ਰਹਮ ਗਿਆਨੀ ਸੇ ਜਨ ਭਏ ॥**
**ਨਾਨਕ ਜਿਨ ਪ੍ਰਭੁ ਆਪਿ ਕਰੇਇ ॥੨॥**

ਬ੍ਰਹਮ ਦੇ ਗਿਆਤੇ ਉਹ ਹੀ ਆਦਮੀ ਹੋਏ ਹਨ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਨੂੰ ਪ੍ਰਭੂ ਆਪ ਹੀ ਸੋਝੀ ਬਖਸ਼ਦਾ ਹੈ।

**ਬ੍ਰਹਮ ਗਿਆਨੀ ਸਗਲ ਕੀ ਰੀਨਾ ॥**
**ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥**
ਬ੍ਰਹਮ ਦਾ ਗਿਆਤਾ ਸਾਰਿਆਂ ਦੀ ਧੂੜੀ ਹੋ ਕੇ ਰਹਿੰਦਾ ਹੈ।
ਬ੍ਰਹਮ ਦੇ ਗਿਆਤੇ ਨੇ ਹੀ ਆਤਮਾ ਦੇ ਰਸ ਨੂੰ ਅਨੁਭਵ ਕੀਤਾ ਹੈ।
**ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥**
**ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥**
ਬ੍ਰਹਮ ਦੇ ਗਿਆਤੇ ਦੀ ਸਾਰਿਆਂ 'ਤੇ ਹੀ ਕਿਰਪਾ ਹੁੰਦੀ ਹੈ।
ਬ੍ਰਹਮ ਦੇ ਗਿਆਤੇ ਤੋਂ ਕੁਝ ਬੁਰਾ ਹੋਇਆ ਹੀ ਨਹੀਂ।
**ਬ੍ਰਹਮ ਗਿਆਨੀ ਸਦਾ ਸਮਦਰਸੀ ॥**
**ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥**
ਬ੍ਰਹਮ ਦਾ ਗਿਆਤਾ ਹਮੇਸ਼ਾਂ ਇੱਕੋ ਜਿਹੀ ਨਿਗ੍ਹਾ ਵਾਲਾ ਹੈ।
ਬ੍ਰਹਮ ਦੇ ਗਿਆਤੇ ਦੀ ਨਿਗ੍ਹਾ ਅੰਮ੍ਰਿਤ ਜੀਵਨ ਵਰਸਾਉਂਦੀ ਹੈ।
**ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥**
**ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥**
ਬ੍ਰਹਮ ਦਾ ਗਿਆਤਾ ਬੰਧਨਾਂ ਤੋਂ ਆਜ਼ਾਦ ਹੈ।
ਬ੍ਰਹਮ ਦੇ ਗਿਆਤੇ ਦੀ ਯੁਕਤੀ ਨਿਰਮਲ ਹੈ, ਭਾਵ ਉਸਦੀ ਮਰਿਆਦਾ ਸ਼ੁੱਧ ਹੈ।
**ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥**
**ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥**
ਬ੍ਰਹਮ ਦੇ ਗਿਆਤੇ ਦਾ ਭੋਜਨ ਗਿਆਨ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਬ੍ਰਹਮ ਦੇ ਗਿਆਤੇ ਦਾ ਧਿਆਨ ਬ੍ਰਹਮ ਹੀ ਹੈ।
**ਬ੍ਰਹਮ ਗਿਆਨੀ ਏਕ ਊਪਰਿ ਆਸ ॥**
**ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥**
ਬ੍ਰਹਮ ਦੇ ਗਿਆਤੇ ਦੀ ਆਸ਼ਾ ਇੱਕ ਪਰਮੇਸ਼ਰ 'ਤੇ ਹੈ।
ਬ੍ਰਹਮ ਦੇ ਗਿਆਤੇ ਦਾ ਕਦੀ ਨਾਸ਼ ਨਹੀਂ ਹੁੰਦਾ।
**ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥**
**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥**
ਬ੍ਰਹਮ ਦੇ ਗਿਆਤੇ ਦਾ ਨਿਮਰਤਾ ਨਾਲ ਮੇਲ ਹੁੰਦਾ ਹੈ।
ਬ੍ਰਹਮ ਦਾ ਗਿਆਤਾ ਪਰਉਪਕਾਰ ਲਈ ਸ਼ੌਂਕ ਰੱਖਦਾ ਹੈ।
**ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥**
**ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥**
ਬ੍ਰਹਮ ਦੇ ਗਿਆਤੇ ਨੂੰ ਸੰਸਾਰਿਕ ਧੰਧਿਆਂ ਦਾ ਜੰਜਾਲ ਬੰਨ੍ਹ ਕੇ ਨਹੀਂ ਰੱਖਦਾ।
ਬ੍ਰਹਮ ਦਾ ਗਿਆਤਾ ਚੰਚਲ ਇੰਦਰੀਆਂ ਨੂੰ ਰੋਕ ਲੈਂਦਾ ਹੈ।

**ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥**
**ਬ੍ਰਹਮ ਗਿਆਨੀ ਸੁਫਲ ਫਲਾ ॥**

ਬ੍ਰਹਮ ਦੇ ਗਿਆਤੇ ਵਾਸਤੇ ਜੋ ਹੋਵੇ ਉਹ ਹੀ ਠੀਕ ਹੈ, ਭਾਵ ਰਜ਼ਾ ਵਿੱਚ ਰਾਜ਼ੀ ਰਹਿੰਦਾ ਹੈ। ਬ੍ਰਹਮ ਦਾ ਗਿਆਤਾ ਉੱਤਮ ਫਲਾਂ ਨਾਲ ਫਲਦਾ ਹੈ।

**ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥**
**ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥੪॥**

ਬ੍ਰਹਮ ਦੇ ਗਿਆਤੇ ਨਾਲ ਹੀ ਸਾਰਿਆਂ ਦਾ ਉਧਾਰ ਹੋ ਸਕਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਬ੍ਰਹਮ ਦੇ ਗਿਆਤੇ ਨੂੰ ਸਾਰਾ ਸੰਸਾਰ ਹੀ ਸਿਮਰਦਾ ਹੈ।

**ਬ੍ਰਹਮ ਗਿਆਨੀ ਕੈ ਏਕੈ ਰੰਗ ॥**
**ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥**

ਬ੍ਰਹਮ ਦੇ ਗਿਆਤੇ ਵਾਸਤੇ ਇੱਕ ਹੀ ਰੰਗ ਹੈ ਭਾਵ ਉਹ ਇੱਕ ਹੀ ਰੰਗ ਵਿੱਚ ਰੰਗਿਆ ਰਹਿੰਦਾ ਹੈ। ਬ੍ਰਹਮ ਦੇ ਗਿਆਤੇ ਦੇ ਨਾਲ ਪ੍ਰਭੂ ਵੱਸਦਾ ਹੈ।

**ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥**
**ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥**

ਬ੍ਰਹਮ ਦੇ ਗਿਆਤੇ ਵਾਸਤੇ ਨਾਮ ਹੀ ਆਸਰਾ ਹੈ। ਬ੍ਰਹਮ ਦੇ ਗਿਆਤੇ ਵਾਸਤੇ ਨਾਮ ਹੀ ਪਰਿਵਾਰ ਹੈ।

**ਬ੍ਰਹਮ ਗਿਆਨੀ ਸਦਾ ਸਦ ਜਾਗਤ ॥**
**ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥**

ਬ੍ਰਹਮ ਦਾ ਗਿਆਤਾ ਹਮੇਸ਼ਾਂ ਜਾਗਦਾ ਹੈ।
ਬ੍ਰਹਮ ਦਾ ਗਿਆਤਾ ਹੰਕਾਰ ਨੂੰ ਛੱਡਦਾ ਹੈ।

**ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥**
**ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥**

ਬ੍ਰਹਮ ਦੇ ਗਿਆਤੇ ਦੇ ਮਨ ਵਿੱਚ ਪਰਮ ਆਨੰਦ ਹੈ।
ਬ੍ਰਹਮ ਦੇ ਗਿਆਤੇ ਦੇ ਘਰ ਵਿੱਚ ਹਮੇਸ਼ਾਂ ਹੀ ਆਨੰਦ ਹੈ।

**ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥**
**ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥੫॥**

ਬ੍ਰਹਮ ਦੇ ਗਿਆਤੇ ਦਾ ਸਹਿਜ-ਸੁਖ ਵਿੱਚ ਨਿਵਾਸ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਬ੍ਰਹਮ ਗਿਆਨੀ ਦਾ ਨਾਸ ਨਹੀਂ ਹੁੰਦਾ।

**ਬ੍ਰਹਮ ਗਿਅਨੀ ਬ੍ਰਹਮ ਕਾ ਬੇਤਾ ॥**
**ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥**

ਬ੍ਰਹਮ ਦਾ ਗਿਆਤਾ ਹੀ ਅਸਲੀ ਬ੍ਰਹਮ ਗਿਆਨੀ ਹੈ।
ਬ੍ਰਹਮ ਦੇ ਗਿਆਤੇ ਦਾ ਇੱਕ ਨਾਲ ਹੀ ਪ੍ਰੇਮ ਹੁੰਦਾ ਹੈ।

**ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥**
**ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥**
ਬ੍ਰਹਮ ਦੇ ਗਿਆਤੇ ਦਾ ਮਨ ਚਿੰਤਾ ਰਹਿਤ ਹੈ।
ਬ੍ਰਹਮ ਦੇ ਗਿਆਤੇ ਦਾ ਮੰਤਵ ਭਾਵ ਇਰਾਦਾ ਸ਼ੁੱਧ ਹੈ।
**ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥**
**ਬ੍ਰਹਮ ਗਿਆਨੀ ਕਾ ਬਡ ਪਰਤਾਪ ॥**
ਜਿਸ 'ਤੇ ਪ੍ਰਭੂ ਆਪ ਬਖਸ਼ਿਸ਼ ਕਰਦਾ ਹੈ, ਉਹ ਹੀ ਬ੍ਰਹਮ ਦਾ ਗਿਆਤਾ ਹੋ ਸਕਦਾ ਹੈ। ਬ੍ਰਹਮ ਦੇ ਗਿਆਤੇ ਦਾ ਵੱਡਾ ਪ੍ਰਤਾਪ ਹੈ।
**ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥**
**ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥**
ਬ੍ਰਹਮ ਦੇ ਗਿਆਤੇ ਦਾ ਦੀਦਾਰ ਵੱਡੇ ਕਰਮਾਂ ਨਾਲ ਪਾਈਦਾ ਹੈ। ਬ੍ਰਹਮ ਦੇ ਗਿਆਤੇ ਲਈ ਮਨ ਬਾਣੀ ਤੋਂ ਬਲਿਹਾਰ-ਬਲਿਹਾਰ ਜਾਣਾ ਚਾਹੀਦਾ ਹੈ।
**ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥**
**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥**
ਬ੍ਰਹਮ ਦੇ ਗਿਆਤੇ ਨੂੰ ਸ਼ਿਵ ਵੀ ਖੋਜਦੇ ਹਨ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਬ੍ਰਹਮ ਦਾ ਗਿਆਤਾ ਆਪ ਹੀ ਪਰਮੇਸ਼ਰ ਹੈ।
**ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥**
**ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥**
ਬ੍ਰਹਮ ਦੇ ਗਿਆਤੇ ਦਾ ਕੋਈ ਮੁੱਲ ਨਹੀਂ।
ਬ੍ਰਹਮ ਦੇ ਗਿਆਤੇ ਦੇ ਮਨ ਵਿੱਚ ਸਭ ਕੁਝ ਹੈ।
**ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥**
**ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥**
ਬ੍ਰਹਮ ਦੇ ਗਿਆਤੇ ਦਾ ਭੇਦ ਕੌਣ ਜਾਣ ਸਕਦਾ ਹੈ?
ਬ੍ਰਹਮ ਦੇ ਗਿਆਤੇ ਨੂੰ ਹਮੇਸ਼ਾਂ ਨਮਸਕਾਰ ਹੈ।
**ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਹਰੁ ॥**
**ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥**
ਬ੍ਰਹਮ ਦੇ ਗਿਅਤੇ ਦਾ ਤਾਂ ਅੱਧਾ ਅੱਖਰ ਬੋਲਿਆ ਹੋਇਆ ਵੀ ਕਿਹਾ ਨਹੀਂ ਜਾ ਸਕਦਾ। ਬ੍ਰਹਮ ਦਾ ਗਿਆਤਾ ਸਾਰਿਆਂ ਦਾ ਮਾਲਕ ਹੈ।
**ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥**
**ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥**
ਬ੍ਰਹਮ ਦੇ ਗਿਆਤੇ ਦੀ ਹੱਦ ਨੂੰ ਕੌਣ ਕਹਿ ਸਕਦਾ ਹੈ?
ਬ੍ਰਹਮ ਦੇ ਗਿਆਤੇ ਦੀ ਗਤੀ ਨੂੰ ਬ੍ਰਹਮ ਦਾ ਗਿਆਤਾ ਹੀ ਸਮਝਦਾ ਹੈ।

**ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥**
**ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥੭॥**
ਬ੍ਰਹਮ ਦੇ ਗਿਆਤੇ ਦਾ ਕੋਈ ਅੰਤ ਪਾਰਾਵਾਰ ਨਹੀਂ ਪਾ ਸਕਦਾ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਬ੍ਰਹਮ ਦੇ ਗਿਆਤੇ ਨੂੰ ਸਦਾ ਹੀ ਨਮਸਕਾਰ ਹੈ।
**ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥**
**ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥**
ਬ੍ਰਹਮ ਦਾ ਗਿਆਤਾ ਸਾਰੀ ਰਚਨਾ ਦਾ ਰਚਨਹਾਰ ਹੈ।
ਬ੍ਰਹਮ ਦਾ ਗਿਆਤਾ ਸਦਾ ਜੀਉਂਦਾ ਹੈ, ਉਹ ਮਰਦਾ ਨਹੀਂ।
**ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥**
**ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥**
ਬ੍ਰਹਮ ਦਾ ਗਿਆਤਾ ਮੁਕਤੀ ਅਤੇ ਜੀਵ ਦੇ ਜੀਵਨ ਦੀ ਯੁਕਤੀ ਦਾ ਦਾਤਾ ਹੈ।
ਬ੍ਰਹਮ ਦਾ ਗਿਆਤਾ ਪੂਰਨ ਫਲ ਪ੍ਰਦਾਤਾ ਅਤੇ ਪੁਰਸ਼ਾਰਥ ਵਾਲਾ ਹੈ।
**ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥**
**ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥**
ਬ੍ਰਹਮ ਦਾ ਗਿਆਤਾ ਲਾਵਾਰਿਸ ਦਾ ਵਾਰਿਸ ਹੈ।
ਬ੍ਰਹਮ ਦੇ ਗਿਆਤੇ ਦਾ ਸਾਰਿਆਂ 'ਤੇ ਹੱਥ ਹੈ।
**ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥**
**ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥**
ਇਹ ਸਾਰਾ ਸੰਸਾਰ ਬ੍ਰਹਮ ਦੇ ਗਿਆਤੇ ਦਾ ਸਰੂਪ ਹੈ।
ਬ੍ਰਹਮ ਦਾ ਗਿਆਤਾ ਆਪ ਹੀ ਨਿਰੰਕਾਰ ਹਰੀ ਸਰੂਪ ਹੈ।
**ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥**
**ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥**
ਬ੍ਰਹਮ ਦੇ ਗਿਆਤੇ ਦੀ ਉਪਮਾ ਬ੍ਰਹਮ ਦੇ ਗਿਆਤੇ ਨੂੰ ਹੀ ਸ਼ੋਭਦੀ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਬ੍ਰਹਮ ਦਾ ਗਿਆਤਾ ਸਭ ਦਾ ਮਾਲਕਹੈ।

**ਸਲੋਕੁ ॥**
**ਉਰਿ ਧਾਰੈ ਜੋ ਅੰਤਰਿ ਨਾਮੁ ॥**
**ਸਰਬ ਮੈ ਪੇਖੈ ਭਗਵਾਨੁ ॥**
ਜੋ ਹਿਰਦੇ ਵਿੱਚ ਨਾਮ ਨੂੰ ਧਾਰ ਲਵੇ। ਉਹ ਜੀਵ ਸਭ ਵਿੱਚ ਪ੍ਰਭੂ ਨੂੰ ਵੇਖਦਾ ਹੈ।
**ਨਿਮਖ ਨਿਮਖ ਠਾਕੁਰ ਨਮਸਕਾਰੈ ॥**
**ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥੧॥**

ਜੋ ਹਰ ਛਿਨ ਮਾਲਕ-ਪ੍ਰਭੂ ਨੂੰ ਨਮਸਕਾਰ ਕਰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਸਭ ਦਾ ਪਾਰ-ਉਤਾਰਾ ਕਰਨ ਯੋਗ ਹੈ।

**ਅਸਟਪਦੀ ॥**

**ਮਿਥਿਆ ਨਾਹੀ ਰਸਨਾ ਪਰਸ ॥**

**ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥**

ਜਿਸ ਦੀ ਜੀਭ ਨੂੰ ਝੂਠ ਦਾ ਸਪਰਸ਼ ਨਹੀਂ ਹੋਇਆ ਭਾਵ ਜੋ ਝੂਠ ਨਹੀਂ ਬੋਲਦਾ। ਮਨ ਵਿੱਚ ਮਾਇਆ ਤੋਂ ਰਹਿਤ ਪ੍ਰਭੂ ਦੇ ਦਰਸ਼ਨ ਦਾ ਪ੍ਰੇਮ ਰੱਖਦਾ ਹੈ।

**ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥**

**ਸਾਧ ਕੀ ਟਹਲ ਸੰਤਸੰਗਿ ਹੇਤ ॥**

ਪਰ ਇਸਤਰੀ ਦਾ ਰੂਪ ਨੇਤਰਾਂ ਨਾਲ ਨਹੀਂ ਵੇਖਦਾ। ਸੰਤਾਂ ਦੀ ਸੇਵਾ ਕਰਦਾ ਹੈ ਅਤੇ ਸੰਤਾਂ ਨਾਲ ਹੀ ਪ੍ਰੇਮ ਕਰਦਾ ਹੈ।

**ਕਰਨ ਨ ਸੁਨੈ ਕਾਹੂ ਕੀ ਨਿੰਦਾ ॥**

**ਸਭ ਤੇ ਜਾਨੈ ਆਪਸ ਕਉ ਮੰਦਾ ॥**

ਕੰਨਾਂ ਨਾਲ ਕਿਸੇ ਦੀ ਨਿੰਦਿਆ ਨਹੀਂ ਸੁਣਦਾ। ਆਪਣੇ ਆਪ ਨੂੰ ਸਾਰਿਆਂ ਤੋਂ ਮੰਦਾ ਸਮਝਦਾ ਹੈ।

**ਗੁਰ ਪ੍ਰਸਾਦਿ ਬਿਖਿਆ ਪਰਹਰੈ ॥**

**ਮਨ ਕੀ ਬਾਸਨਾ ਮਨ ਤੇ ਟਰੈ ॥**

ਗੁਰੂ ਦੀ ਕਿਰਪਾ ਨਾਲ ਵਿਸ਼ਿਆਂ ਨੂੰ ਛੱਡ ਦੇਂਦਾ ਹੈ।
ਮਨ ਦੀ ਵਾਸ਼ਨਾ ਨੂੰ ਮਨ ਤੋਂ ਟਾਲ ਦੇਂਦਾ ਹੈ।

**ਇੰਦ੍ਰੀਜਿਤ ਪੰਚ ਦੋਖ ਤੇ ਰਹਤ ॥**

**ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥**

ਇੰਦਰੀਆਂ ਨੂੰ ਕਾਬੂ ਕਰਦਾ ਹੈ ਅਤੇ ਪੰਜ ਕਾਮਾਦਿਕ ਦੋਸ਼ਾਂ ਤੋਂ ਰਹਿਤ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਕਰੋੜਾਂ ਵਿੱਚੋਂ ਐਸਾ ਕੋਈ ਵਿਰਲਾ ਹੀ ਨਿਰਲੇਪ ਹੈ।

**ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥**

**ਬਿਸਨ ਕੀ ਮਾਇਆ ਤੇ ਹੋਇ ਭਿੰਨ ॥**

ਵੈਸ਼ਨਵ(ਵਿਸ਼ਨੂੰ ਦਾ ਭਗਤ) ਉਹ ਹੈ, ਜਿਸ ਉੱਤੇ ਪ੍ਰਭੂ ਖੁਸ਼ ਹੈ। ਉਹ ਵਿਸ਼ਨੂੰ ਦੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ।

**ਕਰਮ ਕਰਤ ਹੋਵੈ ਨਿਹਕਰਮ ॥**

**ਤਿਸੁ ਬੈਸਨੋ ਕਾ ਨਿਰਮਲ ਧਰਮ ॥**

ਜੋ ਕਰਮ ਕਰਦਾ ਹੋਇਆ ਨਿਸ਼ਕਾਮ ਰਹਿੰਦਾ ਹੈ। ਉਸ ਵੈਸ਼ਨਵ ਦਾ ਧਰਮ ਨਿਰਮਲ ਹੈ।

**ਕਾਹੂ ਫਲ ਕੀ ਇਛਾ ਨਹੀ ਬਾਛੈ ॥**
**ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥**

ਜੋ ਕਿਸੇ ਫਲ ਦੀ ਇੱਛਾ ਨਹੀਂ ਰੱਖਦਾ। ਕੇਵਲ ਭਗਤੀ ਤੇ ਕੀਰਤਨ ਨਾਲ ਹੀ ਜੁੜਿਆ ਹੋਇਆ ਹੈ।

**ਮਨ ਤਨ ਅੰਤਰਿ ਸਿਮਰਨ ਗੋਪਾਲ ॥**
**ਸਭ ਊਪਰਿ ਹੋਵਤ ਕਿਰਪਾਲ ॥**

ਉਸਦੇ ਮਨ-ਤਨ ਵਿੱਚ ਗੋਪਾਲ ਦਾ ਹੀ ਸਿਮਰਨ ਹੈ। ਉਹ ਸਾਰਿਆਂ ਜੀਵਾਂ 'ਤੇ ਤਰਸ ਕਰਦਾ ਹੈ।

**ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥**
**ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥੨॥**

ਨਾਮ-ਸਿਮਰਨ ਆਪ ਕਰਦਾ ਹੈ ਅਤੇ ਹੋਰਨਾਂ ਤੋਂ ਕਰਵਾਉਂਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਵੈਸ਼ਨਵ ਭਗਤ ਮੁਕਤ ਦੀ ਪਦਵੀ ਨੂੰ ਪ੍ਰਾਪਤ ਕਰਦਾ ਹੈ।

**ਭਗਉਤੀ ਭਗਵੰਤ ਭਗਤਿ ਕਾ ਰੰਗੁ ॥**
**ਸਗਲ ਤਿਆਗੈ ਦੁਸਟ ਕਾ ਸੰਗੁ ॥**

ਭਗਵਤੀ ਦਾ ਉਪਾਸ਼ਕ ਉਹ ਹੈ, ਜਿਸ 'ਤੇ ਭਗਵਾਨ ਦੀ ਭਗਤੀ ਦਾ ਰੰਗ ਚੜ੍ਹਿਆ ਹੈ। ਅੰਦਰਲੇ ਤੇ ਬਾਹਰਲੇ ਸਾਰੇ ਦੁਸ਼ਟਾਂ ਦਾ ਸਾਥ ਛੱਡ ਦੇਵੇ।

**ਮਨ ਤੇ ਬਿਨਸੈ ਸਗਲਾ ਭਰਮੁ ॥**
**ਕਰਿ ਪੂਜੈ ਸਗਲ ਪਾਰਬ੍ਰਹਮੁ ॥**

ਮਨ ਤੋਂ ਸਾਰਾ ਭ੍ਰਮ ਨਾਸ ਕਰ ਦੇਵੇ।
ਸਾਰੇ ਸੰਸਾਰ ਵਿੱਚ ਬ੍ਰਹਮ ਨੂੰ ਵਿਆਪਕ ਜਾਣ ਕੇ ਪੂਜਦਾ ਹੋਵੇ।

**ਸਾਧਸੰਗਿ ਪਾਪਾ ਮਲੁ ਖੋਵੈ ॥**
**ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥**

ਸੰਤਾਂ ਦੀ ਸੰਗਤ ਨਾਲ ਮਨ ਤੋਂ ਪਾਪਾਂ ਦੀ ਮੈਲ ਨਾਸ਼ ਕਰ ਦੇਵੇ। ਉਸ ਭਗਤ ਦੀ ਹੀ ਉੱਤਮ ਬੁੱਧੀ ਹੋ ਸਕਦੀ ਹੈ।

**ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥**
**ਮਨੁ ਤਨੁ ਅਰਪੈ ਬਿਸਨ ਪਰੀਤਿ ॥**

ਜੋ ਹਮੇਸ਼ਾਂ ਹੀ ਭਗਵਾਨ ਦੀ ਸੇਵਾ ਕਰੇ। ਭਗਾਵਨ ਦੀ ਪ੍ਰੀਤ ਅੱਗੇ ਮਨ ਤੇ ਤਨ ਨੂੰ ਸੌਂਪ ਦੇਵੇ।

**ਹਰਿ ਕੇ ਚਰਨ ਹਿਰਦੈ ਬਸਾਵੈ ॥**
**ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥੩॥**

ਜੋ ਭਗਵਾਨ ਦੇ ਚਰਨ ਹਿਰਦੇ ਵਿੱਚ ਵਸਾ ਲਵੇ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਐਸਾ ਭਗਤ ਭਗਵਾਨ ਨੂੰ ਪ੍ਰਾਪਤ ਕਰ ਲੈਂਦਾ ਹੈ।

**ਸੋ ਪੰਡਿਤੁ ਜੋ ਮਨੁ ਪਰਬੋਧੈ ॥**
**ਰਾਮ ਨਾਮੁ ਆਤਮ ਮਹਿ ਸੋਧੈ ॥**
ਅਸਲੀ ਗਿਆਨੀ ਉਹ ਹੈ, ਜੋ ਮਨ ਤੋਂ ਉਪਦੇਸ਼ ਕਰੇ।
ਪ੍ਰਭੂ ਦੇ ਨਾਮ ਨੂੰ ਮਨ ਵਿੱਚ ਵਿਚਾਰੇ।
**ਰਾਮ ਨਾਮ ਸਾਰੁ ਰਸੁ ਪੀਵੈ ॥**
**ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥**
ਰਾਮ-ਨਾਮ ਦੇ ਅੰਮ੍ਰਿਤ-ਰਸ ਨੂੰ ਪੀਵੇ।
ਉਸ ਗਿਆਨੀ ਦੇ ਉਪਦੇਸ਼ ਨਾਲ ਸੰਸਾਰ ਨੂੰ ਉੱਤਮ ਜੀਵਨ ਪ੍ਰਾਪਤ ਹੁੰਦਾ ਹੈ।
**ਹਰਿ ਕੀ ਕਥਾ ਹਿਰਦੈ ਬਸਾਵੈ ॥**
**ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥**
ਜੋ ਹਰੀ ਦੀ ਕਥਾ ਨੂੰ ਦਿਲ ਵਿਚ ਵਸਾਉਂਦਾ ਹੈ,
ਉਹ ਪੰਡਿਤ ਫਿਰ ਜੂਨਾਂ ਵਿੱਚ ਨਹੀਂ ਆਉਂਦਾ।
**ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥**
**ਸੂਖਮ ਮਹਿ ਜਾਨੈ ਅਸਥੂਲੁ ॥**
ਵੇਦ, ਪੁਰਾਣ ਅਤੇ ਸਿੰਮ੍ਰਤੀਆਂ ਦੇ ਮੂਲ ਸਿਧਾਂਤਾਂ ਨੂੰ ਸਮਝ ਲਵੇ।
ਇਸ ਗੱਲ ਨੂੰ ਸਮਝ ਲਵੇ ਕਿ ਸੂਖਮ ਪਰਮੇਸ਼ਰ ਵਿੱਚ ਸਾਰਾ ਸਥੂਲ ਸੰਸਾਰ ਟਿਕਿਆ ਹੋਇਆ ਹੈ।
**ਚਹੁ ਵਰਨਾ ਕਉ ਦੇ ਉਪਦੇਸੁ ॥**
**ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥**
ਚਹੁੰਆਂ ਵਰਣਾਂ(ਬ੍ਰਾਹਮਣ, ਖੱਤਰੀ, ਸ਼ੂਦਰ, ਵੈਸ਼) ਨੂੰ ਸਮਾਨ ਉਪਦੇਸ਼ ਦੇਵੇ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਪੰਡਿਤ ਨੂੰ ਸਦਾ ਹੀ ਨਮਸਕਾਰ ਹੈ।
**ਬੀਜ ਮੰਤ੍ਰੁ ਸਰਬ ਕੋ ਗਿਆਨੁ ॥**
**ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥**
ਸਾਰਿਆਂ ਮੰਤਰਾਂ ਦਾ ਮੂਲ ਅਤੇ ਸਾਰੇ ਗਿਆਨ ਦਾ ਦਾਤਾ ਇੱਕ ਨਾਮ ਹੀ ਹੈ।
ਚਹੁੰਆਂ ਵਰਣਾਂ ਅਰਥਾਤ ਸਭ ਮਨੁੱਖਾਂ ਵਿੱਚੋਂ ਕੋਈ ਵਿਰਲਾ ਹੀ ਨਾਮ ਜਪਦਾ ਹੈ।
**ਜੋ ਜੋ ਜਪੈ ਤਿਸ ਕੀ ਗਤਿ ਹੋਇ ॥**
**ਸਾਧਸੰਗਿ ਪਾਵੈ ਜਨੁ ਕੋਇ ॥**
ਪਰ ਜਿਹੜਾ-ਜਿਹੜਾ ਜਪਦਾ ਹੈ, ਉਸਨੂੰ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਕੋਈ ਵਿਰਲਾ ਆਦਮੀ ਹੀ ਸਾਧੂ ਦੀ ਸੰਗਤ ਕਰਕੇ ਨਾਮ ਪ੍ਰਾਪਤ ਕਰਦਾ ਹੈ।
**ਕਰਿ ਕਿਰਪਾ ਅੰਤਰਿ ਉਰ ਧਾਰੈ ॥**
**ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥**

ਪ੍ਰਭੂ ਕਿਰਪਾ ਕਰਕੇ ਜਿਸ ਦੇ ਹਿਰਦੇ ਵਿੱਚ ਨਾਮ ਟਿਕਾ ਦੇਵੇ। ਉਹ ਨਾਮ ਪਸ਼ੂ, ਪ੍ਰੇਤ, ਮੂਰਖ ਅਤੇ ਪੱਥਰਾਂ ਵਰਗਿਆਂ ਮਨੁੱਖਾਂ ਨੂੰ ਵੀ ਤਾਰ ਦੇਂਦਾ ਹੈ।

**ਸਰਬ ਰੋਗ ਕਾ ਅਉਖਦੁ ਨਾਮੁ ॥**

**ਕਲਿਆਣ ਰੂਪ ਮੰਗਲ ਗੁਣ ਗਾਮ ॥**

ਸਾਰਿਆਂ ਰੋਗਾਂ ਦਾ ਇਲਾਜ ਹਰੀ-ਨਾਮ ਹੈ। ਜੋ ਨਾਮ ਕਲਿਆਣ ਰੂਪ, ਮੰਗਲ ਰੂਪ ਅਤੇ ਸਮੂਹ ਗੁਣ ਰੂਪ ਹੈ।

**ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥**

**ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ ॥੫॥**

ਪਰ ਨਾਮ ਕਿਸੇ ਸੰਸਾਰਿਕ ਢੰਗ ਤਰੀਕਿਆਂ ਅਤੇ ਧਾਰਮਿਕ ਕਰਮ-ਕਾਂਡਾਂ ਨਾਲ ਪ੍ਰਾਪਤ ਨਹੀਂ ਹੁੰਦਾ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸਨੂੰ ਹੀ ਹਰੀ-ਨਾਮ ਮਿਲਦਾ ਹੈ, ਜਿਸ ਦੀ ਕਿਸਮਤ ਵਿੱਚ ਧੁਰੋਂ ਹੀ ਲਿਖਿਆ ਹੁੰਦਾ ਹੈ।

**ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥**

**ਤਿਸ ਕਾ ਨਾਮੁ ਸਤਿ ਰਾਮਦਾਸੁ ॥**

ਜਿਸ ਦੇ ਮਨ ਵਿੱਚ ਪ੍ਰਭੂ ਦਾ ਨਿਵਾਸ ਹੈ,
ਉਸ ਦਾ ਨਾਮ ਮਾਲਕ ਦਾ ਸੱਚਾ ਸੇਵਕ ਹੈ।

**ਆਤਮ ਰਾਮੁ ਤਿਸੁ ਨਦਰੀ ਆਇਆ ॥**

**ਦਾਸ ਦਸੰਤਣ ਭਾਇ ਤਿਨਿ ਪਾਇਆ ॥**

ਉਸ ਨੂੰ ਸਰਬ ਵਿਆਪੀ ਪ੍ਰਭੂ ਦਿਸ ਪੈਂਦਾ ਹੈ। ਦਾਸਾਂ ਦਾ ਦਾਸ ਹੋਣ ਦੀ ਭਾਵਨਾ ਭਾਵ ਨਿਮਰਤਾ ਨਾਲ ਉਸ ਨੇ ਪ੍ਰਭੂ ਨੂੰ ਪਾਇਆ ਹੈ।

**ਸਦਾ ਨਿਕਟਿ ਨਿਕਟਿ ਹਰਿ ਜਾਨੁ ॥**

**ਸੋ ਦਾਸੁ ਦਰਗਹ ਪਰਵਾਨੁ ॥**

ਜੋ ਪਰਮੇਸ਼ਰ ਨੂੰ ਹਮੇਸ਼ਾਂ ਨੇੜੇ ਤੋਂ ਨੇੜੇ ਸਮਝਦਾ ਹੈ।
ਉਹ ਦਾਸ ਹੀ ਦਰਗਾਹ ਵਿੱਚ ਪਰਵਾਣ ਹੁੰਦਾ ਹੈ।

**ਅਪੁਨੇ ਦਾਸ ਕਉ ਆਪਿ ਕਿਰਪਾ ਕਰੈ ॥**

**ਤਿਸੁ ਦਾਸ ਕਉ ਸਭ ਸੋਝੀ ਪਰੈ ॥**

ਆਪਣੇ ਦਾਸ ਉੱਤੇ ਹਰੀ ਆਪ ਹੀ ਮਿਹਰ ਕਰਦਾ ਹੈ।
ਉਸ ਦਾਸ ਨੂੰ ਸਾਰਾ ਗਿਆਨ ਹੋ ਜਾਂਦਾ ਹੈ।

**ਸਗਲ ਸੰਗਿ ਆਤਮ ਉਦਾਸੁ ॥**

**ਐਸੀ ਜੁਗਤਿ ਨਾਨਕ ਰਾਮਦਾਸੁ ॥੬॥**

ਸਾਰਿਆਂ ਦਾ ਸੰਗੀ ਹੁੰਦਾ ਹੋਇਆ, ਜੋ ਆਤਮਾ ਤੋਂ ਉਦਾਸ ਰਹਿੰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਐਸੇ ਲੱਛਣਾਂ ਵਾਲਾ ਹੀ ਸੱਚਾ ਹਰੀ ਦਾ ਦਾਸ ਹੈ।

**ਪ੍ਰਭ ਕੀ ਆਗਿਆ ਆਤਮ ਹਿਤਾਵੈ ॥**
**ਜੀਵਨ ਮੁਕਤਿ ਸੋਊ ਕਹਾਵੈ ॥**

ਜਿਸਨੂੰ ਮਨ ਵਿੱਚ ਪਰਮੇਸ਼ਰ ਦਾ ਹੁਕਮ ਚੰਗਾ ਲੱਗੇ। ਉਹ ਹੀ 'ਜੀਵਨ ਮੁਕਤ' ਕਹਾਉਂਦਾ ਹੈ।

**ਤੈਸਾ ਹਰਖੁ ਤੈਸਾ ਉਸੁ ਸੋਗੁ ॥**
**ਸਦਾ ਅਨੰਦੁ ਤਹ ਨਹੀ ਬਿਓਗੁ ॥**

ਉਸ ਲਈ ਖੁਸ਼ੀ ਅਤੇ ਗਮੀ ਇੱਕ ਸਮਾਨ ਹੈ। ਉੱਥੇ ਹਮੇਸ਼ਾਂ ਆਨੰਦ ਹੀ ਹੈ ਦੁੱਖ ਨਹੀਂ ਹੈ।

**ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥**
**ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥**

ਉਸ ਲਈ ਸੋਨਾ ਅਤੇ ਮਿੱਟੀ ਇੱਕ ਸਮਾਨ ਹਨ। ਉਸ ਲਈ ਅੰਮ੍ਰਿਤ ਅਤੇ ਜ਼ਹਿਰ ਦੀ ਪ੍ਰਾਪਤੀ ਇੱਕ ਸਮਾਨ ਹੈ ਭਾਵ ਰਸਾਂ ਤੋਂ ਨਿਰਲੇਪ ਹੋ ਜਾਂਦਾ ਹੈ।

**ਤੈਸਾ ਮਾਨੁ ਤੈਸਾ ਅਭਿਮਾਨੁ ॥**
**ਤੈਸਾ ਰੰਕੁ ਤੈਸਾ ਰਾਜਾਨੁ ॥**

ਉਸ ਲਈ ਆਦਰ ਅਤੇ ਨਿਰਾਦਰ ਇੱਕ ਸਮਾਨ ਹੀ ਹਨ। ਉਸ ਲਈ ਕੰਗਾਲ ਅਤੇ ਰਾਜਾ ਵੀ ਇੱਕ ਸਮਾਨ ਹੀ ਹਨ।

**ਜੋ ਵਰਤਾਏ ਸਾਈ ਜੁਗਤਿ ॥**
**ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥**

ਜੋ ਪੁਰਖ ਇਸ ਵਰਤਾਰੇ ਨਾਲ ਸੰਸਾਰ ਵਿੱਚ ਵਰਤਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਮਨੁੱਖ ਜੀਵਨ ਮੁਕਤ ਕਿਹਾ ਜਾਂਦਾ ਹੈ॥੭॥

**ਪਾਰਬ੍ਰਹਮ ਕੇ ਸਗਲੇ ਠਾਉ ॥**
**ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥**

ਸਾਰੇ ਥਾਂ ਪਾਰਬ੍ਰਹਮ ਦੇ ਹੀ ਹਨ। ਜਿਸ-ਜਿਸ ਤਰ੍ਹਾਂ ਦੇ ਘਰ ਵਿੱਚ ਜੀਵਾਂ ਨੂੰ ਰੱਖਦਾ ਹੈ, ਉਹੋ ਜਿਹਾ ਹੀ ਉਨ੍ਹਾਂ ਦਾ ਨਾਮ ਪੈ ਜਾਂਦਾ ਹੈ।

**ਆਪੇ ਕਰਨ ਕਰਾਵਨ ਜੋਗੁ ॥**
**ਪ੍ਰਭ ਭਾਵੈ ਸੋਈ ਫੁਨਿ ਹੋਗੁ ॥**

ਕਰਨ ਯੋਗ ਅਤੇ ਕਰਾਵਣ ਯੋਗ ਪਾਰਬ੍ਰਹਮ ਆਪ ਹੀ ਹੈ।
ਜੋ ਪ੍ਰਭੂ ਨੂੰ ਭਾਵੇਗਾ ਭਵਿੱਖ ਵਿੱਚ ਉਹੋ ਹੀ ਹੋਵੇਗਾ।

**ਪਸਰਿਓ ਆਪਿ ਹੋਇ ਅਨਤ ਤਰੰਗ ॥**
**ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥**

ਅਨੇਕ ਤਰੰਗਾਂ ਭਾਵ ਫੁਰਨੇ ਰੂਪ ਹੋ ਕੇ ਆਪ ਹੀ ਫੈਲ ਰਿਹਾ ਹੈ।
ਪਾਰਬ੍ਰਹਮ ਦੇ ਚੋਜ ਜਾਣੇ ਨਹੀਂ ਜਾ ਸਕਦੇ।

**ਜੈਸੀ ਮਤਿ ਦੇਇ ਤੈਸਾ ਪਰਗਾਸ ॥**

**ਪਾਰਬ੍ਰਹਮੁ ਕਰਤਾ ਅਬਿਨਾਸ ॥**

ਉਹ ਪ੍ਰਭੂ ਜੀਵ ਨੂੰ ਜਿਸ ਤਰ੍ਹਾਂ ਦੀ ਮੱਤ ਦਿੰਦਾ ਹੈ ਉਸ ਨੂੰ ਓਵੇਂ ਦਾ ਹੀ ਗਿਆਨ ਹੁੰਦਾ ਹੈ। ਉਹ ਕਰਤਾ ਪੁਰਖ ਅਬਿਨਾਸੀ ਪ੍ਰਭੂ ਹੈ।

**ਸਦਾ ਸਦਾ ਸਦਾ ਦਇਆਲ ॥**

**ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥੮॥੯॥**

ਉਹ ਪ੍ਰਭੂ ਸਦਾ ਹੀ ਦਿਆਲੂ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸਨੂੰ ਸਿਮਰ-ਸਿਮਰ ਕੇ ਹੀ ਅਸੀਂ ਨਿਹਾਲ ਹੋਏ ਹਾਂ।

**ਸਲੋਕੁ ॥**

**ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ ॥**

ਅਨੇਕਾਂ ਮਨੁੱਖ ਉਸਦੀ ਉਸਤਤ ਕਰਦੇ ਹਨ ਫੇਰ ਵੀ ਉਸਦਾ ਅੰਤ ਨਹੀਂ ਪਾਇਆ ਜਾ ਸਕਦਾ।

**ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ਰ ਨੇ ਬਹੁਤ ਤਰ੍ਹਾਂ ਦੀ ਰਚਨਾ ਬਹੁਤ ਤਰੀਕਿਆਂ ਨਾਲ ਰਚੀ ਹੈ।

**ਅਸਟਪਦੀ ॥**

**ਕਈ ਕੋਟਿ ਹੋਏ ਪੂਜਾਰੀ ॥**

**ਕਈ ਕੋਟਿ ਆਚਾਰ ਬਿਉਹਾਰੀ ॥**

ਅਨੇਕਾਂ ਕਰੋੜਾਂ ਲੋਕ ਪੂਜਾ ਕਰਨ ਵਾਲੇ ਹੋਏ ਹਨ। ਕਈ ਕਰੋੜਾਂ ਸ਼ੁਭ ਆਚਰਨ ਨਾਲ ਵਿਹਾਰ ਕਰਨ ਵਾਲੇ ਹੋਏ ਹਨ।

**ਕਈ ਕੋਟਿ ਭਏ ਤੀਰਥ ਵਾਸੀ ॥**

**ਕਈ ਕੋਟਿ ਬਨ ਭ੍ਰਮਹਿ ਉਦਾਸੀ ॥**

ਕਈ ਕਰੋੜਾਂ ਤੀਰਥਾਂ 'ਤੇ ਰਹਿਣ ਵਾਲੇ ਹੋਏ ਹਨ।
ਕਈ ਕਰੋੜਾਂ ਉਦਾਸੀ ਜੰਗਲਾਂ ਵਿੱਚ ਫਿਰਦੇ ਹਨ।

**ਕਈ ਕੋਟਿ ਬੇਦ ਕੇ ਸ੍ਰੋਤੇ ॥**

**ਕਈ ਕੋਟਿ ਤਪੀਸੁਰ ਹੋਤੇ ॥**

ਕਈ ਕਰੋੜਾਂ ਲੋਕ ਵੇਦਾਂ ਦੇ ਸੁਨਣ ਵਾਲੇ ਹਨ। ਕਈ ਕਰੋੜਾਂ ਤਪੀਸਰ ਅਤੇ ਹਵਨ ਕਰਨ ਵਾਲੇ ਹਨ।

**ਕਈ ਕੋਟਿ ਆਤਮ ਧਿਆਨੁ ਧਾਰਹਿ ॥**

**ਕਈ ਕੋਟਿ ਕਬਿ ਕਾਬਿ ਬੀਚਾਰਹਿ ॥**

ਕਈ ਕਰੋੜਾਂ ਆਤਮਾ ਦਾ ਧਿਆਨ ਧਾਰਦੇ ਹਨ। ਕਈ ਕਰੋੜਾਂ ਕਵੀ ਕਵਿਤਾ ਦੇ ਗ੍ਰੰਥ ਵਿਚਾਰਦੇ ਹਨ।

**ਕਈ ਕੋਟਿ ਨਵਤਨ ਨਾਮ ਧਿਆਵਹਿ ॥**
**ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥੧॥**

ਅਨੇਕਾਂ ਹੀ ਲੋਕ ਨਵੇਂ-ਨਵੇਂ ਨਾਮ ਰੱਖ ਕੇ ਪ੍ਰਭੂ ਨੂੰ ਸਿਮਰਦੇ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਰ ਇਹ ਸਾਰੇ ਕਰਤੇ ਪੁਰਖ ਦਾ ਅੰਤ ਨਹੀਂ ਪਾ ਸਕਦੇ॥੧॥

**ਕਈ ਕੋਟਿ ਭਏ ਅਭਿਮਾਨੀ ॥**
**ਕਈ ਕੋਟਿ ਅੰਧ ਅਗਿਆਨੀ ॥**

ਕਈ ਕਰੋੜਾਂ ਅਹੰਕਾਰੀ ਹੋਏ ਹਨ, ਕਈ ਕਰੋੜਾਂ ਅੰਨ੍ਹੇ ਅਰਥਾਤ ਮਹਾ ਅਗਿਆਨੀ ਹੋਏ ਹਨ।

**ਕਈ ਕੋਟਿ ਕਿਰਪਨ ਕਠੋਰ ॥**
**ਕਈ ਕੋਟਿ ਅਭਿਗ ਆਤਮ ਨਿਕੋਰ ॥**

ਕਈ ਕਰੋੜਾਂ ਸਖ਼ਤ ਕੰਜੂਸ ਹੋਏ ਹਨ। ਕਈ ਕਰੋੜਾਂ ਕੋਰੇ ਮਨ ਵਾਲੇ ਅਤੇ ਪ੍ਰੇਮ ਤੋਂ ਅਭਿੱਜ ਹਨ।

**ਕਈ ਕੋਟਿ ਪਰ ਦਰਬ ਕਉ ਹਿਰਹਿ ॥**
**ਕਈ ਕੋਟਿ ਪਰ ਦੂਖਨਾ ਕਰਹਿ ॥**

ਕਈ ਕਰੋੜਾਂ ਪਰਾਏ ਧਨ ਨੂੰ ਚੁਰਾਉਂਦੇ ਹਨ।
ਕਈ ਕਰੋੜਾਂ ਈਰਖਾ ਕਰਦੇ ਹਨ।

**ਕਈ ਕੋਟਿ ਮਾਇਆ ਸ੍ਰਮ ਮਾਹਿ ॥**
**ਕਈ ਕੋਟਿ ਪਰਦੇਸ ਭ੍ਰਮਾਹਿ ॥**

ਕਈ ਕਰੋੜਾਂ ਮਾਇਆ ਇਕੱਠੀ ਕਰਨ ਵਿੱਚ ਲੱਗੇ ਰਹਿੰਦੇ ਹਨ।
ਕਈ ਕਰੋੜਾਂ ਪਰਦੇਸ ਵਿੱਚ ਫਿਰਦੇ ਹਨ।

**ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥**
**ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥੨॥**

ਹੇ ਪਰਮੇਸ਼ਰ! ਤੁਸੀਂ ਜਿੱਥੇ-ਜਿੱਥੇ ਲਾਉਗੇ ਜੀਵਾਂ ਨੇ ਉੱਥੇ-ਉੱਥੇ ਹੀ ਲੱਗਣਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਕਰਤੇ ਪੁਰਖ ਦੀ ਰਚਨਾ ਨੂੰ ਕਰਤਾ ਪੁਰਖ ਹੀ ਜਾਣ ਸਕਦਾ ਹੈ।

**ਕਈ ਕੋਟਿ ਸਿਧ ਜਤੀ ਜੋਗੀ ॥**
**ਕਈ ਕੋਟਿ ਰਾਜੇ ਰਸ ਭੋਗੀ ॥**

ਕਈ ਕਰੋੜ ਹੀ ਸਿੱਧ, ਬ੍ਰਹਮਚਾਰੀ ਤੇ ਯੋਗ-ਸਾਧਨਾ ਵਾਲੇ ਹਨ।
ਕਈ ਕਰੋੜਾਂ ਰਸਾਂ ਦੇ ਭੋਗਣ ਵਾਲੇ ਰਾਜੇ ਹਨ।

**ਕਈ ਕੋਟਿ ਪੰਖੀ ਸਰਪ ਉਪਾਏ ॥**
**ਕਈ ਕੋਟਿ ਪਾਥਰ ਬਿਰਖ ਨਿਪਜਾਏ ॥**
ਕਈ ਕਰੋੜਾਂ ਪੰਛੀ ਅਤੇ ਸੱਪ ਪੈਦਾ ਕੀਤੇ ਹਨ।
ਕਈ ਕਰੋੜਾਂ ਪੱਥਰ ਤੇ ਰੁੱਖ ਬਣਾਏ ਹਨ।
**ਕਈ ਕੋਟਿ ਪਵਣ ਪਾਣੀ ਬੈਸੰਤਰ ॥**
**ਕਈ ਕੋਟਿ ਦੇਸ ਭੂ ਮੰਡਲ ॥**
ਕਈ ਕਰੋੜਾਂ ਵਾਯੂ, ਜਲ ਅਤੇ ਅੱਗਾਂ ਹਨ।
ਕਈ ਕਰੋੜਾਂ ਪ੍ਰਿਥਵੀ ਮੰਡਲ ਦੇ ਹਿੱਸੇ ਬਣਾਏ ਹਨ।
**ਕਈ ਕੋਟਿ ਸਸੀਅਰ ਸੂਰ ਨਖੵਤ੍ਰ ॥**
**ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥**
ਕਈ ਕਰੋੜਾਂ ਚੰਦ, ਸੂਰਜ ਅਤੇ ਤਾਰੇ ਬਣਾਏ ਹਨ। ਕਈ ਕਰੋੜਾਂ ਦੇਵਤੇ, ਰਾਖਸ਼ ਅਤੇ ਛਤ੍ਰ ਧਾਰਨ ਕਰਨ ਵਾਲੇ ਇੰਦਰ ਬਣਾਏ ਹਨ।
**ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥**
**ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ ॥੩॥**
ਇਸ ਸਾਰੀ ਰਚਨਾ ਨੂੰ ਰਚ ਕੇ ਪਰਮੇਸ਼ਰ ਆਪਣੇ ਹੁਕਮ ਵਿੱਚ ਚਲਾਉਂਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ-ਜਿਸ ਨੂੰ ਉਸ ਦਾ ਦਿਲ ਚਾਹਵੇ, ਉਸ-ਉਸ ਨੂੰ ਸੰਸਾਰ ਸਮੁੰਦਰ 'ਚੋਂ ਤਾਰ ਦੇਂਦਾ ਹੈ।
**ਕਈ ਕੋਟਿ ਰਾਜਸ ਤਾਮਸ ਸਾਤਕ ॥ ਕ**
**ਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥**
ਕਈ ਕਰੋੜਾਂ ਬ੍ਰਹਮਾ, ਸ਼ਿਵ ਅਤੇ ਵਿਸ਼ਨੂੰ ਹਨ।
ਕਈ ਕਰੋੜਾਂ ਵੇਦ, ਪੁਰਾਣ, ਸਿੰਮ੍ਰਤੀਆਂ ਅਤੇ ਸ਼ਾਸਤਰ ਹਨ।
**ਕਈ ਕੋਟਿ ਕੀਏ ਰਤਨ ਸਮੁਦ ॥**
**ਕਈ ਕੋਟਿ ਨਾਨਾ ਪ੍ਰਕਾਰ ਜੰਤ ॥**
ਕਈ ਕਰੋੜਾਂ ਰਤਨ ਅਤੇ ਸਮੁੰਦਰ ਬਣਾਏ ਹਨ। ਕਈ ਕਰੋੜਾਂ ਅਨੇਕਾਂ ਤਰ੍ਹਾਂ ਦੇ ਜੀਵ ਬਣਾਏ ਹਨ।
**ਕਈ ਕੋਟਿ ਕੀਏ ਚਿਰ ਜੀਵੇ ॥**
**ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ॥**
ਕਈ ਕਰੋੜਾਂ ਲੰਮੀ ਉਮਰ ਜਿਉਣ ਵਾਲੇ ਬਣਾਏ ਹਨ।
ਕਈ ਕਰੋੜਾਂ ਸੋਨੇ ਦੇ ਸੁਮੇਰ ਪਰਬਤ ਬਣਾਏ ਹਨ।
**ਕਈ ਕੋਟਿ ਜਖੵ ਕਿੰਨਰ ਪਿਸਾਚ ॥**
**ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥**

ਕਈ ਕਰੋੜਾਂ ਜੱਛ, ਕਿੰਨਰ ਅਤੇ ਪਿਸ਼ਾਚ ਹੋਏ ਹਨ। ਕਈ ਕਰੋੜਾਂ ਭੂਤ, ਪ੍ਰੇਤ, ਸੂਰ ਅਤੇ ਹਿਰਨਾਂ ਨੂੰ ਖਾਣ ਵਾਲੇ ਸ਼ੇਰ ਹਨ।

**ਸਭ ਤੇ ਨੇਰੈ ਸਭਹੂ ਤੇ ਦੂਰਿ ॥**

**ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥੪॥**

ਉਹ ਹਰੀ ਸਾਰਿਆਂ ਤੋਂ ਨੇੜੇ ਵੀ ਹੈ ਅਤੇ ਸਾਰਿਆਂ ਤੋਂ ਦੂਰ ਵੀ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਹਰੀ ਸਾਰਿਆਂ ਵਿੱਚ ਵਿਆਪਕ ਹੋ ਕੇ ਨਿਰਲੇਪ ਹੈ।

**ਕਈ ਕੋਟਿ ਪਾਤਾਲ ਕੇ ਵਾਸੀ ॥**

**ਕਈ ਕੋਟਿ ਨਰਕ ਸੁਰਗ ਨਿਵਾਸੀ ॥**

ਕਈ ਕਰੋੜਾਂ ਪਾਤਾਲਾਂ ਵਿੱਚ ਰਹਿਣ ਵਾਲੇ ਹਨ।
ਕਈ ਕਰੋੜਾਂ ਨਰਕ ਵਾਸੀ ਤੇ ਕਈ ਕਰੋੜਾਂ ਸਵਰਗ ਵਾਸੀ ਹਨ।

**ਕਈ ਕੋਟਿ ਜਨਮਹਿ ਜੀਵਹਿ ਮਰਹਿ ॥**

**ਕਈ ਕੋਟਿ ਬਹੁ ਜੋਨੀ ਫਿਰਹਿ ॥**

ਕਈ ਕਰੋੜਾਂ ਹੀ ਜੀਵ ਜੰਮਦੇ, ਜੀਉਂਦੇ ਅਤੇ ਮਰਦੇ ਹਨ।
ਕਈ ਕਰੋੜ ਬਹੁਤ ਸਾਰੀਆਂ ਜੂਨਾਂ ਵਿੱਚ ਫਿਰਦੇ ਹਨ।

**ਕਈ ਕੋਟਿ ਬੈਠਤ ਹੀ ਖਾਹਿ ॥**

**ਕਈ ਕੋਟਿ ਘਾਲਹਿ ਥਕਿ ਪਾਹਿ ॥**

ਕਈ ਕਰੋੜਾਂ ਵਿਹਲੇ ਬੈਠ ਕੇ ਖਾਂਦੇ ਹਨ।
ਕਈ ਕਰੋੜਾਂ ਮਿਹਨਤ ਕਰਕੇ ਥੱਕ-ਟੁੱਟ ਜਾਂਦੇ ਹਨ।

**ਕਈ ਕੋਟਿ ਕੀਏ ਧਨਵੰਤ ॥**

**ਕਈ ਕੋਟਿ ਮਾਇਆ ਮਹਿ ਚਿੰਤ ॥**

ਕਈ ਕਰੋੜਾਂ ਅਮੀਰ ਬਣਾਏ ਹਨ। ਕਈ ਕਰੋੜਾਂ ਮਾਇਆ ਦੀ ਚਿੰਤਾ ਵਿੱਚ ਲੱਗੇ ਹੋਏ ਹਨ।

**ਜਹ ਜਹ ਭਾਣਾ ਤਹ ਤਹ ਰਾਖੇ ॥**

**ਨਾਨਕ ਸਭੁ ਕਿਛੁ ਪ੍ਰਭ ਕੈ ਹਾਥੈ ॥੫॥**

ਪਰਮੇਸ਼ਰ ਜੀਵਾਂ ਨੂੰ ਜਿੱਥੇ-ਜਿੱਥੇ ਚਾਹੁੰਦਾ ਹੈ, ਓਥੇ-ਓਥੇ ਹੀ ਰੱਖਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਭ ਕੁਝ ਪਰਮੇਸ਼ਰ ਦੇ ਹੀ ਹੱਥ ਵੱਸ ਹੈ।

**ਕਈ ਕੋਟਿ ਭਏ ਬੈਰਾਗੀ ॥**

**ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥**

ਕਈ ਕਰੋੜ ਸੰਸਾਰ ਤੋਂ ਵੈਰਾਗੀ ਹੋਏ ਹਨ।
ਉਹਨਾਂ ਦੀ ਪ੍ਰੀਤ ਰਾਮ-ਨਾਮ ਵਿੱਚ ਹੀ ਲੱਗੀ ਹੋਈ ਹੈ।

**ਕਈ ਕੋਟਿ ਪ੍ਰਭ ਕਉ ਖੋਜੰਤੇ ॥**

**ਆਤਮ ਮਹਿ ਪਾਰਬ੍ਰਹਮੁ ਲਹੰਤੇ ॥**

ਕਈ ਕਰੋੜਾਂ ਪ੍ਰਭੂ ਨੂੰ ਲੱਭਦੇ ਹਨ। ਅੰਤ ਵਿੱਚ ਮਨ ਵਿੱਚੋਂ ਹੀ ਪਾਰਬ੍ਰਹਮ ਨੂੰ ਲੱਭ ਲੈਂਦੇ ਹਨ।

**ਕਈ ਕੋਟਿ ਦਰਸਨ ਪ੍ਰਭ ਪਿਆਸ ॥**
**ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥**

ਕਈ ਕਰੋੜਾਂ ਪ੍ਰਭੂ ਦੇ ਦਰਸ਼ਨਾਂ ਦੇ ਚਾਹਵਾਨ ਹਨ। ਉਨ੍ਹਾਂ ਨੂੰ ਅਮਰ ਪ੍ਰਭੂ ਮਿਲਿਆ ਹੈ।

**ਕਈ ਕੋਟਿ ਮਾਗਹਿ ਸਤਸੰਗੁ ॥**
**ਪਾਰਬ੍ਰਹਮ ਤਿਨ ਲਾਗਾ ਰੰਗੁ ॥**

ਕਈ ਕਰੋੜਾਂ ਸਤਸੰਗ ਮੰਗਦੇ ਹਨ। ਉਨ੍ਹਾਂ ਨੂੰ ਪਾਰਬ੍ਰਹਮ ਦਾ ਰੰਗ ਲੱਗਾ ਹੋਇਆ ਹੈ।

**ਜਿਨ ਕਉ ਹੋਏ ਆਪਿ ਸੁਪ੍ਰਸੰਨ ॥**
**ਨਾਨਕ ਤੇ ਜਨ ਸਦਾ ਧਨਿ ਧੰਨਿ ॥੬॥**

ਜਿਨ੍ਹਾਂ ਉੱਤੇ ਪਰਮੇਸ਼ਰ ਆਪ ਪ੍ਰਸੰਨ ਹੋ ਗਏ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਹੀ ਇਨਸਾਨ ਹਮੇਸ਼ਾਂ ਧੰਨਤਾਯੋਗ ਹਨ।

**ਕਈ ਕੋਟਿ ਖਾਣੀ ਅਰੁ ਖੰਡ ॥**
**ਕਈ ਕੋਟਿ ਅਕਾਸ ਬ੍ਰਹਮੰਡ ॥**

ਕਈ ਕਰੋੜਾਂ ਖਾਣੀਆਂ ਅਤੇ ਖੰਡ ਭਾਵ ਹਿੱਸੇ ਬਣਾਏ ਹਨ। ਕਈ ਕਰੋੜਾਂ ਆਸਮਾਨ ਅਤੇ ਬ੍ਰਹਮੰਡ ਬਣਾਏ।

**ਕਈ ਕੋਟਿ ਹੋਏ ਅਵਤਾਰ ॥**
**ਕਈ ਜੁਗਤਿ ਕੀਨੋ ਬਿਸਥਾਰ ॥**

ਕਈ ਕਰੋੜਾਂ ਅਵਤਾਰ ਹੋਏ ਹਨ। ਕਈ ਜੁਗਤੀਆਂ ਨਾਲ ਵਿਸਥਾਰ ਕੀਤਾ ਹੈ।

**ਕਈ ਬਾਰ ਪਸਰਿਓ ਪਾਸਾਰ ॥**
**ਸਦਾ ਸਦਾ ਇਕੁ ਏਕੰਕਾਰ ॥**

ਕਈ ਵਾਰੀ ਫੈਲਾਅ ਹੋਇਆ ਹੈ,
ਪਰ ਹਮੇਸ਼ ਦਰ ਹਮੇਸ਼ ਪਰਮੇਸ਼ਰ ਇੱਕ ਹੀ ਹੈ।

**ਕਈ ਕੋਟਿ ਕੀਨੇ ਬਹੁ ਭਾਤਿ ॥**
**ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥**

ਕਈ ਕਰੋੜਾਂ ਬਹਤੁ ਤਰ੍ਹਾਂ ਦੇ ਜੀਵ ਬਣਾਏ ਹਨ।
ਪਰਮੇਸ਼ਰ ਤੋਂ ਹੀ ਪੈਦਾ ਹੋਏ ਹਨ ਅਤੇ ਪਰਮੇਸ਼ਰ ਵਿੱਚ ਹੀ ਲੈ ਹੁੰਦੇ ਹਨ।

**ਤਾ ਕਾ ਅੰਤੁ ਨ ਜਾਨੈ ਕੋਇ ॥**
**ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥**

ਉਸਦਾ ਅੰਤ ਕੋਈ ਨਹੀਂ ਜਾਣਦਾ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪਰਮੇਸ਼ਰ ਸਾਰੇ ਪਾਸੇ ਆਪ ਹੀ ਆਪ ਹੈ।

**ਕਈ ਕੋਟਿ ਪਾਰਬ੍ਰਹਮ ਕੇ ਦਾਸ ॥**
**ਤਿਨ ਹੋਵਤ ਆਤਮ ਪਰਗਾਸ ॥**

ਕਈ ਕਰੋੜਾਂ ਪ੍ਰਭੂ ਦੇ ਸੇਵਕ ਹਨ।
ਉਨ੍ਹਾਂ ਦੀ ਆਤਮਾ ਵਿੱਚ ਪ੍ਰਕਾਸ਼ ਪੈਦਾ ਹੁੰਦਾ ਹੈ।

**ਕਈ ਕੋਟਿ ਤਤ ਕੇ ਬੇਤੇ ॥**
**ਸਦਾ ਨਿਹਾਰਹਿ ਏਕੋ ਨੇਤ੍ਰੇ ॥**

ਕਈ ਕਰੋੜਾਂ ਤੱਤ ਬੇਤੇ ਭਾਵ ਗਿਆਨੀ ਹਨ।
ਉਹ ਹਮੇਸ਼ਾਂ ਸਮ ਦ੍ਰਿਸ਼ਟੀ ਨਾਲ ਵੇਖਦੇ ਹਨ।

**ਕਈ ਕੋਟਿ ਨਾਮ ਰਸੁ ਪੀਵਹਿ ॥**
**ਅਮਰ ਭਏ ਸਦ ਸਦ ਹੀ ਜੀਵਹਿ ॥**

ਕਈ ਕਰੋੜਾਂ ਨਾਮ ਦਾ ਰਸ ਪੀਂਦੇ ਹਨ।
ਉਹ ਮੁਕਤ ਹੋ ਜਾਂਦੇ ਹਨ ਤੇ ਹਮੇਸ਼ਾਂ ਜੀਉਂਦੇ ਹਨ।

**ਕਈ ਕੋਟਿ ਨਾਮ ਗੁਨ ਗਾਵਹਿ ॥**
**ਆਤਮ ਰਸਿ ਸੁਖਿ ਸਹਜਿ ਸਮਾਵਹਿ ॥**

ਕਈ ਕਰੋੜਾਂ ਨਾਮ ਦੇ ਗੁਣ ਗਾਉਂਦੇ ਹਨ।
ਆਤਮ-ਰਸ ਦੇ ਸੁਖ ਵਿੱਚ ਸਹਿਜੇ ਹੀ ਸਮਾ ਜਾਂਦੇ ਹਨ।

**ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥**
**ਨਾਨਕ ਓਇ ਪਰਮੇਸੁਰ ਕੇ ਪਿਆਰੇ ॥੮॥੧੦॥**

ਪਰਮੇਸ਼ਰ ਆਪਣੇ ਦਾਸਾਂ ਨੂੰ ਸਵਾਸ-ਸਵਾਸ ਸੰਭਾਲਦਾ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪਰਮੇਸ਼ਰ ਦੇ ਪ੍ਰੇਮੀ ਹਨ।

**ਸਲੋਕੁ ॥**

**ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥**

ਇੱਕ ਪਰਮੇਸ਼ਰ ਹੀ ਸੰਸਾਰ ਦੇ ਕਾਰਨ ਨੂੰ ਕਰਨ ਵਾਲਾ ਹੈ, ਦੂਜਾ ਕੋਈ ਨਹੀਂ।

**ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਹੀ ਜਲ, ਥਲ ਤੇ ਧਰਤੀ ਵਿੱਚ ਹੈ,
ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ।

**ਅਸਟਪਦੀ ॥**

**ਕਰਨ ਕਰਾਵਨ ਕਰਨੈ ਜੋਗੁ ॥**
**ਜੋ ਤਿਸੁ ਭਾਵੈ ਸੋਈ ਹੋਗੁ ॥**

ਉਹ ਪ੍ਰਭੂ ਕੰਮ ਕਰਨ ਦਾ ਜ਼ਰੀਆ ਬਣਾਉਣ ਵਾਲਾ ਅਤੇ ਸਭ ਕੁਝ ਕਰਨ ਦੇ ਸਮਰੱਥ ਹੈ। ਜੋ ਉਹਨੂੰ ਭਾਵੇਗਾ ਉਹੋ ਹੋਵੇਗਾ।

**ਖਿਨ ਮਹਿ ਥਾਪਿ ਉਥਾਪਨਹਾਰਾ ॥**

**ਅੰਤੁ ਨਹੀ ਕਿਛੁ ਪਾਰਾਵਾਰਾ ॥**

ਇਕ ਛਿਣ ਵਿੱਚ ਹੀ ਬਣਾਕੇ ਨਾਸ਼ ਕਰ ਦੇਣ ਵਾਲਾ ਹੈ। ਉਸ ਦੀ ਪਾਰਾਵਾਰਤਾ ਭਾਵ ਗੰਭੀਰਤਾ ਦਾ ਕੋਈ ਅੰਤ ਨਹੀਂ।

**ਹੁਕਮੇ ਧਾਰਿ ਅਧਰ ਰਹਾਵੈ ॥**

**ਹੁਕਮੇ ਉਪਜੈ ਹੁਕਮਿ ਸਮਾਵੈ ॥**

ਆਸਰੇ ਨਾਲ ਟਿਕਣ ਵਾਲੀ ਵਸਤੂ ਨੂੰ ਉਹ ਹੁਕਮ ਨਾਲ ਬਿਨਾਂ ਆਸਰੇ ਵੀ ਰਖਵਾ ਸਕਦਾ ਹੈ। ਜੀਵ ਹੁਕਮ ਨਾਲ ਪੈਦਾ ਅਤੇ ਖ਼ਤਮ ਹੁੰਦੇ ਹਨ।

**ਹੁਕਮੇ ਊਚ ਨੀਚ ਬਿਉਹਾਰ ॥**

**ਹੁਕਮੇ ਅਨਿਕ ਰੰਗ ਪਰਕਾਰ ॥**

ਹੁਕਮ ਨਾਲ ਹੀ ਚੰਗਾ ਮਾੜਾ ਵਿਉਹਾਰ ਚਲਦਾ ਹੈ। ਹੁਕਮ ਨਾਲ ਹੀ ਅਨੇਕ ਤਰ੍ਹਾਂ ਦੇ ਰੰਗ, ਰਸ ਅਤੇ ਭੋਗ ਹਨ।

**ਕਰਿ ਕਰਿ ਦੇਖੈ ਅਪਨੀ ਵਡਿਆਈ ॥**

**ਨਾਨਕ ਸਭ ਮਹਿ ਰਹਿਆ ਸਮਾਈ ॥੧॥**

ਪਰਮੇਸ਼ਰ ਆਪ ਹੀ ਕਰਮ ਕਰਦਾ ਹੈ ਤੇ ਆਪ ਹੀ ਆਪਣੀ ਵਡਿਆਈ ਨੂੰ ਵੇਖਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਸਾਰਿਆਂ ਵਿੱਚ ਹੀ ਮਿਲ ਰਿਹਾ ਹੈ।

**ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥**

**ਪ੍ਰਭ ਭਾਵੈ ਤਾ ਪਾਥਰ ਤਰਾਵੈ ॥**

ਪਰਮੇਸ਼ਰ ਨੂੰ ਭਾਉਂਦਾ ਹੈ ਤਾਂ ਹੀ ਮਨੁੱਖ ਮੁਕਤੀ ਪਾਉਂਦਾ ਹੈ। ਪਰਮੇਸ਼ਰ ਨੂੰ ਭਾਉਂਦਾ ਹੈ, ਤਾਂ ਉਹ ਪੱਥਰ ਵੀ ਤਾਰ ਦੇਂਦਾ ਹੈ।

**ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥**

**ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥**

ਪਰਮੇਸ਼ਰ ਨੂੰ ਭਾਉਂਦਾ ਹੈ ਤਾਂ ਬਿਨਾਂ ਸਵਾਸਾਂ ਤੋਂ ਵੀ ਰੱਖ ਲੈਂਦਾ ਹੈ। ਪਰਮੇਸ਼ਰ ਨੂੰ ਭਾਉਂਦਾ ਹੈ, ਤਾਂ ਕੋਈ ਹਰੀ ਦੇ ਗੁਣਾਂ ਨੂੰ ਕਹਿੰਦਾ ਹੈ।

**ਪ੍ਰਭ ਭਾਵੈ ਤਾ ਪਤਿਤ ਉਧਾਰੈ ॥**

**ਆਪਿ ਕਰੈ ਆਪਨ ਬੀਚਾਰੈ ॥**

ਪਰਮੇਸ਼ਰ ਨੂੰ ਭਾਉਂਦਾ ਹੈ, ਤਾਂ ਡਿੱਗਿਆਂ ਨੂੰ ਉੱਚਾ ਕਰਦਾ ਹੈ। ਆਪ ਹੀ ਸੋਚਦਾ ਤੇ ਆਪ ਹੀ ਕਰਦਾ ਹੈ।

**ਦੁਹਾ ਸਿਰਿਆ ਕਾ ਆਪਿ ਸੁਆਮੀ ॥**

**ਖੇਲੈ ਬਿਗਸੈ ਅੰਤਰਜਾਮੀ ॥**

ਦੋਹਾਂ ਪਾਸਿਆਂ ਦਾ ਮਾਲਕ ਆਪ ਹੀ ਹੈ।
ਸਾਰਿਆਂ ਦੇ ਅੰਦਰ ਦੀ ਜਾਨਣ ਵਾਲਾ ਆਪ ਹੀ ਹੱਸਦਾ ਖੇਡਦਾ ਹੈ।

**ਜੋ ਭਾਵੈ ਸੋ ਕਾਰ ਕਰਾਵੈ ॥**

**ਨਾਨਕ ਦ੍ਰਿਸਟੀ ਅਵਰੁ ਨ ਆਵੈ ॥੨॥**

ਜੋ ਪਰਮੇਸ਼ਰ ਨੂੰ ਭਾਉਂਦੀ ਹੈ, ਉਹੋ ਕਾਰ ਕਰਵਾਉਂਦਾ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ਰ ਤੋਂ ਬਿਨਾਂ ਮੈਨੂੰ ਹੋਰ ਦੂਜਾ ਕੋਈ ਨਜ਼ਰ ਨਹੀਂ ਆਉਂਦਾ।

**ਕਹੁ ਮਾਨੁਖ ਤੇ ਕਿਆ ਹੋਇ ਆਵੈ ॥**

**ਜੋ ਤਿਸੁ ਭਾਵੈ ਸੋਈ ਕਰਾਵੈ ॥**

ਦੱਸੋ ਕਿ ਇਨਸਾਨ ਕੀ ਕਰ ਸਕਦਾ ਹੈ? ਜੋ ਉਸ ਨੂੰ ਭਾਉਂਦਾ ਹੈ, ਉਹੋ ਹੀ ਕਰਵਾਉਂਦਾ ਹੈ।

**ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥**

**ਜੋ ਤਿਸੁ ਭਾਵੈ ਸੋਈ ਕਰੇਇ ॥**

ਜੇ ਇਨਸਾਨ ਦੇ ਹੱਥ ਵੱਸ ਹੋਵੇ ਤਾਂ ਸਭ ਕੁਝ ਆਪ ਹੀ ਲੈ ਲਵੇ ਅਰਥਾਤ ਹੋਰ ਕਿਸੇ ਨੂੰ ਕੁਝ ਵੀ ਨਾ ਦੇਵੇ। ਜੋ ਉਸਨੂੰ ਭਾਉਂਦਾ ਹੈ, ਉਹੋ ਹੀ ਇਨਸਾਨ ਕਰਦਾ ਹੈ।

**ਅਨਜਾਨਤ ਬਿਖਿਆ ਮਹਿ ਰਚੈ ॥**

**ਜੇ ਜਾਨਤ ਆਪਨ ਆਪ ਬਚੈ ॥**

ਇਨਸਾਨ ਅਨਜਾਣਪੁਣੇ ਵਿੱਚ ਹੀ ਵਿਸ਼ਿਆਂ ਵਿੱਚ ਰਚਦਾ ਹੈ। ਜੇ ਉਹ ਕੁਝ ਜਾਣਦਾ ਹੋਵੇ ਤਾਂ ਆਪਣੇ-ਆਪ ਦਾ ਬਚਾ ਕਰ ਲਵੇ।

**ਭਰਮੇ ਭੂਲਾ ਦਹ ਦਿਸਿ ਧਾਵੈ ॥**

**ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥**

ਇਨਸਾਨ ਦਾ ਮਨ ਦਸਾਂ ਦਿਸ਼ਾਵਾਂ ਵਿੱਚ ਦੌੜਦਾ ਹੈ। ਪਲਕ ਮਾਤਰ ਵਿੱਚ ਚਾਰੇ ਕੁੰਟਾਂ ਵਿੱਚ ਫਿਰ ਕੇ ਆ ਜਾਂਦਾ ਹਾਂ।

**ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥**

**ਨਾਨਕ ਤੇ ਜਨ ਨਾਮਿ ਮਿਲੇਇ ॥੩॥**

ਜਿਸਨੂੰ ਮਿਹਰ ਨਾਲ ਆਪਣੀ ਭਗਤੀ ਦੇ ਦੇਵੇ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹੀ ਆਦਮੀ ਨਾਮ-ਸਿਮਰਨ ਵਿੱਚ ਮਿਲ ਸਕਦਾ ਹੈ।

**ਖਿਨ ਮਹਿ ਨੀਚ ਕੀਟ ਕਉ ਰਾਜ ॥**

**ਪਾਰਬ੍ਰਹਮ ਗਰੀਬ ਨਿਵਾਜ ॥**

ਉਹ ਪਲਕ ਮਾਤਰ ਵਿੱਚ ਮਹਾਂ ਤੁੱਛ ਜੀਵ ਨੂੰ ਰਾਜ ਦੇ ਦੇਂਦਾ ਹੈ। ਉਹ ਪਾਰਬ੍ਰਹਮ ਅਤੇ ਗਰੀਬ ਨਿਵਾਜ ਹੈ।

**ਜਾ ਕਾ ਦ੍ਰਿਸਟਿ ਕਛੂ ਨ ਆਵੈ ॥**
**ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ ॥**

ਜਿਸਦਾ ਪ੍ਰਤਾਪ ਨਜ਼ਰ ਨਾ ਆਉਂਦਾ ਹੋਵੇ।
ਉਸਨੂੰ ਤੁਰੰਤ ਦਸਾਂ ਹੀ ਦਿਸ਼ਾਵਾਂ ਜ਼ਾਹਰ ਕਰ ਦਿੰਦਾ ਹੈ।

**ਜਾ ਕਉ ਅਪੁਨੀ ਕਰੈ ਬਖਸੀਸ ॥**
**ਤਾ ਕਾ ਲੇਖਾ ਨ ਗਨੈ ਜਗਦੀਸ ॥**

ਜਿਸ ਉੱਤੇ ਜਗਤ ਦਾ ਈਸ਼ਵਰ ਆਪਣੀ ਬਖਸ਼ਿਸ਼ ਕਰਦਾ ਹੈ, ਉਸਦੇ ਕਰਮਾਂ ਦਾ ਹਿਸਾਬ ਨਹੀਂ ਗਿਣਦਾ।

**ਜੀਉ ਪਿੰਡੁ ਸਭ ਤਿਸ ਕੀ ਰਾਸਿ ॥**
**ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥**

ਜ਼ਿੰਦਗੀ ਤੇ ਜਿਸਮ ਸਭ ਉਸਦੀ ਹੀ ਪੂੰਜੀ ਜੀਵਾਂ ਨੂੰ ਦਿੱਤੀ ਹੋਈ ਹੈ। ਉਸ ਪੂਰਨ ਬ੍ਰਹਮ ਦਾ ਹਰ ਹਿਰਦੇ ਵਿੱਚ ਪ੍ਰਕਾਸ਼ ਹੈ।

**ਅਪਨੀ ਬਣਤ ਆਪਿ ਬਨਾਈ ॥**
**ਨਾਨਕ ਜੀਵੈ ਦੇਖਿ ਬਡਾਈ ॥੪॥**

ਆਪਣੀ ਵਿਉਂਤ ਵੀ ਉਸਨੇ ਆਪ ਹੀ ਬਣਾਈ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸਦੀ ਸ਼ੋਭਾ ਵੇਖ ਕੇ ਜਿਉਂਦਾ ਹਾਂ।

**ਇਸ ਕਾ ਬਲੁ ਨਾਹੀ ਇਸੁ ਹਾਥ ॥**
**ਕਰਨ ਕਰਾਵਨ ਸਰਬ ਕੋ ਨਾਥ ॥**

ਇਸ ਇਨਸਾਨ ਦੀ ਆਪਣੀ ਤਾਕਤ ਵੀ ਆਪਣੇ ਹੱਥ ਵੱਸ ਨਹੀਂ। ਪਰਮੇਸ਼ਰ ਹੀ ਕਰਨ ਕਰਾਉਣ ਵਾਲਾ ਸਭ ਦਾ ਮਾਲਕ ਹੈ।

**ਆਗਿਆਕਾਰੀ ਬਪੁਰਾ ਜੀਉ ॥**
**ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥**

ਜੀਵ ਵਿਚਾਰਾ ਤਾਂ ਆਗਿਆਕਾਰੀ ਹੈ। ਜੋ ਉਸਨੂੰ ਭਾਉਂਦਾ ਹੈ, ਫਿਰ ਉਹੋ ਹੀ ਹੁੰਦਾ ਹੈ।

**ਕਬਹੂ ਊਚ ਨੀਚ ਮਹਿ ਬਸੈ ॥**
**ਕਬਹੂ ਸੋਗ ਹਰਖ ਰੰਗਿ ਹਸੈ ॥**

ਕਦੇ ਤਾਂ ਉੱਚਾ ਹੋ ਕੇ ਵੀ ਨੀਚਾਂ ਵਿੱਚ ਰਹਿੰਦਾ ਹੈ। ਕਦੇ ਗ਼ਮੀ ਦੇ ਪ੍ਰਭਾਵ ਨਾਲ ਰੋਂਦਾ ਹੈ ਤੇ ਕਦੇ ਖੁਸ਼ੀ ਦੇ ਪ੍ਰਭਾਵ ਨਾਲ ਹੱਸਦਾ ਹੈ।

**ਕਬਹੂ ਨਿੰਦ ਚਿੰਦ ਬਿਉਹਾਰ ॥**
**ਕਬਹੂ ਊਭ ਅਕਾਸ ਪਇਆਲ ॥**

ਕਦੇ ਨਿੰਦਾ ਦੀ ਵਿਚਾਰ ਨਾਲ ਵਿਹਾਰ ਕਰਦਾ ਹੈ। ਕਦੇ ਅਕਾਸ਼ ਨੂੰ ਅਤੇ ਕਦੇ ਪਤਾਲ ਨੂੰ ਤਾਂਘਦਾ ਹੈ।

**ਕਬਹੂ ਬੇਤਾ ਬ੍ਰਹਮ ਬੀਚਾਰ ॥**
**ਨਾਨਕ ਆਪਿ ਮਿਲਾਵਣਹਾਰ ॥੫॥**

ਕਦੇ ਬ੍ਰਹਮ ਦਾ ਵਿਚਾਰ ਕਰਨ ਵਾਲਾ ਵਿਚਾਰਵਾਨ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਆਪ ਹੀ ਮਿਲਾਉਣ ਵਾਲਾ ਹੈ।

**ਕਬਹੂ ਨਿਰਤਿ ਕਰੈ ਬਹੁ ਭਾਤਿ ॥**
**ਕਬਹੂ ਸੋਇ ਰਹੈ ਦਿਨੁ ਰਾਤਿ ॥**

ਕਦੇ ਬਹੁਤ ਤਰ੍ਹਾਂ ਦਾ ਨਾਚ ਕਰਦਾ ਹੈ।
ਕਦੇ ਦਿਨ-ਰਾਤ ਸਦਾ ਹੀ ਸੁੱਤਾ ਰਹਿੰਦਾ ਹੈ।

**ਕਬਹੂ ਮਹਾ ਕ੍ਰੋਧ ਬਿਕਰਾਲ ॥**
**ਕਬਹੂੰ ਸਰਬ ਕੀ ਹੋਤ ਰਵਾਲ ॥**

ਕਦੇ ਮਹਾਂ ਕ੍ਰੋਧ ਨਾਲ ਭਿਆਨਕ ਹੋ ਜਾਂਦਾ ਹੈ।
ਕਦੇ ਸਾਰਿਆਂ ਦੀ ਧੂੜੀ ਹੋ ਜਾਂਦਾ ਹੈ।

**ਕਬਹੂ ਹੋਇ ਬਹੈ ਬਡ ਰਾਜਾ ॥**
**ਕਬਹੁ ਭੇਖਾਰੀ ਨੀਚ ਕਾ ਸਾਜਾ ॥**

ਕਦੇ ਵਡਾ ਰਾਜਾ ਬਣ ਕੇ ਬਹਿੰਦਾ ਹੈ।
ਕਦੇ ਨੀਚ ਭਿਖਾਰੀ ਦਾ ਭੇਖ ਬਣਾਉਂਦਾ ਹੈ।

**ਕਬਹੂ ਅਪਕੀਰਤਿ ਮਹਿ ਆਵੈ ॥**
**ਕਬਹੂ ਭਲਾ ਭਲਾ ਕਹਾਵੈ ॥**

ਕਦੇ ਨਿੰਦਿਆ ਕਰਵਾਉਂਦਾ ਹੈ।
ਕਦੇ ਭਲਾ-ਭਲਾ ਕਹਾਉਂਦਾ ਹੈ।

**ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥**
**ਗੁਰ ਪ੍ਰਸਾਦਿ ਨਾਨਕ ਸਚੁ ਕਹੈ ॥੬॥**

ਜਿਵੇਂ ਪਰਮੇਸ਼ਰ ਰੱਖਦਾ ਹੈ, ਉਸੇ ਤਰ੍ਹਾਂ ਹੀ ਜੀਵ ਰਹਿੰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਗੁਰੂ ਦੀ ਕਿਰਪਾ ਨਾਲ ਇਹ ਸੱਚ ਕਹਿੰਦਾ ਹਾਂ।

**ਕਬਹੂ ਹੋਇ ਪੰਡਿਤੁ ਕਰੇ ਬਖ੍ਯ਼ਾਨੁ ॥**
**ਕਬਹੂ ਮੋਨਿਧਾਰੀ ਲਾਵੈ ਧਿਆਨੁ ॥**

ਕਦੇ ਪੰਡਿਤ ਬਣਕੇ ਵਖਿਆਨ ਕਰਦਾ ਹੈ।
ਕਦੇ ਮੋਨੀ ਹੋ ਕੇ ਧਿਆਨ ਲਾਉਂਦਾ ਹੈ।

**ਕਬਹੂ ਤਟ ਤੀਰਥ ਇਸਨਾਨ ॥**
**ਕਬਹੂ ਸਿਧ ਸਾਧਿਕ ਮੁਖਿ ਗਿਆਨ ॥**

ਕਦੇ ਤੀਰਥਾਂ ਦੇ ਕੰਢਿਆਂ 'ਤੇ ਇਸ਼ਨਾਨ ਕਰਦਾ ਹੈ।
ਕਦੇ ਸਿੱਧਾਂ, ਸਾਧਿਕਾਂ ਅਤੇ ਗਿਆਨੀਆਂ ਦਾ ਮੁਖੀ ਹੁੰਦਾ ਹੈ।

**ਕਬਹੂ ਕੀਟ ਹਸਤਿ ਪਤੰਗ ਹੋਇ ਜੀਆ ॥**
**ਅਨਿਕ ਜੋਨਿ ਭਰਮੈ ਭਰਮੀਆ ॥**

ਕਦੇ ਕੀੜੇ, ਹਾਥੀ, ਪਤੰਗੇ ਆਦਿਕ ਜੀਵ ਵੀ ਹੁੰਦਾ ਹੈ।
ਉਹ ਭਰਮਾਉਣ ਵਾਲਾ ਕਦੇ ਅਨੇਕਾਂ ਜੂਨਾਂ ਵਿੱਚ ਫਿਰਦਾ ਹੈ।

**ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥**
**ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥**

ਬਹੁਰੂਪੀਏ ਵਾਂਗ ਅਨੇਕਾਂ ਰੂਪ ਵਿਖਾਉਂਦਾ ਹੈ।
ਪਰਮੇਸ਼ਰ ਨੂੰ ਜਿਵੇਂ ਭਾਉਂਦਾ ਹੈ, ਤਿਵੇਂ ਹੀ ਨਾਚ ਨਚਾਉਂਦਾ ਹੈ।

**ਜੋ ਤਿਸੁ ਭਾਵੈ ਸੋਈ ਹੋਇ ॥**
**ਨਾਨਕ ਦੂਜਾ ਅਵਰੁ ਨ ਕੋਇ ॥੭॥**

ਜੋ ਉਸਨੂੰ ਭਾਉਂਦਾ ਹੈ, ਉਹੀ ਹੁੰਦਾ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੋਰ ਦੂਜਾ ਉਸ ਤੋਂ ਬਿਨਾ ਕੋਈ ਨਹੀਂ ਹੈ।

**ਕਬਹੂ ਸਾਧਸੰਗਤਿ ਇਹੁ ਪਾਵੈ ॥**
**ਉਸੁ ਅਸਥਾਨ ਤੇ ਬਹੁਰਿ ਨ ਆਵੈ ॥**

ਜੇ ਕਦੇ ਅਚਾਨਕ ਇਹ ਜੀਵ ਸਾਧ ਸੰਗਤ ਪਾ ਲਵੇ।
ਫਿਰ ਉਸ ਥਾਂ ਤੋਂ ਬੁਰੀ ਸੰਗਤ ਵਿੱਚ ਨਹੀਂ ਆਉਂਦਾ।

**ਅੰਤਰਿ ਹੋਇ ਗਿਆਨ ਪਰਗਾਸੁ ॥**
**ਉਸੁ ਅਸਥਾਨ ਕਾ ਨਹੀ ਬਿਨਾਸੁ ॥**

ਜੇ ਹਿਰਦੇ ਵਿੱਚ ਗਿਆਨ ਰੂਪ ਚਾਨਣ ਹੋ ਜਾਵੇ,
ਉਸ ਥਾਂ ਦਾ ਫਿਰ ਪਤਨ ਨਹੀਂ ਹੋ ਸਕਦਾ।

**ਮਨ ਤਨ ਨਾਮਿ ਰਤੇ ਇਕ ਰੰਗਿ ॥**
**ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥**

ਕਈ ਨਾਮ ਦੇ ਪ੍ਰਭਾਵ ਕਰਕੇ ਮਨੋਂ-ਤਨੋਂ ਰੰਗੇ ਹੋਏ ਹਨ। ਉਹ ਹਮੇਸ਼ਾਂ
ਪਾਰਬ੍ਰਹਮ ਦੇ ਨਾਲ ਹੀ ਵੱਸਦੇ ਹਨ।

**ਜਿਉ ਜਲ ਮਹਿ ਜਲੁ ਆਇ ਖਟਾਨਾ ॥**
**ਤਿਉ ਜੋਤੀ ਸੰਗਿ ਜੋਤਿ ਸਮਾਨਾ ॥**

ਜਿਸ ਤਰ੍ਹਾਂ ਪਾਣੀ ਵਿੱਚ ਪਾਣੀ ਆ ਮਿਲਦਾ ਹੈ।
ਉਸ ਤਰ੍ਹਾਂ ਜੋਤੀ ਨਾਲ ਜੋਤ ਮਿਲ ਜਾਂਦੀ ਹੈ।

**ਮਿਟਿ ਗਏ ਗਵਨ ਪਾਏ ਬਿਸ੍ਰਾਮ ॥**
**ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧੧॥**

ਆਉਣ-ਜਾਣ ਮਿਟ ਜਾਂਦਾ ਹੈ ਅਤੇ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ। ਸ੍ਰੀ
ਗੁਰੂ ਜੀ ਕਹਿੰਦੇ ਹਨ ਕਿ ਮੈਂ ਪਰਮੇਸ਼ਰ ਤੋਂ ਹਮੇਸ਼ਾਂ ਕੁਰਬਾਨ ਜਾਂਦਾ ਹਾਂ।

**ਸਲੋਕੁ ॥**

**ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥**

ਜੋ ਹੰਕਾਰ ਨੂੰ ਦੂਰ ਕਰ ਕੇ ਨੀਂਵਾ ਹੋ ਜਾਂਦਾ ਹੈ।

**ਬਡੇ ਬਡੇ ਅੰਹਕਾਰੀਆ ਨਾਨਕ ਗਰਬਿ ਗਲੇ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਨਿਮਰਤਾ ਵਾਲਾ ਸੁਖੀ ਵੱਸਦਾ ਹੈ, ਵੱਡੇ-ਵੱਡੇ ਹੰਕਾਰੀ ਹੰਕਾਰ ਵਿੱਚ ਹੀ ਗਲ ਜਾਂਦੇ ਹਨ।

**ਅਸਟਪਦੀ ॥**

**ਜਿਸ ਕੈ ਅੰਤਰਿ ਰਾਜ ਅਭਿਮਾਨੁ ॥**

**ਸੋ ਨਰਕਪਾਤੀ ਹੋਵਤ ਸੁਆਨੁ ॥**

ਜਿਸ ਦੇ ਦਿਲ ਵਿੱਚ ਰਾਜ ਦਾ ਹੰਕਾਰ ਹੈ।

ਉਹ ਨਰਕ ਵਿੱਚ ਡਿੱਗੇ ਹੋਏ ਕੁੱਤੇ ਸਮਾਨ ਹੁੰਦਾ ਹੈ।

**ਜੋ ਜਾਨੈ ਮੈ ਜੋਬਨਵੰਤੁ ॥**

**ਸੋ ਹੋਵਤ ਬਿਸਟਾ ਕਾ ਜੰਤੁ ॥**

ਜਿਹੜਾ ਸਮਝਦਾ ਹੈ ਕਿ ਮੈਂ ਜੁਆਨ ਹਾਂ। ਵਾਸਤਵ ਵਿੱਚ ਉਹ ਅੰਦਰੋਂ ਵਿਸ਼ਟਾ ਦਾ ਕੀੜਾ ਭਾਵ ਮਹਾਂ-ਵਿਕਾਰੀ ਹੁੰਦਾ ਹੈ।

**ਆਪਸ ਕਉ ਕਰਮਵੰਤੁ ਕਹਾਵੈ ॥**

**ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥**

ਜੋ ਆਪਣੇ ਆਪ ਨੂੰ ਭਾਗਾਂ ਵਾਲਾ ਕਹਾਉਂਦਾ ਹੈ।

ਉਹ ਬਹੁਤ ਜੂਨੀਆਂ ਵਿੱਚ ਭਟਕਦਾ ਹੋਇਆ ਜੰਮਦਾ-ਮਰਦਾ ਹੈ।

**ਧਨ ਭੂਮਿ ਕਾ ਜੋ ਕਰੈ ਗੁਮਾਨੁ ॥**

**ਸੋ ਮੂਰਖੁ ਅੰਧਾ ਅਗਿਆਨੁ ॥**

ਜੋ ਧਨ ਤੇ ਜ਼ਮੀਨ ਦਾ ਹੰਕਾਰ ਕਰਦਾ ਹੈ। ਉਹ ਮੂਰਖ, ਅੰਨ੍ਹਾ ਤੇ ਅਨਜਾਣ ਹੈ।

**ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥**

**ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥**

ਹਰੀ ਆਪ ਮਿਹਰ ਨਾਲ ਜਿਸ ਦੇ ਦਿਲ ਵਿੱਚ ਨਿਮਰਤਾ ਵਸਾਉਂਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਇੱਥੇ ਮੁਕਤੀ ਅਤੇ ਭਵਿੱਖ ਵਿੱਚ ਸੁਖ ਪਾਉਂਦਾ ਹੈ।

**ਧਨਵੰਤਾ ਹੋਇ ਕਰਿ ਗਰਬਾਵੈ ॥**

**ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥**

ਜੋ ਅਮੀਰ ਹੋ ਕੇ ਹੰਕਾਰ ਕਰਦਾ ਹੈ।

ਉਹ ਥੋੜਾ ਜਿਹੀ ਚੀਜ਼ ਵੀ ਆਪਣੇ ਨਾਲ ਨਹੀਂ ਲਿਜਾ ਸਕਦਾ।

**ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥**

**ਪਲ ਭੀਤਰਿ ਤਾ ਕਾ ਹੋਇ ਬਿਨਾਸ ॥**

ਬਹੁਤੀ ਫੌਜ ਤੇ ਆਦਮੀਆਂ ਉੱਤੇ ਜੋ ਆਸ ਰੱਖਦਾ ਹੈ।
ਉਹਦਾ ਨਾਸ ਪਲ ਵਿੱਚ ਹੋ ਜਾਂਦਾ ਹੈ।

**ਸਭ ਤੇ ਆਪ ਜਾਨੈ ਬਲਵੰਤੁ ॥**
**ਖਿਨ ਮਹਿ ਹੋਇ ਜਾਇ ਭਸਮੰਤੁ ॥**

ਜੇ ਕੋਈ ਆਪਣੇ ਆਪ ਨੂੰ ਸਾਰਿਆਂ ਤੋਂ ਤਾਕਤਮੰਦ ਸਮਝੇ। ਉਹ ਛਿਣ ਵਿੱਚ ਹੀ ਸੁਆਹ ਦਾ ਢੇਰ ਹੋ ਜਾਵੇਗਾ।

**ਕਿਸੈ ਨ ਬਦੈ ਆਪਿ ਅਹੰਕਾਰੀ ॥**
**ਧਰਮ ਰਾਇ ਤਿਸੁ ਕਰੇ ਖੁਆਰੀ ॥**

ਜੋ ਹੰਕਾਰੀ ਬਣ ਕੇ ਕਿਸੇ ਨੂੰ ਕੁਝ ਨਾ ਸਮਝੇ।
ਧਰਮਰਾਜ ਉਸਦੀ ਬੇਇੱਜ਼ਤੀ ਕਰੇਗਾ।

**ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥**
**ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥**

ਗੁਰੂ ਦੀ ਕਿਰਪਾ ਨਾਲ ਜਿਸਦਾ ਹੰਕਾਰ ਦੂਰ ਹੋ ਜਾਵੇ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਆਦਮੀ ਦਰਗਾਹ ਵਿੱਚ ਪਰਵਾਨ ਹੋ ਸਕੇਗਾ।

**ਕੋਟਿ ਕਰਮ ਕਰੈ ਹਉ ਧਾਰੇ ॥**
**ਸ੍ਰਮੁ ਪਾਵੈ ਸਗਲੇ ਬਿਰਥਾਰੇ ॥**

ਜੋ ਜੀਵ ਕਰੋੜਾਂ ਕਰਮ ਕਰਦਾ ਹੋਇਆ ਹੰਕਾਰ ਕਰਦਾ ਹੈ।
ਉਸਦੇ ਸਾਰੇ ਕਰਮ ਵਿਅਰਥ ਹਨ, ਉਹ ਦੁਖ ਪਾਵੇਗਾ।

**ਅਨਿਕ ਤਪਸਿਆ ਕਰੇ ਅਹੰਕਾਰ ॥**
**ਨਰਕ ਸੁਰਗ ਫਿਰਿ ਫਿਰਿ ਅਵਤਾਰ ॥**

ਜੋ ਹੰਕਾਰ ਨਾਲ ਅਨੇਕਾਂ ਤਪੱਸਿਆ ਕਰਦਾ ਹੈ।
ਕਦੇ ਨਰਕ, ਸਵਰਗ ਪੈਂਦਾ ਅਤੇ ਕਦੇ ਜੰਮਦਾ-ਮਰਦਾ ਹੈ।

**ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥**
**ਹਰਿ ਦਰਗਹ ਕਹੁ ਕੈਸੇ ਗਵੈ ॥**

ਅਨੇਕਾਂ ਯਤਨਾਂ ਦੇ ਬਾਵਜੂਦ ਜੇ ਮਨ ਨਹੀਂ ਪਿਘਲਦਾ ਤਾਂ ਪਰਮੇਸ਼ਰ ਦੀ ਦਰਗਾਹ ਵਿੱਚ ਕਿਸ ਤਰ੍ਹਾਂ ਜਾਵੇਗਾ?

**ਆਪਸ ਕਉ ਜੋ ਭਲਾ ਕਹਾਵੈ ॥**
**ਤਿਸਹਿ ਭਲਾਈ ਨਿਕਟਿ ਨ ਆਵੈ ॥**

ਜਿਹੜਾ ਆਪਣੇ ਆਪ ਨੂੰ ਭਲਾ ਕਹਾਉਂਦਾ ਹੈ।
ਉਸਦੇ ਤਾਂ ਭਲਾਈ ਨੇੜੇ ਵੀ ਨਹੀਂ ਆਉਂਦੀ।

**ਸਰਬ ਕੀ ਰੇਨ ਜਾ ਕਾ ਮਨੁ ਹੋਇ ॥**
**ਕਹੁ ਨਾਨਕ ਤਾ ਕੀ ਨਿਰਮਲ ਸੋਇ ॥੩॥**

ਜਿਸਦਾ ਮਨ ਸਾਰਿਆਂ ਦੀ ਧੂੜੀ ਹੋ ਜਾਂਦਾ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਦੀ ਸ਼ੋਭਾ ਨਿਰਮਲ ਹੈ।

**ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥**
**ਤਬ ਇਸ ਕਉ ਸੁਖੁ ਨਾਹੀ ਕੋਇ ॥**

ਇਨਸਾਨ ਜਦੋਂ ਤੱਕ ਸਮਝਦਾ ਹੈ ਕਿ ਮੈਥੋਂ ਕੁਝ ਹੁੰਦਾ ਹੈ,
ਓਦੋਂ ਤੱਕ ਇਹਨੂੰ ਕੋਈ ਸੁਖ ਨਹੀਂ।

**ਜਬ ਇਹ ਜਾਨੈ ਮੈ ਕਿਛੁ ਕਰਤਾ ॥**
**ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥**

ਜਦੋਂ ਇਹ ਸਮਝਦਾ ਹੈ ਕਿ ਮੈਂ ਕੁਝ ਕਰਦਾ ਹਾਂ,
ਓਨਾਂ ਚਿਰ ਤਾਂ ਇਹ ਗਰਭ ਜੂਨਾਂ ਵਿੱਚ ਹੀ ਫਿਰਦਾ ਹੈ।

**ਜਬ ਧਾਰੈ ਕੋਊ ਬੈਰੀ ਮੀਤੁ ॥**
**ਤਬ ਲਗੁ ਨਿਹਚਲੁ ਨਾਹੀ ਚੀਤੁ ॥**

ਜਦੋਂ ਇਹ ਕੋਈ ਵੈਰੀ ਅਤੇ ਕੋਈ ਮਿੱਤਰ ਮੰਨਦਾ ਹੈ,
ਓਦੋਂ ਤੱਕ ਇਨਸਾਨ ਦਾ ਮਨ ਸਥਿਰ ਨਹੀਂ ਹੁੰਦਾ।

**ਜਬ ਲਗੁ ਮੋਹ ਮਗਨ ਸੰਗਿ ਮਾਇ ॥**
**ਤਬ ਲਗੁ ਧਰਮੁ ਰਾਇ ਦੇਇ ਸਜਾਇ ॥**

ਜਦੋਂ ਤੱਕ ਮਾਇਆ ਦੇ ਪ੍ਰੇਮ ਵਿੱਚ ਮਸਤ ਹੈ,
ਓਨਾ ਚਿਰ ਤਾਂ ਧਰਮਰਾਜ ਸਜ਼ਾ ਦੇਵੇਗਾ ਹੀ।

**ਪ੍ਰਭ ਕਿਰਪਾ ਤੇ ਬੰਧਨ ਤੂਟੈ ॥**
**ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥੪॥**

ਪਰਮੇਸ਼ਰ ਦੀ ਕਿਰਪਾ ਕਰਕੇ ਮੋਹ ਰੂਪੀ ਬੰਧਨ ਖ਼ਤਮ ਹੁੰਦੇ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੀ ਮਿਹਰ ਨਾਲ ਹੀ ਹੰਕਾਰ ਦੂਰ ਹੁੰਦਾ ਹੈ।

**ਸਹਸ ਖਟੇ ਲਖ ਕਉ ਉਠਿ ਧਾਵੈ ॥**
**ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥**

ਆਦਮੀ ਹਜ਼ਾਰਾਂ ਕਮਾ ਕੇ ਲੱਖਾਂ ਰੁਪਿਆਂ ਨੂੰ ਹਾਸਿਲ ਕਰਨ ਉੱਠ ਦੌੜਦਾ ਹੈ,
ਮਾਇਆ ਪਿੱਛੇ ਪਿਆ ਰਹਿੰਦਾ ਹੈ, ਪਰ ਸੰਤੋਖ ਨਹੀਂ ਆਉਂਦਾ।

**ਅਨਿਕ ਭੋਗ ਬਿਖਿਆ ਕੇ ਕਰੈ ॥**
**ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥**

ਅਨੇਕ ਵਿਸ਼ਿਆਂ ਦੇ ਭੋਗ ਕਰਦਾ ਹੈ। ਖਪ-ਖਪ ਕੇ ਵਿਸ਼ਿਆਂ ਵਿੱਚ ਹੀ ਮਰਦਾ ਹੈ, ਪਰ ਤ੍ਰਿਪਤ ਨਹੀਂ ਹੁੰਦਾ।

**ਬਿਨਾ ਸੰਤੋਖ ਨਹੀ ਕੋਊ ਰਾਜੈ ॥**

**ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥**

ਸਬਰ ਤੋਂ ਬਿਨਾਂ ਕੋਈ ਰੱਜ ਨਹੀਂ ਸਕਦਾ। ਸਾਰੇ ਕਾਰਜ ਝੂਠੇ ਅਤੇ ਸਭ ਮਨੋਰਥ ਸੁਪਨੇ ਹਨ।

**ਨਾਮ ਰੰਗਿ ਸਰਬ ਸੁਖੁ ਹੋਇ ॥**

**ਬਡਭਾਗੀ ਕਿਸੈ ਪਰਾਪਤਿ ਹੋਇ ॥**

ਨਾਮ ਦੇ ਪ੍ਰਭਾਵ ਨਾਲ ਸਾਰੇ ਸੁਖ ਮਿਲਦੇ ਹਨ, ਪਰ ਇਹ ਸੁੱਖ ਕਿਸੇ ਵੱਡੇ ਭਾਗਾਂ ਵਾਲੇ ਨੂੰ ਹੀ ਮਿਲਦਾ ਹੈ

**ਕਰਨ ਕਰਾਵਨ ਆਪੇ ਆਪਿ ॥**

**ਸਦਾ ਸਦਾ ਨਾਨਕ ਹਰਿ ਜਾਪਿ ॥੫॥**

ਉਹ ਪਰਮੇਸ਼ਰ ਆਪਣੇ ਆਪ ਸਭ ਕੁਝ ਕਰਨ ਕਰਾਉਣ ਵਾਲਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਐਸੇ ਪਰਮੇਸ਼ਰ ਦਾ ਹਮੇਸ਼ਾਂ ਜਾਪ ਕਰ।

**ਕਰਨ ਕਰਾਵਨ ਕਰਨੈਹਾਰੁ ॥**

**ਇਸ ਕੈ ਹਾਥਿ ਕਹਾ ਬੀਚਾਰੁ ॥**

ਪ੍ਰਭੂ ਆਪ ਹੀ ਸਭ ਕੁਝ ਕਰਨ ਵਾਲਾ ਅਤੇ ਜੀਵਾਂ ਤੋਂ ਕਰਵਾਉਣ ਵਾਲਾ ਹੈ, ਸੋਚੋ ਕਿ! ਇਸ ਇਨਸਾਨ ਦੇ ਹੱਥ ਕੀ ਹੈ?

**ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥**

**ਆਪੇ ਆਪਿ ਆਪਿ ਪ੍ਰਭੁ ਸੋਇ ॥**

ਜਿਹੋ ਜਿਹੀ ਨਿਗ੍ਹਾ ਕਰਦਾ ਹੈ, ਓਹੋ ਜਿਹਾ ਆਦਮੀ ਹੋ ਜਾਂਦਾ ਹੈ। ਪਰਮੇਸ਼ਰ ਸਭ ਕੁਝ ਆਪ ਹੀ ਆਪ ਹੈ।

**ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥**

**ਸਭ ਤੇ ਦੂਰਿ ਸਭਹੂ ਕੈ ਸੰਗਿ ॥**

ਜੋ ਕੁਝ ਵੀ ਕੀਤਾ, ਉਸਨੇ ਆਪਣੇ ਰੰਗ ਵਿੱਚ ਕੀਤਾ ਹੈ, ਉਹ ਸਾਰਿਆਂ ਤੋਂ ਦੂਰ ਅਤੇ ਸਾਰਿਆਂ ਦੇ ਨਾਲ ਹੈ।

**ਬੂਝੈ ਦੇਖੈ ਕਰੈ ਬਿਬੇਕ ॥**

**ਆਪਹਿ ਏਕ ਆਪਹਿ ਅਨੇਕ ॥**

ਉਹ ਸਮਝਦਾ ਹੈ, ਵੇਖਦਾ ਹੈ ਅਤੇ ਨਿਰਣਾ ਵੀ ਕਰਦਾ ਹੈ। ਆਪ ਹੀ ਇੱਕ ਹੈ ਅਤੇ ਆਪ ਹੀ ਅਨੇਕ ਹੈ।

**ਮਰੈ ਨ ਬਿਨਸੈ ਆਵੈ ਨ ਜਾਇ ॥**

**ਨਾਨਕ ਸਦ ਹੀ ਰਹਿਆ ਸਮਾਇ ॥੬॥**

ਉਹ ਨਾ ਮਰਦਾ, ਨਾ ਖ਼ਤਮ ਹੁੰਦਾ, ਨਾ ਆਉਂਦਾ ਅਤੇ ਨਾ ਜਾਂਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਹਮੇਸ਼ਾਂ ਆਪਣੇ ਆਪ ਵਿੱਚ ਹੀ ਸਮਾਇਆ ਰਹਿੰਦਾ ਹੈ।

**ਆਪਿ ਉਪਦੇਸੈ ਸਮਝੈ ਆਪਿ ॥**
**ਆਪੇ ਰਚਿਆ ਸਭ ਕੈ ਸਾਥਿ ॥**
ਆਪ ਹੀ ਉਪਦੇਸ਼ ਕਰਦਾ ਹੈ, ਆਪ ਹੀ ਸਮਝਦਾ ਹੈ।
ਸਾਰਿਆਂ ਦੇ ਨਾਲ ਆਪ ਹੀ ਰਚਿਆ ਹੋਇਆ ਹੈ।
**ਆਪਿ ਕੀਨੋ ਆਪਨ ਬਿਸਥਾਰੁ ॥**
**ਸਭੁ ਕਛੁ ਉਸ ਕਾ ਓਹੁ ਕਰਨੈਹਾਰੁ ॥**
ਆਪੇ ਹੀ ਆਪਣਾ ਫੈਲਾਅ ਕੀਤਾ ਹੈ। ਸਭ ਕੁਝ ਉਸ ਦਾ ਹੀ ਹੈ ਅਤੇ ਆਪ ਹੀ ਉਹ ਕਰਨਹਾਰ ਹੈ।
**ਉਸ ਤੇ ਭਿੰਨ ਕਹਹੁ ਕਿਛੁ ਹੋਇ ॥**
**ਥਾਨ ਥਨੰਤਰਿ ਏਕੈ ਸੋਇ ॥**
ਦੱਸੋ! ਕਿ ਉਸ ਤੋਂ ਅੱਡਰਾ ਕੁਝ ਹੋ ਸਕੇਗਾ?
ਥਾਵਾਂ ਤੇ ਥਾਵਾਂ ਵਾਲਿਆਂ ਵਿੱਚ ਉਹ ਇੱਕ ਹੀ ਹੈ।
**ਅਪੁਨੇ ਚਲਿਤ ਆਪਿ ਕਰਨੈਹਾਰ ॥**
**ਕਉਤਕ ਕਰੈ ਰੰਗ ਅਪਾਰ ॥**
ਆਪਣੇ ਤਮਾਸ਼ਿਆਂ ਨੂੰ ਆਪ ਹੀ ਕਰਨ ਵਾਲਾ ਹੈ।
ਬੇਅੰਤ ਤਰ੍ਹਾਂ ਦੇ ਕੌਤਕ ਕਰਦਾ ਹੈ।
**ਮਨ ਮਹਿ ਆਪਿ ਮਨ ਅਪੁਨੇ ਮਾਹਿ ॥**
**ਨਾਨਕ ਕੀਮਤਿ ਕਹਨੁ ਨ ਜਾਇ ॥੭॥**
ਉਸਦੇ ਵਿੱਚ ਵੀ ਮਨ ਹੈ ਅਤੇ ਮਨ ਵਿੱਚ ਵੀ ਉਹ ਆਪ ਹੀ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸਦਾ ਕੋਈ ਮੁੱਲ ਨਹੀਂ ਕਿਹਾ ਜਾ ਸਕਦਾ।
**ਸਤਿ ਸਤਿ ਸਤਿ ਪ੍ਰਭੁ ਸੁਆਮੀ ॥**
**ਗੁਰ ਪਰਸਾਦਿ ਕਿਨੈ ਵਖਿਆਨੀ ॥**
ਪ੍ਰਭੂ ਸਵਾਮੀ ਮਨ, ਬਾਣੀ, ਕਰਮ ਤੋਂ ਸੱਚ ਹੈ! ਸੱਚ ਹੈ! ਸੱਚ ਹੈ!,
ਗੁਰੂ ਦੀ ਮਿਹਰ ਨਾਲ ਕਿਸੇ ਵਿਰਲੇ ਨੇ ਹੀ ਇਹ ਕਿਹਾ ਹੈ।
**ਸਚੁ ਸਚੁ ਸਚੁ ਸਭੁ ਕੀਨਾ ॥**
**ਕੋਟਿ ਮਧੇ ਕਿਨੈ ਬਿਰਲੈ ਚੀਨਾ ॥**
ਉਸਨੇ ਮਨ, ਬਾਣੀ ਤੇ ਕਰਮ ਕਰਕੇ ਸਭ ਸੱਚ ਹੀ ਕੀਤਾ ਹੈ।
ਕਰੋੜਾਂ ਵਿੱਚੋਂ ਕਿਸੇ ਵਿਰਲੇ ਨੇ ਹੀ ਉਸਨੂੰ ਸਮਝਿਆ ਹੈ।
**ਭਲਾ ਭਲਾ ਭਲਾ ਤੇਰਾ ਰੂਪ ॥**
**ਅਤਿ ਸੁੰਦਰ ਅਪਾਰ ਅਨੂਪ ॥**
ਤੇਰਾ ਰੂਪ ਮਨ, ਬਾਣੀ ਤੇ ਕਰਮ ਕਰਕੇ ਭਲਾ ਹੈ।
ਤੂੰ ਅਤੀ ਸੁੰਦਰ, ਬੇਅੰਤ ਅਤੇ ਉਪਮਾ ਤੋਂ ਰਹਿਤ ਹੈਂ।

**ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥**
**ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ ॥**
ਤੇਰੀ ਬਾਣੀ ਮਨ, ਬਾਣੀ ਤੇ ਸਰੀਰ ਕਰਕੇ ਨਿਰਮਲ ਹੈ।
ਤੇਰੀ ਕਹੀ ਹੋਈ ਬਾਣੀ ਹਰੇਕ ਹਿਰਦੇ ਨੇ ਕੰਨੀਂ ਸੁਣੀ ਹੈ।
**ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥**
**ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮॥੧੨॥**
ਮਨ, ਬਾਣੀ ਤੇ ਸਰੀਰ ਕਰਕੇ ਤੂੰ ਪਵਿੱਤਰ ਹੈਂ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਗਤ-ਜਨ ਤੈਨੂੰ ਮਨ ਦੀ ਪ੍ਰੀਤ ਕਰਕੇ ਸਿਮਰਦੇ ਹਨ।

**ਸਲੋਕੁ ॥**

**ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥**
ਜਿਹੜਾ ਆਦਮੀ ਸੰਤਾਂ ਦੀ ਸ਼ਰਨ ਵਿੱਚ ਪੈਂਦਾ ਹੈ,
ਉਸਦਾ ਹੀ ਪਾਰ-ਉਤਾਰਾ ਹੁੰਦਾ ਹੈ।
**ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥੧॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੰਤਾਂ ਦੀ ਨਿੰਦਿਆ ਕਰਨ ਵਾਲਾ
ਜੰਮਦਾ-ਮਰਦਾ ਰਹਿੰਦਾ ਹੈ।

**ਅਸਟਪਦੀ ॥**

**ਸੰਤ ਕੈ ਦੂਖਨਿ ਆਰਜਾ ਘਟੈ ॥**
**ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥**
ਸੰਤ ਦੇ ਉੱਤੇ ਕਲੰਕ ਲਾਉਣ ਵਾਲੇ ਦੀ ਉਮਰ ਘੱਟ ਜਾਂਦੀ ਹੈ। ਸੰਤ ਉੱਤੇ ਕਲੰਕ ਲਾਉਣ ਵਾਲਾ ਧਰਮ ਰਾਜ ਤੋਂ ਨਹੀਂ ਛੁੱਟੇਗਾ।
**ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥**
**ਸੰਤ ਕੈ ਦੂਖਨਿ ਨਰਕ ਮਹਿ ਪਾਇ ॥**
ਸੰਤ 'ਤੇ ਦੋਸ਼ ਲਾਉਣ ਨਾਲ ਸਭ ਸੁੱਖ ਨਾਸ ਹੁੰਦੇ ਹਨ।
ਸੰਤ 'ਤੇ ਕਲੰਕ ਲਾਉਣ ਨਾਲ ਨਰਕਾਂ ਵਿੱਚ ਪਈਦਾ ਹੈ।
**ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥**
**ਸੰਤ ਕੈ ਦੂਖਨਿ ਸੋਭਾ ਤੇ ਹੀਨ ॥**
ਸੰਤ 'ਤੇ ਕਲੰਕ ਲਾਉਣ ਨਾਲ ਬੁੱਧ ਮਲੀਨ ਹੁੰਦੀ ਹੈ।
ਸੰਤ 'ਤੇ ਕਲੰਕ ਲਾਉਣ ਨਾਲ ਜੀਵ ਸ਼ੋਭਾ ਤੋਂ ਰਹਿਤ ਹੋ ਜਾਂਦਾ ਹੈ।
**ਸੰਤ ਕੇ ਹਤੇ ਕਉ ਰਖੈ ਨ ਕੋਇ ॥**
**ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥**
ਸੰਤ ਦੇ ਮਾਰੇ ਨੂੰ ਕੋਈ ਨਹੀਂ ਰੱਖ ਸਕਦਾ।
ਸੰਤ ਉੱਤੇ ਕਲੰਕ ਲਾਉਣ ਤੋਂ ਜੀਵ ਬੇਘਰਾ ਹੋ ਜਾਂਦਾ ਹੈ।

**ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥**
**ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥੧॥**
ਸੰਤ ਮਿਹਰਬਾਨ ਹੋ ਕੇ ਜੇ ਮਿਹਰ ਕਰ ਦੇਵੇ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੰਤ ਦੇ ਸੰਗ ਨਾਲ ਨਿੰਦਕ ਵੀ ਤਰ ਸਕਦੇ ਹਨ।
**ਸੰਤ ਕੇ ਦੂਖਨ ਤੇ ਮੁਖੁ ਭਵੈ ॥**
**ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥**
ਸੰਤ ਉੱਪਰ ਕਲੰਕ ਲਾਉਣ ਨਾਲ ਮੂੰਹ ਵਿੰਗਾ ਹੋ ਜਾਂਦਾ ਹੈ। ਸੰਤਾਂ ਉੱਪਰ ਕਲੰਕ ਲਾਉਣ ਵਾਲਾ ਜੀਵ ਕਾਂ ਦੀ ਤਰ੍ਹਾਂ ਕਾਂ-ਕਾਂ ਕਰਨ ਲੱਗ ਜਾਂਦਾ ਹੈ।
**ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥**
**ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥**
ਸੰਤਾਂ ਉੱਤੇ ਕਲੰਕ ਲਉਣ ਵਾਲਾ ਜੀਵ ਸੱਪ ਦੀ ਜੂਨ ਵਿੱਚ ਪੈਂਦਾ ਹੈ। ਸੰਤਾਂ 'ਤੇ ਦੋਸ਼ ਲਾਉਣ ਵਾਲਾ ਜੀਵ ਕੀੜੇ-ਮਕੌੜੇ ਆਦਿਕ ਨਿੱਕੀਆਂ ਜੂਨਾਂ ਵਿੱਚ ਭਟਕਦਾ ਹੈ।
**ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥**
**ਸੰਤ ਕੈ ਦੂਖਨਿ ਸਭੁ ਕੋ ਛਲੈ ॥**
ਸੰਤਾਂ ਉੱਪਰ ਕਲੰਕ ਲਾਉਣ ਵਾਲਾ ਤ੍ਰਿਸ਼ਨਾ ਵਿੱਚ ਸੜਦਾ ਹੈ। ਸੰਤਾਂ 'ਤੇ ਕਲੰਕ ਲਾਉਣ ਵਾਲਾ ਸਾਰਿਆਂ ਨੂੰ ਧੋਖਾ ਦਿੰਦਾ ਫਿਰਦਾ ਹੈ।
**ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥**
**ਸੰਤ ਕੈ ਦੂਖਨਿ ਨੀਚੁ ਨੀਚਾਇ ॥**
ਸੰਤ ਉੱਤੇ ਕਲੰਕ ਲਾਉਣ ਨਾਲ ਸਾਰਾ ਤੇਜ ਚਲਿਆ ਜਾਂਦਾ ਹੈ। ਸੰਤਾਂ 'ਤੇ ਕਲੰਕ ਲਾਉਣ ਵਾਲਾ ਨੀਚਾਂ ਤੋਂ ਵੀ ਨੀਚ ਹੋ ਜਾਂਦਾ ਹੈ।
**ਸੰਤ ਦੋਖੀ ਕਾ ਥਾਉ ਕੋ ਨਾਹਿ ॥**
**ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥੨॥**
ਸੰਤ ਦੇ ਵਿਰੋਧੀ ਦਾ ਕੋਈ ਥਾਂ, ਟਿਕਾਣਾ ਨਹੀਂ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਉਹ ਦੋਖੀ ਵੀ ਸੰਤਾਂ ਨੂੰ ਭਾ ਜਾਵੇ ਤਾਂ ਉਹ ਵੀ ਮੁਕਤੀ ਪ੍ਰਾਪਤ ਕਰ ਲੈਂਦ ਹੈ।
**ਸੰਤ ਕਾ ਨਿੰਦਕੁ ਮਹਾ ਅਤਤਾਈ ॥**
**ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥**
ਸੰਤ ਦਾ ਨਿੰਦਕ ਮਹਾਂ ਝਗੜਾਲੂ ਹੁੰਦਾ ਹੈ।
ਸੰਤ ਦੇ ਨਿੰਦਕ ਨੂੰ ਛਿਨ ਮਾਤਰ ਵੀ ਸ਼ਾਂਤੀ ਨਹੀਂ ਮਿਲਦੀ।
**ਸੰਤ ਕਾ ਨਿੰਦਕੁ ਮਹਾ ਹਤਿਆਰਾ ॥**
**ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥**
ਸੰਤ ਦਾ ਨਿੰਦਕ ਵੱਡਾ ਕਾਤਲ ਹੈ।
ਸੰਤ ਦਾ ਨਿੰਦਕ ਖ਼ੁਦਾ ਦਾ ਮਾਰਿਆ ਭਾਵ ਸਾਰੇ ਪਾਸਿਓਂ ਦੁਖੀਆ ਹੈ।

**ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥**
**ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥**

ਸੰਤ ਦਾ ਨਿੰਦਕ ਰਾਜ ਤੋਂ ਹੀਣ ਭਾਵ ਕੰਗਾਲ ਹੀ ਰਹਿੰਦਾ ਹੈ।
ਸੰਤ ਦਾ ਨਿੰਦਕ ਦੁਖੀ ਤੇ ਗਰੀਬ ਹੀ ਰਹਿੰਦਾ ਹੈ।

**ਸੰਤ ਕੇ ਨਿੰਦਕ ਕਉ ਸਰਬ ਰੋਗ ॥**
**ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥**

ਸੰਤ ਦੇ ਨਿੰਦਕ ਨੂੰ ਸਾਰੇ ਰੋਗ ਲੱਗੇ ਰਹਿੰਦੇ ਹਨ।
ਸੰਤ ਦੇ ਨਿੰਦਕ ਨੂੰ ਹਮੇਸ਼ਾਂ ਪ੍ਰਭੂ ਨਾਲੋਂ ਵਿਛੋੜਾ ਹੀ ਪਿਆ ਰਹਿੰਦਾ ਹੈ।

**ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥**
**ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥੩॥**

ਸੰਤ ਦੀ ਨਿੰਦਾ ਤਾਂ ਦੋਸ਼ਾਂ ਵਿੱਚ ਵੱਡਾ ਦੋਸ਼ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਨਿੰਦਕ ਵੀ ਸੰਤ ਨੂੰ ਭਾ ਜਾਵੇ ਤਾਂ ਉਸਦੀ ਵੀ ਮੁਕਤੀ ਹੋ ਜਾਵੇ।

**ਸੰਤ ਕਾ ਦੋਖੀ ਸਦਾ ਅਪਵਿਤੁ ॥**
**ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥**

ਸੰਤ ਨਾਲ ਦਵੈਸ਼ ਕਰਨ ਵਾਲਾ ਹਮੇਸ਼ਾਂ ਅਪਵਿੱਤਰ ਹੁੰਦਾ ਹੈ।
ਸੰਤ ਦਾ ਦੋਖੀ ਕਿਸੇ ਦਾ ਵੀ ਮਿੱਤਰ ਨਹੀਂ ਹੁੰਦਾ।

**ਸੰਤ ਕੇ ਦੋਖੀ ਕਉ ਡਾਨੁ ਲਾਗੈ ॥**
**ਸੰਤ ਕੇ ਦੋਖੀ ਕਉ ਸਭ ਤਿਆਗੈ ॥**

ਸੰਤ ਦੇ ਵਿਰੋਧੀ ਨੂੰ ਦੰਡ ਲਗਦੇ ਹਨ।
ਸੰਤ ਦੇ ਨਿੰਦਕ ਨੂੰ ਸਾਰੇ ਹੀ ਛੱਡ ਜਾਂਦੇ ਹਨ।

**ਸੰਤ ਕਾ ਦੋਖੀ ਮਹਾ ਅਹੰਕਾਰੀ ॥**
**ਸੰਤ ਕਾ ਦੋਖੀ ਸਦਾ ਬਿਕਾਰੀ ॥**

ਸੰਤ ਦਾ ਵਿਰੋਧੀ ਮਹਾ-ਹੰਕਾਰੀ ਹੁੰਦਾ ਹੈ।
ਸੰਤ ਦਾ ਵਿਰੋਧੀ ਹਮੇਸ਼ਾਂ ਵਿਕਾਰੀ ਹੁੰਦਾ ਹੈ।

**ਸੰਤ ਕਾ ਦੋਖੀ ਜਨਮੈ ਮਰੈ ॥**
**ਸੰਤ ਕੀ ਦੂਖਨਾ ਸੁਖ ਤੇ ਟਰੈ ॥**

ਸੰਤ ਦਾ ਦੋਖੀ ਜੰਮਦਾ ਤੇ ਮਰਦਾ ਰਹਿੰਦਾ ਹੈ। ਸੰਤ ਦੀ ਨਿੰਦਿਆ ਕਰਕੇ ਸੁੱਖਾਂ ਤੋਂ ਲਾਂਭੇ ਹੋ ਜਾਈਦਾ ਹੈ।

**ਸੰਤ ਕੇ ਦੋਖੀ ਕਉ ਨਾਹੀ ਠਾਉ ॥**
**ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥੪॥**

ਸੰਤ ਦੇ ਦੋਸ਼ੀ ਨੂੰ ਕੋਈ ਥਾਂ ਨਹੀਂ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਸੰਤ ਨੂੰ ਚੰਗਾ ਲੱਗ ਜਾਵੇ ਤਾਂ ਫੇਰ ਵੀ ਮਿਲਾ ਹੀ ਲੈਂਦਾ ਹੈ।

**ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥**
**ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥**
ਸੰਤ ਦਾ ਦੋਖੀ ਜ਼ਿੰਦਗੀ ਨਾਲੋਂ ਸਮੇਂ ਤੋਂ ਪਹਿਲਾਂ ਹੀ ਟੁੱਟ ਜਾਂਦਾ ਹੈ।
ਸੰਤ ਦਾ ਨਿੰਦਕ ਕਿਸੇ ਕੰਮ ਦੀ ਪੂਰਨਤਾ ਤੇ ਨਹੀਂ ਪਹੁੰਚਦਾ।
**ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥**
**ਸੰਤ ਕਾ ਦੋਖੀ ਉਝੜਿ ਪਾਈਐ ॥**
ਸੰਤ ਦਾ ਦੋਖੀ ਵਿਕਾਰਾਂ ਰੂਪੀ ਜੰਗਲ ਵਿੱਚ ਫਿਰਦਾ ਰਹਿੰਦਾ ਹੈ।
ਸੰਤ ਦਾ ਦੋਸ਼ੀ ਬਿਖੜੇ ਰਾਹ ਤੇ ਪੈਂਦਾ ਹੈ,
ਭਾਵ ਉਸਨੂੰ ਜ਼ਿੰਦਗੀ ਦਾ ਸਹੀ ਰਸਤਾ ਨਹੀਂ ਮਿਲਦਾ।
**ਸੰਤ ਕਾ ਦੋਖੀ ਅੰਤਰ ਤੇ ਥੋਥਾ ॥**
**ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥**
ਸੰਤ ਦਾ ਦੋਖੀ ਅੰਦਰੋਂ ਖਾਲੀ ਹੁੰਦਾ ਹੈ।
ਜਿਵੇਂ ਸਵਾਸਾਂ ਤੋਂ ਬਿਨਾਂ ਮ੍ਰਿਤਕ ਸਰੀਰ ਹੁੰਦਾ ਹੈ।
**ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥**
**ਆਪਨ ਬੀਜਿ ਆਪੇ ਹੀ ਖਾਹਿ ॥**
ਸੰਤ ਦੇ ਦੋਖੀ ਦੀ ਕੋਈ ਜੜ੍ਹ ਨਹੀਂ ਰਹਿੰਦੀ।
ਉਹ ਆਪਣੇ ਬੀਜੇ, ਭਾਵ ਕੀਤੇ ਕਰਮ ਨੂੰ ਆਪੇ ਹੀ ਭੋਗਦੇ ਹਨ।
**ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥**
**ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥੫॥**
ਸੰਤ ਦੇ ਦੋਖੀ ਨੂੰ ਹੋਰ ਕੋਈ ਰੱਖਣ ਵਾਲਾ ਨਹੀਂ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਸੰਤ ਨੂੰ ਚੰਗਾ ਲੱਗ ਜਾਵੇ ਤਾਂ ਉਹ ਬਚਾ ਲੈਂਦਾ ਹੈ।
**ਸੰਤ ਕਾ ਦੋਖੀ ਇਉ ਬਿਲਲਾਇ ॥**
**ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥**
ਸੰਤ ਦਾ ਦੋਖੀ ਇਉਂ ਉੱਚੀ-ਉੱਚੀ ਰੋਂਦਾ ਹੈ,
ਜਿਸ ਤਰ੍ਹਾਂ ਪਾਣੀ ਬਿਨਾਂ ਮੱਛੀ ਤੜਫਦੀ ਹੈ।
**ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥**
**ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥**
ਸੰਤ ਦਾ ਦੋਖੀ ਭੁੱਖਾ ਹੀ ਰਹਿੰਦਾ ਹੈ, ਰੱਜਦਾ ਨਹੀਂ,
ਜਿਸ ਤਰ੍ਹਾਂ ਅੱਗ ਬਾਲਣ ਨਾਲ ਨਹੀਂ ਰੱਜਦੀ।
**ਸੰਤ ਕਾ ਦੋਖੀ ਛੁਟੈ ਇਕੇਲਾ ॥ ਿ**
**ਜਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥**

ਸੰਤ ਦਾ ਦਵੈਸ਼ੀ ਇਕੱਲਪੁਣੇ ਕਾਰਨ ਹੀ ਮਰ ਜਾਂਦਾ ਹੈ, ਜਿਸ ਤਰ੍ਹਾਂ ਬਿਨਾਂ ਦਾਣਿਆਂ ਵਾਲਾ ਤਿਲ ਦਾ ਬੂਟਾ ਪੈਲੀ ਵਿੱਚ ਦੁਖੀ ਹੋ ਕੇ ਸੜ੍ਹ ਜਾਂਦਾ ਹੈ।

**ਸੰਤ ਕਾ ਦੋਖੀ ਧਰਮ ਤੇ ਰਹਤ ॥**
**ਸੰਤ ਕਾ ਦੋਖੀ ਸਦ ਮਿਥਿਆ ਕਹਤ ॥**

ਸੰਤ ਦਾ ਦਵੈਸ਼ੀ ਧਰਮ ਤੋਂ ਹੀਣ ਹੁੰਦਾ ਹੈ।
ਸੰਤ ਦਾ ਦੋਖੀ ਹਮੇਸ਼ਾਂ ਝੂਠ ਬੋਲਦਾ ਹੈ।

**ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥**
**ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥੬॥**

ਨਿੰਦਕ ਦਾ ਤਾਂ ਇਹ ਕੰਮ ਧੁਰ ਤੋਂ ਹੀ ਲਿਖਿਆ ਹੋਇਆ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਉਸ ਸੰਤ ਨੂੰ ਭਾਉਂਦਾ ਹੈ, ਉਹੋ ਹੀ ਹੁੰਦਾ ਹੈ।

**ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥**
**ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥**

ਸੰਤ ਦਾ ਦੋਖੀ ਸ਼ਕਲੋਂ ਵਿਗੜਿਆ ਹੋਇਆ ਹੋ ਜਾਂਦਾ ਹੈ।
ਸੰਤ ਦੇ ਦੋਖੀ ਨੂੰ ਦਰਗਾਹ ਵਿੱਚ ਵੀ ਸਜ਼ਾ ਹੀ ਮਿਲੇਗੀ।

**ਸੰਤ ਕਾ ਦੋਖੀ ਸਦਾ ਸਹਕਾਈਐ ॥**
**ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥**

ਸੰਤ ਦਾ ਦੋਖੀ ਹਮੇਸ਼ਾਂ ਸਹਿਕਦਾ ਹੀ ਰਹਿੰਦਾ ਹੈ। ਸੰਤ ਦਾ ਦੋਖੀ ਨਾ ਮਰਦਾ ਹੈ, ਨਾ ਜੀਉਂਦਾ ਹੈ।

**ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥**
**ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥**

ਸੰਤ ਦੇ ਦੋਖੀ ਦੀ ਆਸਾ ਪੂਰੀ ਨਹੀਂ ਹੁੰਦੀ।
ਸੰਤ ਦਾ ਦੋਖੀ ਨਿਰਾਸ਼ ਹੀ ਮਰ ਜਾਂਦਾ ਹੈ।

**ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥**
**ਜੈਸਾ ਭਾਵੈ ਤੈਸਾ ਕੋਈ ਹੋਇ ॥**

ਸੰਤ ਦੇ ਨਾਲ ਦਵੈਸ਼ ਕਰਨ ਵਾਲਾ ਸਥਿਰ ਨਹੀਂ ਰਹਿ ਸਕਦਾ ਭਾਵ ਟਿਕ ਨਹੀਂ ਸਕਦਾ। ਜੈਸਾ ਹਰੀ ਨੂੰ ਭਾਉਂਦਾ ਹੈ, ਓਹੋ ਜਿਹਾ ਹੀ ਹਰ ਕੋਈ ਹੋ ਜਾਂਦਾ ਹੈ।

**ਪਇਆ ਕਿਰਤੁ ਨ ਮੇਟੈ ਕੋਇ ॥**
**ਨਾਨਕ ਜਾਨੈ ਸਚਾ ਸੋਇ ॥੭॥**

ਕੋਈ ਵੀ ਪੂਰਬਲੇ ਕਰਮਾਂ ਨੂੰ ਮੇਟ ਨਹੀਂ ਸਕਦਾ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸਦਾ ਕਾਰਨ ਤਾਂ ਉਹ ਸੱਚਾ ਪਰਮੇਸ਼ਰ ਹੀ ਜਾਣ ਸਕਦਾ ਹੈ।

**ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥**
**ਸਦਾ ਸਦਾ ਤਿਸ ਕਉ ਨਮਸਕਾਰੁ ॥**

ਸਾਰੇ ਇਨਸਾਨ ਉਸੇ ਦੇ ਹਨ ਅਤੇ ਉਹ ਸਭ ਕੁੱਝ ਕਰਨ ਵਾਲਾ ਹੈ।
ਉਸਨੂੰ ਹਮੇਸ਼ ਦਰ ਹਮੇਸ਼ ਮੇਰੀ ਨਮਸਕਾਰ ਹੈ।

**ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥**
**ਤਿਸਹਿ ਧਿਆਵਹੁ ਸਾਸਿ ਗਿਰਾਸਿ ॥**

ਹੇ ਮਨੁੱਖੋ! ਹਮੇਸ਼ਾਂ ਹੀ ਪਰਮੇਸ਼ਰ ਦੀ ਤਾਰੀਫ ਕਰਦੇ ਰਹੋ।
ਸਵਾਸ ਲੈਂਦਿਆਂ ਅਤੇ ਭੋਜਨ ਖਾਂਦਿਆਂ ਵੀ ਉਸ ਨੂੰ ਸਿਮਰੋ।

**ਸਭੁ ਕਛੁ ਵਰਤੈ ਤਿਸ ਕਾ ਕੀਆ ॥**
**ਜੈਸਾ ਕਰੇ ਤੈਸਾ ਕੋ ਥੀਆ ॥**

ਸਭ ਕੁਝ ਉਸੇ ਦਾ ਕੀਤਾ ਹੋਇਆ ਹੀ ਹੁੰਦਾ ਹੈ,
ਜਿਸ ਤਰ੍ਹਾਂ ਦਾ ਉਹ ਬਣਾਉਂਦਾ ਹੈ ਇਨਸਾਨ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ।

**ਅਪਨਾ ਖੇਲੁ ਆਪਿ ਕਰਨੈਹਾਰੁ ॥**
**ਦੂਸਰ ਕਉਨੁ ਕਹੈ ਬੀਚਾਰੁ ॥**

ਇਹ ਸੰਸਾਰ ਰੂਪੀ ਸਾਰਾ ਤਮਾਸ਼ਾ ਉਸਦਾ ਆਪਣਾ ਹੀ ਹੈ ਅਤੇ ਉਹ ਆਪ ਹੀ ਇਸ ਦਾ ਕਰਤਾ-ਧਰਤਾ ਹੈ।
ਹੋਰ ਦੂਸਰਾ ਕੌਣ ਉਸਨੂੰ ਆਪਣਾ ਸੁਝਾਅ ਦੇ ਸਕਦਾ ਹੈ?

**ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥**
**ਬਡਭਾਗੀ ਨਾਨਕ ਜਨ ਸੇਇ ॥੮॥੧੩॥**

ਜਿਸ ਉੱਤੇ ਮਿਹਰ ਕਰਦਾ ਹੈ, ਉਸੇ ਨੂੰ ਆਪਣਾ ਨਾਮ ਦੇਂਦਾ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਆਦਮੀ ਵੱਡਿਆਂ ਭਾਗਾਂ ਵਾਲਾ ਹੈ।

**ਸਲੋਕੁ ॥**
**ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥**

ਹੇ ਦੇਵਤਾ ਰੂਪ ਇਨਸਾਨੋ! ਚਤੁਰਾਈ ਛੱਡੋ ਅਤੇ ਹਰੀ-ਪ੍ਰਭੂ ਨੂੰ ਸਿਮਰੋ।

**ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮਨ ਵਿੱਚ ਇੱਕ ਹਰੀ ਦੀ ਹੀ ਆਸ ਰੱਖੋ ਜਿਸ ਨਾਲ ਦੁੱਖ, ਭਰਮ ਅਤੇ ਡਰ ਚਲਿਆ ਜਾਵੇਗਾ।

**ਅਸਟਪਦੀ ॥**
**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥**

ਹੇ ਮਨ ਇਹ ਗੱਲ ਚੰਗੀ ਤਰ੍ਹਾਂ ਸਮਝ ਲੈ!
ਕਿ ਮਨੁੱਖ ਦਾ ਆਸਰਾ ਝੂਠਾ ਹੈ। ਦਾਤਾਂ ਦੇਣ ਵਾਲਾ ਇੱਕ ਭਗਵਾਨ ਹੀ ਹੈ।

**ਜਿਸ ਕੈ ਦੀਐ ਰਹੈ ਅਘਾਇ ॥**
**ਬਹੁਰਿ ਨ ਤ੍ਰਿਸਨਾ ਲਾਗੈ ਆਇ ॥**

ਜਿਸ ਦੇ ਦਿੱਤਿਆਂ ਮਨੁੱਖ ਰੱਜਿਆ ਰਹਿੰਦਾ ਹੈ।
ਉਸ ਮਨੁੱਖ ਨੂੰ ਦੁਬਾਰਾ ਤ੍ਰਿਸ਼ਨਾ ਆ ਕੇ ਨਹੀਂ ਲੱਗਦੀ।

**ਮਾਰੈ ਰਾਖੈ ਏਕੋ ਆਪਿ ॥**

**ਮਾਨੁਖ ਕੈ ਕਿਛੁ ਨਾਹੀ ਹਾਥਿ ॥**

ਪ੍ਰਭੂ ਇੱਕ ਆਪ ਹੀ ਹੈ ਜੋ ਮਾਰਦਾ ਅਤੇ ਰੱਖਦਾ ਹੈ।
ਇਨਸਾਨ ਦੇ ਹੱਥ ਵੱਸ ਕੁਝ ਨਹੀਂ ਹੈ।

**ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥**

**ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥**

ਉਸਦਾ ਹੁਕਮ ਸਮਝਿਆਂ ਹੀ ਸੁੱਖ ਹੁੰਦਾ ਹੈ।
ਉਸ ਦਾ ਨਾਮ ਸਦਾ ਹੀ ਕੰਠ ਨਾਲ ਸਿਮਰਦਾ ਰਹਿ।

**ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥**

**ਨਾਨਕ ਬਿਘਨੁ ਨ ਲਾਗੈ ਕੋਇ ॥੧॥**

ਮਨ ਬਾਣੀ ਸਰੀਰ ਨਾਲ ਉਸ ਪਰਮੇਸ਼ਰ ਨੂੰ ਸਿਮਰ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨੁੱਖ ਤੇਰੀ ਜਿੰਦਗੀ ਦੇ ਰਸਤੇ ਵਿੱਚ ਕੋਈ ਵਿਘਨ ਨਹੀਂ ਪਵੇਗਾ।

**ਉਸਤਤਿ ਮਨ ਮਹਿ ਕਰਿ ਨਿਰੰਕਾਰ ॥**

**ਕਰਿ ਮਨ ਮੇਰੇ ਸਤਿ ਬਿਉਹਾਰ ॥**

ਹੇ ਇਨਸਾਨ! ਮਨ ਕਰਕੇ ਨਿਰੰਕਾਰ ਦੀ ਉਪਮਾ ਕਰ।
ਹੇ ਮੇਰੇ ਮਨ! ਸੱਚ ਦਾ ਹੀ ਵਿਹਾਰ ਕਰ।

**ਨਿਰਮਲ ਰਸਨਾ ਅੰਮ੍ਰਿਤੁ ਪੀਉ ॥**

**ਸਦਾ ਸੁਹੇਲਾ ਕਰਿ ਲੇਹਿ ਜੀਉ ॥**

ਹੇ ਰਸਨਾ! ਪਵਿੱਤਰ ਨਾਮ ਰੂਪੀ ਅੰਮ੍ਰਿਤ ਪੀ ਕੇ ਜੀਵਨ ਨੂੰ ਸਦਾ ਲਈ ਸੁਖੀ ਕਰ ਲੈ।

**ਨੈਨਹੁ ਪੇਖੁ ਠਾਕੁਰ ਕਾ ਰੰਗੁ ॥**

**ਸਾਧਸੰਗਿ ਬਿਨਸੈ ਸਭ ਸੰਗੁ ॥**

ਹੇ ਨੇਤਰੋ! ਪਰਮੇਸ਼ਰ ਦਾ ਪ੍ਰਤਾਪ ਵੇਖੋ।
ਸਾਧ ਦੇ ਸੰਗ ਨਾਲ ਹੋਰ ਸਾਰੇ ਸੰਗ ਛੁੱਟ ਜਾਂਦੇ ਹਨ।

**ਚਰਨ ਚਲਉ ਮਾਰਗਿ ਗੋਬਿੰਦ ॥**

**ਮਿਟਹਿ ਪਾਪ ਜਪੀਐ ਹਰਿ ਬਿੰਦ ॥**

ਹੇ ਚਰਨੋ! ਪਰਮੇਸ਼ਰ ਦੇ ਰਾਹ ਤੁਰੋ।
ਹਰੀ-ਨਾਮ ਨੂੰ ਥੋੜ੍ਹਾ ਸਮਾਂ ਵੀ ਜਪਿਆਂ ਪਾਪ ਮਿਟ ਜਾਂਦੇ ਹਨ।

**ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥**

**ਹਰਿ ਦਰਗਹ ਨਾਨਕ ਊਜਲ ਮਥਾ ॥੨॥**

ਹੇ ਹੱਥੋ! ਸੱਚੇ ਕਰਮ ਕਰੋ, ਹੇ ਕੰਨੋ! ਹਰੀ ਦੀ ਕਥਾ ਸੁਣੋ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਹਰੀ ਦੇ ਦਰਬਾਰ ਵਿੱਚ ਮਸਤਕ ਉੱਜਲ ਹੋਵੇਗਾ।

**ਬਡਭਾਗੀ ਤੇ ਜਨ ਜਗ ਮਾਹਿ ॥**

**ਸਦਾ ਸਦਾ ਹਰਿ ਕੇ ਗੁਨ ਗਾਹਿ ॥**

ਉਹ ਆਦਮੀ ਸੰਸਾਰ ਵਿੱਚ ਵਡਭਾਗੀ ਹਨ,
ਜੋ ਸਦਾ ਹੀ ਹਰੀ ਦੇ ਗੁਣ ਗਾਉਂਦੇ ਹਨ।

**ਰਾਮ ਨਾਮ ਜੋ ਕਰਹਿ ਬੀਚਾਰ ॥**

**ਸੇ ਧਨਵੰਤ ਗਨੀ ਸੰਸਾਰ ॥**

ਜੋ ਰਾਮ ਦੇ ਨਾਮ ਦਾ ਵਿਚਾਰ ਕਰਦੇ ਹਨ।
ਉਹ ਹੀ ਸੰਸਾਰ ਦੇ ਅਮੀਰ ਗਿਣੇ ਜਾਂਦੇ ਹਨ।

**ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥**

**ਸਦਾ ਸਦਾ ਜਾਨਹੁ ਤੇ ਸੁਖੀ ॥**

ਜੋ ਮਨੋਂ ਤਨੋਂ ਅਤੇ ਮੂੰਹੋਂ ਹਰੀ ਨਾਮ ਉਚਾਰਦੇ ਹਨ।
ਉਹਨਾਂ ਨੂੰ ਹਮੇਸ਼ਾਂ ਲਈ ਸੁਖੀ ਜਾਣੋ।

**ਏਕੋ ਏਕੁ ਏਕੁ ਪਛਾਨੈ ॥**

**ਇਤ ਉਤ ਕੀ ਓਹੁ ਸੋਝੀ ਜਾਨੈ ॥**

ਜੋ ਮਨ, ਬਾਣੀ ਤੇ ਕਰਮ ਕਰਕੇ ਇੱਕ ਹਰੀ ਨੂੰ ਹੀ ਪਛਾਣਦੇ ਹਨ।
ਉਹ ਹੀ ਲੋਕ-ਪਰਲੋਕ ਦੀ ਸੋਝੀ ਰੱਖਦੇ ਹਨ,

**ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥**

**ਨਾਨਕ ਤਿਨਹਿ ਨਿਰੰਜਨੁ ਜਾਨਿਆ ॥੩॥**

ਜਿਸਦਾ ਮਨ ਨਾਮ ਨਾਲ ਲੱਗ ਗਿਆ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸਨੇ ਹੀ ਪਰਮੇਸ਼ਰ ਨੂੰ ਸਮਝਿਆ ਹੈ।

**ਗੁਰ ਪ੍ਰਸਾਦਿ ਆਪਨ ਆਪੁ ਸੁਝੈ ॥**

**ਤਿਸ ਕੀ ਜਾਨਹੁ ਤ੍ਰਿਸਨਾ ਬੁਝੈ ॥**

ਗੁਰੂ ਦੀ ਕਿਰਪਾ ਨਾਲ ਜਿਸਨੂੰ ਆਪਣੇ ਆਪ ਦੀ ਸੋਝੀ ਹੋ ਜਾਂਦੀ ਹੈ।
ਮਾਨੋ ਕਿ ਉਸ ਦੀਆਂ ਕਾਮਨਾਵਾਂ ਖਤਮ ਹੋ ਗਈਆਂ।

**ਸਾਧਸੰਗਿ ਹਰਿ ਹਰਿ ਜਸੁ ਕਹਤ ॥**

**ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥**

ਜੋ ਸਾਧੂਆਂ ਦੀ ਸੰਗਤ ਨਾਲ ਹਰੀ ਦਾ ਜੱਸ ਕਰਦਾ ਹੈ।
ਉਹ ਹਰੀ ਸੇਵਕ ਸਾਰਿਆਂ ਰੋਗਾਂ ਤੋਂ ਰਹਿਤ ਹੈ।

**ਅਨਦਿਨੁ ਕੀਰਤਨੁ ਕੇਵਲ ਬਖ੍ਯ਼ਾਨੁ ॥**

**ਗ੍ਰਿਹਸਤ ਮਹਿ ਸੋਈ ਨਿਰਬਾਨੁ ॥**

ਜੋ ਮਨੁੱਖ ਰਾਤ-ਦਿਨ ਕੇਵਲ ਪ੍ਰਭੂ ਦੀ ਕੀਰਤੀ ਕਰਦਾ ਹੈ।
ਉਹ ਹੀ ਗ੍ਰਿਹਸਤ ਵਿੱਚ ਰਹਿੰਦਾ ਹੋਇਆ ਪੂਰਨ ਸਾਧੂ ਹੈ।

**ਏਕ ਊਪਰਿ ਜਿਸੁ ਜਨ ਕੀ ਆਸਾ ॥**
**ਤਿਸ ਕੀ ਕਟੀਐ ਜਮ ਕੀ ਫਾਸਾ ॥**

ਜਿਸ ਆਦਮੀ ਦਾ ਭਰੋਸਾ ਇੱਕ ਪਰਮੇਸ਼ਰ ਉੱਤੇ ਹੈ।
ਉਸ ਦੀ ਜਮਾਂ ਦੀ ਫਾਹੀ ਕੱਟੀ ਜਾਵੇਗੀ।

**ਪਾਰਬ੍ਰਹਮ ਕੀ ਜਿਸੁ ਮਨਿ ਭੂਖ ॥**
**ਨਾਨਕ ਤਿਸਹਿ ਨ ਲਾਗਹਿ ਦੂਖ ॥੪॥**

ਜਿਸਦੇ ਮਨ ਵਿੱਚ ਪਾਰਬ੍ਰਹਮ ਦੇ ਸਿਮਰਨ ਦੀ ਭੁੱਖ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਨੂੰ ਦੁਖ ਨਹੀਂ ਲੱਗਣਗੇ।

**ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ ॥**
**ਸੋ ਸੰਤੁ ਸੁਹੇਲਾ ਨਹੀ ਡੁਲਾਵੈ ॥**

ਜਿਸ ਸੰਤ ਨੂੰ ਹਰੀ-ਪ੍ਰਭੂ ਦਾ ਨਾਮ ਮਨ ਵਿੱਚ ਯਾਦ ਆਉਂਦਾ ਹੈ। ਉਹ ਸੰਤ ਸੁਖੀ ਹੈ ਅਤੇ ਜਿੰਦਗੀ ਵਿੱਚ ਡੋਲਦਾ ਨਹੀਂ।

**ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥**
**ਸੋ ਸੇਵਕੁ ਕਹੁ ਕਿਸ ਤੇ ਡਰੈ ॥**

ਜਿਸ ਸੇਵਕ ਤੇ ਪ੍ਰਭੂ ਆਪਣੀ ਮਿਹਰ ਕਰ ਦੇਵੇ। ਦੱਸੋ!
ਉਹ ਸੇਵਕ ਫਿਰ ਕਿਸ ਤੋਂ ਡਰੇਗਾ?

**ਜੈਸਾ ਸਾ ਤੈਸਾ ਦ੍ਰਿਸਟਾਇਆ ॥**
**ਅਪੁਨੇ ਕਾਰਜ ਮਹਿ ਆਪਿ ਸਮਾਇਆ ॥**

ਜਿਹੋ ਜਿਹਾ ਪਰਮੇਸ਼ਰ ਦਾ ਪ੍ਰਤਾਪ ਹੈ, ਉਹੋ ਜਿਹਾ ਸਮਝਾਇਆ ਹੈ,
ਪ੍ਰਭੂ ਆਪਣੇ ਰਚੇ ਹੋਏ ਸੰਸਾਰ ਵਿੱਚ ਆਪ ਹੀ ਸਮਾਇਆ ਹੋਇਆ ਹੈ।

**ਸੋਧਤ ਸੋਧਤ ਸੋਧਤ ਸੀਝਿਆ ॥**
**ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥**

ਖੋਜਦਿਆਂ-ਖੋਜਦਿਆਂ ਜੀਵ ਨੂੰ ਪ੍ਰਭੂ ਦੀ ਪ੍ਰਾਪਤੀ ਹੋ ਗਈ ਹੈ।
ਗੁਰੂ ਦੀ ਕਿਰਪਾ ਨਾਲ ਸਾਰਾ ਸਾਰ ਸਮਝ ਲਿਆ ਹੈ।

**ਜਬ ਦੇਖਉ ਤਬ ਸਭੁ ਕਿਛੁ ਮੂਲੁ ॥**
**ਨਾਨਕ ਸੋ ਸੂਖਮੁ ਸੋਈ ਅਸਥੂਲੁ ॥੫॥**

ਮੈਂ ਜਦੋਂ ਖਿਆਲ ਕਰਦਾ ਹਾਂ ਤਾਂ ਸਭ ਕੁਝ ਆਦਿ ਰੂਪ ਪ੍ਰਤੀਤ ਹੁੰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਹੀ ਪਰਮ ਅਣੂ ਹੈ ਅਤੇ ਉਹ ਹੀ ਵੱਡਾ ਸੰਸਾਰ ਰੂਪ ਹੈ।

**ਨਹ ਕਿਛੁ ਜਨਮੈ ਨਹ ਕਿਛੁ ਮਰੈ ॥**
**ਆਪਨ ਚਲਿਤੁ ਆਪ ਹੀ ਕਰੈ ॥**

ਪਰਮੇਸ਼ਰ ਤੋਂ ਬਿਨਾਂ ਨਾ ਹੀ ਕੁਝ ਜੰਮਦਾ ਹੈ ਅਤੇ ਨਾ ਹੀ ਕੁਝ ਮਰਦਾ ਹੈ। ਆਪਣਾ ਤਮਾਸ਼ਾ ਪਰਮੇਸ਼ਰ ਆਪ ਹੀ ਕਰਦਾ ਹੈ।

**ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥**
**ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥**

ਜੰਮਣ ਵਾਲੀ, ਮਰਨ ਵਾਲੀ, ਦਿਸਣ ਵਾਲੀ ਅਤੇ ਨਾ ਦਿਸਣ ਵਾਲੀ ਸਾਰੀ ਸ੍ਰਿਸ਼ਟੀ, ਉਸਨੇ ਆਪਣੇ ਅਨੁਸਾਰ ਚੱਲਣ ਵਾਲੀ ਸ੍ਰਿਸ਼ਟੀ ਹੀ ਰਚੀ ਹੋਈ ਹੈ।

**ਆਪੇ ਆਪਿ ਸਗਲ ਮਹਿ ਆਪਿ ॥**
**ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥**

ਉਹ ਆਪ ਹੀ ਸਾਰਿਆਂ ਵਿੱਚ ਹੈ।
ਅਨੇਕਾਂ ਤਰੀਕਿਆਂ ਨਾਲ ਸੰਸਾਰ ਖ਼ਤਮ ਵੀ ਆਪ ਹੀ ਕਰਦਾ ਹੈ।

**ਅਬਿਨਾਸੀ ਨਾਹੀ ਕਿਛੁ ਖੰਡ ॥**
**ਧਾਰਣ ਧਾਰਿ ਰਹਿਓ ਬ੍ਰਹਮੰਡ ॥**

ਨਾਸ਼ ਰਹਿਤ ਹਰੀ ਦਾ ਕੋਈ ਹਿੱਸਾ ਨਹੀਂ ਕੀਤਾ ਜਾ ਸਕਦਾ। ਉਹ ਸੰਸਾਰ ਨੂੰ ਮਰਿਆਦਾ ਵਿੱਚ ਹੀ ਰੱਖ ਰਿਹਾ ਹੈ।

**ਅਲਖ ਅਭੇਵ ਪੁਰਖ ਪਰਤਾਪ ॥**
**ਆਪਿ ਜਪਾਏ ਤ ਨਾਨਕ ਜਾਪ ॥੬॥**

ਉਹ ਪ੍ਰਭੂ ਨਾ ਲਖਿਆ ਜਾਣ ਵਾਲਾ, ਭੇਦ ਰਹਿਤ ਅਤੇ ਪ੍ਰਤਾਪੀ ਪੁਰਖ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਆਪ ਹੀ ਜਪਾਏ ਤਾਂ ਉਸਦਾ ਨਾਮ ਜਪਿਆ ਜਾਂਦਾ ਹੈ।

**ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥**
**ਸਗਲ ਸੰਸਾਰੁ ਉਧਰੈ ਤਿਨ ਮੰਤ ॥**

ਜਿਨ੍ਹਾਂ ਨੇ ਪਰਮੇਸ਼ਰ ਨੂੰ ਜਾਣਿਆ, ਉਹ ਸ਼ੋਭਾ ਵਾਲੇ ਹਨ। ਉਹਨਾਂ ਦਾ ਮੰਤਵ ਹੀ ਇਹ ਹੈ ਕਿ ਸਾਰੇ ਸੰਸਾਰ ਦਾ ਪਾਰ-ਉਤਾਰਾ ਹੋਵੇ।

**ਪ੍ਰਭ ਕੇ ਸੇਵਕ ਸਗਲ ਉਧਾਰਨ ॥**
**ਪ੍ਰਭ ਕੇ ਸੇਵਕ ਦੂਖ ਬਿਸਾਰਨ ॥**

ਪਰਮੇਸ਼ਰ ਦੇ ਸੇਵਕ ਹੀ ਸਾਰਿਆਂ ਨੂੰ ਮੁਕਤ ਕਰਨ ਵਾਲੇ ਹਨ।
ਪਰਮੇਸ਼ਰ ਦੇ ਸੇਵਕ ਹੀ ਦੁੱਖ ਨਵਿਰਤ ਕਰਨ ਵਾਲੇ ਹਨ।

**ਆਪੇ ਮੇਲਿ ਲਏ ਕਿਰਪਾਲ ॥**
**ਗੁਰ ਕਾ ਸਬਦੁ ਜਪਿ ਭਏ ਨਿਹਾਲ ॥**

ਪਰਮੇਸ਼ਰ ਆਪ ਹੀ ਆਪਣੇ ਨਾਲ ਮਿਲਾਉਂਦਾ ਹੈ। ਜੋ ਗੁਰੂ ਦਾ ਨਾਮ ਜਪਦੇ ਹਨ, ਉਹ ਨਿਹਾਲ ਹੋ ਜਾਂਦੇ ਹਨ।

**ਉਨ ਕੀ ਸੇਵਾ ਸੋਈ ਲਾਗੈ ॥**
**ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥**
ਉਨ੍ਹਾਂ ਦੀ ਸੇਵਾ ਵਿੱਚ ਉਹੋ ਹੀ ਲੱਗਦੇ ਹਨ।
ਜਿਸ ਉੱਤੇ ਵੱਡਭਾਗੀ ਪ੍ਰਭੂ ਕਿਰਪਾ ਕਰ ਦਵੇ।
**ਨਾਮੁ ਜਪਤ ਪਾਵਹਿ ਬਿਸ੍ਰਾਮੁ ॥**
**ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥੭॥**
ਜੋ ਨਾਮ ਜਪਦੇ ਹਨ, ਉਹ ਸ਼ਾਂਤੀ ਪ੍ਰਾਪਤ ਕਰਦੇ ਹਨ,
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਨ੍ਹਾਂ ਪੁਰਸ਼ਾਂ ਨੂੰ ਉੱਤਮ ਸਮਝ ਕੇ ਮੰਨੋ।
**ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥**
**ਸਦਾ ਸਦਾ ਬਸੈ ਹਰਿ ਸੰਗਿ ॥**
ਸਾਧੂ ਜੋ ਕੁਝ ਕਰਦੇ ਹਨ, ਉਹ ਪਰਮੇਸ਼ਰ ਦੇ ਨਾਮ-ਸਿਮਰਨ ਦੇ ਪ੍ਰਭਾਵ ਵਿੱਚ ਕਰਦੇ ਹਨ। ਉਹ ਹਮੇਸ਼ਾਂ ਹਰੀ ਦੇ ਨਾਲ ਰਹਿੰਦੇ ਹਨ।
**ਸਹਜ ਸੁਭਾਇ ਹੋਵੈ ਸੋ ਹੋਇ ॥**
**ਕਰਣੈਹਾਰੁ ਪਛਾਣੈ ਸੋਇ ॥**
ਸੁਤੇਸਿੱਧ ਹੀ ਜੋ ਹੁੰਦਾ ਹੈ, ਉਹੋ ਹੀ ਸਾਧੂਆਂ ਪਾਸੋਂ ਹੋਇਆ ਕਰਦਾ ਹੈ। ਉਹ ਕਰਣਹਾਰ ਪਰਮੇਸ਼ਰ ਨੂੰ ਪਛਾਣ ਲੈਂਦੇ ਹਨ।
**ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥**
**ਜੈਸਾ ਸਾ ਤੈਸਾ ਦ੍ਰਿਸਟਾਨਾ ॥**
ਸੇਵਕਾਂ ਨੂੰ ਪ੍ਰਭੂ ਦਾ ਕੀਤਾ ਹੋਇਆ ਮਿੱਠਾ ਲੱਗਦਾ ਹੈ।
ਪ੍ਰਭੂ ਜਿਹੋ ਜਿਹਾ ਹੈ, ਉਹੋ ਜਿਹਾ ਹੀ ਉਹਨਾਂ ਨੂੰ ਨਜ਼ਰੀਂ ਆਉਂਦਾ ਹੈ।
**ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥**
**ਓਇ ਸੁਖ ਨਿਧਾਨ ਉਨਹੂ ਬਨਿ ਆਏ ॥**
ਸਾਧੂ ਜਿਸ ਪਰਮੇਸ਼ਰ ਤੋਂ ਪੈਦਾ ਹੋਏ ਹਨ, ਉਸ ਪਰਮੇਸ਼ਰ ਵਿੱਚ ਹੀ ਸਮਾ ਜਾਂਦੇ ਹਨ। ਉਹ ਸੁਖ ਦੇ ਭੰਡਾਰ ਹਨ ਅਤੇ ਉਨ੍ਹਾਂ ਨੂੰ ਹੀ ਇਹ ਇੱਜ਼ਤ ਫੱਬਦੀ ਹੈ।
**ਆਪਸ ਕਉ ਆਪਿ ਦੀਨੋ ਮਾਨੁ ॥**
**ਨਾਨਕ ਪ੍ਰਭ ਜਨੁ ਏਕੋ ਜਾਨੁ ॥੮॥੧੪॥**
ਪਰਮੇਸ਼ਰ ਨੇ ਸਾਧੂਆਂ ਨੂੰ ਮਾਣ ਦੇ ਕੇ ਆਪਣੇ ਆਪ ਨੂੰ ਮਾਣ ਦਿੱਤਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ਰ ਅਤੇ ਸਾਧੂ ਨੂੰ ਇੱਕ ਹੀ ਸਮਝੋ।

**ਸਲੋਕੁ ॥**
**ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ ॥**

ਉਹ ਪ੍ਰਭੂ ਸਾਰੀਆਂ ਸ਼ਕਤੀਆਂ ਨਾਲ ਪਰਿਪੂਰਨ ਅਤੇ ਸੇਵਕਾਂ ਦੇ ਦੁੱਖਾਂ ਨੂੰ ਸਮਝਣ ਵਾਲਾ ਹੈ।

**ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸਦੇ ਸਿਮਰਿਆਂ ਪਾਰ-ਉਤਾਰਾ ਹੋ ਜਾਂਦਾ ਹੈ, ਉਸ ਤੋਂ ਮੈਂ ਬਲਿਹਾਰ ਜਾਂਦਾ ਹਾਂ।

**ਅਸਟਪਦੀ ॥**

**ਟੂਟੀ ਗਾਢਨਹਾਰ ਗੋੁਪਾਲ ॥**
**ਸਰਬ ਜੀਆ ਆਪੇ ਪ੍ਰਤਿਪਾਲ ॥**

ਟੁੱਟੀ ਹੋਈ ਪ੍ਰੀਤ ਨੂੰ ਗੰਢਣ ਵਾਲਾ ਪਰਮੇਸ਼ਰ ਹੈ।
ਜੋ ਆਪ ਸਾਰੇ ਜੀਵਾਂ ਨੂੰ ਪਾਲਦਾ ਹੈ।

**ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥**
**ਤਿਸ ਤੇ ਬਿਰਥਾ ਕੋਈ ਨਾਹਿ ॥**

ਸਾਰਿਆਂ ਦੀ ਚਿੰਤਾ ਜਿਸ ਦੇ ਮਨ ਵਿੱਚ ਹੈ।
ਉਸ ਕੋਲੋਂ ਕੋਈ ਖਾਲੀ ਨਹੀਂ ਜਾਂਦਾ।

**ਰੇ ਮਨ ਮੇਰੇ ਸਦਾ ਹਰਿ ਜਾਪਿ ॥**
**ਅਬਿਨਾਸੀ ਪ੍ਰਭੁ ਆਪੇ ਆਪਿ ॥**

ਹੇ ਮੇਰੇ ਮਨ! ਹਮੇਸ਼ਾਂ ਹਰੀ ਨੂੰ ਸਿਮਰ।
ਨਾਸ ਰਹਿਤ ਪ੍ਰਭੂ ਸਭ ਪਾਸੇ ਵਿਆਪਕ ਹੈ।

**ਆਪਨ ਕੀਆ ਕਛੂ ਨ ਹੋਇ ॥**
**ਜੇ ਸਉ ਪ੍ਰਾਨੀ ਲੋਚੈ ਕੋਇ ॥**

ਜੇ ਕੋਈ ਪ੍ਰਾਨੀ ਸੈਂਕੜਿਆਂ ਯਤਨਾਂ ਨਾਲ ਵੀ ਕੁਝ ਕਰਨਾ ਚਾਹੇ।
ਉਸ ਦਾ ਆਪਣਾ ਕੀਤਾ ਕੁਝ ਨਹੀਂ ਹੁੰਦਾ।

**ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥**
**ਗਤਿ ਨਾਨਕ ਜਪਿ ਏਕ ਹਰਿ ਨਾਮ ॥੧॥**

ਉਸ ਪਰਮੇਸ਼ਰ ਤੋਂ ਬਿਨਾਂ ਤੇਰਾ ਕੋਈ ਵੀ ਕੰਮ ਸਫ਼ਲ ਨਹੀਂ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੁਕਤੀ ਇੱਕ ਹਰੀ ਦੇ ਸਿਮਰਨ ਸਦਕਾ ਹੀ ਹੋਣੀ ਹੈ।

**ਰੂਪਵੰਤੁ ਹੋਇ ਨਾਹੀ ਮੋਹੈ ॥**
**ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥**

ਇਨਸਾਨ ਨੂੰ ਚਾਹੀਦਾ ਹੈ ਕਿ ਰੂਪਵਾਨ ਹੋ ਕੇ ਭੁੱਲੇ ਨਾ ਕਿਉਂਕਿ ਪਰਮੇਸ਼ਰ ਦੀ ਸ਼ਕਤੀ ਸਾਰਿਆਂ ਵਿੱਚ ਵਿਆਪਕ ਸੋਭਾ ਪਾਉਂਦੀ ਹੈ।

**ਧਨਵੰਤਾ ਹੋਇ ਕਿਆ ਕੋ ਗਰਬੈ ॥**
**ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥**

ਅਮੀਰ ਹੋ ਕੇ ਕੋਈ ਕੀ ਹੰਕਾਰ ਕਰੇਗਾ?
ਜਦੋਂ ਕਿ ਸਾਰਾ ਧਨ ਹੀ ਉਸ ਪਰਮੇਸ਼ਰ ਦਾ ਦਿੱਤਾ ਹੋਇਆ ਹੈ।

**ਅਤਿ ਸੂਰਾ ਜੇ ਕੋਊ ਕਹਾਵੈ ॥**
**ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥**

ਜੇ ਕੋਈ ਆਪਣੇ ਆਪ ਨੂੰ ਮਹਾਨ ਯੋਧਾ ਕਹਾਉਂਦਾ ਹੋਵੇ, ਪਰ ਪਰਮੇਸ਼ਰ ਦੀ ਸ਼ਕਤੀ ਤੋਂ ਬਿਨਾਂ ਕਿਸੇ ਤੇ ਹਮਲਾ ਨਹੀਂ ਕਰ ਸਕਦਾ।

**ਜੇ ਕੋ ਹੋਇ ਬਹੈ ਦਾਤਾਰੁ ॥**
**ਤਿਸੁ ਦੇਨਹਾਰੁ ਜਾਨੈ ਗਾਵਾਰੁ ॥**

ਜੇ ਕੋਈ ਆਪਣੇ ਆਪ ਵਿੱਚ ਹੀ ਦਾਤਾ ਬਣ ਬਹੇ ਤਾਂ ਉਸ ਨੂੰ ਦਾਤਾਰ ਪਰਮੇਸ਼ਰ ਮੂਰਖ ਹੀ ਸਮਝੇਗਾ।

**ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥**
**ਨਾਨਕ ਸੋ ਜਨੁ ਸਦਾ ਅਰੋਗੁ ॥੨॥**

ਜਿਸ ਦਾ ਹੰਕਾਰ ਰੂਪ ਤਾਪ ਗੁਰੂ ਦੀ ਕਿਰਪਾ ਨਾਲ ਟੁੱਟ ਜਾਵੇ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹੋ ਆਦਮੀ ਹੀ ਸਦਾ ਅਰੋਗ ਹੈ।

**ਜਿਉ ਮੰਦਰ ਕਉ ਥਾਮੈ ਥੰਮਨੁ ॥**
**ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥**

ਜਿਸ ਤਰ੍ਹਾਂ ਮੰਦਰ ਨੂੰ ਥੰਮ ਥੰਮਦਾ ਹੈ, ਉਸੇ ਤਰ੍ਹਾਂ ਗੁਰੂ ਦਾ ਉਪਦੇਸ਼ ਮਨ ਨੂੰ ਰੋਕਣ ਵਾਲਾ ਹੈ।

**ਜਿਉ ਪਾਖਾਣੁ ਨਾਵ ਚੜਿ ਤਰੈ ॥**
**ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥**

ਜਿਸ ਤਰ੍ਹਾਂ ਪੱਥਰ ਬੇੜੀ 'ਤੇ ਚੜ੍ਹ ਕੇ ਤਰਦਾ ਹੈ। ਇਨਸਾਨ ਗੁਰੂ ਦੇ ਚਰਨਾਂ ਵਿੱਚ ਲੱਗ ਕੇ ਤਰ ਜਾਂਦਾ ਹੈ।

**ਜਿਉ ਅੰਧਕਾਰ ਦੀਪਕ ਪਰਗਾਸੁ ॥**
**ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥**

ਜਿਸ ਤਰ੍ਹਾਂ ਹਨ੍ਹੇਰੇ ਵਿੱਚ ਦੀਵੇ ਦਾ ਚਾਨਣ ਹੁੰਦਾ ਹੈ,
ਉਸੇ ਤਰ੍ਹਾਂ ਹੀ ਗੁਰੂ ਦਾ ਦਰਸ਼ਨ ਕਰ ਕੇ ਮਨ ਵਿੱਚ ਖੇੜਾ ਹੋ ਜਾਂਦਾ ਹੈ।

**ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥**
**ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥**

ਜਿਸ ਤਰ੍ਹਾਂ ਗਹਿਰੇ ਜੰਗਲ ਵਿੱਚ ਕੋਈ ਰਾਹੇ ਪਾ ਦੇਵੇ, ਉਸੇ ਤਰ੍ਹਾਂ ਜੀਵ ਸਾਧੂ ਦੇ ਨਾਲ ਮਿਲ ਕੇ ਆਪਣੇ ਗਿਆਨ ਨੂੰ ਪ੍ਰਗਟ ਕਰ ਲੈਂਦਾ ਹੈ।

**ਤਿਨ ਸੰਤਨ ਕੀ ਬਾਛਉ ਧੂਰਿ ॥**
**ਨਾਨਕ ਕੀ ਹਰਿ ਲੋਚਾ ਪੂਰਿ ॥੩॥**

ਉਨ੍ਹਾਂ ਸੰਤਾਂ ਦੀ ਚਰਨ ਧੂੜ ਮੈਂ ਵੀ ਚਾਹੁੰਦਾ ਹਾਂ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਹਰੀ! ਮੇਰੀ ਮਨੋ-ਕਾਮਨਾ ਪੂਰੀ ਕਰਦੇ।

**ਮਨ ਮੂਰਖ ਕਾਹੇ ਬਿਲਲਾਈਐ ॥**
**ਪੁਰਬ ਲਿਖੇ ਕਾ ਲਿਖਿਆ ਪਾਈਐ ॥**

ਹੇ ਮੂਰਖ ਮਨ! ਤੂੰ ਕਿਉਂ ਰੋਂਦਾ ਕੁਰਲਾਉਂਦਾ ਹੈਂ?
ਪੂਰਬਲੇ ਲਿਖੇ ਕਰਮਾਂ ਦਾ ਲਿਖਿਆ ਹੀ ਮਿਲਦਾ ਹੈ।

**ਦੂਖ ਸੂਖ ਪ੍ਰਭ ਦੇਵਨਹਾਰੁ ॥**
**ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥**

ਪਰਮੇਸ਼ਰ ਹੀ ਦੁੱਖ-ਸੁਖ ਦੇਣ ਵਾਲਾ ਹੈ।
ਹੋਰਾਂ ਨੂੰ ਛੱਡ ਕੇ ਤੂੰ ਉਸ ਪ੍ਰਭੂ ਨੂੰ ਹੀ ਸਿਮਰ।

**ਜੋ ਕਛੁ ਕਰੈ ਸੋਈ ਸੁਖੁ ਮਾਨੁ ॥**
**ਭੂਲਾ ਕਾਹੇ ਫਿਰਹਿ ਅਜਾਨ ॥**

ਜੋ ਕੁਝ ਉਹ ਤੇਰੇ ਵਾਸਤੇ ਕਰੇ, ਉਸ ਨੂੰ ਹੀ ਠੀਕ ਮੰਨ।
ਹੇ ਅਨਜਾਣ ਮਨ! ਤੂੰ ਕਿਉਂ ਭੁੱਲਾ ਫਿਰਦਾ ਹੈਂ?

**ਕਉਨ ਬਸਤੁ ਆਈ ਤੇਰੈ ਸੰਗ ॥**
**ਲਪਟਿ ਰਹਿਓ ਰਸਿ ਲੋਭੀ ਪਤੰਗ ॥**

ਤੇਰੇ ਨਾਲ ਕਿਹੜੀ ਚੀਜ਼ ਆਈ ਸੀ?
ਹੇ ਰਸ ਦੇ ਲੋਭੀ ਕੀੜਿਆ! ਜਿਸ ਨਾਲ ਤੂੰ ਚੰਬੜਿਆ ਹੋਇਆ ਹੈ।

**ਰਾਮ ਨਾਮ ਜਪਿ ਹਿਰਦੇ ਮਾਹਿ ॥**
**ਨਾਨਕ ਪਤਿ ਸੇਤੀ ਘਰਿ ਜਾਹਿ ॥੪॥**

ਰਾਮ ਨਾਮ ਨੂੰ ਹਿਰਦੇ ਵਿੱਚ ਸਿਮਰ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਤਾਂ ਕਿ ਤੂੰ ਇੱਜ਼ਤ ਨਾਲ ਘਰ ਵਿੱਚ ਜਾ ਸਕੇਂ।

**ਜਿਸੁ ਵਖਰ ਕਉ ਲੈਨਿ ਤੂ ਆਇਆ ॥**
**ਰਾਮ ਨਾਮੁ ਸੰਤਨ ਘਰਿ ਪਾਇਆ ॥**

ਹੇ ਮਨ! ਤੂੰ ਜਿਹੜੇ ਨਾਮ ਰੂਪੀ ਸੌਦੇ ਨੂੰ ਲੈਣ ਵਾਸਤੇ ਆਇਆ ਸੀ।
ਉਹ ਸੌਦਾ ਤਾਂ ਸੰਤਾਂ ਦੇ ਘਰ ਵਿੱਚ ਪਾਇਆ ਜਾਂਦਾ ਹੈ।

**ਤਜਿ ਅਭਿਮਾਨੁ ਲੇਹੁ ਮਨ ਮੋਲਿ ॥**
**ਰਾਮ ਨਾਮੁ ਹਿਰਦੇ ਮਹਿ ਤੋਲਿ ॥**

ਹੰਕਾਰ ਨੂੰ ਤਿਆਗ ਕੇ ਮਨ ਨੂੰ ਖਰੀਦ ਲ਼ੈ ਭਾਵ ਕਾਬੂ ਕਰਕੇ ਰਾਮ ਨਾਮ ਰੂਪ ਸੌਦੇ ਨੂੰ ਹਿਰਦੇ ਨਾਲ ਤੋਲ ਸਕਦਾ ਹੈਂ।

**ਲਾਦਿ ਖੇਪ ਸੰਤਹ ਸੰਗਿ ਚਾਲੁ ॥**
**ਅਵਰ ਤਿਆਗਿ ਬਿਖਿਆ ਜੰਜਾਲ ॥**

ਸੰਤਾਂ ਦੇ ਸੰਗਤ ਰੂਪ ਰੀਤ ਨੂੰ ਸਮੱਗਰੀ ਸਮਝ ਕੇ ਇਕੱਤਰ ਕਰ।
ਹੋਰ ਵਿਸ਼ਿਆਂ ਵਾਲੇ ਕੰਮ ਧੰਦੇ ਛੱਡ ਦੇ।

**ਧੰਨਿ ਧੰਨਿ ਕਹੈ ਸਭੁ ਕੋਇ ॥**
**ਮੁਖ ਊਜਲ ਹਰਿ ਦਰਗਹ ਸੋਇ ॥**

ਤਾਂ ਫਿਰ ਸਾਰੇ ਤੈਨੂੰ ਧੰਨ ਧੰਨ ਹੀ ਕਹਿਣਗੇ।
ਉਸ ਪਰਲੋਕ ਵਿੱਚ ਸੁਰਖਰੂ ਹੋ ਕੇ ਜਾਵੇਂਗਾ।

**ਇਹੁ ਵਾਪਾਰੁ ਵਿਰਲਾ ਵਾਪਾਰੈ ॥**
**ਨਾਨਕ ਤਾ ਕੈ ਸਦ ਬਲਿਹਾਰੈ ॥੫॥**

ਇਸ ਵਾਪਾਰ ਨੂੰ ਕੋਈ ਵਿਰਲਾ ਹੀ ਕਰ ਸਕਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸ ਹਰੀ ਤੋਂ ਹਮੇਸ਼ਾ ਹੀ ਕੁਰਬਾਨ ਜਾਂਦਾ ਹਾਂ।

**ਚਰਨ ਸਾਧ ਕੇ ਧੋਇ ਧੋਇ ਪੀਉ ॥**
**ਅਰਪਿ ਸਾਧ ਕਉ ਅਪਨਾ ਜੀਉ ॥**

ਹੇ ਮਨ! ਸਾਧ ਦੇ ਚਰਨ ਧੋ ਧੋ ਕੇ ਪੀਂਦਾ ਰਹਿ।
ਸਾਧੂ ਨੂੰ ਆਪਣਾ ਜੀਵਨ ਸਮਰਪਣ ਕਰ ਦੇ।

**ਸਾਧ ਕੀ ਧੂਰਿ ਕਰਹੁ ਇਸਨਾਨੁ ॥**
**ਸਾਧ ਊਪਰਿ ਜਾਈਐ ਕੁਰਬਾਨੁ ॥**

ਸਾਧੂ ਦੀ ਚਰਨ ਧੂੜ ਵਿੱਚ ਹੀ ਨ੍ਹਾਉਂਦਾ ਰਹਿ।
ਸਾਧੂ ਤੋਂ ਕੁਰਬਾਨ ਜਾਣਾ ਚਾਹੀਦਾ ਹੈ।

**ਸਾਧ ਸੇਵਾ ਵਡਭਾਗੀ ਪਾਈਐ ॥**
**ਸਾਧਸੰਗਿ ਹਰਿ ਕੀਰਤਨੁ ਗਾਈਐ ॥**

ਸਾਧੂ ਦੀ ਸੇਵਾ ਤਾਂ ਚੰਗਿਆਂ ਕਰਮਾਂ ਨਾਲ ਮਿਲਦੀ ਹੈ।
ਸਾਧੂ ਦੀ ਸੰਗਤ ਨਾਲ ਹਰੀ ਦਾ ਕੀਰਤਨ ਗਾ ਸਕੀਦਾ ਹੈ।

**ਅਨਿਕ ਬਿਘਨ ਤੇ ਸਾਧੂ ਰਾਖੈ ॥**
**ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥**

ਸਾਧੂ ਅਨੇਕਾਂ ਵਿਘਨਾਂ ਤੋਂ ਰੱਖ ਸਕਦਾ ਹੈ। ਉਹ ਪਰਮੇਸ਼ਰ ਦੇ ਗੁਣ ਗਾਉਣ ਰੂਪ ਅੰਮ੍ਰਿਤ ਰਸ ਨੂੰ ਚਖਦਾ ਰਹਿੰਦਾ ਹੈ।

**ਓਟ ਗਹੀ ਸੰਤਹ ਦਰਿ ਆਇਆ ॥**
**ਸਰਬ ਸੂਖ ਨਾਨਕ ਤਿਹ ਪਾਇਆ ॥੬॥**

ਜਿਸ ਨੇ ਮੰਗਤਾ ਬਣ ਕੇ ਸੰਤਾਂ ਦੀ ਓਟ ਪਕੜੀ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸਨੇ ਸਾਰੇ ਸੁਖਾਂ ਨੂੰ ਪਾ ਲਿਆ ਹੈ।

**ਮਿਰਤਕ ਕਉ ਜੀਵਾਲਨਹਾਰ ॥**
**ਭੂਖੇ ਕਉ ਦੇਵਤ ਅਧਾਰ ॥**

ਸਾਧੂ ਮੁਰਦੇ ਨੂੰ ਜੀਵਾਉਣ ਵਾਲਾ ਹੈ। ਭੁੱਖੇ ਨੂੰ ਭੋਜਨ ਦੇਂਦਾ ਹੈ।

**ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥**

**ਪੁਰਬ ਲਿਖੇ ਕਾ ਲਹਣਾ ਪਾਹਿ ॥**

ਜਿਸਦੀ ਨਜ਼ਰ ਵਿੱਚ ਸਾਰੇ ਖ਼ਜ਼ਾਨੇ ਹਨ।
ਜੀਵ ਤਾਂ ਪੂਰਬਲੇ ਕਰਮਾਂ ਅਨੁਸਾਰ ਲਹਿਣਾ ਲੈਂਦਾ ਹੈ।

**ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥**

**ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥**

ਉਸ ਪ੍ਰਭੂ ਦਾ ਸਭ ਕੁਝ ਕੀਤਾ ਹੋਇਆ ਹੈ, ਉਹੋ ਕਰਤਾ ਹੈ।
ਉਸ ਤੋਂ ਬਿਨਾਂ ਦੂਜਾ ਨਾ ਹੋਇਆ ਹੈ ਅਤੇ ਨਾ ਹੋਵੇਗਾ।

**ਜਪਿ ਜਨ ਸਦਾ ਸਦਾ ਦਿਨੁ ਰੈਣੀ ॥**

**ਸਭ ਤੇ ਊਚ ਨਿਰਮਲ ਇਹ ਕਰਣੀ ॥**

ਹੇ ਸੇਵਕ! ਐਸੇ ਪ੍ਰਭੂ ਨੂੰ ਹਮੇਸ਼ਾਂ ਦਿਨ-ਰਾਤ ਸਿਮਰਦਾ ਰਹਿ। ਸਾਰਿਆਂ ਤੋਂ ਉੱਤਮ ਅਤੇ ਨਿਰਮਲ ਇਹੀ ਕਿਰਿਆ ਹੈ।

**ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥**

**ਨਾਨਕ ਸੋ ਜਨੁ ਨਿਰਮਲੁ ਥੀਆ ॥੭॥**

ਪਰਮੇਸ਼ਰ ਨੇ ਮਿਹਰ ਨਾਲ ਜਿਸ ਨੂੰ ਨਾਮ ਦਿੱਤਾ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸਦਾ ਹੀ ਮਨ ਨਿਰਮਲ ਹੋਇਆ ਹੈ।

**ਜਾ ਕੈ ਮਨਿ ਗੁਰ ਕੀ ਪਰਤੀਤਿ ॥**

**ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥**

ਜਿਸਦੇ ਮਨ ਵਿੱਚ ਗੁਰੂ ਦੀ ਪ੍ਰਤੀਤ ਹੈ।
ਉਸ ਆਦਮੀ ਨੂੰ ਪ੍ਰਭੂ ਦਾ ਨਾਮ ਚੇਤੇ ਆਉਂਦਾ ਹੈ।

**ਭਗਤੁ ਭਗਤੁ ਸੁਨੀਐ ਤਿਹੁ ਲੋਇ ॥**

**ਜਾ ਕੈ ਹਿਰਦੈ ਏਕੋ ਹੋਇ ॥**

ਉਹ ਭਗਤ-ਭਗਤ ਕਰਕੇ ਤਿੰਨਾਂ ਲੋਕਾਂ ਵਿੱਚ ਸੁਣਿਆ ਜਾਂਦਾ ਹੈ।
ਜਿਸ ਦੇ ਹਿਰਦੇ ਵਿੱਚ ਇੱਕ ਪ੍ਰਭੂ ਹੈ।

**ਸਚੁ ਕਰਣੀ ਸਚੁ ਤਾ ਕੀ ਰਹਤ ॥**

**ਸਚੁ ਹਿਰਦੈ ਸਤਿ ਮੁਖਿ ਕਹਤ ॥**

ਉਸਦੀ ਕਰਣੀ ਵੀ ਸੱਚੀ ਹੈ ਅਤੇ ਰਹਿਣੀ ਵੀ ਸੱਚੀ ਹੈ।
ਉਸ ਦੇ ਹਿਰਦੇ ਵਿੱਚ ਸੱਚ ਹੈ ਅਤੇ ਮੂੰਹੋਂ ਵੀ ਸੱਚ ਹੀ ਕਹਿੰਦਾ ਹੈ।

**ਸਾਚੀ ਦ੍ਰਿਸਟਿ ਸਾਚਾ ਆਕਾਰੁ ॥**

**ਸਚੁ ਵਰਤੈ ਸਾਚਾ ਪਾਸਾਰੁ ॥**

ਉਸਦੀ ਦ੍ਰਿਸ਼ਟੀ ਵੀ ਸੱਚੀ ਹੈ ਅਤੇ ਉਸਦਾ ਆਕਾਰ ਵੀ ਸੱਚਾ ਹੈ।
ਉਸਦਾ ਵਰਤੋਂ-ਵਿਹਾਰ ਵੀ ਸੱਚਾ ਹੈ ਅਤੇ ਉਸਦਾ ਫੈਲਾਅ ਵੀ ਸੱਚਾ ਹੈ।

**ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥**
**ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥**

ਜਿਸਨੇ ਸੱਚ ਨੂੰ ਹੀ ਪਾਰਬ੍ਰਹਮ ਸਮਝਿਆ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹੀ ਆਦਮੀ ਸੱਚ ਵਿੱਚ ਸਮਾਉਂਦਾ ਹੈ।

**ਸਲੋਕੁ ॥**

**ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥**

ਪਰਮੇਸ਼ਰ ਦਾ ਰੂਪ, ਆਕਾਰ ਅਤੇ ਰੰਗ ਨਹੀਂ ਹੈ ਅਤੇ ਉਹ ਤਿੰਨਾਂ ਗੁਣਾਂ (ਰਜੋਗੁਣ, ਤਮੋਗੁਣ, ਸਤੋਗੁਣ) ਤੋਂ ਭਿੰਨ ਹੈ।

**ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ 'ਤੇ ਪ੍ਰਭੂ ਪ੍ਰਸੰਨ ਹੋਵੇ,
ਉਸਨੂੰ ਹੀ ਆਪਣੇ ਆਪ ਬਾਰੇ ਸਮਝਾਉਂਦਾ ਹੈ।

**ਅਸਟਪਦੀ ॥**

**ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥**
**ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥**

ਹੇ ਮਨ! ਅਮਰ ਪਰਮੇਸ਼ਰ ਨੂੰ ਆਪਣੇ ਮਨ ਵਿੱਚ ਰੱਖ ਸਿਮਰ।
ਇਨਸਾਨੀ ਪ੍ਰੇਮ ਨੂੰ ਛੱਡਦੇ।

**ਤਿਸ ਤੇ ਪਰੈ ਨਾਹੀ ਕਿਛੁ ਕੋਇ ॥**
**ਸਰਬ ਨਿਰੰਤਰਿ ਏਕੋ ਸੋਇ ॥**

ਉਸ ਤੋਂ ਦੂਰ ਕੁਝ ਵੀ ਨਹੀਂ ਹੈ। ਸਾਰਿਆਂ ਵਿੱਚ ਉਹ ਇੱਕ ਹੀ ਪ੍ਰਭੂ ਹੈ।

**ਆਪੇ ਬੀਨਾ ਆਪੇ ਦਾਨਾ ॥**
**ਗਹਿਰ ਗੰਭੀਰੁ ਗਹੀਰੁ ਸੁਜਾਨਾ ॥**

ਉਹ ਆਪ ਹੀ ਅੱਖਾਂ ਨਾਲ ਵੇਖਣ ਵਾਲਾ ਹੈ, ਆਪ ਹੀ ਅਕਲ ਨਾਲ ਦਿਲੋਂ ਸਮਝਣ ਵਾਲਾ ਹੈ। ਮਨ ਬਾਣੀ ਕਰਮ ਕਰਕੇ ਅਥਾਹ ਹੈ ਅਤੇ ਗਿਆਨਵਾਨ ਹੈ।

**ਪਾਰਬ੍ਰਹਮ ਪਰਮੇਸੁਰ ਗੋਬਿੰਦ ॥**
**ਕ੍ਰਿਪਾ ਨਿਧਾਨ ਦਇਆਲ ਬਖਸੰਦ ॥**

ਹੇ ਪਾਰਬ੍ਰਹਮ! ਧਰਤੀ ਦੇ ਮਾਲਕ ਪ੍ਰਭੂ। ਤੂੰ ਮਿਹਰ ਦਾ ਭੰਡਾਰ, ਦਿਆਲੂ ਤੇ ਮੁਕਤੀ ਦਾ ਦਾਤਾ ਹੈਂ।

**ਸਾਧ ਤੇਰੇ ਕੀ ਚਰਨੀ ਪਾਉ ॥**
**ਨਾਨਕ ਕੈ ਮਨਿ ਇਹੁ ਅਨਰਾਉ ॥੧॥**

ਮੈਂ ਤੇਰੇ ਸਾਧਾਂ ਦੇ ਚਰਨੀਂ ਝੁਕਦਾ ਹਾਂ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੇਰੇ ਮਨ ਦਾ ਇਹ ਸਿਧਾਂਤ ਹੈ।

**ਮਨਸਾ ਪੂਰਨ ਸਰਨਾ ਜੋਗ ॥**

**ਜੋ ਕਰਿ ਪਾਇਆ ਸੋਈ ਹੋਗੁ ॥**

ਪਰਮੇਸ਼ਰ ਇੱਛਾ ਪੂਰਨ ਕਰਨ ਵਾਲਾ ਅਤੇ ਜੀਵ ਨੂੰ ਸ਼ਰਨ ਰੱਖਣ ਯੋਗ ਹੈ। ਉਹ ਜੋ ਕਰੇਗਾ, ਉਸ ਤਰ੍ਹਾਂ ਹੀ ਹੋਵੇਗਾ।

**ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥**

**ਤਿਸ ਕਾ ਮੰਤ੍ਰੁ ਨ ਜਾਨੈ ਹੋਰੁ ॥**

ਜਿਸ ਦਾ ਅੱਖ ਦਾ ਪਲਕਾਰਾ ਹੀ ਸੰਸਾਰ ਨੂੰ ਨਾਸ ਅਤੇ ਸਥਾਪਿਤ ਕਰਨ ਵਾਲਾ ਹੈ। ਉਸਦੇ ਖਿਆਲ ਨੂੰ ਕੋਈ ਹੋਰ ਨਹੀਂ ਜਾਣ ਸਕਦਾ।

**ਅਨਦ ਰੂਪ ਮੰਗਲ ਸਦ ਜਾ ਕੈ ॥**

**ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥**

ਜਿਸਦੇ ਕੋਲ ਆਨੰਦ ਸਰੂਪ ਖੁਸ਼ੀਆਂ ਹਮੇਸ਼ਾਂ ਹਨ। ਸੁਣਿਆ ਜਾਂਦਾ ਹੈ ਕਿ ਉਸਦੇ ਘਰ ਵਿੱਚ ਹੀ ਪਦਾਰਥਾਂ ਦੇ ਸਮੂਹ ਹਨ।

**ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥**

**ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥**

ਰਾਜਿਆਂ ਵਿੱਚੋਂ ਵੱਡਾ ਰਾਜਾ ਅਤੇ ਯੋਗੀਆਂ ਵਿੱਚੋਂ ਸ੍ਰੇਸਟ ਯੋਗੀ ਹੈ। ਤਪੀਸ਼ਰਾਂ ਵਿੱਚੋਂ ਵੱਡਾ ਤਪੀਸ਼ਰ ਅਤੇ ਗ੍ਰਿਹਸਤੀਆਂ ਵਿੱਚੋਂ ਗ੍ਰਿਹਸਤੀ ਹੈ।

**ਧਿਆਇ ਧਿਆਇ ਭਗਤਹ ਸੁਖੁ ਪਾਇਆ ॥**

**ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥**

ਉਸ ਨੂੰ ਸਿਮਰ-ਸਿਮਰ ਕੇ ਸੰਤਾਂ ਨੇ ਸੁਖ ਪਾਇਆ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਕਰਤੇ-ਪੁਰਸ਼ ਦਾ ਕਿਸੇ ਨੇ ਅੰਤ ਨਹੀਂ ਪਾਇਆ।

**ਜਾ ਕੀ ਲੀਲਾ ਕੀ ਮਿਤਿ ਨਾਹਿ ॥**

**ਸਗਲ ਦੇਵ ਹਾਰੇ ਅਵਗਾਹਿ ॥**

ਜਿਸ ਪਰਮੇਸ਼ਰ ਦੀ ਲੀਲਾ ਦੀ ਹੱਦ ਨਹੀਂ।
ਜਿਸਨੂੰ ਸਾਰੇ ਦੇਵਤੇ ਲੱਭ ਕੇ ਥੱਕ ਗਏ ਹਨ।

**ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥**

**ਸਗਲ ਪਰੋਈ ਅਪੁਨੈ ਸੂਤਿ ॥**

ਪਿਤਾ ਦੀ ਪੈਦਾਇਸ਼ ਨੂੰ ਪੁੱਤਰ ਕੀ ਜਾਣ ਸਕੇਗਾ?
ਉਸਨੇ ਆਪਣੇ ਧਾਗੇ ਵਿੱਚ ਸੰਸਾਰ ਰੂਪ ਮਾਲਾ ਪਰੋਈ ਹੋਈ ਹੈ।

**ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥**

**ਜਨ ਦਾਸ ਨਾਮੁ ਧਿਆਵਹਿ ਸੇਇ ॥**

ਜਿਨ੍ਹਾਂ ਨੂੰ ਉੱਤਮ ਬੁੱਧੀ, ਗਿਆਨ ਅਤੇ ਧਿਆਨ ਦੇਂਦਾ ਹੈ।
ਉਹ ਸੰਤਾਂ ਦੇ ਦਾਸ ਨਾਮ ਸਿਮਰਨ ਕਰਦੇ ਹਨ।

**ਤਿਹੁ ਗੁਣ ਮਹਿ ਜਾ ਕਉ ਭਰਮਾਏ ॥**
**ਜਨਮਿ ਮਰੈ ਫਿਰਿ ਆਵੈ ਜਾਏ ॥**

ਜਿਸ ਨੂੰ ਤਿੰਨ ਗੁਣਾਂ ਵਿੱਚ ਭਰਮਾ ਦੇਵੇ। ਉਹ ਜੰਮਦਾ-ਮਰਦਾ ਹੈ ਅਤੇ ਫਿਰ ਸੰਸਾਰ ਚੱਕਰ ਵਿੱਚ ਹੀ ਆਉਂਦਾ ਜਾਂਦਾ ਹੈ।

**ਊਚ ਨੀਚ ਤਿਸ ਕੇ ਅਸਥਾਨ ॥**
**ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥**

ਸਾਰੇ ਚੰਗੇ ਮਾੜੇ ਥਾਂ ਉਸਦੇ ਹੀ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਜਿਸ ਤਰ੍ਹਾਂ ਦਾ ਜਣਾਉਂਦਾ ਹੈ, ਸੰਸਾਰੀ ਲੋਕ ਉਸਨੂੰ ਉਹੋ ਜਿਹਾ ਹੀ ਜਾਣਦੇ ਹਨ।

**ਨਾਨਾ ਰੂਪ ਨਾਨਾ ਜਾ ਕੇ ਰੰਗ ॥**
**ਨਾਨਾ ਭੇਖ ਕਰਹਿ ਇਕ ਰੰਗ ॥**

ਜਿਸਦੇ ਬੇਅੰਤ ਰੂਪ ਅਤੇ ਬੇਅੰਤ ਰੰਗ ਹਨ।
ਉਹ ਇੱਕ ਰੰਗ ਤੋਂ ਬੇਅੰਤ ਭੇਖ ਕਰ ਸਕਦਾ ਹੈ।

**ਨਾਨਾ ਬਿਧਿ ਕੀਨੋ ਬਿਸਥਾਰੁ ॥**
**ਪ੍ਰਭੁ ਅਬਿਨਾਸੀ ਏਕੰਕਾਰੁ ॥**

ਜਿਸਨੇ ਬਹੁਤ ਪ੍ਰਕਾਰ ਨਾਲ ਫੈਲਾਅ ਕੀਤਾ ਹੈ।
ਉਹ ਪ੍ਰਭੂ ਅਮਰ ਅਤੇ ਇੱਕ ਹੈ।

**ਨਾਨਾ ਚਲਿਤ ਕਰੇ ਖਿਨ ਮਾਹਿ ॥**
**ਪੂਰਿ ਰਹਿਓ ਪੂਰਨੁ ਸਭ ਠਾਇ ॥**

ਛਿਨ ਵਿੱਚ ਹੀ ਬੇਅੰਤ ਤਮਾਸ਼ੇ ਕਰਦਾ ਹੈ।
ਉਹ ਸਾਰੀ ਥਾਈਂ ਪੂਰਨ ਵਿਆਪਕ ਹੈ।

**ਨਾਨਾ ਬਿਧਿ ਕਰਿ ਬਨਤ ਬਨਾਈ ॥**
**ਅਪਨੀ ਕੀਮਤਿ ਆਪੇ ਪਾਈ ॥**

ਉਸਨੇ ਬੇਅੰਤ ਤਰੀਕਿਆਂ ਨਾਲ ਰਚਨਾ ਬਣਾਈ ਹੈ।
ਉਸਨੇ ਆਪਣਾ ਮੁੱਲ ਆਪ ਹੀ ਪਾਇਆ ਹੈ।

**ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥**
**ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥੪॥**

ਸਾਰੇ ਜੀਵ ਵੀ ਉਸ ਦੇ ਹਨ ਅਤੇ ਸਾਰੇ ਥਾਂ ਵੀ ਉਸ ਦੇ ਹੀ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਹਰੀ ਦੇ ਨਾਵਾਂ ਨੂੰ ਸਿਮਰ-ਸਿਮਰ ਕੇ ਜੀਉਂਦਾ ਹਾਂ।

**ਨਾਮ ਕੇ ਧਾਰੇ ਸਗਲੇ ਜੰਤ ॥**
**ਨਾਮ ਕੇ ਧਾਰੇ ਖੰਡ ਬ੍ਰਹਮੰਡ ॥**

ਸਾਰੇ ਜੀਵ ਨਾਮ ਦੇ ਰਚੇ ਹੋਏ ਹੀ ਹਨ। ਨਾਮ ਦੇ ਬਣਾਏ ਹੋਏ ਹੀ ਖੰਡ ਤੇ ਬ੍ਰਹਮਮੰਡ ਹਨ।

**ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥**

**ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥**

ਨਾਮ ਦੇ ਬਣਾਏ ਹੋਏ ਹੀ ਵੇਦ, ਪੁਰਾਣ ਅਤੇ ਸਿਮ੍ਰਤੀਆਂ ਹਨ। ਨਾਮ ਦੇ ਬਣਾਏ ਹੋਏ ਹੀ ਗਿਆਨ ਤੇ ਧਿਆਨ ਸੁਣੇ ਜਾਂਦੇ ਹਨ।

**ਨਾਮ ਕੇ ਧਾਰੇ ਆਗਾਸ ਪਾਤਾਲ ॥**

**ਨਾਮ ਕੇ ਧਾਰੇ ਸਗਲ ਆਕਾਰ ॥**

ਨਾਮ ਦੇ ਹੀ ਆਕਾਸ਼ ਤੇ ਪਾਤਾਲ ਬਣਾਏ ਹੋਏ ਹਨ।
ਨਾਮ ਦੇ ਬਣਾਏ ਹੋਏ ਹੀ ਸਾਰੇ ਸਰੀਰ ਹਨ।

**ਨਾਮ ਕੇ ਧਾਰੇ ਪੁਰੀਆ ਸਭ ਭਵਨ ॥**

**ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥**

ਨਾਮ ਦੇ ਰਚੇ ਹੋਏ ਹੀ ਸਾਰੇ ਲੋਕ ਅਤੇ ਸਾਰੀਆਂ ਪੁਰੀਆਂ ਹਨ। ਸੇਵਕ-ਜਨ ਨਾਮ ਨੂੰ ਕੰਨੀਂ ਸੁਣਕੇ ਨਾਮ ਦੇ ਨਾਲ ਹੀ ਉਧਰੇ ਹਨ।

**ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥**

**ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥**

ਪਰਮੇਸ਼ਰ ਮਿਹਰ ਕਰਕੇ ਜਿਸ ਨੂੰ ਅਪਣੇ ਨਾਮ ਨਾਲ ਲਾ ਲਵੇ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਆਦਮੀ ਚਉਥਾ ਪਦ ਭਾਵ ਮੁਕਤੀ ਪਾ ਲੈਂਦਾ ਹੈ।

**ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥**

**ਪੁਰਖੁ ਸਤਿ ਕੇਵਲ ਪਰਧਾਨੁ ॥**

ਜਿਸਦਾ ਟਿਕਾਣਾ ਵੀ ਸੱਚਾ ਹੈ ਅਤੇ ਰੂਪ ਵੀ ਸੱਚਾ ਹੈ।
ਕੇਵਲ ਇੱਕ ਸੱਚ ਪੁਰਖ ਪਰਮੇਸ਼ਰ ਹੀ ਸ਼੍ਰੋਮਣੀ ਹੈ।

**ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥**

**ਸਤਿ ਪੁਰਖ ਸਭ ਮਾਹਿ ਸਮਾਣੀ ॥**

ਜਿਸਦੀ ਬਾਣੀ ਅਤੇ ਕਿਰਿਆ ਸੱਚ ਹੈ।
ਉਹ ਸੱਚਾ ਪੁਰਸ਼ ਸਾਰਿਆਂ ਵਿੱਚ ਸਮਾਇਆ ਹੋਇਆ ਹੈ।

**ਸਤਿ ਕਰਮੁ ਜਾ ਕੀ ਰਚਨਾ ਸਤਿ ॥**

**ਮੂਲੁ ਸਤਿ ਸਤਿ ਉਤਪਤਿ ॥**

ਜਿਸਦੀ ਰਚਨਾ ਵੀ ਸੱਚੀ ਹੈ ਅਤੇ ਕਰਮ ਵੀ ਸੱਚਾ ਹੈ। ਜਦੋਂ ਕਿ ਸੱਚ ਹੀ ਆਦਿ ਕਾਰਨ ਹੈ ਤਾਂ ਉਸ ਤੋਂ ਪੈਦਾ ਵੀ ਸੱਚ ਹੀ ਹੋਇਆ ਹੈ।

**ਸਤਿ ਕਰਣੀ ਨਿਰਮਲ ਨਿਰਮਲੀ ॥**

**ਜਿਸਹਿ ਬੁਝਾਏ ਤਿਸਹਿ ਸਭ ਭਲੀ ॥**

ਉਸਦੇ ਸ਼ੁੱਧ ਤੋਂ ਸ਼ੁੱਧ ਕਰਮ ਕਾਂਡ ਦੀ ਕਿਰਿਆ ਵੀ ਸੱਚ ਹੈ। ਜਿਸਨੂੰ ਸੱਚਾ ਪ੍ਰਭੂ ਸਮਝਾ ਦੇਵੇ, ਉਸ ਵਾਸਤੇ ਤਾਂ ਸਭ ਉੱਤਮ ਹੀ ਹੈ।

**ਸਤਿ ਨਾਮੁ ਪ੍ਰਭ ਕਾ ਸੁਖਦਾਈ ॥**
**ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥੬॥**

ਸੱਚ ਰੂਪ ਪ੍ਰਭੂ ਦਾ ਸਿਮਰਨ ਸੁਖ ਦੇਣ ਵਾਲਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਪਾਸੋਂ ਹੀ ਸੱਚ ਦਾ ਭਰੋਸਾ ਪਾਇਆ ਜਾ ਸਕਦਾ ਹੈ।

**ਸਤਿ ਬਚਨ ਸਾਧੂ ਉਪਦੇਸ ॥**
**ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥**

ਸਾਧੂ ਦਾ ਉਪਦੇਸ਼ ਸੱਚੇ ਬਚਨ ਦਾ ਹੁੰਦਾ ਹੈ। ਉਹ ਜਗਿਆਸੂ ਵੀ ਸੱਚ ਰੂਪ ਹਨ, ਜਿਨ੍ਹਾਂ ਦੇ ਦਿਲਾਂ ਵਿੱਚ ਸਤਿ-ਬਚਨ ਦਾ ਪ੍ਰਵੇਸ਼ ਹੈ।

**ਸਤਿ ਨਿਰਤਿ ਬੂਝੈ ਜੇ ਕੋਇ ॥**
**ਨਾਮੁ ਜਪਤ ਤਾ ਕੀ ਗਤਿ ਹੋਇ ॥**

ਜੇ ਕੋਈ ਸੱਚ ਦਾ ਨਿਰਣਾ ਸਮਝ ਲਵੇ ਤਾਂ ਨਾਮ ਸਿਮਰਦਿਆਂ ਉਸ ਨੂੰ ਮੁਕਤੀ ਪ੍ਰਾਪਤ ਹੋ ਜਾਵੇਗੀ।

**ਆਪਿ ਸਤਿ ਕੀਆ ਸਭੁ ਸਤਿ ॥**
**ਆਪੇ ਜਾਨੈ ਅਪਨੀ ਮਿਤਿ ਗਤਿ ॥**

ਪਰਮੇਸ਼ਰ ਆਪ ਵੀ ਸੱਚ ਹੈ ਅਤੇ ਉਸਨੇ ਪੈਦਾ ਵੀ ਸਭ ਸੱਚ ਹੀ ਕੀਤਾ ਹੈ। ਆਪਣੀ ਮਰਿਆਦਾ ਦੀ ਹੱਦ ਨੂੰ ਆਪ ਹੀ ਜਾਣਦਾ ਹੈ।

**ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥**
**ਅਵਰ ਨ ਬੂਝਿ ਕਰਤ ਬੀਚਾਰੁ ॥**

ਜਿਸਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹੋ ਹੀ ਸਭ ਕੁਝ ਕਰਨ ਵਾਲਾ ਹੈ। ਉਹ ਕਿਸੇ ਹੋਰ ਨੂੰ ਪੁੱਛ ਕੇ ਵਿਚਾਰ ਨਹੀਂ ਕਰਦਾ।

**ਕਰਤੇ ਕੀ ਮਿਤਿ ਨ ਜਾਨੈ ਕੀਆ ॥**
**ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥**

ਕਰਤੇ ਪ੍ਰਭੂ ਦੀ ਗਤੀ ਨੂੰ ਉਸਦਾ ਪੈਦਾ ਕੀਤਾ ਹੋਇਆ ਜੀਵ ਨਹੀਂ ਜਾਣ ਸਕਦਾ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਉਸਨੂੰ ਭਾਉਂਦਾ ਹੈ, ਉਹੋ ਹੀ ਹੁਕਮ ਵਰਤਾਉਂਦਾ ਹੈ।

**ਬਿਸਮਨ ਬਿਸਮ ਭਏ ਬਿਸਮਾਦ ॥**
**ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥**

ਹੈਰਾਨਗੀ ਵਾਲੇ ਸੱਚ ਵਿੱਚ ਮਿਲ ਕੇ ਹੈਰਾਨ ਹੀ ਹੋ ਗਏ। ਜਿਸਨੇ ਉਸਨੂੰ ਸਮਝ ਲਿਆ, ਉਸ ਨੂੰ ਅਨੰਦ ਪ੍ਰਾਪਤ ਹੋ ਗਿਆ।

**ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥**
**ਗੁਰ ਕੈ ਬਚਨਿ ਪਦਾਰਥ ਲਹੇ ॥**
ਸੰਤ ਹੀ ਪਰਮੇਸ਼ਰ ਦੇ ਰੰਗ ਵਿੱਚ ਰਚਦੇ ਹਨ। ਗੁਰੂ ਦੇ ਬਚਨਾਂ ਨਾਲ ਚਾਰ ਪਦਾਰਥ ਪ੍ਰਾਪਤ ਕਰ ਲੈਂਦੇ ਹਨ।
**ਓਇ ਦਾਤੇ ਦੁਖ ਕਾਟਨਹਾਰ ॥**
**ਜਾ ਕੈ ਸੰਗਿ ਤਰੈ ਸੰਸਾਰ ॥**
ਉਹ ਦਾਤੇ ਵੀ ਹਨ ਅਤੇ ਦੁਖਾਂ ਨੂੰ ਕੱਟਣ ਵਾਲੇ ਵੀ ਹਨ। ਜਿਨ੍ਹਾਂ ਦੇ ਨਾਲ ਜੀਵ ਤਰ ਜਾਂਦਾ ਹੈ।
**ਜਨ ਕਾ ਸੇਵਕੁ ਸੋ ਵਡਭਾਗੀ ॥**
**ਜਨ ਕੈ ਸੰਗਿ ਏਕ ਲਿਵ ਲਾਗੀ ॥**
ਜੋ ਸੰਤਾਂ ਦਾ ਸੇਵਕ ਹੈ, ਉਹ ਵੱਡੇ ਭਾਗਾਂ ਵਾਲਾ ਹੈ। ਸੰਤਾਂ ਦੇ ਸੰਗ ਤੋਂ ਇੱਕ ਦੀ ਲਿਵ ਲੱਗਣ ਲੱਗਦੀ ਹੈ।
**ਗੁਨ ਗੋਬਿਦ ਕੀਰਤਨੁ ਜਨੁ ਗਾਵੈ ॥**
**ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥੮॥੧੯॥**
ਜੋ ਸੰਤ ਗੋਬਿੰਦ ਦੇ ਗੁਣ ਗਾਇਨ ਕਰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੀ ਕਿਰਪਾ ਨਾਲ ਉਹ ਮੁਕਤੀ ਦਾ ਫਲ ਪ੍ਰਾਪਤ ਕਰ ਲੈਂਦਾ ਹੈ।

**ਸਲੋਕੁ ॥**
**ਆਦਿ ਸਚੁ ਜੁਗਾਦਿ ਸਚੁ ॥**
ਸ਼ੁਰੂਆਤ ਵੀ ਨਾਮ ਦੀ ਸੱਚ ਤੋਂ ਹੈ,
ਜੁਗਾਦਿ ਭਾਵ ਸਾਧਨ ਵਿਵਸਥਾ ਵੀ ਸੱਚ ਹੈ।
**ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੈ ਭਿ ਭਾਵ ਪ੍ਰਪੱਕ ਵਿਵਸਥਾ ਵੀ ਸੱਚ ਹੈ, ਹੋਸੀ ਭਿ ਭਾਵ ਮੁਕਤ ਵਿਵਸਥਾ ਵੀ ਸੱਚ ਹੈ।
**ਅਸਟਪਦੀ ॥**
**ਚਰਨ ਸਤਿ ਸਤਿ ਪਰਸਨਹਾਰ ॥**
**ਪੂਜਾ ਸਤਿ ਸਤਿ ਸੇਵਦਾਰ ॥**
ਸੰਤਾਂ ਦੇ ਚਰਨ ਸੱਚ ਰੂਪ ਹਨ ਅਤੇ ਚਰਨਾਂ ਨੂੰ ਛੋਹਣ ਵਾਲੇ ਵੀ ਸੱਚ ਰੂਪ ਹਨ। ਚਰਨਾਂ ਦੀ ਪੂਜਾ ਵੀ ਸੱਚ ਰੂਪ ਹੈ ਅਤੇ ਸੇਵਾਦਾਰ ਵੀ ਸੱਚ ਹੈ।
**ਦਰਸਨੁ ਸਤਿ ਸਤਿ ਪੇਖਨਹਾਰ ॥**
**ਨਾਮੁ ਸਤਿ ਸਤਿ ਧਿਆਵਨਹਾਰ ॥**

ਸੰਤਾਂ ਦਾ ਦਰਸ਼ਨ ਵੀ ਸੱਚ ਰੂਪ ਹੈ ਅਤੇ ਦਰਸ਼ਨ ਵੇਖਣ ਵਾਲੇ ਵੀ ਸੱਚੇ ਹਨ। ਉਸਦਾ ਨਾਮ ਵੀ ਸੱਚਾ ਹੈ ਅਤੇ ਧਿਆਉਣ ਵਾਲਾ ਵੀ ਸੱਚਾ ਹੈ।

**ਆਪਿ ਸਤਿ ਸਤਿ ਸਭ ਧਾਰੀ ॥**

**ਆਪੇ ਗੁਣ ਆਪੇ ਗੁਣਕਾਰੀ ॥**

ਉਹ ਆਪ ਸੱਚਾ ਹੈ ਅਤੇ ਹਰ ਵਸਤੂ ਜੋ ਉਸਨੇ ਬਣਾਈ ਹੈ, ਸੱਚ ਹੈ। ਆਪ ਹੀ ਗੁਣ ਪੈਦਾ ਕਰਨ ਵਾਲਾ ਹੈ ਅਤੇ ਆਪ ਹੀ ਗੁਣਾਂ ਦਾ ਇਸਤੇਮਾਲ ਕਰਨ ਵਾਲਾ ਹੈ।

**ਸਬਦੁ ਸਤਿ ਸਤਿ ਪ੍ਰਭੁ ਬਕਤਾ ॥**

**ਸੁਰਤਿ ਸਤਿ ਸਤਿ ਜਸੁ ਸੁਨਤਾ ॥**

ਪ੍ਰਭੂ ਦਾ ਸ਼ਬਦ ਵੀ ਸੱਚ ਰੂਪ ਹੈ ਅਤੇ ਪ੍ਰਭੂ ਨੂੰ ਕਹਿਣ ਵਾਲਾ ਵੀ ਸੱਚ ਰੂਪ ਹੈ। ਸੰਤਾਂ ਦੀ ਸੁਰਤੀ ਵੀ ਸੱਚ ਰੂਪ ਹੈ ਅਤੇ ਜੱਸ ਨੂੰ ਸੁਨਣ ਵਾਲਾ ਸਰੋਤਾ ਵੀ ਸੱਚ ਰੂਪ ਹੈ।

**ਬੁਝਨਹਾਰ ਕਉ ਸਤਿ ਸਭ ਹੋਇ ॥**

**ਨਾਨਕ ਸਤਿ ਸਤਿ ਪ੍ਰਭੁ ਸੋਇ ॥੧॥**

ਸਮਝਣ ਵਾਲੇ ਜਗਿਆਸੂ ਵਾਸਤੇ ਸਭ ਸੱਚ ਰੂਪ ਹੀ ਹੁੰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪਰਮੇਸ਼ਰ ਸੱਚਾ ਹੈ, ਸੱਚਾ ਹੈ।

**ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥**

**ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥**

ਜਿਸ ਇਨਸਾਨ ਨੇ ਦਿਲ ਵਿੱਚ ਸੱਚ ਦੇ ਸਰੂਪ ਨੂੰ ਮੰਨ ਲਿਆ। ਉਸ ਹੀ ਬ੍ਰਹਮੰਡ ਦੇ ਕਰਨ ਅਤੇ ਕਰਾਵਨ ਦਾ ਮੂਲ ਭਾਵ ਪਛਾਣਿਆ ਹੈ।

**ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥**

**ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥**

ਜਿਸ ਦੇ ਹਿਰਦੇ ਵਿੱਚ ਪਰਮੇਸ਼ਰ ਦਾ ਭਰੋਸਾ ਆ ਗਿਆ। ਉਸਦੇ ਮਨ ਵਿੱਚ ਠੀਕ ਸਮਝਣ ਵਾਲਾ ਅਨੁਭਵ ਪ੍ਰਗਟ ਹੋਇਆ ਹੈ।

**ਭੈ ਤੇ ਨਿਰਭਉ ਹੋਇ ਬਸਾਨਾ ॥**

**ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥**

ਉਹ ਡਰ ਤੋਂ ਨਿਡਰ ਹੋ ਕੇ ਟਿਕ ਗਿਆ। ਜਿਸ ਤੋਂ ਜੰਮਿਆ ਸੀ, ਉਸ ਵਿੱਚ ਹੀ ਮਿਲ ਗਿਆ।

**ਬਸਤੁ ਮਾਹਿ ਲੇ ਬਸਤੁ ਗਡਾਈ ॥**

**ਤਾ ਕਉ ਭਿੰਨ ਨ ਕਹਨਾ ਜਾਈ ॥**

ਵਸਤੂ ਵਿੱਚ ਪਾਉਣ ਵਾਲੇ ਨੇ ਲੈ ਕੇ ਵਸਤੂ ਮਿਲਾ ਦਿੱਤੀ। ਉਸ ਨੂੰ ਅਲਹਿਦਾ ਤਾਂ ਨਹੀਂ ਕਿਹਾ ਜਾ ਸਕਦਾ।

**ਬੂਝੈ ਬੂਝਨਹਾਰੁ ਬਿਬੇਕ ॥**
**ਨਾਰਾਇਨ ਮਿਲੇ ਨਾਨਕ ਏਕ ॥੨॥**

ਜੇ ਕੋਈ ਸਮਝਦਾਰ ਇਸ ਵਿਚਾਰ ਨੂੰ ਸਮਝ ਲਵੇ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਨਾਰਾਇਣ ਦੇ ਮਿਲਣ ਕਰਕੇ ਨਾਰਾਇਣ ਨਾਲ ਇੱਕ ਮਿਕ ਹੋ ਜਾਈਦਾ ਹੈ।

**ਠਾਕੁਰ ਕਾ ਸੇਵਕੁ ਆਗਿਆਕਾਰੀ ॥**
**ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥**

ਆਗਿਆਕਾਰੀ ਹੀ ਪਰਮੇਸ਼ਰ ਦਾ ਸੇਵਕ ਹੈ।
ਨਿਤ ਦਾ ਪੁਜਾਰੀ ਹੀ ਪਰਮੇਸ਼ਰ ਦਾ ਸੇਵਕ ਹੈ।

**ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥**
**ਠਾਕੁਰ ਕੇ ਸੇਵਕ ਕੇ ਨਿਰਮਲ ਰੀਤਿ ॥**

ਪਰਮੇਸ਼ਰ ਦੇ ਸੇਵਕ ਦੇ ਮਨ ਵਿੱਚ ਪਰਮੇਸ਼ਰ ਦੀ ਪ੍ਰਤੀਤ ਹੁੰਦੀ ਹੈ।
ਪਰਮੇਸ਼ਰ ਦੇ ਸੇਵਕ ਦੀ ਸੱਚੀ ਰੀਤ ਹੁੰਦੀ ਹੈ।

**ਠਾਕੁਰ ਕਉ ਸੇਵਕੁ ਜਾਨੈ ਸੰਗਿ ॥**
**ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥**

ਸੇਵਕ ਪਰਮੇਸ਼ਰ ਨੂੰ ਨਾਲ ਸਮਝਦਾ ਹੈ।
ਪਰਮੇਸ਼ਰ ਦਾ ਸੇਵਕ ਨਾਮ ਦੇ ਪ੍ਰਤਾਪ ਨਾਲ ਬਣਦਾ ਹੈ।

**ਸੇਵਕ ਕਉ ਪ੍ਰਭ ਪਾਲਨਹਾਰਾ ॥**
**ਸੇਵਕ ਕੀ ਰਾਖੈ ਨਿਰੰਕਾਰਾ ॥**

ਸੇਵਕ ਨੂੰ ਪਾਲਣ ਵਾਲਾ ਤਾਂ ਪਰਮੇਸ਼ਰ ਹੀ ਹੈ।
ਨਿਰੰਕਾਰ ਸੇਵਕ ਦੀ ਰੱਖਿਆ ਕਰਦਾ ਹੈ।

**ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥**
**ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥੩॥**

ਜਿਸ 'ਤੇ ਪਰਮੇਸ਼ਰ ਦਇਆ ਕਰ ਦੇਵੇ ਸੇਵਕ ਉਹੋ ਹੁੰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਸਵਾਸ-ਸਵਾਸ ਸਿਮਰਨ ਕਰਦਾ ਹੈ, ਸੇਵਕ ਉਹੀ ਹੈ।

**ਅਪੁਨੇ ਜਨ ਕਾ ਪਰਦਾ ਢਾਕੈ ॥**
**ਅਪਨੇ ਸੇਵਕ ਕੀ ਸਰਪਰ ਰਾਖੈ ॥**

ਹਰੀ ਆਪਣੇ ਸੇਵਕ ਦਾ ਪੜਦਾ ਢੱਕਦਾ ਹੈ।
ਆਪਣੇ ਸੇਵਕ ਦੀ ਲਾਜ ਜ਼ਰੂਰ ਰੱਖਦਾ ਹੈ।

**ਅਪਨੇ ਦਾਸ ਕਉ ਦੇਇ ਵਡਾਈ ॥**
**ਅਪਨੇ ਸੇਵਕ ਕਉ ਨਾਮੁ ਜਪਾਈ ॥**

ਆਪਣੇ ਦਾਸ ਨੂੰ ਵਡਿਆਈ ਦੇਂਦਾ ਹੈ।
ਆਪਣੇ ਸੇਵਕ ਨੂੰ ਨਾਮ-ਸਿਮਰਨ ਕਰਵਾਉਂਦਾ ਹੈ।

**ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥**
**ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥**

ਆਪ ਹੀ ਆਪਣੇ ਸੇਵਕ ਦੀ ਇੱਜ਼ਤ ਰੱਖਦਾ ਹੈ।
ਉਸਦੀ ਰੀਤ ਅਤੇ ਹੱਦ ਕੋਈ ਨਹੀਂ ਸਮਝ ਸਕਦਾ।

**ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥**
**ਪ੍ਰਭ ਕੇ ਸੇਵਕ ਊਚ ਤੇ ਊਚੇ ॥**

ਪਰਮੇਸ਼ਰ ਦੇ ਸੇਵਕ ਦੇ ਬਰਾਬਰ ਕੋਈ ਨਹੀਂ ਪੁੱਜ ਸਕਦਾ।
ਪਰਮੇਸ਼ਰ ਦੇ ਸੇਵਕ ਹੀ ਉੱਤਮ ਤੋਂ ਉੱਤਮ ਹਨ।

**ਜੋ ਪ੍ਰਭਿ ਅਪਨੀ ਸੇਵਾ ਲਾਇਆ ॥**
**ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ ॥੪॥**

ਜੋ ਪਰਮੇਸ਼ਰ ਨੇ ਆਪਣੀ ਸੇਵਾ ਵਿੱਚ ਲਾ ਲਿਆ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਸੇਵਕ ਸਭ ਦਿਸ਼ਾਵਾਂ ਵਿੱਚ ਪ੍ਰਭੂ ਨੇ ਪ੍ਰਗਟ ਕੀਤਾ ਹੈ।

**ਨੀਕੀ ਕੀਰੀ ਮਹਿ ਕਲ ਰਾਖੈ ॥**
**ਭਸਮ ਕਰੈ ਲਸਕਰ ਕੋਟਿ ਲਾਖੈ ॥**

ਜੇ ਪਰਮੇਸ਼ਰ ਨਿੱਕੀ ਜਿਹੀ ਕੀੜੀ ਵਿੱਚ ਤਾਕਤ ਪਾ ਦੇਵੇ ਤਾਂ ਉਹ ਲੱਖਾਂ ਕਰੋੜਾਂ ਫੌਜਾਂ ਨੂੰ ਸੁਆਹ ਕਰ ਸਕਦੀ ਹੈ।

**ਜਿਸ ਕਾ ਸਾਸੁ ਨ ਕਾਢਤ ਆਪਿ ॥**
**ਤਾ ਕਉ ਰਾਖਤ ਦੇ ਕਰਿ ਹਾਥ ॥**

ਪਰਮੇਸ਼ਰ ਆਪ ਜਿਸਦਾ ਸਾਹ ਨਹੀਂ ਕੱਢਦਾ ਅਰਥਾਤ ਨਹੀਂ ਮਾਰਦਾ। ਉਸਨੂੰ ਰੱਖਦਾ ਵੀ ਆਪ ਹੀ ਹੱਥ ਦੇ ਕੇ ਹੈ।

**ਮਾਨਸ ਜਤਨ ਕਰਤ ਬਹੁ ਭਾਤਿ ॥**
**ਤਿਸ ਕੇ ਕਰਤਬ ਬਿਰਥੇ ਜਾਤਿ ॥**

ਇਨਸਾਨ ਅਨੇਕ ਤਰ੍ਹਾਂ ਨਾਲ ਜੇ ਕਿਸੇ ਨੂੰ ਮਾਰਨ ਦੇ ਯਤਨ ਕਰਦਾ ਹੈ ਤਾਂ ਉਸਦੇ ਢੰਗ ਵਿਅਰਥ ਹੀ ਜਾਂਦੇ ਹਨ।

**ਮਾਰੈ ਨ ਰਾਖੈ ਅਵਰੁ ਨ ਕੋਇ ॥**
**ਸਰਬ ਜੀਆ ਕਾ ਰਾਖਾ ਸੋਇ ॥**

ਹੋਰ ਕੋਈ ਨਾ ਮਾਰ ਸਕਦਾ ਹੈ ਅਤੇ ਨਾ ਹੀ ਰੱਖ ਸਕਦਾ ਹੈ ਕਿਉਂਕਿ ਸਾਰਿਆਂ ਜੀਵਾਂ ਦਾ ਰਾਖਾ ਉਹ ਪ੍ਰਭੂ ਹੈ।

**ਕਾਹੇ ਸੋਚ ਕਰਹਿ ਰੇ ਪ੍ਰਾਣੀ ॥**
**ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥੫॥**

ਹੇ ਪ੍ਰਾਣੀ! ਕਿਉਂ ਤੂੰ ਚਿੰਤਾ ਕਰਦਾ ਹੈਂ?
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਅਲਖ ਤੇ ਅਸਚਰਜ ਰੂਪ ਵਾਲੇ ਪ੍ਰਭੂ ਨੂੰ ਸਿਮਰ।

**ਬਾਰੰ ਬਾਰ ਬਾਰ ਪ੍ਰਭੁ ਜਪੀਐ ॥**
**ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥**
ਹੇ ਭਾਈ! ਮਨ, ਬਾਣੀ ਤੇ ਕਰਮ ਕਰਕੇ ਪਰਮੇਸ਼ਰ ਨੂੰ ਸਿਮਰਦਾ ਰਹਿ ਤਾਂ ਕਿ ਇਹ ਅੰਮ੍ਰਿਤ ਰੂਪ ਨਾਮ ਪੀ ਕੇ ਮਨੋਂ-ਤਨੋਂ ਰੱਜ ਸਕੇਂ।

**ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥**
**ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥**
ਜਿਸ ਨੇ ਗੁਰੂ ਦੇ ਮੁੱਖ ਤੋਂ ਨਾਮ ਰੂਪ ਰਤਨ ਪੀ ਲਿਆ।
ਉਸਨੂੰ ਹੋਰ ਕੁਝ ਨਾਮ ਦੇ ਬਰਾਬਰ ਨਹੀਂ ਸੁੱਝਿਆ ।

**ਨਾਮੁ ਧਨੁ ਨਾਮੋ ਰੂਪੁ ਰੰਗੁ ॥**
**ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥**
ਨਾਮ ਹੀ ਧਨ, ਰੂਪ ਅਤੇ ਰੰਗ ਹੈ।
ਨਾਮ ਹੀ ਸੁਖ ਹੈ ਅਤੇ ਹਰੀ ਦੇ ਨਾਮ ਦਾ ਸਾਥ ਹੈ।

**ਨਾਮ ਰਸਿ ਜੋ ਜਨ ਤ੍ਰਿਪਤਾਨੇ ॥**
**ਮਨ ਤਨ ਨਾਮਹਿ ਨਾਮਿ ਸਮਾਨੇ ॥**
ਜੋ ਇਨਸਾਨ ਨਾਮ ਦੇ ਰਸ ਵਿੱਚੋਂ ਰੱਜੇ ਹਨ।
ਉਨ੍ਹਾਂ ਦੇ ਮਨ ਤੇ ਤਨ ਨਾਮ ਵਿੱਚ ਸਮਾਏ ਹੋਏ ਹਨ।

**ਊਠਤ ਬੈਠਤ ਸੋਵਤ ਨਾਮ ॥**
**ਕਹੁ ਨਾਨਕ ਜਨ ਕੈ ਸਦ ਕਾਮ ॥੬॥**
ਉਹ ਉੱਠਦਿਆਂ, ਬਹਿੰਦਿਆਂ ਅਤੇ ਸੁੱਤਿਆਂ ਨਾਮ ਹੀ ਜਪਦੇ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੰਤਾਂ ਦਾ ਕੰਮ ਹਮੇਸ਼ਾਂ ਵਾਸਤੇ ਨਾਮ ਜਪਣਾ ਹੈ।

**ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥**
**ਪ੍ਰਭਿ ਅਪਨੈ ਜਨ ਕੀਨੀ ਦਾਤਿ ॥**
ਹੇ ਜੀਵ! ਤੂੰ ਦਿਨ-ਰਾਤ ਰਸਨਾ ਤੋਂ ਪ੍ਰਭੂ ਦਾ ਜੱਸ ਕਰ।
ਆਪਣੇ ਸੇਵਕ ਨੂੰ ਪਰਮੇਸ਼ਰ ਨੇ ਇਹ ਦਾਤ ਦਿੱਤੀ ਹੈ।

**ਕਰਹਿ ਭਗਤਿ ਆਤਮ ਕੈ ਚਾਇ ॥**
**ਪ੍ਰਭ ਅਪਨੇ ਸਿਉ ਰਹਹਿ ਸਮਾਇ ॥**
ਸੰਤ ਜਨ ਮਨ ਦੇ ਉਤਸ਼ਾਹ ਨਾਲ ਭਗਤੀ ਕਰਦੇ ਹਨ ਅਤੇ ਆਪਣੇ ਪ੍ਰਭੂ ਨਾਲ ਅਭੇਦ ਹੋ ਜਾਂਦੇ ਹਨ।

**ਜੋ ਹੋਆ ਹੋਵਤ ਸੋ ਜਾਨੈ ॥**
**ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥**
ਉਹ ਪ੍ਰਭੂ ਸਭ ਜਾਣਦਾ ਹੈ, ਜੋ ਹੋ ਗਿਆ ਹੈ ਅਤੇ ਜੋ ਹੋ ਰਿਹਾ ਹੈ। ਸਾਧੂ-ਜਨ ਇਸ ਸਭ ਨੂੰ ਆਪਣੇ ਮਾਲਕ ਦਾ ਹੁਕਮ ਸਮਝਦੇ ਹਨ।

**ਤਿਸ ਕੀ ਮਹਿਮਾ ਕਉਨ ਬਖਾਨਉ ॥**
**ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥**
ਉਸਦੀ ਮਹਿਮਾ ਮੈਂ ਕੀ ਕਹਾਂ?
ਉਸਦੇ ਤਾਂ ਮੈਂ ਇੱਕ ਗੁਣ ਨੂੰ ਵੀ ਨਹੀਂ ਕਹਿ ਸਕਦਾ।
**ਆਠ ਪਹਰ ਪ੍ਰਭ ਬਸਹਿ ਹਜੂਰੇ ॥**
**ਕਹੁ ਨਾਨਕ ਸੇਈ ਜਨ ਪੂਰੇ ॥੭॥**
ਸਾਧੂ-ਜਨ ਅੱਠੇ ਪਹਿਰ ਪ੍ਰਭੂ ਦੇ ਪਾਸ ਰਹਿੰਦੇ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪੂਰਨ ਸੰਤ ਹਨ।
**ਮਨ ਮੇਰੇ ਤਿਨ ਕੀ ਓਟ ਲੇਹਿ ॥**
**ਮਨੁ ਤਨੁ ਅਪਨਾ ਤਿਨ ਜਨ ਦੇਹਿ ॥**
ਹੇ ਮੇਰੇ ਮਨ! ਉਹਨਾਂ ਸੰਤਾਂ ਦਾ ਆਸਰਾ ਫੜ੍ਹ।
ਉਨ੍ਹਾਂ ਨੂੰ ਆਪਣਾ ਮਨ ਤੇ ਤਨ ਦੇ ਦੇ।
**ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥**
**ਸੋ ਜਨੁ ਸਰਬ ਥੋਕ ਕਾ ਦਾਤਾ ॥**
ਜਿਸ ਸੰਤ ਨੇ ਆਪਣਾ ਮਾਲਕ ਪਛਾਣਿਆ ਹੈ। ਉਹ ਸੰਤ ਹੀ ਸਾਰਿਆਂ ਪਦਾਰਥਾਂ ਦਾ ਦਾਤਾ ਹੈ।
**ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥**
**ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥**
ਉਨ੍ਹਾਂ ਦੀ ਸ਼ਰਨ ਵਿੱਚੋਂ ਤੂੰ ਸਾਰੇ ਸੁੱਖਾਂ ਨੂੰ ਪਾਵੇਂਗਾ। ਉਸਦੇ ਦਰਸ਼ਨ ਨਾਲ ਸਾਰੇ ਪਾਪ ਮਿਟਾ ਸਕਦਾ ਹੈਂ।
**ਅਵਰ ਸਿਆਨਪ ਸਗਲੀ ਛਾਡੁ ॥**
**ਤਿਸੁ ਜਨ ਕੀ ਤੂ ਸੇਵਾ ਲਾਗੁ ॥**
ਹੋਰ ਸਾਰੀ ਚਲਾਕੀ ਛੱਡ ਦੇ। ਉਸ ਸੰਤ ਦੀ ਸੇਵਾ ਵਿੱਚ ਲੱਗ ਜਾ।
**ਆਵਨੁ ਜਾਨੁ ਨ ਹੋਵੀ ਤੇਰਾ ॥**
**ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥**
ਤੇਰਾ ਜਨਮ-ਮਰਨ ਮੁੱਕ ਜਾਵੇਗਾ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹਨਾਂ ਸੰਤਾਂ ਦੇ ਚਰਨਾਂ ਦੀ ਪੂਜਾ ਕਰੋ।

**ਸਲੋਕੁ ॥**
**ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥**
ਜਿਸ ਨੇ ਪਰਮੇਸ਼ਰ ਨੂੰ ਸਮਝਿਆ ਹੈ, ਉਸਦਾ ਨਾਮ ਸਤਿਗੁਰੂ ਹੈ।

**ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ਰ ਦੇ ਗੁਣ ਗਾਉਣ ਅਤੇ
ਉਸਦੇ ਨਾਲ ਰਹਿਆਂ ਜੀਵ ਮੁਕਤ ਹੋ ਸਕਦਾ ਹੈ।

**ਅਸਟਪਦੀ ॥**

**ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥**
**ਸੇਵਕ ਕਉ ਗੁਰੁ ਸਦਾ ਦਇਆਲ ॥**

ਸਿੱਖ ਦੀ ਪ੍ਰਤਿਪਾਲਨਾ ਸਤਿਗੁਰੂ ਹੀ ਕਰਦਾ ਹੈ।
ਸਿੱਖ ਵਾਸਤੇ ਗੁਰੂ ਹਮੇਸ਼ਾਂ ਮਿਹਰਬਾਨ ਹੈ।

**ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥**
**ਗੁਰ ਬਚਨੀ ਹਰਿ ਨਾਮੁ ਉਚਰੈ ॥**

ਸਿੱਖ ਦੀ ਖੋਟੀ ਮੈਲ ਨੂੰ ਗੁਰੂ ਹੀ ਨਾਸ ਕਰਦਾ ਹੈ। ਜੇ ਸਿੱਖ ਗੁਰੂ ਦੇ ਬਚਨਾਂ ਨੂੰ
ਮੰਨ ਕੇ ਹਰੀ-ਨਾਮ ਜਪਦਾ ਹੋਵੇ।

**ਸਤਿਗੁਰੁ ਸਿਖ ਕੇ ਬੰਧਨ ਕਾਟੈ ॥**
**ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥**

ਤਾਂ ਹੀ ਸਤਿਗੁਰੂ ਉਸ ਸਿੱਖ ਦੇ ਬੰਧਨ ਕੱਟ ਦੇਂਦਾ ਹੈ।
ਜੇ ਗੁਰੂ ਦਾ ਸਿੱਖ ਵਿਕਾਰਾਂ ਤੋਂ ਪਿੱਛੇ ਹਟਦਾ ਹੈ।

**ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥**
**ਗੁਰ ਕਾ ਸਿਖੁ ਵਡਭਾਗੀ ਹੇ ॥**

ਤਾਂ ਸਤਿਗੁਰੂ ਸਿੱਖ ਨੂੰ ਨਾਮ ਰੂਪੀ ਧਨ ਦੇਂਦਾ ਹੈ।
ਗੁਰੂ ਦਾ ਸਿੱਖ ਵੱਡੇ ਭਾਗਾਂ ਵਾਲਾ ਹੈ।

**ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥**
**ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥**

ਸਤਿਗੁਰੂ ਸਿੱਖ ਦਾ ਲੋਕ ਪਰਲੋਕ ਸਵਾਰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ
ਸਤਿਗੁਰੂ ਸਿੱਖ ਨੂੰ ਦਿਲ ਨਾਲ ਸੰਭਾਲਦਾ ਅਥਵਾ ਯਾਦ ਕਰਦਾ ਹੈ।

**ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥**
**ਗੁਰ ਕੀ ਆਗਿਆ ਮਨ ਮਹਿ ਸਹੈ ॥**

ਜੋ ਸਿੱਖ ਗੁਰੂ ਦੇ ਘਰ ਵਿੱਚ ਰਹਿੰਦਾ ਹੈ।
ਉਸਨੂੰ ਚਾਹੀਦਾ ਹੈ ਕਿ ਉਹ ਗੁਰੂ ਦਾ ਹੁਕਮ ਮਨ ਕਰਕੇ ਮੰਨੇ।

**ਆਪਸ ਕਉ ਕਰਿ ਕਛੁ ਨ ਜਨਾਵੈ ॥**
**ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥**

ਆਪਣੇ ਆਪ ਨੂੰ ਕੁਝ ਨਾ ਸਮਝੇ।
ਹਮੇਸ਼ਾਂ ਹਰੀ-ਨਾਮ ਨੂੰ ਦਿਲ ਵਿੱਚ ਧਿਆਉਂਦਾ ਰਹੇ।

**ਮਨੁ ਬੇਚੈ ਸਤਿਗੁਰ ਕੈ ਪਾਸਿ ॥**
**ਤਿਸੁ ਸੇਵਕ ਕੇ ਕਾਰਜ ਰਾਸਿ ॥**
ਜੋ ਆਪਣਾ ਮਨ ਸਤਿਗੁਰੂ ਦੇ ਕੋਲ ਵੇਚ ਦੇਵੇ।
ਉਸ ਸੇਵਕ ਦੇ ਕੰਮ ਰਾਸ ਹੋ ਜਾਂਦੇ ਹਨ।
**ਸੇਵਾ ਕਰਤ ਹੋਇ ਨਿਹਕਾਮੀ ॥**
**ਤਿਸ ਕਉ ਹੋਤ ਪਰਾਪਤਿ ਸੁਆਮੀ ॥**
ਜੇ ਨਿਸ਼ਕਾਮ ਹੋ ਕੇ ਸੇਵਾ ਕਰੇ ਤਾਂ ਉਸਨੂੰ ਪਰਮੇਸ਼ਰ ਮਿਲਦਾ ਹੈ।
**ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥**
**ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥**
ਜਿਸ ਉੱਤੇ ਪਰਮੇਸ਼ਰ ਆਪਣੀ ਮਿਹਰ ਆਪ ਕਰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਸਿੱਖ ਗੁਰੂ ਦੀ ਸਿੱਖਿਆ ਲੈ ਸਕਦਾ ਹੈ।
**ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥**
**ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥**
ਯਕੀਨਨ ਜੇ ਗੁਰੂ ਦਾ ਮਨ ਮੰਨ ਜਾਵੇ ਤਾਂ ਉਹ ਸੇਵਕ ਪਰਮੇਸ਼ਰ ਦੀ ਗਤੀ ਨੂੰ ਜਾਣ ਲਵੇਗਾ।
**ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥**
**ਅਨਿਕ ਬਾਰ ਗੁਰ ਕਉ ਬਲਿ ਜਾਉ ॥**
ਸਤਿਗੁਰੂ ਉਹ ਹੈ, ਜਿਸ ਦੇ ਹਿਰਦੇ ਵਿੱਚ ਹਰੀ-ਨਾਮ ਦਾ ਸਿਮਰਨ ਹੈ। ਐਸੇ ਗੁਰੂ ਤੋਂ ਅਨੇਕ ਵਾਰ ਬਲਿਹਾਰ ਜਾਣਾ ਚਾਹੀਦਾ ਹੈ।
**ਸਰਬ ਨਿਧਾਨ ਜੀਅ ਕਾ ਦਾਤਾ ॥**
**ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥**
ਉਹ ਜ਼ਿੰਦਗੀ ਦੇ ਸਾਰੇ ਭੰਡਾਰਿਆਂ ਦਾ ਦਾਤਾ ਹੈ। ਹਮੇਸ਼ਾਂ ਪਾਰਬ੍ਰਹਮ ਦੇ ਰੰਗ ਵਿੱਚ ਰੰਗਿਆ ਹੋਇਆ ਹੈ।
**ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥**
**ਏਕਹਿ ਆਪਿ ਨਹੀ ਕਛੁ ਭਰਮੁ ॥**
ਬ੍ਰਹਮ ਵਿੱਚ ਜੀਵ ਹੈ ਅਤੇ ਜੀਵ ਵਿੱਚ ਪਾਰਬ੍ਰਹਮ ਹੈ।
ਦੋਵੇਂ ਇੱਕੋ ਹਨ, ਇਸ ਵਿੱਚ ਕੋਈ ਸ਼ੱਕ ਨਹੀਂ।
**ਸਹਸ ਸਿਆਨਪ ਲਇਆ ਨ ਜਾਈਐ ॥**
**ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥੩॥**
ਹਜ਼ਾਰਾਂ ਚਲਾਕੀਆਂ ਨਾਲ ਉਸਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਐਸਾ ਗੁਰੂ ਉੱਤਮ ਕਰਮਾਂ ਨਾਲ ਪ੍ਰਾਪਤ ਹੁੰਦਾ ਹੈ।

**ਸਫਲ ਦਰਸਨੁ ਪੇਖਤ ਪੁਨੀਤ ॥**

**ਪਰਸਤ ਚਰਨ ਗਤਿ ਨਿਰਮਲ ਰੀਤਿ ॥**

ਗੁਰੂ ਦਾ ਦਰਸ਼ਨ ਸਫਲ ਹੈ, ਜਿਸ ਦੇ ਦਰਸ਼ਨ ਨੂੰ ਕਰਕੇ ਪਵਿੱਤਰ ਹੋਈਦਾ ਹੈ। ਗੁਰੂ ਦੇ ਚਰਨੀਂ ਲੱਗਿਆਂ ਮੁਕਤੀ ਅਤੇ ਪਵਿੱਤਰ ਮਰਿਆਦਾ ਮਿਲਦੀ ਹੈ।

**ਭੇਟਤ ਸੰਗਿ ਰਾਮ ਗੁਨ ਰਵੇ ॥**

**ਪਾਰਬ੍ਰਹਮ ਕੀ ਦਰਗਹ ਗਵੇ ॥**

ਗੁਰੂ ਦਾ ਸੰਗ ਮਿਲਦਿਆਂ ਰਾਮ ਦੇ ਗੁਣ ਉਚਾਰਨ ਕਰੀਦੇ ਹਨ। ਸੱਚਖੰਡ ਦੀ ਪ੍ਰਾਪਤੀ ਹੁੰਦੀ ਹੈ।

**ਸੁਨਿ ਕਰਿ ਬਚਨ ਕਰਨ ਆਘਾਨੇ ॥**

**ਮਨਿ ਸੰਤੋਖੁ ਆਤਮ ਪਤੀਆਨੇ ॥**

ਗੁਰੂ ਦੇ ਬਚਨ ਸੁਣ ਕੇ ਕੰਨ ਤ੍ਰਿਪਤ ਹੋ ਜਾਂਦੇ ਹਨ। ਗੁਰੂ ਦੇ ਬਚਨਾਂ ਨਾਲ ਆਤਮਾ ਦੇ ਪਤੀਜਣ ਕਾਰਨ ਮਨ ਵਿੱਚ ਸੰਤੋਖ ਆ ਜਾਂਦਾ ਹੈ।

**ਪੂਰਾ ਗੁਰੁ ਅਖੵਓ ਜਾ ਕਾ ਮੰਤ੍ਰ ॥**

**ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥**

ਪੂਰਨ ਗੁਰੂ ਦਾ ਉਪਦੇਸ਼ ਅਟੱਲ ਹੁੰਦਾ ਹੈ। ਉਹ ਗੁਰੂ ਜਿਸ ਵੱਲ ਪ੍ਰੇਮ ਭਰੀ ਨਿਗ੍ਹਾ ਨਾਲ ਵੇਖਦਾ ਹੈ, ਉਹ ਸੰਤ ਹੋ ਜਾਂਦਾ ਹੈ।

**ਗੁਣ ਬਿਅੰਤ ਕੀਮਤਿ ਨਹੀ ਪਾਇ ॥**

**ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥੪॥**

ਗੁਰੂ ਦੇ ਬੇਅੰਤ ਗੁਣਾਂ ਦਾ ਮੁੱਲ ਨਹੀਂ ਪਾਇਆ ਜਾ ਸਕਦਾ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਹੜਾ ਉਸਨੂੰ ਭਾ ਜਾਵੇ, ਉਸਨੂੰ ਆਪਣੇ ਵਿੱਚ ਮਿਲਾ ਲੈਂਦਾ ਹੈ।

**ਜਿਹਬਾ ਏਕ ਉਸਤਤਿ ਅਨੇਕ ॥**

**ਸਤਿ ਪੁਰਖ ਪੂਰਨ ਬਿਬੇਕ ॥**

ਗੁਰੂ ਦੀ ਉਸਤਤ ਅਨੇਕ ਪ੍ਰਕਾਰ ਦੀ ਹੈ, ਪਰ ਮੇਰੀ ਇੱਕ ਜੀਭ ਹੈ। ਉਹ ਪ੍ਰਭੂ ਸਤਿ-ਪੁਰਖ ਅਤੇ ਪੂਰਨ ਗਿਆਨ ਵਾਲਾ ਹੈ।

**ਕਾਹੂ ਬੋਲ ਨ ਪਹੁਚਤ ਪ੍ਰਾਨੀ ॥**

**ਅਗਮ ਅਗੋਚਰ ਪ੍ਰਭ ਨਿਰਬਾਨੀ ॥**

ਪ੍ਰਭੂ ਤੱਕ ਪ੍ਰਾਣੀ ਕਿਸੇ ਬੋਲ ਨਾਲ ਵੀ ਨਹੀਂ ਪੁੱਜ ਸਕਦਾ। ਉਹ ਪ੍ਰਭੂ ਅਚੱਲ, ਅਦ੍ਰਿਸ਼ਟ ਅਤੇ ਮੁਕਤ ਹੈ।

**ਨਿਰਾਹਾਰ ਨਿਰਵੈਰ ਸੁਖਦਾਈ ॥**

**ਤਾ ਕੀ ਕੀਮਤਿ ਕਿਨੈ ਨ ਪਾਈ ॥**

ਉਹ ਭੋਜਨ ਤੇ ਵੈਰ ਤੋਂ ਰਹਿਤ ਅਤੇ ਸੁਖ ਦੇਣ ਵਾਲਾ ਹੈ।
ਉਸ ਦਾ ਮੁੱਲ ਕੋਈ ਵੀ ਨਹੀਂ ਪਾ ਸਕਿਆ।

**ਅਨਿਕ ਭਗਤ ਬੰਦਨ ਨਿਤ ਕਰਹਿ ॥**
**ਚਰਨ ਕਮਲ ਹਿਰਦੈ ਸਿਮਰਹਿ ॥**

ਅਨੇਕਾਂ ਪ੍ਰੇਮੀ ਉਸਨੂੰ ਸਦਾ ਨਮਸਕਾਰਾਂ ਕਰਦੇ ਹਨ।
ਗੁਰੂ ਦੇ ਚਰਨ-ਕਮਲਾਂ ਨੂੰ ਸਾਰੇ ਹਿਰਦੇ ਵਿੱਚ ਸਿਮਰਦੇ ਹਨ।

**ਸਦ ਬਲਿਹਾਰੀ ਸਤਿਗੁਰ ਅਪਨੇ ॥**
**ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥੫॥**

ਆਪਣੇ ਐਸੇ ਸਤਿਗੁਰੂ ਤੋਂ ਮੈਂ ਹਮੇਸ਼ਾਂ ਕੁਰਬਾਨ ਜਾਂਦਾ ਹਾਂ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਦੀ ਮਿਹਰ ਨਾਲ ਐਸੇ ਪ੍ਰਭੂ ਦਾ ਜਾਪ ਜਪਦੇ ਹਾਂ।

**ਇਹੁ ਹਰਿ ਰਸੁ ਪਾਵੈ ਜਨੁ ਕੋਇ ॥**
**ਅੰਮ੍ਰਿਤੁ ਪੀਵੈ ਅਵਰੁ ਸੋ ਹੋਇ ॥**

ਵਿਰਲਾ ਆਦਮੀ ਹੀ ਇਹ ਹਰੀ-ਸਿਮਰਨ ਦਾ ਰਸ ਪਾ ਸਕਦਾ ਹੈ।
ਜੋ ਅੰਮ੍ਰਿਤ ਪੀਵੇਗਾ, ਦੇਵਤਾ ਵੀ ਉਹੋ ਹੀ ਹੋਵੇਗਾ।

**ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥**
**ਜਾ ਕੈ ਮਨਿ ਪ੍ਰਗਟੇ ਗੁਨਤਾਸ ॥**

ਉਸ ਇਨਸਾਨ ਦਾ ਕਦੇ ਮਰਨਾ ਨਹੀਂ ਹੁੰਦਾ। ਜਿਸਦੇ ਮਨ ਵਿੱਚ ਗੁਣਾਂ ਦਾ ਪਾਤਰ ਅਰਥਾਤ ਪਰਮੇਸ਼ਰ ਦਾ ਗਿਆਨ ਪੈਦਾ ਹੁੰਦਾ ਹੈ।

**ਆਠ ਪਹਰ ਹਰਿ ਕਾ ਨਾਮੁ ਲੇਇ ॥**
**ਸਚੁ ਉਪਦੇਸੁ ਸੇਵਕ ਕਉ ਦੇਇ ॥**

ਜੋ ਅੱਠੇ ਪਹਿਰ ਹਰੀ ਦਾ ਨਾਮ ਲੈਂਦਾ ਹੈ। ਸਿੱਖ ਨੂੰ ਸੱਚਾ ਉਪਦੇਸ਼ ਦੇਂਦਾ ਹੈ।

**ਮੋਹ ਮਾਇਆ ਕੈ ਸੰਗਿ ਨ ਲੇਪੁ ॥**
**ਮਨ ਮਹਿ ਰਾਖੈ ਹਰਿ ਹਰਿ ਏਕੁ ॥**

ਜਿਸਦਾ ਮਾਇਆ ਅਤੇ ਮੋਹ ਨਾਲ ਲਗਾਉ ਨਹੀਂ ਹੈ।
ਮਨ ਵਿੱਚ ਇੱਕ ਹਰੀ-ਨਾਮ ਸਿਮਰਨ ਨੂੰ ਰੱਖਦਾ ਹੈ।।

**ਅੰਧਕਾਰ ਦੀਪਕ ਪਰਗਾਸੇ ॥**
**ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥**

ਉਹ ਗੁਰੂ ਹਨ੍ਹੇਰੇ ਵਿੱਚ ਦੀਵਾ ਬਾਲਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਰਮ, ਮੋਹ ਅਤੇ ਦੁੱਖ ਉਸ ਤੋਂ ਹੀ ਖ਼ਤਮ ਹੁੰਦੇ ਹਨ।

**ਤਪਤਿ ਮਾਹਿ ਠਾਢਿ ਵਰਤਾਈ ॥**
**ਅਨਦੁ ਭਇਆ ਦੁਖ ਨਾਠੇ ਭਾਈ ॥**

ਗੁਰੂ ਨੇ ਵਿਕਾਰਾਂ ਦੀ ਤਪਸ਼ ਵਿੱਚ ਨਾਮ ਦੀ ਠੰਢ ਵਰਤਾ ਦਿੱਤੀ ਹੈ।
ਆਨੰਦ ਹੋ ਗਿਆ ਅਤੇ ਦੁੱਖ ਨੱਠ ਗਏ ਹਨ।

**ਜਨਮ ਮਰਨ ਕੇ ਮਿਟੇ ਅੰਦੇਸੇ ॥**
**ਸਾਧੂ ਕੇ ਪੂਰਨ ਉਪਦੇਸੇ ॥**

ਜਨਮ ਮਰਨ ਦੇ ਖਤਰੇ ਦੂਰ ਹੋ ਗਏ। ਪੂਰਨ ਸਾਧੂ ਦੇ ਉਪਦੇਸ਼ ਤੋਂ।

**ਭਉ ਚੂਕਾ ਨਿਰਭਉ ਹੋਇ ਬਸੇ ॥**
**ਸਗਲ ਬਿਆਧਿ ਮਨ ਤੇ ਖੈ ਨਸੇ ॥**

ਜੀਵਾਂ ਦਾ ਡਰ ਖ਼ਤਮ ਹੋ ਗਿਆ ਅਤੇ ਨਿਡਰ ਹੋ ਕੇ ਰਹਿਣ ਲੱਗ ਪਏ। ਸਾਰੇ ਰੋਗ ਮਨ 'ਚੋਂ ਖ਼ਤਮ ਹੋ ਗਏ।

**ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥**
**ਸਾਧਸੰਗਿ ਜਪਿ ਨਾਮੁ ਮੁਰਾਰੀ ॥**

ਜਿਸ ਦਾ ਸਿੱਖ ਸੀ, ਉਸ ਗੁਰੂ ਨੇ ਕਿਰਪਾ ਕੀਤੀ। ਸਾਧਸੰਗਤ ਦੇ ਸੰਗ ਨਾਲ ਪ੍ਰਭੂ ਦਾ ਨਾਮ ਜਪ।

**ਥਿਤਿ ਪਾਈ ਚੂਕੇ ਭ੍ਰਮ ਗਵਨ ॥**
**ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥੭॥**

ਜਨਮ ਮਰਨ ਦੇ ਚੱਕਰ ਮੁੱਕ ਗਏ ਅਤੇ ਸ਼ਾਂਤੀ ਮਿਲ ਗਈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ ਦੇ ਜੱਸ ਨੂੰ ਕੰਨਾਂ ਨਾਲ ਸੁਣ।

**ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥**
**ਕਲਾ ਧਾਰਿ ਜਿਨਿ ਸਗਲੀ ਮੋਹੀ ॥**

ਉਹ ਆਪ ਹੀ ਨਿਰਗੁਨ ਅਤੇ ਸਰਗੁਨ ਹੈ। ਜਿਸਨੇ ਸ਼ਕਤੀ ਦੇ ਆਧਾਰ ਨਾਲ ਸਭ ਦੁਨੀਆਂ ਮੋਹੀ ਹੋਈ ਹੈ।

**ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥**
**ਅਪੁਨੀ ਕੀਮਤਿ ਆਪੇ ਪਾਏ ॥**

ਆਪਣੇ ਕੌਤਕ ਵੀ ਪ੍ਰਭੂ ਨੇ ਆਪ ਹੀ ਬਣਾਏ ਹੋਏ ਹਨ।
ਉਸਨੇ ਆਪਣਾ ਮੁੱਲ ਵੀ ਆਪ ਹੀ ਪਾਇਆ ਹੈ।

**ਹਰਿ ਬਿਨੁ ਦੂਜਾ ਨਾਹੀ ਕੋਇ ॥**
**ਸਰਬ ਨਿਰੰਤਰਿ ਏਕੋ ਸੋਇ ॥**

ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਦੂਸਰਾ ਨਹੀਂ ਹੈ।
ਸਾਰਿਆਂ ਵਿੱਚ ਉਹ ਇੱਕ ਹੀ ਹੈ।

**ਓਤਿ ਪੋਤਿ ਰਵਿਆ ਰੂਪ ਰੰਗ ॥**
**ਭਏ ਪ੍ਰਗਾਸ ਸਾਧ ਕੈ ਸੰਗ ॥**

ਪ੍ਰਭੂ ਰੂਪ ਅਤੇ ਰੰਗ ਵਿੱਚ ਤਾਣੇ ਪੇਟੇ ਵਾਂਗ ਮਿਲਿਆ ਹੋਇਆ ਹੈ। ਸਾਧੂ ਦੇ ਸੰਗ ਤੋਂ ਹੀ ਸ਼ੁਭ ਗੁਣ ਪ੍ਰਗਟ ਹੋਏ ਹਨ।

**ਰਚਿ ਰਚਨਾ ਅਪਨੀ ਕਲ ਧਾਰੀ ॥**

**ਅਨਿਕ ਬਾਰ ਨਾਨਕ ਬਲਿਹਾਰੀ ॥੮॥੧੮॥**

ਜਿਸਨੇ ਆਪਣੀ ਸ਼ਕਤੀ ਦੇ ਆਧਾਰ ਨਾਲ ਰਚਨਾ ਰਚੀ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਤੋਂ ਅਨੇਕ ਵਾਰ ਕੁਰਬਾਨ ਜਾਂਦਾ ਹਾਂ।

**ਸਲੋਕੁ ॥**

**ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥**

ਹਰੀ-ਸਿਮਰਨ ਤੋਂ ਬਿਨਾਂ ਬਾਕੀ ਸਾਰੀ ਵਿਸ਼ਿਆਂ ਦੀ ਸੁਆਹ ਹੀ ਹੈ, ਇਹ ਨਾਲ ਨਹੀਂ ਜਾਵੇਗੀ।

**ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹ ਹਰੀ-ਨਾਮ ਦਾ ਖੱਟਣਾ ਹੀ ਉੱਤਮ ਧਨ ਹੈ।

**ਅਸਟਪਦੀ ॥**

**ਸੰਤ ਜਨਾ ਮਿਲਿ ਕਰਹੁ ਬੀਚਾਰੁ ॥**

**ਏਕੁ ਸਿਮਰਿ ਨਾਮ ਆਧਾਰੁ ॥**

ਸੰਤਾਂ ਨਾਲ ਮਿਲ ਕੇ ਬ੍ਰਹਮ ਦੀ ਵਿਚਾਰ ਕਰੋ।

ਇੱਕ ਨਾਮ ਦੇ ਆਸਰੇ ਨੂੰ ਹੀ ਯਾਦ ਰੱਖੋ।

**ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥**

**ਚਰਨ ਕਮਲ ਰਿਦ ਮਹਿ ਉਰਿ ਧਾਰਹੁ ॥**

ਹੇ ਮਿੱਤਰੋ! ਹੋਰ ਸਾਰੇ ਤਰੀਕੇ ਭੁਲਾ ਦਿਓ।

ਚਰਨ ਕਮਲਾਂ ਨੂੰ ਹਿਰਦੇ ਵਿੱਚ ਧਾਰੋ।

**ਕਰਨ ਕਾਰਨ ਸੋ ਪ੍ਰਭੁ ਸਮਰਥੁ ॥**

**ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥**

ਉਹ ਪ੍ਰਭੂ ਕਾਰਨ ਕਰਨ ਵਾਸਤੇ ਸਮਰਥ ਹੈ।

ਹਰੀ-ਨਾਮ ਰੂਪ ਵਸਤੂ ਨੂੰ ਪੱਕਾ ਕਰਕੇ ਫੜੋ।

**ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥**

**ਸੰਤ ਜਨਾ ਕਾ ਨਿਰਮਲ ਮੰਤ ॥**

ਇਸ ਧਨ ਨੂੰ ਇਕੱਠਾ ਕਰੋ ਅਤੇ ਭਾਗਾਂ ਵਾਲੇ ਬਣ ਜਾਓ।

ਸੰਤਾਂ ਦਾ ਇਹ ਨਿਰਮਲ ਉਪਦੇਸ਼ ਹੈ।

**ਏਕ ਆਸ ਰਾਖਹੁ ਮਨ ਮਾਹਿ ॥**

**ਸਰਬ ਰੋਗ ਨਾਨਕ ਮਿਟਿ ਜਾਹਿ ॥੧॥**

ਇੱਕ ਸਿਮਰਨ ਦਾ ਹੀ ਮਨ ਵਿੱਚ ਭਰੋਸਾ ਰੱਖੋ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਸਾਰੇ ਰੋਗ ਮਿਟ ਜਾਣਗੇ।

**ਜਿਸੁ ਧਨ ਕਉ ਚਾਰਿ ਕੁੰਟ ਧਾਵਹਿ ॥**
**ਸੋ ਧਨੁ ਹਰਿ ਸੇਵਾ ਤੇ ਪਾਵਹਿ ॥**

ਹੇ ਜੀਵ! ਤੂੰ ਜਿਸ ਧਨ ਲਈ ਸਾਰੇ ਪਾਸੇ ਦੌੜਦਾ ਹੈਂ।
ਉਹ ਧਨ ਹਰੀ ਦੀ ਸੇਵਾ ਤੋਂ ਪ੍ਰਾਪਤ ਹੁੰਦਾ ਹੈ।

**ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥**
**ਸੋ ਸੁਖੁ ਸਾਧੂ ਸੰਗਿ ਪਰੀਤਿ ॥**

ਹੇ ਮਿੱਤਰ! ਜਿਸ ਸੁਖ ਨੂੰ ਤੂੰ ਹਮੇਸ਼ਾਂ ਚਾਹੁੰਦਾ ਹੈਂ।
ਉਹ ਸੁਖ ਸਾਧੂ ਨਾਲ ਪ੍ਰੇਮ ਕਰਨ ਤੋਂ ਮਿਲਦਾ ਹੈ।

**ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥**
**ਸਾ ਸੋਭਾ ਭਜੁ ਹਰਿ ਕੀ ਸਰਨੀ ॥**

ਜਿਸ ਸੋਭਾ ਲਈ ਤੂੰ ਚੰਗੇ ਕਰਮ ਕਰਦਾ ਹੈਂ। ਉਹ ਸ਼ੋਭਾ ਹਰੀ ਦੀ ਸ਼ਰਨ ਪਕੜਿਆਂ ਮਿਲਦੀ ਹੈ।

**ਅਨਿਕ ਉਪਾਵੀ ਰੋਗੁ ਨ ਜਾਇ ॥**
**ਰੋਗੁ ਮਿਟੈ ਹਰਿ ਅਵਖਧੁ ਲਾਇ ॥**

ਜਿਹੜਾ ਰੋਗ ਅਨੇਕਾਂ ਉਪਾਅ ਕੀਤਿਆਂ ਵੀ ਨਹੀਂ ਜਾਂਦਾ।
ਉਹ ਰੋਗ ਹਰੀ-ਨਾਮ ਰੂਪ ਦਵਾਈ ਨਾਲ ਮਿਟ ਜਾਂਦਾ ਹੈ।

**ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥**
**ਜਪਿ ਨਾਨਕ ਦਰਗਹਿ ਪਰਵਾਨੁ ॥੨॥**

ਸਾਰਿਆਂ ਭੰਡਾਰਿਆਂ ਵਿੱਚੋਂ ਹਰੀ-ਨਾਮ ਦਾ ਭੰਡਾਰ ਉੱਤਮ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਨਾਮ ਨੂੰ ਜਪ ਕੇ ਦਰਗਾਹ ਵਿੱਚ ਸਫ਼ਲ ਹੋ ਜਾਵੇਂਗਾ।

**ਮਨੁ ਪਰਬੋਧਹੁ ਹਰਿ ਕੈ ਨਾਇ ॥**
**ਦਹ ਦਿਸਿ ਧਾਵਤ ਆਵੈ ਠਾਇ ॥**

ਮਨ ਨੂੰ ਹਰੀ-ਨਾਮ ਦੇ ਨਾਲ ਸਮਝਾਓ ਤਾਂ ਕਿ ਇਹ ਸਾਰੇ ਪਾਸੇ ਦੌੜ ਰਿਹਾ ਮਨ ਟਿਕਾਣੇ ਆ ਜਾਵੇ।

**ਤਾ ਕਉ ਬਿਘਨੁ ਨ ਲਾਗੈ ਕੋਇ ॥**
**ਜਾ ਕੈ ਰਿਦੈ ਬਸੈ ਹਰਿ ਸੋਇ ॥**

ਉਸ ਨੂੰ ਕੋਈ ਵਿਘਨ ਨਹੀਂ ਲੱਗਦਾ।
ਜਿਸ ਦੇ ਦਿਲ ਵਿੱਚ ਉਹ ਹਰੀ ਵੱਸਦਾ ਹੈ।

**ਕਲਿ ਤਾਤੀ ਠਾਂਢਾ ਹਰਿ ਨਾਉ ॥**
**ਸਿਮਰਿ ਸਿਮਰਿ ਸਦਾ ਸੁਖ ਪਾਉ ॥**

ਦੁਨੀਆਂ ਤੱਤੀ ਹੈ ਅਤੇ ਹਰੀ ਦਾ ਨਾਮ ਠੰਢਾ ਹੈ।
ਉਸਨੂੰ ਸਿਮਰ-ਸਿਮਰ ਕੇ ਸਦਾ ਸੁਖ ਪਾਵੋ।

**ਭਉ ਬਿਨਸੈ ਪੂਰਨ ਹੋਇ ਆਸ ॥**
**ਭਗਤਿ ਭਾਇ ਆਤਮ ਪਰਗਾਸ ॥**

ਉਸ ਨੂੰ ਸਿਮਰਿਆਂ ਡਰ ਭੱਜ ਜਾਂਦਾ ਹੈ ਅਤੇ ਇੱਛਾ ਪੂਰੀ ਹੋ ਜਾਂਦੀ ਹੈ।
ਭਗਤੀ ਭਾਵ ਨਾਲ ਆਤਮਾ ਰੌਸ਼ਨ ਹੁੰਦੀ ਹੈ।

**ਤਿਤੁ ਘਰਿ ਜਾਇ ਬਸੈ ਅਬਿਨਾਸੀ ॥**
**ਕਹੁ ਨਾਨਕ ਕਾਟੀ ਜਮ ਫਾਸੀ ॥੩॥**

ਜੀਵ ਉਸ ਨਾਸ਼ ਰਹਿਤ ਪਰਮੇਸ਼ਰ ਦੇ ਘਰ ਵਿੱਚ ਜਾ ਕੇ ਵੱਸਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ-ਸਿਮਰਨ ਕਰਕੇ ਜਮ ਦੀ ਫਾਹੀ ਕੱਟੀ ਜਾਂਦੀ ਹੈ।

**ਤਤੁ ਬੀਚਾਰੁ ਕਹੈ ਜਨੁ ਸਾਚਾ ॥**
**ਜਨਮਿ ਮਰੈ ਸੋ ਕਾਚੋ ਕਾਚਾ ॥**

ਸੱਚਾ ਸੰਤ ਸਿਧਾਂਤ ਦਾ ਵਿਚਾਰ ਕਰਕੇ ਕਹਿੰਦਾ ਹੈ। ਜੋ ਜੰਮਦਾ-ਮਰਦਾ ਹੈ, ਉਹ ਕੱਚੇ ਤੋਂ ਵੀ ਕੱਚਾ ਹੈ।

**ਆਵਾ ਗਵਨੁ ਮਿਟੈ ਪ੍ਰਭ ਸੇਵ ॥**
**ਆਪੁ ਤਿਆਗਿ ਸਰਨਿ ਗੁਰਦੇਵ ॥**

ਪਰਮੇਸ਼ਰ ਦੀ ਬੰਦਗੀ ਨਾਲ ਜਨਮ-ਮਰਨ ਮਿਟਦਾ ਹੈ।
ਹੰਕਾਰ ਛੱਡ ਕੇ ਗੁਰਦੇਵ ਦੀ ਸ਼ਰਨ ਵਿੱਚ ਜਾ।

**ਇਉ ਰਤਨ ਜਨਮ ਕਾ ਹੋਇ ਉਧਾਰੁ ॥**
**ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥**

ਇਸ ਤਰ੍ਹਾਂ ਅਮੋਲਕ ਜੀਵਨ ਦਾ ਪਾਰ-ਉਤਾਰਾ ਹੋ ਜਾਵੇਗਾ।
ਪ੍ਰਾਣਾਂ ਦੇ ਆਸਰਾ ਰੂਪ ਹਰੀ ਨਾਮ ਨੂੰ ਸਿਮਰ।

**ਅਨਿਕ ਉਪਾਵ ਨ ਛੂਟਨਹਾਰੇ ॥**
**ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥**

ਅਨੇਕਾਂ ਯਤਨਾਂ ਨਾਲ ਵੀ ਜੀਵ ਛੁੱਟ ਨਹੀਂ ਸਕਦਾ।
ਸਿਮ੍ਰਤੀਆਂ, ਸ਼ਾਸਤਰਾਂ ਅਤੇ ਵੇਦਾਂ ਦਾ ਵਿਚਾਰ ਹੈ।

**ਹਰਿ ਕੀ ਭਗਤਿ ਕਰਹੁ ਮਨੁ ਲਾਇ ॥**
**ਮਨਿ ਬੰਛਤ ਨਾਨਕ ਫਲ ਪਾਇ ॥੪॥**

ਹੇ ਜੀਵ! ਜੇ ਹਰੀ ਦੀ ਭਗਤੀ ਨੂੰ ਮਨ ਲਾ ਕੇ ਕਰੇਂਗਾ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਤਾਂ ਹੀ ਮਨ ਇੱਛਤ ਫਲ ਪਾ ਸਕਦਾ ਹੈਂ।

**ਸੰਗਿ ਨ ਚਾਲਸਿ ਤੇਰੈ ਧਨਾ ॥**
**ਤੂੰ ਕਿਆ ਲਪਟਾਵਹਿ ਮੂਰਖ ਮਨਾ ॥**

ਤੇਰੇ ਨਾਲ ਧਨ ਨਹੀਂ ਜਾਵੇਗਾ। ਹੇ ਮੂਰਖ ਮਨਾ!
ਤੂੰ ਕਿਉਂ ਇਸ ਨਾਲ ਲਪਟ ਰਿਹਾ ਹੈਂ।

**ਸੁਤ ਮੀਤ ਕੁਟੰਬ ਅਰੁ ਬਨਿਤਾ ॥**
**ਇਨ ਤੇ ਕਹਹੁ ਤੁਮ ਕਵਨ ਸਨਾਥਾ ॥**

ਪੁੱਤਰ, ਮਿੱਤਰ, ਪਰਿਵਾਰ ਅਤੇ ਇਸਤਰੀ। ਤੂੰ ਹੀ ਦੱਸ! ਇਹਨਾਂ 'ਚੋਂ ਤੇਰਾ ਕੌਣ ਸਾਥ ਦੇਵੇਗਾ?

**ਰਾਜ ਰੰਗ ਮਾਇਆ ਬਿਸਥਾਰ ॥**
**ਇਨ ਤੇ ਕਹਹੁ ਕਵਨ ਛੁਟਕਾਰ ॥**

ਰਾਜ-ਰੰਗ ਅਤੇ ਮਾਇਆ ਦੇ ਵਿਸਥਾਰ। ਤੂੰ ਹੀ ਦੱਸ!
ਇਨ੍ਹਾਂ 'ਚੋਂ ਤੇਰਾ ਛੁਟਕਾਰਾ ਕਿਵੇਂ ਹੋਵੇਗਾ?

**ਅਸੁ ਹਸਤੀ ਰਥ ਅਸਵਾਰੀ ॥**
**ਝੂਠਾ ਡੰਫੁ ਝੂਠੁ ਪਾਸਾਰੀ ॥**

ਘੋੜੇ, ਹਾਥੀ, ਰਥ ਅਤੇ ਪਾਲਕੀਆਂ।
ਇਹ ਸਾਰਾ ਪਾਖੰਡ ਅਤੇ ਪਸਾਰਾ ਝੂਠਾ ਹੈ।

**ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥**
**ਨਾਮੁ ਬਿਸਾਰਿ ਨਾਨਕ ਪਛੁਤਾਨਾ ॥੫॥**

ਮੂਰਖ ਜੀਵ ਉਸ ਪ੍ਰਭੂ ਨੂੰ ਨਹੀਂ ਪਛਾਣਦਾ, ਜਿਸਨੇ ਇਹ ਸਭ ਪਦਾਰਥ ਦਿੱਤੇ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਨਾਮ ਨੂੰ ਭੁਲਾ ਕੇ ਜੀਵ ਪਛਤਾਉਂਦਾ ਹੈ।

**ਗੁਰ ਕੀ ਮਤਿ ਤੂੰ ਲੇਹਿ ਇਆਨੇ ॥**
**ਭਗਤਿ ਬਿਨਾ ਬਹੁ ਡੂਬੇ ਸਿਆਨੇ ॥**

ਹੇ ਅਨਜਾਣ ਜੀਵ! ਤੂੰ ਗੁਰੂ ਦੀ ਸਿੱਖਿਆ ਲੈ। ਬਹੁਤੇ ਅਕਲਮੰਦ ਵੀ ਹਰੀ ਦੀ ਭਗਤੀ ਤੋਂ ਬਿਨਾਂ ਡੁੱਬੇ ਹਨ।

**ਹਰਿ ਕੀ ਭਗਤਿ ਕਰਹੁ ਮਨ ਮੀਤ ॥**
**ਨਿਰਮਲ ਹੋਇ ਤੁਮ੍ਾਰੋ ਚੀਤ ॥**

ਹੇ ਮਿੱਤਰ ਮਨ! ਹਰੀ ਦੀ ਭਗਤੀ ਕਰ ਤਾਂ ਕਿ ਤੇਰਾ ਮਨ ਨਿਰਮਲ ਹੋ ਸਕੇ।

**ਚਰਨ ਕਮਲ ਰਾਖਹੁ ਮਨ ਮਾਹਿ ॥**
**ਜਨਮ ਜਨਮ ਕੇ ਕਿਲਬਿਖ ਜਾਹਿ ॥**

ਪ੍ਰਭੂ ਦੇ ਚਰਨ-ਕਮਲਾਂ ਨੂੰ ਮਨ ਵਿੱਚ ਰੱਖ। ਜਨਮਾਂ-ਜਨਮਾਂਤਰਾਂ ਦੇ ਪਾਪ ਖ਼ਤਮ ਹੋ ਜਾਣਗੇ।

**ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥**
**ਸੁਨਤ ਕਹਤ ਰਹਤ ਗਤਿ ਪਾਵਹੁ ॥**

ਜੇ ਆਪ ਨਾਮ ਜਪੇਂਗਾ ਅਤੇ ਹੋਰਨਾਂ ਨੂੰ ਨਾਮ ਜਪਾਏਂਗਾ ਤਾਂ ਤੂੰ ਸੁਣਦਿਆਂ, ਕਹਿੰਦਿਆਂ, ਬਹਿੰਦਿਆਂ ਹੀ ਮੁਕਤ ਹੋ ਜਾਏਂਗਾ।

**ਸਾਰ ਭੂਤ ਸਤਿ ਹਰਿ ਕੋ ਨਾਉ ॥**

**ਸਹਜਿ ਸੁਭਾਇ ਨਾਨਕ ਗੁਨ ਗਾਉ ॥੬॥**

ਪਰਮ ਤੱਤ ਰੂਪ ਤਾਂ ਹਰੀ ਦਾ ਨਾਮ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਹਿਜ ਸੁਭਾਅ ਪ੍ਰਭੂ ਦੇ ਗੁਣ ਗਾ।

**ਗੁਨ ਗਾਵਤ ਤੇਰੀ ਉਤਰਸਿ ਮੈਲੁ ॥**

**ਬਿਨਸਿ ਜਾਇ ਹਉਮੈ ਬਿਖੁ ਫੈਲੁ ॥**

ਹੇ ਮਨਾ! ਪਰਮੇਸ਼ਰ ਦੇ ਗੁਣ ਗਾਉਂਦਿਆਂ ਤੇਰੀ ਮੈਲ ਉੱਤਰ ਜਾਵੇਗੀ। ਹੰਕਾਰ ਰੂਪ ਫੈਲੀ ਹੋਈ ਜ਼ਹਿਰ ਨਾਸ ਹੋ ਜਾਵੇਗੀ।

**ਹੋਹਿ ਅਚਿੰਤੁ ਬਸੈ ਸੁਖ ਨਾਲਿ ॥**

**ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥**

ਬੇਫ਼ਿਕਰ ਹੋ ਕੇ ਸੁਖ ਨਾਲ ਵੱਸੇਂਗਾ। ਸਾਹ ਲੈਂਦਾ ਅਤੇ ਭੋਜਨ ਖਾਂਦਾ ਵੀ ਹਰੀ ਦੇ ਨਾਮ ਨੂੰ ਸਿਮਰ।

**ਛਾਡਿ ਸਿਆਨਪ ਸਗਲੀ ਮਨਾ ॥**

**ਸਾਧਸੰਗਿ ਪਾਵਹਿ ਸਚੁ ਧਨਾ ॥**

ਹੇ ਮਨਾ! ਸਾਰੀ ਚਲਾਕੀ ਛੱਡ ਦੇ।
ਸੰਤਾਂ ਦੇ ਸੰਗ 'ਚੋਂ ਹੀ ਸੱਚ ਰੂਪ ਧਨ ਪਾ ਸਕੇਂਗਾ।

**ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥**

**ਈਹਾ ਸੁਖੁ ਦਰਗਹ ਜੈਕਾਰੁ ॥**

ਜੇ ਹਰੀ-ਨਾਮ ਸਿਮਰਨ ਦੀ ਰਾਸ ਇਕੱਠੀ ਕਰਕੇ ਵਿਹਾਰ ਕਰੇਂਗਾ ਤਾਂ ਏਥੇ ਸੁਖ ਅਤੇ ਦਰਗਾਹ ਵਿੱਚ ਜੈ ਜੈ ਕਾਰ ਹੋਵੇਗੀ।

**ਸਰਬ ਨਿਰੰਤਰਿ ਏਕੋ ਦੇਖੁ ॥**

**ਕਹੁ ਨਾਨਕ ਜਾ ਕੈ ਮਸਤਕਿ ਲੇਖੁ ॥੭॥**

ਉਹ ਸਾਰਿਆਂ ਵਿੱਚ ਹਮੇਸ਼ਾਂ ਇੱਕ ਨੂੰ ਹੀ ਦੇਖਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਦੇ ਮੱਥੇ ਦੇ ਲੇਖ ਉੱਤਮ ਹਨ।

**ਏਕੋ ਜਪਿ ਏਕੋ ਸਾਲਾਹਿ ॥**

**ਏਕੁ ਸਿਮਰਿ ਏਕੋ ਮਨ ਆਹਿ ॥**

ਇੱਕ ਨੂੰ ਹੀ ਸਿਮਰ ਅਤੇ ਇਕ ਦੀ ਹੀ ਸਿਫ਼ਤ ਕਰ। ਇੱਕ ਨੂੰ ਹੀ ਸਿਮਰ ਅਤੇ ਤੇਰੇ ਮਨ ਵਿੱਚ ਇੱਕ ਹੀ ਹੋਵੇ।

**ਏਕਸ ਕੇ ਗੁਨ ਗਾਉ ਅਨੰਤ ॥**

**ਮਨਿ ਤਨਿ ਜਾਪਿ ਏਕ ਭਗਵੰਤ ॥**

ਇਕ ਅਨੰਤ ਦੇ ਹੀ ਗੁਣ ਗਾ। ਮਨ-ਤਨ ਵਿੱਚ ਇਕ ਭਗਵੰਤ ਨੂੰ ਹੀ ਜਪ।

**ਏਕੋ ਏਕੁ ਏਕੁ ਹਰਿ ਆਪਿ ॥**

**ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥**

ਮਨ, ਬਾਣੀ ਅਤੇ ਕਰਮ ਕਰਕੇ ਆਪ ਹਰੀ ਇੱਕ ਹੀ ਹੈ।
ਸਾਰੇ ਪਾਸੇ ਪੂਰਨ ਪ੍ਰਭੂ ਹੀ ਵਿਆਪ ਰਿਹਾ ਹੈ।

**ਅਨਿਕ ਬਿਸਥਾਰ ਏਕ ਤੇ ਭਏ ॥**

**ਏਕੁ ਅਰਾਧਿ ਪਰਾਛਤ ਗਏ ॥**

ਇੱਕੋ ਤੋਂ ਹੀ ਅਨੇਕ ਫੈਲਾਅ ਹੋਏ ਹਨ। ਇੱਕ ਦੇ ਸਿਮਰਨ ਤੋਂ ਹੀ ਪਾਪ ਨਾਸ ਹੋਏ ਹਨ।

**ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥**

**ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥**

ਮਨ-ਤਨ ਵਿੱਚ ਇੱਕ ਪਰਮੇਸ਼ਰ ਹੀ ਰਮਿਆ ਹੋਇਆ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੀ ਕਿਰਪਾ ਨਾਲ ਮੈਂ ਇੱਕ ਨੂੰ ਹੀ ਜਾਣਿਆ ਹੈ।

**ਸਲੋਕੁ ॥**

**ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥**

ਹੇ ਪ੍ਰਭੂ! ਮੈਂ ਜੂਨਾਂ ਵਿੱਚੋਂ ਫਿਰਦਾ-ਫਿਰਦਾ ਆਇਆ ਹਾਂ ਅਤੇ ਤੇਰੀ ਸ਼ਰਨ ਵਿੱਚ ਪਿਆ ਹਾਂ।

**ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪ੍ਰਭੂ!
ਮੇਰੀ ਬੇਨਤੀ ਹੈ ਕਿ ਮੈਨੂੰ ਆਪਣੀ ਭਗਤੀ ਵਿੱਚ ਲਾ ਲਓ।

**ਅਸਟਪਦੀ ॥**

**ਜਾਚਕ ਜਨੁ ਜਾਚੈ ਪ੍ਰਭ ਦਾਨੁ ॥**

**ਕਰਿ ਕਿਰਪਾ ਦੇਵਹੁ ਹਰਿ ਨਾਮੁ ॥**

ਹੇ ਪ੍ਰਭੂ! ਮੈਂ ਮੰਗਤਾ ਦਾਨ ਮੰਗਦਾ ਹਾਂ।
ਮਿਹਰ ਨਾਲ ਹਰੀ-ਨਾਮ ਰੂਪ ਦਾਨ ਦਿਓ।

**ਸਾਧ ਜਨਾ ਕੀ ਮਾਗਉ ਧੂਰਿ ॥**

**ਪਾਰਬ੍ਰਹਮ ਮੇਰੀ ਸਰਧਾ ਪੂਰਿ ॥**

ਮੈਂ ਸਾਧੂਆਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ।
ਹੇ ਪਾਰਬ੍ਰਹਮ! ਮੇਰੀ ਇੱਛਾ ਪੂਰਨ ਕਰ।

**ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥**

**ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥**

ਮੈਂ ਹਮੇਸ਼ਾਂ ਪਰਮੇਸ਼ਰ ਦੇ ਹੀ ਗੁਣ ਗਾਵਾਂ।
ਹੇ ਪ੍ਰਭੂ! ਤੈਨੂੰ ਸਵਾਸ-ਸਵਾਸ ਸਿਮਰਾਂ।

**ਚਰਨ ਕਮਲ ਸਿਉ ਲਾਗੈ ਪ੍ਰੀਤਿ ॥**
**ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥**

ਤੇਰੇ ਚਰਨ ਕਮਲਾਂ ਨਾਲ ਮੇਰੀ ਪ੍ਰੀਤ ਲੱਗੇ।
ਮੈਂ ਹਮੇਸ਼ਾਂ ਪ੍ਰਭੂ ਦੀ ਭਗਤੀ ਕਰਾਂ।

**ਏਕ ਓਟ ਏਕੋ ਆਧਾਰੁ ॥**
**ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥੧॥**

ਮੈਨੂੰ ਓਟ ਇੱਕ ਦੀ ਹੀ ਹੋਵੇ ਅਤੇ ਇੱਕ ਦਾ ਹੀ ਆਸਰਾ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਪ੍ਰਭੂ ਦਾ ਨਾਮ ਮੰਗਦਾ ਹਾਂ।

**ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥**
**ਹਰਿ ਰਸੁ ਪਾਵੈ ਬਿਰਲਾ ਕੋਇ ॥**

ਪਰਮੇਸ਼ਰ ਦੀ ਸੁਵੱਲੀ ਨਜ਼ਰ ਨਾਲ ਮਹਾਨ ਸੁਖ ਦੀ ਪ੍ਰਾਪਤੀ ਹੁੰਦੀ ਹੈ। ਕੋਈ ਵਿਰਲਾ ਹੀ ਹਰੀ-ਨਾਮ ਸਿਮਰਨ ਦਾ ਰਸ ਲੈਂਦਾ ਹੈ।

**ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥**
**ਪੂਰਨ ਪੁਰਖ ਨਹੀ ਡੋਲਾਨੇ ॥**

ਜਿਨ੍ਹਾਂ ਨੇ ਨਾਮ ਦਾ ਰਸ ਚਖਿਆ, ਉਹੋ ਆਦਮੀ ਤ੍ਰਿਪਤ ਹੋਏ ਹਨ। ਉਹੋ ਹੀ ਪੂਰਨ ਪੁਰਖ ਹਨ, ਜੋ ਡੋਲਦੇ ਨਹੀਂ ਹਨ।

**ਸੁਭਰ ਭਰੇ ਪ੍ਰੇਮ ਰਸ ਰੰਗਿ ॥**
**ਉਪਜੈ ਚਾਉ ਸਾਧ ਕੈ ਸੰਗਿ ॥**

ਜੋ ਸਾਧੂ ਪ੍ਰੇਮ ਦੇ ਰਸ ਦੇ ਆਨੰਦ ਨਾਲ ਪੂਰੇ ਭਰੇ ਹੋਏ ਹਨ। ਉਨ੍ਹਾਂ ਸਾਧੂਆਂ ਦੇ ਸੰਗ ਤੋਂ ਹੀ ਨਾਮ ਸਿਮਰਨ ਦਾ ਚਾਅ ਪੈਦਾ ਹੁੰਦਾ ਹੈ।

**ਪਰੇ ਸਰਨਿ ਆਨ ਸਭ ਤਿਆਗਿ ॥**
**ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥**

ਹੋਰ ਸਾਰੀ ਸ਼ਾਨ ਨੂੰ ਛੱਡ ਕੇ ਤੇਰੀ ਸ਼ਰਨ ਪਏ ਹਾਂ। ਅੰਦਰੂਨੀ ਚਾਨਣ ਨਾਲ ਦਿਨ-ਰਾਤ ਤੇਰੇ ਚਰਨਾਂ ਨਾਲ ਲਿਵ ਲੱਗੀ ਰਹਿੰਦੀ ਹੈ।

**ਬਡਭਾਗੀ ਜਪਿਆ ਪ੍ਰਭੁ ਸੋਇ ॥**
**ਨਾਨਕ ਨਾਮਿ ਰਤੇ ਸੁਖੁ ਹੋਇ ॥੨॥**

ਵੱਡੇ ਕਰਮਾਂ ਵਾਲਿਆਂ ਹੀ ਉਸ ਪਰਮੇਸ਼ਰ ਨੂੰ ਜਪਿਆ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਨਾਮ ਨਾਲ ਰੱਤਿਆਂ ਨੂੰ ਸੁਖ ਪ੍ਰਾਪਤ ਹੁੰਦਾ ਹੈ।

**ਸੇਵਕ ਕੀ ਮਨਸਾ ਪੂਰੀ ਭਈ ॥**
**ਸਤਿਗੁਰ ਤੇ ਨਿਰਮਲ ਮਤਿ ਲਈ ॥**

ਉਸ ਸੇਵਕ ਦੀ ਮਨਸਾ ਪੂਰੀ ਹੋ ਗਈ ਹੈ।
ਜਿਸ ਨੇ ਸਤਿਗੁਰ ਤੋਂ ਨਿਰਮਲ ਸਿੱਖਿਆ ਲਈ ਹੈ।

**ਜਨ ਕਉ ਪ੍ਰਭੁ ਹੋਇਓ ਦਇਆਲੁ ॥**
**ਸੇਵਕੁ ਕੀਨੋ ਸਦਾ ਨਿਹਾਲੁ ॥**

ਸੇਵਕ ਲਈ ਪ੍ਰਭੂ ਮਿਹਰਬਾਨ ਹੋਇਆ ਅਤੇ ਸੇਵਕ ਨੂੰ ਸਦਾ ਲਈ ਨਿਹਾਲ ਕਰ ਦਿੱਤਾ।

**ਬੰਧਨ ਕਾਟਿ ਮੁਕਤਿ ਜਨੁ ਭਇਆ ॥**
**ਜਨਮ ਮਰਨ ਦੂਖੁ ਭ੍ਰਮੁ ਗਇਆ ॥**

ਜੀਵ ਦੇ ਬੰਧਨ ਕੱਟੇ ਗਏ ਅਤੇ ਮੁਕਤ ਹੋ ਗਿਆ। ਜੰਮਣਾ, ਮਰਣਾ, ਦੁੱਖ ਅਤੇ ਭਰਮ ਦਾ ਨਾਸ ਹੋ ਗਿਆ ਹੈ।

**ਇਛ ਪੁਨੀ ਸਰਧਾ ਸਭ ਪੂਰੀ ॥**
**ਰਵਿ ਰਹਿਆ ਸਦ ਸੰਗਿ ਹਜੂਰੀ ॥**

ਇੱਛਾ ਅਤੇ ਸਾਰੀ ਤਮੰਨਾ ਵੀ ਪੂਰੀ ਹੋ ਗਈ। ਜੋ ਪਰਮੇਸ਼ਰ ਹਮੇਸ਼ਾਂ ਸੰਗੀ ਹੈ, ਸੇਵਕ ਉਸ ਨਾਲ ਮਿਲ ਰਿਹਾ ਹੈ।

**ਜਿਸ ਕਾ ਸਾ ਤਿਨਿ ਲੀਆ ਮਿਲਾਇ ॥**
**ਨਾਨਕ ਭਗਤੀ ਨਾਮਿ ਸਮਾਇ ॥੩॥**

ਜਿਸ ਗੁਰੂ ਦਾ ਸੇਵਕ ਸੀ, ਉਸਨੇ ਆਪਣੇ ਸਰੂਪ ਵਿੱਚ ਅਭੇਦ ਕਰ ਲਿਆ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਗਤੀ ਨਾਲ ਨਾਮ ਵਿੱਚ ਜੀਵ ਮਿਲ ਜਾਂਦਾ ਹੈ।

**ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥**
**ਸੋ ਕਿਉ ਬਿਸਰੈ ਜਿ ਕੀਆ ਜਾਨੈ ॥**

ਜਿਹੜਾ ਸੇਵਕ ਦੀ ਘਾਲ ਨੂੰ ਵਿਸਾਰਦਾ ਨਹੀਂ, ਉਹ ਕਿਉਂ ਭੁੱਲ ਜਾਵੇ?
ਜਿਹੜਾ ਅਹਿਸਾਨ ਨੂੰ ਸਮਝਦਾ ਹੈ, ਉਹ ਕਿਉਂ ਭੁੱਲੇ?

**ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥**
**ਸੋ ਕਿਉ ਬਿਸਰੈ ਜਿ ਜੀਵਨ ਜੀਆ ॥**

ਜਿਸਨੇ ਸਭ ਕੁਝ ਦਿੱਤਾ ਹੋਵੇ, ਉਹ ਕਿਉਂ ਭੁੱਲੇ?
ਜਿਹੜਾ ਜੀਵਨ ਜਿਉਣ ਦਾ ਢੰਗ ਦੱਸਦਾ ਹੈ, ਉਹ ਕਿਉਂ ਭੁੱਲੇ?

**ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥**
**ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥**

ਜਿਹੜਾ ਅੱਗ ਵਿੱਚੋਂ ਵੀ ਰੱਖ ਲੈਂਦਾ ਹੋਵੇ, ਉਹ ਕਿਉਂ ਭੁੱਲੇ?
ਇਹ ਗੱਲਾਂ ਕੋਈ ਵਿਰਲਾ ਹੀ ਗੁਰੂ ਦੀ ਮਿਹਰ ਨਾਲ ਸਮਝਦਾ ਹੈ।

**ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ॥**
**ਜਨਮ ਜਨਮ ਕਾ ਟੂਟਾ ਗਾਢੈ ॥**

ਜਿਹੜਾ ਸੰਸਾਰਿਕ ਮਾਇਆ ਰੂਪੀ ਜ਼ਹਿਰ ਤੋਂ ਕੱਢ ਲੈਂਦਾ ਹੋਵੇ,
ਉਹ ਕਿਉਂ ਭੁੱਲੇ? ਜਨਮ-ਜਨਮਾਂਤਰਾਂ ਦਾ ਟੁੱਟਾ ਹੋਇਆ ਮਨ,
ਜੋ ਗੰਢ ਲੈਂਦਾ ਹੋਵੇ, ਉਹ ਕਿਉਂ ਭੁੱਲੇ?

**ਗੁਰਿ ਪੂਰੈ ਤਤੁ ਇਹੈ ਬੁਝਾਇਆ ॥**
**ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥੪॥**

ਪੂਰਨ ਗੁਰੂ ਨੇ ਇਹ ਸਿਧਾਂਤ ਸਮਝਾਇਆ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੇਵਕ ਨੇ ਤਾਂ ਹੀ ਆਪਣਾ ਪ੍ਰਭੂ ਸਿਮਰਿਆ ਹੈ।

**ਸਾਜਨ ਸੰਤ ਕਰਹੁ ਇਹੁ ਕਾਮੁ ॥**
**ਆਨ ਤਿਆਗਿ ਜਪਹੁ ਹਰਿ ਨਾਮੁ ॥**

ਹੇ ਸੰਤ ਸੱਜਣੋ! ਇਹ ਕੰਮ ਕਰੋ। ਹੋਰ ਸਭ ਕੁਝ ਛੱਡ ਕੇ ਹਰੀ ਦਾ ਨਾਮ ਜਪੋ।

**ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥**
**ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥**

ਜੇ ਮਨ, ਬਾਣੀ ਤੇ ਕਰਮ ਕਰਕੇ ਸਿਮਰਨ ਤੋਂ ਸੁਖ ਮੰਨ ਲਉਗੇ ਤਾਂ ਆਪ ਵੀ
ਨਾਮ ਜਪ ਸਕੋਗੇ ਅਤੇ ਹੋਰਨਾਂ ਨੂੰ ਵੀ ਨਾਮ ਜਪਾ ਸਕੋਗੇ।

**ਭਗਤਿ ਭਾਇ ਤਰੀਐ ਸੰਸਾਰੁ ॥**
**ਬਿਨੁ ਭਗਤੀ ਤਨੁ ਹੋਸੀ ਛਾਰੁ ॥**

ਪ੍ਰੇਮਾ ਭਗਤੀ ਨਾਲ ਹੀ ਸੰਸਾਰ-ਸਮੁੰਦਰ ਤਰਿਆ ਜਾ ਸਕਦਾ ਹੈ। ਭਗਤੀ ਤੋਂ
ਬਿਨਾਂ ਸਰੀਰ ਸੁਆਹ(ਵਿਅਰਥ) ਹੈ।

**ਸਰਬ ਕਲਿਆਣ ਸੂਖ ਨਿਧਿ ਨਾਮੁ ॥**
**ਬੂਡਤ ਜਾਤ ਪਾਏ ਬਿਸ੍ਰਾਮੁ ॥**

ਨਾਮ ਵਿੱਚ ਹੀ ਸਾਰੀਆਂ ਖੁਸ਼ੀਆਂ, ਸੁਖ ਅਤੇ ਖਜ਼ਾਨੇ ਹਨ।
ਡੁਬਦੇ ਜਾਂਦੇ ਜੀਵ ਵੀ ਟਿਕਾਉ ਪਾ ਸਕਦੇ ਹਨ।

**ਸਗਲ ਦੂਖ ਕਾ ਹੋਵਤ ਨਾਸੁ ॥**
**ਨਾਨਕ ਨਾਮੁ ਜਪਹੁ ਗੁਨਤਾਸੁ ॥੫॥**

ਜਿਸ ਤੋਂ ਸਾਰਿਆਂ ਦੁੱਖਾਂ ਦਾ ਨਾਸ ਹੋ ਜਾਂਦਾ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਣਾਂ ਦੇ ਪਾਤਰ ਅਰਥਾਤ ਭੰਡਾਰ ਨਾਮ ਨੂੰ ਜਪੋ।

**ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥**
**ਮਨ ਤਨ ਅੰਤਰਿ ਇਹੀ ਸੁਆਉ ॥**

ਸਾਧੂ ਦੇ ਸੰਗ ਨਾਲ ਪ੍ਰੇਮ-ਰਸ ਤੇ ਪ੍ਰਭੂ-ਪ੍ਰੀਤ ਦਾ ਉਤਸ਼ਾਹ ਪੈਦਾ ਹੋਇਆ ਹੈ।
ਮਨ ਅਤੇ ਤਨ ਵਿੱਚ ਪ੍ਰੇਮ-ਰਸ ਦੇ ਚਾਅ ਦਾ ਸੁਆਰਥ ਹੈ।

**ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥**
**ਮਨੁ ਬਿਗਸੈ ਸਾਧ ਚਰਨ ਧੋਇ ॥**

ਅੱਖਾਂ ਰਾਹੀਂ ਸਾਧ ਦਾ ਦਰਸ਼ਨ ਕੀਤਿਆਂ ਸੁਖ ਹੁੰਦਾ ਹੈ।
ਸਾਧ ਦੇ ਚਰਨ ਧੋਇਆਂ ਮਨ ਖਿੜ ਜਾਂਦਾ ਹੈ।

**ਭਗਤ ਜਨਾ ਕੈ ਮਨਿ ਤਨਿ ਰੰਗੁ ॥**
**ਬਿਰਲਾ ਕੋਊ ਪਾਵੈ ਸੰਗੁ ॥**

ਜਿਨ੍ਹਾਂ ਸੰਤਾਂ ਦੇ ਮਨ-ਤਨ ਵਿੱਚ ਨਾਮ ਦਾ ਰੰਗ ਚੜ੍ਹਿਆ ਹੋਇਆ ਹੈ। ਉਹਨਾਂ ਦਾ ਸੰਗ ਕੋਈ ਵਿਰਲਾ ਹੀ ਪਾ ਸਕਦਾ ਹੈ।

**ਏਕ ਬਸਤੁ ਦੀਜੈ ਕਰਿ ਮਇਆ ॥**
**ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥**

ਹੇ ਪਰਮੇਸ਼ਰ! ਮਿਹਰ ਕਰਕੇ ਇੱਕ ਵਸਤੂ ਦਿਓ ਕਿ ਗੁਰੂ ਦੀ ਕਿਰਪਾ ਨਾਲ ਨਾਮ-ਸਿਮਰਨ ਕਰ ਲਈਏ।

**ਤਾ ਕੀ ਉਪਮਾ ਕਹੀ ਨ ਜਾਇ ॥**
**ਨਾਨਕ ਰਹਿਆ ਸਰਬ ਸਮਾਇ ॥੬॥**

ਉਸ ਗੁਰੂ ਦੀ ਉਪਮਾ ਕਹੀ ਨਹੀਂ ਜਾਂਦੀ, ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਸਾਰਿਆਂ ਵਿੱਚ ਹੀ ਸਮਾ ਰਿਹਾ ਹੈ।

**ਪ੍ਰਭ ਬਖਸੰਦ ਦੀਨ ਦਇਆਲ ॥**
**ਭਗਤਿ ਵਛਲ ਸਦਾ ਕਿਰਪਾਲ ॥**

ਪ੍ਰਭੂ ਮੁਕਤੀ ਦਾਤਾ ਅਤੇ ਗਰੀਬ ਨਿਵਾਜ ਹੈ। ਉਹ ਭਗਤਾਂ ਦਾ ਪ੍ਰੀਤਮ ਅਤੇ ਸਦਾ ਮਿਹਰਬਾਨ ਹੈ।

**ਅਨਾਥ ਨਾਥ ਗੋਬਿੰਦ ਗੁਪਾਲ ॥**
**ਸਰਬ ਘਟਾ ਕਰਤ ਪ੍ਰਤਿਪਾਲ ॥**

ਯਤੀਮ ਨਿਵਾਜ਼, ਧਰਤੀ ਦਾ ਮਾਲਕ ਅਤੇ ਗਊਆਂ ਦਾ ਪਾਲਣ ਵਾਲਾ ਹੈ। ਸਾਰਿਆਂ ਜੀਵਾਂ ਦੀ ਪ੍ਰਤਿਪਾਲਣਾ ਕਰਨ ਵਾਲਾ ਹੈ।

**ਆਦਿ ਪੁਰਖ ਕਾਰਣ ਕਰਤਾਰ ॥**
**ਭਗਤ ਜਨਾ ਕੇ ਪ੍ਰਾਨ ਅਧਾਰ ॥**

ਆਦਿ ਪੁਰਸ਼ ਦਾ ਮੂਲ ਰਚਣ ਵਾਲਾ ਅਤੇ ਕਾਰਨ ਦੇ ਕਰਨ ਵਾਲਾ ਕਰਤਾਰ ਹੈ। ਸੰਤਾਂ ਦੇ ਪ੍ਰਾਣਾਂ ਦਾ ਆਸਰਾ ਹੈ।

**ਜੋ ਜੋ ਜਪੈ ਸੁ ਹੋਇ ਪੁਨੀਤ ॥**
**ਭਗਤਿ ਭਾਇ ਲਾਵੈ ਮਨ ਹੀਤ ॥**

ਜਿਹੜਾ-ਜਿਹੜਾ ਜਪਦਾ ਅਤੇ ਭਗਤੀ ਦੇ ਭਾਵ ਅਨੁਸਾਰ ਮਨ ਤੋਂ ਪ੍ਰੇਮ ਕਰਦਾ ਹੈ, ਉਹ ਪਵਿੱਤਰ ਹੋ ਜਾਂਦਾ ਹੈ।

**ਹਮ ਨਿਰਗੁਨੀਆਰ ਨੀਚ ਅਜਾਨ ॥**
**ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥੭॥**

ਅਸੀਂ ਨਿਰਗੁਣ, ਨੀਚ ਅਤੇ ਅਗਿਆਨੀ ਹਾਂ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਅਸੀਂ ਤੇਰੀ ਸ਼ਰਨ ਵਿੱਚ ਹਾਂ।

**ਸਰਬ ਬੈਕੁੰਠ ਮੁਕਤਿ ਮੋਖ ਪਾਏ ॥**
**ਏਕ ਨਿਮਖ ਹਰਿ ਕੇ ਗੁਨ ਗਾਏ ॥**

ਉਹ ਬੈਕੁੰਠ ਦੇ ਸਾਰੇ ਸੁਖ ਅਤੇ ਜੀਵਨ ਮੁਕਤੀ ਪਾ ਲੈਂਦਾ ਹੈ। ਜੋ ਇਕ ਪਲ ਮਾਤਰ ਵੀ ਪਰਮੇਸ਼ਰ ਦੇ ਗੁਣ ਗਾ ਲਏ।

**ਅਨਿਕ ਰਾਜ ਭੋਗ ਬਡਿਆਈ ॥**
**ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥**

ਉਸਨੇ ਅਨੇਕਾਂ ਰਾਜ, ਭੋਗ ਅਤੇ ਵਡਿਆਈਆਂ ਪਾ ਲਈਆਂ ਹਨ। ਜਿਸ ਦੇ ਮਨ ਨੂੰ ਹਰੀ ਦੇ ਨਾਮ ਦੀ ਕਥਾ ਚੰਗੀ ਲਗ ਗਈ।

**ਬਹੁ ਭੋਜਨ ਕਾਪਰ ਸੰਗੀਤ ॥**
**ਰਸਨਾ ਜਪਤੀ ਹਰਿ ਹਰਿ ਨੀਤ ॥**

ਉਹ ਬਹੁਤੇ ਭੋਜਨ, ਕੱਪੜੇ ਅਤੇ ਸੰਗੀਤ ਦਾ ਆਨੰਦ ਲੈਂਦਾ ਹੈ।
ਉਸਦੀ ਰਸਨਾ ਸਦਾ ਹੀ ਹਰੀ ਦਾ ਨਾਮ ਜਪਦੀ ਹੈ।

**ਭਲੀ ਸੁ ਕਰਨੀ ਸੋਭਾ ਧਨਵੰਤ ॥**
**ਹਿਰਦੈ ਬਸੇ ਪੂਰਨ ਗੁਰ ਮੰਤ ॥**

ਉਸਦੀ ਕਰਣੀ ਉੱਤਮ, ਸ਼ੋਭਨੀਕ ਅਤੇ ਧਨੀ ਹੈ। ਜਿਸ ਦੇ ਹਿਰਦੇ ਵਿੱਚ ਪੂਰਨ ਗੁਰੂ ਦਾ ਮੰਤਰ ਵੱਸ ਜਾਵੇ।

**ਸਾਧਸੰਗਿ ਪ੍ਰਭ ਦੇਹੁ ਨਿਵਾਸ ॥**
**ਸਰਬ ਸੂਖ ਨਾਨਕ ਪਰਗਾਸ ॥੮॥੨੦॥**

ਹੇ ਪ੍ਰਭੂ! ਜੇ ਤੁਸੀਂ ਮੇਰਾ ਸਾਧ ਸੰਗਤ ਵਿੱਚ ਨਿਵਾਸ ਬਖਸ਼ੋ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੇਰੇ ਲਈ ਇਹ ਸਾਰੇ ਸੁਖਾਂ ਨੂੰ ਪ੍ਰਾਪਤ ਕਰਨਾ ਹੋਵੇਗਾ।

## ਸਲੋਕੁ

**ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥**

ਗੁਣਾਂ ਸਹਿਤ ਅਰਥਾਤ ਦੇਹਧਾਰੀ, ਗੁਣਾਂ ਤੋਂ ਬਿਨਾਂ ਅਰਥਾਤ ਵਿਦੇਹ, ਆਕਾਰ ਤੋਂ ਰਹਿਤ ਅਤੇ ਅਫੁਰ ਸਮਾਧੀ ਵਾਲਾ ਉਹ ਆਪ ਹੀ ਹੈ।

**ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸਨੇ ਆਪਣਾ ਸਿਮਰਨ ਸੰਤ ਰੂਪ ਹੋ ਕੇ ਆਪ ਹੀ ਬਣਾਇਆ ਹੈ।

**ਅਸਟਪਦੀ ॥**

**ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥ ਪਾਪ ਪੁੰਨ ਤਬ ਕਹ ਤੇ ਹੋਤਾ ॥**

ਜਦੋਂ ਇਹ ਦੁਨੀਆਂ ਦਾ ਨਕਸ਼ਾ ਕੁਝ ਵੀ ਨਹੀਂ ਸੀ ਦਿਸਦਾ।
ਉਦੋਂ ਪਾਪ ਪੁੰਨ ਕਿੱਥੋਂ ਪੈਦਾ ਹੁੰਦਾ ਸੀ?

**ਜਬ ਧਾਰੀ ਆਪਨ ਸੁੰਨ ਸਮਾਧਿ ॥**
**ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥**

ਜਦੋਂ ਪ੍ਰਭੂ ਨੇ ਆਪਣੇ ਆਪ ਵਿੱਚ ਅਫੁਰ ਸਮਾਧੀ ਲਾਈ ਹੋਈ ਸੀ।
ਉਦੋਂ ਉਹ ਵੈਰ ਵਿਰੋਧ ਕਿਸ ਨਾਲ ਕਮਾਉਂਦਾ ਸੀ?

**ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥**
**ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥**

ਜਦੋਂ ਇਸ ਸੰਸਾਰ ਦਾ ਵਰਣ ਚਿੰਨ੍ਹ ਕੁਝ ਵੀ ਨਹੀਂ ਸੀ ਜਾਪਦਾ ਤਾਂ ਓਦੋਂ ਦੱਸੋ ਕਿ ਖੁਸ਼ੀ-ਗਮੀ ਕਿਸਨੂੰ ਵਿਆਪਦੀ ਸੀ?

**ਜਬ ਆਪਨ ਆਪ ਆਪਿ ਪਾਰਬ੍ਰਹਮ ॥**
**ਤਬ ਮੋਹ ਕਹਾ ਕਿਸੁ ਹੋਵਤ ਭਰਮ ॥**

ਜਦੋਂ ਮਨ, ਬਾਣੀ, ਕਰਮ ਕਰਕੇ ਉਹ ਆਪਣੇ ਆਪ ਵਿੱਚ ਆਪ ਹੀ ਪਾਰਬ੍ਰਹਮ ਸੀ ਤਾਂ ਓਦੋਂ ਮੋਹ ਕਿੱਥੇ ਸੀ? ਅਤੇ ਭਰਮ ਕੀਹਨੂੰ ਹੁੰਦਾ ਸੀ?

**ਆਪਨ ਖੇਲੁ ਆਪਿ ਵਰਤੀਜਾ ॥**
**ਨਾਨਕ ਕਰਨੈਹਾਰੁ ਨ ਦੂਜਾ ॥੧॥**

ਉਹ ਆਪਣਾ ਖੇਲ ਆਪ ਹੀ ਵਰਤਾਉਣ ਵਾਲਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹ ਸਭ ਕੁਝ ਕਰਨ ਵਾਲਾ ਹੋਰ ਕੋਈ ਦੂਸਰਾ ਨਹੀਂ, ਪ੍ਰਭੂ ਆਪ ਹੀ ਹੈ।

**ਜਬ ਹੋਵਤ ਪ੍ਰਭ ਕੇਵਲ ਧਨੀ ॥**
**ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ॥**

ਜਦੋਂ ਕੇਵਲ ਇੱਕ ਮਾਲਕ ਪ੍ਰਭੂ ਹੀ ਸੀ। ਉਸ ਸਮੇਂ ਕੌਣ ਬੰਧਨਾਂ ਵਿੱਚ ਹੈ?
ਕੌਣ ਮੁਕਤ ਹੈ? ਐਸੀ ਕੋਈ ਗਿਣਤੀ ਨਹੀਂ ਸੀ।

**ਜਬ ਏਕਹਿ ਹਰਿ ਅਗਮ ਅਪਾਰ ॥**
**ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥**

ਜਦੋਂ ਬੇਅੰਤ ਅਤੇ ਅਚੱਲ ਇੱਕ ਹੀ ਪ੍ਰਭੂ ਸੀ ਤਾਂ ਓਦੋਂ ਦੱਸੋ ਨਰਕ-ਸਵਰਗ ਵਿੱਚੋਂ ਜਨਮ ਲੈਣ ਵਾਲਾ ਕੌਣ ਸੀ?

**ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥**
**ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥**

ਜਦੋਂ ਨਿਰਗੁਣ ਪ੍ਰਭੂ ਰਹੱਸਮਈ ਤੇ ਉੱਤਮ ਭਾਵ ਵਾਲਾ ਸੀ ਤਾਂ ਓਦੋਂ ਦੱਸੋ, ਕਲਿਆਣ ਰੂਪ ਮਾਇਆ ਕਿਸ ਥਾਂ ਸੀ?

**ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥**
**ਤਬ ਕਵਨ ਨਿਡਰੁ ਕਵਨ ਕਤ ਡਰੈ ॥**

ਜਦੋਂ ਪ੍ਰਭੂ ਆਪਣੇ ਆਪ ਹੀ ਆਪਣੀ ਜੋਤ ਲਈ ਬੈਠਾ ਸੀ ਤਾਂ ਕੌਣ ਨਿਡਰ ਸੀ ਅਤੇ ਕੌਣ ਕਿਸ ਤੋਂ ਡਰਦਾ ਸੀ?

**ਆਪਨ ਚਲਿਤ ਆਪਿ ਕਰਨੈਹਾਰ ॥**

**ਨਾਨਕ ਠਾਕੁਰ ਅਗਮ ਅਪਾਰ ॥੨॥**

ਹਰੀ ਆਪਣਿਆਂ ਕੌਤਕਾਂ ਨੂੰ ਆਪ ਹੀ ਕਰਨ ਵਾਲਾ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਾਤਸ਼ਾਹ, ਗੰਭੀਰ ਅਤੇ ਬੇਅੰਤ ਹੈ।

**ਅਬਿਨਾਸੀ ਸੁਖ ਆਪਨ ਆਸਨ ॥**

**ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥**

ਜਦੋਂ ਅਬਿਨਾਸੀ ਪਰਮੇਸ਼ਰ ਆਪਣੇ ਆਸਣ 'ਤੇ ਹੀ ਸੁਖ ਲੈ ਰਿਹਾ ਸੀ ਤਾਂ ਦੱਸੋ ਕਿ ਜੰਮਣ-ਮਰਨ ਦੇ ਨਾਸ਼ ਦਾ ਚੱਕਰ ਕਿੱਥੇ ਸੀ?

**ਜਬ ਪੂਰਨ ਕਰਤਾ ਪ੍ਰਭੁ ਸੋਇ ॥**

**ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ ॥**

ਜਦੋਂ ਪੂਰਨ ਕਰਤਾ ਪ੍ਰਭੂ ਉਹੀ ਸੀ ਤਾਂ ਦੱਸੋ ਕਿ ਜਮ ਦੀ ਪੀੜ ਕੀਹਨੂੰ ਹੁੰਦੀ ਸੀ?

**ਜਬ ਅਬਿਗਤ ਅਗੋਚਰ ਪ੍ਰਭ ਏਕਾ ॥**

**ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥**

ਜਦੋਂ ਗੁਪਤ ਅਦ੍ਰਿਸ਼ਟ ਇੱਕ ਹੀ ਪ੍ਰਭੂ ਸੀ ਤਾਂ ਚਿੱਤਰ-ਗੁਪਤ ਲੇਖਾ ਕਿਸਨੂੰ ਪੁੱਛਦੇ ਸਨ?

**ਜਬ ਨਾਥ ਨਿਰੰਜਨ ਅਗੋਚਰ ਅਗਾਧੇ ॥**

**ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥**

ਜਦੋਂ ਸਵਾਮੀ ਇਕੱਲਾ ਅਗੋਚਰ ਅਤੇ ਗੰਭੀਰ ਆਪ ਹੀ ਸੀ ਤਾਂ ਬੰਧਨ ਵਿੱਚ ਬੱਧੇ ਹੋਏ ਕੌਣ ਸਨ ਅਤੇ ਛੁੱਟਦਾ ਕੌਣ ਸੀ?

**ਆਪਨ ਆਪ ਆਪ ਹੀ ਅਚਰਜਾ ॥**

**ਨਾਨਕ ਆਪਨ ਰੂਪ ਆਪ ਹੀ ਉਪਰਜਾ ॥੩॥**

ਜਿਸਦਾ ਆਪਣਾ ਨਿਜ ਸਰੂਪ ਹੀ ਅਸਚਰਜ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਆਪਣਾ ਰੂਪ ਆਪ ਹੀ ਪੈਦਾ ਕੀਤਾ ਹੋਇਆ ਹੈ।

**ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥**

**ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥**

ਜਿੱਥੇ ਜੀਵ ਦਾ ਸੁਆਮੀ ਕੇਵਲ ਨਿਰਮਲ ਪ੍ਰਭੂ ਸੀ। ਉਥੇ ਕਿਸੇ ਨੂੰ ਕੋਈ ਮੈਲ ਨਹੀਂ ਸੀ, ਦੱਸੋ ਫਿਰ ਕੋਈ ਕੀ ਧੋਂਦਾ ਹੈ?

**ਜਹ ਨਿਰੰਜਨ ਨਿਰੰਕਾਰ ਨਿਰਬਾਨ ॥**

**ਤਹ ਕਉਨ ਕਉ ਮਾਨ ਕਉਨ ਅਭਿਮਾਨ ॥**

ਜਿੱਥੇ ਮਾਇਆ ਤੇ ਆਕਾਰ ਰਹਿਤ, ਮੁਕਤ ਪਰਮੇਸ਼ਰ ਆਪ ਹੀ ਹੈ।
ਉੱਥੇ ਮਾਣ ਅਤੇ ਅਪਮਾਨ ਕਿਸਨੂੰ ਮਿਲੇਗਾ?

**ਜਹ ਸਰੂਪ ਕੇਵਲ ਜਗਦੀਸ ॥**
**ਤਹ ਛਲ ਛਿਦ੍ਰ ਲਗਤ ਕਹੁ ਕੀਸ ॥**

ਜਿੱਥੇ ਕੇਵਲ ਜਗਤ ਸਿਰਜਕ ਦਾ ਹੀ ਸਰੂਪ ਹੈ।
ਉੱਥੇ ਦੱਸੋ ਕਿ ਛਲ ਅਤੇ ਦੋਸ਼ ਕਿਸਨੂੰ ਲੱਗਦੇ ਹਨ?

**ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥**
**ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥**

ਜਿੱਥੇ ਜੀਵਨ ਦੇ ਸਰੂਪ ਵਾਲਾ ਹੀ ਜ਼ਿੰਦਗੀ ਦੇ ਨਾਲ ਮਿਲਿਆ ਹੋਇਆ ਹੋਵੇ।
ਉੱਥੇ ਭੁੱਖ ਕਿਸ ਨੂੰ ਹੋਵੇਗੀ? ਅਤੇ ਰੱਜੇਗਾ ਕੌਣ?

**ਕਰਨ ਕਰਾਵਨ ਕਰਨੈਹਾਰੁ ॥**
**ਨਾਨਕ ਕਰਤੇ ਕਾ ਨਾਹਿ ਸੁਮਾਰੁ ॥੪॥**

ਉਹ ਪ੍ਰਭੂ ਕਾਰਨਾਂ ਤੇ ਕਾਰਜਾਂ ਨੂੰ ਕਰਨ ਵਾਲਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ
ਕਿ ਕਰਤੇ-ਪੁਰਖ ਦਾ ਹਿਸਾਬ ਨਹੀਂ ਲਾਇਆ ਜਾ ਸਕਦਾ।

**ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥**
**ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ ॥**

ਜਦੋਂ ਉਸਨੇ ਆਪਣੀ ਉਪਮਾ ਆਪਣੇ ਨਾਲ ਹੀ ਬਣਾਈ ਹੋਈ ਸੀ। ਉਦੋਂ
ਉਸਦੀ ਕਿਹੜੀ ਮਾਂ? ਕਿਹੜਾ ਪਿਉ? ਕਿਹੜਾ ਮਿੱਤਰ?
ਕਿਹੜਾ ਪੁੱਤਰ? ਅਤੇ ਕਿਹੜਾ ਭਰਾ ਸੀ?

**ਜਹ ਸਰਬ ਕਲਾ ਆਪਹਿ ਪਰਬੀਨ ॥**
**ਤਹ ਬੇਦ ਕਤੇਬ ਕਹਾ ਕੋਊ ਚੀਨ ॥**

ਜਿੱਥੇ ਸਾਰਿਆਂ ਹੁਨਰਾਂ ਵਿੱਚ ਆਪ ਹੀ ਸਿਆਣਾ ਸੀ।
ਉੱਥੇ ਵੇਦਾਂ ਅਤੇ ਕਤੇਬਾਂ ਦੇ ਦੱਸੇ ਹੋਏ ਲੱਛਣ ਕਿੱਥੇ ਸਨ?

**ਜਬ ਆਪਨ ਆਪੁ ਆਪਿ ਉਰਿ ਧਾਰੈ ॥**
**ਤਉ ਸਗਨ ਅਪਸਗਨ ਕਹਾ ਬੀਚਾਰੈ ॥**

ਜਦੋਂ ਆਪਣੇ ਆਪ ਨੂੰ ਆਪ ਹੀ ਹਿਰਦੇ ਵਿੱਚ ਰੱਖ ਰਿਹਾ ਸੀ ਤਾਂ ਸ਼ਗਨ ਅਤੇ
ਅਪਸ਼ਗਨ ਦੀ ਵਿਚਾਰ ਕਿੱਥੇ ਸੀ?

**ਜਹ ਆਪਨ ਊਚ ਆਪਨ ਆਪਿ ਨੇਰਾ ॥**
**ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ ॥**

ਜਿੱਥੇ ਆਪ ਹੀ ਉੱਚਾ ਅਤੇ ਆਪਣੇ ਆਪ ਹੀ ਨੇੜੇ ਸੀ। ਉੱਥੇ ਕਿਹੜਾ
ਪਾਤਸ਼ਾਹ ਅਤੇ ਕਿਹੜਾ ਦਾਸ ਕਹੀਏ?

**ਬਿਸਮਨ ਬਿਸਮ ਰਹੇ ਬਿਸਮਾਦ ॥**
**ਨਾਨਕ ਅਪਨੀ ਗਤਿ ਜਾਨਹੁ ਆਪਿ ॥੫॥**

ਉਸ ਬਾਰੇ ਜਾਣ ਕੇ ਹੈਰਾਨ ਹੋ ਰਹੇ ਹਾਂ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਤੁਸੀਂ ਆਪਣੀ ਗਤੀ ਨੂੰ ਆਪ ਹੀ ਜਾਣਦੇ ਹੋ।

**ਜਹ ਅਛਲ ਅਛੇਦ ਅਭੇਦ ਸਮਾਇਆ ॥**
**ਊਹਾ ਕਿਸਹਿ ਬਿਆਪਤ ਮਾਇਆ ॥**

ਜਿੱਥੇ ਛਲ, ਛੇਦ ਅਤੇ ਭੇਦ ਰਹਿਤ ਪ੍ਰਭੂ ਆਪ ਹੀ ਸਮਾਇਆ ਹੋਇਆ ਹੈ। ਉੱਥੇ ਮਾਇਆ ਕਿਸ ਨੂੰ ਵਿਆਪਦੀ ਹੈ?

**ਆਪਸ ਕਉ ਆਪਹਿ ਆਦੇਸੁ ॥**
**ਤਿਹੁ ਗੁਣ ਕਾ ਨਾਹੀ ਪਰਵੇਸੁ ॥**

ਉਹ ਆਪਣੇ-ਆਪ ਨੂੰ ਆਪ ਹੀ ਫ਼ੁਰਮਾਨ ਕਰਦਾ ਹੈ। ਉਸ ਵਿੱਚ ਤਿੰਨਾਂ ਗੁਣਾਂ (ਰਜੋ, ਤਮੋ, ਸਤੋ) ਦਾ ਪ੍ਰਵੇਸ਼ ਨਹੀਂ ਹੋ ਸਕਦਾ।

**ਜਹ ਏਕਹਿ ਏਕ ਏਕ ਭਗਵੰਤਾ ॥**
**ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥**

ਜਿੱਥੇ ਤਿੰਨਾਂ ਕਾਲਾਂ ਵਿੱਚ ਇੱਕੋ ਭਗਵਾਨ ਹੀ ਹੈ। ਉੱਥੇ ਬੇਫ਼ਿਕਰ ਕਿਹੜਾ? ਅਤੇ ਫ਼ਿਕਰ ਕਿਸ ਨੂੰ ਲੱਗੇਗਾ?

**ਜਹ ਆਪਨ ਆਪੁ ਆਪਿ ਪਤੀਆਰਾ ॥**
**ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥**

ਜਿੱਥੇ ਆਪਣੇ ਆਪ ਦਾ ਆਪ ਨੂੰ ਹੀ ਭਰੋਸਾ ਹੋਵੇ। ਓਥੇ ਕੌਣ ਕਹਿੰਦਾ ਹੈ? ਅਤੇ ਕੌਣ ਸੁਣਦਾ ਹੈ?

**ਬਹੁ ਬੇਅੰਤ ਊਚ ਤੇ ਊਚਾ ॥**
**ਨਾਨਕ ਆਪਸ ਕਉ ਆਪਹਿ ਪਹੂਚਾ ॥੬॥**

ਉਹ ਬੇਅੰਤ ਤੋਂ ਬੇਅੰਤ ਅਤੇ ਵੱਡੇ ਤੋਂ ਵੱਡਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਆਪਣੇ ਆਪ ਤੱਕ ਆਪ ਹੀ ਪਹੁੰਚਿਆ ਹੋਇਆ ਹੈ।

**ਜਹ ਆਪਿ ਰਚਿਓ ਪਰਪੰਚੁ ਅਕਾਰੁ ॥**
**ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥**

ਜਦੋਂ ਆਪ ਹੀ ਪਰਮੇਸ਼ਰ ਨੇ ਸਾਰਾ ਪਸਾਰਾ ਪਸਾਰਿਆ। ਮਾਇਆ ਦੇ ਤਿੰਨਾਂ ਗੁਣਾਂ ਵਿੱਚ ਜਗਤ ਦਾ ਫੈਲਾਅ ਕੀਤਾ।

**ਪਾਪੁ ਪੁੰਨੁ ਤਹ ਭਈ ਕਹਾਵਤ ॥**
**ਕੋਊ ਨਰਕ ਕੋਊ ਸੁਰਗ ਬੰਛਾਵਤ ॥**

ਓਦੋਂ ਪਾਪ-ਪੁੰਨ ਦੀ ਕਹਾਣੀ ਸ਼ੁਰੂ ਹੋ ਗਈ। ਕੋਈ ਨਰਕ ਅਤੇ ਕੋਈ ਸਵਰਗ ਚਾਹੁੰਦਾ ਹੈ।

**ਆਲ ਜਾਲ ਮਾਇਆ ਜੰਜਾਲ ॥**
**ਹਉਮੈ ਮੋਹ ਭਰਮ ਭੈ ਭਾਰ ॥**

ਗ੍ਰਹਿਸਥ ਦਾ ਜਾਲ ਅਤੇ ਮਾਇਆ ਦੇ ਜੰਜਾਲ। ਹੰਕਾਰ, ਮੋਹ, ਭਰਮ, ਭੈਅ।

**ਦੂਖ ਸੂਖ ਮਾਨ ਅਪਮਾਨ ॥**
**ਅਨਿਕ ਪ੍ਰਕਾਰ ਕੀਓ ਬਖ੍ਯਾਨ ॥**

ਦੁੱਖ, ਸੁੱਖ, ਆਦਰ ਅਤੇ ਨਿਰਾਦਰ ਬਹੁਤ ਤਰ੍ਹਾਂ ਨਾਲ ਬਿਆਨ ਕੀਤਾ ਹੋਇਆ ਹੈ।

**ਆਪਨ ਖੇਲੁ ਆਪਿ ਕਰਿ ਦੇਖੈ ॥**
**ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥**

ਆਪਣੇ ਖੇਲ ਨੂੰ ਆਪ ਬਣਾ ਕੇ ਵੇਖਦਾ ਹੈ, ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਖੇਲ ਨੂੰ ਬੰਦ ਕਰ ਦੇਵੇ ਤਾਂ ਫਿਰ ਉਹ ਇੱਕ ਹੀ ਹੈ।

**ਜਹ ਅਬਿਗਤੁ ਭਗਤੁ ਤਹ ਆਪਿ ॥**
**ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥**

ਜਿੱਥੇ ਅਬਿਨਾਸੀ ਪ੍ਰਭੂ ਦਾ ਭਗਤ ਹੈ, ਉੱਥੇ ਉਹ ਆਪ ਹੀ ਮੌਜੂਦ ਹੈ। ਜਿੱਥੇ ਪਰਮੇਸ਼ਰ ਦਾ ਜੱਸ ਫੈਲਦਾ ਹੈ, ਉਹ ਸੰਤ ਦੇ ਪ੍ਰਤਾਪ ਨਾਲ ਹੁੰਦਾ ਹੈ।

**ਦੁਹੂ ਪਾਖ ਕਾ ਆਪਹਿ ਧਨੀ ॥**
**ਉਨ ਕੀ ਸੋਭਾ ਉਨਹੂ ਬਨੀ ॥**

ਪਰਮੇਸ਼ਰ ਚੰਗੇ-ਮਾੜੇ ਦੋਹਾਂ ਪੱਖਾਂ ਦਾ ਮਾਲਕ ਆਪ ਹੀ ਹੈ।
ਉਹਨਾਂ ਦੀ ਉਪਮਾ ਉਹਨਾਂ ਨੂੰ ਹੀ ਬਣ ਆਉਂਦੀ ਹੈ।

**ਆਪਹਿ ਕਉਤਕ ਕਰੈ ਅਨਦ ਚੋਜ ॥**
**ਆਪਹਿ ਰਸ ਭੋਗਨ ਨਿਰਜੋਗ ॥**

ਆਪ ਹੀ ਆਨੰਦ ਵਿੱਚ ਚੋਜ ਅਤੇ ਕੌਤਕ ਕਰਦਾ ਹੈ।
ਆਪ ਹੀ ਅਲੌਕਿਕ ਰਸ ਭੋਗਦਾ ਹੈ।

**ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥**
**ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥**

ਜਿਸ ਨੂੰ ਉਹ ਚਾਹੁੰਦਾ ਹੈ, ਉਸਨੂੰ ਆਪਣੇ ਨਾਮ ਨਾਲ ਜੋੜਦਾ ਹੈ। ਜਿਸ ਨੂੰ ਉਹ ਚਾਹੁੰਦਾ ਹੈ, ਉਸਨੂੰ ਮਾਇਆ ਦੀਆਂ ਖੇਡਾਂ ਖਿਡਾਉਂਦਾ ਹੈ।

**ਬੇਸੁਮਾਰ ਅਥਾਹ ਅਗਨਤ ਅਤੋਲੈ ॥**
**ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥**

ਉਹ ਪ੍ਰਭੂ ਗਿਣਤੀਆਂ ਤੋਂ ਰਹਿਤ, ਗੰਭੀਰ, ਬੇਹਿਸਾਬ ਅਤੇ ਅਤੁੱਲ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਿਵੇਂ ਤੁਸੀਂ ਬੁਲਾਉਂਦੇ ਹੋ, ਦਾਸ ਓਵੇਂ ਹੀ ਬੋਲਦਾ ਹੈ।

**ਸਲੋਕੁ ॥**

**ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ॥**

ਜੀਵਾਂ ਦੇ ਜੀਵਨ ਦੇ ਮਾਲਕਾ! ਤੁਸੀਂ ਆਪ ਹੀ ਸਭ ਥਾਈਂ ਵਿਆਪਕ ਹੋ।

**ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇੱਕ ਪ੍ਰਭੂ ਹੀ ਸਭ ਥਾਈਂ ਫੈਲਿਆ ਹੋਇਆ ਹੈ, ਹੋਰ ਕੋਈ ਦੂਜਾ ਕਿੱਥੇ ਦਿਸਦਾ ਹੈ?

**ਅਸਟਪਦੀ ॥**

**ਆਪਿ ਕਥੈ ਆਪਿ ਸੁਨਨੈਹਾਰੁ ॥**

**ਆਪਹਿ ਏਕੁ ਆਪਿ ਬਿਸਥਾਰੁ ॥**

ਉਹ ਆਪ ਹੀ ਵਕਤਾ ਹੈ ਅਤੇ ਆਪ ਹੀ ਸਰੋਤਾ ਹੈ। ਆਪ ਹੀ ਨਿਰਗੁਣ ਬ੍ਰਹਮ ਹੈ ਅਤੇ ਆਪ ਹੀ ਵਿਸਤਾਰ ਰੂਪ ਹੈ।

**ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥**

**ਆਪਨੈ ਭਾਣੈ ਲਏ ਸਮਾਏ ॥**

ਜਦੋਂ ਉਸਨੂੰ ਭਾ ਜਾਵੇ ਤਾਂ ਜਗਤ ਨੂੰ ਪੈਦਾ ਕਰਦਾ ਹੈ।
ਆਪਣੇ ਹੁਕਮ ਨਾਲ ਹੀ ਸਭ ਨਾਸ ਕਰ ਲੈਂਦਾ ਹੈ।

**ਤੁਮ ਤੇ ਭਿੰਨ ਨਹੀ ਕਿਛੁ ਹੋਇ ॥**

**ਆਪਨ ਸੂਤਿ ਸਭੁ ਜਗਤੁ ਪਰੋਇ ॥**

ਹੇ ਪਰਮੇਸ਼ਰ! ਤੈਥੋਂ ਕੁੱਝ ਵੀ ਅੱਡ ਨਹੀਂ ਹੁੰਦਾ।
ਤੂੰ ਆਪਣੇ ਧਾਗੇ ਵਿੱਚ ਸਾਰਾ ਸੰਸਾਰ ਪਰੋਤਾ ਹੋਇਆ ਹੈ।

**ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥**

**ਸਚੁ ਨਾਮੁ ਸੋਈ ਜਨੁ ਪਾਏ ॥**

ਹੇ ਜੀਵ! ਜਿਸਨੂੰ ਪਰਮੇਸ਼ਰ ਆਪ ਸਮਝਾਉਂਦਾ ਹੈ। ਸੱਚ ਰੂਪ ਨਾਮ ਨੂੰ ਉਹ ਆਦਮੀ ਹੀ ਪਾਉਂਦਾ ਹੈ।

**ਸੋ ਸਮਦਰਸੀ ਤਤ ਕਾ ਬੇਤਾ ॥**

**ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥੧॥**

ਉਹੋ ਹੀ ਸਮਦ੍ਰਿਸ਼ਟੀ ਭਾਵ ਇੱਕੋ ਜਿਹੇ ਭਾਵ ਨਾਲ ਵਰਤਾਵ ਕਰਨ ਵਾਲਾ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹੋ ਹੀ ਸਾਰੀ ਦੁਨੀਆਂ ਦਾ ਜੇਤੂ ਹੈ।

**ਜੀਅ ਜੰਤ੍ਰ ਸਭ ਤਾ ਕੈ ਹਾਥ ॥**

**ਦੀਨ ਦਇਆਲ ਅਨਾਥ ਕੋ ਨਾਥੁ ॥**

ਸਾਰੇ ਜੀਵ-ਜੰਤੂ ਉਸੇ ਦੇ ਹੱਥ ਵੱਸ ਹਨ। ਉਹ ਪ੍ਰਭੂ ਗਰੀਬ ਨਿਵਾਜ਼ ਅਤੇ ਨਿਥਾਵਿਆਂ ਦਾ ਥਾਂ ਹੈ।

**ਜਿਸੁ ਰਾਖੈ ਤਿਸੁ ਕੋਇ ਨ ਮਾਰੈ ॥**

**ਸੋ ਮੂਆ ਜਿਸੁ ਮਨਹੁ ਬਿਸਾਰੈ ॥**

ਜੀਹਨੂੰ ਉਹ ਰੱਖਦਾ ਹੈ, ਉਹਨੂੰ ਕੋਈ ਮਾਰ ਨਹੀਂ ਸਕਦਾ। ਜੀਹਨੂੰ ਉਹ ਮਨੋਂ ਭੁਲਾ ਦੇਂਦਾ ਹੈ, ਉਹੋ ਹੀ ਮਰਦਾ ਹੈ।

**ਤਿਸੁ ਤਜਿ ਅਵਰ ਕਹਾ ਕੋ ਜਾਇ ॥**

**ਸਭ ਸਿਰਿ ਏਕੁ ਨਿਰੰਜਨ ਰਾਇ ॥**

ਉਸਨੂੰ ਛੱਡ ਕੇ ਹੋਰ ਕਿੱਥੇ ਨੂੰ ਜਾਏਂਗਾ? ਸਾਰਿਆਂ ਉੱਤੇ ਉਸ ਇੱਕ ਨਿਰੰਜਨ ਪ੍ਰਭ ਦੀ ਹੀ ਹਕੂਮਤ ਹੈ।

**ਜੀਅ ਕੀ ਜੁਗਤਿ ਜਾ ਕੈ ਸਭ ਹਾਥਿ ॥**

**ਅੰਤਰਿ ਬਾਹਰਿ ਜਾਨਹੁ ਸਾਥਿ ॥**

ਜ਼ਿੰਦਗੀ ਦੇ ਸਾਰੇ ਤਰੀਕੇ ਜਿਸ ਦੇ ਅਧੀਨ ਹਨ। ਅੰਦਰ ਅਤੇ ਬਾਹਰ ਵੀ ਉਸਨੂੰ ਨਾਲ ਹੀ ਸਮਝੋ।

**ਗੁਨ ਨਿਧਾਨ ਬੇਅੰਤ ਅਪਾਰ ॥**

**ਨਾਨਕ ਦਾਸ ਸਦਾ ਬਲਿਹਾਰ ॥੨॥**

ਜੋ ਬੇਅੰਤ ਤੋਂ ਬੇਅੰਤ ਗੁਣਾਂ ਦੇ ਭੰਡਾਰ ਰੂਪ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਦਾਸ ਉਹਨਾਂ ਤੋਂ ਸਦਾ ਬਲਿਹਾਰ ਹਾਂ।

**ਪੂਰਨ ਪੂਰਿ ਰਹੇ ਦਇਆਲ ॥**

**ਸਭ ਊਪਰਿ ਹੋਵਤ ਕਿਰਪਾਲ ॥**

ਪਰਮੇਸ਼ਰ ਹੀ ਸਾਰੇ ਪਾਸੇ ਵਿਆਪਕ ਹੈ।
ਉਹ ਸਾਰਿਆਂ 'ਤੇ ਮਿਹਰਬਾਨ ਹੁੰਦਾ ਹੈ।

**ਅਪਨੇ ਕਰਤਬ ਜਾਨੈ ਆਪਿ ॥**

**ਅੰਤਰਜਾਮੀ ਰਹਿਓ ਬਿਆਪਿ ॥**

ਆਪਣੇ ਕੌਤਕ ਆਪ ਹੀ ਜਾਣਦਾ ਹੈ।
ਉਹ ਅੰਦਰ ਦੀ ਜਾਨਣ ਵਾਲਾ ਸਾਰੀ ਥਾਈਂ ਵਿਆਪ ਰਿਹਾ ਹੈ।

**ਪ੍ਰਤਿਪਾਲੈ ਜੀਅਨ ਬਹੁ ਭਾਤਿ ॥**

**ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥**

ਬਹੁਤ ਤਰ੍ਹਾਂ ਨਾਲ ਜੀਵਾਂ ਨੂੰ ਪਾਲਦਾ ਹੈ। ਜਿਹੜਾ-ਜਿਹੜਾ ਵੀ ਉਸ ਨੇ ਪੈਦਾ ਕੀਤਾ ਹੈ, ਉਹੀ ਉਸ ਨੂੰ ਸਿਮਰਦਾ ਹੈ।

**ਜਿਸੁ ਭਾਵੈ ਤਿਸੁ ਲਏ ਮਿਲਾਇ ॥**

**ਭਗਤਿ ਕਰਹਿ ਹਰਿ ਕੇ ਗੁਣ ਗਾਇ ॥**

ਜੋ ਉਸਨੂੰ ਭਾਉਂਦਾ ਹੈ, ਉਸਨੂੰ ਲੜ ਲਾ ਲੈਂਦਾ ਹੈ।
ਉਹ ਹਰੀ ਦੇ ਗੁਣ ਗਾਉਂਦੇ ਹੋਏ ਭਗਤੀ ਕਰਦੇ ਹਨ।

**ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥**

**ਕਰਨਹਾਰੁ ਨਾਨਕ ਇਕੁ ਜਾਨਿਆ ॥੩॥**

ਮੈਂ ਆਪਣੇ ਮਨ ਵਿੱਚ ਭਰੋਸੇ ਨਾਲ ਮੰਨਿਆ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਆਪਣੇ ਮਨ ਵਿੱਚ ਇੱਕ ਕਰਤੇ ਪੁਰਖ ਨੂੰ ਹੀ ਜਾਣਿਆ ਹੈ।

**ਜਨੁ ਲਾਗਾ ਹਰਿ ਏਕੈ ਨਾਇ ॥**

**ਤਿਸ ਕੀ ਆਸ ਨ ਬਿਰਥੀ ਜਾਇ ॥**

ਜੋ ਇਨਸਾਨ ਇਕ ਹਰੀ-ਨਾਮ ਵਿੱਚ ਲੱਗਾ ਹੋਇਆ ਹੈ।
ਉਸਦੀਆਂ ਉਮੀਦਾਂ ਖਾਲੀ ਨਹੀਂ ਜਾਂਦੀਆਂ।

**ਸੇਵਕ ਕਉ ਸੇਵਾ ਬਨਿ ਆਈ ॥**

**ਹੁਕਮੁ ਬੂਝਿ ਪਰਮ ਪਦੁ ਪਾਈ ॥**

ਦਾਸ ਵਾਸਤੇ ਤਾਂ ਸੇਵਾ ਹੀ ਬਣ ਆਉਂਦੀ ਹੈ। ਹੁਕਮ ਸਮਝ ਕੇ ਸੇਵਕ ਨੇ ਮੁਕਤ ਪਦਵੀ ਪਾਈ ਹੈ।

**ਇਸ ਤੇ ਊਪਰਿ ਨਹੀ ਬੀਚਾਰੁ ॥**

**ਜਾ ਕੈ ਮਨਿ ਬਸਿਆ ਨਿਰੰਕਾਰੁ ॥**

ਉਸਦੇ ਮਨ ਵਿੱਚ ਇਸ ਤੋਂ ਉੱਤੇ ਹੋਰ ਕੋਈ ਵਿਚਾਰਯੋਗ ਗੱਲ ਨਹੀਂ ਹੈ।
ਜਿਸ ਦੇ ਮਨ ਵਿੱਚ ਨਿਰੰਕਾਰ ਵੱਸ ਗਿਆ।

**ਬੰਧਨ ਤੋਰਿ ਭਏ ਨਿਰਵੈਰ ॥**

**ਅਨਦਿਨੁ ਪੂਜਹਿ ਗੁਰ ਕੇ ਪੈਰ ॥**

ਉਹ ਸੇਵਕ ਤਾਂ ਕਰਮ-ਧਰਮ ਰੂਪ ਬੰਧਨ ਤੋੜ ਕੇ ਨਿਰਵੈਰ ਹੋ ਗਏ ਹਨ।
ਉਹ ਹਮੇਸ਼ਾਂ ਗੁਰੂ ਦੇ ਚਰਨ ਪੂਜਦੇ ਹਨ।

**ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥**

**ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥**

ਉਹ ਇਸ ਲੋਕ ਵਿੱਚ ਸੁਖੀਏ ਹਨ ਅਤੇ ਪਰਲੋਕ ਵਿੱਚ ਵੀ ਸੌਖੇ ਰਹਿਣਗੇ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਨੇ ਉਹ ਆਪ ਹੀ ਮਿਲਾਏ ਹੋਏ ਹਨ।

**ਸਾਧਸੰਗਿ ਮਿਲਿ ਕਰਹੁ ਅਨੰਦ ॥**

**ਗੁਨ ਗਾਵਹੁ ਪ੍ਰਭ ਪਰਮਾਨੰਦ ॥**

ਹੇ ਭਾਈ! ਸਾਧ ਦੀ ਸੰਗਤ ਕਰਕੇ ਆਨੰਦ ਮਾਣੋ।
ਪਰਮ ਆਨੰਦ ਰੂਪ ਪ੍ਰਭੂ ਦੇ ਗੁਣ ਗਾਓ।

**ਰਾਮ ਨਾਮ ਤਤੁ ਕਰਹੁ ਬੀਚਾਰੁ ॥**

**ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥**

ਰਾਮ ਨਾਮ ਰੂਪ ਤੱਤ ਦਾ ਵਿਚਾਰ ਕਰੋ।
ਮੁਸ਼ਕਿਲ ਨਾਲ ਮਿਲੀ ਹੋਈ ਦੇਹੀ ਦਾ ਉਧਾਰ ਕਰ ਲਉ।

**ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥**

**ਪ੍ਰਾਨ ਤਰਨ ਕਾ ਇਹੈ ਸੁਆਉ ॥**

ਹਰੀ ਦੇ ਗੁਣ, ਮਿੱਠੇ ਬੋਲਾਂ ਨਾਲ ਗਾਓ। ਸਵਾਸਾਂ ਨੂੰ ਰੱਖਣ ਅਰਥਾਤ ਮੌਜੂਦਾ ਜ਼ਿੰਦਗੀ ਦਾ ਇਹੋ ਹੀ ਸੁਆਰਥ ਹੈ।

**ਆਠ ਪਹਰ ਪ੍ਰਭ ਪੇਖਹੁ ਨੇਰਾ ॥**

**ਮਿਟੈ ਅਗਿਆਨੁ ਬਿਨਸੈ ਅੰਧੇਰਾ ॥**

ਸਦਾ ਹੀ ਪ੍ਰਭੂ ਨੂੰ ਨੇੜੇ ਸਮਝੋ।
ਅਗਿਆਨ ਮਿਟ ਜਾਵੇਗਾ ਅਤੇ ਭਰਮ ਵੀ ਨਾਸ ਹੋ ਜਾਵੇਗਾ।

**ਸੁਨਿ ਉਪਦੇਸੁ ਹਿਰਦੈ ਬਸਾਵਹੁ ॥**

**ਮਨ ਇਛੇ ਨਾਨਕ ਫਲ ਪਾਵਹੁ ॥੫॥**

ਜੇ ਇਸ ਉਪਦੇਸ਼ ਨੂੰ ਸੁਣ ਕੇ ਦਿਲ ਵਿੱਚ ਵਸਾ ਲਓਗੇ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮਨਚਾਹੇ ਫਲ ਪਾਓਗੇ।

**ਹਲਤੁ ਪਲਤੁ ਦੁਇ ਲੇਹੁ ਸਵਾਰਿ ॥**

**ਰਾਮ ਨਾਮੁ ਅੰਤਰਿ ਉਰਿ ਧਾਰਿ ॥**

ਦੀਨ ਦੁਨੀਆਂ ਦੋਵੇਂ ਹੀ ਸਵਾਰ ਲਓਗੇ।
ਰਾਮ ਨਾਮ ਦੇ ਸਿਮਰਨ ਨੂੰ ਦਿਲ ਵਿੱਚ ਰੱਖ ਕੇ।

**ਪੂਰੇ ਗੁਰ ਕੀ ਪੂਰੀ ਦੀਖਿਆ ॥**

**ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥**

ਪੂਰਨ ਗੁਰੂ ਦੀ ਸਿੱਖਿਆ ਵੀ ਪੂਰਨ ਹੁੰਦੀ ਹੈ। ਜਿਸ ਦੇ ਮਨ ਵਿੱਚ ਇਹ ਵੱਸਦੀ ਹੈ, ਉਸਨੂੰ ਸੱਚੇ ਪ੍ਰਭੂ ਦੀ ਸਮਝ ਆ ਜਾਂਦੀ ਹੈ।

**ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥**

**ਦੂਖੁ ਦਰਦੁ ਮਨ ਤੇ ਭਉ ਜਾਇ ॥**

ਜੇ ਮਨੋਂ-ਤਨੋਂ ਪ੍ਰੀਤ ਲਾ ਕੇ ਨਾਮ ਸਿਮਰੋਗੇ ਤਾਂ ਦੁੱਖ, ਪੀੜ ਅਤੇ ਡਰ ਮਨ ਤੋਂ ਚਲੇ ਜਾਣਗੇ।

**ਸਚੁ ਵਾਪਾਰੁ ਕਰਹੁ ਵਾਪਾਰੀ ॥**

**ਦਰਗਹ ਨਿਬਹੈ ਖੇਪ ਤੁਮਾਰੀ ॥**

ਹੇ ਵਾਪਾਰੀਓ! ਸੱਚ ਦਾ ਵਾਪਾਰ ਕਰੋ। ਤੁਹਾਡਾ ਸੰਸਾਰ ਵਿੱਚ ਕੀਤਾ ਸੌਦਾ ਦਰਗਾਹ ਵਿੱਚ ਖਰਾ ਉੱਤਰੇਗਾ।

**ਏਕਾ ਟੇਕ ਰਖਹੁ ਮਨ ਮਾਹਿ ॥**

**ਨਾਨਕ ਬਹੁਰਿ ਨ ਆਵਹਿ ਜਾਹਿ ॥੬॥**

ਜੇ ਇੱਕ ਹੀ ਆਸਰੇ ਨੂੰ ਮਨ ਵਿੱਚ ਰੱਖੋਗੇ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਫਿਰ ਜੰਮਣ-ਮਰਨ ਦੇ ਗੇੜ ਵਿੱਚ ਨਹੀਂ ਆਓਗੇ।

**ਤਿਸ ਤੇ ਦੂਰਿ ਕਹਾ ਕੋ ਜਾਇ ॥**
**ਉਬਰੈ ਰਾਖਨਹਾਰੁ ਧਿਆਇ ॥**
ਉਸ ਤੋਂ ਦੂਰ ਕਿੱਥੇ ਜਾਏਂਗਾ? ਰੱਖਣਹਾਰ ਪਰਮੇਸ਼ਰ ਨੂੰ ਸਿਮਰ ਕੇ ਹੀ ਬਚੇਂਗਾ।
**ਨਿਰਭਉ ਜਪੈ ਸਗਲ ਭਉ ਮਿਟੈ ॥**
**ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥**
ਨਿਡਰ ਪ੍ਰਭੂ ਨੂੰ ਜਪਿਆਂ ਸਾਰੇ ਡਰ ਮਿਟਣਗੇ। ਪਰਮੇਸ਼ਰ ਦੀ ਮਿਹਰ ਨਾਲ ਜੀਵ ਮੁਕਤ ਹੋਵੇਗਾ।
**ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥**
**ਨਾਮੁ ਜਪਤ ਮਨਿ ਹੋਵਤ ਸੂਖ ॥**
ਜਿਸ ਨੂੰ ਪ੍ਰਭੂ ਰੱਖੇਗਾ, ਉਸਨੂੰ ਕੋਈ ਦੁੱਖ ਨਹੀਂ ਹੋਵੇਗਾ। ਨਾਮ ਜਪਣ ਨਾਲ ਮਨ ਵਿੱਚ ਸੁਖ ਹੋ ਜਾਵੇਗਾ।
**ਚਿੰਤਾ ਜਾਇ ਮਿਟੈ ਅਹੰਕਾਰੁ ॥**
**ਤਿਸੁ ਜਨ ਕਉ ਕੋਇ ਨ ਪਹੁਚਨਹਾਰੁ ॥**
ਚਿੰਤਾ ਚਲੀ ਜਾਵੇਗੀ ਅਤੇ ਹੰਕਾਰ ਮਿਟ ਜਾਵੇਗਾ। ਉਸ ਆਦਮੀ ਦੇ ਬਰਾਬਰ ਸੰਸਾਰ ਵਿੱਚ ਕੋਈ ਨਹੀਂ।
**ਸਿਰ ਊਪਰਿ ਠਾਢਾ ਗੁਰੁ ਸੂਰਾ ॥**
**ਨਾਨਕ ਤਾ ਕੇ ਕਾਰਜ ਪੂਰਾ ॥੭॥**
ਜਿਸ ਦੇ ਸਿਰ ’ਤੇ ਸੂਰਵੀਰ ਰੂਪ ਗੁਰੂ ਖਲੋਤਾ ਹੋਵੇ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸਦੇ ਸਾਰੇ ਕੰਮ ਪੂਰਨ ਹਨ।
**ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥**
**ਦਰਸਨੁ ਪੇਖਤ ਉਧਰਤ ਸ੍ਰਿਸਟਿ ॥**
ਜਿਸ ਗੁਰੂ ਦੀ ਪੂਰਨ ਸਿੱਖਿਆ ਅਤੇ ਪ੍ਰੇਮ ਭਰੀ ਨਿਗ੍ਹਾ ਹੈ। ਉਸਦਾ ਦਰਸ਼ਨ ਕਰਦਿਆਂ ਦੁਨੀਆਂ ਦਾ ਪਾਰ-ਉਤਾਰਾ ਹੋ ਜਾਂਦਾ ਹੈ।
**ਚਰਨ ਕਮਲ ਜਾ ਕੇ ਅਨੂਪ ॥**
**ਸਫਲ ਦਰਸਨੁ ਸੁੰਦਰ ਹਰਿ ਰੂਪ ॥**
ਜਿਸ ਦੇ ਚਰਨ-ਕਮਲ ਸੁੰਦਰ ਹਨ।
ਜਿਸ ਹਰੀ ਦਾ ਰੂਪ ਸੋਹਣਾ ਅਤੇ ਦੀਦਾਰ ਸਫ਼ਲ ਹੈ।
**ਧੰਨੁ ਸੇਵਾ ਸੇਵਕੁ ਪਰਵਾਨੁ ॥**
**ਅੰਤਰਜਾਮੀ ਪੁਰਖੁ ਪ੍ਰਧਾਨੁ ॥**
ਪ੍ਰਭੂ ਦੀ ਸੇਵਾ ਧੰਨ ਹੈ ਅਤੇ ਸੇਵਕ ਪਰਵਾਣ ਹੈ।
ਉਹ ਪ੍ਰਭੂ ਅੰਤਰਜਾਮੀ, ਪੁਰਖ ਅਤੇ ਸ਼੍ਰੋਮਣੀ ਹੈ।

**ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥**

**ਤਾ ਕੈ ਨਿਕਟਿ ਨ ਆਵਤ ਕਾਲੁ ॥**

ਜਿਸਦੇ ਮਨ ਵਿੱਚ ਪ੍ਰਭੂ ਵੱਸ ਜਾਂਦਾ ਹੈ, ਉਹ ਕ੍ਰਿਤਾਰਥ ਹੋ ਜਾਂਦਾ ਹੈ।
ਕਾਲ ਉਸਦੇ ਨੇੜੇ ਨਹੀਂ ਆਉਂਦਾ।

**ਅਮਰ ਭਏ ਅਮਰਾ ਪਦੁ ਪਾਇਆ ॥**

**ਸਾਧਸੰਗਿ ਨਾਨਕ ਹਰਿ ਧਿਆਇਆ ॥੮॥੨੨॥**

ਉਹ ਸੇਵਕ ਅਮਰ ਹੋ ਗਏ ਹਨ ਅਤੇ ਉਹਨਾਂ ਦੇਵਤਿਆਂ ਦਾ ਦਰਜਾ ਪਾ ਲਿਆ ਹੈ।
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਾਧ ਦੇ ਸੰਗ ਨਾਲ ਹਰੀ ਨੂੰ ਧਿਆਇਆ ਜਾਂਦਾ ਹੈ।

**ਸਲੋਕੁ ॥**

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥**

ਗੁਰੂ ਨੇ ਗਿਆਨ ਰੂਪ ਸੁਰਮਾ ਦਿੱਤਾ ਹੈ,
ਜੋ ਅਗਿਆਨ ਰੂਪ ਹਨ੍ਹੇਰਾ ਨਾਸ ਕਰਨ ਵਾਲਾ ਹੈ।

**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ਰ ਦੀ ਮਿਹਰ ਨਾਲ ਗੁਰੂ-ਸੰਤ ਮਿਲਿਆ ਹੈ ਅਤੇ ਉਸ ਤੋਂ ਮਨ ਰੂਪ ਨੇਤਰ ਖੁੱਲ੍ਹ ਗਿਆ ਹੈ।

**ਅਸਟਪਦੀ ॥**

**ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥**

**ਨਾਮੁ ਪ੍ਰਭੂ ਕਾ ਲਾਗਾ ਮੀਠਾ ॥**

ਸੰਤਾਂ ਦੇ ਸੰਗ ਵਿੱਚੋਂ ਪਰਮੇਸ਼ਰ ਨੂੰ ਵੇਖਿਆ ਹੈ। ਮੈਨੂੰ ਪ੍ਰਭੂ ਦਾ ਨਾਮ ਪਿਆਰਾ ਲੱਗ ਪਿਆ ਹੈ।

**ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥**

**ਅਨਿਕ ਰੰਗ ਨਾਨਾ ਦ੍ਰਿਸਟਾਹਿ ॥**

ਸਾਰੀ ਸਮੱਗਰੀ ਇੱਕੋ ਭਾਂਡੇ ਵਿੱਚ ਹੈ। ਵਸਤੂਆਂ ਬੇਅੰਤ ਤੋਂ ਬੇਅੰਤ ਰੰਗ ਵਿਖਾਉਂਦੀਆਂ ਹਨ।

**ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥**

**ਦੇਹੀ ਮਹਿ ਇਸ ਕਾ ਬਿਸ੍ਰਾਮੁ ॥**

ਨੌਂ ਨਿੱਧੀਆਂ ਰੂਪ ਅਮਰ ਪ੍ਰਭੂ ਦਾ ਨਾਮ ਹੈ। ਮਨ ਵਿੱਚ ਇਸਦਾ ਟਿਕਾਣਾ ਹੈ।

**ਸੁੰਨ ਸਮਾਧਿ ਅਨਹਤ ਤਹ ਨਾਦ ॥**

**ਕਹਨੁ ਨ ਜਾਈ ਅਚਰਜ ਬਿਸਮਾਦ ॥**

ਉੱਥੇ ਮਨ ਵਿੱਚ ਅਫੁਰ ਸਮਾਧੀ ਅਤੇ ਬੇਅੰਤ ਧੁਨੀਆਂ ਹਨ। ਉਸ ਹੈਰਾਨੀਜਨਕ ਵਿਸਮਾਦ ਨੂੰ ਕਿਹਾ ਨਹੀਂ ਜਾਂਦਾ।

**ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥**
**ਨਾਨਕ ਤਿਸੁ ਜਨ ਸੋਝੀ ਪਾਏ ॥੧॥**

ਉਸਨੇ ਹੀ ਪ੍ਰਭੂ ਨੂੰ ਵੇਖਿਆ ਹੈ, ਜਿਸ ਨੂੰ ਆਪ ਵਿਖਾਉਂਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਆਦਮੀ ਨੂੰ ਹੀ ਸੋਝੀ ਦਿੰਦਾ ਹੈ।

**ਸੋ ਅੰਤਰਿ ਸੋ ਬਾਹਰਿ ਅਨੰਤ ॥**
**ਘਟਿ ਘਟਿ ਬਿਆਪਿ ਰਹਿਆ ਭਗਵੰਤ ॥**

ਉਹ ਅਨੰਤ ਪ੍ਰਭੂ ਹੀ ਅੰਦਰ ਅਤੇ ਬਾਹਰ ਹੈ।
ਉਹ ਹਰੇਕ ਜੀਵ ਵਿੱਚ ਵਿਆਪ ਰਿਹਾ ਹੈ।

**ਧਰਨਿ ਮਾਹਿ ਆਕਾਸ ਪਇਆਲ ॥**
**ਸਰਬ ਲੋਕ ਪੂਰਨ ਪ੍ਰਤਿਪਾਲ ॥**

ਧਰਤੀ, ਆਕਾਸ਼ ਅਤੇ ਪਾਤਾਲ ਵਿੱਚ ਉਹ ਬੇਅੰਤ ਪ੍ਰਭੂ ਹੈ। ਸਾਰਿਆਂ ਲੋਕਾਂ ਦੀ ਪੂਰਨ ਪਾਲਣਾ ਕਰਦਾ ਹੈ।

**ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥**
**ਜੈਸੀ ਆਗਿਆ ਤੈਸਾ ਕਰਮੁ ॥**

ਜੰਗਲਾਂ, ਤੀਲਿਆਂ ਅਤੇ ਪਹਾੜਾਂ ਵਿੱਚ ਵੀ ਪਾਰਬ੍ਰਹਮ ਦੂਰ ਤੱਕ ਫੈਲਿਆ ਹੋਇਆ ਹੈ। ਜਿਹੋ ਜਿਹਾ ਹੁਕਮ ਕਰਦਾ ਹੈ, ਉਹੋ ਜਿਹਾ ਜੀਵਾਂ ਦਾ ਕਰਮ ਹੋ ਜਾਂਦਾ ਹੈ।

**ਪਉਣ ਪਾਣੀ ਬੈਸੰਤਰ ਮਾਹਿ ॥**
**ਚਾਰਿ ਕੁੰਟ ਦਹ ਦਿਸੇ ਸਮਾਹਿ ॥**

ਉਹ ਵਾਯੂ, ਜਲ ਅਤੇ ਅੱਗ ਵਿੱਚ ਹੈ। ਚਹੁੰਆਂ ਕੋਨਿਆਂ ਅਤੇ ਦਸਾਂ ਹੀ ਦਿਸ਼ਾਵਾਂ ਵਿੱਚ ਮਿਲਿਆ ਹੋਇਆ ਹੈ।

**ਤਿਸ ਤੇ ਭਿੰਨ ਨਹੀ ਕੋ ਠਾਉ ॥**
**ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥**

ਉਸਤੋਂ ਵੱਖਰੀ ਕੋਈ ਥਾਂ ਨਹੀਂ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੀ ਮਿਹਰ ਨਾਲ ਉਸਨੂੰ ਸਿਮਰ ਕੇ ਸੁਖ ਪ੍ਰਾਪਤ ਕਰੋ।

**ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥**
**ਸਸੀਅਰ ਸੂਰ ਨਖ੍ਯ੍ਤ੍ਰ ਮਹਿ ਏਕੁ ॥**

ਵੇਦਾਂ, ਪੁਰਾਣਾਂ ਅਤੇ ਸਿਮ੍ਰਤੀਆਂ ਵਿੱਚ ਵੀ ਵੇਖਿਆ ਜਾਂਦਾ ਹੈ। ਚੰਦਰਮਾ, ਸੂਰਜ ਅਤੇ ਤਾਰਿਆਂ ਵਿੱਚ ਵੀ ਇੱਕੋ ਹੀ ਹੈ।

**ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥**
**ਆਪਿ ਅਡੋਲੁ ਨ ਕਬਹੂ ਡੋਲੈ ॥**

ਜਿਹੜਾ ਮਨੁੱਖ ਸਾਰਿਆਂ ਵਾਸਤੇ ਪ੍ਰਭੂ ਦੀ ਬਾਣੀ ਨੂੰ ਹੀ ਬੋਲੇਗਾ। ਉਹ ਆਪ ਅਡੋਲ ਹੈ ਅਤੇ ਉਸਦੀ ਸ਼ਕਤੀ ਵੀ ਕਦੇ ਨਹੀਂ ਡੋਲਦੀ।

**ਸਰਬ ਕਲਾ ਕਰਿ ਖੇਲੈ ਖੇਲ ॥**

**ਮੋਲਿ ਨ ਪਾਈਐ ਗੁਣਹ ਅਮੋਲ ॥**

ਪ੍ਰਭੂ ਸਾਰੀਆਂ ਕਲਾਵਾਂ ਨਾਲ ਖੇਡਾਂ ਖੇਡਦਾ ਹੈ। ਜੋ ਸਿਮਰਨ ਗੁਣਾਂ ਤੋਂ ਅਮੁੱਲ ਹੈ ਅਤੇ ਕਿਸੇ ਵੀ ਮੁੱਲ ਤੋਂ ਪ੍ਰਾਪਤ ਨਹੀਂ ਹੁੰਦਾ।

**ਸਰਬ ਜੋਤਿ ਮਹਿ ਜਾ ਕੀ ਜੋਤਿ ॥**

**ਧਾਰਿ ਰਹਿਓ ਸੁਆਮੀ ਓਤਿ ਪੋਤਿ ॥**

ਸਾਰੀਆਂ ਜੋਤੀਆਂ ਵਿੱਚ ਜਿਸਦੀ ਚਮਕ ਹੈ।
ਉਹ ਸਵਾਮੀ ਤਾਣੇ ਪੇਟੇ ਵਾਂਗੂ ਰੱਖ ਰਿਹਾ ਹੈ।

**ਗੁਰ ਪਰਸਾਦਿ ਭਰਮ ਕਾ ਨਾਸੁ ॥**

**ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥**

ਗੁਰੂ ਦੀ ਮਿਹਰ ਨਾਲ ਹੀ ਭਰਮ ਦਾ ਨਾਸ ਹੁੰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹਨਾਂ ਸੰਤਾਂ ਵਿੱਚ ਇਹ ਭਰੋਸਾ ਪਾਇਆ ਜਾਂਦਾ ਹੈ।

**ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥**

**ਸੰਤ ਜਨਾ ਕੈ ਹਿਰਦੈ ਸਭਿ ਧਰਮ ॥**

ਸੰਤ ਸਾਰੇ ਪਾਸੇ ਹੀ ਬ੍ਰਹਮ ਨੂੰ ਵੇਖਦੇ ਹਨ।
ਸੰਤਾਂ ਦੇ ਹਿਰਦੇ ਵਿੱਚ ਹੀ ਸਾਰੇ ਧਰਮ ਹਨ।

**ਸੰਤ ਜਨਾ ਸੁਨਹਿ ਸੁਭ ਬਚਨ ॥**

**ਸਰਬ ਬਿਆਪੀ ਰਾਮ ਸੰਗਿ ਰਚਨ ॥**

ਸੰਤ-ਜਨ ਸ਼ੁਭ ਬਚਨ ਸੁਣਦੇ ਹਨ। ਜੋ ਵਿਆਪਕ ਰਾਮ ਨਾਲ ਰਮੇ ਹੋਏ ਹਨ।

**ਜਿਨਿ ਜਾਤਾ ਤਿਸ ਕੀ ਇਹ ਰਹਤ ॥**

**ਸਤਿ ਬਚਨ ਸਾਧੂ ਸਭਿ ਕਹਤ ॥**

ਜਿਨ੍ਹਾਂ ਸੰਤਾਂ ਨੇ ਪਰਮੇਸ਼ਰ ਨੂੰ ਜਾਣਿਆ ਹੈ, ਉਨ੍ਹਾਂ ਦੀ ਇਹ ਰਹਿਣੀ ਹੈ।
ਸਾਧੂ-ਜਨ ਸਭ ਸੱਚੇ ਵਾਕ ਕਹਿੰਦੇ ਹਨ।

**ਜੋ ਜੋ ਹੋਇ ਸੋਈ ਸੁਖੁ ਮਾਨੈ ॥**

**ਕਰਨ ਕਰਾਵਨਹਾਰੁ ਪ੍ਰਭੁ ਜਾਨੈ ॥**

ਜੋ ਜੋ ਵੀ ਹੁੰਦਾ ਹੈ, ਉਹ ਸੁਖ ਨਾਲ ਮੰਨਦੇ ਹਨ। ਕਰਨ ਕਰਾਉਣ ਵਾਲਾ ਇੱਕ ਪਰਮੇਸ਼ਰ ਨੂੰ ਹੀ ਸਮਝਦੇ ਹਨ।

**ਅੰਤਰਿ ਬਸੇ ਬਾਹਰਿ ਭੀ ਓਹੀ ॥**

**ਨਾਨਕ ਦਰਸਨੁ ਦੇਖਿ ਸਭ ਮੋਹੀ ॥੪॥**

ਜਿਨ੍ਹਾਂ ਸੰਤਾਂ ਦੇ ਅੰਦਰ ਅਤੇ ਬਾਹਰ ਪਰਮੇਸ਼ਰ ਵੱਸਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਨ੍ਹਾਂ ਦੇ ਦਰਸ਼ਨ ਕਰਕੇ ਸਾਰੀ ਦੁਨੀਆਂ ਮੋਹੀ ਜਾਂਦੀ ਹੈ।

**ਆਪਿ ਸਤਿ ਕੀਆ ਸਭੁ ਸਤਿ ॥**

**ਤਿਸੁ ਪ੍ਰਭ ਤੇ ਸਗਲੀ ਉਤਪਤਿ ॥**

ਉਹ ਪ੍ਰਭੂ ਆਪ ਸੱਚਾ ਹੈ ਅਤੇ ਉਸਦਾ ਕੀਤਾ ਹੋਇਆ ਵੀ ਸੱਚ ਹੈ। ਸਾਰੀ ਦੁਨੀਆਂ ਉਸ ਸੱਚੇ ਪ੍ਰਭੂ ਤੋਂ ਹੀ ਪੈਦਾ ਹੋਈ ਹੈ।

**ਤਿਸੁ ਭਾਵੈ ਤਾ ਕਰੇ ਬਿਸਥਾਰੁ ॥**

**ਤਿਸੁ ਭਾਵੈ ਤਾ ਏਕੰਕਾਰੁ ॥**

ਜਦੋਂ ਉਸਨੂੰ ਭਾਉਂਦਾ ਹੈ, ਉਦੋਂ ਫੈਲਾਅ ਕਰ ਲੈਂਦਾ ਹੈ।
ਜਦੋਂ ਉਸਨੂੰ ਭਾਉਂਦਾ ਹੈ ਤਾਂ ਇੱਕ ਹੋ ਜਾਂਦਾ ਹੈ।

**ਅਨਿਕ ਕਲਾ ਲਖੀ ਨਹ ਜਾਇ ॥**

**ਜਿਸੁ ਭਾਵੈ ਤਿਸੁ ਲਏ ਮਿਲਾਇ ॥**

ਉਸਦੀਆਂ ਅਨੇਕਾਂ ਸ਼ਕਤੀਆਂ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਜਿਹੜਾ ਉਸਨੂੰ ਚੰਗਾ ਲੱਗਦਾ ਹੈ, ਉਸਨੂੰ ਆਪਣੇ ਵਿੱਚ ਮਿਲਾ ਲੈਂਦਾ ਹੈ।

**ਕਵਨ ਨਿਕਟਿ ਕਵਨ ਕਹੀਐ ਦੂਰਿ ॥**

**ਆਪੇ ਆਪਿ ਆਪ ਭਰਪੂਰਿ ॥**

ਉਸ ਨੂੰ ਕਿਹੜੇ ਸਮੇਂ ਨੇੜੇ ਅਤੇ ਕਿਹੜੇ ਸਮੇਂ ਦੂਰ ਕਿਹਾ ਜਾਵੇ? ਜਦੋਂ ਕਿ ਤਿੰਨਾਂ ਕਾਲਾਂ ਵਿੱਚ ਆਪਣੇ ਆਪ ਵਿਆਪਕ ਹੋ ਰਿਹਾ ਹੈ।

**ਅੰਤਰਗਤਿ ਜਿਸੁ ਆਪਿ ਜਨਾਏ ॥**

**ਨਾਨਕ ਤਿਸੁ ਜਨ ਆਪਿ ਬੁਝਾਏ ॥੫॥**

ਜਿਸਨੂੰ ਗੁਪਤ ਤਰੀਕੇ ਨਾਲ ਆਪ ਹੀ ਸਮਝਾ ਦਿੰਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਆਦਮੀ ਨੂੰ ਆਪੇ ਦੀ ਸਮਝ ਆ ਜਾਂਦੀ ਹੈ।

**ਸਰਬ ਭੂਤ ਆਪਿ ਵਰਤਾਰਾ ॥**

**ਸਰਬ ਨੈਨ ਆਪਿ ਪੇਖਨਹਾਰਾ ॥**

ਹੇ ਪ੍ਰਭੂ! ਸਾਰਿਆਂ ਜੀਵਾਂ ਵਿੱਚ ਤੇਰਾ ਹੀ ਵਰਤਾਰਾ ਹੈ। ਸਾਰੀਆਂ ਅੱਖਾਂ ਵਿੱਚ ਤੂੰ ਹੀ ਵੇਖਣ ਵਾਲਾ ਹੈਂ।

**ਸਗਲ ਸਮਗ੍ਰੀ ਜਾ ਕਾ ਤਨਾ ॥**

**ਆਪਨ ਜਸੁ ਆਪ ਹੀ ਸੁਨਾ ॥**

ਸਾਰੀ ਸਮੱਗਰੀ ਜਿਸਦਾ ਸਰੀਰ ਹੈ। ਜੱਸ ਵੀ ਉਸਦਾ ਆਪਣਾ ਹੈ ਅਤੇ ਸੁਣਦਾ ਵੀ ਉਹ ਆਪ ਹੀ ਹੈ।

**ਆਵਨ ਜਾਨੁ ਇਕੁ ਖੇਲੁ ਬਨਾਇਆ ॥**

**ਆਗਿਆਕਾਰੀ ਕੀਨੀ ਮਾਇਆ ॥**

ਉਸਨੇ ਜੰਮਣਾ-ਮਰਨਾ ਇੱਕ ਖੇਲ ਬਣਾਇਆ ਹੋਇਆ ਹੈ। ਜਿਸ ਵਿੱਚ ਮਾਇਆ ਰੂਪ ਦਾਸੀ ਬਣਾਈ ਹੋਈ ਹੈ।

**ਸਭ ਕੈ ਮਧਿ ਅਲਿਪਤੋ ਰਹੈ ॥**
**ਜੋ ਕਿਛੁ ਕਹਣਾ ਸੁ ਆਪੇ ਕਹੈ ॥**

ਪਰ ਉਹ ਸਾਰਿਆਂ ਵਿੱਚੋਂ ਅਲੱਗ ਰਹਿੰਦਾ ਹੈ।
ਜੋ ਕੁਝ ਕਹਿਣਾ ਹੈ, ਉਹ ਆਪ ਹੀ ਕਹਿੰਦਾ ਹੈ।

**ਆਗਿਆ ਆਵੈ ਆਗਿਆ ਜਾਇ ॥**
**ਨਾਨਕ ਜਾ ਭਾਵੈ ਤਾ ਲਏ ਸਮਾਇ ॥੬॥**

ਮਾਇਆ ਹੁਕਮ ਵਿੱਚ ਆਉਂਦੀ ਹੈ ਅਤੇ ਹੁਕਮ ਨਾਲ ਹੀ ਜਾਂਦੀ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਦੋਂ ਉਸਨੂੰ ਭਾਉਂਦਾ ਹੈ ਤਾਂ ਓਦੋਂ ਉਹ ਜੀਵ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

**ਇਸ ਤੇ ਹੋਇ ਸੁ ਨਾਹੀ ਬੁਰਾ ॥**
**ਓਰੈ ਕਹਹੁ ਕਿਨੈ ਕਛੁ ਕਰਾ ॥**

ਪਰਮੇਸ਼ਰ ਤੋਂ ਜੋ ਹੁੰਦਾ ਹੈ, ਉਹ ਬੁਰਾ ਨਹੀਂ ਹੈ।
ਹੋਰ ਦੱਸੋ ਕਿ ਹੋਰ ਕਿਸੇ ਨੇ ਕੁਝ ਕੀਤਾ ਹੈ?

**ਆਪਿ ਭਲਾ ਕਰਤੂਤਿ ਅਤਿ ਨੀਕੀ ॥**
**ਆਪੇ ਜਾਨੈ ਅਪਨੇ ਜੀ ਕੀ ॥**

ਪਰਮੇਸ਼ਰ ਆਪ ਚੰਗਾ ਹੈ ਅਤੇ ਉਸਦੀ ਕਰਣੀ ਵੀ ਚੰਗੀ ਹੈ। ਆਪਣੇ ਦਿਲ ਦੀ ਆਪ ਹੀ ਜਾਣਦਾ ਹੈ।

**ਆਪਿ ਸਾਚੁ ਧਾਰੀ ਸਭ ਸਾਚੁ ॥**
**ਓਤਿ ਪੋਤਿ ਆਪਨ ਸੰਗਿ ਰਾਚੁ ॥**

ਉਹ ਆਪ ਵੀ ਸੱਚ ਹੈ ਤੇ ਸਾਰੀ ਸ੍ਰਿਸ਼ਟੀ ਵੀ ਸੱਚ ਹੀ ਬਣਾਈ ਹੈ। ਤਾਣੇ ਪੇਟੇ ਵਾਂਗ ਆਪਣੇ ਨਾਲ ਹੀ ਮਿਲਿਆ ਹੋਇਆ ਹੈ।

**ਤਾ ਕੀ ਗਤਿ ਮਿਤਿ ਕਹੀ ਨ ਜਾਇ ॥**
**ਦੂਸਰ ਹੋਇ ਤ ਸੋਝੀ ਪਾਇ ॥**

ਉਸਦੀ ਗਿਣਤੀ-ਮਿਣਤੀ ਕਹੀ ਨਹੀਂ ਜਾ ਸਕਦੀ। ਜੇ ਕੋਈ ਹੋਰ ਹੋਵੇ ਤਾਂ ਸੋਝੀ ਪੈ ਸਕਦੀ ਹੈ।

**ਤਿਸ ਕਾ ਕੀਆ ਸਭੁ ਪਰਵਾਨੁ ॥**
**ਗੁਰ ਪ੍ਰਸਾਦਿ ਨਾਨਕ ਇਹੁ ਜਾਨੁ ॥੭॥**

ਉਸਦਾ ਕੀਤਾ ਸਭ ਕੁਝ ਠੀਕ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਗੁਰੂ ਦੀ ਕਿਰਪਾ ਵਾਲਿਆ! ਇਹ ਗੱਲ ਸਮਝ ਲੈ।

**ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥**
**ਆਪਿ ਮਿਲਾਇ ਲਏ ਪ੍ਰਭੁ ਸੋਇ ॥**

ਜਿਹੜਾ ਉਪਰੋਕਤ ਗਿਆਨ ਨੂੰ ਸਮਝੇਗਾ, ਉਹਨੂੰ ਨਿਤ ਸੁੱਖ ਮਿਲੇਗਾ। ਉਹ ਪ੍ਰਭੂ ਨਾਲ ਆਪ ਨੂੰ ਮਿਲਾ ਲਵੇਗਾ।

**ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥**
**ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥**

ਉਹ ਅਮੀਰ, ਕੁਲੀਨ ਅਤੇ ਇੱਜ਼ਤਦਾਰ ਹੈ। ਉਹ ਜੀਵਨ ਮੁਕਤ ਹੈ, ਜਿਸ ਦੇ ਹਿਰਦੇ ਵਿੱਚ ਭਗਵਾਨ ਹੈ।

**ਧੰਨੁ ਧੰਨੁ ਧੰਨੁ ਜਨੁ ਆਇਆ ॥**
**ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥**

ਉਹ ਇਨਸਾਨ ਮਨ, ਬਾਣੀ ਅਤੇ ਕਰਮ ਕਰਕੇ ਧੰਨ ਹੈ। ਜਿਸ ਦੀ ਮਿਹਰ ਨਾਲ ਸਾਰਾ ਸੰਸਾਰ ਤਰਿਆ ਹੈ।

**ਜਨ ਆਵਨ ਕਾ ਇਹੈ ਸੁਆਉ ॥**
**ਜਨ ਕੈ ਸੰਗਿ ਚਿਤਿ ਆਵੈ ਨਾਉ ॥**

ਸੰਤਾਂ ਦੇ ਜਨਮ ਧਾਰਨ ਦਾ ਪ੍ਰਯੋਜਨ ਇਹ ਹੈ। ਸੰਤਾਂ ਦੇ ਸੰਗ ਨਾਲ ਪ੍ਰਭੂ ਦਾ ਨਾਮ ਯਾਦ ਆਵੇ।

**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥**
**ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥**

ਉਹ ਸੰਤ ਆਪ ਵੀ ਮੁਕਤ ਹਨ ਅਤੇ ਦੁਨੀਆਂ ਨੂੰ ਵੀ ਮੁਕਤ ਕਰਦੇ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹਨਾਂ ਨੂੰ ਹਮੇਸ਼ਾਂ ਨਮਸਕਾਰ ਹੈ।

**ਸਲੋਕੁ ॥**

**ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥**

ਮੈਂ ਪੂਰਨ ਪ੍ਰਭੂ ਨੂੰ ਸਿਮਰਿਆ ਹੈ, ਜਿਸਦਾ ਨਾਮ ਵੀ ਪੂਰਾ ਹੈ।

**ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਪੂਰਨ ਗੁਰੂ ਨੂੰ ਪਾਇਆ ਹੈ ਅਤੇ ਪੂਰਨ ਦੇ ਹੀ ਗੁਣ ਗਾਉਂਦਾ ਹਾਂ।

**ਅਸਟਪਦੀ ॥**

**ਪੂਰੇ ਗੁਰ ਕਾ ਸੁਨਿ ਉਪਦੇਸੁ ॥**
**ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥**

ਪੂਰਨ ਗੁਰੂ ਦਾ ਉਪਦੇਸ਼ ਸੁਣ। ਪਾਰਬ੍ਰਹਮ ਨੂੰ ਨੇੜੇ ਕਰਕੇ ਅਨੁਭਵ ਕਰ।

**ਸਾਸਿ ਸਾਸਿ ਸਿਮਰਹੁ ਗੋਬਿੰਦ ॥**
**ਮਨ ਅੰਤਰ ਕੀ ਉਤਰੈ ਚਿੰਦ ॥**
ਸਵਾਸ ਸਵਾਸ ਗੋਬਿੰਦ ਦਾ ਨਾਮ ਸਿਮਰ ਤਾਂ ਕਿ ਦਿਲ ਵਿਚਲੀ ਚਿੰਤਾ ਲਹਿ ਜਾਵੇ।
**ਆਸ ਅਨਿਤ ਤਿਆਗਹੁ ਤਰੰਗ ॥**
**ਸੰਤ ਜਨਾ ਕੀ ਧੂਰਿ ਮਨ ਮੰਗ ॥**
ਝੂਠੀ ਆਸ ਦੀਆਂ ਤਰੰਗਾਂ ਛੱਡ ਦੇ। ਹੇ ਮਨ! ਸੰਤਾਂ ਦੇ ਚਰਨਾਂ ਦੀ ਧੂੜ ਮੰਗ।
**ਆਪੁ ਛੋਡਿ ਬੇਨਤੀ ਕਰਹੁ ॥**
**ਸਾਧਸੰਗਿ ਅਗਨਿ ਸਾਗਰੁ ਤਰਹੁ ॥**
ਹੰਕਾਰ ਛੱਡ ਕੇ ਬੇਨਤੀ ਕਰ। ਸਾਧ ਦੇ ਸੰਗ ਕਰਕੇ ਹੀ ਈਰਖਾ ਰੂਪੀ ਅਗਨੀ ਦਾ ਸਮੁੰਦਰ ਤਰ ਸਕੇਂਗਾ।
**ਹਰਿ ਧਨ ਕੇ ਭਰਿ ਲੇਹੁ ਭੰਡਾਰ ॥**
**ਨਾਨਕ ਗੁਰ ਪੂਰੇ ਨਮਸਕਾਰ ॥੧॥**
ਹਰੀ-ਸਿਮਰਨ ਰੂਪ ਧਨ ਦਾ ਭੰਡਾਰ ਭਰ ਲੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪੂਰਨ ਗੁਰੂ ਨੂੰ ਨਮਸਕਾਰ ਹੈ, ਜਿਸਨੇ ਇਹ ਪਵਿੱਤਰ ਉਪਦੇਸ਼ ਦਿੱਤਾ ਹੈ।
**ਖੇਮ ਕੁਸਲ ਸਹਜ ਆਨੰਦ ॥**
**ਸਾਧਸੰਗਿ ਭਜੁ ਪਰਮਾਨੰਦ ॥**
ਪਰਮੇਸ਼ਰ ਨੂੰ ਸਿਮਰਿਆਂ ਕਲਿਆਣ, ਸੁਖ, ਗਿਆਨ ਅਤੇ ਆਨੰਦ ਪ੍ਰਾਪਤ ਹੁੰਦੇ ਹਨ। ਸਾਧ ਦੇ ਸੰਗ ਨਾਲ ਪਰਮ ਆਨੰਦ ਪ੍ਰਭੂ ਨੂੰ ਸਿਮਰ।
**ਨਰਕ ਨਿਵਾਰਿ ਉਧਾਰਹੁ ਜੀਉ ॥**
**ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥**
ਨਰਕ ਨੂੰ ਦੂਰ ਕਰਕੇ, ਆਪਣੇ ਆਪ ਨੂੰ ਉੱਚਾ ਕਰ ਲੈ। ਦਿਲੋਂ ਗੋਬਿੰਦ ਦੇ ਗੁਣਾਂ ਦਾ ਮਿੱਠਾ ਰਸ ਪੀ।
**ਚਿਤਿ ਚਿਤਵਹੁ ਨਾਰਾਇਣ ਏਕ ॥**
**ਏਕ ਰੂਪ ਜਾ ਕੇ ਰੰਗ ਅਨੇਕ ॥**
ਹਿਰਦੇ ਵਿੱਚ ਇੱਕ ਨਾਰਾਇਣ ਨੂੰ ਸਿਮਰ। ਜਿਸਦੇ ਇੱਕ ਰੂਪ ਤੋਂ ਅਨੇਕਾਂ ਰੰਗ ਉਪਜਦੇ ਹਨ।
**ਗੋਪਾਲ ਦਾਮੋਦਰ ਦੀਨ ਦਇਆਲ ॥**
**ਦੁਖ ਭੰਜਨ ਪੂਰਨ ਕਿਰਪਾਲ ॥**
ਉਹ ਪ੍ਰਿਥਵੀ ਦਾ ਪਾਲਕ, ਪੇਟ ਉੱਪਰ ਰੱਸੀ ਵਾਲਾ ਅਤੇ ਗਰੀਬਾਂ 'ਤੇ ਮਿਹਰਬਾਨ ਹੈ। ਦੁੱਖਾਂ ਨੂੰ ਨਾਸ ਕਰਨ ਵਾਲਾ ਅਤੇ ਪੂਰਨ ਮਿਹਰਬਾਨ ਹੈ।

**ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥**
**ਨਾਨਕ ਜੀਅ ਕਾ ਇਹੈ ਅਧਾਰ ॥੨॥**

ਉਸਦੇ ਨਾਵਾਂ ਨੂੰ ਵਾਰ-ਵਾਰ ਮਨ, ਬਾਣੀ ਅਤੇ ਕਰਮ ਕਰਕੇ ਸਿਮਰ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹੀ ਜ਼ਿੰਦਗੀ ਦਾ ਆਸਰਾ ਹੈ।

**ਉਤਮ ਸਲੋਕ ਸਾਧ ਕੇ ਬਚਨ ॥**
**ਅਮੁਲੀਕ ਲਾਲ ਏਹਿ ਰਤਨ ॥**

ਸਾਧ ਦੇ ਵਾਕ ਹੀ ਉੱਤਮ ਸਲੋਕ ਹਨ। ਇਹ ਅਮੋਲਕ ਲਾਲ ਅਤੇ ਰਤਨ ਹਨ।

**ਸੁਨਤ ਕਮਾਵਤ ਹੋਤ ਉਧਾਰ ॥**
**ਆਪਿ ਤਰੈ ਲੋਕਹ ਨਿਸਤਾਰ ॥**

ਸੁਨਣ ਵਾਲੇ ਅਤੇ ਕਮਾਉਣ ਵਾਲੇ ਦਾ ਉਧਾਰ ਹੁੰਦਾ ਹੈ।
ਸਾਧੂ ਆਪ ਤਰਦਾ ਹੈ ਅਤੇ ਲੋਕਾਂ ਨੂੰ ਤਾਰ ਦੇਂਦਾ ਹੈ।

**ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥**
**ਜਾ ਕੈ ਮਨਿ ਲਾਗਾ ਹਰਿ ਰੰਗੁ ॥**

ਸਾਧੂ ਦੀ ਜ਼ਿੰਦਗੀ ਸਫ਼ਲ ਹੈ ਅਤੇ ਉਸਦਾ ਸੰਗ ਕਰਨਾ ਵੀ ਸਫ਼ਲ ਹੈ।
ਜਿਸਦੇ ਮਨ ਨੂੰ ਹਰੀ-ਨਾਮ ਰੰਗ ਲੱਗਾ ਹੋਇਆ ਹੈ।

**ਜੈ ਜੈ ਸਬਦੁ ਅਨਾਹਦੁ ਵਾਜੈ ॥**
**ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥**

ਜੈ ਜੈ ਕਾਰ ਦੇ ਸ਼ਬਦ ਪ੍ਰਗਟ ਹੁੰਦੇ ਹਨ। ਪ੍ਰਭੂ ਦੀਆਂ ਆਵਾਜ਼ਾਂ ਨੂੰ ਸੁਣ-ਸੁਣ ਕੇ ਆਨੰਦ ਪ੍ਰਾਪਤ ਕਰਦੇ ਹਨ।

**ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥**
**ਨਾਨਕ ਉਧਰੇ ਤਿਨ ਕੈ ਸਾਥੇ ॥੩॥**

ਸਾਧ ਦੇ ਭਾਗ ਵਿੱਚ ਹੀ ਗੁਪਾਲ ਪਰਮੇਸ਼ਰ ਪ੍ਰਗਟ ਹੋਏ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹਨਾਂ ਦੇ ਸੰਗ ਨਾਲ ਪਾਰ-ਉਤਾਰਾ ਹੁੰਦਾ ਹੈ।

**ਸਰਨਿ ਜੋਗੁ ਸੁਨਿ ਸਰਨੀ ਆਏ ॥**
**ਕਰਿ ਕਿਰਪਾ ਪ੍ਰਭ ਆਪ ਮਿਲਾਏ ॥**

ਸੰਤਾਂ ਦੀ ਸ਼ਰਨ ਰਹਿਣ ਯੋਗ ਹੈ, ਇਹ ਸੁਣਕੇ ਹੀ ਜੀਵ ਸ਼ਰਨ ਵਿੱਚ ਆਏ ਹਨ। ਪ੍ਰਭੂ ਨੇ ਮਿਹਰ ਕਰਕੇ ਆਪ ਹੀ ਸੰਤ ਮਿਲਾਏ ਹਨ।

**ਮਿਟਿ ਗਏ ਬੈਰ ਭਏ ਸਭ ਰੇਨ ॥**
**ਅੰਮ੍ਰਿਤ ਨਾਮੁ ਸਾਧਸੰਗਿ ਲੈਨ ॥**

ਵੈਰ ਮਿਟ ਗਏ ਹਨ ਅਤੇ ਅਸੀਂ ਸਾਰਿਆਂ ਦੇ ਚਰਨਾਂ ਦੀ ਧੂੜ ਹੋ ਗਏ ਹਾਂ।
ਸਾਧਾਂ ਦੇ ਸੰਗ ਨਾਲ ਅੰਮ੍ਰਿਤ ਰੂਪ ਨਾਮ ਲੈਣ ਕਰਕੇ।

**ਸੁਪ੍ਰਸੰਨ ਭਏ ਗੁਰਦੇਵ ॥**
**ਪੂਰਨ ਹੋਈ ਸੇਵਕ ਕੀ ਸੇਵ ॥**

ਗੁਰੂ ਦੇਵ ਚੰਗੀ ਤਰ੍ਹਾਂ ਪ੍ਰਸੰਨ ਹੋ ਗਏ ਹਨ।
ਸੇਵਕ ਦੀ ਸੇਵਾ ਪੂਰਨ ਹੋ ਗਈ ਹੈ।

**ਆਲ ਜੰਜਾਲ ਬਿਕਾਰ ਤੇ ਰਹਤੇ ॥**
**ਰਾਮ ਨਾਮ ਸੁਨਿ ਰਸਨਾ ਕਹਤੇ ॥**

ਘਰ ਦੇ ਜੰਜਾਲ ਅਤੇ ਵਿਕਾਰ ਛੁੱਟ ਗਏ ਹਨ।
ਜੋ ਰਾਮ ਦੇ ਨਾਮ ਨੂੰ ਸੁਣ ਕੇ ਜੀਭ ਤੋਂ ਉਚਾਰਦੇ ਹਨ।

**ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥**
**ਨਾਨਕ ਨਿਬਹੀ ਖੇਪ ਹਮਾਰੀ ॥੪॥**

ਹੇ ਦਿਆਲੂ ਪ੍ਰਭੂ! ਮੇਰੇ 'ਤੇ ਕਿਰਪਾ ਕਰੋ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਾਡੀ ਵਾਪਾਰ ਦੀ ਵਸਤੂ ਅਰਥਾਤ ਨਾਮ-ਸਿਮਰਨ ਦੀ ਕਿਰਿਆ ਨਿਭ ਜਾਵੇ।

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥**
**ਸਾਵਧਾਨ ਏਕਾਗਰ ਚੀਤ ॥**

ਹੇ ਸੰਤ ਮਿੱਤਰੋ! ਪ੍ਰਭੂ ਦੀ ਉਸਤਤ ਕਰੋ।
ਹੁਸ਼ਿਆਰ ਅਤੇ ਇਕਾਗਰ ਚਿੱਤ ਹੋ ਕੇ।

**ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥**
**ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥**

ਸੁਖਮਨੀ ਦਾ ਰਹੱਸ ਅਤੇ ਗੋਬਿੰਦ ਦੇ ਨਾਮ-ਸਿਮਰਨ ਦੇ ਗੁਣ। ਜਿਸ ਦੇ ਮਨ ਵਿੱਚ ਵੱਸ ਜਾਣ, ਉਹ ਗੁਣਾਂ ਦਾ ਖਜ਼ਾਨਾ ਹੋ ਜਾਂਦਾ ਹੈ।

**ਸਰਬ ਇਛਾ ਤਾ ਕੀ ਪੂਰਨ ਹੋਇ ॥**
**ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥**

ਉਸ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਉਹ ਉੱਤਮ ਪੁਰਸ਼ ਹੋ ਕੇ ਸਾਰਿਆਂ ਵਿੱਚ ਪ੍ਰਗਟ ਹੁੰਦਾ ਹੈ।

**ਸਭ ਤੇ ਊਚ ਪਾਏ ਅਸਥਾਨੁ ॥**
**ਬਹੁਰਿ ਨ ਹੋਵੈ ਆਵਨ ਜਾਨੁ ॥**

ਸਾਰਿਆਂ ਤੋਂ ਉੱਚਾ ਪਦ ਪਾਉਂਦਾ ਹੈ।
ਫਿਰ ਉਸਦਾ ਜੰਮਣਾ-ਮਰਨਾ ਨਹੀਂ ਹੁੰਦਾ।

**ਹਰਿ ਧਨੁ ਖਾਟਿ ਚਲੈ ਜਨੁ ਸੋਇ ॥**
**ਨਾਨਕ ਜਿਸਹਿ ਪਰਾਪਤਿ ਹੋਇ ॥੫॥**

ਉਹ ਇਨਸਾਨ ਹਰੀ-ਨਾਮ ਸਿਮਰਨ ਰੂਪ ਧਨ ਖੱਟ ਕੇ ਜਾਂਦਾ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਨੂੰ ਪੂਰਬਲੇ ਕਰਮਾਂ ਕਰਕੇ ਪ੍ਰਭੂ ਪ੍ਰਾਪਤ ਹੋ ਜਾਵੇ।

**ਖੇਮ ਸਾਂਤਿ ਰਿਧਿ ਨਵ ਨਿਧਿ ॥**
**ਬੁਧਿ ਗਿਆਨੁ ਸਰਬ ਤਹ ਸਿਧਿ ॥**
ਕਲਿਆਣ, ਸ਼ਾਂਤੀ, ਰਿੱਧੀਆਂ ਅਤੇ ਨੌ ਨਿੱਧੀਆਂ। ਅਕਲ, ਗਿਆਨ ਅਤੇ ਅਠਾਰਾਂ ਸਿੱਧੀਆਂ।

**ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥**
**ਗਿਆਨੁ ਸ੍ਰੇਸਟ ਊਤਮ ਇਸਨਾਨੁ ॥**
ਵਿੱਦਿਆ, ਤਪੱਸਿਆ, ਯੋਗ, ਸੋਭਾ ਅਤੇ ਧਿਆਨ।
ਉੱਤਮ ਗਿਆਨ ਅਤੇ ਇਸ਼ਨਾਨ।

**ਚਾਰਿ ਪਦਾਰਥ ਕਮਲ ਪ੍ਰਗਾਸ ॥**
**ਸਭ ਕੈ ਮਧਿ ਸਗਲ ਤੇ ਉਦਾਸ ॥**
ਚਾਰੇ ਪਦਾਰਥ (ਧਰਮ, ਅਰਥ, ਕਾਮ ਮੋਖ) ਅਤੇ ਬੁੱਧੀ ਦਾ ਖੇੜਾ। ਸਾਰਿਆਂ ਵਿੱਚ ਅਤੇ ਸਾਰਿਆਂ 'ਚੋਂ ਤਿਆਗ ਭਾਵ ਵੈਰਾਗ।

**ਸੁੰਦਰੁ ਚਤੁਰੁ ਤਤ ਕਾ ਬੇਤਾ ॥**
**ਸਮਦਰਸੀ ਏਕ ਦ੍ਰਿਸਟੇਤਾ ॥**
ਸੁੰਦਰ, ਚਤੁਰ ਅਤੇ ਤੱਤ ਬੇਤਾ। ਸਮ ਦ੍ਰਿਸ਼ਟੀ ਅਤੇ ਬ੍ਰਹਮ ਦ੍ਰਿਸ਼ਟੀ।

**ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥**
**ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥**
ਇਹ ਫਲ ਉਸਦੇ ਸਾਹਮਣੇ ਆਉਂਦੇ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਗੁਰੂ ਤੋਂ ਨਾਮ-ਸਿਮਰਨ ਮਨ ਅਤੇ ਬਾਣੀ ਕਰਕੇ ਸੁਣਦਾ ਹੈ।

**ਇਹੁ ਨਿਧਾਨੁ ਜਪੈ ਮਨਿ ਕੋਇ ॥**
**ਸਭ ਜੁਗ ਮਹਿ ਤਾ ਕੀ ਗਤਿ ਹੋਇ ॥**
ਨਾਮ ਸਿਮਰਨ ਰੂਪ ਇਸ ਖਜ਼ਾਨੇ ਨੂੰ ਜੇ ਕੋਈ ਮਨੋਂ ਸਿਮਰੇ ਤਾਂ ਉਸਨੂੰ ਸਾਰਿਆਂ ਯੁੱਗਾਂ ਵਿੱਚ ਮੁਕਤੀ ਪ੍ਰਾਪਤ ਹੁੰਦੀ ਹੈ।

**ਗੁਣ ਗੋਬਿੰਦ ਨਾਮ ਧੁਨਿ ਬਾਣੀ ॥**
**ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥**
ਗੋਬਿੰਦ ਦੇ ਨਾਮ ਦੇ ਗੁਣਾਂ ਦੀ ਧੁਨੀ ਵਾਲੀ ਬਾਣੀ। ਸਿਮ੍ਰਤੀਆਂ, ਸ਼ਾਸਤਰਾਂ ਅਤੇ ਵੇਦਾਂ ਨੇ ਵੀ ਉਚਾਰੀ ਹੈ।

**ਸਗਲ ਮਤਾਂਤ ਕੇਵਲ ਹਰਿ ਨਾਮ ॥**
**ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥**
ਸਾਰਿਆਂ ਵਿੱਚ ਅੰਤਿਮ ਸਿਧਾਂਤ ਇੱਕ ਹਰੀ-ਨਾਮ ਸਿਮਰਨ ਦਾ ਹੈ। ਸਾਧੂ ਦੇ ਮਨ ਵਿੱਚ ਗੋਬਿੰਦ ਸਿਮਰਨ ਦਾ ਟਿਕਾਉ ਹੁੰਦਾ ਹੈ।

**ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥**
**ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥**

ਸਾਧੂ ਦੇ ਸੰਗ ਨਾਲ ਕਰੋੜਾਂ ਪਾਪ ਮਿਟਦੇ ਹਨ। ਸਾਧ ਦੀ ਮਿਹਰ ਨਾਲ ਜੀਵ ਯਮਾਂ ਤੋਂ ਛੁੱਟ ਜਾਂਦਾ ਹੈ।

**ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥**
**ਸਾਧ ਸਰਣਿ ਨਾਨਕ ਤੇ ਆਏ ॥੭॥**

ਪਰਮੇਸ਼ਰ ਨੇ ਜਿਸ ਦੇ ਮੱਥੇ ਤੇ ਉੱਤਮ ਲੇਖ ਲਿਖ ਦਿੱਤੇ ਹਨ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹੀ ਸਾਧੂ ਦੀ ਸ਼ਰਨ ਵਿੱਚ ਆਏ ਹਨ।

**ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥**
**ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥**

ਜਿਸਦੇ ਮਨ ਵਿੱਚ ਹਰੀ-ਨਾਮ ਵੱਸਦਾ ਹੈ ਅਤੇ ਜੋ ਹਰੀ-ਨਾਮ ਨੂੰ ਪ੍ਰੇਮ ਨਾਲ ਸੁਣਦਾ ਹੈ। ਉਸ ਆਦਮੀ ਨੂੰ ਹੀ ਹਰੀ-ਪ੍ਰਭੂ ਯਾਦ ਆਉਂਦਾ ਹੈ।

**ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥**
**ਦੁਲਭ ਦੇਹ ਤਤਕਾਲ ਉਧਾਰੈ ॥**

ਉਸਦਾ ਜੰਮਣ ਮਰਨ ਦਾ ਦੁੱਖ ਕੱਟਿਆ ਜਾਂਦਾ ਹੈ। ਕੀਮਤੀ ਦੇਹੀ ਦਾ ਤੁਰੰਤ ਉਧਾਰ ਹੋ ਜਾਂਦਾ ਹੈ।

**ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥**
**ਏਕੁ ਨਾਮੁ ਮਨ ਮਾਹਿ ਸਮਾਨੀ ॥**

ਉਸ ਦੀ ਸ਼ੋਭਾ ਨਿਰਮਲ ਅਤੇ ਬਾਣੀ ਮਿੱਠੀ ਹੁੰਦੀ ਹੈ। ਜਿਸਦੇ ਮਨ ਵਿੱਚ ਇੱਕ ਨਾਮ ਸਮਾਇਆ ਹੁੰਦਾ ਹੈ।

**ਦੂਖ ਰੋਗ ਬਿਨਸੇ ਭੈ ਭਰਮ ॥**
**ਸਾਧ ਨਾਮ ਨਿਰਮਲ ਤਾ ਕੇ ਕਰਮ ॥**

ਉਸਦੇ ਦੁੱਖ, ਰੋਗ, ਡਰ ਅਤੇ ਭਰਮ ਨਾਸ ਹੋ ਜਾਂਦੇ ਹਨ। ਉਸਦਾ ਨਾਮ ਸ੍ਰੇਸ਼ਟ ਹੋ ਜਾਂਦਾ ਹੈ ਅਤੇ ਉਸ ਦੇ ਕਰਮ ਨਿਰਮਲ ਹੋ ਜਾਂਦੇ ਹਨ।

**ਸਭ ਤੇ ਊਚ ਤਾ ਕੀ ਸੋਭਾ ਬਨੀ ॥**
**ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥**

ਸਾਰਿਆਂ ਚੋਂ ਉੱਚੀ ਉਪਮਾ ਉਸ ਦੀ ਹੀ ਹੁੰਦੀ ਹੈ। ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹਨਾਂ ਗੁਣਾਂ ਦਾ ਨਾਮ ਹੀ ਸੁਖਮਨੀ ਹੈ।

****

# ਛੰਤ

**ਆਸਾ ਮਹਲਾ ੪ ਛੰਤ ਘਰੁ ੪ ॥**

**ੴ ਸਤਿਗੁਰ ਪ੍ਰਸਾਦਿ ॥**

**ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥**

ਹੇ ਪ੍ਰਭੂ! ਮੇਰੇ ਨੇਤਰ ਤੇਰੇ ਨਾਮ ਰੂਪੀ ਅੰਮ੍ਰਿਤ ਨਾਲ ਭਿੱਜੇ ਹੋਏ ਹਨ,
ਮਨ ਪ੍ਰੇਮ ਨਾਲ ਰੰਗਿਆ ਹੋਇਆ ਹੈ।

**ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ ॥**

ਹਰੀ-ਨਾਮ ਦੀ ਕਸਵਟੀ 'ਤੇ ਖਰਾ ਉੱਤਰਿਆ ਮਨ, ਸ਼ੁੱਧ ਸੋਨਾ ਹੋ ਗਿਆ ਹੈ।

**ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥**

ਗੁਰੁ-ਪ੍ਰੇਮ ਦੇ ਗੂੜ੍ਹੇ ਰੰਗ ਵਿੱਚ ਰੰਗੇ ਜਾਣ ਸਦਕਾ ਮੇਰਾ ਮਨ-ਤਨ ਮਹਿਕ
ਉੱਠਿਆ ਹੈ।

**ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ-ਨਾਮ ਦੀ ਸੁਗੰਧੀ ਵਿੱਚ ਭਿੱਜਿਆ ਮੇਰਾ
ਜੀਵਨ, ਧੰਨ ਧੰਨ ਹੋ ਗਿਆ।

**ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ ॥**

ਹੇ ਪ੍ਰਭੂ! ਮੇਰੀ ਹਉਮੈ ਆਪ ਦੀ ਅੰਮ੍ਰਿਤਮਈ ਬਾਣੀ ਦੇ ਤਿੱਖੇ ਤੀਰਾਂ ਨੇ ਖ਼ਤਮ
ਕਰ ਦਿੱਤੀ ਹੈ।

**ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥**

ਜਿਸ ਨੂੰ ਤੇਰੇ ਪ੍ਰੇਮ ਰੂਪੀ ਸ਼ਬਦ ਦੀ ਚੋਟ ਲੱਗਦੀ ਹੈ,
ਉਹ ਹੀ ਜਰਨਾ ਜਾਣਦਾ ਹੈ।

**ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥**

ਜੋ ਆਪਣੀਆਂ ਖ਼ਾਹਿਸ਼ਾਂ ਨੂੰ ਮਾਰ ਲੈਂਦਾ ਹੈ,
ਉਸ ਨੂੰ ਜੀਵਨ ਮੁਕਤ ਕਿਹਾ ਜਾਂਦਾ ਹੈ।

**ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਹਰੀ! ਐਸੇ ਸਤਿਗੁਰੂ ਦਾ ਮੇਲ ਕਰਾ ਜੋ ਮੈਨੂੰ
ਕਠਿਨ ਸੰਸਾਰ ਸਾਗਰ ਤੋਂ ਪਾਰ ਕਰਾ ਦੇਵੇ।

**ਹਮ ਮੂਰਖ ਮੁਗਧ ਸਰਣਾਗਤੀ ਮਿਲੁ ਗੋਵਿੰਦ ਰੰਗਾ ਰਾਮ ਰਾਜੇ ॥**

ਅਸੀਂ ਘੋਰ ਮੂਰਖ ਤੇਰੀ ਸ਼ਰਨ ਆਏ ਹਾਂ, ਹੇ ਪ੍ਰਭੂ!
ਸਾਨੂੰ ਆਪਣੇ ਨਾਲ ਮਿਲਾ ਲਓ।

**ਗੁਰਿ ਪੂਰੈ ਹਰਿ ਪਾਇਆ ਹਰਿ ਭਗਤਿ ਇਕ ਮੰਗਾ ॥**
ਪੂਰੇ ਗੁਰੂ ਦੀ ਕਿਰਪਾ ਨਾਲ ਪ੍ਰਭੂ ਦਾ ਮੇਲ ਹੋਇਆ ਹੈ,
ਅਸੀਂ ਉਸ ਤੋਂ ਕੇਵਲ ਬੰਦਗੀ ਦੀ ਖ਼ੈਰ ਮੰਗਦੇ ਹਾਂ।
**ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ ॥**
ਮੇਰਾ ਮਨ-ਤਨ ਸ਼ਬਦ ਨਾਲ ਖਿੜ ਗਿਆ ਹੈ, ਨਾਮ ਜਪਣ ਨਾਲ ਸਰੀਰ ਵਿੱਚੋਂ
ਬੇਅੰਤ ਖੁਸ਼ੀਆਂ ਦੀਆਂ ਲਹਿਰਾਂ ਉੱਠ ਰਹੀਆਂ ਹਨ।
**ਮਿਲਿ ਸੰਤ ਜਨਾ ਹਰਿ ਪਾਇਆ ਨਾਨਕ ਸਤਸੰਗਾ ॥੩॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਨੂੰ ਸਾਧੂਆਂ ਦੀ ਸੰਗਤ ਵਿੱਚੋਂ ਹੀ
ਹਰੀ ਦੇ ਦਰਸ਼ਨ ਹੋਏ ਹਨ।

**ਦੀਨ ਦਇਆਲ ਸੁਣਿ ਬੇਨਤੀ ਹਰਿ ਪ੍ਰਭ ਹਰਿ ਰਾਇਆ ਰਾਮ ਰਾਜੇ ॥**
ਹੇ ਪ੍ਰਭੂ, ਪ੍ਰਮੇਸ਼ਰ! ਦੀਨ ਦਇਆਲ! ਮੇਰੀ ਬੇਨਤੀ ਸੁਣੋ।
**ਹਉ ਮਾਗਉ ਸਰਣਿ ਹਰਿ ਨਾਮ ਕੀ ਹਰਿ ਹਰਿ ਮੁਖਿ ਪਾਇਆ ॥**
ਮੈਂ ਪ੍ਰਭੂ ਨਾਮ ਦੀ ਸ਼ਰਨ ਮੰਗਦਾ ਹਾਂ ਤਾਂ ਕਿ ਉਸਦਾ ਸਿਮਰਨ ਕਰ ਸਕਾਂ।
**ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ ਰਖਾਇਆ ॥**
ਭਗਤਾਂ ਦੀ ਰੱਖਿਆ ਕਰਨਾ ਤੁਹਾਡਾ ਸੁਭਾਅ ਹੈ,
ਕਿਰਪਾ ਕਰਕੇ ਮੇਰੀ ਵੀ ਰੱਖਿਆ ਕਰੋ।
**ਜਨੁ ਨਾਨਕੁ ਸਰਣਾਗਤੀ ਹਰਿ ਨਾਮਿ ਤਰਾਇਆ ॥੪॥੮॥੧੫॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਤੁਹਾਡੀ ਸ਼ਰਨ ਆਇਆ ਹਾਂ,
ਹਰੀ-ਨਾਮ ਦੇ ਕੇ ਮੈਨੂੰ ਵੀ ਤਾਰ ਦਿਓ।

**ਆਸਾ ਮਹਲਾ ੪ ॥**
**ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ ॥**
ਗੁਰੂ ਦੇ ਰਾਹੀਂ ਖੋਜ ਭਾਲ ਕੇ ਮੈਂ ਪ੍ਰਭੂ ਮਿੱਤਰ ਨੂੰ ਲੱਭ ਲਿਆ ਹੈ।
**ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ ॥**
ਕਾਇਆ ਰੂਪ ਕਿਲਾ ਸੋਨੇ ਦਾ ਬਣ ਗਿਆ,
ਜਦੋਂ ਇਸ ਵਿੱਚ ਪ੍ਰਭੂ ਪ੍ਰਗਟ ਹੋ ਗਿਆ।
**ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥**
ਹਰੀ-ਸਿਮਰਨ ਬੇਸ਼ਕੀਮਤੀ ਹੀਰਾ ਹੈ,
ਜਿਸ ਨਾਲ ਮੇਰਾ ਮਨ ਅਤੇ ਤਨ ਵਿੰਨ੍ਹਿਆ ਗਿਆ।
**ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਦੇ ਧੁਰੋਂ ਹੀ ਵੱਡੇ ਭਾਗ ਹਨ,
ਉਸਨੇ ਹੀ ਹਰੀ ਪਾਇਆ ਹੈ ਅਤੇ ਹਰੀ-ਰਸ ਵਿੱਚ ਗੁੰਨ੍ਹਿਆ ਗਿਆ ਹੈ।

**ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ ॥**
ਹੇ ਪ੍ਰਭੂ! ਨਵੇਂ ਜੋਬਨ ਵਾਲੀ ਇਸਤਰੀ ਹਮੇਸ਼ਾਂ ਖਲੋਤੀ ਹੋਈ
ਆਪਣੇ ਪਤੀ ਦਾ ਰਾਹ ਵੇਖਦੀ ਹੈ।
**ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ ॥**
ਹੇ ਗੁਰੂ! ਮੈਂ ਹਰੀ ਦੇ ਨਾਮ ਨੂੰ ਸਿਮਰਾਂ ਅਤੇ ਹਰੀ ਦੇ ਮਾਰਗ ਉੱਤੇ ਚੱਲ ਸਕਾਂ।
**ਮੇਰੈ ਮਨਿ ਤਨਿ ਨਾਮੁ ਆਧਾਰੁ ਹੈ ਹਉਮੈ ਬਿਖੁ ਜਾਲੀ ॥**
ਮੇਰੇ ਮਨ-ਤਨ ਵਿੱਚ ਤਾਂ ਨਾਮ ਦਾ ਹੀ ਆਸਰਾ ਹੈ ਅਤੇ ਉਹ ਹਉਮੈ ਰੂਪ
ਜ਼ਹਿਰ ਨੂੰ ਸਾੜਦਾ ਹੈ।
**ਜਨ ਨਾਨਕ ਸਤਿਗੁਰੁ ਮੇਲਿ ਹਰਿ ਹਰਿ ਮਿਲਿਆ ਬਨਵਾਲੀ ॥੨॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਤਿਗੁਰੂ ਦੇ ਮੇਲ ਨਾਲ ਹੀ ਜੰਗਲਾਂ ਵਿੱਚ ਰਹਿਣ
ਵਾਲਾ ਹਰੀ ਮੈਨੂੰ ਮਿਲਿਆ ਹੈ।

**ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥**
ਹੇ ਪ੍ਰਭੂ! ਮੈਨੂੰ ਚਿਰਾਂ ਤੋਂ ਵਿਛੜੇ ਹੋਏ ਪਿਆਰੇ ਗੁਰਮੁਖ ਦਾ ਮੇਲ ਕਰਾਓ।
**ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥**
ਹੇ ਹਰੀ ! ਮੇਰਾ ਮਨ ਤਨ ਬਹੁਤ ਬੈਰਾਗੀ ਹੋਇਆ-ਹੋਇਆ ਹੈ
ਅਤੇ ਨੇਤਰ ਅੱਥਰੂਆਂ ਦੇ ਜਲ ਨਾਲ ਭਿੱਜੇ ਹੋਏ ਹਨ।
**ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ ਮਿਲਿ ਹਰਿ ਮਨੁ ਮੰਨੇ ॥**
ਹੇ ਗੁਰੂ! ਮੈਨੂੰ ਹਰੀ ਪ੍ਰਭੂ ਪ੍ਰੀਤਮ ਬਾਰੇ ਦੱਸੋ ਤਾਂ ਕਿ
ਉਸ ਨੂੰ ਮਿਲ ਕੇ ਮੇਰਾ ਮਨ ਪ੍ਰਸੰਨ ਹੋ ਜਾਵੇ।
**ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥੩॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਨੂੰ ਸਧਾਰਨ ਬੁੱਧ ਨੂੰ ਹਰੀ ਸਿਮਰਨ ਦੇ
ਆਹਰੇ ਲਾ ਦੇਵੋ।

**ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ ॥**
ਹੇ ਪ੍ਰਭੂ! ਗੁਰੂ ਦੀ ਦੇਹ ਨਾਮ ਰੂਪ ਅੰਮ੍ਰਿਤ ਵਿਚ ਭਿੱਜੀ ਹੈ
ਅਤੇ ਉਹ ਅੰਮ੍ਰਿਤਮਈ ਬੋਲ ਸੰਗਤ ਨੂੰ ਸੁਣਾਉਂਦੇ ਹਨ।
**ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ ॥**

ਜਿਨ੍ਹਾਂ ਦੇ ਮਨ ਵਿੱਚ ਗੁਰੂ ਦੀ ਬਾਣੀ ਵੱਸਦੀ ਹੈ,
ਉਹ ਇਹਨਾਂ ਅੰਮ੍ਰਿਤ ਬਚਨਾਂ ਦਾ ਪ੍ਰਸ਼ਾਦ ਪਾਉਂਦੇ ਹਨ।

**ਗੁਰ ਤੁਠੈ ਹਰਿ ਪਾਇਆ ਚੂਕੇ ਧਕ ਧਕੇ ॥**

ਗੁਰੂ ਦੀ ਕਿਰਪਾ ਨਾਲ ਪ੍ਰਭੂ ਦਾ ਮੇਲ ਹੋਇਆਂ, ਧੱਕੇ ਨਹੀਂ ਪੈਂਦੇ।

**ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ ॥੪॥੯॥੧੬॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ-ਜਨ ਹਰੀ ਦਾ ਰੂਪ ਹੀ ਹੋ ਗਿਆ ਹੈ,
ਉਹ ਅਤੇ ਹਰੀ ਇੱਕੋ ਹੀ ਹਨ।

**ਆਸਾ ਮਹਲਾ ੪ ॥**

**ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ ॥**

ਹੇ ਪ੍ਰਭੂ! ਸਤਿਗੁਰੂ ਪਾਸ ਹਰੀ-ਭਗਤੀ ਰੂਪ ਅੰਮ੍ਰਿਤ ਦਾ ਵੱਡਾ ਭੰਡਾਰ ਹੈ।

**ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ ॥**

ਪੂਜਯ ਸਤਿਗੁਰੂ ਸੱਚਾ ਸ਼ਾਹ ਹੈ
ਅਤੇ ਹਰੀ-ਸਿਮਰਨ ਰੂਪੀ ਸਿੱਖਿਆ ਦੀ ਪੂੰਜੀ ਦਿੰਦਾ ਹੈ।

**ਧਨੁ ਧੰਨੁ ਵਣਜਾਰਾ ਵਣਜੁ ਹੈ ਗੁਰੁ ਸਾਹੁ ਸਾਬਾਸੇ ॥**

ਉਸ ਵਣਜਾਰੇ ਦਾ ਵਣਜ ਧੰਨਤਾ ਯੋਗ ਹੈ,
ਜੋ ਮਾਲਕ-ਗੁਰੂ ਤੋਂ ਸਾਬਾਸ਼ੀ ਲੈਂਦਾ ਹੈ।

**ਜਨੁ ਨਾਨਕੁ ਗੁਰੁ ਤਿਨ੍ਹੀ ਪਾਇਆ ਜਿਨ ਧੁਰਿ ਲਿਖਤੁ ਲਿਲਾਟਿ ਲਿਖਾਸੇ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਨ੍ਹਾਂ ਜਨਾਂ ਨੇ ਹੀ ਗੁਰੂ ਪਾਇਆ ਹੈ,
ਜਿਨ੍ਹਾਂ ਦੇ ਮੱਥੇ 'ਤੇ ਧੁਰੋਂ ਹੀ ਲਿਖਤ ਲਿਖੀ ਹੋਈ ਸੀ।

**ਸਚੁ ਸਾਹੁ ਹਮਾਰਾ ਤੂੰ ਧਣੀ ਸਭੁ ਜਗਤੁ ਵਣਜਾਰਾ ਰਾਮ ਰਾਜੇ ॥**

ਹੇ ਪ੍ਰਭੂ! ਤੂੰ ਸੱਚਾ ਸ਼ਾਹੂਕਾਰ ਹੈਂ,
ਸਮੂਹ ਜਗਤ ਤੇਰੇ ਨਾਮ ਦਾ ਵਣਜ ਕਰਨ ਵਾਲਾ ਹੈ।

**ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ ॥**

ਸਾਰੇ ਸਰੀਰ ਤੂੰ ਹੀ ਬਣਾਏ ਹਨ ਅਤੇ
ਉਹਨਾਂ ਵਿਚ ਸੁਭਾਅ ਰੂਪੀ ਵਸਤਾਂ ਵੀ ਤੇਰੀਆਂ ਰੱਖੀਆਂ ਹਨ।

**ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ ॥**

ਹੇ ਹਰੀ! ਤੂੰ ਜੋ ਸਰੀਰ ਅਥਵਾ ਮਤ ਵਿੱਚ ਜੋ ਵਸਤੂ ਪਾਉਂਦਾ ਹੈਂ,
ਉਹੋ ਹੀ ਨਿਕਲਦੀ ਹੈ, ਇਸ ਉੱਤੇ ਕੋਈ ਕੀ ਵਿਚਾਰ ਕਰੇ?

**ਜਨ ਨਾਨਕ ਕਉ ਹਰਿ ਬਖਸਿਆ ਹਰਿ ਭਗਤਿ ਭੰਡਾਰਾ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ
ਆਪਣੇ ਦਾਸ ਨੂੰ ਤਾਂ ਪ੍ਰਭੂ ਨੇ ਹਰੀ ਭਗਤੀ ਦਾ ਭੰਡਾਰ ਹੀ ਬਖਸ਼ ਦਿੱਤਾ ਹੈ।

**ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ**
**ਤੂੰ ਅਪਰ ਅਪਾਰੋ ਰਾਮ ਰਾਜੇ॥**

ਹੇ ਪ੍ਰਭੂ! ਤੂੰ ਬੇਅੰਤ ਤੋਂ ਬੇਅੰਤ ਸਵਾਮੀ ਹੈਂ,
ਅਸੀਂ ਤੇਰੇ ਗੁਣਾਂ ਨੂੰ ਕੀ ਵਿਸਥਾਰ ਦੇ ਸਕਦੇ ਹਾਂ?

**ਹਰਿ ਨਾਮੁ ਸਾਲਾਹਹ ਦਿਨੁ ਰਾਤਿ ਏਹਾ ਆਸ ਆਧਾਰੋ ॥**

ਮੇਰੇ ਜੀਵਨ ਦਾ ਨਿਸ਼ਾਨਾ ਅਤੇ
ਆਸਰਾ ਦਿਨ ਰਾਤ ਤੇਰੇ ਨਾਮ ਦੀ ਸਿਫ਼ਤ-ਸਲਾਹ ਕਰਨਾ ਹੈ।

**ਹਮ ਮੂਰਖ ਕਿਛੂਅ ਨ ਜਾਣਹਾ ਕਿਵ ਪਾਵਹ ਪਾਰੋ ॥**

ਮੈਂ ਬੇਅਕਲ ਸੰਸਾਰ ਸਾਗਰ ਤੋਂ ਪਾਰ ਕਰਨ ਦਾ ਢੰਗ ਨਹੀਂ ਜਾਣਦਾ।

**ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸ ਪਨਿਹਾਰੋ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਖ਼ੁਦ ਹਰੀ ਦਾ ਦਾਸ ਹਾਂ ਅਤੇ ਉਸਦੇ ਦਾਸਾਂ ਦਾ ਪਾਣੀ ਭਰਦਾ ਹਾਂ।

**ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ ॥**

ਹੇ ਰਾਮ ਰਾਜੇ ਪ੍ਰਭੂ! ਅਸੀਂ ਤੇਰੀ ਸ਼ਰਨ ਵਿੱਚ ਆਏ ਹਾਂ,
ਜਿਵੇਂ ਤੈਨੂੰ ਚੰਗਾ ਲੱਗੇ ਤਿਵੇਂ ਹੀ ਰੱਖ ਲੈ।

**ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ ॥**

ਅਸੀਂ ਦਿਨ ਰਾਤ ਭੁੱਲਾਂ ਕਰਦੇ ਹਾਂ, ਕੰਮ ਵਿਗਾੜਦੇ ਹਾਂ,
ਹੇ ਪ੍ਰਭੂ! ਲੱਜਾ ਰੱਖਣੀ।

**ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥**

ਅਸੀਂ ਨਾਦਾਨ ਬੱਚੇ ਹਾਂ, ਤੂੰ ਸਮਰੱਥ ਗੁਰੂ-ਪਿਤਾ ਹੈਂ,
ਸਾਨੂੰ ਸ਼ੁਭ ਸਿੱਖਿਆ ਦੇ ਕੇ ਸਮਝਾ ਦਿਓ।

**ਜਨੁ ਨਾਨਕੁ ਦਾਸੁ ਹਰਿ ਕਾਂਢਿਆ ਹਰਿ ਪੈਜ ਰਖਾਏ ॥੪॥੧੦॥੧੭॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਤੇਰਾ ਦਾਸ ਕਹਾਉਂਦਾ ਹਾਂ,
ਹੇ ਹਰੀ! ਮੇਰੀ ਪੈਜ ਰੱਖਣੀ।

**ਆਸਾ ਮਹਲਾ ੪ ॥**
**ਜਿਨ ਮਸਤਕਿ ਧੁਰਿ ਹਰਿ ਲਿਖਿਆ**
**ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥**

ਜਿਨ੍ਹਾਂ ਦੇ ਮੱਥੇ 'ਤੇ ਧੁਰੋਂ ਹੀ ਹਰੀ ਨੇ ਲਿਖਿਆ ਹੋਇਆ ਹੈ,
ਉਹਨਾਂ ਨੂੰ ਹੀ ਸਤਿਗੁਰੂ ਮਿਲਦਾ ਹੈ।

**ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥**

ਗੁਰੂ ਅਗਿਆਨ ਰੂਪ ਹਨੇਰਾ ਦੂਰ ਕਰਕੇ,
ਗਿਆਨ ਦਾ ਦੀਵਾ ਹਿਰਦੇ ਵਿੱਚ ਬਾਲਦਾ ਹੈ।

**ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥**

ਉਨ੍ਹਾਂ ਨੂੰ ਪਰਮਾਤਮਾ ਦਾ ਨਾਮ ਰੂਪੀ ਕੀਮਤੀ ਰਤਨ ਲੱਭ ਪੈਂਦਾ ਹੈ,
ਜੋ ਮੁੜ ਉਨ੍ਹਾਂ ਤੋਂ ਗੁਆਚਦਾ ਨਹੀਂ।

**ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਨਾਮ ਸਿਮਰਿਆ ਹੈ
ਅਤੇ ਸਿਮਰਨ ਨਾਲ ਹੀ ਮੈਨੂੰ ਹਰੀ ਮਿਲਿਆ ਹੈ।

**ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥**

ਜਿਨ੍ਹਾਂ ਨੇ ਇਹੋ ਜਿਹਾ ਹਰੀ-ਨਾਮ ਨਹੀਂ ਸਿਮਰਿਆ, ਉਹਨਾਂ ਦਾ ਦੁਨੀਆਂ ਵਿੱਚ
ਆਉਣਾ ਨਿਸਫ਼ਲ ਹੈ।

**ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥**

ਇਹ ਮਨੁੱਖਾ ਜੀਵਨ ਸੌਖਿਆਂ ਨਹੀਂ ਮਿਲਦਾ,
ਨਾਮ-ਸਿਮਰਨ ਤੋਂ ਬਿਨਾਂ ਖਾਲੀ ਜਾ ਰਿਹਾ ਹੈ।

**ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥**

ਹੇ ਇਨਸਾਨ! ਜੇ ਤੂੰ ਹੁਣ ਮਨੁੱਖਾ ਜੀਵਨ ਦੀ ਰੁੱਤ ਵਿੱਚ ਨਾਮ ਨਹੀਂ ਬੀਜ
ਸਕਿਆ ਤਾਂ ਅਗਲੇ ਸਫ਼ਰ 'ਤੇ ਭੁਖਿਆ! ਕੀ ਖਾਵੇਂਗਾ?

**ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ ਨੂੰ ਏਹੋ ਭਾਉਂਦਾ ਹੈ ਕਿ ਮਨਮੁਖ ਜੰਮਣ-
ਮਰਨ ਦੇ ਗੇੜ ਵਿੱਚ ਫਿਰਦਾ ਰਹੇ।

**ਤੂੰ ਹਰਿ ਤੇਰਾ ਸਭੁ ਕੋ ਸਭਿ ਤੁਧੁ ਉਪਾਏ ਰਾਮ ਰਾਜੇ ॥**

ਹੇ ਪ੍ਰਭੂ! ਤੂੰ ਸਭ ਨੂੰ ਪੈਦਾ ਕਰਦਾ ਹੈਂ ਤੇ ਸਭ ਨੂੰ ਤੇਰਾ ਹੀ ਆਸਰਾ ਹੈ।

**ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭਿ ਚਲਹਿ ਚਲਾਏ ॥**

ਕਿਸੇ ਦੇ ਹੱਥ ਵੱਸ ਕੁਝ ਵੀ ਨਹੀਂ, ਸਭ ਤੇਰੇ ਹੀ ਚਲਾਏ ਹੋਏ ਚੱਲਦੇ ਹਨ।

**ਜਿਨ੍ ਤੂੰ ਮੇਲਹਿ ਪਿਆਰੇ ਸੇ ਤੁਧੁ ਮਿਲਹਿ ਜੋ ਹਰਿ ਮਨਿ ਭਾਏ ॥**

ਹੇ ਪਿਆਰੇ ਹਰੀ! ਜੋ ਤੇਰੇ ਮਨ ਨੂੰ ਭਾਉਂਦੇ ਹਨ,
ਉਹੋ ਤੇਰੀ ਕਿਰਪਾ ਨਾਲ ਤੈਨੂੰ ਮਿਲਦੇ ਹਨ।

**ਜਨ ਨਾਨਕ ਸਤਿਗੁਰੁ ਭੇਟਿਆ ਹਰਿ ਨਾਮਿ ਤਰਾਏ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਨੂੰ ਸਤਿਗੁਰੂ ਮਿਲਿਆ ਅਤੇ ਉਹਨਾਂ ਦੁਆਰਾ ਦੱਸੇ ਹਰੀ ਨਾਮ ਨਾਲ ਮੈਂ ਤਰ ਗਿਆ ਹਾਂ।

**ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥**

ਕੋਈ ਮਨੁੱਖ ਸੁਰੀਲੀਆਂ ਸੁਰਾਂ, ਸੰਗੀਤਕ ਸਾਜ਼ਾਂ ਅਤੇ ਧਾਰਮਿਕ ਪੁਸਤਕਾਂ ਪੜ੍ ਕੇ ਕਈ ਤਰੀਕਿਆਂ ਨਾਲ ਪਰਮੇਸ਼ਰ ਦੇ ਗੁਣ ਗਾਉਂਦੇ ਹਨ, ਪਰ ਪ੍ਰਭੂ ਇਸ ਤਰ੍ਹਾਂ ਖੁਸ਼ ਨਹੀਂ ਹੁੰਦਾ।

**ਜਿਨ੍ਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥**

ਜਿਨ੍ਹਾਂ ਦੇ ਦਿਲ ਵਿੱਚ ਵਲ-ਛਲ ਅਤੇ ਵਿਕਾਰਾਂ ਦੀ ਮੈਲ ਹੈ, ਉਨ੍ਹਾਂ ਦਾ ਝੂਠਾ ਰੋਣਾ ਕਿਸ ਅਰਥ?

**ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥**

ਉਹ ਪ੍ਰਭੂ ਸਭ ਕੁਝ ਜਾਣਦਾ ਹੈ ਅਤੇ ਸਾਡੇ ਦਿਮਾਗ ਵਿੱਚ ਉਪਜੀਆਂ ਮੰਦੀਆਂ ਸੋਚਾਂ ਨੂੰ ਵੀ ਹੱਥ ਦੇ ਕੇ ਰੋਕ ਲੈਂਦਾ ਹੈ।

**ਜਿਨ੍ਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥੪॥੧੧॥੧੮॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਗੁਰਮੁੱਖਾਂ ਦਾ ਹਿਰਦਾ ਸਾਫ਼ ਹੈ, ਉਹ ਹੀ ਹਰੀ ਦਾ ਸਿਮਰਨ ਕਰਦੇ ਹਨ।

**ਆਸਾ ਮਹਲਾ ੪ ॥**

**ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮ ਰਾਜੇ ॥**

ਹੇ ਪ੍ਰਭੂ! ਜਿਨ੍ਹਾਂ ਦੇ ਦਿਲ ਵਿੱਚ ਹਰੀ ਦਾ ਸਿਮਰਨ ਅਤੇ ਹਰੀ ਦੀ ਪ੍ਰੀਤ ਹੈ, ਉਹ ਆਦਮੀ ਸਿਆਣਿਆਂ ਤੋਂ ਸਿਆਣੇ ਹਨ।

**ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ ॥**

ਅਜਿਹੇ ਮਨੁੱਖਾਂ ਦੇ ਭੁੱਲ ਚੁੱਕ ਵਸ ਬੋਲੇ ਕੁਬੋਲ ਵੀ ਹਰੀ ਨੂੰ ਚੰਗੇ ਲੱਗਦੇ ਹਨ।

**ਹਰਿ ਸੰਤਾ ਨੋ ਹੋਰੁ ਥਾਉ ਨਾਹੀ ਹਰਿ ਮਾਣੁ ਨਿਮਾਣੇ ॥**

ਹਰੀ ਸੰਤਾਂ ਨੂੰ ਹਰੀ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ, ਪ੍ਰਭੂ ਹੀ ਉਹਨਾਂ ਨਿਮਾਣਿਆਂ ਨੂੰ ਮਾਣ ਬਖ਼ਸ਼ਦਾ ਹੈ।

**ਜਨ ਨਾਨਕ ਨਾਮੁ ਦੀਬਾਣੁ ਹੈ ਹਰਿ ਤਾਣੁ ਸਤਾਣੇ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਹਰੀ ਦੀ ਤਾਕਤ ਨਾਲ ਹੀ ਵੱਡੀ ਤਾਕਤ ਵਾਲਾ ਹੋ ਗਿਆ ਹਾਂ।

**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥**

ਹੇ ਪ੍ਰਭੂ! ਮੇਰਾ ਸਤਿਗੁਰੂ ਜਿੱਥੇ ਵੀ ਜਾ ਕੇ ਬੈਠਦਾ ਹੈ, ਉਹੋ ਹੀ ਥਾਂ ਸੁਹਾਵਣਾ ਹੋ ਜਾਂਦਾ ਹੈ।

**ਗੁਰਸਿਖੀਂ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥**

ਜਿੱਥੇ ਸਤਿਗੁਰੂ ਬੈਠਾ ਸੀ, ਗੁਰਸਿੱਖਾਂ ਨੇ ਉਹ ਥਾਂ ਲੱਭ ਕੇ, ਉਸਦੀ ਧੂੜ ਮੁੱਖ ’ਤੇ ਲਾਈ।

**ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥**

ਜਿਨ੍ਹਾਂ ਗੁਰਸਿੱਖਾਂ ਨੇ ਹਰੀ ਨਾਮ ਦਾ ਸਿਮਰਨ ਕੀਤਾ,
ਉਹਨਾਂ ਦੀ ਘਾਲ ਥਾਇ ਪੈ ਗਈ।

**ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਹੜੇ ਸਤਿਗੁਰੂ ਦੀ ਪੂਜਾ ਕਰਦੇ ਹਨ,
ਹਰੀ ਉਹਨਾਂ ਦੀ ਪੂਜਾ ਕਰਵਾ ਦਿੰਦਾ ਹੈ।

**ਗੁਰਸਿਖਾ ਮਨਿ ਹਰਿ ਪ੍ਰੀਤਿ ਹੈ ਹਰਿ ਨਾਮ ਹਰਿ ਤੇਰੀ ਰਾਮ ਰਾਜੇ ॥**

ਹੇ ਹਰੀ ਰੂਪ ਰਾਮ ਰਾਜੇ! ਗੁਰਸਿੱਖਾਂ ਦੇ ਮਨ ਵਿੱਚ ਤੇਰੀ ਅਤੇ ਤੇਰੇ ਨਾਮ ਦੀ ਪ੍ਰੀਤ ਬਣੀ ਰਹਿੰਦੀ ਹੈ।

**ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਇ ਲਹਿ ਮੇਰੀ ॥**

ਜੋ ਪੂਰਨ ਸਤਿਗੁਰੂ ਨੂੰ ਧਾਰ ਕੇ, ਸਿਮਰਨ ਕਰਦੇ ਹਨ, ਉਹਨਾਂ ਦੀ ਹਉਮੈ ਦੀ ਭੁੱਖ ਲਹਿ ਜਾਂਦੀ ਹੈ।

**ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ ॥**

ਗੁਰਸਿੱਖਾਂ ਦੀ ਸਭ ਭੁੱਖ ਚਲੀ ਗਈ, ਉਹਨਾਂ ਦੇ ਪਿਛੇ ਦੱਸੇ ਰਾਹ ’ਤੇ ਚੱਲਣ ਵਾਲਿਆਂ ਦੀ ਭੁੱਖ ਵੀ ਉਹ ਦੂਰ ਕਰ ਦਿੰਦੇ ਹਨ।

**ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੰਤਾਂ ਨੇ ਹਰੀ-ਸਿਮਰਨ ਰੂਪ ਪੁੰਨ ਬੀਜਿਆ ਹੈ,
ਇਸ ਪੁੰਨ ਕਰਕੇ ਉਹਨਾਂ ਨੂੰ ਜੀਵਨ ਵਿੱਚ ਕੋਈ ਘਾਟਾ ਨਹੀਂ ਰਹਿੰਦਾ।

**ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥**

ਹੇ ਪ੍ਰਭੂ! ਜਿਨ੍ਹਾਂ ਨੇ ਮੇਰੇ ਸਤਿਗੁਰੂ ਦੇ ਦਰਸ਼ਨ ਕੀਤੇ ਹਨ, ਉਹਨਾਂ ਗੁਰਸਿੱਖਾਂ ਦੇ ਮਨਾਂ ਵਿੱਚ ਸਦਾ ਖੁਸ਼ੀਆਂ ਹਨ।

**ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੈ ਗੁਰਸਿਖਾ ਮਨਿ ਮਿਠਾ॥**

ਜੇ ਕੋਈ ਹਰੀ-ਨਾਮ ਦੀ ਕੋਈ ਗੱਲ ਕਰਨ ਵਾਲਾ ਹੋਵੇ ਤਾਂ ਗੁਰਸਿੱਖਾਂ ਦੇ ਮਨ ਨੂੰ ਪਿਆਰਾ ਲੱਗਦਾ ਹੈ।

**ਹਰਿ ਦਰਗਹ ਗੁਰਸਿਖ ਪੈਨ੍ਹਾਈਅਹਿ ਜਿਨ੍ਹਾ ਮੇਰਾ ਸਤਿਗੁਰੁ ਤੁਠਾ ॥**

ਜਿਨ੍ਹਾਂ ਉੱਤੇ ਮੇਰਾ ਸਤਿਗੁਰੂ ਪ੍ਰਸੰਨ ਹੋਇਆ ਹੈ, ਉਹ ਗੁਰਸਿੱਖ ਹਰੀ ਦੀ ਦਰਗਾਹ ਵਿੱਚ ਨਿਵਾਜੇ ਜਾਣਗੇ।

**ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ ॥੪॥੧੨॥੧੯॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਦੇ ਮਨ ਵਿੱਚ ਹਰੀ ਵੱਸਿਆ ਹੈ, ਉਹ ਹਰੀ ਦਾ ਰੂਪ ਹੀ ਹੋ ਜਾਂਦੇ ਹਨ।

**ਆਸਾ ਮਹਲਾ ੪ ॥**

**ਜਿਨ੍ਹਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥**

ਜਿਨ੍ਹਾਂ ਨੂੰ ਮੇਰਾ ਪੂਰਨ ਸਤਿਗੁਰੂ ਮਿਲਿਆ ਹੈ, ਉਹਨਾਂ ਦਾ ਉਹ ਹਰੀ-ਨਾਮ ਵਿੱਚ ਯਕੀਨ ਦ੍ਰਿੜ ਕਰਵਾਉਂਦਾ ਹੈ।

**ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥**

ਹਰੀ-ਨਾਮ ਦੇ ਸਿਮਰਨ ਨਾਲ ਦੁਨਿਆਵੀ ਖਾਹਿਸ਼ਾਂ ਦੀ ਸਭ ਭੁੱਖ ਤੇਹ ਮਿਟ ਜਾਂਦੀ ਹੈ।

**ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥**

ਜੋ ਹਰੀ-ਨਾਮ ਨੂੰ ਸਿਮਰਦੇ ਹੈ, ਉਹਨਾਂ ਨੂੰ ਚਿੰਤਾਵਾਂ ਰੂਪੀ ਜਮ ਨਹੀਂ ਚਿੰਬੜਦੇ।

**ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਮੇਰੇ 'ਤੇ ਮਿਹਰ ਕਰੋ ਹਮੇਸ਼ਾ ਹਰੀ ਨਾਮ-ਸਿਮਰਨ ਹੀ ਕਰਦਾਂ ਰਹਾਂ ਅਤੇ ਹਰੀ ਨਾਮ-ਸਿਮਰਨ ਨਾਲ ਹੀ ਮੈਂ ਤਰਾਂਗਾ।

**ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥**

ਜਿਨ੍ਹਾਂ ਗੁਰਮੁਖਾਂ ਨੇ ਨਾਮ ਸਿਮਰਿਆ ਹੈ, ਉਨ੍ਹਾਂ ਨੂੰ ਫੇਰ ਔਕੜਾਂ ਨਹੀਂ ਆਉਂਦੀਆਂ।

**ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ੍ ਪੂਜੇ ਸਭੁ ਕੋਈ ॥**

ਜਿਨ੍ਹਾਂ ਨੇ ਸਤਿਗੁਰੂ ਪੁਰਖ ਮਨਾਇਆ ਭਾਵ ਪੂਜਿਆ ਹੈ, ਉਹਨਾਂ ਦਾ ਸਾਰੇ ਸਤਿਕਾਰ ਕਰਦੇ ਹਨ।

**ਜਿਨੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਾ ਸੁਖੁ ਸਦ ਹੋਈ ॥**

ਜਿਨ੍ਹਾਂ ਪ੍ਰੀਤਮ ਸਤਿਗੁਰੂ ਨੂੰ ਸੇਵਿਆ ਹੈ, ਉਹਨਾਂ ਨੂੰ ਹਮੇਸ਼ਾ ਸੁਖ ਹੁੰਦੇ ਹਨ।

**ਜਿਨ੍ਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਾ ਮਿਲਿਆ ਹਰਿ ਸੋਈ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਨੂੰ ਸਤਿਗੁਰੂ ਮਿਲ ਗਿਆ ਮਾਨੋ ਕਿ ਉਹਨਾਂ ਨੂੰ ਹਰੀ ਮਿਲ ਗਿਆ ਹੈ।

**ਜਿਨ੍ਾ ਅੰਤਰਿ ਗੁਰਮੁਖਿ ਪ੍ਰੀਤਿ ਹੈ ਤਿਨ੍ ਹਰਿ ਰਖਣਹਾਰਾ ਰਾਮ ਰਾਜੇ ॥**

ਹੇ ਪ੍ਰਭੂ! ਜਿਨ੍ਹਾਂ ਦੇ ਅੰਦਰ ਗੁਰਮੁਖ ਬਣਨ ਦੀ ਪ੍ਰੀਤ ਹੈ,
ਉਹਨਾਂ ਨੂੰ ਰੱਖਣ ਵਾਲਾ ਵੀ ਤੂੰ ਆਪ ਹੀ ਹੈਂ।

**ਤਿਨ੍ ਕੀ ਨਿੰਦਾ ਕੋਈ ਕਿਆ ਕਰੇ ਜਿਨ੍ ਹਰਿ ਨਾਮੁ ਪਿਆਰਾ ॥**

ਜਿਨ੍ਹਾਂ ਨੂੰ ਹਰਿ ਨਾਮ ਸਿਮਰਨ ਪਿਆਰਾ ਹੈ,
ਉਹਨਾਂ ਦੀ ਨਿੰਦਿਆ ਕੋਈ ਕੀ ਕਰੇਗਾ?

**ਜਿਨ ਹਰਿ ਸੇਤੀ ਮਨੁ ਮਾਨਿਆ ਸਭ ਦੁਸਟ ਝਖ ਮਾਰਾ ॥**

ਜਿਨ੍ਹਾਂ ਦਾ ਮਨ ਹਰੀ-ਨਾਮ ਵਿੱਚ ਲੱਗ ਗਿਆ ਹੈ,
ਉਹਨਾਂ ਦੇ ਸਾਰੇ ਵਿਰੋਧੀ ਵਿਅਰਥ ਟੱਕਰਾਂ ਮਾਰਦੇ ਹਨ।

**ਜਨ ਨਾਨਕ ਨਾਮੁ ਧਿਆਇਆ ਹਰਿ ਰਖਣਹਾਰਾ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਹੜੇ ਪ੍ਰਭੂ ਦਾ ਨਾਮ ਧਿਆਉਂਦੇ ਹਨ,
ਉਨ੍ਹਾਂ ਦੀ ਰੱਖਿਆ ਕਰਨ ਵਾਲਾ ਹਰੀ ਆਪ ਹੀ ਹੈ।

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥**

ਹੇ ਪ੍ਰਭੂ! ਤੂੰ ਹਰ ਯੁੱਗ ਵਿੱਚ ਭਗਤਾਂ ਨੂੰ ਪੈਦਾ ਕਰ ਕੇ ਉਹਨਾਂ ਦੀ ਇੱਜ਼ਤ ਰੱਖਦਾ ਆਇਆ ਹੈਂ।

**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥**

ਤੂੰ ਹਰਣਾਖਸ਼ ਦੁਸਟ ਨੂੰ ਮਾਰ ਕੇ ਪ੍ਰਹਿਲਾਦ ਨੂੰ ਬਚਾਇਆ ਸੀ।

**ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥**

ਤੂੰ ਹੰਕਾਰੀਆਂ ਨਿੰਦਕਾਂ ਵਲੋਂ ਮੂੰਹ ਮੋੜ ਕੇ ਨਾਮਦੇਵ ਨੂੰ ਦਰਸ਼ਨ ਦਿੱਤੇ।

**ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪॥੧੩॥੨੦॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਵੀ ਐਸੇ ਹੀ ਹਰੀ ਦਾ ਸਿਮਰਨ ਕੀਤਾ ਹੈ,
ਜੋ ਅੰਤ ਸਮੇਂ ਮੈਨੂੰ ਮੁਕਤ ਕਰੇਗਾ।

# ਆਸਾ ਦੀ ਵਾਰ

**ੴ**

**ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

**ਆਸਾ ਮਹਲਾ ੧ ॥**

**ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ॥**

**ਸਲੋਕੁ ਮਃ ੧ ॥**

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥**

ਮੈਂ ਆਪਣੇ ਗੁਰੂ ਤੋਂ ਹਰ ਦਿਨ ਸੈਂਕੜੇ ਵਾਰ ਬਲਿਹਾਰ ਜਾਂਦਾ ਹਾਂ।

**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥**

ਜਿਸਨੇ ਮੈਨੂੰ ਬਿਨਾਂ ਕਿਸੇ ਦੇਰੀ ਦੇ ਸਧਾਰਨ ਮਨੁੱਖ ਤੋਂ ਗਿਆਨੀ ਮਨੁੱਖ ਬਣਾ ਦਿੱਤਾ।

**ਮਹਲਾ ੨ ॥**

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥**

ਜੇ ਪ੍ਰਕਿਰਤੀ ਦੇ ਨਿਯਮ ਤੋਂ ਉਲਟ ਸੈਂਕੜੇ ਚੰਦ ਅਤੇ ਹਜ਼ਾਰਾਂ ਹੀ ਸੂਰਜ ਚੜ੍ਹ ਜਾਣ।

**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥**

ਏਨੇ ਚਾਨਣ ਦੇ ਹੁੰਦਿਆਂ ਹੋਇਆਂ ਵੀ ਗੁਰੂ ਤੋਂ ਬਿਨਾਂ ਸਾਡੇ ਮਨਾਂ ਵਿੱਚ ਘੁੱਪ ਹਨ੍ਹੇਰਾ ਹੀ ਰਹੇਗਾ।

**ਮਃ ੧ ॥**

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥**

ਸ੍ਰੀ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੋ ਗੁਰੂ ਨੂੰ ਨਹੀਂ ਸਿਮਰਦੇ ਅਤੇ ਆਪਣੇ ਮਨ ਵਿੱਚ ਬਹੁਤ ਹੁਸ਼ਿਆਰ ਬਣਦੇ ਹਨ।

**ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥**

ਉਨ੍ਹਾਂ ਦੀ ਹਾਲਤ ਖੇਤ ਵਿੱਚ ਖੜ੍ਹੇ ਤਿਲਾਂ ਤੋਂ ਖਾਲੀ ਬੂਟਿਆਂ ਵਰਗੀ ਹੁੰਦੀ ਹੈ।

**ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਖੇਤ ਅੰਦਰ ਛੁੱਟੇ ਖਾਲੀ ਬੂਟਿਆਂ ਦਾ ਕੋਈ ਮਾਲਕ ਨਹੀਂ ਬਣਦਾ।

**ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥੩॥**

ਉਹ ਵਿਚਾਰੇ ਫਲਦੇ ਫੁੱਲਦੇ ਵੀ ਹਨ ਤਾਂ ਵੀ ਬੀਜ ਦੀ ਥਾਂ ਉਹਨਾਂ ਵਿੱਚ ਸੁਆਹ ਹੀ ਰਹਿ ਜਾਂਦੀ ਹੈ।

**ਪਉੜੀ ॥**

**ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥**

ਪਰਮਾਤਮਾ ਨੇ ਆਪਣੀ ਸਾਜਣਾ ਆਪ ਹੀ ਕੀਤੀ ਅਤੇ ਹੋਂਦ ਦਾ ਪ੍ਰਗਟਾਵਾ ਵੀ ਖ਼ੁਦ ਹੀ ਕੀਤਾ।

**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥**

ਫਿਰ ਪ੍ਰਭੂ ਨੇ ਕੁਦਰਤ ਦੀ ਸਾਜਣਾ ਕੀਤੀ ਅਤੇ ਉਸ ਵਿਚ ਨਿਵਾਸ ਰੱਖ ਕੇ ਜਗਤ ਤਮਾਸ਼ੇ ਨੂੰ ਖੁਸ਼ੀ ਨਾਲ ਵੇਖਦਾ ਪਿਆ ਹੈ।

**ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥**

ਹੇ ਸਿਰਜਣਹਾਰ! ਤੂੰ ਹੀ ਕੁਦਰਤ ਵਿੱਚ ਮੌਜੂਦ ਸਾਰੀਆਂ ਦਾਤਾਂ ਦਾ ਮਾਲਕ ਹੈਂ ਅਤੇ ਖੁਸ਼ ਹੋ ਕੇ, ਬਖ਼ਸ਼ਿਸ਼ਾਂ ਕਰਦਾ ਹੈਂ।

**ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥**

ਤੂੰ ਸਭ ਦੇ ਅੰਦਰ ਦੀ ਜਾਣਦਾ ਹੈਂ, ਇਕ ਬੋਲ ਨਾਲ ਹੀ ਜੀਵਣ ਦਿੰਦਾ ਤੇ ਖ਼ਤਮ ਕਰਦਾ ਹੈਂ।

**ਕਰਿ ਆਸਣੁ ਡਿਠੋ ਚਾਉ ॥੧॥**

ਪ੍ਰਕਿਰਤੀ ਵਿੱਚ ਵਿਆਪਕ ਹੋ ਕੇ ਜਗਤ ਖੇੜ੍ਹੇ ਨੂੰ ਤੱਕ ਰਿਹਾ ਹੈਂ।

**ਸਲੋਕੁ ਮਃ ੧ ॥**

**ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥**

ਹੇ ਪਰਮੇਸ਼ਰ! ਤੇਰੇ ਰਚੇ ਹੋਏ ਖੰਡ ਅਤੇ ਬ੍ਰਹਮੰਡ ਸੱਚੇ ਹਨ।

**ਸਚੇ ਤੇਰੇ ਲੋਅ ਸਚੇ ਆਕਾਰ ॥**

ਤੇਰੇ ਰਚੀ ਹੋਈ ਸਾਰੀ ਸ੍ਰਿਸਟੀ ਤੇ ਉਸਦੀ ਰਚਨਾ ਵੀ ਸੱਚੀ ਹੈ।

**ਸਚੇ ਤੇਰੇ ਕਰਣੇ ਸਰਬ ਬੀਚਾਰ ॥**

ਤੇਰੇ ਸਾਰੇ ਕਾਰਜ ਅਤੇ ਵਿਚਾਰਾਂ ਸੱਚੀਆਂ ਹਨ।

**ਸਚਾ ਤੇਰਾ ਅਮਰੁ ਸਚਾ ਦੀਬਾਣੁ ॥**

ਤੇਰੀ ਪਾਤਸ਼ਾਹੀ ਤੇ ਦਰਬਾਰ ਸੱਚਾ ਹੈ।

**ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥**

ਤੇਰੀ ਰਜ਼ਾ ਤੇ ਫ਼ੁਰਮਾਣ ਸੱਚਾ ਹੈ।

**ਸਚਾ ਤੇਰਾ ਕਰਮੁ ਸਚਾ ਨੀਸਾਣੁ ॥**

ਤੇਰੀ ਬਖ਼ਸ਼ਿਸ਼ ਅਤੇ ਹਰ ਥਾਂ ਪਸਰਿਆ ਜਲਵਾ ਸੱਚੇ ਹਨ।

**ਸਚੇ ਤੁਧੁ ਆਖਹਿ ਲਖ ਕਰੋੜਿ ॥**

ਤੈਨੂੰ ਸਿਮਰਨ ਵਾਲੇ ਲੱਖਾਂ ਕਰੋੜਾਂ ਇਨਸਾਨ ਸੱਚੇ ਹਨ।

**ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥**

ਤੇਰੀ ਸਾਰੀ ਤਾਕਤ ਅਤੇ ਸ਼ਕਤੀ ਸੱਚੀ ਹੈ ।

**ਸਚੀ ਤੇਰੀ ਸਿਫਤਿ ਸਚੀ ਸਾਲਾਹ ॥**

ਤੇਰੀ ਉਸਤਤ ਅਤੇ ਕੀਰਤੀ ਵੀ ਸੱਚੀ ਹੈ।

**ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥**

ਹੇ ਸੱਚੇ ਪਾਤਸ਼ਾਹ! ਤੇਰੀ ਰਚੀ ਹੋਈ ਮਾਇਆ ਵੀ ਸੱਚੀ ਹੈ।

**ਨਾਨਕ ਸਚੁ ਧਿਆਇਨਿ ਸਚੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੱਚ ਨੂੰ ਧਿਆਉਣ ਵਾਲੇ
ਸੱਚ ਸਰੂਪ ਹੋ ਗਏ ਹਨ।

**ਜੋ ਮਰਿ ਜੰਮੇ ਸੁ ਕਚੁਨਿ ਕਚੁ ॥੧॥**

ਜੋ ਆਪਣੀਆ ਖਾਹਿਸ਼ਾਂ ਵਿੱਚ ਮਰਦੇ ਜੰਮਦੇ ਰਹਿੰਦੇ ਹਨ,
ਉਹ ਕੱਚਿਆਂ ਤੋਂ ਵੀ ਕੱਚੇ ਹਨ।

**ਮਃ ੧ ॥**

**ਵਡੀ ਵਡਿਆਈ ਜਾ ਵਡਾ ਨਾਉ ॥**

ਉਸ ਦੀ ਮਹਿਮਾ ਵੱਡੀ ਹੈ ਕਿਉਂਕਿ ਉਸਦਾ ਨਾਮ ਵੱਡਾ ਹੈ।

**ਵਡੀ ਵਡਿਆਈ ਜਾ ਸਚੁ ਨਿਆਉ ॥**

ਸੱਚਾ ਇਨਸਾਫ਼ ਕਰਨ ਵਾਲੇ ਦੀ ਮਹਿਮਾ ਵੱਡੀ ਹੈ।

**ਵਡੀ ਵਡਿਆਈ ਜਾ ਨਿਹਚਲ ਥਾਉ ॥**

ਅਡੋਲ ਆਸਣ ਵਾਲੇ ਦੀ ਮਹਿਮਾ ਵੱਡੀ ਹੈ।

**ਵਡੀ ਵਡਿਆਈ ਜਾਣੈ ਆਲਾਉ ॥**

ਸਭ ਦੀ ਫਰਿਆਦ ਸੁਨਣ ਵਾਲੇ ਦੀ ਮਹਿਮਾ ਵੱਡੀ ਹੈ।

**ਵਡੀ ਵਡਿਆਈ ਬੁਝੈ ਸਭਿ ਭਾਉ ॥**

ਸਾਰਿਆ ਦੇ ਮਨੋਭਾਵਾਂ ਨੂੰ ਸਮਝਣ ਵਾਲੇ ਦੀ ਮਹਿਮਾ ਵੱਡੀ ਹੈ।

**ਵਡੀ ਵਡਿਆਈ ਜਾ ਪੁਛਿ ਨ ਦਾਤਿ ॥**

ਬਿਨਾ ਪੁੱਛਿਆਂ ਦਾਤਾਂ ਦੇਣ ਵਾਲੇ ਦੀ ਮਹਿਮਾ ਵੱਡੀ ਹੈ।

**ਵਡੀ ਵਡਿਆਈ ਜਾ ਆਪੇ ਆਪਿ ॥**

ਜਿਸ ਵਰਗਾ ਕੋਈ ਹੋਰ ਨਹੀਂ ਹੈ ਉਸਦੀ ਮਹਿਮਾ ਵੱਡੀ ਹੈ।

**ਨਾਨਕ ਕਾਰ ਨ ਕਥਨੀ ਜਾਇ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਦੇ ਕਾਰਜਾਂ ਦਾ ਵਰਨਣ
ਨਹੀਂ ਕੀਤਾ ਜਾ ਸਕਦਾ।

**ਕੀਤਾ ਕਰਣਾ ਸਰਬ ਰਜਾਇ ॥੨॥**

ਸਾਰੀ ਰਚਨਾ ਉਸ ਨੇ ਹੁਕਮ ਵਿੱਚ ਰਚੀ ਹੈ।

**ਮਹਲਾ ੨ ॥**

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥**

ਇਹ ਸੰਸਾਰ ਸੱਚ ਸਰੂਪ ਪਰਮੇਸ਼ਰ ਦੀ ਕੁਟੀਆ ਹੈ ਅਤੇ
ਪ੍ਰਭੂ ਦਾ ਹੀ ਇਸ ਵਿੱਚ ਵਾਸਾ ਹੈ।

**ਇਕਨ੍ਾ ਹੁਕਮਿ ਸਮਾਇ ਲਏ ਇਕਨ੍ਾ ਹੁਕਮੇ ਕਰੇ ਵਿਣਾਸੁ ॥**

ਕਈਆਂ ਨੂੰ ਹੁਕਮ ਨਾਲ ਆਪਣੇ ਵਿੱਚ ਮਿਲਾ ਲੈਂਦਾ ਹੈ
ਅਤੇ ਕਈਆਂ ਨੂੰ ਹੁਕਮ ਨਾਲ ਹੀ ਖੁਆਰ ਕਰਦਾ ਹੈ।

**ਇਕਨ੍ਾ ਭਾਣੈ ਕਢਿ ਲਏ ਇਕਨ੍ਾ ਮਾਇਆ ਵਿਚਿ ਨਿਵਾਸੁ ॥**

ਕਈਆਂ ਨੂੰ ਆਪਣੀ ਰਜ਼ਾ ਅਨੁਸਾਰ ਸੰਸਾਰ ਰੂਪੀ ਮਾਇਆ ਤੋਂ
ਨਿਰਲੇਪ ਕਰ ਲੈਂਦਾ ਹੈ ਅਤੇ ਕਈ ਮਾਇਆ ਦੀ ਦੌੜ ਵਿੱਚ ਭੱਜੇ ਫਿਰਦੇ ਹਨ।

**ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥**

ਇਹ ਗੱਲ ਵੀ ਨਹੀਂ ਕਹੀ ਜਾ ਸਕਦੀ ਕਿ ਉਸਨੂੰ ਕਿਸ ਦਾ ਕੀਤਾ ਭਾਵੇਗਾ?

**ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਨੂੰ ਉਹ ਸੋਝੀ ਦਿੰਦਾ ਹੈ,
ਉਹ ਹੀ ਗੁਰੂ ਵਾਲਾ ਬਣਦਾ ਹੈ।

**ਪਉੜੀ ॥**

**ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੀਵਾਂ ਨੂੰ ਪੈਦਾ ਕਰਕੇ ਪਰਮੇਸ਼ਰ ਨੇ
ਉਹਨਾਂ ਦੇ ਕਾਰਜਾਂ ਦੇ ਲੇਖੇ ਲਈ ਧਰਮਰਾਜ ਨੂੰ ਨਿਯੁਕਤ ਕੀਤਾ ਹੈ। ।

**ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥**

ਉਸ ਦੀ ਕਚਹਿਰੀ ਵਿੱਚ ਫੈਸਲਾ ਸੱਚ ਦੇ ਆਧਾਰ ਤੇ ਹੁੰਦਾ ਹੈ,
ਮਾੜੇ ਕਰਮਾਂ ਵਾਲਿਆਂ ਨੂੰ ਵੱਖ ਕੱਢ ਦਿੱਤਾ ਜਾਂਦਾ ਹੈ।

**ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ॥**

ਉਥੇ ਝੂਠਿਆਂ ਨੂੰ ਕੋਈ ਥਾਂ ਨਹੀਂ ਮਿਲਦਾ ਅਤੇ
ਉਹ ਬੇਇੱਜ਼ਤ ਹੋ ਕੇ ਨਰਕਾਂ ਨੂੰ ਜਾਂਦੇ ਹਨ।

**ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥**

ਹੇ ਪਰਮੇਸ਼ਰ! ਜੋ ਤੇਰੇ ਨਾਮ ਦੁਆਰਾ ਸੱਚ ਵਿੱਚ ਰੰਗੇ ਹੋਏ ਸਨ, ਉਹ ਜਿੱਤ
ਗਏ ਅਤੇ ਜੋ ਠੱਗੀਆਂ ਮਾਰਨ ਵਾਲੇ ਸਨ, ਉਹ ਜੀਵਨ ਰੂਪੀ ਬਾਜੀ ਹਾਰ ਗਏ।

**ਲਿਖਿ ਨਾਵੈ ਧਰਮੁ ਬਹਾਲਿਆ ॥੨॥**

ਜੀਵਾਂ ਦੇ ਲੇਖਾ ਲਿਖਣ ਦੇ ਕਾਰਜ ਲਈ ਧਰਮਰਾਜ ਨਿਯੁਕਤ ਕੀਤਾ ਹੈ।

**ਸਲੋਕ ਮਃ ੧ ॥**

**ਵਿਸਮਾਦੁ ਨਾਦ ਵਿਸਮਾਦੁ ਵੇਦ ॥**

ਸਭ ਧੁਨੀਆਂ ਵਿੱਚ ਅਸਚਰਜਤਾ (ਹੈਰਾਨੀ) ਹੈ,
ਲਿਖਤੀ ਗਿਆਨ ਵਿੱਚ ਵੀ ਅਸਚਰਜਤਾ ਹੈ।

**ਵਿਸਮਾਦੁ ਜੀਅ ਵਿਸਮਾਦੁ ਭੇਦ ॥**

ਜੀਵਨ ਵਿੱਚ ਵੀ ਅਸਚਰਜਤਾ ਹੈ, ਭਿੰਨਤਾਵਾਂ ਵਿੱਚ ਵੀ ਅਸਚਰਜਤਾ ਹੈ।

**ਵਿਸਮਾਦੁ ਰੂਪ ਵਿਸਮਾਦੁ ਰੰਗ ॥**

ਜੀਵਾਂ ਦੇ ਵੱਖ-ਵੱਖ ਰੂਪਾਂ ਅਤੇ ਸੁਭਾਵ ਵਿੱਚ ਵੀ ਅਸਚਰਜਤਾ ਹੈ।

**ਵਿਸਮਾਦੁ ਨਾਗੇ ਫਿਰਹਿ ਜੰਤ ॥**

ਅਨੇਕਾਂ ਜੰਤੂਆਂ ਦਾ ਨੰਗੇ ਫਿਰਨਾ ਵੀ ਅਸਚਰਜਤਾ ਹੈ।

**ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥**

ਹਵਾ ਪਾਣੀ ਦੇ ਵੱਖ-ਵੱਖ ਰੰਗਾਂ ਵਿੱਚ ਵੀ ਅਸਚਰਜਤਾ ਹੈ।

**ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥**

ਅੱਗ ਅਤੇ ਉਸ ਦੀਆਂ ਖੇਡਾਂ ਵਿੱਚ ਵੀ ਅਸਚਰਜਤਾ ਹੈ।

**ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥**

ਜ਼ਮੀਨ ਵਿੱਚ ਵੀ ਅਸਚਰਜਤਾ ਹੈ, ਚਾਰੇ ਖਾਣੀਆਂ ਵਿੱਚ ਵੀ ਅਸਚਰਜਤਾ ਹੈ।

**ਵਿਸਮਾਦੁ ਸਾਦਿ ਲਗਹਿ ਪਰਾਣੀ ॥**

ਲੋਕਾਂ ਦੀਆਂ ਰੁਚੀਆਂ ਅਨੁਸਾਰ ਵੱਖ-ਵੱਖ ਰਸਾਂ ਵਿੱਚ ਵੀ ਅਸਚਰਜਤਾ ਹੈ।

**ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥**

ਮਿਲਣ ਅਤੇ ਵਿਛੜਨ ਵਿੱਚ ਵੀ ਅਸਚਰਜਤਾ ਹੈ।

**ਵਿਸਮਾਦੁ ਭੁਖ ਵਿਸਮਾਦੁ ਭੋਗ ॥**

ਭੁੱਖ ਵਿੱਚ ਵੀ ਅਸਚਰਜਤਾ ਹੈ, ਭੋਗ ਵਿੱਚ ਵੀ ਅਸਚਰਜਤਾ ਹੈ।

**ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥**

ਪਰਮੇਸ਼ਰ ਦੀ ਸਿਫ਼ਤ-ਸਾਲਾਹ ਵਿੱਚ ਵੀ ਅਸਚਰਜਤਾ ਹੈ।

**ਵਿਸਮਾਦੁ ਉਝੜਿ ਵਿਸਮਾਦੁ ਰਾਹ ॥**

ਭਟਕ ਜਾਣ ਵਿੱਚ ਵੀ ਅਸਚਰਜਤਾ ਹੈ, ਰਾਹੇ ਪੈਣ ਵਿੱਚ ਵੀ ਅਸਚਰਜਤਾ ਹੈ।

**ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥**

ਪਰਮੇਸ਼ਰ ਨੂੰ ਨੇੜੇ ਤੇ ਦੂਰ ਵੇਖਣ ਵਿੱਚ ਵੀ ਅਸਚਰਜਤਾ ਹੈ।

**ਵਿਸਮਾਦੁ ਦੇਖੈ ਹਾਜਰਾ ਹਜੂਰਿ ॥**

ਪਾਸ ਤੋਂ ਪਾਸ ਵੇਖਿਆਂ ਵੀ ਅਸਚਰਜਤਾ ਹੈ।

**ਵੇਖਿ ਵਿਡਾਣੁ ਰਹਿਆ ਵਿਸਮਾਦੁ ॥**

ਇਸ ਅਸਚਰਜਤਾ ਨੂੰ ਵੇਖ ਕੇ ਹੀ ਇਨਸਾਨ ਅਸਚਰਜ ਹੋ ਰਿਹਾ ਹੈ।

**ਨਾਨਕ ਬੁਝਣੁ ਪੂਰੈ ਭਾਗਿ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਪਰਮੇਸ਼ਰ ਦੀ ਅਸਚਰਜਤਾ ਨੂੰ ਪੂਰਨ ਭਾਗਾਂ ਵਾਲਾ ਗਿਆਨਵਾਨ ਹੀ ਸਮਝ ਸਕਦਾ ਹੈ।

**ਮਃ ੧ ॥**

**ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥**

ਜੋ ਕੁਝ ਦਿਸਦਾ ਤੇ ਸੁਣਦਾ ਹੈ, ਇਹ ਸਭ ਪ੍ਰਭੂ ਦੀ ਕੁਦਰਤ ਹੈ, ਕੁਦਰਤ (ਪਰਮੇਸ਼ਰ) ਦੇ ਭੈ ਵਿੱਚ ਰਹਿਣਾ ਹੀ ਸੁੱਖਾਂ ਦਾ ਸਾਰ ਹੈ।

**ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥**

ਧਰਤੀ ਦੇ ਹੇਠਾਂ ਅਤੇ ਉੱਤੇ ਜੋ ਵੀ ਦਿਸਦਾ ਹੈ ਇਹ ਸਭ ਕੁਦਰਤ ਹੀ ਹੈ।

**ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥**

ਵੇਦਾਂ, ਪੁਰਾਣਾਂ ਅਤੇ ਕਤੇਬਾਂ ਵਿੱਚ ਦੱਸੀਆਂ ਗਈਆਂ ਸਾਰੀਆਂ ਵਿਚਾਰਾਂ ਤੇਰੀ ਕੁਦਰਤ ਬਾਰੇ ਹੀ ਹਨ।

**ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ ॥**

ਭਿੰਨ-ਭਿੰਨ ਪ੍ਰਕਾਰ ਦੇ ਖਾਣ, ਪੀਣ ਅਤੇ ਪਹਿਨਣ ਨੂੰ ਆਪੋ-ਆਪਣੇ ਢੰਗ ਨਾਲ ਪ੍ਰੇਮ ਕਰਨਾ ਵੀ ਕੁਦਰਤ ਹੈ।

**ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥**

ਸੰਸਾਰ ਵਿੱਚ ਵੱਖ-ਵੱਖ ਜਾਤਾਂ, ਨਸਲਾਂ ਅਤੇ ਰੰਗਾਂ ਦੇ ਲੋਕ ਵੀ ਕੁਦਰਤ (ਮਾਇਆ) ਦਾ ਹਿੱਸਾ ਹਨ।

**ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥**

ਮਨੁੱਖਾਂ ਵਿੱਚ ਚੰਗਿਆਈਆਂ-ਬੁਰਿਆਈਆਂ ਅਤੇ ਹਉਮੈ-ਹੰਕਾਰ ਵਿੱਚ ਵੀ ਕੁਦਰਤ ਹੀ ਹੈ।

**ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥**

ਹਵਾ, ਪਾਣੀ, ਅੱਗ ਅਤੇ ਧਰਤੀ ਦੀ ਮਿੱਟੀ ਵਿੱਚ ਵੀ ਕੁਦਰਤ ਹੀ ਹੈ।

**ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥**

ਹੇ ਪ੍ਰਭੂ! ਇਹ ਸਾਰੀ ਰਚਨਾ ਤੇਰੇ ਦੁਆਰਾ ਸਿਰਜੀ ਗਈ ਹੈ ਅਤੇ ਤੂੰ ਹੀ ਇਸ ਕੁਦਰਤ ਦਾ ਕਰਤਾ ਹੈਂ, ਤੇਰਾ ਨਾਮ ਪਵਿੱਤਰ ਤੋਂ ਵੀ ਪਵਿੱਤਰ ਹੈ।

**ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪ੍ਰਭੂ ਸਾਰੇ ਜੀਵਾਂ ਨੂੰ ਹੁਕਮ ਵਿੱਚ ਰੱਖ ਕੇ ਆਪਣੀ ਇੱਕ ਰਸ ਵਰਤਦੀ ਲੀਲਾ ਵੇਖ ਰਿਹਾ ਹੈ ।

**ਪਉੜੀ ॥**

**ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥**

ਜੀਵ ਭੋਗਾਂ ਨੂੰ ਭੋਗ ਕੇ ਮਿੱਟੀ ਦੀ ਢੇਰੀ ਹੋ ਜਾਂਦਾ ਹੈ

ਅਤੇ ਜੀਵ ਆਤਮਾ ਰੂਪੀ ਭੌਰ ਉਡਾਰੀ ਮਾਰ ਗਿਆ।

**ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥**

ਮਾਣ-ਵਡਿਆਈ ਤੇ ਦੁਨਿਆਵੀ ਧੰਦਿਆਂ 'ਚ ਗ੍ਰਸਿਆ ਅਤੇ
ਹਉਮੈ ਦੇ ਸੰਗਲਾਂ ਵਿੱਚ ਜਕੜਿਆ ਮਨੁੱਖ ਇੱਥੋਂ ਤੋਰ ਦਿੱਤਾ ਗਿਆ।

**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥**

ਅੱਗੇ ਉਸ ਦੀ ਕਰਨੀ ਅਤੇ ਜੱਸ ਦਾ ਹਿਸਾਬ ਕਰਕੇ
ਧਰਮਰਾਜ ਨੇ ਲੇਖਾ ਸਮਝਾਇਆ।

**ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥**

ਮਾੜੇ ਕੰਮਾਂ ਕਰਕੇ ਉਸਨੂੰ ਥਾਂ ਨਹੀਂ ਮਿਲਦੀ ਤੇ ਹੁਣ
ਉਸ ਦੇ ਰੋਣ ਨੂੰ ਕੌਣ ਸੁਣੇ?

**ਮਨਿ ਅੰਧੈ ਜਨਮੁ ਗਵਾਇਆ ॥੩॥**

ਅਗਿਆਨੀ ਨੇ ਜ਼ਿੰਦਗੀ ਨੂੰ ਵਿਅਰਥ ਹੀ ਗੁਆ ਲਿਆ।

**ਸਲੋਕ ਮਃ ੧ ॥**

**ਭੈ ਵਿਚਿ ਪਵਣੁ ਵਹੈ ਸਦ ਵਾਉ ॥**

ਪਰਮੇਸ਼ਰ ਅਥਵਾ ਕਾਲ ਦੇ ਡਰ ਵਿੱਚ ਹਮੇਸ਼ਾ ਹਵਾ ਚੱਲਦੀ ਹੈ।

**ਭੈ ਵਿਚਿ ਚਲਹਿ ਲਖ ਦਰੀਆਉ ॥**

ਕਾਲ ਦੇ ਡਰ ਵਿੱਚ ਹੀ ਲੱਖਾਂ ਦਰਿਆ ਚੱਲਦੇ ਹਨ।

**ਭੈ ਵਿਚਿ ਅਗਨਿ ਕਢੈ ਵੇਗਾਰਿ ॥**

ਡਰ ਵਿੱਚ ਅੱਗ ਵੇਗਾਰਾਂ ਕੱਢਦੀ ਹੈ
ਭਾਵ ਇਨਸਾਨਾਂ ਦੇ ਕਾਰਜ ਪੂਰੇ ਕਰਦੀ ਹੈ।

**ਭੈ ਵਿਚਿ ਧਰਤੀ ਦਬੀ ਭਾਰਿ ॥**

ਪ੍ਰਭੂ ਦੇ ਭੈਅ ਵਿੱਚ ਧਰਤੀ ਭਾਰ ਥੱਲੇ ਦੱਬੀ ਹੋਈ ਹੈ
ਭਾਵ ਭਾਰ ਚੁੱਕੀ ਫਿਰਦੀ ਹੈ।

**ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥**

ਡਰ ਵਿੱਚ ਹੀ ਵਰਖਾ ਵਾਲੇ ਬੱਦਲ ਵਰਸਣ ਤੋਂ ਬਾਅਦ ਖਾਲੀ ਹੋ ਕੇ
ਉਲਟੇ ਹੋ ਜਾਂਦੇ ਹਨ।

**ਭੈ ਵਿਚਿ ਰਾਜਾ ਧਰਮੁ ਦੁਆਰੁ ॥**

ਧਰਮਰਾਜ ਦਾ ਦੁਆਰਾ (ਸਥਾਨ) ਵੀ ਡਰ ਵਿੱਚ ਹੈ।

**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥**

**ਕੋਹ ਕਰੋੜੀ ਚਲਤ ਨ ਅੰਤੁ ॥**

ਨਿਰੰਤਰ ਕਰੋੜਾਂ ਕੋਹਾਂ ਦਾ ਪੈਂਡਾ ਕਰਨ ਵਾਲੇ ਸੂਰਜ ਤੇ ਚੰਦਰਮਾ ਵੀ ਭੈ ਵਿੱਚ ਹਨ।

**ਭੈ ਵਿਚਿ ਸਿਧ ਬੁਧ ਸੁਰ ਨਾਥ ॥**

ਡਰ ਵਿੱਚ ਹੀ ਸਿੱਧ, ਬੋਧੀ, ਦੇਵਤੇ ਅਤੇ ਜੋਗੀ ਹਨ।

**ਭੈ ਵਿਚਿ ਆਡਾਣੇ ਆਕਾਸ ॥**

ਉੱਪਰ ਤਣਿਆ ਹੋਇਆ ਅਸਮਾਨ ਵੀ ਭੈਅ ਵਿੱਚ ਹੈ।

**ਭੈ ਵਿਚਿ ਜੋਧ ਮਹਾਬਲ ਸੂਰ ॥**

ਡਰ ਵਿੱਚ ਹੀ ਯੋਧੇ, ਮਹਾਂਬਲੀ ਅਤੇ ਸੂਰਵੀਰ ਹਨ।

**ਭੈ ਵਿਚਿ ਆਵਹਿ ਜਾਵਹਿ ਪੂਰ ॥**

ਡਰ ਵਿੱਚ ਹੀ ਸਮੂਹ ਜੀਵ ਆਉਂਦੇ ਜਾਂਦੇ ਹਨ।

**ਸਗਲਿਆ ਭਉ ਲਿਖਿਆ ਸਿਰਿ ਲੇਖੁ ॥**

ਸਾਰਿਆਂ ਦੇ ਸਿਰ 'ਤੇ ਡਰ ਰੂਪੀ ਲੇਖ ਲਿਖਿਆ ਹੋਇਆ ਹੈ।

**ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇੱਕ ਸੱਚ ਰੂਪ ਨਿਰੰਕਾਰ ਹੀ ਨਿਡਰ ਹੈ।

**ਮਃ ੧ ॥**

**ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਨਿਡਰ ਤਾਂ ਇੱਕ ਨਿਰੰਕਾਰ ਹੀ ਹੈ ਅਤੇ ਹੋਰ ਕਈ ਮਿੱਟੀ ਭਾਵ ਪੱਥਰਾਂ ਦੇ ਬਣਾਏ ਹੋਏ ਝੂਠੇ ਰਾਮ ਹਨ।

**ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ ॥**

ਕਈ ਕ੍ਰਿਸ਼ਨ ਜੀ ਦੀਆਂ ਕਹਾਣੀਆਂ ਕਹਿਣ ਵਾਲੇ ਭਾਵ ਸ਼੍ਰੀਮਦ ਭਾਗਵਤ ਗੀਤਾ ਦੇ ਵਕਤੇ ਹਨ, ਕਈ ਵੇਦ ਵਾਚਣ ਵਾਲੇ ਹਨ।

**ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥**

ਕਈ ਮੰਗਤੇ ਦੇਵੀ ਦੇਵਤਿਆਂ ਦੇ ਰੂਪਧਾਰੀ ਹਨ, ਜੋ ਨ੍ਰਿਤਕਾਰੀ ਕਰਦੇ ਭਾਵ ਨਾਚ ਕਰਕੇ ਤਾਲ ਪੂਰੇ ਕਰਦੇ ਹਨ।

**ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥**

ਰਾਸਧਾਰੀਏ ਬਜ਼ਾਰ ਵਿੱਚ ਆ ਕੇ ਰਾਸਾਂ ਪਾਉਂਦੇ ਹਨ।

**ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥**

ਰਾਜੇ ਤੇ ਰਾਣੀਆਂ ਬਣਕੇ ਗਾਉਂਦੇ ਹਨ ਅਤੇ ਅਸਤ-ਵਿਅਸਤ ਬੋਲਦੇ ਹਨ।

**ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ ॥**

ਉਹਨਾਂ ਨੇ ਲੱਖਾਂ ਰੁਪਇਆਂ ਦੀਆਂ ਵਾਲੀਆਂ ਅਤੇ ਲੱਖਾਂ ਰੁਪਇਆਂ ਦੇ ਹਾਰ ਪਹਿਨੇ ਹੋਏ ਹੁੰਦੇ ਹਨ।

**ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਸਰੀਰ ਉੱਤੇ ਇਹ ਝੂਠੇ ਲਿਬਾਸ ਤੇ ਹਾਰ ਸ਼ਿੰਗਾਰ ਪਾਈਦੇ ਹਨ, ਉਹ ਸਰੀਰ ਤਾਂ ਸੁਆਹ ਹੋਣਗੇ।

**ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥**
ਸੱਚ ਗੱਲਾਂ ਨਾਲ ਹਾਸਿਲ ਨਹੀਂ ਹੁੰਦਾ, ਉਸ ਲਈ ਕਰੜੀ ਘਾਲਣਾ ਕਰ।
**ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥੨॥**
ਜੇ ਪਰਮੇਸ਼ਰ ਦੀ ਰਹਿਮਤ ਮਿਲੇ ਤਾਂ ਹੀ ਗਿਆਨ ਮਿਲਦਾ ਹੈ,
ਹੋਰ ਚਤੁਰਾਈਆਂ ਅਤੇ ਅਹੁਦੇ ਖੁਆਰ ਕਰਦੇ ਹਨ।

**ਪਉੜੀ ॥**

**ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥**
ਹੇ ਪਰਮੇਸ਼ਰ! ਜੇ ਤੇਰੀ ਮਿਹਰ ਵਾਲੀ ਨਜ਼ਰ ਹੋ ਜਾਵੇ ਤਾਂ
ਸਤਿਗੁਰ ਨਜ਼ਰੀਂ ਪੈਂਦਾ ਹੈ।
**ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥**
ਏਹੁ ਜੀਉ! ਮੈਂ ਬਹੁਤੇ ਜਨਮਾਂ ਤੋਂ ਭਟਕ ਰਿਹਾ ਸੀ ਤਾਂ ਫਿਰ ਸਤਿਗੁਰ ਨੇ
ਮਿਹਰ ਕਰਕੇ ਸ਼ਬਦ ਸੁਣਾਇਆ।
**ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥**
ਸਾਰੇ ਲੋਕੋ ਸੁਣੋ! ਸਤਿਗੁਰੂ ਜਿਹਾ ਵੱਡਾ ਦਾਤਾ ਕੋਈ ਨਹੀਂ ਹੈ।
**ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ ॥**
ਆਪਾ ਭਾਵ ਗਵਾ ਕੇ ਸਤਿਗੁਰ ਦੇ ਦਰਬਾਰ ਵਿੱਚ ਜਾਣ ਵਾਲਿਆਂ ਨੂੰ ਹੀ ਪ੍ਰਭੂ
ਦਾ ਮੇਲ ਹੁੰਦਾ ਹੈ।
**ਜਿਨਿ ਸਚੋ ਸਚੁ ਬੁਝਾਇਆ ॥੪॥**
ਗੁਰੂ ਉਹ ਹੈ, ਜਿਸਨੇ ਸੱਚ ਹੀ ਸੱਚ ਸਮਝਾਇਆ ਹੈ।

**ਸਲੋਕ ਮਃ ੧ ॥**

**ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥**
ਗੁਰੂ ਜੀ ਸਮੇਂ ਦੀ ਇਕਾਈ ਘੜੀਆਂ ਨੂੰ ਆਖਦੇ ਹਨ ਅਤੇ
ਪਹਿਰ ਨੂੰ ਗੁਪਾਲ ਕ੍ਰਿਸ਼ਨ ਆਖਦੇ ਹਨ।
**ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥**
ਉਹਨਾਂ ਦੇ ਪਹਿਨੇ ਗਹਿਣਿਆਂ ਨੂੰ ਹਵਾ, ਪਾਣੀ, ਅੱਗ, ਚੰਦ, ਸੂਰਜ
ਅਤੇ ਸਾਰੇ ਅਵਤਾਰਾਂ ਨਾਲ ਸ਼ਿੰਗਾਰਦੇ ਹਨ।
**ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥**
ਸਾਰੀ ਧਰਤੀ ਦਾ ਧਨ ਪਦਾਰਥ ਕੁਦਰਤ ਦੇ ਕੋਲ ਹੈ, ਪਰ ਮਨੁੱਖਾਂ ਦੇ ਇਸਦੇ
ਵਰਤਣ ਵਿੱਚ ਬੜੇ ਅੜਿੱਕੇ ਹਨ।
**ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗਿਆਨ ਤੋਂ ਸੱਖਣੀ ਲੋਕਾਈ ਲਗਾਤਾਰ ਠੱਗੀ ਜਾ ਰਹੀ ਹੈ ਅਤੇ ਕਾਲ ਦੇ ਵੱਸ ਪੈਂਦੀ ਹੈ।

**ਮਃ ੧ ॥**

**ਵਾਇਨਿ ਚੇਲੇ ਨਚਨਿ ਗੁਰ ॥**

ਚੇਲੇ ਸਾਜ਼ ਵਜਾਉਂਦੇ ਹਨ, ਗੁਰੂ ਨੱਚਦੇ ਹਨ।

**ਪੈਰ ਹਲਾਇਨਿ ਫੇਰਨਿ ਸਿਰਿ ॥**

ਨ੍ਰਿਤਕਾਰੀ ਨਾਲ ਹਾਵ-ਭਾਵ ਮੁਦ੍ਰਿਤ ਕਿਰਿਆ ਕਰਦੇ ਹਨ।

**ਉਡਿ ਉਡਿ ਰਾਵਾ ਝਾਟੈ ਪਾਇ ॥**

ਧੂੜ ਉੱਡ-ਉੱਡ ਕੇ ਸਿਰਾਂ ਵਿੱਚ ਪੈਦੀਂ ਹੈ,

**ਵੇਖੈ ਲੋਕੁ ਹਸੈ ਘਰਿ ਜਾਇ ॥**

ਲੋਕ ਉਹਨਾਂ ਨੂੰ ਵੇਖ ਕੇ ਹੱਸਦੇ ਹੋਏ ਘਰ ਜਾਂਦੇ ਹਨ।

**ਰੋਟੀਆ ਕਾਰਣਿ ਪੂਰਹਿ ਤਾਲ ॥**

ਇਹ ਸਾਰੇ ਯਤਨ ਰੋਟੀਆਂ ਵਾਸਤੇ ਕੀਤੇ ਜਾਂਦੇ ਹਨ।

**ਆਪੁ ਪਛਾੜਹਿ ਧਰਤੀ ਨਾਲਿ ॥**

ਆਪਣੇ ਆਪ ਨੂੰ ਜ਼ਮੀਨ ਨਾਲ ਮਾਰਦੇ ਹਨ।

**ਗਾਵਨਿ ਗੋਪੀਆ ਗਾਵਨਿ ਕਾਨ੍ਹ ॥**

ਗੋਪੀਆਂ ਅਤੇ ਕਾਨ੍ਹ ਬਣਕੇ ਗਾਉਂਦੇ ਹਨ।

**ਗਾਵਨਿ ਸੀਤਾ ਰਾਜੇ ਰਾਮ ॥**

ਸੀਤਾ ਅਤੇ ਰਾਜੇ ਰਾਮ ਦੇ ਸਰੂਪ ਬਣਾ-ਬਣਾ ਕੇ ਗਾਉਂਦੇ ਹਨ।

**ਨਿਰਭਉ ਨਿਰੰਕਾਰੁ ਸਚੁ ਨਾਮੁ ॥**

ਸੱਚੇ ਨਾਮ ਵਾਲਾ ਨਿਰੰਕਾਰ ਹੀ ਨਿਡਰ ਹੈ।

**ਜਾ ਕਾ ਕੀਆ ਸਗਲ ਜਹਾਨੁ ॥**

ਜਿਸਦਾ ਪੈਦਾ ਕੀਤਾ ਹੋਇਆ ਸਾਰਾ ਸੰਸਾਰ ਹੈ।

**ਸੇਵਕ ਸੇਵਹਿ ਕਰਮਿ ਚੜਾਉ ॥**

ਜੋ ਸੇਵਕ ਉਸਨੂੰ ਸਿਮਰਦੇ ਹਨ, ਉਹਨਾਂ ਉੱਤੇ ਹੀ ਮਿਹਰ ਹੁੰਦੀ ਹੈ।

**ਭਿੰਨੀ ਰੈਣਿ ਜਿਨਾ ਮਨਿ ਚਾਉ ॥**

ਜਿਨ੍ਹਾਂ ਦੇ ਮਨ ਵਿੱਚ ਹਰੀ-ਸਿਮਰਨ ਦਾ ਚਾਅ ਹੈ,
ਉਹਨਾਂ ਦੀ ਰਾਤ ਭਿੱਜੀ ਭਾਵ ਪ੍ਰੇਮਮਈ ਹੁੰਦੀ ਹੈ।

**ਸਿਖੀ ਸਿਖਿਆ ਗੁਰ ਵੀਚਾਰਿ ॥**

ਗੁਰੂ ਦੇ ਵਿਚਾਰਾਂ ਤੋਂ ਜਿਨ੍ਹਾਂ ਨੇ ਸਿੱਖਿਆ ਸਿੱਖ ਲਈ।

**ਨਦਰੀ ਕਰਮਿ ਲਘਾਏ ਪਾਰਿ ॥**

ਪਰਮੇਸ਼ਰ ਦੀ ਰਹਿਮਤ-ਨਿਗ੍ਹਾ ਉਨ੍ਹਾਂ ਨੂੰ ਪਾਰ ਲੰਘਾ ਦੇਵੇਗੀ।

**ਕੋਲੂ ਚਰਖਾ ਚਕੀ ਚਕੁ ॥ ਥਲ ਵਾਰੋਲੇ ਬਹੁਤੁ ਅਨੰਤੁ ॥**
ਕੋਹਲੂ, ਚਰਖਾ, ਚੱਕੀ, ਘੁਮਿਆਰ ਦਾ ਚੱਕ ਅਤੇ ਬੇਅੰਤ ਮਾਰੂਥਲਾਂ ਦੇ ਵਾਵਰੋਲੇ।

**ਲਾਟੂ ਮਾਧਾਣੀਆ ਅਨਗਾਹ ॥**
ਲਾਟੂ, ਮਧਾਣੀਆਂ ਅਤੇ ਫਲ੍ਹੇ (ਅਨਾਜ ਗਾਹੁਣ ਵਾਲੇ)।

**ਪੰਖੀ ਭਉਦੀਆ ਲੈਨਿ ਨ ਸਾਹ ॥**
ਅਕਾਸ਼ ਵਿੱਚ ਭਉਂਦੇ ਪੰਛੀ, ਜੋ ਸਾਹ ਨਹੀਂ ਲੈਂਦੇ ਭਾਵ ਕਿਤੇ ਬਹਿੰਦੇ ਨਹੀਂ।

**ਸੂਐ ਚਾੜਿ ਭਵਾਈਅਹਿ ਜੰਤ ॥**
ਸੂਲੀ ਉੱਤੇ ਬਲੀ ਚੜ੍ਹਾ ਕੇ ਜੀਵ ਮਰਨ ਤੱਕ ਭਵਾਏ ਜਾਂਦੇ ਹਨ।

**ਨਾਨਕ ਭਉਦਿਆ ਗਣਤ ਨ ਅੰਤ ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਚੱਕਰਾਂ ਵਿੱਚ ਪਈ ਦੁਨੀਆਂ ਦਾ ਕੋਈ ਅੰਤ ਨਹੀਂ।

**ਬੰਧਨ ਬੰਧਿ ਭਵਾਏ ਸੋਇ ॥**
ਉਹੋ ਪ੍ਰਭੂ ਹੀ ਬੰਧਨਾਂ ਵਿੱਚ ਬੰਨ੍ਹਕੇ ਜੀਵਾਂ ਨੂੰ ਭਵਾਉਂਦਾ ਹੈ।

**ਪਇਐ ਕਿਰਤਿ ਨਚੈ ਸਭੁ ਕੋਇ ॥**
ਆਪੋ-ਅਪਣੇ ਧੰਧਿਆਂ ਲਈ ਸਾਰੇ ਜੀਵ ਨੱਚ ਰਹੇ ਹਨ।

**ਨਚਿ ਨਚਿ ਹਸਹਿ ਚਲਹਿ ਸੇ ਰੋਇ ॥**
ਧੰਧਿਆਂ 'ਚ ਲੱਗੇ ਲੋਕ ਨੱਚਦੇ, ਹੱਸਦੇ ਤੇ ਚੱਲਦੇ ਹਨ,
ਪਰ ਉਹਨਾਂ ਦੇ ਖੁੱਸਣ 'ਤੇ ਲੋਕ ਰੋਂਦੇ ਹਨ।

**ਉਡਿ ਨ ਜਾਹੀ ਸਿਧ ਨ ਹੋਹਿ ॥**
ਉੱਚੀ ਬਿਰਤੀ ਹਰ ਕੋਈ ਸਿੱਧ ਨਹੀਂ ਕਰ ਸਕਦਾ।

**ਨਚਣੁ ਕੁਦਣੁ ਮਨ ਕਾ ਚਾਉ ॥**
ਨੱਚਣਾ ਟੱਪਣਾ ਤਾਂ ਮਨ ਦਾ ਉਤਸ਼ਾਹ ਹੈ।

**ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ ॥੨॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਦੇ ਮਨ ਵਿੱਚ ਪ੍ਰਭੂ ਦਾ ਡਰ ਹੈ,
ਉਨ੍ਹਾਂ ਦੇ ਮਨ ਵਿੱਚ ਹੀ ਪ੍ਰੇਮ ਭਾਵ ਹੈ।

**ਪਉੜੀ ॥**

**ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥**
ਹੇ ਪਰਮੇਸ਼ਰ! ਤੇਰਾ ਨਾਮ ਨਿਰੰਕਾਰ ਹੈ
ਅਤੇ ਤੇਰਾ ਨਾਮ ਲੈਣ ਵਾਲਾ ਨਰਕ 'ਚ ਨਹੀਂ ਜਾਂਦਾ।

**ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ ॥**
ਜਦੋਂ ਕਿ ਜ਼ਿੰਦਗੀ ਅਤੇ ਜਿਸਮ ਸਭ ਉਸਦਾ ਹੀ ਹੈ, ਉਸ ਕੋਲੋਂ ਖਾਣ ਲਈ ਵਾਰ-ਵਾਰ ਮੰਗਣਾ ਵਿਅਰਥ ਹੈ।

**ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥**

ਹੇ ਇਨਸਾਨ! ਜੇ ਤੂੰ ਆਪਣਾ ਭਲਾ ਚਾਹੁੰਦਾ ਹੈਂ
ਤਾਂ ਨੇਕ ਕਰਮ ਕਰਕੇ ਵੀ ਨੀਵਾਂ ਹੀ ਬਣਿਆ ਰਹਿ।

**ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥**

ਜੇ ਕੋਈ ਬੁਢਾਪੇ ਨੂੰ ਹਟਾਉਣਾ ਵੀ ਚਾਹੇ,
ਤਾਂ ਵੀ ਬੁਢਾਪੇ ਦੇ ਚਿੰਨ੍ਹ ਪ੍ਰਗਟ ਹੋ ਜਾਂਦੇ ਹਨ।

**ਕੋ ਰਹੈ ਨ ਭਰੀਐ ਪਾਈਐ॥੫॥**

ਜਦੋਂ ਸਵਾਸ ਪੂਰੇ ਹੋ ਜਾਂਦੇ ਹਨ ਤਾਂ ਇੱਥੇ ਕੋਈ ਨਹੀਂ ਰਹਿੰਦਾ।

**ਸਲੋਕ ਮਃ ੧ ॥**

**ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥**

ਸ਼ਰ੍ਹਾ ਦੀਆਂ ਕਿਤਾਬਾਂ ਨੂੰ ਵਾਰ-ਵਾਰ ਪੜ੍ਹ ਕੇ ਵਿਚਾਰ ਕਰਨੀ ਹੀ ਸੱਚੇ
ਮੁਸਲਮਾਨ ਦਾ ਗੁਣ ਹੈ।

**ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥**

ਮੁਸਲਮਾਨ ਉਹਨਾਂ ਨੂੰ ਹੀ ਖ਼ੁਦਾ ਦੇ ਬੰਦੇ ਮੰਨਦੇ ਹਨ, ਜਿਹੜੇ ਉਸ ਦੇ ਦੀਦਾਰ
ਲਈ ਇਸਲਾਮੀ ਸ਼ਰ੍ਹਾ ਵਿੱਚ ਪੈਂਦੇ ਹਨ।

**ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥**

ਬੇਅੰਤ ਸਿਫ਼ਤ ਵਾਲੇ ਸ਼ੋਭਾ ਯੁਕਤ ਪ੍ਰਭੂ ਨੂੰ ਸ਼ਾਸਤਰਾਂ ਅਨੁਸਾਰ
ਹਿੰਦੂ ਸਲਾਹੁੰਦੇ ਹਨ।

**ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥**

ਕਈ ਹਿੰਦੂ ਤੀਰਥਾਂ ਉੱਤੇ ਨਹਾਉਂਦੇ ਹਨ, ਭੇਟਾ ਪੂਜਾ ਕਰਦੇ ਹਨ, ਅਗਰ
ਚੰਦਨ ਅਤੇ ਸੁਗੰਧ ਵਾਲੀ ਧੂਪ ਮਹਿਕਾਉਂਦੇ ਹਨ ।

**ਜੋਗੀ ਸੁੰਨਿ ਧਿਆਵਨਿ੍ ਜੇਤੇ ਅਲਖ ਨਾਮੁ ਕਰਤਾਰੁ ॥**

ਜੋਗੀ ਅਲਖ ਪ੍ਰਭੂ ਨੂੰ ਸਮਾਧੀ ਲਾ ਕੇ ਧਿਆਉਂਦੇ ਹਨ।

**ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥**

ਵੱਖ-ਵੱਖ ਆਸਣਾਂ ਰਾਹੀਂ ਉਸ ਸੂਖਮ ਮੂਰਤ ਮਾਇਆ ਰਹਿਤ
ਪ੍ਰਭੂ ਨੂੰ ਧਿਆਉਂਦੇ ਹਨ।

**ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥**

ਕਈਆਂ ਸੱਤਵਾਦੀਆਂ ਦੇ ਮਨ ਨੂੰ ਦਾਨ ਦੇਣ ਦੇ ਵਿਚਾਰ ਨਾਲ ਹੀ
ਸਬਰ ਪੈਦਾ ਹੁੰਦਾ ਹੈ।

**ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥**

ਉਹ ਸੱਤਵਾਦੀ ਦਾਨ ਦਿੱਤੇ ਪਦਾਰਥ ਦੀ ਹਜ਼ਾਰ ਗੁਣਾਂ ਹੋ ਕੇ ਵਾਪਸੀ

ਅਤੇ ਦੁਨੀਆਂ ਵਿੱਚ ਸ਼ੋਭਾ ਦੀ ਲਾਲਸਾ ਰੱਖਦੇ ਹਨ।

**ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥**

ਚੋਰ, ਯਾਰ, ਝੂਠੇ ਅਤੇ ਖ਼ਰਾਬੀਆਂ ਕਰਨ ਵਾਲੇ ਮੰਦੇ ਪੁਰਖ ਹਨ।

**ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ॥**

ਅਪਣੇ ਕੋਲ ਹੁੰਦੀ ਵਸਤ ਵਰਤ ਕੇ ਅਤੇ ਨੇਕੀ ਦੀ ਕਮਾਈ ਤੋਂ ਖਾਲੀ ਜਾਣ ਵਾਲੇ ਲੋਕਾਂ ਨੇ ਇਹ ਕਿਹੜਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ?

**ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥**

ਸਮੁੰਦਰ, ਧਰਤੀ, ਮਹਾਂਦੀਪਾਂ ਵਿੱਚ ਵੱਖ-ਵੱਖ ਨਸਲਾਂ, ਜਾਤੀਆਂ ਦੇ ਲੋਕ।

**ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ ॥**

ਉਹ ਸਾਰੇ ਜੋ ਆਖਦੇ ਹਨ ਕਿ ਤੂੰ ਜਾਣੀਜਾਣ ਹੈਂ
ਅਤੇ ਸਭ ਨੂੰ ਤੇਰਾ ਹੀ ਆਸਰਾ ਹੈ।

**ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਗਤਾਂ ਨੂੰ ਤੇਰੀ ਸਿਫ਼ਤ ਕਰਨ ਦੀ ਭੁੱਖ ਹੈ ਅਤੇ ਸੱਚੇ ਨਾਮ ਦਾ ਆਸਰਾ ਹੈ।

**ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥੧॥**

ਉਹ ਸਦਾ ਅਨੰਦ ਵਿੱਚ ਰਹਿੰਦੇ ਹਨ ਤੇ ਆਪਣੇ ਆਪ ਨੂੰ ਗੁਣੀਜਨਾਂ ਦੇ ਪੈਰਾਂ ਦੀ ਧੂੜ ਸਮਝਦੇ ਹਨ।

**ਮਃ ੧ ॥**

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥**

ਮੁਸਲਮਾਨ ਦੀ ਕਬਰ ਦੀ ਮਿੱਟੀ ਜਦੋਂ ਘੁਮਿਆਰ ਪੁੱਟ ਲਿਆਉਂਦੇ ਹਨ।

**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥**

ਉਹਨਾਂ ਦੇ ਕੁਝ ਤਾਂ ਭਾਂਡੇ ਘੜ ਲਏ ਤੇ ਕੁਝ ਇੱਟਾਂ ਬਣਾ ਲਈਆਂ, ਭਾਂਡਿਆਂ ਤੇ ਇੱਟਾਂ ਦੀ ਮਿੱਟੀ ਆਵਿਆਂ ਵਿੱਚ ਸੜਦੀ ਹੋਈ ਵੀ ਪੁਕਾਰ ਕਰਦੀ ਹੈ।

**ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥**

ਉਹ ਵਿਚਾਰੀ ਸੜ ਸੜ ਕੇ ਰੋਂਦੀ ਹੈ,
ਉਸ ਵਿੱਚੋਂ ਵੀ ਅੰਗਿਆਰੇ ਝੜ ਝੜ ਕੇ ਡਿੱਗਦੇ ਹਨ।

**ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਕਰਤੇ ਪੁਰਖ ਨੇ ਸ੍ਰਿਸ਼ਟੀ ਦੀ ਬਣਤਰ ਬਣਾਈ ਹੈ, ਉਹ ਇਸਦੇ ਸਾਰੇ ਭੇਦ ਜਾਣਦਾ ਹੈ।

**ਪਉੜੀ ॥**

**ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥**

ਇਹ ਗੱਲ ਪੱਕੀ ਹੈ ਕਿ ਸਤਿਗੁਰੂ ਤੋਂ ਬਿਨਾਂ ਪ੍ਰਭੂ ਨੂੰ ਕਿਸੇ ਨੇ ਨਹੀਂ ਪਾਇਆ।

**ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥**

ਪ੍ਰਭੂ ਨੇ ਸਤਿਗੁਰੂ ਵਿੱਚ ਆਪਣਾ ਅਕਸ ਰੱਖਿਆ ਹੋਇਆ ਹੈ,
ਇਹ ਗੱਲ ਪ੍ਰਤੱਖ ਰੂਪ ਵਿੱਚ ਸੁਣਾ ਦਿੱਤੀ ਹੈ।

**ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥**

ਉਹ ਹਮੇਸ਼ਾਂ ਮੁਕਤ ਹੈ, ਜਿਸ ਨੇ ਸਤਿਗੁਰੂ ਨੂੰ ਮਿਲ ਕੇ ਦਿਲੋਂ ਮਾਇਆ ਦਾ ਮੋਹ ਛੱਡ ਦਿੱਤਾ।

**ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥**

ਇਹ ਵਿਚਾਰ ਚੰਗਾ ਹੈ, ਜਿਸ ਵਿਚਾਰ ਨੇ ਚਿੱਤ ਨੂੰ ਸੱਚੇ ਦੇ ਨਾਲ ਲਾ ਦਿੱਤਾ ਹੈ।

**ਜਗਜੀਵਨੁ ਦਾਤਾ ਪਾਇਆ ॥੬॥**

ਉਸਨੇ ਸੰਸਾਰਿਕ ਜ਼ਿੰਦਗੀ ਦਾ ਦਾਤਾ ਸਤਿਗੁਰੂ ਪਾ ਲਿਆ ਹੈ।

**ਸਲੋਕ ਮਃ ੧ ॥**

**ਹਉ ਵਿਚਿ ਆਇਆ ਹਉ ਵਿਚਿ ਗਇਆ ॥**

ਸੰਸਾਰ ਵਿਚ ਜੀਵ ਹੰਕਾਰ ਵਿਚ ਹੀ ਆਉਂਦਾ ਹੈ ਅਤੇ ਹੰਕਾਰ ਵਿੱਚ ਹੀ ਚਲਿਆ ਜਾਂਦਾ ਹੈ।

**ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥**

ਹੰਕਾਰ ਵਿੱਚ ਹੀ ਜੰਮਦਾ ਹੈ ਅਤੇ ਹੰਕਾਰ ਵਿੱਚ ਹੀ ਮਰ ਜਾਂਦਾ ਹੈ।

**ਹਉ ਵਿਚਿ ਦਿਤਾ ਹਉ ਵਿਚਿ ਲਇਆ ॥**

ਹੰਕਾਰ ਵਿੱਚ ਹੀ ਸੰਸਾਰ ਅੰਦਰ ਲੈਣ-ਦੇਣ ਕਰਦਾ ਹੈ।

**ਹਉ ਵਿਚਿ ਖਟਿਆ ਹਉ ਵਿਚਿ ਗਇਆ ॥**

ਹੰਕਾਰ ਵਿੱਚ ਹੀ ਖੱਟਦਾ ਅਤੇ ਗਵਾਉਂਦਾ ਹੈ।

**ਹਉ ਵਿਚਿ ਸਚਿਆਰੁ ਕੂੜਿਆਰੁ ॥**

ਹੰਕਾਰ ਵਿੱਚ ਹੀ ਸੱਚਾ ਅਤੇ ਝੂਠਾ ਹੈ।

**ਹਉ ਵਿਚਿ ਪਾਪ ਪੁੰਨ ਵੀਚਾਰੁ ॥**

ਹੰਕਾਰ ਵਿੱਚ ਹੀ ਪੁੰਨ-ਪਾਪ ਦੀ ਵਿਚਾਰ ਕਰਦਾ ਹੈ।

**ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥**

ਹੰਕਾਰ ਕਰਕੇ ਹੀ ਚੰਗੇ-ਮਾੜੇ ਜੀਵਨ ਵਿੱਚ ਪੈਂਦਾ ਹੈ।

**ਹਉ ਵਿਚਿ ਹਸੈ ਹਉ ਵਿਚਿ ਰੋਵੈ ॥**

ਹੰਕਾਰ ਵਿੱਚ ਹੀ ਹੱਸਦਾ ਹੈ, ਹੰਕਾਰ ਵਿੱਚ ਹੀ ਰੋਂਦਾ ਹੈ।

**ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥**

ਹੰਕਾਰ ਵਿੱਚ ਮੈਲ ਨਾਲ ਭਰ ਜਾਂਦਾ ਹੈ
ਅਤੇ ਹੰਕਾਰ ਵਿੱਚ ਹੀ ਮੈਲ ਸਾਫ਼ ਕਰਦਾ ਹੈ।

**ਹਉ ਵਿਚਿ ਜਾਤੀ ਜਿਨਸੀ ਖੋਵੈ ॥**
ਹੰਕਾਰ ਵਿੱਚ ਉਹ ਆਪਣੀ ਜਾਤ ਅਤੇ ਨਸਲ ਗਵਾ ਲੈਂਦਾ ਹੈ।
**ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥**
ਹੰਕਾਰ ਵਿੱਚ ਹੀ ਮੂਰਖ ਅਤੇ ਹੰਕਾਰ ਵਿੱਚ ਹੀ ਸਿਆਣਾ ਬਣਦਾ ਹੈ।
**ਮੋਖ ਮੁਕਤਿ ਕੀ ਸਾਰ ਨ ਜਾਣਾ ॥**
ਪਰ ਮੁਕਤੀ ਦੀ ਖ਼ਬਰ ਤੋਂ ਅਨਜਾਣ ਹੈ।
**ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥**
ਹੰਕਾਰ ਵਿੱਚ ਹੀ ਮਾਇਆ ਰੂਪ ਸੰਸਾਰ ਹੈ,
ਹੰਕਾਰ ਵਿੱਚ ਹੀ ਮਾਇਆ ਦਾ ਪ੍ਰਭਾਵ ਹੈ।
**ਹਉਮੈ ਕਰਿ ਕਰਿ ਜੰਤ ਉਪਾਇਆ ॥**
ਹੰਕਾਰ ਕਰ-ਕਰ ਕੇ ਜੀਵ ਪੈਦਾ ਕੀਤਾ ਗਿਆ ਹੈ।
**ਹਉਮੈ ਬੂਝੈ ਤਾ ਦਰੁ ਸੂਝੈ ॥**
ਹੰਕਾਰ ਨੂੰ ਸਮਝ ਲਏ ਤਾਂ ਅੰਦਰ ਪ੍ਰਭੂ ਦੇ ਦਰ ਦੀ ਸੋਝੀ ਆ ਜਾਂਦੀ ਹੈ।
**ਗਿਆਨ ਵਿਹੂਣਾ ਕਥਿ ਕਥਿ ਲੂਝੈ ॥**
ਗਿਆਨ ਤੋਂ ਬਿਨਾਂ ਮਨੁੱਖ ਵਿਅਰਥ ਹੀ ਝਗੜਦਾ ਹੈ।
**ਨਾਨਕ ਹੁਕਮੀ ਲਿਖੀਐ ਲੇਖੁ ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਦੇ ਹੁਕਮ ਵਿੱਚ ਹੀ ਲੇਖ ਲਿਖੇ ਗਏ ਹਨ।
**ਜੇਹਾ ਵੇਖਹਿ ਤੇਹਾ ਵੇਖੁ ॥੧॥**
ਜਿਹੋ ਜਿਹਾ ਕੋਈ ਪ੍ਰਭੂ ਨੂੰ ਵੇਖਦਾ ਹੈ,
ਓਹੋ ਜਿਹਾ ਹੀ ਪਰਮੇਸ਼ਰ ਉਸਨੂੰ ਨਜ਼ਰ ਆਉਂਦਾ ਹੈ।
**ਮਹਲਾ ੨ ॥**
**ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥**
ਹਉਮੈ ਦਾ ਇਹ ਲੱਛਣ ਹੈ ਕਿ ਆਪਣੀ ਵੱਖਰੀ ਹੋਂਦ ਕਾਇਮ ਕਰਨ ਲਈ
ਮਨੁੱਖ ਹੰਕਾਰ ਵਿੱਚ ਹੀ ਕਰਮ ਕਰਦਾ ਹੈ।
**ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥**
ਪ੍ਰਭੂ ਤੋਂ ਵੱਖਰੀ ਹੋਂਦ ਸਮਝਣ ਦਾ ਭਰਮ ਹੀ ਇਸ ਨੂੰ ਬੰਧਨਾਂ ਵਿਚ ਪਾ ਕੇ ਜੂਨਾਂ
ਵਿੱਚ ਤੋਰੀ ਫਿਰਦਾ ਹੈ।
**ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥**
ਹਉਮੈਂ ਕਿੱਥੋਂ ਪੈਦਾ ਹੁੰਦੀ ਹੈ?
ਅਤੇ ਇਹ ਕਿਸ ਤਰੀਕੇ ਨਾਲ ਜਾਂਦੀ ਹੈ?
**ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥**

ਹਉਮੈ ਵਿੱਚ ਪਏ ਹੁਕਮਰਾਨ ਅਤੇ
ਕਿਰਤੀ ਆਪੋ-ਆਪਣੇ ਧੰਧਿਆਂ ਵਿੱਚ ਰੁੱਝੇ ਹਨ।

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥**

ਹੰਕਾਰ ਹੀ ਵੱਡਾ ਰੋਗ ਹੈ
ਅਤੇ ਇਲਾਜ ਵੀ ਇਸਦਾ ਏਸੇ ਵਿੱਚ ਲੁਕਿਆ ਹੋਇਆ ਹੈ।

**ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥**

ਜੇ ਪ੍ਰਭੂ ਦੀ ਨਜ਼ਰ ਸਵੱਲੀ ਹੋ ਜਾਵੇ, ਬ੍ਰਹਮ ਆਪਣੀ ਮਿਹਰ ਕਰ ਦੇਵੇ
ਤਾਂ ਜੀਵ ਗੁਰੂ ਦਾ ਸ਼ਬਦ ਕਮਾਉਣ ਲੱਗ ਜਾਂਦਾ ਹੈ।

**ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਜਨੋਂ ਸੁਣੋ!
ਇਸ ਤਰੀਕੇ ਨਾਲ ਹਉਮੈ ਦਾ ਦੁੱਖ ਦੂਰ ਹੋ ਜਾਂਦਾ ਹੈ॥੨॥

**ਪਉੜੀ ॥**

**ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥**

ਜਿਹੜੇ ਸੰਤੋਖੀ ਪੁਰਖ ਸੱਚੇ ਪ੍ਰਭੂ ਨੂੰ ਸਿਮਰ ਕੇ ਸੇਵਾ ਕਰਦੇ ਹਨ।

**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥**

ਉਨ੍ਹਾਂ ਨੇ ਕਦੇ ਮਾੜੇ ਕੰਮ ਨਹੀਂ ਕੀਤੇ
ਅਤੇ ਉੱਤਮ ਕਿਰਤ ਕਰਕੇ ਧਰਮ ਦਾ ਵਣਜ ਖੱਟਿਆ ਹੈ।

**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥**

ਉਨ੍ਹਾਂ ਨੇ ਸੰਸਾਰਿਕ ਬੰਧਨ ਤੋੜ ਦਿੱਤੇ ਹਨ
ਅਤੇ ਖਾਣ-ਪੀਣ ਵਿੱਚ ਸੰਜਮ ਵਰਤਿਆ।

**ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥**

ਤੂੰ ਮਹਾਨ ਦਾਤਾ ਹੈਂ, ਹਰ ਰੋਜ਼ ਮੰਗਣ ਵਾਲਿਆਂ ਨੂੰ ਵੱਧ ਤੋਂ ਵੱਧ ਦੇਂਦਾ ਹੈਂ।

**ਵਡਿਆਈ ਵਡਾ ਪਾਇਆ ॥੭॥**

ਮਹਾਨ ਗੁਰੂ ਪਾਇਆਂ ਹੀ ਵਡਿਆਈ ਮਿਲਦੀ ਹੈ।

**ਸਲੋਕ ਮਃ ੧ ॥**

**ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥**

ਜਿਹੜਾ ਪਰਮੇਸ਼ਰ ਮਨੁੱਖਾਂ, ਰੁੱਖਾਂ, ਤੀਰਥਾਂ, ਕਿਨਾਰਿਆਂ ਅਥਵਾ ਨਦੀਆਂ,
ਨਾਲਿਆਂ, ਸਮੁੰਦਰਾਂ ਦੇ ਕੰਢਿਆਂ, ਬੱਦਲਾਂ ਅਤੇ ਖੇਤਾਂ ਵਿੱਚ।

**ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥**

ਦੀਪਾਂ, ਲੋਕਾਂ, ਮੰਡਲਾਂ, ਖੰਡਾਂ ਅਤੇ ਬ੍ਰਹਮੰਡਾਂ ਵਿੱਚ।

**ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥**

ਅੰਡਜਾਂ, ਜੇਰਜਾਂ, ਉਤਭੁਜਾਂ ਅਤੇ ਸ੍ਵੇਤਜਾਂ ਚਾਰੇ ਖਾਣੀਆਂ ਵਿੱਚ।

**ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥**

ਤਲਾਵਾਂ, ਪਹਾੜਾਂ ਅਤੇ ਜੰਤੂਆਂ ਵਿੱਚ ਹੈ, ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਨ੍ਹਾਂ ਸਭ ਦਾ ਹਿਸਾਬ ਵੀ ਉਹੋ ਹੀ ਜਾਣਦਾ ਹੈ।

**ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੀਵਾਂ ਨੂੰ ਪੈਦਾ ਕਰਕੇ ਸਾਰਿਆਂ ਨੂੰ ਸੰਭਾਲਦਾ ਵੀ ਉਹ ਆਪ ਹੀ ਹੈ।

**ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥**

ਜਿਸ ਕਰਤਾ ਪੁਰਖ ਨੇ ਸੰਸਾਰ ਦੀ ਰਚਨਾ ਕੀਤੀ ਹੈ,
ਇਸ ਦੀ ਪਾਲਣਾ ਦੀ ਚਿੰਤਾ ਵੀ ਉਸ ਹੀ ਕਰਨੀ ਹੈ।

**ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥**

ਦੁਨੀਆਂ ਦੀ ਰਚਨਾ ਕਰਨ ਵਾਲੇ ਕਰਤੇ ਨੂੰ
ਇਸ ਦੀ ਪਾਲਣਾ ਕਰਨ ਦੀ ਵੀ ਚਿੰਤਾ ਹੈ।

**ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥**

ਜੀਵ ਉਸ ਪ੍ਰਭੂ ਨੂੰ ਪ੍ਰਣਾਮ ਕਰਕੇ, ਉਸ ਦੀ ਜੈ ਬੋਲੇ,
ਜਿਸਦਾ ਆਸਰਾ ਸਦਾ ਅਟੱਲ ਹੈ।

**ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ ਨਾਮ ਸਿਮਰਨ ਤੋਂ ਬਿਨਾਂ ਤਿਲਕ
ਅਤੇ ਜਨੇਊ ਬਾਹਰੀ ਚਿੰਨ੍ਹ ਵਿਅਰਥ ਹਨ।

**ਮਃ ੧ ॥**

**ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥**

ਬੇਸ਼ੱਕ ਇਨਸਾਨ ਲੱਖਾਂ ਨੇਕੀਆਂ ਚੰਗਿਆਈਆਂ ਕਰੇ,
ਲੱਖਾਂ ਪੁੰਨਾਂ ਨਾਲ ਮਸ਼ਹੂਰ ਹੋਣਾ ਚਾਹੇ।

**ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥**

ਲੱਖਾਂ ਹੀ ਤੀਰਥਾਂ ਉੱਤੇ ਤਪ ਕਰ ਲਵੇ,
ਲੱਖਾਂ ਹੀ ਸਹਜ ਜੋਗ ਸੰਘਣੇ ਜੰਗਲਾਂ ਵਿੱਚ ਬੈਠਾ ਰਹੇ।

**ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥**

ਲੱਖਾਂ ਜੰਗਾਂ ਵਿੱਚ ਸੂਰਮਿਆਂ ਵਾਂਗੂੰ ਲੜਦਾ ਹੋਇਆ ਰਣ ਵਿੱਚ ਜੂਝ ਜਾਏ।

**ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥**

ਲੱਖਾਂ ਵਾਰ ਸੁਰਤੀ ਜੋੜ ਕੇ ਲੱਖਾਂ ਗਿਆਨ ਧਿਆਨ ਦੀ ਚਰਚਾ ਵਾਸਤੇ ਪੁਰਾਨਾਂ ਦਾ ਪਾਠ ਕਰੇ।

**ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥**
ਜਿਸ ਕਰਤਾ ਪੁਰਖ ਨੇ ਦੁਨੀਆਂ ਨੂੰ ਬਣਾ ਕੇ ਜੰਮਣ ਦੇ ਨਾਲ ਹੀ ਮਰਨਾ ਵੀ ਲਿਖਿਆ ਹੈ।

**ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥੨॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਬਾਕੀ ਸਾਰੀਆਂ ਸਿਆਣਪਾਂ ਝੂਠੀਆਂ ਹਨ, ਉਹਦੀ ਮਿਹਰ ਦਾ ਨਿਸ਼ਾਨ ਹੀ ਸੱਚਾ ਹੈ।

**ਪਉੜੀ ॥**

**ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥**
ਨਿਹਚਲ ਪ੍ਰਭੂ ਇੱਕ ਹੈ, ਉਸ ਨੇ ਆਪਣੀ ਅਡੋਲਤਾ ਦਾ ਗੁਣ ਜਗਤ ਵਿੱਚ ਵਰਤਾ ਦਿੱਤਾ।

**ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ ॥**
ਇਹ ਗੁਣ ਉਸ ਨੂੰ ਹੀ ਮਿਲਦਾ ਹੈ, ਜਿਸ ਨੂੰ ਤੂੰ ਦੇਂਦਾ ਹੈਂ,
ਉਹੀ ਇਸ ਸੱਚ ਨੂੰ ਕਮਾਉਂਦਾ ਹੈ।

**ਸਤਿਗੁਰਿ ਮਿਲਿਐ ਸਚੁ ਪਾਇਆ ਜਿਨ ਕੈ ਹਿਰਦੈ ਸਚੁ ਵਸਾਇਆ ॥**
ਜਿਨ੍ਹਾਂ ਨੇ ਹਿਰਦੇ ਵਿੱਚ ਨਿਸਚਾ ਵਸਾਇਆ ਹੋਵੇ,
ਉਹੀ ਸਤਿਗੁਰੂ ਦੇ ਮਿਲਣ ਤੋਂ ਸੱਚ ਪਾਉਂਦੇ ਹਨ ।

**ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ ॥**
ਮਨਮੱਤ ਵਿੱਚ ਉਮਰ ਗਵਾਉਣ ਵਾਲੇ ਮੂਰਖ ਸੱਚ ਨੂੰ ਨਹੀਂ ਜਾਣਦੇ।

**ਵਿਚਿ ਦੁਨੀਆ ਕਾਹੇ ਆਇਆ ॥੮॥**
ਐਸਾ ਜੀਵ ਜਗ ਵਿੱਚ ਆਇਆ ਹੀ ਕਿਓਂ?

**ਸਲੋਕੁ ਮਃ ੧ ॥**

**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥**
ਜੇ ਕੋਈ ਗੱਡਿਆਂ ਦੇ ਗੱਡੇ ਅਤੇ ਢੇਰਾਂ ਦੇ ਢੇਰ ਕਿਤਾਬਾਂ ਪੜ੍ਹ ਲਏ।

**ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥**
ਜੇ ਕੋਈ ਬੇੜੀ ਭਰਨ ਜੋਗੀਆਂ ਅਤੇ
ਵੱਡੇ ਟੋਏ ਭਰਨ ਜੋਗੀਆਂ ਕਿਤਾਬਾਂ ਪੜ੍ਹ ਲਏ।

**ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥**
ਜੇ ਕੋਈ ਮਹੀਨਿਆਂ ਅਤੇ ਸਾਲਾਂ ਬੱਧੀ ਪੜ੍ਹਦਾ ਰਹੇ।

**ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥**
ਜੇ ਕੋਈ ਸਾਰੀ ਉਮਰ ਇੱਕ-ਇੱਕ ਸਾਹ ਨਾਲ ਵੀ ਪੜ੍ਹਦਾ ਰਹੇ।

**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇੱਕ ਪ੍ਰਭੂ ਦੀ ਦਰਗਾਹ ਵਿੱਚ ਉਸਦੀ ਸਿਫ਼ਤ-ਸਲਾਹ ਹੀ ਕਬੂਲੀ ਜਾਵੇਗੀ, ਉਸ ਤੋਂ ਬਿਨਾਂ ਇਹ ਸਾਰੀਆਂ ਪੜ੍ਹਾਈਆਂ ਹਉਮੈ ਵਿੱਚ ਭਟਕਾਉਂਦੀਆਂ ਹਨ।

**ਮਃ ੧ ॥ ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥**

ਆਦਮੀ ਜਿੰਨਾ ਜਿਆਦਾ ਲਿਖਦਾ ਤੇ ਪੜ੍ਹਦਾ ਹੈ,
ਓਨਾ ਹੀ ਜਿਆਦਾ ਹੰਕਾਰ ਵਿਚ ਸੜਦਾ ਹੈ।

**ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥**

ਜਿੰਨੇ ਬਹੁਤੇ ਤੀਰਥਾਂ ’ਤੇ ਫਿਰਿਆ, ਓਨਾ ਹੀ ਬਹੁਤਾ ਹੰਕਾਰ ਗ੍ਰਸਤ ਹੋ ਕੇ ਬੋਲਦਾ ਹੈ।

**ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥**

ਬਹੁਤੇ ਮਜ਼੍ਹਬਾਂ ਦੇ ਬਾਣੇ ਤੇ ਚਿੰਨ੍ਹ ਧਾਰਨ ਕਰਕੇ ਸਰੀਰ ਨੂੰ ਵਾਧੂ ਬੋਝ ਦਾ ਦੁੱਖ ਦਿੰਦਾ ਹੈ।

**ਸਹੁ ਵੇ ਜੀਆ ਅਪਣਾ ਕੀਆ ॥**

ਹੇ ਜੀਵ! ਆਪਣੇ ਕੀਤੇ ਦਾ ਫਲ ਭੁਗਤ।

**ਅੰਨੁ ਨ ਖਾਇਆ ਸਾਦੁ ਗਵਾਇਆ ॥**

ਜਿਨ੍ਹਾਂ ਨੇ ਅਨਾਜ ਨਹੀਂ ਖਾਧਾ, ਓਨ੍ਹਾਂ ਨੇ ਸਵਾਦ ਗੁਆ ਲਿਆ।

**ਬਹੁ ਦੁਖੁ ਪਾਇਆ ਦੂਜਾ ਭਾਇਆ ॥**

ਦੂਈ-ਦਵੈਤ ਵਿੱਚ ਵੀ ਇਨਸਾਨ ਨੇ ਬਹੁਤ ਦੁੱਖ ਉਠਾਇਆ ਹੈ।

**ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥**

ਇਹ ਜੀਵ ਕੱਪੜੇ ਨਾ ਪਾ ਕੇ ਦਿਨ ਰਾਤ ਦੁੱਖ ਸਹਿੰਦਾ ਹੈ।

**ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥**

ਕੁਰਾਹੇ ਪੈ ਕੇ ਚੁੱਪ ਧਾਰਨ ਕਰੀ ਬੈਠਾ ਹੈ,
ਹਉਮੈ ਦੀ ਨੀਂਦ ਤੋਂ ਗੁਰੂ ਬਿਨਾਂ ਕਿਵੇਂ ਜਾਗੇਗਾ?

**ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥**

ਨੰਗੇ ਪੈਰੀਂ ਫਿਰਨ ਵਾਲਾ ਵੀ ਆਪਣੇ ਕੀਤੇ ਦਾ ਫਲ ਭੋਗਦਾ ਹੈ।

**ਅਲੁ ਮਲੁ ਖਾਈ ਸਿਰਿ ਛਾਈ ਪਾਈ ॥**

ਗੰਦ-ਮੰਦ ਖਾ ਲਿਆ ਅਤੇ ਸਿਰ ’ਤੇ ਸੁਆਹ ਵੀ ਪਾ ਲਈ

**ਮੂਰਖਿ ਅੰਧੈ ਪਤਿ ਗਵਾਈ ॥**

ਹਉਮੈ ਵਿੱਚ ਅੰਨ੍ਹੇ ਨੇ ਆਪਣੀ ਇੱਜ਼ਤ ਗੁਆ ਲਈ।

**ਵਿਣੁ ਨਾਵੈ ਕਿਛੁ ਥਾਇ ਨ ਪਾਈ ॥**

ਹਰੀ ਦੇ ਨਾਮ ਤੋਂ ਬਿਨਾਂ ਕਿਤੇ ਵੀ ਢੋਈ ਨਹੀਂ।

**ਰਹੈ ਬੇਬਾਣੀ ਮੜੀ ਮਸਾਣੀ ॥**
**ਅੰਧੁ ਨ ਜਾਣੈ ਫਿਰਿ ਪਛੁਤਾਣੀ ॥**
ਜੇ ਕੋਈ ਉਜਾੜ ਜੰਗਲਾਂ ਅਤੇ ਮੜ੍ਹੀਆਂ ਮਸਾਣਾਂ ਵਿੱਚ ਵੀ ਰਹੇਗਾ ਤਾਂ ਉਹ ਅੰਨ੍ਹਾ ਸੱਚ ਨੂੰ ਨਹੀਂ ਜਾਣਦਾ ਅਤੇ ਫਿਰ ਪਛਤਾਵੇਗਾ ।
**ਸਤਿਗੁਰੁ ਭੇਟੇ ਸੋ ਸੁਖੁ ਪਾਏ ॥**
**ਹਰਿ ਕਾ ਨਾਮੁ ਮੰਨਿ ਵਸਾਏ ॥**
ਜਿਸਨੂੰ ਸਤਿਗੁਰੂ ਮਿਲੇਗਾ ਸੁਖ ਤਾਂ ਉਹੋ ਹੀ ਪਾਏਗਾ
ਕਿਉਂਕਿ ਸਤਿਗੁਰੂ ਪਾਸੋਂ ਪ੍ਰਾਪਤ ਹਰੀ ਦਾ ਨਾਮ ਮਨ ਵਿੱਚ ਟਿਕਾ ਲਏਗਾ।
**ਨਾਨਕ ਨਦਰਿ ਕਰੇ ਸੋ ਪਾਏ ॥**
**ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਗੁਰੂ ਮਿਹਰ ਕਰ ਦੇਵੇ ਤਾਂ ਪ੍ਰਭੂ ਨੂੰ ਪਾ ਲਵੇਗਾ, ਉਹ ਖਾਹਿਸ਼ਾਂ ਅਤੇ ਚਿੰਤਾਵਾਂ ਤੋਂ ਨਿਰਲੇਪ ਹੋ ਕੇ ਗੁਰੂ ਸ਼ਬਦ ਦੁਆਰਾ ਹੰਕਾਰ ਮੁਕਤ ਹੋ ਜਾਵੇਗਾ।
**ਪਉੜੀ ॥**
**ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥**
ਹੇ ਪ੍ਰਭੂ! ਤੇਰੇ ਦਰਵਾਜ਼ੇ 'ਤੇ ਸਿਫ਼ਤ-ਸਲਾਹ ਕਰਨ ਵਾਲੇ ਭਗਤ ਹੀ ਮਨਜ਼ੂਰ ਹਨ।
**ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ ॥**
ਭਾਗਹੀਣ ਮਨੁੱਖ ਤੇਰੇ ਦਰਵਾਜ਼ੇ 'ਤੇ ਢੋਈ ਨਹੀਂ ਪਾਉਂਦੇ।
**ਇਕਿ ਮੂਲੁ ਨ ਬੁਝਨਿ੍ ਆਪਣਾ ਅਣਹੋਦਾ ਆਪੁ ਗਣਾਇਦੇ ॥**
ਕੁਝ ਲੋਕ ਆਪਣੇ ਮੂਲ ਨੂੰ ਨਹੀਂ ਸਮਝਦੇ ਅਤੇ ਹੰਕਾਰ ਵਿੱਚ ਆਪਣੇ ਬਾਰੇ ਵੱਧ ਚੜ੍ਹ ਕੇ ਬੋਲਦੇ ਹਨ।
**ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥**
ਹੇ ਪ੍ਰਭੂ! ਮੈਂ ਤੇਰੇ ਦਰਬਾਰ ਦਾ ਨੀਚ ਜਾਤ ਦਾ ਢਾਡੀ ਹਾਂ,
ਹੋਰ ਸਭ ਉੱਚੀਆਂ ਜਾਤਾਂ ਦੇ ਕਹਾਉਂਦੇ ਹਨ।
**ਤਿਨ੍ ਮੰਗਾ ਜਿ ਤੁਝੈ ਧਿਆਇਦੇ ॥੯॥**
ਜਿਹੜੇ ਤੈਨੂੰ ਸਿਮਰਦੇ ਹਨ ਮੈਂ ਉਨ੍ਹਾਂ ਦਾ ਦਰਸ਼ਨ ਮੰਗਦਾ ਹਾਂ।

**ਸਲੋਕੁ ਮਃ ੧ ॥**
**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥**
ਰਾਜਾ, ਪਰਜਾ ਅਤੇ ਸਾਰਾ ਸੰਸਾਰ ਨਾਸ਼ਵੰਤ ਹੈ।
**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥**
ਮਹਿਲ ਮਾੜੀਆਂ ਅਤੇ ਉਨ੍ਹਾਂ ਵਿੱਚ ਰਹਿਣ ਵਾਲੇ ਵੀ ਨਾਸ਼ਵੰਤ ਹਨ।

**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥**

ਸੋਨਾ, ਚਾਂਦੀ ਅਤੇ ਇਨ੍ਹਾਂ ਨੂੰ ਪਹਿਨਣ ਵਾਲੇ ਨਾਸ਼ਵੰਤ ਹੀ ਹਨ।

**ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥**

ਸਰੀਰ, ਵਸਤਰ, ਅਤੇ ਸੋਹਣੀਆਂ ਸੂਰਤਾਂ ਵੀ ਨਾਸ਼ਵੰਤ ਹੀ ਹਨ।

**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥**

ਪਤੀ ਅਤੇ ਪਤਨੀ ਵੀ ਨਾਸ਼ਵੰਤ ਹਨ,
ਜੋ ਮੋਹ ਵਿੱਚ ਖਚਿਤ ਹੋ ਕੇ ਖੁਆਰ ਹੁੰਦੇ ਹਨ।

**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥**

ਨਾਸ਼ਵਾਨ ਦਾ ਨਾਸ਼ਵਾਨ ਨਾਲ ਪ੍ਰੇਮ ਲੱਗਾ ਹੋਇਆ ਹੈ ਅਤੇ
ਪ੍ਰਭੂ ਵਿਸਰਿਆ ਹੋਇਆ ਹੈ।

**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥**

ਜਦੋਂ ਕਿ ਸਾਰਾ ਸੰਸਾਰ ਹੀ ਨਾਸ਼ਵੰਤ ਹੈ ਤਾਂ ਦੋਸਤੀ ਕਿਸ ਨਾਲ ਕਰੀਏ?

**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥**

ਦੁਨੀਆਂ ਦੇ ਸਾਰੇ ਮਿਸ਼ਟਾਨ ਪਦਾਰਥ ਨਾਸ਼ਵਾਨ ਹਨ,
ਨਾਸ਼ਵਾਨਤਾ ਨੇ ਪੂਰਾਂ ਦੇ ਪੂਰ ਡੋਬ ਦਿੱਤਾ ਹਨ।

**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪਰਮੇਸ਼ਰ!
ਤੈਥੋਂ ਬਿਨਾਂ ਸਭ ਨਾਸ਼ਵਾਨ ਹੀ ਨਾਸ਼ਵਾਨ ਹੈ।

**ਮਃ ੧ ॥**

**ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥**

ਸੱਚ ਨੂੰ ਮਨੁੱਖ ਤਾਂ ਹੀ ਜਾਣ ਸਕਦਾ ਹੈ,
ਜੇ ਪਹਿਲੋਂ ਉਸਦਾ ਹਿਰਦਾ ਸੱਚਾ ਹੋਵੇ।

**ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥**

ਦੇਹੀ ਨੂੰ ਬੁਰਿਆਈਆਂ ਤੋਂ ਚੰਗੀ ਤਰ੍ਹਾਂ ਸੋਧਣ ਨਾਲ ਹੀ ਸਰੀਰ ਝੂਠ ਦੀ ਮੈਲ
ਤੋਂ ਮੁਕਤ ਹੋ ਸਕਦਾ ਹੈ।

**ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥**

ਸੱਚ ਨੂੰ ਮਨੁੱਖ ਤਾਂ ਹੀ ਜਾਣ ਸਕਦਾ ਹੈ,
ਜੇ ਉਸਨੂੰ ਅੰਦਰੋਂ ਸੱਚ ਨਾਲ ਪ੍ਰੇਮ ਹੋਵੇ।

**ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥**

ਸੱਚੇ ਨਾਮ ਨੂੰ ਸੁਣਦਿਆਂ ਹੀ ਮਨ ਖਿੜ ਜਾਵੇ ਤਾਂ
ਮੁਕਤੀ ਦਾ ਦਰਵਾਜ਼ਾ ਨਜ਼ਰ ਆਉਂਦਾ ਹੈ।

**ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥**
ਸੁਚੱਜੀ ਜੀਵਨ ਦੀ ਸੋਝੀ ਹੋਣ ਵਾਲੇ ਨੂੰ ਸੱਚ ਦੀ ਪ੍ਰਾਪਤੀ ਹੁੰਦੀ ਹੈ।
**ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥**
ਸਰੀਰ ਰੂਪ ਧਰਤੀ ਨੂੰ ਵਾਹ ਕੇ ਵਿੱਚ ਸਿਮਰਨ ਰੂਪ ਬੀਜ ਬੀਜੇ।
**ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥**
ਸੱਚ ਤਾਂ ਹੀ ਜਾਣਿਆ ਜਾ ਸਕਦਾ ਹੈ, ਜੇਕਰ ਸੱਚੀ ਸਿਖਿਆ ਲਵੇ।
**ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥**
ਜੀਵਾਂ 'ਤੇ ਤਰਸ ਕਰੇ ਅਤੇ ਲੋੜਵੰਦਾਂ ਨੂੰ ਦਾਨ ਪੁੰਨ ਕਰੇ।
**ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥**
ਸੱਚ ਤਾਂ ਹੀ ਜਾਣਿਆ ਜਾ ਸਕਦਾ ਹੈ, ਜੇਕਰ ਆਤਮ ਗਿਆਨ ਰੂਪ ਤੀਰਥ ਉੱਤੇ ਨਿਵਾਸ ਕਰ ਲਵੇ।
**ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥**
ਸਤਿਗੁਰੂ ਨੂੰ ਪੁੱਛ ਕੇ ਭਾਵ ਗੁਰਮੁਖ ਹੋ ਕੇ ਨਿਵਾਸ ਕਰਕੇ ਟਿਕਿਆ ਰਹੇ।
**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥**
ਸਭ ਅਗਿਆਨ ਦੇ ਰੋਗਾਂ ਦਾ ਇਲਾਜ ਸੱਚ ਤੋਂ ਹੀ ਹੋ ਸਕਦਾ ਹੈ, ਜੋ ਪਾਪਾਂ ਨੂੰ ਧੋ ਕੇ ਕੱਢ ਸਕਦਾ ਹੈ।
**ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਦੇ ਪੱਲੇ ਵਿੱਚ ਸੱਚ ਹੈ, ਉਨ੍ਹਾਂ ਅੱਗੇ ਮੈਂ ਵੀ ਬੇਨਤੀ ਕਰਦਾਂ ਹਾਂ ਕਿ ਮੈਨੂੰ ਵੀ ਸੱਚ ਮਿਲੇ।
**ਪਉੜੀ ॥**
**ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥**
ਮੈ ਸੰਤਾਂ ਦੇ ਚਰਨਾਂ ਦੀ ਧੂੜੀ ਮੰਗਦਾ ਹਾਂ, ਜੇ ਇਹ ਮਿਲ ਜਾਵੇ ਤਾਂ ਮੱਥੇ ਨਾਲ ਲਾਉਣੀ ਚਾਹੀਦੀ ਹੈ ।
**ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥**
ਝੂਠਾ ਲਾਲਚ ਛੱਡ ਕੇ, ਇਕਾਗਰ ਮਨ ਨਾਲ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ।
**ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥**
ਜਿਹੋ ਜਿਹੀ ਕਾਰ ਕਰਾਂਗੇ, ਉਹੋ ਜਿਹਾ ਹੀ ਫਲ ਪਾਵਾਂਗੇ।
**ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਾ ਦੀ ਪਾਈਐ ॥**
ਪਹਿਲੇ ਕੀਤੇ ਚੰਗੇ ਕਰਮਾਂ ਸਦਕਾ ਹੀ ਸੰਤਾਂ ਦੇ ਚਰਨਾਂ ਦੀ ਧੂੜ ਮਿਲਦੀ ਹੈ।
**ਮਤਿ ਥੋੜੀ ਸੇਵ ਗਵਾਈਐ ॥੧੦॥**
ਸੰਤਾਂ ਦੀ ਸੇਵਾ ਨਾਲ ਤੁੱਛ ਬੁੱਧੀ ਦੂਰ ਹੋ ਜਾਂਦੀ ਹੈ।

**ਸਲੋਕੁ ਮਃ ੧ ॥**

**ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥**

ਅਸਲੀਅਤ ਦੀ ਪਛਾਣ ਨਾ ਰਹਿਣ ਸਦਕਾ ਵਿਕਾਰਾਂ ਵਿੱਚ ਗ੍ਰਸੇ ਲੋਕ ਜੀਵਨ ਪੰਧ ਤੋਂ ਭਟਕ ਗਏ ਹਨ।

**ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥**

ਨਾਮ ਰੂਪੀ ਬੀਜ ਹਿਰਦੇ ਵਿੱਚ ਬੀਜਣ ਵਾਲਿਆਂ ਦੀ ਆਬਰੂ ਸਲਾਮਤ ਹੈ, ਪਰ ਮੂਲ ਤੋਂ ਟੁੱਟ ਕੇ ਦੁਫਾੜ ਹੋਇਆਂ ਦੀ ਦੁਬਿਧਾ ਵਿੱਚ ਇੱਜ਼ਤ ਕਿਵੇਂ ਬਚੇ?

**ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥**

ਜੇਕਰ ਬੀਜ ਮੁਕੰਮਲ ਅਤੇ ਮੁਨਾਸਿਬ ਮੌਸਮ ਹੋਵੇ, ਤਾਂ ਹੀ ਪੁੰਗਰਦਾ ਹੈ।

**ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਲਾਗ ਤੋਂ ਬਿਨਾਂ ਕੋਰੇ ਕੱਪੜੇ ਨੂੰ ਉਹ ਰੰਗ ਨਹੀਂ ਚੜ੍ਹਦਾ ਜਿਹੜਾ ਕਿ ਲਾਗ ਵਾਲੇ ਨੂੰ ਚੜ੍ਹਦਾ ਹੈ, ਇਸ ਲਈ ਮਨ ਨੂੰ ਨਾਮ ਦੀ ਲਾਗ ਲਾਉਣੀ ਪੈਂਦੀ ਹੈ।

**ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥**

ਪ੍ਰਭੂ ਦੇ ਭੈਅ ਦੀ ਖੁੰਬ ਵਿੱਚ ਮਨ ਰੰਗ ਕੇ ਫਿਰ ਮਿਹਨਤ ਤੇ ਉੱਦਮ ਦੀ ਪਾਹ ਦਿੱਤੀ ਜਾਵੇ।

**ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਮਨ ਪ੍ਰਭੂ ਦੀ ਭਗਤੀ ਵਿੱਚ ਰੰਗਿਆ ਜਾਵੇ ਤਾਂ ਉਹ ਝੂਠ ਵਿੱਚ ਨਹੀਂ ਪੈਂਦਾ।

**ਮਃ ੧ ॥**

**ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥**

ਸਮਕਾਲੀ ਸਥਿਤੀ ਦੀ ਚਰਚਾ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ ਲੋਭ ਰਾਜਾ ਹੈ, ਪਾਪ ਵਜ਼ੀਰ ਹੈ ਅਤੇ ਝੂਠ ਚੌਧਰੀ ਹੈ।

**ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥**

ਇਹਨਾਂ ਦਾ ਨਾਇਬ ਕਾਮ ਹੈ, ਜਿਸ ਦੀ ਹਰ ਕੰਮ ਵਿੱਚ ਸਲਾਹ ਲਈ ਜਾਂਦੀ ਹੈ।

**ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥**

ਗਿਆਨ ਤੋਂ ਸੱਖਣੀ ਪਰਜਾ ਅੰਨ੍ਹੀ ਹੈ, ਜਿਸ ਦੀ ਹਾਲਤ ਉਹਨਾਂ ਮਿਰਤਕ ਕੱਟੇ ਵੱਛੀਆਂ ਜਿਹੀ ਹੈ, ਜਿਨ੍ਹਾਂ ਵਿੱਚ ਤੂੜੀ ਭਰ ਕੇ ਮੱਝਾਂ ਗਾਵਾਂ ਨੂੰ ਚੋਇਆ ਜਾਂਦਾ ਹੈ।

**ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥**

ਸਿਆਣੇ ਬਣਦੇ ਲੋਕ ਵੀ ਹਾਕਮਾਂ ਦੀ ਹਜ਼ੂਰੀ ਵਿੱਚ ਨੱਚਦੇ ਹਨ, ਵੱਖ-ਵੱਖ ਰੂਪਾਂ ਵਿੱਚ ਖੁਸ਼ਾਮਦ ਕਰਦੇ ਹਨ।

**ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥**

ਭੱਟ, ਲੋਭੀ ਹਾਕਮਾਂ ਦੇ ਝਗੜਿਆਂ ਦੀਆ ਵਾਰਾਂ ਸੁਣਾ ਕੇ ਹੋ ਗੁਜ਼ਰੇ ਸੂਰਮਿਆਂ ਨਾਲ ਉਹਨਾਂ ਦੀ ਤੁਲਨਾ ਕਰਦੇ ਹਨ।

**ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥**

ਧੋਖੇ ਨਾਲ ਇਕੱਠੇ ਕੀਤੇ ਧਨ ਨੂੰ ਪਿਆਰ ਕਰਨ ਵਾਲੇ ਸਿਆਣਿਆਂ ਨੂੰ ਗੁਰੂ ਜੀ ਮੂਰਖ ਕਹਿੰਦੇ ਹਨ।

**ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥**

ਧਰਮੀ ਲੋਕ ਧਰਮ ਗਵਾ ਕੇ ਮੁਕਤੀ ਦਾ ਦੁਆਰਾ ਖੁੱਲ੍ਹਣਾ ਮੰਗਦੇ ਹਨ।

**ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥**

ਇੰਦਰੇ-ਜਿੱਤ ਬਣਨ ਦੀ ਲਾਲਸਾ ਵਿਚ ਸਹੀ ਢੰਗ ਨਾ ਜਾਣਨ ਵਾਲੇ ਵਿਅਰਥ ਹੀ ਘਰ ਬਾਰ ਛੱਡ ਦਿੰਦੇ ਹਨ।

**ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥**

ਹਰ ਕੋਈ ਆਪਣੇ ਆਪ ਨੂੰ ਮੁਕੰਮਲ ਸਮਝ,<br>
ਕੋਈ ਘਾਟ ਨਾ ਹੋਣ ਦਾ ਦਾਹਵਾ ਕਰਦਾ ਹੈ।

**ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਤੋਲ ਵਿੱਚ ਉਹ ਹੀ ਪੂਰਾ ਉਤਰੇਗਾ,<br>
ਜਿਸ ਨੂੰ ਸਾਧ ਸੰਗਤ ਵਿੱਚੋਂ ਮਾਣ ਮਿਲੇਗਾ।

**ਮਃ ੧ ॥**

**ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਜੋ ਵੀ ਗੱਲ ਤੂੰ ਮਿਥੀ ਹੈ,<br>
ਉਹ ਤਾਂ ਪ੍ਰਗਟ ਹੋਵੇਗੀ ਹੀ ਕਿਉਂਕਿ ਉਹ ਸੱਚਾ ਪ੍ਰਭੂ ਸਭ ਨੂੰ ਵੇਖਦਾ ਹੈ।

**ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥**

ਸਾਰੇ ਆਪੋ ਆਪਣਾ ਜ਼ੋਰ ਲਾਉਂਦੇ ਹਨ,<br>
ਪਰ ਹੁੰਦਾ ਉਹ ਹੈ ਜੋ ਕਰਤਾਰ ਕਰਦਾ ਹੈ।

**ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥**

ਜੀਵ ਦੇ ਅਗਲੇ ਸਫ਼ਰ ਵਿੱਚ ਨਵੇਂ ਲੋਕ ਮਿਲਣੇ ਹਨ,<br>
ਇਸ ਲਈ ਉਸ ਦੀ ਜ਼ਾਤ ਜਾਂ ਤਾਕਤ ਦਾ ਉੱਥੇ ਕੋਈ ਮੁੱਲ ਨਹੀਂ ਪਵੇਗਾ।

**ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥**

ਜਿਨ੍ਹਾਂ ਨੂੰ ਉਸ ਸਮੇਂ ਵੀ ਆਦਰ ਮਾਣ ਮਿਲ ਜਾਵੇ,<br>
ਉਹ ਹੀ ਲੋਕ ਭਲੇ ਗਿਣੇ ਜਾਂਦੇ ਹਨ।

**ਪਉੜੀ ॥**

**ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ**

**ਤਾ ਤਿਨੀ ਖਸਮੁ ਧਿਆਇਆ ॥**
ਤੂੰ ਜਿਨ੍ਹਾਂ 'ਤੇ ਧੁਰੋਂ ਹੀ ਮਿਹਰ ਕੀਤੀ ਹੈ,
ਉਨ੍ਹਾਂ ਨੇ ਹੀ ਮਾਲਕ ਨੂੰ ਸਿਮਰਿਆ ਹੈ।
**ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ ॥**
ਇਨ੍ਹਾਂ ਜੀਵਾਂ ਦੇ ਤਾਂ ਕੁਝ ਵੀ ਵੱਸ ਦੀ ਗੱਲ ਨਹੀਂ, ਤੂੰ ਹੀ ਸੰਸਾਰ ਨੂੰ ਭਿੰਨਤਾ ਭਾਵ ਵੱਖਰੇ-ਵੱਖਰੇ ਰੂਪ ਵਿਚ ਪੈਦਾ ਕੀਤਾ ਹੋਇਆ ਹੈ।
**ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ ॥**
ਕਈਆਂ ਨੂੰ ਤੂੰ ਆਪ ਹੀ ਮਿਲਾ ਲੈਂਦਾ ਹੈਂ ਅਤੇ ਕਈਆਂ ਨੂੰ ਤੂੰ ਆਪਣੇ ਆਪ ਨਾਲੋਂ ਵਿਛੋੜ ਦੇਂਦਾ ਹੈ।
**ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ ॥**
ਜਿਸ ਨੂੰ ਤੂੰ ਆਪ ਸੋਝੀ ਦਿੱਤੀ ਉਸ ਨੇ ਹੀ ਗੁਰੂ ਦੀ ਮਿਹਰ ਨਾਲ ਤੈਨੂੰ ਜਾਣਿਆ ਹੈ।
**ਸਹਜੇ ਹੀ ਸਚਿ ਸਮਾਇਆ ॥੧੧॥**
ਉਹ ਸਹਿਜੇ ਹੀ ਸੱਚੇ ਪ੍ਰਭੂ ਨਾਲ ਮਿਲ ਜਾਂਦਾ ਹੈ।

**ਸਲੋਕੁ ਮਃ ੧ ॥**
**ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥**
ਦੁੱਖ ਦਵਾਈ ਹੈ ਅਤੇ ਸੁੱਖ ਰੋਗ ਹੈ, ਕਿਉਂਕਿ ਜਦੋਂ ਸੁੱਖ ਹੁੰਦਾ ਹੈ ਓਦੋਂ ਪਰਮੇਸ਼ਰ ਨੂੰ ਪਾਉਣ ਦੀ ਇੱਛਾ ਨਹੀਂ ਹੁੰਦੀ।
**ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥**
ਤੂੰ ਕਰਨਹਾਰ ਹੈਂ, ਮੈਂ ਕੁਝ ਨਹੀਂ ਕਰ ਸਕਦਾ, ਮੇਰਾ ਕੀਤਾ ਕੁਝ ਨਹੀਂ ਹੁੰਦਾ।
**ਬਲਿਹਾਰੀ ਕੁਦਰਤਿ ਵਸਿਆ ॥**
**ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥**
ਹੇ ਕੁਦਰਤ ਵਿਚ ਵੱਸੇ ਹੋਏ ਕਾਦਰ ਮੈਂ ਬਲਿਹਾਰ ਹਾਂ ਕਿਉਂਕਿ ਤੇਰਾ ਅੰਤ ਨਹੀਂ ਪਾਇਆ ਜਾ ਸਕਦਾ।
**ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥**
ਸਾਰੇ ਸੰਸਾਰ ਵਿਚ ਤੇਰੀ ਜੋਤ ਵਿਆਪਕ ਹੈ ਅਤੇ ਸਾਰੇ ਜੀਵਾਂ ਵਿਚ ਤੇਰਾ ਨੂਰ ਵੱਸਦਾ ਹੈ, ਹੇ ਪ੍ਰਭੂ! ਤੇਰੀ ਕਲਾ ਹੀ ਵਰਤ ਰਹੀ ਹੈ।
**ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ॥**
ਤੂੰ ਸੱਚਾ ਸਾਹਿਬ ਹੈਂ, ਤੇਰੀ ਸ਼ੋਭਾ ਸੁੰਦਰ ਹੈ, ਜਿਸ ਨੇ ਤੇਰੀ ਸ਼ੋਭਾ ਕੀਤੀ, ਉਹ ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ।

**ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਕਰਤਾ ਪੁਰਖ ਦੀ ਰਜ਼ਾ ਹੈ,
ਜੋ ਕੁਝ ਵੀ ਉਸ ਕਰਨਾ ਹੈ, ਉਹ ਕਰ ਰਿਹਾ ਹੈ।

**ਮਃ ੨ ॥**

**ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥**

ਯੋਗ ਦਾ ਧਰਮ ਗਿਆਨ ਪ੍ਰਾਪਤੀ ਹੈ,
ਬ੍ਰਾਹਮਣ ਦਾ ਧਰਮ ਵੇਦ ਦੀ ਵਿਚਾਰ ਮੰਨਿਆ ਹੈ।

**ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ ॥**

ਖੱਤਰੀਆਂ ਦਾ ਧਰਮ ਸੂਰਵੀਰਤਾ ਮੰਨਿਆ ਹੈ,
ਸ਼ੂਦਰਾਂ ਦਾ ਧਰਮ ਦੂਜਿਆਂ ਦੀ ਸੇਵਾ ਕਰਨਾ ਮੰਨਿਆ ਹੈ।

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥**

ਸਾਰਿਆਂ ਦਾ ਸਾਂਝਾਂ ਧਰਮ ਪ੍ਰਭੂ ਦਾ ਨਾਮ ਹੈ, ਜੇ ਕੋਈ ਇਹ ਭੇਦ ਜਾਣ ਲਵੇ।

**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸਦਾ ਦਾਸ ਹਾਂ,
ਜੋ ਮਨੁੱਖ ਪ੍ਰਭੂ ਦਾ ਰੂਪ ਹੈ।

**ਮਃ ੨ ॥**

**ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥**

ਦੇਵਤੇ ਜਿਨ੍ਹਾਂ ਦੇਵਤਿਆਂ ਨੂੰ ਸਿਮਰਦੇ ਹਨ,
ਉਨ੍ਹਾਂ ਸਾਰੇ ਦੇਵਤਿਆਂ ਦੀ ਆਤਮਾ ਇੱਕ ਪਰਮਾਤਮਾ ਹੈ।

**ਆਤਮਾ ਬਾਸੁਦੇਵਸ੍ਿ ਜੇ ਕੋ ਜਾਣੈ ਭੇਉ ॥**

ਜੋ ਕੋਈ ਮਨੁੱਖ ਬ੍ਰਹਮ ਅਤੇ ਆਤਮਾ ਦਾ ਭੇਦ ਜਾਣ ਲੈਂਦਾ ਹੈ।

**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸਦਾ ਦਾਸ ਹਾਂ ਅਤੇ
ਉਹ ਮਨੁੱਖ ਆਪ ਹੀ ਪ੍ਰਮੇਸ਼ਰ ਹੈ।

**ਮਃ ੧ ॥**

**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥**

ਪਾਣੀ ਘੜੇ ਵਿੱਚ ਹੀ ਟਿਕਦਾ ਹੈ,
ਪਾਣੀ ਤੋਂ ਬਿਨਾਂ ਘੜੇ ਦੀ ਹੋਂਦ ਨਿਰਾਰਥਕ ਹੈ।

**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥੫॥**

ਮਨ ਨੂੰ ਵਿਚਾਰ ਨਾਲ ਹੀ ਟਿਕਾਇਆ ਜਾ ਸਕਦਾ ਹੈ,
ਇਹ ਵਿਚਾਰ ਗੁਰੂ ਬਿਨਾਂ ਨਹੀਂ ਮਿਲਦੀ।

**ਪਉੜੀ ॥**

**ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥**

ਜੇ ਪੜ੍ਹਿਆ-ਲਿਖਿਆ ਆਦਮੀ ਜ਼ੁਰਮ ਕਰਦਾ ਹੈ ਤਾਂ ਉਸ ਨਾਲੋਂ
ਅਨਪੜ੍ਹ ਸਾਧ ਚੰਗਾ ਹੈ ਅਤੇ ਉਸ ਨੂੰ ਅੰਤ ਮਾਰ ਵੀ ਨਹੀਂ ਪਵੇਗੀ।

**ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥**

ਜਿਹੋ ਜਿਹਾ ਮਨੁੱਖ ਕਰਮ ਕਰਦਾ ਹੈ,
ਓਹੋ ਜਿਹਾ ਉਸਦਾ ਨਾਮ ਪ੍ਰਚਲਿਤ ਹੁੰਦਾ ਹੈ।

**ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥**

ਅਜਿਹੀਆਂ ਖੇਡਾਂ ਨਾ ਖੇਡ, ਜਿਸ ਕਰਕੇ ਦਰਗਾਹ ਵਿੱਚ ਬਾਜ਼ੀ ਹਾਰ ਜਾਵੇਂ।

**ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥**

ਪੜ੍ਹੇ ਜਾਂ ਅਨਪੜ੍ਹੇ ਮਨੁੱਖ ਚੰਗੇ ਜਾਂ ਮਾੜੇ ਕੰਮਾਂ ਦੀ ਵਿਚਾਰ ਕਰਕੇ ਹੀ ਨਿਵਾਜੇ
ਜਾਂ ਦੁਰਕਾਰੇ ਜਾਣਗੇ।

**ਮੁਹਿ ਚਲੈ ਸੁ ਅਗੈ ਮਾਰੀਐ ॥੧੨॥**

ਮਨਮੱਤ ਕਰਨ ਵਾਲਿਆਂ ਨੂੰ ਅੱਗੇ ਮਾਰ ਪਵੇਗੀ।

**ਸਲੋਕੁ ਮਃ ੧ ॥**

**ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸ਼੍ਰੋਮਣੀ ਮਨੁੱਖਾ ਦੇਹੀ ਦਾ ਇੱਕ ਰਥ
ਅਤੇ ਇੱਕ ਰਥਵਾਹੀ ਹੈ।

**ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥**

ਹਰ ਜੁਗ ਵਿਚ ਇਹ ਰਥ ਤੇ ਰਥਵਾਹੀ ਬਦਲੇ ਜਾਂਦੇ ਹਨ,
ਗਿਆਨਵਾਨ ਹੀ ਇਸ ਭੇਦ ਨੂੰ ਜਾਣਦੇ ਹਨ।

**ਸਤਜੁਗਿ ਰਥੁ ਸੰਤੋਖੁ ਕਾ ਧਰਮੁ ਅਗੈ ਰਥਵਾਹੁ ॥**

ਸਤਿਜੁਗ ਵਿੱਚ ਸੰਤੋਖ ਰਥ ਸੀ ਅਤੇ ਧਰਮ ਅੱਗੇ ਰਥਵਾਹੀ ਸੀ।

**ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥**

ਤ੍ਰੇਤੇ ਵਿੱਚ ਜਤ ਦਾ ਰਥ ਸੀ ਅਤੇ ਬਲ ਰਥਵਾਹੀ ਸੀ।

**ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥**

ਦੁਆਪਰ ਵਿੱਚ ਤਪ ਦਾ ਰਥ ਸੀ, ਸੱਚ ਰਥਵਾਹੀ ਸੀ।

**ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥**

ਕਲਿਜੁਗ ਵਿੱਚ ਕਾਮ, ਕ੍ਰੋਧ, ਈਰਖਾ, ਦਵੈਸ਼ ਰੂਪੀ ਅਗਨੀ ਦਾ ਰਥ ਹੈ
ਅਤੇ ਝੂਠ ਅੱਗੇ ਰਥਵਾਹੀ ਹੈ।

**ਮਃ ੧ ॥**

**ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ ॥**

ਸਾਮ ਵੇਦ ਕਹਿੰਦਾ ਹੈ ਸਤਿਜੁਗ ਵਿੱਚ ਸੁਆਮੀ ਚਿੱਟੇ ਕੱਪੜਿਆਂ ਵਾਲਾ ਸੀ, ਲੋਕਾਂ ਨੂੰ ਸੱਚ ਹੀ ਚੰਗਾ ਲੱਗਦਾ ਸੀ ਤੇ ਸੱਚੀ ਹੀ ਰਹਿਣੀ ਬਹਿਣੀ ਸੀ।

**ਸਭੁ ਕੋ ਸਚਿ ਸਮਾਵੈ ॥**

ਅਤੇ ਸਾਰੇ ਸੱਚ ਵਿੱਚ ਹੀ ਲੀਨ ਸਨ।

**ਰਿਗੁ ਕਹੈ ਰਹਿਆ ਭਰਪੂਰਿ ॥ ਰਾਮ ਨਾਮੁ ਦੇਵਾ ਮਹਿ ਸੂਰੁ ॥**

ਤ੍ਰੇਤੇ ਦਾ ਰਿਗਵੇਦ ਕਹਿੰਦਾ ਹੈ ਕਿ ਰਾਮ ਦਾ ਨਾਮ ਦੇਵਤਿਆਂ ਵਿੱਚ ਸੂਰਜ ਜਿਉਂ ਚਮਕਦਾ ਸੀ।

**ਨਾਇ ਲਇਐ ਪਰਾਛਤ ਜਾਹਿ ॥**

ਉਸ ਰਾਮ ਦਾ ਨਾਮ ਲੈਣ ਤੋਂ ਹੀ ਪਾਪ ਦੂਰ ਹੁੰਦੇ ਸਨ।

**ਨਾਨਕ ਤਉ ਮੋਖੰਤਰੁ ਪਾਹਿ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਮੁਕਤੀ ਪ੍ਰਾਪਤ ਹੁੰਦੀ ਹੈ, ਇਹ ਰਿਗਵੇਦ ਦਾ ਸਿਧਾਂਤ ਸੀ।

**ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ ॥**

ਦੁਆਪਰ ਯੁਗ ਵਿੱਚ ਯਾਦਵ ਵੰਸ਼ੀ ਕਾਨ੍ਹ ਨੇ ਧੱਕੇ ਨਾਲ ਚੰਦ੍ਰਾਵਲ ਗੋਪੀ ਨੂੰ ਛਲ ਲਿਆਂਦਾ।

**ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥**

ਕਲਪ ਬ੍ਰਿਛ ਗੋਪੀਆਂ ਲਈ ਦੇਵ ਲੋਕ 'ਚੋਂ ਲੈ ਆਇਆ ਅਤੇ ਬ੍ਰਿੰਦਾਬਨ ਵਿੱਚ ਲੀਲਾ ਵਰਤਾਈ।

**ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ॥**

ਕਲਿਜੁਗ ਦੇ ਵਿੱਚ ਅਥਰਵਣਵੇਦ ਹੋਇਆ, ਜਿਸ ਤੋਂ ਦੁਨੀਆਂ ਦੇ ਮਾਲਕ ਦਾ ਨਾਮ ਅੱਲਾਹ ਪ੍ਰਸਿੱਧ ਹੋ ਗਿਆ।

**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥**

ਤੁਰਕਾਂ ਤੇ ਪਠਾਣਾਂ ਦਾ ਰਾਜ ਹੋਣ ਕਾਰਨ ਆਮ ਲੋਕ ਵੀ ਨੀਲੇ ਕੱਪੜੇ ਪਾਉਣ ਲੱਗ ਪਏ।

**ਚਾਰੇ ਵੇਦ ਹੋਏ ਸਚਿਆਰ ॥**

ਚਾਰੇ ਵੇਦਾਂ ਵਿੱਚ ਧਰਮ ਦੀ ਸੱਚ ਦੇ ਪ੍ਰਸੰਗ ਵਿੱਚ ਵਿਆਖਿਆ ਕੀਤੀ ਗਈ ਹੈ।

**ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥**

ਇਨ੍ਹਾਂ ਚਾਰਾਂ ਵੇਦਾਂ ਨੂੰ ਪੜ੍ਹਨ ਵਾਲੇ ਅਤੇ ਵਿਚਾਰ ਵਾਲੇ ਮਨੁੱਖ ਗੁਣਵਾਨ ਅਤੇ ਦਲੀਲ ਦੇ ਧਾਰਨੀ ਬਣ ਜਾਂਦੇ ਹਨ।

**ਭਉ ਭਗਤਿ ਕਰਿ ਨੀਚੁ ਸਦਾਏ ॥**

ਪ੍ਰੇਮਾ-ਭਗਤੀ ਵਿੱਚ ਡੁੱਬਕੇ ਨੀਵਾਂ ਅਖਵਾਉਣ ਵਾਲਾ ਹੀ

**ਤਉ ਨਾਨਕ ਮੋਖੰਤਰੁ ਪਾਏ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੁਕਤੀ ਪ੍ਰਾਪਤ ਕਰ ਸਕਦਾ ਹੈ।

**ਪਉੜੀ ॥**

**ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥**

ਮੈਂ ਸਤਿਗੁਰੂ ਤੋਂ ਕੁਰਬਾਨ ਹਾਂ, ਜਿਸਦੇ ਮਿਲਣ ਕਰਕੇ ਮੈਂ ਪ੍ਰਮੇਸ਼ਰ ਨੂੰ ਸਿਮਰਿਆ ਹੈ।

**ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥**

ਜਿਸ ਨੇ ਉਪਦੇਸ਼ ਦੇ ਕੇ ਗਿਆਨ ਰੂਪ ਸੁਰਮਾ ਇਨ੍ਹਾਂ ਨੇਤਰਾਂ ਵਿੱਚ ਪਾਇਆ ਤਾਂ ਮੈਨੂੰ ਸਾਰੇ ਸੰਸਾਰ ਦੀ ਸੋਝੀ ਆ ਗਈ।

**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥**

ਜੀਵਨ ਦੇ ਸੱਚ ਤੋਂ ਭਟਕੇ ਹੋਏ ਲੋਕ ਜੋ ਇੱਥੇ ਸੱਚਾ ਵਣਜ ਕਰਨ ਆਏ ਸਨ, ਭਟਕ ਕੇ ਸੰਸਾਰ ਸਾਗਰ ਵਿੱਚ ਡੁਬ ਗਏ।

**ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥**

ਇਸ ਜਗਤ ਰੂਪੀ ਸਾਗਰ ਤੋਂ ਪਾਰ ਲੰਘਾਉਣ ਵਾਲਾ ਸਤਿਗੁਰੂ ਹੀ ਹੈ, ਇਹ ਸੋਝੀ ਕਿਸੇ ਵਿਰਲੇ ਨੂੰ ਹੀ ਆਈ ਹੈ।

**ਕਰਿ ਕਿਰਪਾ ਪਾਰਿ ਉਤਾਰਿਆ ॥੧੩॥**

ਸਤਿਗੁਰੂ ਨੇ ਹੀ ਕਿਰਪਾ ਕਰਕੇ ਮੈਨੂੰ ਪਾਰ ਉਤਾਰਿਆ ਹੈ।

**ਸਲੋਕੁ ਮਃ ੧ ॥**

**ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥**

ਸਿੰਮਲ ਦਾ ਰੁਖ ਸਿੱਧਾ, ਲੰਬਾ ਤੇ ਮੋਟਾ ਹੁੰਦਾ ਹੈ।

**ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥**

ਉਸ ਉਤੇ ਪੰਛੀ ਆਸ ਕਰਕੇ ਆਂਉਦੇ ਹਨ,
ਪਰ ਉਨ੍ਹਾਂ ਨੂੰ ਨਿਰਾਸ਼ ਜਾਣਾ ਪੈਂਦਾ ਹੈ।

**ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥**

ਕਿਉਂਕਿ ਉਸ ਦੇ ਫਲ ਫਿੱਕੇ ਹੁੰਦੇ ਹਨ,
ਫੁਲ ਬਕਬਕੇ ਅਤੇ ਪੱਤੇ ਕਿਸੇ ਕੰਮ ਨਹੀ ਆਂਉਦੇ॥

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਾਰੇ ਗੁਣਾਂ ਤੇ ਚੰਗਿਆਈਆਂ ਦਾ ਸਾਰ ਇਹ ਹੈ ਕਿ ਮਨੁੱਖ ਨਿਰਮਾਣਤਾ ਵਿੱਚ ਰਹੇ ਤੇ ਨੀਵਿਆਂ ਨੂੰ ਹੀ ਮਿੱਠੇ ਫਲ ਲੱਗਦੇ ਹਨ।

**ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥**

ਹਰ ਕੋਈ ਆਪਣੇ ਵਾਸਤੇ ਹੀ ਨਿਉਂਦਾ ਹੈ, ਦੂਜੇ ਲਈ ਕੋਈ ਨਹੀਂ ਝੁਕਦਾ।

**ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥**

ਜੇ ਤੱਕੜੀ ਤੇ ਰੱਖ ਕੇ ਵੀ ਕਿਸੇ ਚੀਜ਼ ਨੂੰ ਤੋਲੀਏ, ਤਾਂ ਜੋ ਪੱਲਾ ਝੁਕਦਾ ਹੈ, ਭਾਰਾ ਉਹੋ ਹੀ ਹੁੰਦਾ ਹੈ।

**ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥**

ਮ੍ਰਿਗ ਪਸ਼ੂਆਂ ਨੂੰ ਮਾਰਨ ਵਾਲਾ ਪਾਪੀ ਸ਼ਿਕਾਰੀ ਹੋਰਨਾਂ ਨਾਲੋਂ ਦੂਣਾ ਝੁਕਦਾ ਹੈ।

**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥**

ਹਿਰਦੇ ਵਿੱਚ ਖੋਟ ਰੱਖ ਕੇ ਮੱਥਾ ਟੇਕਣ ਦਾ ਕੋਈ ਫਾਇਦਾ ਨਹੀਂ।

**ਮਃ ੧ ॥**

**ਪੜਿ ਪੁਸਤਕ ਸੰਧਿਆ ਬਾਦੰ ॥**

ਹੇ ਪੰਡਿਤ! ਤੂੰ ਧਾਰਮਿਕ ਪੁਸਤਕਾਂ ਪੜ੍ਹਦਾ ਹੈ,
ਸੰਧਿਆ ਕਰਦਾ ਹੈਂ ਅਤੇ ਵਿਚਾਰ-ਚਰਚਾ ਕਰਦਾ ਹੈਂ।

**ਸਿਲ ਪੂਜਸਿ ਬਗੁਲ ਸਮਾਧੰ ॥**

ਤੂੰ ਬਗੁਲੇ ਵਾਂਗ ਸਮਾਧੀ ਲਾ ਕੇ ਸਾਲਗਰਾਮ ਪੱਥਰ ਨੂੰ ਪੂਜਦਾ ਹੈਂ।

**ਮੁਖਿ ਝੂਠ ਬਿਭੂਖਣ ਸਾਰੰ ॥**

ਝੂਠ ਤੇਰੇ ਮੂੰਹ ਦਾ ਸੁੰਦਰ ਗਹਿਣਾ ਹੈ।

**ਤ੍ਰੈਪਾਲ ਤਿਹਾਲ ਬਿਚਾਰੰ ॥**

ਤਿੰਨ ਵੇਲੇ ਤਿੰਨ ਪਦਾਂ ਵਾਲੀ ਗਾਇਤ੍ਰੀ ਮੰਤ੍ਰ ਦੀ ਵਿਚਾਰ ਕਰਦਾ ਹੈਂ।

**ਗਲਿ ਮਾਲਾ ਤਿਲਕੁ ਲਿਲਾਟੰ ॥**

ਗਲ ਵਿੱਚ ਮਾਲਾ ਹੈ, ਮੱਥੇ 'ਤੇ ਤਿਲਕ ਹੈ।

**ਦੁਇ ਧੋਤੀ ਬਸਤ੍ਰ ਕਪਾਟੰ ॥**

ਦੋਹਰੀ ਧੋਤੀ ਅਤੇ ਸਿਰ ਤੇ ਕੱਪੜਾ ਹੈ।

**ਜੇ ਜਾਣਸਿ ਬ੍ਰਹਮੰ ਕਰਮੰ ॥**

ਜੇ ਤੂੰ ਪਰਮੇਸ਼ਰ ਦੇ ਕਰਮ ਨੂੰ ਜਾਣਦਾ ਹੋਵੇਂ,

**ਸਭਿ ਫੋਕਟ ਨਿਸਚਉ ਕਰਮੰ ॥**

ਤਾਂ ਤੇਰੇ ਸਭ ਕੰਮ ਨਿਚਸੇ ਹੀ ਵਿਅਰਥ ਹਨ।

**ਕਹੁ ਨਾਨਕ ਨਿਹਚਉ ਧਿਆਵੈ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਗੱਲ ਉੱਤੇ ਨਿਸ਼ਚਾ ਧਾਰ ਲੈ

**ਵਿਣੁ ਸਤਿਗੁਰ ਵਾਟ ਨ ਪਾਵੈ ॥੨॥**

ਕਿ ਸਤਿਗੁਰੂ ਤੋਂ ਬਿਨਾਂ ਤੈਨੂੰ ਸਹੀ ਰਸਤੇ ਦੀ ਪ੍ਰਾਪਤੀ ਨਹੀਂ ਹੋ ਸਕਦੀ।

**ਪਉੜੀ ॥**

**ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥**

ਇਹ ਸੁੰਦਰ ਸਰੀਰ ਰੂਪ ਕੱਪੜਾ ਦੁਨੀਆਂ ਵਿੱਚ ਹੀ ਛੱਡ ਜਾਣਾ ਹੈ।

**ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥**

ਆਪਣਾ ਕੀਤਾ ਮੰਦਾ-ਚੰਗਾ ਕਰਮ ਆਪੇ ਹੀ ਭੋਗਣਾ ਹੈ।

**ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥**

ਜੇ ਮਨ ਭਾਉਂਦੇ ਹੁਕਮ ਵੀ ਕਰ ਲਏ ਤਾਂ ਵੀ ਅੱਗੇ ਤਾਂ ਤੰਗ ਰਸਤੇ ਜਾਣਾ ਹੈ।

**ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥**

ਜਦੋਂ ਸ਼ੁਭ ਕਰਮਾਂ ਤੋਂ ਬੇਪਰਦਾ ਹੋ ਕੇ ਤੈਨੂੰ ਤੇਰਾ ਆਪਣਾ ਆਪ ਵੀ ਭਿਆਨਕ ਰੂਪ ਵਿੱਚ ਡਰਾਵੇਗਾ।

**ਕਰਿ ਅਉਗਣ ਪਛੋਤਾਵਣਾ ॥੧੪॥**

ਮਾੜੇ ਕੰਮਾਂ ਕਾਰਨ ਅੰਤ ਪਛੁਤਾਉਣਾ ਪੈਂਦਾ ਹੈ।

**ਸਲੋਕੁ ਮਃ ੧ ॥**

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**

ਗੁਰੂ ਜੀ ਆਤਮਾ ਪਹਿਰਨ ਵਾਲੇ ਜਨੇਊ ਦੀ ਚਰਚਾ ਕਰਦੇ ਹਨ, ਇਹ ਜਨੇਊ ਵਿੱਚ ਕਪਾਹ ਦੀ ਥਾਂ ਦਇਆ, ਸੂਤ ਦੀ ਥਾਂ ਸਬਰ ਵਰਤ ਕੇ, ਜਤ ਦੀ ਗੰਢ ਨਾਲ ਇਸ ਨੂੰ ਸਤ ਦਾ ਵੱਟ ਚਾੜ੍ਹਿਆ ਹੋਵੇ।

**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**

ਹੇ ਪੰਡਿਤ! ਆਤਮਾ ਦਾ ਇਹ ਜਨੇਊ ਜੇ ਤੇਰੇ ਪਾਸ ਹੈ ਤਾਂ ਮੈਨੂੰ ਪਹਿਨਾ ਦਿਉ।

**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**

ਐਸਾ ਜਨੇਊ ਨਾ ਟੁੱਟੇਗਾ, ਨਾ ਮੈਲਾ ਹੋਵੇਗਾ, ਨਾ ਸੜੇਗਾ ਤੇ ਅੰਤ ਵੇਲੇ ਸਰੀਰ ਤੋਂ ਦੂਰ ਵੀ ਨਹੀਂ ਹੋਵੇਗਾ।

**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਐਸਾ ਜਨੇਊ ਪਹਿਰਨ ਵਾਲੇ ਭਾਵ ਜਤੀ, ਸਤੀ, ਸੰਤੋਖੀ ਮਨੁੱਖ ਧੰਨਤਾ ਦੇ ਯੋਗ ਹਨ।

**ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥**

ਪੰਡਿਤ ਨੇ ਚਾਰ ਕਉਡੀਆਂ ਖਰਚ ਕੇ ਮੰਗਵਾਇਆ ਜਨੇਊ ਚਉਂਕੇ ਵਿੱਚ ਬੈਠ ਕੇ ਗਲ ਵਿੱਚ ਪਾ ਦਿੱਤਾ।

**ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥**

ਕੰਨ ਵਿੱਚ ਸਿਖਿਆ ਦੇ ਦਿੱਤੀ ਕਿ ਅੱਜ ਤੋਂ ਬ੍ਰਾਹਮਣ ਤੇਰਾ ਗੁਰੂ ਬਣ ਗਿਆ।

**ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥**

ਉਸ ਆਦਮੀ ਦੇ ਮਰਨ ਬਾਅਦ ਜਨੇਊ ਵੀ ਸੜ ਜਾਂਦਾ ਹੈ ਤੇ ਅਗਲੇ ਸਫ਼ਰ 'ਤੇ ਬਿਨਾਂ ਜਨੇਊ ਦੇ ਜਾਣਾ ਪੈਂਦਾ ਹੈ।

**ਮਃ ੧ ॥**

**ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥**

ਲੱਖਾਂ ਚੋਰੀਆਂ, ਲੱਖਾ ਜਾਰੀਆਂ, ਲੱਖਾਂ ਕੂੜੀਆਂ ਤੋਹਮਤਾਂ ਅਤੇ ਲੱਖਾਂ ਗਾਲ੍ਹਾਂ।

**ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥**

ਲੱਖਾਂ ਠੱਗੀਆਂ ਅਤੇ ਬਦਨਾਮੀਆਂ ਦਿਨੇ ਰਾਤ ਇਸ ਜੀਵ ਦੇ ਨਾਲ ਲੱਗੀਆਂ ਹੋਈਆਂ ਹਨ।

**ਤਗੁ ਕਪਾਹਹੁ ਕਤੀਐ ਬਾਮ੍ਣੁ ਵਟੇ ਆਇ ॥**

ਕਪਾਹ ਦੇ ਕੱਤੇ ਧਾਗੇ ਦਾ ਬ੍ਰਾਹਮਣ ਨੇ ਵੱਟ ਕੇ ਜਨੇਊ ਪਾ ਦਿੱਤਾ।

**ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥**

ਇਕੱਠੇ ਹੋਏ ਸਾਕ-ਸੰਬਧੀਆਂ ਨੇ ਬੱਕਰਾ ਕੋਹ ਕੇ, ਰਿੰਨ੍ਹ ਕੇ ਖਾ ਲਿਆ ਅਤੇ ਬਾਕੀਆਂ ਸਾਰਿਆਂ ਨੂੰ ਕਹਿੰਦੇ ਫਿਰਦੇ ਹਨ ਕਿ ਜਨੇਊ ਪਾਇਆ ਹੈ।

**ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥**

ਜਨੇਊ ਪੁਰਾਣਾ ਹੋਣ ਤੋਂ ਲਾਹ ਸੁੱਟਿਆ ਜਾਂਦਾ ਹੈ
ਅਤੇ ਫਿਰ ਹੋਰ ਵੀ ਪਾਇਆ ਜਾਂਦਾ ਹੈ।

**ਨਾਨਕ ਤਗ ਨ ਤੁਟਈ ਜੇ ਤਗਿ ਹੋਵੈ ਜੋਰੁ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਜਨੇਊ ਵਿੱਚ ਜ਼ੋਰ ਹੈ ਤਾਂ ਜਨੇਊ ਟੁੱਟਣਾ ਨਹੀਂ ਚਾਹੀਦਾ ਭਾਵ ਇਸ ਜਨੇਊ ਵਿੱਚ ਕੋਈ ਅਧਿਆਤਮਕ ਤਾਕਤ ਨਹੀਂ ਹੈ।

**ਮਃ ੧ ॥**

**ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥**

ਪ੍ਰਭੂ ਨੂੰ ਹਿਰਦੇ 'ਚ ਵਸਾਉਣ ਨਾਲ ਹੀ ਤੂੰ ਆਦਰ ਪਾਵੇਂਗਾ ਤੇ ਨਾਮ ਹੀ ਜਨੇਊ ਬਣ ਸਲਾਹਿਆ ਜਾਵੇਗਾ।

**ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥੩॥**

ਇਹ ਨਾ ਟੁੱਟਣ ਵਾਲੇ ਪਵਿੱਤਰ ਜਨੇਊ ਕਾਰਨ ਹੀ ਤੈਨੂੰ ਮਾਣ ਮਿਲੇਗਾ।

**ਮਃ ੧ ॥**

**ਤਗੁ ਨ ਇੰਦ੍ਰੀ ਤਗੁ ਨ ਨਾਰੀ ॥**

ਹੇ ਪੰਡਿਤ! ਤੇਰੇ ਜਨੇਊ ਦੀ ਰੁਕਾਵਟ ਨਾ ਹੀ ਇੰਦਰੀਆਂ ਉੱਤੇ ਹੈ ਨਾ ਹੀ ਤੇਰੇ ਜਨੇਊ ਦੀ ਰੋਕ ਪਰ ਨਾਰੀ ਵੱਲੋਂ ਹੈ।

**ਭਲਕੇ ਥੁਕ ਪਵੈ ਨਿਤ ਦਾੜੀ ॥**

ਦਿਨ ਚੜ੍ਹਦੇ ਨਾਲ ਹਮੇਸ਼ਾਂ ਤੇਰੀ ਦਾੜ੍ਹੀ 'ਤੇ ਥੁੱਕਾਂ ਪੈਂਦੀਆਂ ਹਨ ਭਾਵ ਬੇਇੱਜ਼ਤੀ ਹੁੰਦੀ ਹੈ।

**ਤਗੁ ਨ ਪੈਰੀ ਤਗੁ ਨ ਹਥੀ ॥**

ਮਾੜੇ ਕੰਮ ਕਰਨ ਤੋਂ ਹੱਥਾਂ-ਪੈਰਾਂ ਨੂੰ ਜਨੇਊ ਦੀ ਕੋਈ ਰੋਕ ਨਹੀਂ।

**ਤਗੁ ਨ ਜਿਹਵਾ ਤਗੁ ਨ ਅਖੀ ॥**

ਮਾੜਾ ਵੇਖਣ ਅਤੇ ਮੈਲੀ ਨਜ਼ਰ ਨਾਲ ਵੇਖਣ 'ਤੇ ਵੀ ਕੋਈ ਰੋਕ ਨਹੀਂ।

**ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥**

ਜਦੋਂ ਤੂੰ ਆਪ ਸ਼ੁਭ ਗੁਣਾਂ ਦਾ ਜਨੇਊ ਨਹੀਂ ਪਾਇਆ ਤਾਂ ਹੋਰਨਾਂ ਨੂੰ ਕਿਹੜਾ ਜਨੇਊ ਪਾ ਰਿਹਾ ਹੈਂ?

**ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥**

ਆਪਣੇ ਜਜਮਾਨਾਂ ਤੋਂ ਭੇਟਾ ਲੈ ਕੇ ਬੱਚਿਆਂ ਦਾ ਵਿਆਹ ਕਰਦਾ ਹੈਂ ਅਤੇ ਕਾਗਜ਼ ਕੁੰਡਲੀਆਂ ਫੋਲ-ਫੋਲ ਸ਼ੁਭ ਮਹੂਰਤ ਲੱਭਦਾ ਹੈਂ।

**ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥੪॥**

ਹੇ ਲੋਕੋ! ਇਹ ਅਜੀਬ ਤਮਾਸ਼ਾ ਵੇਖੋ, ਅਗਿਆਨੀ ਪੁਰਖਾਂ ਨੇ ਆਪਣਾ ਨਾਮ ਸਿਆਣਾ ਰੱਖਿਆ ਹੋਇਆ ਹੈ।

**ਪਉੜੀ ॥**

**ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥**

ਜੇ ਸਾਹਿਬ ਮਿਹਰਬਾਨ ਹੋ ਕੇ ਮਿਹਰ ਕਰੇ ਤਾਂ ਉਹ ਕਾਰਜ ਕਰਵਾਏਗਾ, ਜੋ ਉਸ ਨੂੰ ਚੰਗਾ ਲੱਗਦਾ ਹੈ।

**ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥**

ਮਾਲਕ ਦੀ ਰਜ਼ਾ ਵਿੱਚ ਰਹਿਣ ਵਾਲਾ ਹੀ ਉਸ ਦੀ ਖਲਕਤ ਦੀ ਸੇਵਾ ਕਰਦਾ ਹੈ।

**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**

ਪ੍ਰਭੂ ਦਾ ਹੁਕਮ ਮੰਨ ਕੇ ਪ੍ਰਵਾਨ ਹੋਣ ਵਾਲਾ ਉਸ ਦੇ ਦਰ 'ਤੇ ਪੁੱਜ ਸਕਦਾ ਹੈ।

**ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥**

ਮਾਲਕ ਦੀ ਮਰਜ਼ੀ ਨਾਲ ਕੰਮ ਕਰਨ ਵਾਲੇ ਨੂੰ ਮਨ-ਇੱਛਤ ਫਲ ਮਿਲਦਾ ਹੈ।

**ਤਾ ਦਰਗਹ ਪੈਧਾ ਜਾਇਸੀ ॥੧੫॥**

ਉਹ ਦਰਗਾਹ ਵਿੱਚ ਇੱਜ਼ਤ ਪਾਵੇਗਾ।

**ਸਲੋਕੁ ਮਃ ੧ ॥**

**ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥**

ਜਿਸ ਗਾਂ ਤੇ ਬ੍ਰਾਹਮਣ ਨੂੰ ਸਮੇਂ ਦੀ ਸਰਕਾਰ ਨੇ ਟੈਕਸ ਲਾ ਦਿੱਤਾ ਹੈ, ਉਸ ਦੇ ਗੋਬਰ ਨਾਲ ਆਪਣਾ ਚੌਂਕਾ ਪੋਚ ਤੂੰ ਕਿਸ ਤਰ੍ਹਾਂ ਪਾਰ ਉਤਾਰਾ ਕਰ ਲਵੇਂਗਾ?

**ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥**

ਬਾਹਰੀ ਚਿੰਨ੍ਹ ਧੋਤੀ, ਤਿਲਕ ਅਤੇ ਜਪਮਾਲਾ ਆਦਿ ਤਾਂ ਹਿੰਦੂ ਧਰਮ ਦੇ ਹਨ, ਪਰ ਉਹ ਮਲੇਛਾਂ ਦੀ ਨੌਕਰੀ ਕਰਕੇ ਰੋਟੀ ਕਮਾ ਕੇ ਖਾ ਰਿਹਾ ਹੈ।

**ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥**

ਹੇ ਭਾਈ! ਮੁਸਲਮਾਨਾਂ ਤੋਂ ਡਰਦਾ ਹੋਇਆ ਅੰਦਰ ਲੁਕ ਕੇ ਪੂਜਾ ਕਰਦਾ ਹੈਂ, ਲੋਕਾਂ ਨੂੰ ਵਖਾਉਣ ਦੇ ਲਈ ਬਾਹਰ ਕੁਰਾਨ ਪੜ੍ਹਦਾ ਹੈਂ ਅਤੇ ਤੁਰਕਾਂ ਦੀ ਰਹਿਤ ਰੱਖਦਾ ਹੈਂ।

**ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ ॥੧॥**

ਅਜਿਹੇ ਪਖੰਡ ਛੱਡ ਦੇ, ਉਹ ਨਾਮ ਜਪ ਜਿਹੜਾ ਤੈਨੂੰ ਤਾਰੇਗਾ।

**ਮਃ ੧ ॥**

**ਮਾਣਸ ਖਾਣੇ ਕਰਹਿ ਨਿਵਾਜ ॥**

ਮਨੁਖਾਂ ਨੂੰ ਖਾ ਜਾਣ ਵਾਲੇ (ਮਨੁਖਾਂ 'ਤੇ ਜ਼ੁਲਮ ਕਰਕੇ ਧਨ ਖੋਹ ਲੈਣ ਵਾਲੇ, ਜ਼ਾਲਮ) ਨਮਾਜ਼ਾਂ ਅਦਾ ਕਰਦੇ ਹਨ।

**ਛੁਰੀ ਵਗਾਇਨਿ ਤਿਨ ਗਲਿ ਤਾਗ॥**

ਮਨੁੱਖਾਂ ਦਿਆਂ ਗ਼ਲਾਂ 'ਤੇ ਛੁਰੀਆਂ ਫੇਰਨ ਵਾਲਿਆਂ ਨੇ ਆਪਣੇ ਗਲਾਂ ਵਿੱਚ ਜਨੇਊ ਪਾਏ ਹਨ।

**ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥**

ਉਨ੍ਹਾਂ ਦਿਆਂ ਹੀ ਘਰਾਂ ਵਿੱਚ ਬ੍ਰਾਹਮਣ ਸੰਖ ਪੂਰਦੇ ਹਨ।

**ਉਨ੍ਾ ਭਿ ਆਵਹਿ ਓਈ ਸਾਦ ॥**

ਉਨ੍ਹਾਂ ਦੀ ਪਾਪ ਦੀ ਰੋਟੀ ਵਿੱਚੋਂ ਹੀ ਬ੍ਰਾਹਮਣ ਭੋਜਨ ਕਰਦੇ ਹਨ।

**ਕੂੜੀ ਰਾਸਿ ਕੂੜਾ ਵਾਪਾਰੁ ॥**

ਉਨ੍ਹਾਂ ਦੀ ਪੂੰਜੀ ਵੀ ਝੂਠੀ ਹੈ ਅਤੇ ਵਪਾਰ ਵੀ ਝੂਠਾ ਹੈ।

**ਕੂੜੁ ਬੋਲਿ ਕਰਹਿ ਆਹਾਰੁ ॥**

ਝੂਠ ਬੋਲ ਕੇ ਰੋਟੀ ਖਾਣਾ ਉਹਨਾਂ ਦਾ ਧੰਧਾ ਹੈ।

**ਸਰਮ ਧਰਮ ਕਾ ਡੇਰਾ ਦੂਰਿ ॥**

ਸ਼ਰਮ-ਧਰਮ ਦਾ ਘਰ ਤਾਂ ਉਨ੍ਹਾਂ ਤੋਂ ਬਹੁਤ ਹੀ ਦੂਰ ਹੈ।

**ਨਾਨਕ ਕੂੜੁ ਰਹਿਆ ਭਰਪੂਰਿ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਝੂਠ ਹੀ ਫੈਲਿਆ ਹੋਇਆ ਹੈ।

**ਮਥੈ ਟਿਕਾ ਤੇੜਿ ਧੋਤੀ ਕਖਾਈ ॥**

ਮੱਥੇ 'ਤੇ ਤਿਲਕ ਅਤੇ ਤੇੜ ਗੇਰੂ ਰੰਗ ਦੀ ਧੋਤੀ ਬੱਧੀ ਹੋਈ ਹੈ।

**ਹਥਿ ਛੁਰੀ ਜਗਤ ਕਾਸਾਈ ॥**

ਪਰ ਹੱਥ ਵਿੱਚ ਛੁਰੀ ਫੜ੍ਹਕੇ ਹਰੇਕ ਜੀਵ 'ਤੇ ਜ਼ੁਲਮ ਕਰਦਾ ਹੈ।

**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥**

ਨੀਲੇ ਕੱਪੜੇ ਪਾ ਕੇ ਹਾਕਮ ਦੇ ਦਰਬਾਰ ਵਿੱਚ ਜਾਣ ਦੀ ਮਨਜ਼ੂਰੀ ਲੈਂਦੇ ਹਨ।

**ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥**

ਮਲੇਛਾਂ ਦੀ ਨੌਕਰੀ ਕਰਕੇ ਉਹਨਾਂ ਤੋਂ ਰਿਜ਼ਕ ਲੈਂਦੇ ਹਨ, ਆਪਣਿਆਂ ਘਰਾਂ ਵਿੱਚ ਪੁਰਾਣਾਂ ਦੀ ਪੂਜਾ ਕਰਦੇ ਹਨ।

**ਅਭਾਖਿਆ ਕਾ ਕੁਠਾ ਬਕਰਾ ਖਾਣਾ ॥**

ਇਸਲਾਮੀ ਸ਼ਰ੍ਹਾ ਅਨੁਸਾਰ ਤਿਆਰ ਕੀਤਾ ਬੱਕਰਾ ਤਾਂ ਉਹ ਪੰਡਿਤ ਖਾ ਰਿਹਾ ਹੈ।

**ਚਉਕੇ ਉਪਰਿ ਕਿਸੈ ਨ ਜਾਣਾ ॥**

ਪਰ ਆਪਣੇ ਚੌਂਕੇ ਨੂੰ ਸੁੱਚ ਦੱਸ ਕਿਸੇ ਨੂੰ ਅੰਦਰ ਨਹੀਂ ਆਉਣ ਦਿੰਦਾ।

**ਦੇ ਕੈ ਚਉਕਾ ਕਢੀ ਕਾਰ ॥**

ਭੋਜਨ ਬਣਾਉਣ ਲਈ ਚੌਂਕਾ ਦੇ ਕੇ ਲਕੀਰ ਕੱਢੀ ਹੋਈ ਹੈ।

**ਉਪਰਿ ਆਇ ਬੈਠੇ ਕੂੜਿਆਰ ॥**

ਪਰ ਉਸ ਲਕੀਰ ਅੰਦਰ ਝੂਠੇ ਮਨੁੱਖ ਆ ਕੇ ਬੈਠ ਗਏ ਹਨ।

**ਮਤੁ ਭਿਟੈ ਵੇ ਮਤੁ ਭਿਟੈ ॥**

ਭਿੱਟ ਦੇ ਡਰੋਂ ਦੂਸਰਿਆਂ ਨੂੰ ਚੌਂਕੇ ਦੇ ਨੇੜੇ ਨਹੀਂ ਆਉਣ ਦਿੰਦਾ, ਮਤਾਂ! ਉਹਨਾਂ ਦੇ ਛੂਹਣ ਨਾਲ ਭੋਜਨ ਭਿੱਟਿਆ ਜਾਵੇ।

**ਇਹੁ ਅੰਨੁ ਅਸਾਡਾ ਫਿਟੈ ॥**

ਕਿਉਂਕਿ ਤੁਹਾਡੇ ਛੂਹਣ ਨਾਲ ਇਹ ਸਾਡਾ ਭੋਜਨ ਨਾ ਖਾਣ ਯੋਗ ਹੋ ਜਾਵੇਗਾ।

**ਤਨਿ ਫਿਟੈ ਫੇੜ ਕਰੇਨਿ ॥**

ਵਿਕਾਰਾਂ ਵਿੱਚ ਫਸਿਆ ਸਰੀਰ ਮੰਦੇ ਕਰਮ ਕਰ ਰਿਹਾ ਹੈ।

**ਮਨਿ ਜੂਠੈ ਚੁਲੀ ਭਰੇਨਿ ॥**

ਮਨ ਵਿਕਾਰਾਂ ਦੀ ਮੈਲ ਨਾਲ ਜੂਠਾ ਹੈ,
ਪਰ ਉਹਨੂੰ ਸ਼ੁੱਧ ਕਰਨ ਲਈ ਚੂਲੀਆਂ ਕਰਦਾ ਹੈ।

**ਕਹੁ ਨਾਨਕ ਸਚੁ ਧਿਆਈਐ॥ਸੁਚਿ ਹੋਵੈ ਤਾ ਸਚੁ ਪਾਈਐ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੱਚੇ ਪ੍ਰਭੂ ਨੂੰ ਹਿਰਦੇ ਵਿੱਚ ਵਸਾਓ, ਜੇ ਤੁਹਾਡਾ ਆਚਾਰ-ਵਿਹਾਰ ਸੁੱਚਾ ਹੋਵੇਗਾ ਤਾਂ ਹੀ ਤੁਹਾਡਾ ਸਰੀਰ ਸੁੱਚਾ ਰਹੇਗਾ।

**ਪਉੜੀ ॥**

**ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥**

ਹਰ ਜੀਵ ਪ੍ਰਭੂ ਦੇ ਧਿਆਨ ਵਿੱਚ ਹੈ, ਉਹ ਆਪਣੀ ਨਜ਼ਰ ਹੇਠ ਰੱਖ ਸਭ ਨੂੰ ਕੰਮਾਂ-ਧੰਧਿਆਂ 'ਤੇ ਲਾਈ ਰੱਖਦਾ ਹੈ।

**ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥**

ਆਪ ਹੀ ਸ਼ੁਭ ਕੰਮ ਕਰਵਾ ਕੇ ਵਡਿਆਈਆਂ ਦਿੰਦਾ ਹੈ।

**ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ ॥**

ਪ੍ਰਭੂ ਜੋ ਵੱਡਿਆਂ ਤੋਂ ਵੱਡਿਆਂ ਹੈ, ਉਸ ਦੀ ਸਾਜੀ ਸ੍ਰਿਸ਼ਟੀ ਵੀ ਵੱਡੀ ਹੈ ਅਤੇ ਉਹ ਸਭ ਨੂੰ ਥਾਂਉ-ਥਾਂਈ ਕੰਮ ਸੌਂਪਦਾ ਹੈ।

**ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥**

ਜੇ ਨਿਗ੍ਹਾ ਉਲਟੀ ਕਰ ਲਵੇ ਤਾਂ ਬਾਦਸ਼ਾਹ ਵੀ ਕੱਖੋਂ ਹੌਲੇ ਹੋ ਜਾਂਦੇ ਹਨ।

**ਦਰਿ ਮੰਗਨਿ ਭਿਖ ਨ ਪਾਇਦਾ ॥੧੬॥**

ਉਹ ਲੋਕਾਂ ਦੇ ਦਰਾਂ 'ਤੇ ਝੋਲੀਆਂ ਅੱਡਦੇ ਹਨ, ਪਰ ਕੋਈ ਖੈਰ ਨਹੀਂ ਪਾਉਂਦਾ।

**ਸਲੋਕੁ ਮਃ ੧ ॥**

**ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥**

ਜੇ ਕੋਈ ਚੋਰ ਕਿਸੇ ਦਾ ਘਰ ਲੁੱਟ ਲਵੇ ਅਤੇ
ਘਰ ਲੁੱਟ ਕੇ ਪਿਤਰਾਂ ਨਮਿਤ ਦੇ ਦੇਵੇ।

**ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥**

ਤਾਂ ਲੁੱਟੇ ਗਏ ਘਰਵਾਲੇ ਦੇ ਪਿਤਰ ਵੀ ਪਰਲੋਕ ਵਿੱਚ ਹੀ ਹੁੰਦੇ ਹਨ
ਉਹ ਵਸਤੂ ਅੱਗੇ ਪਛਾਣੀ ਜਾਵੇਗੀ ਅਤੇ ਪਿਤਰ ਚੋਰ ਬਣ ਜਾਣਗੇ।

**ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥**

ਇਨਸਾਫ਼ ਦੀ ਕਿਰਿਆ ਤਾਂ ਇਹ ਹੋਵੇਗੀ ਕਿ ਸਰਾਧ ਕਰਾਉਣ ਵਾਲੇ ਦਲਾਲ ਪੰਡਿਤ ਦੇ ਹੱਥ ਵੀ ਵੱਢੇ ਜਾਣ।

**ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਅੱਗੇ ਉਹੀ ਮਿਲਦਾ ਜੋ ਆਦਮੀ ਕਮਾਈ ਕਰਕੇ ਦਿੰਦਾ ਹੈ।

**ਮਃ ੧ ॥**

**ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥**

ਜਿਸ ਤਰ੍ਹਾਂ ਔਰਤ ਨੂੰ ਹਰ ਮਹੀਨੇ ਮਾਸਕ ਧਰਮ ਆਉਂਦਾ ਹੈ।

**ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥**

ਇਸੇ ਤਰ੍ਹਾਂ ਹੀ ਹਮੇਸ਼ਾਂ ਹੀ ਝੂਠੇ ਮਨੁੱਖ ਦੇ ਮੂੰਹੋਂ ਝੂਠ ਹੀ ਨਿਕਲਦਾ ਹੈ, ਜਿਸ ਕਰਕੇ ਉਹ ਖੁਆਰ ਹੁੰਦਾ ਹੈ।

**ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥**

ਰੋਜ਼ ਇਸ਼ਨਾਨ ਕਰਨ ਵਾਲਿਆਂ ਨੂੰ ਸੁੱਚਾ ਨਹੀਂ ਕਿਹਾ ਜਾ ਸਕਦਾ।

**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੁੱਚੇ ਉਹੋ ਹੀ ਹਨ
ਜਿਨ੍ਹਾਂ ਦੇ ਮਨ ਵਿੱਚ ਪ੍ਰਭੂ ਵਸਿਆ ਹੈ।

**ਪਉੜੀ ॥**

**ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥**

ਜਿਨ੍ਹਾਂ ਕੋਲ ਹਵਾ ਦੀ ਰਫ਼ਤਾਰ ਨਾਲ ਚੱਲਣ ਵਾਲੇ ਸੁੰਦਰ ਕਾਠੀਆਂ ਜੜੇ ਘੋੜੇ
ਅਤੇ ਹਰ ਤਰ੍ਹਾਂ ਨਾਲ ਸਜਾਏ ਹੋਏ ਸੁੰਦਰ ਨਿਵਾਸ ਸਥਾਨ ਹਨ।

**ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥**

ਜੋ ਮਨੁੱਖ ਮਹਿਲ ਮਾੜੀਆਂ ਦਾ ਖਲਾਰਾ ਪਾ ਕੇ ਬੈਠੇ ਹਨ।

**ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ ॥**

ਮਨ ਭਾਉਂਦੀਆਂ ਰੰਗ ਰਲੀਆਂ ਮਾਣਦੇ ਹਨ, ਪਰ ਹਰੀ ਨੂੰ ਨਾ-ਪਛਾਣਨ ਕਾਰਨ
ਜੀਵਨ ਦੀ ਬਾਜ਼ੀ ਹਾਰ ਜਾਂਦੇ ਹਨ।

**ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥**

ਹੁਕਮ ਹਾਸਿਲ ਹੋਣ ਕਰਕੇ ਮਨ ਭਾਉਂਦਾ ਖਾਂਦੇ ਹਨ ਅਤੇ ਮਕਾਨਾਂ ਦੀਆਂ
ਗਿਣਤੀਆਂ ਵਿੱਚ ਮਰਨਾ ਭੁਲਾਈ ਬੈਠੇ ਹਨ।

**ਜਰੁ ਆਈ ਜੋਬਨਿ ਹਾਰਿਆ ॥੧੨॥**

ਉਹਨਾਂ ਦਾ ਜੋਬਨ ਬੁਢੇਪੇ ਅੱਗੇ ਹਾਰ ਜਾਵੇਗਾ।

**ਸਲੋਕੁ ਮਃ ੧ ॥**

**ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥**

ਜੇ ਪੈਦਾਇਸ਼ ਨੂੰ ਛੂਤ ਮੰਨ ਲਈਏ ਤਾਂ ਪੈਦਾਇਸ਼ ਦੀ ਛੂਤ ਤਾਂ ਹਰ ਥਾਂ ਹੈ।

**ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥**

ਗੋਹੇ ਅਤੇ ਲੱਕੜੀਆਂ ਵਿੱਚ ਵੀ ਕੀੜਾ ਪੈਦਾ ਹੁੰਦਾ ਅਤੇ ਮਰਦਾ ਹੈ।

**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥**

ਅੰਨ ਦੇ ਜਿੰਨੇ ਵੀ ਦਾਣੇ ਹਨ, ਜੀਵ ਤੋਂ ਬਿਨਾਂ ਕੋਈ ਵੀ ਨਹੀਂ।

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥**

ਜੀਵਨ ਦਾ ਮੂਲ ਤਾਂ ਪਾਣੀ ਹੈ, ਸਭ ਕਾਸੇ ਨੂੰ ਹਰਿਆ ਭਰਿਆ ਰੱਖਦਾ ਹੈ।

**ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥**

ਪੈਦਾਇਸ਼ ਦੀ ਛੂਤ ਨੂੰ ਕਿਸ ਤਰ੍ਹਾਂ ਰੋਕਿਆ ਜਾ ਸਕਦਾ ਹੈ? ਇਹ ਸੂਤਕ ਤਾਂ
ਅੰਨ, ਗੋਹੇ ਅਤੇ ਲੱਕੜੀ ਦੇ ਨਾਲ ਰਸੋਈ ਵਿੱਚ ਮੌਜੂਦ ਰਹਿੰਦਾ ਹੈ।

**ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੂਤਕ ਇਸ ਤਰ੍ਹਾਂ ਕਰਨ ਤੋਂ ਨਹੀਂ ਉਤਰਦਾ, ਇਹ ਗਿਆਨ ਦੇ ਧੋਤਿਆਂ ਹੀ ਲਹਿੰਦਾ ਹੈ।

**ਮਃ ੧ ॥**

**ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥**

ਮਨ ਦੀ ਅਪਵਿੱਤਰਤਾ ਲੋਭ ਹੈ, ਜੀਭ ਦੀ ਅਪਵਿੱਤਰਤਾ ਝੂਠ ਹੈ।

**ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥**

ਅੱਖਾਂ ਦੀ ਅਪਵਿੱਤਰਤਾ ਪਰ ਇਸਤਰੀ ਦਾ ਰੂਪ ਅਤੇ ਪਰਾਏ ਧਨ ਨੂੰ ਵੇਖਣਾ ਹੈ।

**ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥**

ਕੰਨਾਂ ਦੀ ਅਪਵਿੱਤਰਤਾ ਕੰਨਾਂ ਨਾਲ ਚੁਗਲੀਆਂ ਸੁਣਨਾ ਹੈ।

**ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੰਸਾਂ ਜਿਹੇ ਆਦਮੀ ਇਨ੍ਹਾਂ ਅਪਵਿੱਤਰਤਾਈਆਂ ਕਰਕੇ ਬੱਧੇ ਹੋਏ ਜਮਪੁਰੀ ਨੂੰ ਜਾਂਦੇ ਹਨ।

**ਮਃ ੧ ॥**

**ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥**

ਸਾਰੀਆਂ ਅਪਵਿੱਤਰਤਾਵਾਂ ਭਰਮ ਹਨ ਕਿ ਉਹ ਇੱਕ ਮਨੁੱਖ ਤੋਂ ਦੂਜੇ ਨੂੰ ਲੱਗ ਜਾਣਗੀਆਂ।

**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥**

ਜੰਮਣਾ ਅਤੇ ਮਰਨਾ ਪਰਮੇਸ਼ਰ ਦਾ ਹੁਕਮ ਹੈ, ਉਸ ਦੀ ਰਜ਼ਾ ਵਿੱਚ ਹੀ ਜੀਵ ਆਉਂਦਾ ਜਾਂਦਾ ਹੈ।

**ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥**

ਜੋ ਉਸ ਪਰਮੇਸ਼ਰ ਨੇ ਆਪਣੇ ਹੁਕਮ ਨਾਲ ਰਿਜ਼ਕ ਪੁਚਾ ਦਿੱਤਾ ਹੈ, ਉਹ ਸਭ ਖਾਣਾ ਪੀਣਾ ਪਵਿੱਤਰ ਹੀ ਹੈ।

**ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਗੁਰਮੁਖਾਂ ਨੇ ਇਹ ਗੱਲ ਸਮਝ ਲਈ ਉਹਨਾਂ ਨੂੰ ਸੂਤਕ ਨਹੀਂ ਪੋਂਹਦਾ।

**ਪਉੜੀ ॥**

**ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥**

ਵੱਡੀ ਵਡਿਆਈ ਵਾਲੇ ਸਤਿਗੁਰੂ ਦੇ ਵੱਡੇ ਗੁਣਾਂ ਨੂੰ ਬਹੁਤਾ ਕਰਕੇ ਗਾ।

**ਸਹਿ ਮੇਲੇ ਤਾ ਨਦਰੀ ਆਈਆ ॥**

ਜੇ ਮਾਲਕ ਨੇ ਗੁਰੂ ਨਾਲ ਮੇਲ ਦਿੱਤਾ ਹੈ, ਤਾਂ ਹੀ ਉਸਦੀਆਂ ਵੱਡੀਆਂ ਵਡਿਆਈਆਂ ਦਾ ਪਤਾ ਲੱਗਾ ਹੈ।

**ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥**

ਉਸਦੀ ਰਜ਼ਾ ਕਰਕੇ ਮਨੁੱਖ ਵੀ ਉਨ੍ਹਾਂ ਵੱਡੇ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ।

**ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥**

ਪਰਮੇਸ਼ਰ ਦੇ ਹੁਕਮ ਨਾਲ ਗੁਰੂ ਨੇ ਮੱਥੇ 'ਤੇ ਹੱਥ ਰੱਖ ਕੇ ਸਾਡੇ ਵਿੱਚੋਂ ਬੁਰਿਆਈਆਂ ਮਾਰ ਕੇ ਕੱਢ ਦਿੱਤੀਆਂ ਹਨ।

**ਸਹਿ ਤੁਠੈ ਨਉ ਨਿਧਿ ਪਾਈਆ ॥੧੮॥**

ਮਾਲਕ ਦੇ ਪ੍ਰਸੰਨ ਹੋਣ ਨਾਲ ਸਾਰੇ ਪਦਾਰਥ ਮਿਲ ਜਾਂਦੇ ਹਨ।

**ਸਲੋਕੁ ਮਃ ੧ ॥**

**ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥**

ਪਹਿਲਾਂ ਬ੍ਰਾਹਮਣ ਆਪ ਨ੍ਹਾਤਾ ਧੋਤਾ ਸੁੱਚਾ ਹੋਇਆ
ਅਤੇ ਫਿਰ ਸੁੱਚੇ ਚੌਂਕੇ ਵਿੱਚ ਆ ਬੈਠਾ।

**ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥**

ਉਸ ਬ੍ਰਾਹਮਣ ਅੱਗੇ ਉਹ ਅੰਨ ਲਿਆ ਰੱਖਿਆ,
ਜਿਸਨੂੰ ਕਿਸੇ ਨੇ ਛੋਹਿਆ ਨਹੀਂ ਸੀ।

**ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥**

ਸੁੱਚਾ ਹੋ ਕੇ ਉਸਨੇ ਭੋਜਨ ਖਾਧਾ ਅਤੇ ਫਿਰ ਉਹ ਸ਼ਲੋਕ(ਮੰਤਰ) ਪੜ੍ਹਨ ਲੱਗਾ।

**ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥**

ਇਸ ਸੁੱਚੇ ਭੋਜਨ ਨੂੰ ਅਪਵਿੱਤਰ ਮਨੁੱਖੀ ਸਰੀਰ ਵਿੱਚ ਪਚਾਉਣ ਦਾ ਦੋਸ਼ ਕਿਸ ਨੂੰ ਲੱਗੇਗਾ?

**ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥**

ਮਨੁੱਖ ਦੀ ਭੁੱਖ-ਤੇਹ ਮਿਟਾਉਣ ਵਾਲੇ ਅਨਾਜ, ਜਲ ਅਤੇ ਰਸੋਈ ਪਕਾਉਣ ਵਾਲੀ ਅਗਨੀ, ਇਹ ਦੇਵਤੇ ਹਨ, ਲੂਣ ਅਤੇ ਘਿਓ ਦੀ ਸਹਾਇਤਾ ਨਾਲ

**ਤਾ ਹੋਆ ਪਾਕੁ ਪਵਿਤੁ ॥**

ਭੋਜਨ ਪਾਕ-ਪਵਿੱਤਰ ਹੋ ਗਿਆ।

**ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥**

ਜਿਉਂ ਹੀ ਅਪਰਾਧਾਂ ਦੇ ਭਰੇ ਮਨੁੱਖੀ ਸਰੀਰ ਨਾਲ ਇਸ ਭੋਜਨ ਦਾ ਸੰਬੰਧ ਬਣਿਆ ਤਾਂ ਸਮਾਂ ਪਾ ਕੇ ਇਸੇ ਭੋਜਨ ਦਾ ਬਦਲਿਆ ਰੂਪ ਫਟਕਾਰਿਆ ਗਿਆ।

**ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥**

ਜਿਹੜੇ ਮੂੰਹ ਨਾਮ ਨਹੀਂ ਉਚਾਰਦੇ ਅਤੇ ਨਾਮ ਤੋਂ ਬਿਨਾਂ ਰਸੀਲੇ ਪਦਾਰਥ ਖਾਂਦੇ ਹਨ।

**ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਸਮਝੋ ਕਿ ਉਹਨਾਂ ਦੇ ਮੂੰਹਾਂ 'ਤੇ ਫਿਟਕਾਰਾਂ ਪੈਂਦੀਆਂ ਹਨ।

**ਮਃ ੧ ॥**

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥**

ਇਸਤਰੀ ਤੋਂ ਜੀਵ ਦਾ ਜਨਮ ਹੁੰਦਾ ਹੈ, ਇਸਤਰੀ ਦੇ ਪੇਟ ਵਿੱਚ ਹੀ ਜੀਵ ਦਾ ਸਰੀਰ ਬਣਦਾ ਹੈ ਅਤੇ ਇਸਤਰੀ ਰਾਹੀਂ ਹੀ ਕੁੜਮਾਈ ਤੇ ਫਿਰ ਵਿਆਹ ਹੁੰਦਾ ਹੈ।

**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**

ਇਸਤਰੀ ਰਾਹੀਂ ਹੀ ਸਾਕ-ਸਕੀਰੀਆਂ ਹਨ ਅਤੇ ਇਸਤਰੀ ਰਾਹੀਂ ਹੀ ਜਗਤ ਵਿੱਚ ਆਉਣਾ ਸੰਭਵ ਹੁੰਦਾ ਹੈ।

**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥**

ਜੇ ਇਸਤਰੀ ਮਰ ਜਾਵੇ ਤਾਂ ਮਨੁੱਖ ਹੋਰ ਇਸਤਰੀ ਦੀ ਭਾਲ ਕਰਦਾ ਹੈ, ਇਸਤਰੀ ਤੋਂ ਹੀ ਸੰਸਾਰਿਕ ਬੰਧਨ ਬੱਝਦੇ ਹਨ।

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**

ਉਸ ਨੂੰ ਮੰਦਾ ਕਹਿਣਾ ਠੀਕ ਨਹੀਂ, ਜਿਸ ਇਸਤਰੀ ਤੋਂ ਰਾਜੇ ਜਨਮ ਲੈਂਦੇ ਹੋਣ।

**ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥**

ਇਸਤਰੀ ਤੋਂ ਹੀ ਇਸਤਰੀ ਜਨਮਦੀ ਹੈ, ਇਸਤਰੀ ਤੋਂ ਬਿਨਾਂ ਕੋਈ ਵੀ ਪੈਦਾ ਨਹੀਂ ਹੋ ਸਕਦਾ।

**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇੱਕ ਸੱਚਾ ਪ੍ਰਭੂ ਹੀ ਸੁਤੰਤਰ ਹੈ।

**ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥**

ਉਹੀ ਮੁੱਖ ਕਰਮਾਂ ਵਾਲਾ ਅਤੇ ਸੁੰਦਰ ਹੈ, ਜੋ ਹਮੇਸ਼ਾ ਮਾਲਕ ਦਾ ਜੱਸ ਉਚਾਰਨ ਕਰਦਾ ਹੈ।

**ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਐਸੇ ਮੁੱਖ ਉਸ ਸੱਚੇ ਪ੍ਰਭੂ ਦੇ ਦਰਬਾਰ ਵਿੱਚ ਸੋਹਣੇ ਲੱਗਦੇ ਹਨ।

**ਪਉੜੀ ॥**

**ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥**

ਹਰ ਕੋਈ ਆਪਣੇ ਮੂੰਹ ਨਾਲ ਆਪਣੀ ਸਿਫਤ ਕਰਦਾ ਹੈ, ਜਿਹੜਾ ਅਜਿਹਾ ਨਹੀਂ ਕਰਦਾ, ਉਸ ਨੂੰ ਲੋਕ ਨਿਖੇੜ ਕੇ ਵੱਖ ਕਰਦੇ ਹਨ।

**ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥**

ਚੰਗੇ ਮਾੜੇ ਕੀਤੇ ਹੋਏ ਕੰਮਾਂ ਦਾ ਹਿਸਾਬ ਮਨੁੱਖ ਆਪ ਹੀ ਦਿੰਦੇ ਹਨ।

**ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥**

ਜਦੋਂ ਕਿ ਇਸ ਦੁਨੀਆਂ ਵਿੱਚ ਹੀ ਨਹੀਂ ਰਹਿਣਾ
ਤਾਂ ਹੰਕਾਰ ਕਿਸ ਵਾਸਤੇ ਕਰੀਏ?

**ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥**

ਵਿੱਦਿਆ ਪੜ੍ਹੀਦਾ ਤਾਂ ਫਾਇਦਾ ਹੈ,
ਜੇ ਅਸੀਂ ਦੂਜੇ ਲੋਕਾਂ ਨੂੰ ਮਾੜਾ ਨਾ ਆਖੀਏ।

**ਮੂਰਖੈ ਨਾਲਿ ਨ ਲੁਝੀਐ ॥੧੯॥**

ਬੇਅਕਲ ਨਾਲ ਉਲਝਣ ਦੀ ਕੋਈ ਲੋੜ ਨਹੀਂ।

**ਸਲੋਕੁ ਮਃ ੧ ॥**

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥**

ਸ੍ਰੀ ਗੁਰੁ ਜੀ ਕਹਿੰਦੇ ਹਨ ਕਿ ਮੰਦਾ ਬੋਲਣ ਤੋਂ ਤਨ-ਮਨ ਬੇਰਸ ਹੋ ਜਾਂਦਾ ਹੈ।

**ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥**

ਫਿੱਕੇਪਣ ਤੋਂ ਹੀ ਆਦਮੀ ਨੂੰ ਮੰਦਾ ਕਿਹਾ ਜਾਂਦਾ ਹੈ,
ਮੰਦੇ ਆਦਮੀ ਦੀ ਸ਼ੋਹਰਤ ਵੀ ਫਿੱਕੀ ਹੁੰਦੀ ਹੈ।

**ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥**

ਮਾੜਾ ਬੋਲਣ ਵਾਲਾ ਆਦਮੀ ਨਰਕ (ਜਮਪੁਰੀ) ਵਿੱਚ ਸੁੱਟਿਆ ਜਾਵੇਗਾ,
ਰੁੱਖਾ ਬੋਲਣ ਵਾਲੇ ਆਦਮੀ ਦੇ ਹੀ ਮੂੰਹ 'ਤੇ ਫਿਟਕਾਰਾਂ ਪੈਣਗੀਆਂ।

**ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥**

ਕੌੜਾ ਬੋਲਣ ਵਾਲਾ ਆਦਮੀ ਮੂਰਖ ਕਿਹਾ ਜਾਂਦਾ ਹੈ
ਅਤੇ ਉਸ ਨੂੰ ਜੁੱਤੀਆਂ ਦੀ ਸਜ਼ਾ ਮਿਲਦੀ ਹੈ।

**ਮਃ ੧ ॥**

**ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥**

ਖੋਟੇ ਹਿਰਦੇ ਵਾਲੇ ਲੋਕ ਬਾਹਰਲੇ ਵਿਖਾਵੇ ਕਰ ਇੱਜ਼ਤਦਾਰ ਬਣ ਕੇ ਦੁਨੀਆਂ ਵਿੱਚ ਫਿਰਦੇ ਹਨ।

**ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥**

ਇਸ ਤਰ੍ਹਾਂ ਦੇ ਲੋਕ ਅਠਾਹਠ ਤੀਰਥਾਂ ਦਾ ਇਸ਼ਨਾਨ ਵੀ ਕਰ ਆਉਣ ਤਾਂ ਵੀ ਖੋਟੇ ਹੀ ਰਹਿਣਗੇ।

**ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥**

ਜਿਨ੍ਹਾਂ ਦਾ ਹਿਰਦਾ ਰੇਸ਼ਮ ਵਾਂਗ ਕੋਮਲ ਹੈ ਅਤੇ ਬਾਹਰੋਂ ਭਾਵੇਂ ਗੁੱਦੜ ਪਹਿਨਿਆ ਹੋਇਆ ਹੈ, ਉਹ ਦੁਨੀਆਂ ਵਿੱਚ ਭਲੇ ਹਨ।

**ਤਿਨ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰਿ ॥**

ਉਹ ਰੱਬ ਦੇ ਪ੍ਰੇਮ ਵਿਚ ਜੁੜ ਕੇ ਦਰਸ਼ਨਾਂ ਦੀ ਵਿਚਾਰ ਵਿੱਚ ਲੱਗੇ ਹੋਏ ਹਨ।

**ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥**

ਪ੍ਰੇਮ ਦੀ ਇਸ ਮਸਤੀ ਵਿੱਚ ਕਦੀ ਰੋਂਦੇ ਹਨ, ਕਦੀ ਹੱਸਦੇ ਹਨ ਤੇ ਕਦੀ ਬਿਲਕੁਲ ਖਾਮੋਸ਼ ਹੋ ਜਾਂਦੇ ਹਨ।

**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥**

ਸੱਚੇ ਸੁਆਮੀ ਤੋਂ ਬਿਨਾਂ ਉਹ ਕਿਸੇ ਦੀ ਪਰਵਾਹ ਨਹੀਂ ਕਰਦੇ।

**ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ ॥**

ਜ਼ਿੰਦਗੀ ਦੇ ਰਸਤੇ 'ਤੇ ਚਲਦਿਆਂ ਪ੍ਰਭੂ ਦੀ ਰਜ਼ਾ ਵਿੱਚ ਲੋੜਾਂ ਦੀ ਪੂਰਤੀ ਕਰਦੇ ਹਨ।

**ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਾ ਮੇਲੁ ॥**

ਜੀਆਂ ਦੇ ਕਰਮਾਂ ਦਾ ਲੇਖਾ-ਜੋਖਾ ਕਰਨ ਵਾਲੀ ਇੱਕੋ ਕਲਮ ਅਤੇ ਅਦਾਲਤ ਉਸ ਸੱਚੇ ਪ੍ਰਭੂ ਦੀ ਹੈ, ਜਿਸ ਦੇ ਦਰਬਾਰ ਵਿੱਚ ਸਾਰੇ ਚੰਗੇ-ਮਾੜੇ ਕਰਮਾਂ ਵਾਲੇ ਇਕੱਠੇ ਹੋਣਗੇ।

**ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ਰ ਦੇ ਦਰਬਾਰ ਵਿਚ ਸਾਰਿਆਂ ਦਾ ਲੇਖਾ ਹੋਵੇਗਾ, ਮਾੜੇ ਕੰਮਾਂ ਵਾਲਿਆਂ ਨੂੰ ਕੋਹਲੂ ਵਿੱਚ ਤਿਲਾਂ ਦੇ ਪੀੜੇ ਜਾਣ ਜਿਹੇ ਕਸ਼ਟ ਮਿਲਣਗੇ।

**ਪਉੜੀ ॥**

**ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥**

ਹੇ ਪ੍ਰਭੂ! ਆਪ ਹੀ ਤੂੰ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤੇ ਆਪ ਹੀ ਇਸ ਨੂੰ ਚੱਲਣ ਦੀ ਤਾਕਤ ਦਿੱਤੀ ਹੈ।

**ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥**

ਮਾੜੇ-ਚੰਗੇ ਜੀਵ ਵੀ ਤੇਰੇ ਹੀ ਪੈਦਾ ਕੀਤੇ ਹਨ,

ਆਪ ਹੀ ਉਹਨਾਂ ਦੀ ਸੰਭਾਲ ਕਰ ਰਿਹਾ ਹੈਂ।

**ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥**

ਜੋ ਵੀ ਪੈਦਾ ਹੋਇਆ ਹੈ, ਉਹ ਸਭ ਕੋਈ ਮੌਤ ਦੀ ਵਾਰੀ ਨਾਲ ਚਲਾ ਜਾਵੇਗਾ।

**ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥**

ਜੀਵਨ ਅਤੇ ਸਾਹ ਜਿਸ ਮਾਲਕ ਦੇ ਦਿੱਤੇ ਹਨ,
ਉਸ ਨੂੰ ਕਦੇ ਮਨ ਤੋਂ ਭੁਲਾਣਾ ਨਹੀਂ ਚਾਹੀਦਾ।

**ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥**

ਕਾਰਜ ਆਪਣੇ ਹੱਥੀਂ ਕੀਤਿਆਂ ਹੀ ਸਫ਼ਲ ਹੁੰਦੇ ਹਨ।

**ਸਲੋਕੁ ਮਹਲਾ ੨ ॥**

**ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥**

ਸੱਚੇ ਪ੍ਰੇਮੀ ਇੱਕ ਤੋਂ ਬਿਨਾਂ ਦੂਜੇ ਨਾਲ ਨੇਹੁ ਨਹੀਂ ਲਾਉਂਦੇ।

**ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰੇਮੀ ਉਹਨੂੰ ਕਹੀਦਾ ਹੈ, ਜੋ ਹਮੇਸ਼ਾਂ ਆਪਣੇ ਪ੍ਰੀਤਮ ਦੀ ਯਾਦ ਵਿੱਚ ਡੁਬਿਆ ਰਹੇ।

**ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥**

ਜੋ ਪ੍ਰੇਮੀ ਆਪਣੇ ਪ੍ਰੀਤਮ ਦੇ ਚੰਗੇ ਕੰਮ ਨੂੰ ਚੰਗਾ ਅਤੇ ਮੰਦੇ ਨੂੰ ਮੰਦਾ ਆਖੇ।

**ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥੧॥**

ਉਹ ਆਸ਼ਕ ਨਹੀਂ ਕਿਹਾ ਜਾ ਸਕਦਾ,
ਜੋ ਇਸ ਹਿਸਾਬ-ਕਿਤਾਬ ਵਿੱਚ ਪੈਂਦਾ ਹੈ।

**ਮਹਲਾ ੨ ॥**

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥**

ਐਸਾ ਮਨੁੱਖ ਜੋ ਆਪਣੇ ਮਾਲਕ ਨੂੰ ਮੱਥਾ ਵੀ ਟੇਕਦਾ ਹੈ ਅਤੇ ਉਸ ਦੀ ਆਗਿਆ ਨਹੀਂ ਮੰਨਦਾ, ਉਹ ਮੂਲ ਰੂਪ ਵਿੱਚ ਖੁੰਝਿਆ ਹੋਇਆ ਹੈ।

**ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਕਦੇ ਮੱਥਾ ਟੇਕਣਾ ਤੇ ਕਦੇ ਇਤਰਾਜ਼ ਕਰਨਾ, ਇਹ ਦੋਵੇਂ ਗੱਲਾਂ ਝੂਠੀਆਂ ਹਨ, ਐਸੇ ਮਨੁੱਖ ਨੂੰ ਕੋਈ ਪ੍ਰਾਪਤੀ ਨਹੀਂ ਹੁੰਦੀ।

**ਪਉੜੀ ॥**

**ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ ॥**

ਜਿਸਦੀ ਸੇਵਾ ਕਰਨ ਤੋਂ ਸੁਖ ਹੀ ਮਿਲਦਾ ਹੋਵੇ, ਉਸ ਸੁਆਮੀ ਨੂੰ ਹਮੇਸ਼ਾਂ ਸਿਮਰਦੇ ਰਹਿਣਾ ਚਾਹੀਦਾ ਹੈ।

**ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥**

ਜਦੋਂ ਹਰ ਕੰਮ ਦਾ ਲੇਖਾ ਦੇਣਾ ਪੈਣਾ ਹੈ ਤਾਂ ਫਿਰ ਮਾੜੇ ਕੰਮ ਕਰਕੇ ਕਮਾਈ ਕਿਉਂ ਕੀਤੀ ਜਾਵੇ।

**ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥**

ਜੇ ਅਸੀਂ ਦੂਰ ਦੀ ਸੋਚਾਂਗੇ ਤਾਂ ਕਦੀ ਵੀ ਮਾੜਾ ਕੰਮ ਨਹੀਂ ਕਰਾਂਗੇ।

**ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥**

ਜਿਸ ਕੰਮ ਦੁਆਰਾ ਅਸੀਂ ਆਪਣੇ ਮਾਲਕ ਤੋਂ ਬੇਮੁੱਖ ਨਾ ਹੋਈਏ, ਉਹ ਕੰਮ ਹੀ ਸਾਨੂੰ ਕਰਨੇ ਚਾਹੀਦੇ ਹਨ।

**ਕਿਛੁ ਲਾਹੇ ਉਪਰਿ ਘਾਲੀਐ ॥੨੧॥**

ਜੀਵਨ ਦੀ ਸੌਦਾਗਰੀ ਵਿੱਚ ਮੁਨਾਫ਼ੇ ਵਾਲਾ ਸੌਦਾ ਕੀਤਾ ਜਾਵੇ।

**ਸਲੋਕੁ ਮਹਲਾ ੨ ॥**

**ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥**

ਜੇ ਸੇਵਕ ਸੇਵਾ ਵਿੱਚ ਲੱਗਾ ਹੋਇਆ ਵੀ ਹੰਕਾਰੀ ਹੋ ਝਗੜਾ ਕਰੇ।

**ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥**

ਬਹੁਤੀਆਂ ਗੱਲਾਂ ਸੁਣਾਏ ਤਾਂ ਉਹ ਮਾਲਕ ਦੀ ਖ਼ੁਸ਼ੀ ਨਹੀਂ ਪ੍ਰਾਪਤ ਕਰ ਸਕਦਾ।

**ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥**

ਜੇ ਸੇਵਕ ਹਉਮੈ ਤੋਂ ਮੁਕਤ ਹੋ ਕੇ ਸੇਵਾ ਕਰਦਾ ਹੋਵੇ ਤਾਂ ਹੀ ਮਾਲਕ ਤੋਂ ਵਡਿਆਈ ਪਾਉਂਦਾ ਹੈ।

**ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਸੇਵਕ ਦੀ ਸੇਵਾ ਸਫ਼ਲ ਹੈ, ਜਿਹੜਾ ਸੇਵਾ ਵਿਚ ਲੱਗਾ ਹੋਇਆ ਮਾਲਕ ਨਾਲ ਅਭੇਦ ਹੋ ਜਾਵੇ।

**ਮਹਲਾ ੨ ॥**

**ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥**

ਮਨੁੱਖ ਦੇ ਦਿਲ ਵਿੱਚ ਛਿਪੀ ਗੱਲ ਕਦੇ ਨਾ ਕਦੇ ਬਾਹਰ ਆ ਜਾਂਦੀ ਹੈ, ਉਸ ਦੁਆਰਾ ਕਈ ਹੋਰ ਗੱਲਾਂ ਵਿਅਰਥ ਹੋ ਜਾਂਦੀਆਂ ਹਨ।

**ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥੨॥**

ਜੇ ਕੋਈ ਹਿਰਦੇ ਤੋਂ ਤਾਂ ਜ਼ਹਿਰ ਬੀਜੇ,
ਪਰ ਮੰਗੇ ਅੰਮ੍ਰਿਤ ਤਾਂ ਇਹ ਕਿਸ ਤਰ੍ਹਾਂ ਦਾ ਨਿਆਂ ਹੈ?

**ਮਹਲਾ ੨ ॥**

**ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥**

ਅਨਜਾਣ ਨਾਲ ਮਿੱਤਰਤਾ ਕਦੇ ਵੀ ਨਹੀਂ ਨਿਭਦੀ।

**ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ ॥**

ਇਹ ਨਿਰਣਾ ਕਰਕੇ ਵੇਖਿਆ ਜਾ ਸਕਦਾ ਹੈ, ਅੰਞਾਣ ਆਪਣੀ ਸਮਝ ਮੁਤਾਬਿਕ ਵਰਤਦਾ ਹੈ।

**ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥**

ਇਸ ਸਰੀਰ ਵਿੱਚੋਂ ਵਿਸ਼ੇ-ਵਿਕਾਰਾਂ ਨੂੰ ਕੱਢ ਕੇ ਹਰੀ-ਨਾਮ ਟਿਕਾਇਆ ਜਾ ਸਕਦਾ ਹੈ।

**ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥**

ਮਾਲਕ ਅੱਗੇ ਹੁਕਮ ਨਹੀਂ ਚੱਲ ਸਕਦਾ, ਓਥੇ ਤਾਂ ਬੇਨਤੀ ਹੀ ਕਰਨੀ ਬਣਦੀ ਹੈ।

**ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਖੋਟੇ ਕੰਮਾਂ ਨਾਲ ਤਾਂ ਜੀਵ ਝੂਠਾ ਹੁੰਦਾ ਹੈ ਅਤੇ ਪ੍ਰਭੂ ਦੀ ਸਿਫ਼ਤ ਨਾਲ ਪ੍ਰਸੰਨਤਾ ਮਿਲਦੀ ਹੈ।

**ਮਹਲਾ ੨ ॥**

**ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥**

ਆਪਣੇ ਤੋਂ ਛੋਟੇ ਅਤੇ ਵੱਡੇ ਨਾਲ ਦੋਸਤੀ ਇਸ ਤਰ੍ਹਾਂ ਹੈ।

**ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥੪॥**

ਜਿਸ ਤਰ੍ਹਾਂ ਪਾਣੀ ਵਿੱਚ ਵਾਹੀ ਲੀਕ ਦਾ ਕੋਈ ਨਿਸ਼ਾਨ ਨਹੀਂ ਹੁੰਦਾ।

**ਮਹਲਾ ੨ ॥**

**ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ ॥**

ਅਨਜਾਣ ਜਾਂ ਮੂਰਖ  ਕੋਈ ਕੰਮ ਪੂਰਾ ਸਹੀ ਨਹੀਂ ਕਰ ਸਕਦਾ।

**ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ ॥੫॥**

ਜੇ ਅਚਾਨਕ ਕਿਸੇ ਕੰਮ ਵਿੱਚੋਂ ਇੱਕ ਅੱਧੀ ਗੱਲ ਚੰਗੀ ਕਰ ਵੀ ਲਵੇ ਤਾਂ ਉਹ ਦੂਜੀ ਬਣੀ ਹੋਈ ਚੀਜ਼ ਨੂੰ ਖਰਾਬ ਕਰ ਦੇਵੇਗਾ।

**ਪਉੜੀ ॥**

**ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥**

ਜਿਹੜਾ ਮਾਲਕ ਦਾ ਹੁਕਮ ਮੰਨਦਾ ਹੈ,
ਉਹੋ ਸੇਵਕ ਸੇਵਾ ਵਿੱਚ ਲੱਗ ਸਕਦਾ ਹੈ।

**ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ ॥**

ਉਸ ਸੇਵਕ ਨੂੰ ਵਡਿਆਈ ਵੀ ਬਹੁਤੀ ਮਿਲਦੀ ਹੈ
ਅਤੇ ਤਨਖਾਹ ਵੀ ਦੁੱਗਣੀ ਮਿਲਦੀ ਹੈ।

**ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥**

ਜੇ ਉਹ ਮਾਲਕ ਦੀ ਬਰਾਬਰੀ ਕਰਦਾ ਹੈ ਤਾਂ ਫਿਰ ਉਸਨੂੰ ਸ਼ਰਮਿੰਦਗੀ ਝੱਲਣੀ ਪੈਂਦੀ ਹੈ।

**ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥**

ਉਹ ਪਹਿਲੀ ਬਹੁਤੀ ਤਣਖਾਹ ਵੀ ਗੁਆ ਲੈਂਦਾ ਹੈ ਅਤੇ
ਮੂੰਹ ਉੱਤੇ ਜੁੱਤੀਆਂ ਖਾਂਦਾ ਹੈ।

**ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥**

ਜੀਵ ਜਿਸਦਾ ਦਿੱਤਾ ਖਾਂਦਾ ਹੈ,
ਉਸ ਨੂੰ ਉਸਦੀ ਵਡਿਆਈ ਕਰਨੀ ਚਹੀਦੀ ਹੈ।

**ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥੨੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮਾਲਕ ਨੂੰ ਹੁਕਮ ਨਹੀਂ ਕਰਨਾ ਬਣਦਾ, ਉਸ ਅੱਗੇ ਤਾਂ ਬੇਨਤੀ ਹੀ ਕਰਨੀ ਚਾਹੀਦੀ ਹੈ।

**ਸਲੋਕੁ ਮਹਲਾ ੨ ॥**

**ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥**

ਇਹ ਸਿੱਧੀ ਕਾਹਦੀ ਹੈ? ਜੋ ਆਪਣੇ ਆਪ ਦੇ ਜਪ ਤਪ ਨਾਲ ਪ੍ਰਾਪਤ ਕੀਤੀ ਜਾਵੇ।

**ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਬਖ਼ਸ਼ਿਸ਼ ਉਹ ਹੈ,
ਜੋ ਸਾਹਿਬ ਦੇ ਪ੍ਰਸੰਨ ਹੋਣ ਤੋਂ ਮਿਲੇ।

**ਮਹਲਾ ੨ ॥**

**ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥**

ਇਹ ਸੇਵਾਦਾਰੀ ਕਾਹਦੀ ਹੈ? ਜਿਸਤੋਂ ਮਾਲਕ ਦਾ ਡਰ ਹੀ ਨਾ ਜਾਵੇ।

**ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੇਵਕ ਉਹ ਪ੍ਰਵਾਨ ਹੈ,
ਜੋ ਮਨ 'ਚੋਂ ਡਰ ਖ਼ਤਮ ਕਰਕੇ ਮਾਲਕ ਨਾਲ ਇਕਮਿਕ ਹੋ ਜਾਵੇ।

**ਪਉੜੀ ॥**

**ਨਾਨਕ ਅੰਤ ਨ ਜਾਪਨੀ ਹਰਿ ਤਾ ਕੇ ਪਾਰਾਵਾਰ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ ਦੇ ਪਾਰਲੇ-ਉਰਾਰਲੇ ਬੰਨਿਆਂ ਦਾ ਅੰਤ ਨਹੀਂ ਪਾਇਆ ਜਾ ਸਕਦਾ।

**ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ ॥**

ਉਹ ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ,
ਫੇਰ ਆਪ ਹੀ ਉਨ੍ਹਾਂ ਨੂੰ ਖ਼ਤਮ ਕਰਦਾ ਹੈ।

**ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥**

ਕਈਆਂ ਦਿਆਂ ਗਲਾਂ 'ਚ ਸੰਗਲੀਆਂ ਹਨ ਭਾਵ ਕੈਦੀ ਹਨ ਤੇ ਕਈਆਂ ਦੀ ਸਵਾਰੀ ਲਈ ਬਹੁਤ ਸਾਰੇ ਘੋੜੇ ਹਨ।

**ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥**
ਸਾਰੇ ਖੇਡ-ਤਮਾਸ਼ੇ ਪ੍ਰਭੂ ਆਪ ਹੀ ਕਰ ਰਿਹਾ ਹੈ, ਮੈਂ ਕਿਸ ਕੋਲ ਪੁਕਾਰ ਕਰਾਂ?
**ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥੨੩॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਨੇ ਰਚਨਾ ਰਚੀ ਹੈ, ਫੇਰ ਸੰਭਾਲ ਵੀ ਉਹੀ ਕਰਦਾ ਹੈ।

**ਸਲੋਕੁ ਮਃ ੧ ॥**
**ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥**
ਪਰਮੇਸ਼ਰ ਨੇ ਆਪ ਹੀ ਸਰੀਰ ਰੂਪੀ ਬਰਤਨ ਬਣਾਏ ਹਨ ਅਤੇ ਆਪ ਹੀ ਉਨ੍ਹਾਂ ਦੀ ਉਪਜੀਵਕਾ ਚਲਾਉਂਦਾ ਹੈ।
**ਇਕਨ੍ਹੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨ੍ਹਿ ਚੜੇ ॥**
ਕਈਆਂ ਵਿੱਚ ਸ਼ੁਭ ਗੁਣ ਰੂਪੀ ਦੁੱਧ ਸਮਾ ਜਾਂਦਾ ਹੈ ਅਤੇ ਕਈ ਚੁੱਲ੍ਹੇ 'ਤੇ ਚੜੇ ਰਹਿੰਦੇ ਹਨ ਭਾਵ ਕਾਮ ਕ੍ਰੋਧ ਵਿੱਚ ਸੜਦੇ ਰਹਿੰਦੇ ਹਨ।
**ਇਕਿ ਨਿਹਾਲੀ ਪੈ ਸਵਨ੍ਹਿ ਇਕਿ ਉਪਰਿ ਰਹਨਿ ਖੜੇ ॥**
ਕਈ ਤੁਲਾਈਆਂ ਉੱਤੇ ਸੌਂਦੇ ਹਨ ਅਤੇ ਕਈ ਉਨ੍ਹਾਂ ਦੇ ਉੱਪਰ ਖਲੋ ਚਾਕਰੀ ਕਰਦੇ ਹਨ।
**ਤਿਨ੍ਹਾ ਸਵਾਰੇ ਨਾਨਕਾ ਜਿਨ੍ਹ ਕਉ ਨਦਰਿ ਕਰੇ ॥੧॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ਰ ਉਨ੍ਹਾਂ ਦਾ ਜੀਵਨ ਸਵਾਰਦਾ ਹੈ, ਜਿਨ੍ਹਾਂ ਉੱਤੇ ਉਸਦੀ ਮਿਹਰ ਦੀ ਨਿਗ੍ਹਾ ਹੁੰਦੀ ਹੈ।
**ਮਹਲਾ ੨ ॥**
**ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥**
ਪਰਮੇਸ਼ਰ ਸ੍ਰਿਸ਼ਟੀ ਦੀ ਆਪ ਹੀ ਰਚਨਾ ਕਰਦਾ ਹੈ ਅਤੇ ਆਪ ਹੀ ਸੰਭਾਲ ਕਰਦਾ ਹੈ।
**ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥**
ਉਸ ਵਿੱਚ ਜੀਵਾਂ ਨੂੰ ਪੈਦਾ ਕਰਕੇ, ਉਨ੍ਹਾਂ ਨੂੰ ਆਪ ਹੀ ਥਾਪਦਾ ਅਤੇ ਆਪ ਹੀ ਢਾਹੁੰਦਾ ਹੈ।
**ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥੨॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਕਿਸੇ ਹੋਰ ਨੂੰ ਕੀ ਕਹੀਏ? ਜਦੋਂ ਕਿ ਪਰਮੇਸ਼ਰ ਆਪ ਹੀ ਸਭ ਕੁਝ ਕਰ ਰਿਹਾ ਹੈ।
**ਪਉੜੀ ॥**
**ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥**
ਵੱਡੇ ਪਰਮੇਸ਼ਰ ਦੀਆਂ ਵੱਡੀਆਂ ਵਡਿਆਈਆਂ ਬਾਰੇ ਕੁਝ ਵੀ ਕਿਹਾ ਨਹੀਂ ਜਾ ਸਕਦਾ।

**ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥**

ਉਹ ਕਰਤਾ ਪੁਰਖ, ਕੁਦਰਤ ਦਾ ਮਾਲਕ ਹੈ ਅਤੇ ਮਿਹਰਬਾਨ ਹੋ ਕੇ ਜੀਵਾਂ ਨੂੰ ਰਿਜ਼ਕ ਦਿੰਦਾ ਹੈ।

**ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥**

ਸਾਰੇ ਜੀਵ ਉਹੀ ਕਾਰ ਕਰਦੇ ਹਨ, ਜੋ ਉਸਨੇ ਧੁਰੋਂ ਲਿਖੀ ਹੈ।

**ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ
ਇੱਕ ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਦੂਜੀ ਥਾਂ ਨਹੀਂ ਹੈ।

**ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ**

ਪਰਮੇਸ਼ਰ ਉਹੀ ਕਰਦਾ ਹੈ, ਜੋ ਉਸਦੀ ਰਜ਼ਾ ਹੁੰਦੀ ਹੈ।

****

# ਅਕਾਲ ਉਸਤਤ

**ੴ**

**ਸਤਿਗੁਰ ਪ੍ਰਸਾਦਿ॥**

**ਉਤਾਰ ਖਾਸੇ ਦਸਖਤ ਕਾ ਪਾਤਿਸਾਹੀ ੧੦**

ਇਹ ਉਤਾਰਾ ਖਾਸ ਦਸਵੀਂ ਪਾਤਸ਼ਾਹੀ (ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ) ਦੇ ਦਸਤਖ਼ਤ ਦਾ ਹੈ।

**ਅਕਾਲ ਪੁਰਖ ਕੀ ਰੱਛਾ ਹਮ ਨੈ॥**
**ਸਰਬ ਲੋਹ ਦੀ ਰੱਛਿਆ ਹਮ ਨੈ॥**
**ਸਰਬ ਕਾਲ ਜੀ ਦੀ ਰੱਛਿਆ ਹਮ ਨੈ॥**
**ਸਰਬ ਲੋਹ ਜੀ ਦੀ ਸਦਾ ਰਛਿਆ ਹਮ ਨੈ॥**

ਅਕਾਲ ਪੁਰਖ, ਮਹਾਂਕਾਲ ਅਤੇ ਸਰਬ-ਸ਼ਕਤੀਵਾਨ ਪ੍ਰਭੂ ਸਦਾ ਹੀ ਮੇਰੀ ਰੱਖਿਆ ਕਰਨ ਵਾਲਾ ਹੈ।

**ਆਗੈ ਲਿਖਾਰੀ ਕੇ ਦਸਤਖਤ॥ ਤ੍ਵਪ੍ਰਸਾਦਿ॥ ਚਉਪਈ॥**

**ਪ੍ਰਣਵੋ ਆਦਿ ਏਕੰਕਾਰਾ॥**
**ਜਲਿ ਥਲਿ ਮਹੀਅਲਿ ਕੀਓ ਪਸਾਰਾ॥**

ਮੈਂ ਸਭ ਤੋਂ ਪਹਿਲਾਂ ਉਸ ਇਕ ਪ੍ਰਮੇਸ਼ਰ ਨੂੰ ਨਮਸਕਾਰ ਕਰਦਾ ਹਾਂ, ਜਿਸਨੇ ਪਾਣੀ, ਮਿੱਟੀ ਅਤੇ ਆਕਾਸ਼ ਬਣਾ ਕੇ ਇਹ ਸਾਰਾ ਫੈਲਾਉ ਕੀਤਾ ਹੈ।

**ਆਦਿ ਪੁਰਖੁ ਅਬਿਗਤ ਅਬਿਨਾਸੀ॥**
**ਲੋਕ ਚਤੁਰਦਸ ਜੋਤਿ ਪ੍ਰਕਾਸੀ ॥੧॥**

ਉਹ ਪ੍ਰਭੂ ਸ੍ਰਿਸ਼ਟੀ ਦੀ ਹੋਂਦ ਤੋਂ ਪਹਿਲਾਂ ਦਾ ਹੈ, ਨਾ ਜਾਣਿਆ ਜਾਣ ਵਾਲਾ, ਨਾਸ ਰਹਿਤ ਅਤੇ ਜਿਸਦੀ ਜੋਤ ਚੌਦਾਂ ਲੋਕਾਂ ਵਿੱਚ ਪ੍ਰਕਾਸ਼ਵਾਨ ਹੈ।

**ਹਸਤਿ ਕੀਟ ਕੇ ਬੀਚ ਸਮਾਨਾ॥**
**ਰਾਵ ਰੰਕ ਜਿਹ ਇਕਸਰ ਜਾਨਾ॥**

ਪ੍ਰਭੂ ਹਾਥੀ ਤੋਂ ਲੈ ਕੇ ਕੀੜੀ ਤੱਕ ਇੱਕ ਰਸ ਬਿਰਾਜਮਾਨ ਹੈ, ਜੋ ਗਰੀਬ ਅਤੇ ਅਮੀਰ ਨੂੰ ਇੱਕ ਸਮਾਨ ਜਾਣਦਾ ਹੈ।

**ਅਦ੍ਵੈ ਅਲਖ ਪੁਰਖੁ ਅਬਿਗਾਮੀ॥**
**ਸਭ ਘਟਿ ਘਟਿ ਕੇ ਅੰਤਰਜਾਮੀ ॥੨॥**

ਉਹ ਦਵੈਤ ਰਹਿਤ, ਅਦ੍ਰਿਸ਼, ਪੂਰਨ ਗਿਆਨਵਾਨ ਅਤੇ ਸਾਰਿਆਂ ਦੇ ਹਿਰਦੇ ਦੀ ਜਾਨਣ ਵਾਲਾ ਹੈ।

**ਅਲਖ ਰੂਪ ਅਛੈ ਅਨਭੇਖਾ॥**
**ਰਾਗ ਰੰਗ ਜਿਹ ਰੂਪ ਨ ਰੇਖਾ॥**

ਪ੍ਰਭੂ ਨਾ ਜਾਣਿਆ ਜਾਣ ਵਾਲਾ, ਅਮਰ ਅਤੇ ਭੇਖ ਰਹਿਤ ਹੈ, ਜੋ ਮੋਹ, ਰੂਪ, ਰੰਗ ਅਤੇ ਅਕਾਰ ਤੋਂ ਰਹਿਤ ਹੈ।

**ਬਰਨ ਚਿਹਨ ਸਬ ਹੂ ਤੇ ਨਿਆਰਾ॥**
**ਆਦਿ ਪੁਰਖੁ ਅਦ੍ਵੈ ਅਬਿਕਾਰਾ॥੩॥**

ਉਹ ਵਿਸ਼ੇਸ਼ ਵਰਨਾਂ (ਜਾਤੀ) ਅਤੇ ਚਿੰਨ੍ਹਾਂ ਤੋਂ ਨਿਆਰਾ ਹੈ, ਦਵੈਤ ਤੇ ਵਿਕਾਰਾਂ ਤੋਂ ਰਹਿਤ ਆਦਿ ਪੁਰਖ ਹੈ।

**ਬਰਨ ਚਿਹਨ ਜਿਹ ਜਾਤਿ ਨ ਪਾਤਾ॥**
**ਸਤ੍ਰੁ ਮਿਤ੍ਰ ਜਿਹ ਤਾਤ ਨ ਮਾਤਾ॥**

ਜਿਸਦਾ ਕੋਈ ਵਰਣ, ਚਿੰਨ੍ਹ, ਜਾਤ, ਬਰਾਦਰੀ, ਦੁਸ਼ਮਣ, ਮਿੱਤਰ ਅਤੇ ਮਾਂ-ਪਿਓ ਨਹੀਂ ਹੈ।

**ਸਭ ਤੇ ਦੂਰ ਸਭਨ ਤੇ ਨੇਰਾ॥**
**ਜਲ ਥਲ ਮਹੀਅਲ ਜਾਹਿ ਬਸੇਰਾ॥੪॥**

ਉਹ ਸਾਰਿਆਂ ਤੋਂ ਦੂਰ ਅਤੇ ਸਾਰਿਆਂ ਤੋਂ ਨਜ਼ਦੀਕ ਹੈ, ਜਿਸਦਾ ਧਰਤੀ, ਆਕਾਸ਼, ਪਤਾਲ ਆਦਿ ਸਭ ਥਾਂਈਂ ਨਿਵਾਸ ਹੈ।

**ਅਨਹਦ ਰੂਪ ਅਨਾਹਦ ਬਾਨੀ॥**
**ਚਰਨ ਸਰਨਿ ਜਿਹ ਬਸਤਿ ਭਵਾਨੀ॥**

ਉਹ ਅਪਾਰ ਰੂਪ ਅਤੇ ਇੱਕ ਰਸ ਬਾਣੀ ਵਾਲਾ ਹੈ, ਜਿਸਦੀ ਚਰਨ-ਸ਼ਰਨ ਵਿੱਚ ਸੰਸਾਰ ਨੂੰ ਪੈਦਾ ਕਰਨ ਵਾਲੀ ਸ਼ਕਤੀ ਨਿਵਾਸ ਰੱਖਦੀ ਹੈ।

**ਬ੍ਰਹਮਾ ਬਿਸਨ ਅੰਤੁ ਨਹੀ ਪਾਯੋ॥**
**ਨੇਤਿ ਨੇਤਿ ਮੁਖ ਚਾਰ ਬਤਾਯੋ ॥੫॥**

ਬ੍ਰਹਮਾ ਅਤੇ ਵਿਸ਼ਨੂੰ ਨੇ ਵੀ ਅੰਤ ਨਹੀਂ ਪਾਇਆ, ਉਹ ਉਸ ਨੂੰ ਆਪਣੇ ਮੂੰਹ ਨਾਲ ਬਿਅੰਤ ਬਿਅੰਤ ਹੀ ਆਖਦੇ ਹਨ।

**ਕੋਟਿ ਇੰਦ੍ਰ ਉਪਿੰਦ੍ਰ ਬਨਾਏ॥**
**ਬ੍ਰਹਮਾ ਰੁਦ੍ਰ ਉਪਾਇ ਖਪਾਏ॥**

ਪ੍ਰਭੂ ਕਰੋੜਾਂ ਇੰਦਰ, ਵਾਮਨ ਅਵਤਾਰ, ਬ੍ਰਹਮਾ ਅਤੇ ਸ਼ਿਵ ਕਈ ਵਾਰੀ ਪੈਦਾ ਕਰਕੇ ਖ਼ਤਮ ਕਰ ਦਿੰਦਾ ਹੈ।

**ਲੋਕ ਚਤੁਰਦਸ ਖੇਲ ਰਚਾਯੋ॥**
**ਬਹੁਰ ਆਪ ਹੀ ਬੀਚ ਮਿਲਾਯੋ॥੬॥**

ਪ੍ਰਭੂ ਨੇ ਕਈ ਵਾਰੀ ਸੰਸਾਰ ਦਾ ਖੇਲ ਬਣਾਇਆ ਅਤੇ ਮੁੜ ਆਪਣੇ ਵਿੱਚ ਹੀ ਲੀਨ ਕਰ ਲਿਆ।

**ਦਾਨਵ ਦੇਵ ਫਨਿੰਦ ਅਪਾਰਾ॥**
**ਗੰਧ੍ਰਬ ਜੱਛ ਰਚੇ ਸੁਭ ਚਾਰਾ॥**

ਪ੍ਰਭੂ ਨੇ ਅਣਗਿਣਤ ਦੈਂਤ, ਦੇਵਤੇ, ਸ਼ੇਸ਼ਨਾਗ, ਗੰਧ੍ਰਬ ਅਤੇ ਉੱਤਮ ਸੋਭਾ ਵਾਲੇ ਜੱਛ ਰਚੇ ਹਨ।

**ਭੂਤ ਭਵਿਖ ਭਵਾਨ ਕਹਾਨੀ॥**
**ਘਟ ਘਟ ਕੇ ਪਟ ਪਟ ਕੀ ਜਾਨੀ॥੭॥**

ਪ੍ਰਭੂ ਭੂਤ, ਭਵਿੱਖ ਤੇ ਵਰਤਮਾਨ ਦੀ ਸਾਰੀ ਕਹਾਣੀ ਅਤੇ ਹਰ ਹਿਰਦੇ ਦੀ ਜਾਨਣ ਵਾਲਾ ਹੈ।

**ਤਾਤ ਮਾਤ ਜਿਹ ਜਾਤਿ ਨ ਪਾਤਾ॥**
**ਏਕ ਰੰਗ ਕਾਹੂ ਨਹੀ ਰਾਤਾ॥**

ਜਿਸ ਦਾ ਕੋਈ ਮਾਂ, ਪਿਉ, ਜਾਤ ਅਤੇ ਬਰਾਦਰੀ ਨਹੀਂ ਹੈ, ਉਹ ਕਿਸੇ ਇਕ ਨਸਲ ਦਾ ਪੱਖੀ ਵੀ ਨਹੀਂ ਹੈ।

**ਸਰਬ ਜੋਤਿ ਕੇ ਬੀਚ ਸਮਾਨਾ॥**
**ਸਭਹੂੰ ਸਰਬ ਠੌਰ ਪਹਿਚਾਨਾ॥੮॥**

ਉਹ ਪ੍ਰਭੂ ਸਾਰੀ ਚੇਤਨਤਾ ਦੇ ਵਿੱਚ ਇਕ ਸਮਾਨ ਬਿਰਾਜਮਾਨ ਹੈ ਅਤੇ ਉਹ ਸਾਰਿਆਂ ਜੀਵਾਂ ਅਤੇ ਸਭ ਥਾਂਵਾਂ ਵਿੱਚ ਜਾਣਿਆ ਜਾਂਦਾ ਹੈ।

**ਕਾਲ ਰਹਿਤ ਅਨਕਾਲ ਸਰੂਪਾ॥**
**ਅਲਖ ਪੁਰਖੁ ਅਬਗਤ ਅਵਧੂਤਾ॥**

ਉਸਦਾ ਸਰੂਪ ਸਮੇਂ ਤੇ ਮੌਤ ਤੋਂ ਰਹਿਤ, ਨਾ ਜਾਣਿਆ ਜਾਣ ਵਾਲਾ, ਨਾ ਨਾਸ਼ ਹੋਣ ਵਾਲਾ ਅਤੇ ਮਾਇਆ ਰਹਿਤ ਪੁਰਸ਼ਾਰਥ ਵਾਲਾ ਹੈ।

**ਜਾਤਿ ਪਾਤਿ ਜਿਹ ਚਿਹਨ ਨ ਬਰਨਾ॥**
**ਅਬਿਗਤ ਦੇਵ ਅਛੈ ਅਨਭਰਮਾ॥੯॥**

ਜਿਸਦੀ ਕੋਈ ਜਾਤ, ਪਾਤ, ਨਿਸ਼ਾਨ ਅਤੇ ਰੰਗ ਨਹੀਂ ਹੈ, ਉਹ ਅਵਿਨਾਸ਼ੀ, ਭਰਮਾਂ ਤੋਂ ਰਹਿਤ, ਪ੍ਰਕਾਸ਼ ਸਰੂਪ ਹੈ, ਜਿਸ ਦੀ ਗਤੀ ਨੂੰ ਕੋਈ ਜਾਣ ਨਹੀਂ ਸਕਦਾ।

**ਸਭ ਕੋ ਕਾਲ ਸਭਨ ਕੋ ਕਰਤਾ॥**
**ਰੋਗ ਸੋਗ ਦੋਖਨ ਕੋ ਹਰਤਾ॥**

ਉਹ ਸਾਰਿਆਂ ਨੂੰ ਪੈਦਾ ਕਰਨ ਤੇ ਮਾਰਨ ਵਾਲਾ, ਰੋਗਾਂ, ਗ਼ਮਾਂ ਅਤੇ ਕਲੰਕਾਂ ਨੂੰ ਨਾਸ ਕਰਨ ਵਾਲਾ ਹੈ।

**ਏਕ ਚਿਤ ਜਿਹ ਇਕ ਛਿਨ ਧਿਆਇਓ॥**
**ਕਾਲ ਫਾਸ ਕੇ ਬੀਚ ਨ ਆਇਓ॥੧੦॥**

ਜਿਸਨੇ ਵੀ ਉਸ ਨੂੰ ਇਕਾਗਰ ਮਨ ਨਾਲ ਇੱਕ ਪਲ ਮਾਤਰ ਵੀ ਸਿਮਰਿਆ ਹੈ, ਉਹ ਕਾਲ ਦੀ ਫਾਹੀ ਵਿੱਚ ਨਹੀਂ ਆਇਆ।

**ਤ੍ਵਪ੍ਰਸਾਦਿ॥ ਕਬਿੱਤ ॥**

**ਕਤਹੂੰ ਸੁਚੇਤ ਹੁਇ ਕੈ ਚੇਤਨਾ ਕੋ ਚਾਰੁ ਕੀਓ**
**ਕਤਹੂੰ ਅਚਿੰਤ ਹੁਇ ਕੈ ਸੋਵਤ ਅਚੇਤ ਹੋ॥**

ਹੇ ਪ੍ਰਭੂ! ਤੁਸੀਂ ਕਿਤੇ ਤਾਂ ਸੁਚੇਤ ਹੋ ਕੇ ਚੇਤਨਤਾ ਨੂੰ ਸੁੰਦਰ ਬਣਾਉਂਦੇ ਹੋ ਅਤੇ ਕਿਤੇ ਬੇਫ਼ਿਕਰ ਹੋ ਕੇ ਘੂਕ ਸੌਂਦੇ ਹੋ।

**ਕਤਹੂੰ ਭਿਖਾਰੀ ਹੁਇ ਕੈ ਮਾਗਤ ਫਿਰਤ ਭੀਖ**
**ਕਹੂੰ ਮਹਾ ਦਾਨਿ ਹੁਇ ਕੈ ਮਾਗਿਓ ਧਨ ਦੇਤ ਹੋ॥**

ਕਿਤੇ ਮੰਗਤਾ ਬਣ ਕੇ ਭਿੱਖਿਆ ਮੰਗਦੇ ਫਿਰਦੇ ਹੋ, ਕਿਤੇ ਮਹਾਂ ਦਾਨੀ ਹੋ ਕੇ ਮੂੰਹ ਮੰਗਿਆ ਧਨ ਦੇਂਦੇ ਹੋ।

**ਕਹੂੰ ਮਹਾ ਰਾਜਨ ਕੋ ਦੀਜਤ ਅਨੰਤ ਦਾਨ**
**ਕਹੂੰ ਮਹਾਰਾਜਨ ਤੇ ਛੀਨ ਛਿਤਿ ਲੇਤ ਹੋ॥**

ਕਿਤੇ ਮਹਾਰਾਜਿਆਂ ਨੂੰ ਵੀ ਬੇਅੰਤ ਦਾਨ ਦਿੰਦੇ ਹੋ, ਕਿਤੇ ਉਹਨਾਂ ਤੋਂ ਸਭ ਕੁਝ ਖੋਹ ਲੈਂਦੇ ਹੋ।

**ਕਹੂੰ ਬੇਦ ਰੀਤਿ ਕਹੂੰ ਤਾ ਸਿਉ ਬਿਪ੍ਰੀਤਿ**
**ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ ॥੧॥੧੧॥**

ਕਿਤੇ ਵੇਦ ਦੀ ਰੀਤੀ ਅਨੁਸਾਰ ਚੱਲਣ ਵਾਲੇ ਹੋ, ਕਿਤੇ ਉਸ ਤੋਂ ਉਲਟ ਹੋ, ਕਿਤੇ ਤਿੰਨਾਂ ਗੁਣਾਂ ਦੇ ਤਿਆਗੀ ਹੋ ਅਤੇ ਕਿਤੇ ਸ਼ੁੱਭ ਗੁਣਾਂ ਦੇ ਧਾਰਨੀ ਹੋ।

**ਕਹੂੰ ਜੱਛ ਗੰਧ੍ਰਬ ਉਰਗ ਕਹੂੰ ਬਿਦਜਾਧਰ**
**ਕਹੂੰ ਭਏ ਕਿੰਨਰ ਪਿਸਾਚ ਕਹੂੰ ਪ੍ਰੇਤ ਹੋ॥**

ਕਿਤੇ ਤੁਸੀਂ ਜੱਛ, ਗੰਧਰਵ, ਸੱਪ, ਵਿਦਿਆਧਰ (ਦੇਵਤਿਆਂ ਦੀ ਇੱਕ ਜਾਤੀ), ਕਿੰਨਰ, ਭੂਤ ਅਤੇ ਪ੍ਰੇਤ ਬਣੇ ਹੋਏ ਹੋ।

**ਕਹੂੰ ਹੁਇ ਕੈ ਹਿੰਦੂਆ ਗਾਇਤ੍ਰੀ ਕੋ ਗੁਪਤ ਜਪਿਓ**
**ਕਹੂੰ ਹੁਇ ਕੈ ਤੁਰਕਾ ਪੁਕਾਰੇ ਬਾਂਗ ਦੇਤ ਹੋ॥**

ਕਿਤੇ ਹਿੰਦੂ ਬਣ ਕੇ ਗਾਇਤ੍ਰੀ ਮੰਤ੍ਰ ਦਾ ਗੁਪਤ ਜਾਪ ਕਰਦੇ ਹੋ ਅਤੇ ਕਿਤੇ ਮੁਸਲਮਾਨ ਹੋ ਕੇ ਉੱਚੀ ਬਾਂਗ ਦੇਂਦੇ ਹੋ।

**ਕਹੂੰ ਕੋਕ ਕਾਬਿ ਹ੍ਵੈ ਪੁਰਾਨ ਕੋ ਪੜਤ ਮਤ**
**ਕਤਹੂੰ ਕੁਰਾਨ ਕੋ ਨਿਦਾਨ ਜਾਨ ਲੇਤ ਹੋ॥**

ਕਿਤੇ ਕੋਕ-ਸਾਸਤ੍ਰ, ਕਾਵਿ-ਸਾਸਤ੍ਰ ਅਤੇ ਪੁਰਾਣਾਂ ਦੇ ਸਿਧਾਂਤਾਂ ਨੂੰ ਪੜ੍ਹਦੇ ਹੋ ਅਤੇ ਕਿਤੇ ਕੁਰਾਨ ਸ਼ਰੀਫ ਦੇ ਸਿਧਾਂਤਾਂ ਨੂੰ ਸਮਝਣ ਵਾਲੇ ਹੋ।

**ਕਹੂੰ ਬੇਦ ਰੀਤਿ ਕਹੂੰ ਤਾ ਸਿਉ ਬਿਪ੍ਰੀਤਿ**
**ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ ॥੨॥੧੨॥**

ਕਿਤੇ ਵੇਦ ਰੀਤੀ ਅਨੁਸਾਰ ਹੋ, ਕਿਤੇ ਉਸ ਤੋਂ ਉਲਟ ਹੋ ਅਤੇ ਕਿਤੇ ਤਿੰਨਾਂ ਹੀ ਗੁਣਾਂ ਦੇ ਤਿਆਗੀ ਹੋ, ਕਿਤੇ ਸ਼ੁਭ ਗੁਣਾਂ ਦੇ ਧਾਰਨੀ ਹੋ।

**ਕਹੂੰ ਦੇਵਤਾਨ ਕੇ ਦਿਵਾਨ ਮੈ ਬਿਰਾਜਮਾਨ**
**ਕਹੂੰ ਦਾਨਵਾਨ ਕੋ ਗੁਮਾਨ ਮਤ ਦੇਤ ਹੋ॥**

ਕਿਤੇ ਦੇਵਤਿਆਂ ਦੀ ਸਭਾ ਵਿੱਚ ਬਿਰਾਜਮਾਨ ਹੋ ਅਤੇ ਕਿਤੇ ਦੈਂਤਾਂ ਨੂੰ ਹੰਕਾਰ ਵਾਲੀ ਮੱਤ ਦਿੰਦੇ ਹੋ।

**ਕਹੂੰ ਇੰਦ੍ਰ ਰਾਜਾ ਕੋ ਮਿਲਤ ਇੰਦ੍ਰ ਪਦਵੀ ਸੀ**
**ਕਹੂੰ ਇੰਦ੍ਰ ਪਦਵੀ ਛਪਾਇ ਛੀਨ ਲੇਤ ਹੋ॥**

ਕਿਤੇ ਇੰਦ੍ਰ ਰਾਜੇ ਨੂੰ ਇੰਦਰ ਪਦਵੀ ਦਿੰਦੇ ਹੋ ਅਤੇ ਕਿਤੇ ਇੰਦਰ ਦਾ ਰੁਤਬਾ ਵੀ ਖੋਹ ਲੈਂਦੇ ਹੋ।

**ਕਤਹੂੰ ਬਿਚਾਰ ਅਬਿਚਾਰ ਕੋ ਬਿਚਾਰਤ ਹੋ**
**ਕਹੂੰ ਨਿਜ ਨਾਰਿ ਪਰਨਾਰਿ ਕੇ ਨਿਕੇਤ ਹੋ॥**

ਕਿਤੇ ਚੰਗੇ ਵਿਚਾਰ ਅਤੇ ਬੁਰੇ ਵਿਚਾਰਾਂ ਨੂੰ ਸੋਚਦੇ ਹੋ, ਕਿਤੇ ਆਪਣੀ ਔਰਤ ਅਤੇ ਕਿਤੇ ਪਰਾਈ ਔਰਤ ਦੇ ਲਈ ਸੁਖਾਂ ਦੇ ਘਰ ਹੋ।

**ਕਹੂੰ ਬੇਦ ਰੀਤਿ ਕਹੂੰ ਤਾ ਸਿਉ ਬਿਪ੍ਰੀਤਿ**
**ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ ॥੩॥੧੩॥**

ਕਿਤੇ ਵੇਦ ਰੀਤੀ ਅਨੁਸਾਰ ਹੋ, ਕਿਤੇ ਉਸ ਤੋਂ ਉਲਟ ਹੋ ਅਤੇ ਕਿਤੇ ਤਿੰਨਾਂ ਗੁਣਾਂ ਦੇ ਤਿਆਗੀ ਹੋ, ਕਿਤੇ ਸ਼ੁਭ ਗੁਣਾਂ ਦੇ ਧਾਰਨੀ ਹੋ।

**ਕਹੂੰ ਸਸਤ੍ਰ ਧਾਰੀ ਕਹੂੰ ਬਿਦਿਆ ਕੇ ਬਿਚਾਰੀ**
**ਕਹੂੰ ਮਾਰੁਤ ਅਹਾਰੀ ਕਹੂੰ ਨਾਰ ਕੇ ਨਿਕੇਤ ਹੋ॥**

ਕਿਤੇ ਯੋਧਾ, ਕਿਤੇ ਵਿੱਦਿਆ ਦੇ ਵਿਚਾਰਨ ਵਾਲੇ, ਕਿਤੇ ਪਉਣਾਹਾਰੀ ਅਤੇ ਕਿਤੇ ਪਾਣੀ ਦੇ ਘਰ (ਸਮੁੰਦਰ) ਵਿੱਚ ਰਹਿਣ ਵਾਲੇ ਹੋ।

**ਕਹੂੰ ਦੇਵ ਬਾਨੀ ਕਹੂੰ ਸਾਰਦਾ ਭਵਾਨੀ**
**ਕਹੂੰ ਮੰਗਲਾ ਮ੍ਰਿੜਾਨੀ ਕਹੂੰ ਸਿਆਮ ਕਹੂੰ ਸੇਤ ਹੋ॥**

ਕਿਤੇ ਦੇਵਤਿਆਂ ਦੀ ਆਗੂ, ਕਿਤੇ ਸਰਸਵਤੀ, ਕਿਤੇ ਪਾਰਬਤੀ, ਕਿਤੇ ਮੰਗਲਾ ਦੇਵੀ, ਕਿਤੇ ਦੁਰਗਾ, ਕਿਤੇ ਕਾਲੇ ਅਤੇ ਕਿਤੇ ਸਫੈਦ ਰੰਗ ਵਾਲੇ ਹੋ।

**ਕਹੂੰ ਧਰਮ ਧਾਮੀ ਕਹੂੰ ਸਰਬ ਠੌਰ ਗਾਮੀ**
**ਕਹੂੰ ਜਤੀ ਕਹੂੰ ਕਾਮੀ ਕਹੂੰ ਦੇਤ ਕਹੂੰ ਲੇਤ ਹੋ॥**

ਕਿਤੇ ਧਰਮੀ ਹੋ ਕੇ ਇੱਕ ਥਾਂ ਟਿਕੇ ਹੋ, ਕਿਤੇ ਥਾਂ-ਥਾਂ 'ਤੇ ਭਟਕਣ ਵਾਲੇ ਹੋ, ਕਿਤੇ ਜਤੀ, ਕਿਤੇ ਕਾਮੀ ਹੋ ਅਤੇ ਕਿਤੇ ਦਾਨ ਦੇਂਦੇ ਤੇ ਲੈਂਦੇ ਹੋ।

**ਕਹੂੰ ਬੇਦ ਰੀਤਿ ਕਹੂੰ ਤਾ ਸਿਉ ਬਿਪ੍ਰੀਤਿ**
**ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥੪॥੧੪॥**

ਕਿਤੇ ਵੇਦ ਰੀਤੀ ਅਨੁਸਾਰ ਹੋ, ਕਿਤੇ ਉਸ ਤੋਂ ਉਲਟ ਹੋ ਅਤੇ ਕਿਤੇ ਤਿੰਨਾਂ ਹੀ ਗੁਣਾਂ ਦੇ ਤਿਆਗੀ ਹੋ, ਕਿਤੇ ਸ਼ੁੱਭ ਗੁਣਾਂ ਦੇ ਧਾਰਨੀ ਹੋ।

**ਕਹੂੰ ਜਟਾਧਾਰੀ ਕਹੂੰ ਕੰਠੀ ਧਰੇ ਬ੍ਰਹਮਚਾਰੀ**
**ਕਹੂੰ ਜੋਗ ਸਾਧੀ ਕਹੂੰ ਸਾਧਨਾ ਕਰਤ ਹੋ॥**

ਕਿਤੇ ਜਟਾਧਾਰੀ, ਮਾਲਾ ਵਾਲੇ, ਬ੍ਰਹਮਚਾਰੀ ਹੋ ਅਤੇ ਕਿਤੇ ਯੋਗ ਸਿੱਧ ਕਰ ਲਿਆ ਹੈ ਤੇ ਕਿਤੇ ਸਾਧਨਾ ਕਰ ਰਹੇ ਹੋ।

**ਕਹੂੰ ਕਾਨਫਾਰੇ ਕਹੂੰ ਡੰਡੀ ਹੁਇ ਪਧਾਰੇ**
**ਕਹੂੰ ਫੂਕ ਫੂਕ ਪਾਇਨ ਕਉ ਪ੍ਰਿਥੀ ਪੈ ਧਰਤ ਹੋ॥**

ਕਿਤੇ ਕੰਨ-ਪਾਟੇ ਯੋਗੀ, ਕਿਤੇ ਸੰਨਿਆਸੀ ਹੋ ਕੇ ਤੁਰੇ ਫਿਰਦੇ ਹੋ ਅਤੇ ਕਿਤੇ ਜੈਨੀਆਂ ਵਾਂਗੂੰ ਫੂਕ-ਫੂਕ ਕੇ ਪੈਰ ਰੱਖਦੇ ਹੋ।

**ਕਤਹੂੰ ਸਿਪਾਹੀ ਹ੍ਵੈ ਕੈ ਸਾਧਤ ਸਿਲਾਹਨ ਕੋ**
**ਕਹੂੰ ਛਤ੍ਰੀ ਹੁਇ ਕੈ ਅਰਿ ਮਾਰਤ ਮਰਤ ਹੋ॥**

ਕਿਤੇ ਸਿਪਾਹੀ ਹੋ ਕੇ ਹਥਿਆਰਾਂ ਨੂੰ ਚਲਾਉਣਾ ਸਿੱਖਦੇ ਹੋ ਅਤੇ ਕਿਤੇ ਛੱਤ੍ਰੀ ਬਣ ਕੇ ਵੈਰੀਆਂ ਨੂੰ ਮਾਰਦੇ ਅਤੇ ਮਰਦੇ ਹੋ।

**ਕਹੂੰ ਭੂਮਿ ਭਾਰ ਕੋ ਉਤਾਰਤ ਹੋ ਮਹਾਰਾਜ**
**ਕਹੂੰ ਭਵ ਭੂਤਨ ਕੀ ਭਾਵਨਾ ਭਰਤ ਹੋ॥੫॥੧੫॥**

ਹੇ ਮਹਾਰਾਜ! ਕਿਤੇ ਜ਼ਮੀਨ ਤੋਂ ਪਾਪਾਂ ਦਾ ਭਾਰ ਉਤਾਰਦੇ ਹੋ ਅਤੇ ਕਿਤੇ ਸੰਸਾਰੀ ਜੀਵਾਂ ਦੀ ਮਨੋ ਕਾਮਨਾ ਪੂਰਨ ਕਰਦੇ ਹੋ।

**ਕਹੂੰ ਗੀਤ ਨਾਦ ਕੇ ਨਿਦਾਨ ਕੋ ਬਤਾਵਤ ਹੋ**
**ਕਹੂੰ ਨ੍ਰਿਤਕਾਰੀ ਚਿਤ੍ਰਕਾਰੀ ਕੋ ਨਿਧਾਨ ਹੋ॥**

ਕਿਤੇ ਸੰਗੀਤ ਨੂੰ ਸਿਖਾਉਣ ਵਾਲੇ ਹੋ ਅਤੇ
ਕਿਤੇ ਨ੍ਰਿਤਕਾਰੀ ਤੇ ਚਿੱਤ੍ਰਕਾਰੀ ਦੇ ਭੰਡਾਰ ਹੋ।

**ਕਤਹੂੰ ਪਯੂਖ ਹੁਇ ਕੈ ਪੀਵਤ ਪਿਵਾਵਤ ਹੋ**
**ਕਤਹੂੰ ਮਯੂਖ ਊਖ ਕਹੂੰ ਮਦ ਪਾਨ ਹੋ॥**

ਕਿਤੇ ਅੰਮ੍ਰਿਤ ਬਣ ਕੇ ਪੀਂਦੇ ਤੇ ਪਿਲਾਉਂਦੇ ਹੋ ਅਤੇ ਕਿਤੇ ਸ਼ਹਿਦ, ਗੰਨੇ ਦਾ ਰਸ ਤੇ ਸ਼ਰਾਬ ਨੂੰ ਪੀਣ ਵਾਲੇ ਹੋ।

**ਕਹੂੰ ਮਹਾਸੂਰ ਹੁਇਕੈ ਮਾਰਤ ਮਵਾਸਨ ਕੋ**
**ਕਹੂੰ ਮਹਾਦੇਵ ਦੇਵਤਾਨ ਕੇ ਸਮਾਨ ਹੋ॥**

ਕਿਤੇ ਮਹਾਂ ਯੋਧੇ ਬਣ ਕੇ ਦੁਸ਼ਮਣਾਂ ਨੂੰ ਮਾਰਦੇ ਹੋ ਅਤੇ ਕਿਤੇ ਸ਼ਿਵਜੀ ਤੇ ਦੇਵਤਿਆਂ ਵਰਗੇ ਹੋ।

**ਕਹੂੰ ਮਹਾ ਦੀਨ ਕਹੂੰ ਦ੍ਰਬ ਕੇ ਅਧੀਨ**
**ਕਹੂੰ ਬਿਦਿਆ ਮੈ ਪ੍ਰਬੀਨ ਕਹੂੰ ਭੂਮਿ ਕਹੂੰ ਭਾਨ ਹੋ॥੬॥੧੬॥**

ਕਿਤੇ ਕੰਗਾਲ, ਕਿਤੇ ਪੈਸੇ ਦੇ ਅਧੀਨ, ਕਿਤੇ ਵਿੱਦਿਆ ਵਿੱਚ ਸਿਆਣੇ, ਕਿਤੇ ਜ਼ਮੀਨ ਵਾਂਗ ਧੀਰਜਵਾਨ ਅਤੇ ਸੂਰਜ ਵਾਂਗ ਤੇਜਮਈ ਹੋ।

**ਕਹੂੰ ਅਕਲੰਕ ਕਹੂੰ ਮਾਰਤ ਮਯੰਕ**
**ਕਹੂੰ ਪੂਰਨ ਪ੍ਰਜੰਕ ਕਹੂੰ ਸੁਧਤਾ ਕੀ ਸਾਰ ਹੋ॥**

ਕਿਤੇ ਕਲੰਕ ਤੋਂ ਬਿਨਾਂ, ਕਿਤੇ ਚੰਦਰਮਾ ਨੂੰ ਮਾਰਨ ਵਾਲੇ, ਕਿਤੇ ਇਸਤਰੀ ਦੀ ਸੇਜਾ ਵਾਲੇ ਅਤੇ ਕਿਤੇ ਪਵਿੱਤਰਤਾ ਦੀ ਸਾਰ ਹੋ।

**ਕਹੂੰ ਦੇਵ ਧਰਮ ਕਹੂੰ ਸਾਧਨਾ ਕੇ ਹਰਮ**
**ਕਹੂੰ ਕੁਤਸਿਤ ਕੁਕਰਮ ਕਹੂੰ ਧਰਮ ਕੇ ਪ੍ਰਕਾਰ ਹੋ॥**

ਕਿਤੇ ਦੇਵਤਿਆਂ ਦੇ ਧਰਮ, ਕਿਤੇ ਸਾਧਨਾ ਦੇ ਘਰ, ਕਿਤੇ ਨਿੰਦਿਤ ਕੁਕਰਮਾਂ ਵਾਲੇ ਅਤੇ ਕਿਤੇ ਕਈ ਢੰਗਾਂ ਨਾਲ ਧਰਮ ਦੀ ਪਾਲਣਾ ਕਰਦੇ ਹੋ।

**ਕਹੂੰ ਪਉਨਾਹਾਰੀ ਕਹੂੰ ਬਿਦਿਆ ਕੇ ਬਿਚਾਰੀ**
**ਕਹੂੰ ਜੋਗੀ ਜਤੀ ਬ੍ਰਹਮਚਾਰੀ ਨਰ ਕਹੂੰ ਨਾਰ ਹੋ॥**

ਕਿਤੇ ਪਉਣ ਅਹਾਰੀ, ਕਿਤੇ ਵਿੱਦਿਆ ਦੇ ਵਿਚਾਰਨ ਵਾਲੇ, ਕਿਤੇ ਯੋਗੀ, ਜਤੀ, ਬ੍ਰਹਮਚਾਰੀ, ਕਿਤੇ ਮਨੁੱਖ ਅਤੇ ਕਿਤੇ ਇਸਤਰੀ ਹੋ।

**ਕਹੂੰ ਛੱਤ੍ਰਧਾਰੀ ਕਹੂੰ ਛਾਲਾ ਧਰੇ ਛੈਲ ਭਾਰੀ**
**ਕਹੂੰ ਛਕਵਾਰੀ ਕਹੂੰ ਛਲ ਕੇ ਪ੍ਰਕਾਰ ਹੋ॥੭॥੧੭॥**

ਕਿਤੇ ਰਾਜਾ, ਕਿਤੇ ਤਿਆਗੀ, ਕਿਤੇ ਬਹੁਤ ਸੁੰਦਰ ਜਵਾਨ, ਕਮਜ਼ੋਰ ਅਤੇ ਕਿਤੇ ਛਲ ਦਾ ਸਰੂਪ ਹੋ।

**ਕਹੂੰ ਗੀਤ ਕੇ ਗਵੱਯਾ ਕਹੂੰ ਬੇਨੁ ਕੇ ਬਜੱਯਾ**
**ਕਹੂੰ ਨ੍ਰਿਤ ਕੇ ਨਚੱਯਾ ਕਹੂੰ ਨਰ ਕੋ ਅਕਾਰ ਹੋ॥**

ਕਿਤੇ ਗੀਤ ਗਾਉਣ ਵਾਲੇ, ਕਿਤੇ ਬੰਸਰੀ ਵਜਾਉਣ ਵਾਲੇ, ਕਿਤੇ ਨ੍ਰਿਤ ਕਰਨ ਵਾਲੇ ਅਤੇ ਕਿਤੇ ਮਨੁੱਖ ਦਾ ਸਰੂਪ ਹੋ।

**ਕਹੂੰ ਬੇਦ ਬਾਨੀ ਕਹੂੰ ਕੋਕ ਕੀ ਕਹਾਨੀ**
**ਕਹੂੰ ਰਾਜਾ ਕਹੂੰ ਰਾਨੀ ਕਹੂੰ ਨਾਰਿ ਕੇ ਪ੍ਰਕਾਰ ਹੋ॥**

ਕਿਤੇ ਵੇਦਾਂ ਦੀ ਬਾਣੀ, ਕਿਤੇ ਕਾਮ-ਸਾਸਤ੍ਰ ਦੀ ਕਥਾ, ਕਿਤੇ ਰਾਜਾ, ਕਿਤੇ ਰਾਣੀ ਅਤੇ ਕਿਤੇ ਵੱਖ-ਵੱਖ ਕਿਸਮ ਦੀਆਂ ਔਰਤਾਂ ਹੋ।

**ਕਹੂੰ ਬੇਨੁ ਕੇ ਬਜੱਯਾ ਕਹੂੰ ਧੇਨੁ ਕੇ ਚਰੱਯਾ**
**ਕਹੂੰ ਲਾਖਨ ਲਵੱਯਾ ਕਹੂੰ ਸੁੰਦਰ ਕੁਮਾਰ ਹੋ॥**

ਕਿਤੇ ਬੰਸਰੀ ਵਜਾਉਣ ਵਾਲੇ, ਕਿਤੇ ਗਊਆਂ ਚਾਰਨ ਵਾਲੇ, ਕਿਤੇ ਤੋਹਮਤਾਂ ਲਵਾਉਣ ਵਾਲੇ ਅਤੇ ਕਿਤੇ ਸੋਹਣੇ ਰਾਜਕੁਮਾਰ ਹੋ।

**ਸੁੱਧਤਾ ਕੀ ਸਾਨ ਹੋ ਕਿ ਸੰਤਨ ਕੇ ਪ੍ਰਾਨ ਹੋ**
**ਕਿ ਦਾਤਾ ਮਹਾਦਾਨ ਹੋ ਨ੍ਰਿਦੋਖੀ ਨਿਰੰਕਾਰ ਹੋ॥੮॥੧੮॥**
ਪਵਿੱਤਰਤਾ ਦੀ ਸ਼ਾਨ ਹੋ ਜਾਂ ਸੰਤਾਂ ਦੇ ਪ੍ਰਾਣ ਹੋ?
ਮਹਾਂ ਦਾਨੀ ਦਾਤੇ ਹੋ ਜਾਂ ਨਿਹਕਲੰਕ ਅਤੇ ਬ੍ਰਹਮ ਸਰੂਪ ਹੋ?
**ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ**
**ਕਿ ਭੂਪਨ ਕੇ ਭੂਪ ਹੋ ਕਿ ਦਾਤਾ ਮਹਾਦਾਨ ਹੋ॥**
ਰੋਗ ਅਤੇ ਰੂਪ ਤੋਂ ਰਹਿਤ ਹੋ ਜਾਂ ਸੁੰਦਰ ਸਰੂਪ ਵਾਲੇ ਹੋ?
ਰਾਜਿਆਂ ਦੇ ਰਾਜੇ ਹੋ ਜਾਂ ਮਹਾਂ ਦਾਨ ਦੇਣ ਵਾਲੇ ਦਾਤਾ ਹੋ?
**ਪ੍ਰਾਨ ਕੇ ਬਚੱਯਾ ਦੂਧ ਪੂਤ ਕੇ ਦਿਵੱਯਾ**
**ਰੋਗ ਸੋਗ ਕੇ ਮਿਟੱਯਾ ਕਿਧੌਂ ਮਾਨੀ ਮਹਾਮਾਨ ਹੋ॥**
ਪ੍ਰਾਣਾਂ ਨੂੰ ਬਚਾਉਣ ਵਾਲੇ ਹੋ ਜਾਂ ਦੁੱਧ-ਪੁੱਤ ਨੂੰ ਦੇਣ ਵਾਲੇ ਹੋ?
ਰੋਗ-ਸੋਗ ਨੂੰ ਮਿਟਾਉਣ ਵਾਲੇ ਹੋ ਜਾਂ ਮਹਾਂ ਹੰਕਾਰੀ ਹੋ?
**ਬਿਦਿਆ ਕੇ ਬਿਚਾਰ ਹੋ ਕਿ ਅਦ੍ਵੈ ਅਵਤਾਰ ਹੋ**
**ਕਿ ਸਿਧਤਾ ਕੀ ਸੂਰਤ ਹੋ ਕਿ ਸੁਧਤਾ ਕੀ ਸਾਨ ਹੋ॥**
ਵਿੱਦਿਆ ਦੇ ਵਿਚਾਰਨਵਾਨ ਹੋ ਜਾਂ ਦਵੈਤ ਰਹਿਤ ਅਵਤਾਰੀ ਪੁਰਖ ਹੋ?
ਮੁਕਤੀ ਦਾ ਸਰੂਪ ਹੋ ਜਾਂ ਪਵਿੱਤਰਤਾ ਦੀ ਸ਼ੋਭਾ ਹੋ?
**ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕੇ ਕਾਲ ਹੋ**
**ਕਿ ਸਤ੍ਰਨ ਕੇ ਸੂਲ ਹੋ ਕਿ ਮਿਤ੍ਰਨ ਕੇ ਪ੍ਰਾਨ ਹੋ॥੯॥੧੯॥**
ਜੁਆਨੀ ਦਾ ਭੰਡਾਰ ਹੋ ਜਾਂ ਸਮੇਂ ਦਾ ਵੀ ਕਾਲ ਰੂਪ ਹੋ? ਦੁਸ਼ਮਣਾਂ ਨੂੰ ਦੁੱਖ ਦੇਣ ਵਾਲੇ ਹੋ ਜਾਂ ਮਿੱਤਰਾਂ ਲਈ ਜੀਵਨ ਰੂਪ ਹੋ?
**ਕਹੂੰ ਬ੍ਰਹਮ ਬਾਦ ਕਹੂੰ ਬਿਦਿਆ ਕੋ ਬਿਖਾਦ**
**ਕਹੂੰ ਨਾਦ ਕੋ ਨਨਾਦ ਕਹੂੰ ਪੂਰਨ ਭਗਤ ਹੋ॥**
ਕਿਤੇ ਬ੍ਰਹਮ ਸੰਬੰਧੀ ਚਰਚਾ ਕਰਨ ਵਾਲੇ, ਵਿੱਦਿਆ ਸੰਬੰਧੀ ਵਾਦ-ਵਿਵਾਦ ਕਰਨ ਵਾਲੇ, ਸੰਗੀਤ ਦਾ ਧੁਨੀ ਸਰੂਪ ਅਤੇ ਕਿਤੇ ਪੂਰਨ ਭਗਤ ਹੋ।
**ਕਹੂੰ ਬੇਦ ਰੀਤਿ ਕਹੂੰ ਬਿਦਿਆ ਕੀ ਪ੍ਰਤੀਤਿ**
**ਕਹੂੰ ਨੀਤਿ ਔ ਅਨੀਤਿ ਕਹੂੰ ਜ੍ਵਾਲਾ ਸੀ ਜਗਤ ਹੋ॥**
ਕਿਤੇ ਵੇਦ ਮਰਿਆਦਾ ਵਾਲੇ, ਕਿਤੇ ਵਿੱਦਿਆ ਦੇ ਭਰੋਸੇ ਵਾਲੇ, ਕਿਤੇ ਨੀਤੀ ਅਤੇ ਅਨੀਤੀ, ਕਿਤੇ ਅੱਗ ਦੀ ਲਾਟ ਵਾਂਗ ਜਗਦੇ ਹੋ।
**ਪੂਰਨ ਪ੍ਰਤਾਪ ਕਹੂੰ ਇਕਾਂਤੀ ਕੋ ਜਾਪ**
**ਕਹੂੰ ਤਾਪ ਕੋ ਅਤਾਪ ਕਹੂੰ ਜੋਗ ਤੇ ਡਿਗਤ ਹੋ॥**
ਕਿਤੇ ਸੰਪੂਰਨ ਪ੍ਰਤਾਪ ਵਾਲੇ, ਇਕਾਂਤ ਜਾਪ ਕਰਨ ਵਾਲੇ, ਦੁੱਖ ਨੂੰ ਦੂਰ ਕਰਨ ਵਾਲੇ ਅਤੇ ਕਿਤੇ ਯੋਗ ਸਾਧਨਾ ਤੋਂ ਡੋਲਣ ਵਾਲੇ ਹੋ।

**ਕਹੂੰ ਬਰ ਦੇਤ ਕਹੂੰ ਛਲ ਸਿਉ ਛਿਨਾਇ ਲੇਤ**
**ਸਰਬ ਕਾਲ ਸਰਬ ਠੌਰ ਏਕ ਸੇ ਲਗਤ ਹੋ॥੧੦॥੨੦॥**

ਕਿਤੇ ਵਰ ਦੇਂਦੇ ਹੋ, ਕਿਤੇ ਛਲ ਨਾਲ ਖੋਹ ਲੈਂਦੇ ਹੋ, ਸਾਰਿਆਂ ਸਮਿਆਂ ਅਤੇ ਸਾਰੀਆਂ ਥਾਂਵਾਂ ਵਿੱਚ ਇੱਕੋ ਜਿਹੇ ਲੱਗਦੇ ਹੋ।

**ਤ੍ਵ ਪ੍ਰਸਾਦਿ॥ ਸਵਯੇ॥**

**ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖ ਫਿਰਿਓ ਘਰ ਜੋਗ ਜਤੀ ਕੇ॥**

ਮੈਂ ਪਵਿੱਤਰ ਰਹਿਣ ਵਾਲੇ ਸਰੇਵੜਿਆਂ (ਜੈਨੀ), ਸਿੱਧਾਂ, ਜੋਗੀਆਂ ਅਤੇ ਸੰਨਿਆਸੀਆਂ ਦੇ ਸਾਰੇ ਘਰ ਫਿਰ ਕੇ ਵੇਖ ਲਏ ਹਨ।

**ਸੂਰ ਸੁਰਾਰਦਨ ਸੁਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ॥**

ਯੋਧੇ, ਦੈਂਤ, ਪਵਿੱਤਰ ਦੇਵਤੇ, ਸਾਧੂ ਆਦਿਕ ਅਨੇਕ ਮੱਤਾਂ ਵਾਲੇ ਵੇਖੇ ਹਨ।

**ਸਾਰੇ ਹੀ ਦੇਸ ਕੋ ਦੇਖ ਰਹਿਓ ਮਤ ਕੋਊ ਨ ਦੇਖੀਯਤ ਪ੍ਰਾਨ ਪਤੀ ਕੇ॥**

ਸਾਰੇ ਸੰਸਾਰ ਦੇ ਮਜ਼ਹਬ ਵੀ ਵੇਖ ਚੁੱਕਾਂ ਹਾਂ, ਪਰ ਕੋਈ ਵੀ ਪਰਮੇਸਰ ਦਾ ਅਨੁਸਾਰੀ ਨਹੀਂ ਮਿਲਿਆ।

**ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ ਏਕ ਰਤੀ ਬਿਨ ਏਕ ਰਤੀ ਕੇ॥੧॥੨੧॥**

ਸ਼ੋਭਾਵਾਨ ਭਗਵਾਨ ਦੀ ਸ਼ਰਧਾ, ਮਿਹਰ ਅਤੇ ਪ੍ਰੇਮ ਤੋਂ ਬਿਨਾਂ ਇਹਨਾਂ ਦਾ ਥੋੜ੍ਹਾ ਜਿਹਾ ਵੀ ਮੁੱਲ ਨਹੀਂ।

**ਮਾਤੇ ਮਤੰਗ ਜਰੇ ਜਰ ਸੰਗਿ ਅਨੂਪ ਉਤੰਗ ਸੁਰੰਗ ਸਵਾਰੇ॥**

ਜਿਨ੍ਹਾਂ ਕੋਲ ਸੁਹਣੇ ਸ੍ਰੇਸ਼ਟ ਰੰਗ (ਸੰਧੂਰ ਆਦਿਕ) ਨਾਲ ਸਵਾਰੇ ਹੋਏ ਅਤੇ ਸੋਨੇ ਨਾਲ ਮੜ੍ਹੇ ਹੋਏ ਵੱਡੇ ਮਸਤ ਹਾਥੀ ਸਨ।

**ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ॥**

ਹਿਰਨਾਂ ਵਾਂਗ ਕੁੱਦਣ ਵਾਲੇ ਅਤੇ ਹਵਾ ਦੀ ਗਤੀ ਨੂੰ ਪਛਾੜਨ ਵਾਲੇ ਕਰੋੜਾਂ ਘੋੜੇ ਸਨ।

**ਭਾਰੀ ਭੁਜਾਨ ਕੇ ਭੂਪ ਭਲੀ ਬਿਧਿ**
**ਨਿਆਵਤ ਸੀਸ ਨ ਜਾਤ ਬਿਚਾਰੇ॥**

ਜਿਨ੍ਹਾਂ ਨੂੰ ਅਨਗਿਣਤ ਬਲਵਾਨ ਰਾਜੇ ਸਤਿਕਾਰ ਨਾਲ ਸਿਰ ਨਿਵਾਉਂਦੇ ਸਨ।

**ਏਤੇ ਭਏ ਤੋ ਕਹਾ ਭਏ ਭੂਪਤਿ ਅੰਤ ਕੋ ਨਾਗੇ ਹੀ ਪਾਇ ਪਧਾਰੇ॥੨॥੨੨॥**

ਜੇ ਏਡੇ ਵੱਡੇ ਚੱਕਰਵਰਤੀ ਰਾਜੇ ਵੀ ਸਨ ਤਾਂ ਕੀ ਹੋਇਆ?
ਅਖੀਰ ਨੂੰ ਤਾਂ ਨੰਗੇ ਪੈਰੀਂ ਹੀ ਗਏ।

**ਜੀਤ ਫਿਰੇ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ॥**

ਜਿਨ੍ਹਾਂ ਨੇ ਢੋਲ, ਮ੍ਰਿਦੰਗ ਅਤੇ ਨਗਾਰੇ ਵਜਾ ਕੇ ਸਾਰੇ ਦੇਸ਼ਾਂ ਅਤੇ ਦਿਸ਼ਾਵਾਂ ਨੂੰ ਜਿੱਤ ਲਿਆ।

**ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੀ ਹਯ ਰਾਜ ਹਜਾਰੇ॥**

ਉਹਨਾਂ ਦੇ ਬਹੁਤ ਸਾਰੇ ਹਾਥੀ ਗਰਜਦੇ ਸਨ ਅਤੇ ਹਜ਼ਾਰਾਂ ਹੀ ਮਹਾਨ ਘੋੜੇ ਹਿਣਕਦੇ ਸਨ।

**ਭੂਤ ਭਵਿਖ ਭਵਾਨ ਕੇ ਭੂਪਤਿ ਕਉਨ ਗਨੈ ਨਹੀ ਜਾਤ ਬਿਚਾਰੇ॥**

ਐਸੇ ਭੂਤ, ਭਵਿੱਖ ਅਤੇ ਵਰਤਮਾਨ ਵਿੱਚ ਅਨੇਕਾਂ ਰਾਜੇ ਹੋਏ ਹਨ, ਜਿਨ੍ਹਾਂ ਦੀ ਕੋਈ ਗਿਣਤੀ ਨਹੀਂ ਕੀਤੀ ਜਾ ਸਕਦੀ।

**ਸ੍ਰੀਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕਉ ਅੰਤਕੇ ਧਾਮ ਸਿਧਾਰੇ॥੩॥੨੩॥**

ਮਾਇਆਪਤੀ, ਸੁੰਦਰ ਭਗਵਾਨ ਨੂੰ ਸਿਮਰੇ ਤੋਂ ਬਿਨਾਂ ਸਾਰੇ ਅਖੀਰ ਨੂੰ ਜਮ-ਲੋਕ ਹੀ ਜਾਂਦੇ ਹਨ।

**ਤੀਰਥ ਨ੍ਹਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੈ॥**

ਤੀਰਥਾਂ ਦੇ ਇਸ਼ਨਾਨ, ਦਇਆ, ਇੰਦ੍ਰੀਆਂ ਦਾ ਦਮਨ, ਦਾਨ, ਸੰਜਮ ਅਤੇ ਅਨੇਕਾਂ ਖਾਸ ਨਿਯਮ ਕਰਨ ਵਾਲੇ।

**ਬੇਦ ਪੁਰਾਨ ਕਤੇਬ ਕੁਰਾਨ ਜਮੀਨ ਜਮਾਨ ਸਬਾਨ ਕੇ ਪੇਖੈ॥**

ਵੇਦ-ਪੁਰਾਣ, ਕਤੇਬ-ਕੁਰਾਨ ਆਦਿਕ ਧਰਤੀ ਅਤੇ ਅਸਮਾਨ ਦਾ ਸਮੁੱਚਾ ਫਲਸਫ਼ਾ ਜਾਨਣ ਵਾਲੇ।

**ਪਉਨ ਅਹਾਰ ਜਤੀ ਜਤ ਧਾਰ ਸਭੈ ਸੁ ਬਿਚਾਰ ਹਜਾਰਕ ਦੇਖੈ॥**

ਮੈਂ ਪਉਣਹਾਰੀ, ਸੰਨਿਆਸੀ ਅਤੇ ਕਈ ਹਜ਼ਾਰਾਂ ਵਿਚਾਰਕ ਵੇਖੇ ਹਨ।

**ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ॥੪॥੨੪॥**

ਸ੍ਰੀ ਭਗਵਾਨ ਦੇ ਸਿਮਰਨ ਅਤੇ ਪ੍ਰੇਮ ਤੋਂ ਬਿਨਾਂ ਉਪਰੋਕਤ ਸਾਰੇ ਅਤੇ ਵੱਡੇ ਰਾਜੇ ਕਿਸੇ ਲੇਖੇ ਵਿੱਚ ਨਹੀਂ ਆਉਂਦੇ।

**ਸੁਧ ਸਿਪਾਹ ਦੁਰੰਤ ਦੁਬਾਹ ਸੁ ਸਾਜ ਸਨਾਹ ਦੁਰਜਾਨ ਦਲੈਂਗੇ॥**

ਉੱਤਮ ਸੰਜੋਆਂ ਨੂੰ ਪਹਿਨ ਕੇ ਵੈਰੀਆਂ ਨੂੰ ਨਾਸ ਕਰਨ ਵਾਲੀ ਮਹਾਨ ਯੋਧਿਆਂ ਦੀ ਅਨੁਸ਼ਾਸ਼ਿਤ ਫੌਜ।

**ਭਾਰੀ ਗੁਮਾਨ ਭਰੇ ਮਨ ਮੈ ਕਰਿ ਪਰਬਤ ਪੰਖ ਹਲੈ ਨ ਹਲੈਂਗੇ॥**

ਉਹ ਯੋਧੇ ਐਸੇ ਗੁਮਾਨ ਨਾਲ ਭਰੇ ਹੋਣ ਕਿ ਅਸੀਂ ਆਪਣੇ ਤੀਰਾਂ ਨਾਲ ਨਾ ਹਿੱਲਣ ਵਾਲੇ ਪਹਾੜਾਂ ਨੂੰ ਪੰਛੀਆਂ ਵਾਂਗ ਉਡਾ ਦਿਆਂਗੇ।

**ਤੋਰ ਅਰੀਨ ਮਰੋਰ ਮਵਾਸਨ ਮਾਤੇ ਮਤੰਗਨ ਮਾਨ ਮਲੈਂਗੇ॥**

ਦੁਸ਼ਮਣਾਂ ਅਤੇ ਆਕੀਆਂ ਨੂੰ ਮਰੋੜ ਕੇ ਅਤੇ ਮਸਤ ਹਾਥੀਆਂ ਦੇ ਮਾਣ ਨੂੰ ਨਾਸ ਕਰਨ ਵਾਲੇ।

**ਸ੍ਰੀਪਤਿ ਸ੍ਰੀ ਭਗਵਾਨ ਕ੍ਰਿਪਾ ਬਿਨ ਤਿਆਗ ਜਹਾਨ ਨਿਦਾਨ ਚਲੈਂਗੇ॥੫॥੨੫॥**

ਐਸੇ ਸੂਰਮੇ ਮਾਇਆਪਤੀ ਸੁੰਦਰ ਭਗਵਾਨ ਦੀ ਮਿਹਰ ਤੋਂ ਬਿਨਾਂ ਖਾਲੀ ਹੀ ਸੰਸਾਰ ਨੂੰ ਛੱਡ ਕੇ ਜਾਣਗੇ।

**ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰ ਭਛੱਯਾ॥**

ਬੇਅੰਤ, ਬਲਵਾਨ, ਨਿਡਰ ਹੋ ਕੇ ਸ਼ਸ਼ਤ੍ਰਾਂ ਦੇ ਵਾਰ ਸਹਿਣ ਵਾਲੇ ਯੋਧੇ।

**ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲੱਯਾ॥**

ਜੋ ਦੇਸਾਂ ਦੀਆਂ ਸੀਮਾਵਾਂ ਨੂੰ ਤੋੜਦੇ, ਆਕੀਆਂ ਨੂੰ ਮਲ ਦੇਂਦੇ ਅਤੇ ਮਸਤ ਹਾਥੀਆਂ ਦੇ ਮਾਣ ਨੂੰ ਵੀ ਨਾਸ ਕਰਨ ਵਾਲੇ ਹਨ।

**ਗਾੜੇ ਗੜਾਨ ਕੇ ਤੋੜਨਹਾਰ ਸੁ ਬਾਤਨ ਹੀ ਚਕ ਚਾਰ ਲਵੱਯਾ॥**

ਜੋ ਮਹਾਨ ਕਿਲ੍ਹਿਆਂ ਨੂੰ ਤੋੜਨ ਵਾਲੇ ਹਨ ਅਤੇ ਉਨ੍ਹਾਂ ਅੱਗੇ ਗੱਲਾਂ-ਬਾਤਾਂ ਵਿੱਚ ਵੀ ਸਾਰਿਆਂ ਦੇਸ਼ਾਂ ਨੂੰ ਜਿੱਤ ਲੈਣਾ ਕੋਈ ਵੱਡੀ ਗੱਲ ਨਹੀਂ।

**ਸਾਹਿਬ ਸ੍ਰੀ ਸਭ ਕੋ ਸਿਰ ਨਾਇਕੁ ਜਾਚਿਕ ਅਨੇਕ ਸੁ ਏਕ ਦਿਵੱਯਾ॥੬॥੨੬॥**

ਏਹੋ ਜਿਹੇ ਤਾਂ ਅਨੇਕ ਹੀ ਮੰਗਤੇ ਹਨ, ਪਰ ਸਾਰਿਆਂ ਨੂੰ ਦੇਣ ਵਾਲਾ ਮਾਇਆਪਤੀ ਭਗਵਾਨ ਇੱਕੋ ਹੀ ਹੈ।

**ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿਖ ਭਵਾਨ ਜਪੈਂਗੇ॥**

ਦੈਂਤ, ਦੇਵਤੇ, ਸ਼ੇਸ਼ਨਾਗ, ਭੂਤ-ਪ੍ਰੇਤ ਆਦਿਕ ਤਿੰਨਾਂ ਕਾਲਾਂ ਵਿੱਚ ਪ੍ਰਭੂ ਦਾ ਨਾਮ ਜਪਦੇ ਹਨ।

**ਜੀਵ ਜਿਤੇ ਜਲ ਮੈ ਥਲ ਮੈ ਪਲ ਹੀ ਪਲ ਮੈ ਸਭ ਥਾਪ ਥਪੈਂਗੇ॥**

ਉਹ ਪ੍ਰਭੂ ਜਲਾਂ, ਥਲਾਂ ਵਿੱਚ ਜਿੰਨੇ ਜੀਵ ਹਨ, ਉਹਨਾਂ ਸਾਰਿਆਂ ਦੀ ਇੱਕ ਪਲ ਵਿੱਚ ਹੀ ਸਥਾਪਨਾ ਕਰਨ ਦੀ ਸਮਰੱਥਾ ਰੱਖਦਾ ਹੈ।

**ਪੁੰਨ ਪ੍ਰਤਾਪਨ ਬਾਢਤ ਜੈ ਧੁਨਿ ਪਾਪਨ ਕੇ ਬਹੁ ਪੁੰਜ ਖਪੈਂਗੇ॥**

ਪੁੰਨਾਂ ਦੇ ਪ੍ਰਤਾਪ ਨਾਲ ਜਿੱਤ ਦੀ ਧੁਨੀ ਵੱਧਦੀ ਹੈ ਅਤੇ ਪਾਪਾਂ ਦੇ ਸਮੂਹ ਖ਼ਤਮ ਹੋ ਜਾਂਦੇ ਹਨ।

**ਸਾਧ ਸਮੂਹ ਪ੍ਰਸੰਨ ਫਿਰੈਂ ਜਗ ਸਤ੍ਰੁ ਸਭੈ ਅਵਿਲੋਕ ਚਪੈਂਗੇ॥੭॥੨੭॥**

ਇਸ ਤਰ੍ਹਾਂ ਸੰਸਾਰ ਵਿੱਚ ਸਾਰੇ ਸਾਧੂ ਤਾਂ ਖੁਸ਼ ਹੋ ਕੇ ਵਿਚਰਦੇ ਹਨ ਅਤੇ ਉਹਨਾਂ ਨੂੰ ਵੇਖ ਕੇ ਉਹਨਾਂ ਦੇ ਵੈਰੀ ਦੁਖੀ ਹੁੰਦੇ ਹਨ।

**ਮਾਨਵ ਇੰਦ੍ਰ ਗਜਿੰਦ੍ਰ ਨਰਾਧਿਪ ਜੌਨ ਤ੍ਰਿਲੋਕ ਕੋ ਰਾਜ ਕਰੈਂਗੇ ॥**

ਮਨੁੱਖਾਂ ਅਤੇ ਹਾਥੀਆਂ ਦੇ ਮਾਲਿਕ, ਰਾਜੇ ਅਤੇ
ਜੋ ਤਿੰਨਾਂ ਲੋਕਾਂ 'ਤੇ ਰਾਜ ਕਰਦੇ ਹਨ।

**ਕੋਟ ਸਨਾਨ ਗਜਾਦਿਕ ਦਾਨ ਅਨੇਕ ਸੁਅੰਬਰ ਸਾਜ ਬਰੈਂਗੇ ॥**

ਕਰੋੜਾਂ ਤੀਰਥਾਂ 'ਤੇ ਇਸ਼ਨਾਨ ਕਰਨ ਵਾਲੇ, ਹਾਥੀ ਆਦਿਕਾਂ ਦਾ ਦਾਨ ਕਰਨ ਵਾਲੇ ਅਤੇ ਅਨੇਕਾਂ ਸਜੇ ਹੋਏ ਸੁਯੰਬਰਾਂ ਨੂੰ ਜਿੱਤਣ ਵਾਲੇ।

**ਬ੍ਰਹਮ ਮਹੇਸਰ ਬਿਸਨੁ ਸਚੀਪਤਿ ਅੰਤ ਫਸੇ ਜਮ ਫਾਸ ਪਰੈਂਗੇ ॥**

ਬ੍ਰਹਮਾ, ਸ਼ਿਵ, ਵਿਸ਼ਨੂੰ ਅਤੇ ਇੰਦ੍ਰ ਆਦਿਕ ਅੰਤ ਵੇਲੇ ਜਮ ਦੀ ਫਾਹੀ ਵਿੱਚ ਫਸਦੇ ਹਨ।

**ਜੇ ਨਰ ਸ੍ਰੀਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥੮॥੨੮॥**

ਪਰ ਜੋ ਮਨੁੱਖ ਮਾਇਆਪਤੀ ਪ੍ਰਭੂ ਦੇ ਚਰਨੀਂ ਲੱਗਦੇ ਹਨ, ਉਹ ਦੁਬਾਰਾ ਜਨਮ-ਮਰਨ ਦੇ ਗੇੜ ਵਿੱਚ ਨਹੀਂ ਪੈਂਦੇ।

**ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠ ਰਹਿਓ ਬਕ ਧਿਆਨ ਲਗਾਇਓ ॥**

ਕੀ ਹੋਇਆ ਜੇ ਕੋਈ ਦੋਵੇਂ ਅੱਖਾਂ ਬੰਦ ਕਰਕੇ ਬਗੁਲੇ ਵਾਂਗ
ਸਮਾਧੀ ਲਾ ਕੇ ਬੈਠ ਗਿਆ?

**ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ ਲੋਕ ਗਇਓ ਪਰਲੋਕ ਗਵਾਇਓ ॥**

ਉਸਨੇ ਸੱਤਾਂ ਸਮੁੰਦਰਾਂ ਵਿੱਚ ਨਹਾਉਂਦਿਆਂ ਇਹ ਲੋਕ ਤਾਂ ਗਵਾਇਆ ਹੀ ਅਤੇ ਪਰਲੋਕ ਵੀ ਗੁਆ ਲਿਆ।

**ਬਾਸੁ ਕੀਓ ਬਿਖਿਆਨ ਸੋ ਬੈਠ ਕੈ ਐਸੇ ਹੀ ਐਸ ਸੁ ਬੈਸ ਬਿਤਾਇਓ ॥**

ਜੇ ਉਸਨੇ ਸੰਨਿਆਸੀ ਬਣ ਕੇ ਸਾਰੀ ਉਮਰ ਜੰਗਲਾਂ ਵਿੱਚ ਬਤੀਤ ਕੀਤੀ।

**ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨਹੀ ਪ੍ਰਭੁ ਪਾਇਓ ॥੯॥੨੯॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਸੱਚ ਕਹਿੰਦਾ ਹਾਂ, ਸਾਰੇ ਧਿਆਨ ਨਾਲ ਸੁਣ ਲਵੋ ਕਿ ਜਿਸਨੇ ਪ੍ਰੇਮ ਕੀਤਾ ਹੈ, ਉਸਨੇ ਹੀ ਪ੍ਰਭੂ ਨੂੰ ਪਾਇਆ ਹੈ।

**ਕਾਹੂ ਲੈ ਪਾਹਨ ਪੂਜ ਧਰੋ ਸਿਰ ਕਾਹੂ ਲੈ ਲਿੰਗੁ ਗਰੇ ਲਟਕਾਇਓ ॥**

ਕੋਈ ਪੱਥਰ ਅੱਗੇ ਸਿਰ ਨਿਵਾ ਕੇ ਪੂਜਾ ਕਰਦਾ ਹੈ ਅਤੇ ਕਿਸੇ ਨੇ ਗਲ ਵਿੱਚ ਸ਼ਿਵਲਿੰਗ ਪਾਇਆ ਹੋਇਆ ਹੈ।

**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਇਓ॥**

ਕਿਸੇ ਨੇ ਪ੍ਰਭੂ ਨੂੰ ਪੂਰਬ ਦਿਸ਼ਾ ਵੱਲ ਜਾਣਿਆ ਹੈ ਅਤੇ ਕੋਈ ਉਸ ਨੂੰ ਪੱਛਮ ਦਿਸ਼ਾ ਵੱਲ ਜਾਣ ਕੇ ਸੀਸ ਨਿਵਾਉਂਦਾ ਹੈ।

**ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕਉ ਪੂਜਨ ਧਾਇਓ॥**

ਕੋਈ ਮੂਰਖ ਬੁੱਤਾਂ ਨੂੰ ਪੂਜਦਾ ਹੈ ਅਤੇ
ਕੋਈ ਮੜ੍ਹੀਆਂ ਨੂੰ ਪੂਜਣ ਵੱਲ ਦੌੜ ਰਿਹਾ ਹੈ।

**ਕੂਰ ਕ੍ਰਿਆ ਉਰਝਿਓ ਸਭ ਹੀ ਜਗੁ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥੧੦॥੩੦॥**

ਸਾਰਾ ਸੰਸਾਰ ਝੂਠੀ ਕਿਰਿਆ ਵਿੱਚ ਫਸਿਆ ਹੋਇਆ ਹੈ ਅਤੇ ਭਗਵਾਨ ਦਾ ਭੇਤ ਕਿਸੇ ਨੇ ਨਹੀਂ ਪਾਇਆ।

**ਤ੍ਵ ਪ੍ਰਸਾਦਿ॥ ਤੋਮਰ ਛੰਦ॥**

**ਹਰਿ ਜਨਮ ਮਰਨ ਬਿਹੀਨ॥**

**ਦਸ ਚਾਰ ਚਾਰ ਪ੍ਰਬੀਨ॥**

ਪ੍ਰਭੂ ਜਨਮ-ਮਰਨ ਤੋਂ ਰਹਿਤ ਅਤੇ ਅਠਾਰਾਂ ਵਿੱਦਿਆਵਾਂ ਵਿੱਚ ਨਿਪੁੰਨ ਹੈ।

**ਅਕਲੰਕ ਰੂਪ ਅਪਾਰ॥**

**ਅਨਛਿੱਜ ਤੇਜ ਉਦਾਰ॥੧॥੩੧॥**

ਕਲੰਕ ਤੋਂ ਬਿਨਾਂ ਬੇਅੰਤ ਰੂਪ ਪ੍ਰਭੂ, ਅਵਿਨਾਸ਼ੀ ਅਤੇ ਤੇਜੱਸਵੀ ਹੈ।

**ਅਨਭਿੱਜ ਰੂਪ ਦੁਰੰਤ॥**

**ਸਭ ਜਗਤ ਭਗਤ ਮਹੰਤ॥**

ਅਨੰਤ ਰੂਪ ਵਾਲਾ, ਨਿਰਲੇਪ ਅਤੇ ਸਾਰੇ ਸੰਸਾਰ ਦੇ ਭਗਤਾਂ ਦਾ ਸ਼੍ਰੋਮਣੀ ਹੈ।

**ਜਸ ਤਿਲਕ ਭੂ ਭ੍ਰਿਤ ਭਾਨੁ ॥**

**ਦਸ ਚਾਰ ਚਾਰ ਨਿਧਾਨ॥੨॥੩੧॥**

ਸ਼੍ਰੋਮਣੀ ਜੱਸ ਵਾਲਾ, ਧਰਤੀ ਤੇ ਸੂਰਜ ਦਾ ਆਸਰਾ ਅਤੇ ਅਠਾਰਾਂ ਸਿੱਧੀਆਂ ਦਾ ਭੰਡਾਰ ਹੈ।

**ਅਕਲੰਕ ਰੂਪ ਅਪਾਰ॥**

**ਸਭ ਲੋਕ ਸੋਕ ਬਿਦਾਰ॥**

ਬੇਅੰਤ ਸਰੂਪ ਵਾਲਾ ਪ੍ਰਭੂ ਕਲੰਕ ਤੋਂ ਰਹਿਤ ਅਤੇ ਸਾਰੇ ਲੋਕਾਂ ਦੇ ਗ਼ਮਾਂ ਦਾ ਨਾਸ ਕਰਨ ਵਾਲਾ ਹੈ।

**ਕਲਿ ਕਾਲ ਕਰਮ ਬਿਹੀਨ॥**
**ਸਭ ਕਰਮ ਧਰਮ ਪ੍ਰਬੀਨ॥੩॥੩੩॥**
ਉਹ ਕਲਿਜੁਗ ਦੇ ਕਰਮ-ਕਾਂਡਾਂ ਤੋਂ ਰਹਿਤ ਹੈ ਅਤੇ ਸਾਰੇ ਧਰਮਾਂ ਦੇ ਕਰਮਾਂ ਵਿੱਚ ਨਿਪੁੰਨ ਹੈ।

**ਅਨਖੰਡ ਅਤੁਲ ਪ੍ਰਤਾਪ॥**
**ਸਭ ਥਾਪਿਓ ਜਿਹ ਥਾਪ॥**
ਅਵਿਨਾਸੀ ਅਤੇ ਤੋਲ ਰਹਿਤ ਪ੍ਰਤਾਪ ਵਾਲਾ ਹੈ,
ਜਿਸਨੇ ਸਾਰਾ ਵਿਸ਼ਵ ਰਚਿਆ ਹੈ।

**ਅਨਖੇਦ ਭੇਦ ਅਛੇਦ॥**
**ਮੁਖਚਾਰ ਗਾਵਤ ਬੇਦ॥੪॥੩੪॥**
ਦੁੱਖ ਤੋਂ ਬਿਨਾਂ ਹੈ, ਜਿਸ ਦਾ ਭੇਤ ਪਾਇਆ ਨਹੀਂ ਜਾਂਦਾ,
ਉਸਦਾ ਜੱਸ ਬ੍ਰਹਮਾ ਵੇਦਾਂ ਵਿੱਚ ਗਾਉਂਦਾ ਹੈ।

**ਜਿਹ ਨੇਤਿ ਨਿਗਮ ਕਹੰਤ॥**
**ਮੁਖਚਾਰ ਬਕਤ ਬਿਅੰਤ॥**
ਜਿਸ ਨੂੰ ਵੇਦ ਵੀ ਬੇਅੰਤ ਕਹਿੰਦੇ ਹਨ ਅਤੇ ਬ੍ਰਹਮਾ ਵੀ ਬੇਅੰਤ ਕਹਿੰਦਾ ਹੈ।

**ਅਨਭਿੱਜ ਅਤੁਲ ਪ੍ਰਤਾਪ॥**
**ਅਨ ਖੰਡ ਅਮਿਤ ਅਥਾਪ॥੫॥੩੫॥**
ਉਹ ਨਿਰਲੇਪ, ਅਤੁਲ ਪ੍ਰਤਾਪ ਵਾਲਾ, ਸੰਪੂਰਨ ਬੇਅੰਤ ਅਤੇ
ਥਾਪਨਾ ਤੋਂ ਰਹਿਤ ਹੈ।

**ਜਿਹ ਕੀਨ ਜਗਤ ਪਸਾਰ॥**
**ਰਚਿਓ ਬਿਚਾਰ ਬਿਚਾਰ॥**
ਜਿਸ ਨੇ ਸੰਸਾਰ ਰੂਪ ਫੈਲਾਅ ਕੀਤਾ ਹੈ ਅਤੇ
ਸੰਸਾਰ ਨੂੰ ਸੋਚ-ਸੋਚ ਕੇ ਰਚਿਆ ਹੈ।

**ਅਨੰਤ ਰੂਪ ਅਖੰਡ॥**
**ਅਤੁਲ ਪ੍ਰਤਾਪ ਪ੍ਰਚੰਡ॥੬॥੩੬॥**
ਉਹ ਇਕ ਰਸ, ਬਿਅੰਤ ਰੂਪ ਵਾਲਾ, ਤੁਲਨਾ ਰਹਿਤ ਅਤੇ
ਤੇਜਮਈ ਪ੍ਰਭਾਵ ਵਾਲਾ ਹੈ।

**ਜਿਹ ਅੰਡ ਤੇ ਬ੍ਰਹਮੰਡ॥**
**ਕੀਨੇ ਸੁ ਚੌਦਹ ਖੰਡ॥**
ਜਿਸ ਨੇ ਆਂਡੇ ਤੋਂ ਬ੍ਰਹਿਮੰਡ ਰਚਿਆ ਹੈ ਅਤੇ ਚੌਦਾਂ ਲੋਕ ਬਣਾਏ ਹਨ।

**ਸਭ ਕੀਨ ਜਗਤ ਪਸਾਰ॥**

**ਅਬਿਯਕਤ ਰੂਪ ਉਦਾਰ॥੭॥੩੭॥**

ਉਸ ਨੇ ਸਾਰੇ ਸੰਸਾਰ ਦਾ ਫੈਲਾਅ ਕੀਤਾ ਹੈ ਅਤੇ
ਉਸਦਾ ਸ੍ਰੇਸ਼ਟ ਰੂਪ ਸਰੀਰ ਤੋਂ ਬਿਨਾਂ ਹੈ।

**ਜਿਹ ਕੋਟਿ ਇੰਦ੍ਰ ਨ੍ਰਿਪਾਰ॥**

**ਕਈ ਬ੍ਰਹਮ ਬਿਸਨ ਬਿਚਾਰ॥**

ਜਿਸ ਨੇ ਵਿਚਾਰ ਕੇ ਕਈ ਕਰੋੜਾਂ ਰਾਜੇ, ਇੰਦਰ, ਬ੍ਰਹਮਾ ਅਤੇ
ਵਿਸ਼ਨੂੰ ਬਣਾਏ ਹਨ।

**ਕਈ ਰਾਮ ਕ੍ਰਿਸਨ ਰਸੂਲ॥**

**ਬਿਨੁ ਭਗਤਿ ਕੋ ਨ ਕਬੂਲ॥੮॥੩੮॥**

ਭਾਵੇਂ ਕਈ ਰਾਮ, ਕ੍ਰਿਸ਼ਨ ਅਤੇ ਮੁਹੰਮਦ ਹਨ, ਪਰ ਭਗਤੀ ਤੋਂ ਬਿਨਾਂ ਕੋਈ ਵੀ
ਪ੍ਰਵਾਨ ਨਹੀਂ ਹੁੰਦਾ।

**ਕਈ ਸਿੰਧ ਬਿੰਧ ਨਗਿੰਦ੍ਰ॥**

**ਕਈ ਮੱਛ ਕੱਛ ਫਨਿੰਦ੍ਰ॥**

ਕਈ ਸਮੁੰਦਰ, ਵਿਧਿਆਂਚਲ ਪਹਾੜ, ਸੁਮੇਰ ਪਰਬਤ, ਮੱਛ, ਕੱਛ ਅਤੇ
ਸ਼ੇਸ਼ਨਾਗ।

**ਕਈ ਦੇਵ ਆਦਿ ਕੁਮਾਰ॥**

**ਕਈ ਕ੍ਰਿਸਨ ਬਿਸਨੁ ਅਵਤਾਰ॥੯॥੩੯॥**

ਕਈ ਅਸ਼ਵਨੀ ਕੁਮਾਰ ਆਦਿਕ ਦੇਵਤੇ ਅਤੇ ਕ੍ਰਿਸ਼ਨ ਵਰਗੇ ਵਿਸ਼ਨੂੰ ਦੇ
ਅਵਤਾਰ ਹਨ।

**ਕਈ ਇੰਦ੍ਰ ਬਾਰ ਬੁਹਾਰ॥**

**ਕਈ ਬੇਦ ਔ ਮੁਖਚਾਰ॥**

ਕਈ ਇੰਦਰ ਵਰਗੇ ਦਰਵਾਜ਼ੇ ’ਤੇ ਝਾੜੂ ਦੇਣ ਵਾਲੇ ਅਤੇ ਕਈ ਵੇਦ ਤੇ ਬ੍ਰਹਮੇ ਹਨ।

**ਕਈ ਰੁੱਦ੍ਰ ਛੁੱਦ੍ਰ ਸਰੂਪ॥**

**ਕਈ ਰਾਮ ਕ੍ਰਿਸਨ ਅਨੂਪ॥੧੦॥੪੦॥**

ਕਈ ਸ਼ਿਵ ਵਰਗੇ ਬੁਰੇ ਰੂਪ ਵਾਲੇ ਹਨ ਅਤੇ ਕਈ ਰਾਮ ਤੇ ਕ੍ਰਿਸ਼ਨ ਵਰਗੇ
ਸੁਹਣੇ ਰੂਪਾਂ ਵਾਲੇ ਹਨ।

**ਕਈ ਕੋਕ ਕਾਬਿ ਭਣੰਤ॥**

**ਕਈ ਬੇਦ ਭੇਦ ਕਹੰਤ॥**

ਕਈ ਕੋਕ-ਸਾਸਤ੍ਰ ਅਤੇ ਕਵਿਤਾ ਉਚਾਰਦੇ ਹਨ ਅਤੇ ਕਈ ਵੇਦਾਂ ਦਾ ਭੇਦ
ਕਹਿਣ ਵਾਲੇ ਹਨ।

**ਕਈ ਸਾਸਤ੍ਰ ਸਿੰਮ੍ਰਿਤਿ ਬਖਾਨ॥**
**ਕਹੂੰ ਕਥਤ ਹੀ ਸੁ ਪੁਰਾਨ॥੧੧॥੪੧॥**

ਕਈ ਸਾਸਤ੍ਰ ਅਤੇ ਸਿੰਮ੍ਰਿਤੀਆਂ ਦਾ ਵਖਿਆਨ ਕਰਦੇ ਹਨ ਅਤੇ ਕਈ ਨਿਰੋਲ ਪੁਰਾਣਾਂ ਦੀ ਕਥਾ ਕਰਦੇ ਹਨ।

**ਕਈ ਅਗਨਿ ਹੋਤ੍ਰ ਕਰੰਤ॥**
**ਕਈ ਉਰਧ ਤਾਪ ਦੁਰੰਤ॥**

ਕਈ ਹੋਮ-ਯੱਗ ਕਰਦੇ ਹਨ ਅਤੇ ਕਈ ਉਲਟਾ ਲਟਕ ਕੇ ਤਪ ਕਰਦੇ ਹਨ।

**ਕਈ ਉਰਧ ਬਾਹੁ ਸੰਨਿਆਸ॥**
**ਕਹੂੰ ਜੋਗ ਭੇਸ ਉਦਾਸ॥੧੨॥੪੨॥**

ਕਈ ਸੰਨਿਆਸੀ ਉੱਚੀਆਂ ਬਾਹਾਂ ਕਰਕੇ ਤਪ ਕਰਦੇ ਹਨ ਅਤੇ ਕਈ ਯੋਗ ਭੇਸ ਵਾਲੇ ਅਤੇ ਉਦਾਸੀ ਭੇਸ ਵਾਲੇ ਹਨ।

**ਕਹੂੰ ਨਿਵਲੀ ਕਰਮ ਕਰੰਤ॥**
**ਕਹੂੰ ਪਉਨ ਅਹਾਰ ਦੁਰੰਤ॥**

ਕਈ ਨਿਵਲੀ-ਕਰਮ ਕਰਦੇ ਹਨ ਅਤੇ ਕਈ ਕਠਿਨ ਵਰਤ ਰੱਖਦੇ ਹਨ।

**ਕਹੂੰ ਤੀਰਥ ਦਾਨ ਅਪਾਰ॥**
**ਕਹੂੰ ਜਗ ਕਰਮ ਉਦਾਰ॥੧੩॥੪੩॥**

ਕਈ ਬੇਅੰਤ ਤੀਰਥਾਂ 'ਤੇ ਦਾਨ ਕਰਦੇ ਹਨ
ਅਤੇ ਕਈ ਸੰਸਾਰੀ ਵੱਡੇ ਕਰਮ ਕਰਦੇ ਹਨ।

**ਕਹੂੰ ਅਗਨਿਹੋਤ੍ਰ ਅਨੂਪ॥**
**ਕਹੂੰ ਨਿਆਇ ਰਾਜ ਬਿਭੂਤਿ॥**

ਕਈ ਸ੍ਰੇਸ਼ਟ ਯੱਗ ਕਰਦੇ ਹਨ ਅਤੇ ਕਿਤੇ ਰਾਜ ਦੀ ਸੰਪਤੀ ਹੀ ਨਿਆਂ ਹੈ।

**ਕਹੂੰ ਸਾਸਤ੍ਰ ਸਿੰਮ੍ਰਿਤਿ ਰੀਤਿ॥**
**ਕਹੂੰ ਬੇਦ ਸਿਉ ਬਿਪ੍ਰੀਤਿ॥੧੪॥੪੪॥**

ਕਈ ਸਾਸਤ੍ਰਾਂ ਅਤੇ ਸਿਮ੍ਰਿਤੀਆਂ ਦੀ ਮਰਿਆਦਾ ਧਾਰਨ ਕਰਦੇ ਹਨ, ਕਈ ਵੇਦਾਂ ਤੋਂ ਉਲਟ ਚੱਲਦੇ ਹਨ।

**ਕਈ ਦੇਸ ਦੇਸ ਫਿਰੰਤ॥**
**ਕਈ ਏਕ ਠੌਰ ਇਸਥੰਤ॥**

ਕਈ ਦੇਸਾਂ ਪ੍ਰਦੇਸਾਂ ਵਿੱਚ ਫਿਰਦੇ ਹਨ ਅਤੇ
ਕਈ ਇੱਕ ਥਾਂ ਹੀ ਬੈਠੇ ਰਹਿੰਦੇ ਹਨ।

**ਕਹੂੰ ਕਰਤ ਜਲ ਮਹਿ ਜਾਪ॥**
**ਕਹੂੰ ਸਹਤ ਤਨ ਪਰ ਤਾਪ॥੧੫॥ ੪੫॥**

ਕਈ ਪਾਣੀ ਵਿੱਚ ਖਲੋ ਕੇ ਜਾਪ ਕਰਦੇ ਹਨ ਅਤੇ
ਕਈ ਸਰੀਰ 'ਤੇ ਦੁੱਖ ਸਹਾਰਦੇ ਹਨ।

**ਕਹੂੰ ਬਾਸ ਬਨਹਿ ਕਰੰਤ॥**
**ਕਹੂੰ ਤਾਪ ਤਨਹਿ ਸਹੰਤ॥**

ਕਈ ਜੰਗਲਾਂ ਵਿੱਚ ਨਿਵਾਸ ਕਰਦੇ ਹਨ ਅਤੇ
ਕਈ ਸਰੀਰ 'ਤੇ ਦੁੱਖ ਸਹਾਰਦੇ ਹਨ।

**ਕਹੂੰ ਗ੍ਰਿਹਸਤ ਧਰਮ ਅਪਾਰ॥**
**ਕਹੂੰ ਰਾਜ ਰੀਤਿ ਉਦਾਰ॥੧੬॥੪੬॥**

ਕਈਆਂ ਲਈ ਗ੍ਰਿਹਸਥ ਧਰਮ ਹੀ ਵੱਡਾ ਹੈ ਅਤੇ
ਕਈਆਂ ਲਈ ਰਾਜ ਦੀ ਮਰਿਆਦਾ ਹੀ ਉੱਤਮ ਹੈ।

**ਕਹੂੰ ਰੋਗ ਰਹਤ ਅਭਰਮ॥**
**ਕਹੂੰ ਕਰਮ ਕਰਤ ਅਕਰਮ॥**

ਕਈ ਰੋਗ ਦੇ ਭਰਮ ਤੋਂ ਰਹਿਤ ਹਨ ਅਤੇ
ਕਈ ਨਾ ਕਰਨ ਯੋਗ ਕਰਮ ਕਰਦੇ ਹਨ।

**ਕਹੂੰ ਸੇਖ ਬ੍ਰਹਮ ਸਰੂਪ॥**
**ਕਹੂੰ ਨੀਤਿ ਰਾਜ ਅਨੂਪ॥੧੭॥੪੭॥**

ਕਈ ਸ਼ੇਖ਼ ਅਤੇ ਬ੍ਰਹਮ ਸਰੂਪ ਹੈ ਅਤੇ ਕਿਤੇ ਚੰਗੀ ਨੀਤੀ ਨਾਲ ਰਾਜ ਕਰਨ ਵਾਲੇ ਹਨ।

**ਕਹੂੰ ਰੋਗ ਸੋਗ ਬਿਹੀਨ॥**
**ਕਹੂੰ ਏਕ ਭਗਤਿ ਅਧੀਨ॥**

ਕਈ ਰੋਗ ਤੇ ਸੋਗ ਤੋਂ ਰਹਿਤ ਹਨ ਅਤੇ
ਕਈ ਇੱਕ ਭਗਤੀ ਦੇ ਹੀ ਅਨੁਸਾਰੀ ਹਨ।

**ਕਹੂੰ ਰੰਕ ਰਾਜ ਕੁਮਾਰ॥**
**ਕਹੂੰ ਬੇਦ ਬਿਆਸ ਅਵਤਾਰ॥੧੮॥੪੮॥**

ਕੋਈ ਗਰੀਬ ਤੇ ਕੋਈ ਰਾਜ ਕੁਮਾਰ (ਅਮੀਰ) ਹੈ ਅਤੇ
ਕਈ ਵੇਦ ਵਿਆਸ ਦਾ ਅਵਤਾਰ ਹਨ।

**ਕਈ ਬ੍ਰਹਮ ਬੇਦ ਰਟੰਤ॥**
**ਕਈ ਸੇਖ ਨਾਮ ਉਚਰੰਤ॥**

ਕਈ ਵੇਦ ਉਚਾਰਨ ਵਾਲੇ ਬ੍ਰਹਮਾ ਹਨ ਅਤੇ
ਕਈ ਨਾਮ ਉਚਾਰਨ ਵਾਲੇ ਸ਼ੇਸ਼ਨਾਗ ਹਨ।

**ਬੈਰਾਗ ਕਹੂੰ ਸੰਨਿਆਸ॥**
**ਕਹੂੰ ਫਿਰਤ ਰੂਪ ਉਦਾਸ॥੧੯॥੪੯॥**

ਕਈ ਵੈਰਾਗੀ ਤੇ ਤਿਆਗੀ ਹਨ ਅਤੇ
ਕਈਆਂ ਨੇ ਉਦਾਸੀ ਭੇਖ ਧਾਰਨ ਕੀਤਾ ਹੈ।

**ਸਭ ਕਰਮ ਫੋਕਟ ਜਾਨ॥**
**ਸਭ ਧਰਮ ਨਿਹਫਲ ਮਾਨ॥**

ਉਪਰੋਕਤ ਸਾਰੇ ਕਰਮ ਅਤੇ ਧਰਮ ਵਿਅਰਥ ਸਮਝੋ।

**ਬਿਨ ਏਕ ਨਾਮ ਅਧਾਰ॥**
**ਸਭ ਕਰਮ ਭਰਮ ਬਿਚਾਰ॥੨੦॥੫੦॥**

ਇੱਕ ਨਾਮ ਦੇ ਆਸਰੇ ਤੋਂ ਬਿਨਾਂ, ਸਾਰੇ ਕਰਮ ਭਰਮ (ਵਿਅਰਥ) ਹੀ ਮੰਨੋ।

**ਤ੍ਵ ਪ੍ਰਸਾਦਿ॥ ਲਘੁ ਨਰਾਜ ਛੰਦ॥**
**ਜਲੇ ਹਰੀ॥ ਥਲੇ ਹਰੀ॥**
**ਉਰੇ ਹਰੀ॥ ਬਨੇ ਹਰੀ॥੧॥੫੧॥**

ਜਲ, ਥਲ, ਆਬਾਦੀ ਅਤੇ ਜੰਗਲਾਂ ਵਿੱਚ ਪਰਮੇਸ਼ਰ ਹੈ।

**ਗਿਰੇ ਹਰੀ॥ ਗੁਫੇ ਹਰੀ॥**
**ਛਿਤੇ ਹਰੀ॥ ਨਭੇ ਹਰੀ॥੨॥੫੨॥**

ਪਹਾੜਾਂ, ਗੁਫਾਵਾਂ, ਧਰਤੀ ਅਤੇ ਆਸਮਾਨ ਵਿੱਚ ਵੀ ਪਰਮੇਸ਼ਰ ਹੈ।

**ਈਹਾਂ ਹਰੀ॥ ਉਹਾਂ ਹਰੀ॥**
**ਜਿਮੀ ਹਰੀ॥ ਜਮਾ ਹਰੀ॥੩॥੫੩॥**

ਏਸ ਲੋਕ ਵਿੱਚ, ਓਸ ਲੋਕ ਵਿੱਚ, ਜ਼ਮੀਨ ਅਤੇ
ਆਕਾਸ਼ ਵਿੱਚ ਪਰਮੇਸ਼ਰ ਹੀ ਹੈ।

**ਅਲੇਖ ਹਰੀ॥ ਅਭੇਖ ਹਰੀ॥**
**ਅਦੋਖ ਹਰੀ॥ ਅਦ੍ਵੈਖ ਹਰੀ॥੪॥੫੪॥**

ਉਹ ਪ੍ਰਭੂ ਕਰਮ, ਮਜ਼ਹਬ, ਕਲੰਕ ਅਤੇ ਈਰਖਾ ਰਹਿਤ ਹੈ।

**ਅਕਾਲ ਹਰੀ॥ ਅਪਾਲ ਹਰੀ॥**
**ਅਛੇਦ ਹਰੀ॥ ਅਭੇਦ ਹਰੀ॥੫॥੫੫॥**

ਉਹ ਪ੍ਰਭੂ ਮੌਤ, ਪਾਲਣ-ਪੋਸ਼ਣ, ਦੁੱਖ ਅਤੇ ਭੇਦ ਤੋਂ ਰਹਿਤ ਹੈ।

**ਅਜੰਤ੍ਰ ਹਰੀ॥ ਅਮੰਤ੍ਰ ਹਰੀ॥**
**ਸੁ ਤੇਜ ਹਰੀ॥ ਅਤੰਤ੍ਰ ਹਰੀ॥੬॥੫੬॥**

ਉਹ ਉੱਤਮ ਪ੍ਰਕਾਸ਼ ਵਾਲਾ ਪ੍ਰਭੂ ਯੰਤ੍ਰ, ਮੰਤ੍ਰ, ਅਤੇ ਤੰਤ੍ਰ ਰਹਿਤ ਹੈ।

**ਅਜਾਤਿ ਹਰੀ॥ ਅਪਾਤਿ ਹਰੀ॥**
**ਅਮਿਤ੍ਰ ਹਰੀ॥ ਅਮਾਤ ਹਰੀ॥੭॥੫੭॥**

ਉਹ ਪ੍ਰਭੂ ਜਾਤ-ਪਾਤ, ਮਿੱਤਰ ਅਤੇ ਮਾਤਾ ਰਹਿਤ ਹੈ।

**ਅਰੋਗ ਹਰੀ॥ ਅਸੋਗ ਹਰੀ॥**
**ਅਭਰਮ ਹਰੀ॥ ਅਕਰਮ ਹਰੀ॥੮॥੫੮॥**
ਉਹ ਪ੍ਰਭੂ ਰੋਗ, ਗ਼ਮ, ਭਰਮ ਅਤੇ ਕਰਮ ਰਹਿਤ ਹੈ।
**ਅਜੈ ਹਰੀ॥ ਅਭੈ ਹਰੀ॥**
**ਅਭੇਦ ਹਰੀ॥ ਅਛੇਦ ਹਰੀ॥੯॥੫੯**
ਉਹ ਬਲਵਾਨ, ਨਿਡਰ, ਵਿਆਪਕ ਅਤੇ ਸਥਿਰ ਪਰਮੇਸ਼ਰ ਹੈ।
**ਅਖੰਡ ਹਰੀ॥ ਅਭੰਡ ਹਰੀ॥**
**ਅਡੰਡ ਹਰੀ॥ਪ੍ਰਚੰਡ ਹਰੀ॥੧੦॥੬੦॥**
ਉਹ ਇੱਕ ਰਸ, ਬਦਨਾਮੀ ਤੇ ਦੰਡ ਰਹਿਤ ਅਤੇ ਤੇਜਮਈ ਹੈ।
**ਅਤੇਵ ਹਰੀ॥ ਅਭੇਵ ਹਰੀ॥**
**ਅਜੇਵ ਹਰੀ॥ ਅਛੇਵ ਹਰੀ॥੧੧॥੬੧॥**
ਉਹ ਮਹਾਨ ਪ੍ਰਭੂ ਭੇਦ ਰਹਿਤ, ਖਾਣ ਤੋਂ ਬਿਨਾਂ ਅਤੇ ਛੇਦ ਰਹਿਤ ਹੈ।
**ਭਜੋ ਹਰੀ॥ ਥਪੋ ਹਰੀ॥**
**ਤਪੋ ਹਰੀ॥ ਜਪੋ ਹਰੀ॥੧੨॥੬੨॥**
ਭਜਨ, ਪੂਜਾ, ਤਪ ਅਤੇ ਜਪ ਵਿੱਚ ਪਰਮੇਸ਼ਰ ਹੈ।
**ਜਲਸ ਤੁਹੀ॥ ਥਲਸ ਤੁਹੀ॥**
**ਨਦਿਸ ਤੁਹੀ॥ ਨਦਸ ਤੁਹੀ॥੧੩॥੬੩॥**
ਹੇ ਪ੍ਰਭੂ! ਜਲਾ, ਥਲਾਂ, ਨਦੀਆਂ ਅਤੇ ਸਮੁੰਦਰਾਂ ਵਿੱਚ ਤੂੰ ਹੀ ਹੈਂ।
**ਬ੍ਰਿਛਸ ਤੁਹੀ॥ ਪਤਸ ਤੁਹੀ॥**
**ਛਿਤਸ ਤੁਹੀ॥ ਉਰਧਸ ਤੁਹੀ॥੧੪॥੬੪॥**
ਰੁੱਖਾਂ, ਪੱਤਿਆਂ, ਜ਼ਮੀਨ ਅਤੇ ਆਕਾਸ਼ ਵਿੱਚ ਤੂੰ ਹੀ ਹੈਂ।
**ਭਜਸ ਤੁਅੰ ॥ ਭਜਸ ਤੁਅੰ ॥**
**ਰਟਸ ਤੁਅੰ ॥ ਠਟਸ ਤੁਅੰ ॥੧੫॥੬੫॥**
ਹੇ ਪ੍ਰਭੂ! ਸਾਰੇ ਤੈਨੂੰ ਸਿਮਰਦੇ ਹਨ, ਸਿਮਰਦੇ ਹਨ, ਸਿਮਰਦੇ ਹਨ, ਪੂਜਦੇ ਹਨ।
**ਜਿਮੀ ਤੁਹੀ॥ ਜਮਾ ਤੁਹੀ॥**
**ਮਕੀ ਤੁਹੀ॥ ਮਕਾ ਤੁਹੀ॥੧੬॥੬੬॥**
ਜ਼ਮੀਨ, ਆਕਾਸ਼, ਮਕਾਨ ਵਾਲਾ ਅਤੇ ਮਕਾਨ ਵੀ ਤੂੰ ਹੀ ਹੈਂ।
**ਅਭੂ ਤੁਹੀ॥ ਅਭੈ ਤੁਹੀ॥**
**ਅਛੂ ਤੁਹੀ॥ ਅਛੈ ਤੁਹੀ॥੧੭॥੬੭॥**
ਉਹ ਪ੍ਰਭੂ ਜ਼ਮੀਨ, ਡਰ, ਛੋਹ ਅਤੇ ਨਾਸ ਰਹਿਤ ਹੈ।

**ਜਤਸ ਤੁਹੀ॥ ਬ੍ਰਤਸ ਤੁਹੀ॥**
**ਗਤਸ ਤੁਹੀ॥ ਮਤਸ ਤੁਹੀ॥੧੮॥੬੮॥**

ਜਤ, ਵਰਤ, ਮੁਕਤੀ ਅਤੇ ਬੁੱਧੀ ਤੂੰ ਹੀ ਹੈਂ।

**ਤੁਹੀ ਤੁਹੀ ॥ ਤੁਹੀ ਤੁਹੀ ॥**
**ਤੁਹੀ ਤੁਹੀ ॥ ਤੁਹੀ ਤੁਹੀ ॥੧੯॥੬੯॥**
**ਤੁਹੀ ਤੁਹੀ ॥ ਤੁਹੀ ਤੁਹੀ ॥**
**ਤੁਹੀ ਤੁਹੀ ॥ ਤੁਹੀ ਤੁਹੀ ॥੨੦॥੭੦॥**

ਚਾਰੇ ਵੇਦਾਂ, ਚਾਰੇ ਯੁੱਗਾਂ, ਚਾਰੇ ਮਹਾਂਵਾਕਾਂ ਅਤੇ ਚਾਰੇ ਕਿਤਾਬਾਂ ਵਿੱਚ ਵੀ ਤੂੰ ਹੀ ਹੈਂ।

**ਤ੍ਵ ਪ੍ਰਸਾਦਿ ॥ ਕਬਿੱਤ ॥**

**ਖੂਕ ਮਲਹਾਰੀ ਗਜ ਗਦਹਾ ਬਿਭੂਤਿ ਧਾਰੀ**
**ਗਿਦੂਆ ਮਸਾਨ ਬਾਸ ਕਰਿਓ ਈ ਕਰਤ ਹੈ॥**

ਜੇ ਅਘੋਰਪੰਥੀਆਂ ਵਾਂਗ ਵਿਸ਼ਟਾ ਖਾਣ ਨਾਲ ਮੁਕਤੀ ਮਿਲਦੀ ਹੋਵੇ ਤਾਂ ਸੂਰ ਸਦਾ ਹੀ ਵਿਸ਼ਟਾ ਖਾਂਦਾ ਹੈ, ਜੇ ਸਵਾਹ ਮਲਿਆਂ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਹਾਥੀ ਅਤੇ ਗਧੇ ਨੂੰ ਹੋ ਜਾਵੇ ਜੋ ਸਦਾ ਸਵਾਹ ਵਿੱਚ ਲਿਬੜਦੇ ਹਨ, ਜੇ ਕਬਰਾਂ ਵਿੱਚ ਨਿਵਾਸ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਗਿੱਦੜ ਸਦਾ ਮੜ੍ਹੀਆਂ ਵਿੱਚ ਹੀ ਰਹਿੰਦਾ ਹੈ।

**ਘੁਘੂ ਮਟਵਾਸੀ ਲਗੇ ਡੋਲਤ ਉਦਾਸੀ ਮ੍ਰਿਗ**
**ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈ॥**

ਜੇ ਮੱਠ ਵਿੱਚ ਲੁਕੇ ਰਹਿਣ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਉੱਲੂ ਸਦਾ ਹਨ੍ਹੇਰ-ਘਰ ਵਿੱਚ ਹੀ ਰਹਿੰਦਾ ਹੈ, ਜੇ ਉਦਾਸ ਰਹਿਣ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਹਿਰਨ ਸਦਾ ਕਸਤੂਰੀ ਪਿੱਛੇ ਉਦਾਸ ਹੋਇਆ ਜੰਗਲਾਂ ਵਿੱਚ ਫਿਰਦਾ ਰਹਿੰਦਾ ਹੈ, ਜੇ ਚੁੱਪ ਰਹਿਣ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਦਰਖਤ ਸਦਾ ਚੁੱਪ ਹੀ ਰਹਿੰਦੇ ਹਨ।

**ਬਿੰਦ ਕੇ ਸਿਧੱਯਾ ਤਾਹਿ ਹੀਜ ਕੀ ਬਡੱਯਾ ਦੇਤ**
**ਬੰਦਰਾ ਸਦੀਵ ਪਾਇ ਨਾਂਗੇ ਈ ਫਿਰਤ ਹੈ॥**

ਜੇ ਬਾਲ-ਜਤੀ ਰਹਿਣ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਉਹਨਾਂ ਨੂੰ ਖੁਸਰਿਆਂ ਦੀ ਤੁਲਨਾ ਦੇਣੀ ਬਣਦੀ ਹੈ, ਜੇ ਨੰਗੇ ਪੈਰੀਂ ਫਿਰਿਆਂ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਬਾਂਦਰਾਂ ਨੂੰ ਹੋ ਜਾਂਦੀ, ਜੋ ਸਦਾ ਨੰਗੇ ਪੈਰ ਹੀ ਫਿਰਦੇ ਹਨ।

**ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ**
**ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ॥੧॥੭੧॥**

ਕਾਮ-ਕ੍ਰੋਧ ਵਿੱਚ ਫਸੇ, ਮਾਇਆ ਦੇ ਅਧੀਨ, ਅਤੇ ਗਿਆਨ ਤੋਂ ਹੀਣੇ ਨੀਚ ਮਨੁੱਖ ਨੂੰ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ।

**ਭੂਤ ਬਨਚਾਰੀ ਛਿਤਿ ਛਉਨਾ ਸਭੈ ਦੂਧਾਧਾਰੀ**
**ਪੌਨ ਕੇ ਅਹਾਰੀ ਸੁ ਭੁਜੰਗ ਜਾਨੀਅਤੁ ਹੈ॥**

ਜੇ ਜੰਗਲ ਵਿੱਚ ਫਿਰਨ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਭੂਤ-ਪ੍ਰੇਤ ਜੰਗਲਾਂ ਵਿੱਚ ਹੀ ਰਹਿੰਦੇ ਹਨ, ਜੇ ਦੁੱਧ ਪੀਣ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਛੋਟੇ ਬੱਚੇ ਦੁੱਧ 'ਤੇ ਹੀ ਪਲਦੇ ਹਨ, ਜੇ ਪਉਣ ਦਾ ਆਹਾਰ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਸੱਪ ਹਵਾ ਹੀ ਖਾਂਦੇ ਹਨ।

**ਤ੍ਰਿਣ ਕੇ ਭਛੱਯਾ ਧਨ ਲੋਭ ਕੇ ਤਜੱਯਾ**
**ਤੇ ਤੋ ਗਊਅਨ ਕੇ ਜੱਯਾ ਬ੍ਰਿਖ ਭੱਯਾ ਮਾਨੀਅਤੁ ਹੈ॥**

ਜੇ ਘਾਹ-ਬੂਟ ਖਾਣ ਨਾਲ ਅਤੇ ਲੋਭ ਨੂੰ ਛੱਡਣ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਗਾਵਾਂ ਦੇ ਵੱਛਿਆਂ ਅਤੇ ਬਲਦਾਂ ਨੂੰ ਹੋ ਜਾਵੇ।

**ਨਭ ਕੇ ਉਡੱਯਾ ਤਾਹਿ ਪੰਛੀ ਕੀ ਬਡੱਯਾ ਦੇਤ**
**ਬਗੁਲਾ ਬਿੜਾਲ ਬ੍ਰਿਕ ਧਿਆਨੀ ਠਾਨੀਅਤੁ ਹੈ॥**

ਜੇ ਆਕਾਸ਼ ਵਿੱਚ ਉੱਡਣ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਪੰਛੀਆਂ ਤੋਂ ਚੰਗਾਂ ਕੌਣ ਉੱਡ ਸਕਦਾ ਹੈ ਫਿਰ ਉਹਨਾਂ ਨੂੰ ਹੋ ਜਾਵੇ। ਜੇ ਧਿਆਨ ਲਾਇਆਂ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਬਗਲੇ, ਬਿੱਲੇ ਅਤੇ ਬਘਿਆੜ ਨੂੰ ਹੋ ਜਾਵੇ ਜੋ ਇਕ ਟਕ ਆਪਣੇ ਸ਼ਿਕਾਰ ਦਾ ਧਿਆਨ ਲਾਉਂਦੇ ਹਨ।

**ਜੇਤੇ ਬਡੇ ਗਿਆਨੀ ਤਿਨੋ ਜਾਨੀ ਪੈ ਬਖਾਨੀ**
**ਨਾਹਿ ਐਸੇ ਨ ਪ੍ਰਪੰਚ ਮਨ ਭੂਲਿ ਆਨੀਅਤੁ ਹੈ॥੨॥੭੨॥**

ਜਿੰਨੇ ਵੱਡੇ ਗਿਆਨਵਾਨ ਹੋਏ ਹਨ, ਉਨ੍ਹਾਂ ਨੇ ਗੱਲ ਸਮਝ ਤਾਂ ਲਈ, ਪਰ ਹਕੀਕਤ ਲੋਕਾਂ ਨੂੰ ਦੱਸੀ ਨਹੀਂ। ਮੈਂ ਗੋਬਿੰਦ ਸਿੰਘ ਇਹੋ ਜਿਹਾ ਪਾਖੰਡ ਭੁੱਲ ਕੇ ਵੀ ਆਪਣੇ ਮਨ ਵਿੱਚ ਨਹੀਂ ਲਿਆਉਂਦਾ।

**ਭੂਮਿ ਕੇ ਬਸੱਯਾ ਤਾਹਿ ਭੂ ਚਰੀ ਕੇ ਜੱਯਾ**
**ਕਹੈ ਨਭ ਕੇ ਉਡੱਯਾ ਸੋ ਚਿਰੱਯਾ ਕੈ ਬਖਾਨੀਐ॥**

ਜ਼ਮੀਨ ਦੇ ਵਿੱਚ ਵੱਸਣ ਵਾਲਿਆਂ ਨੂੰ ਸਿਓਂਕ ਦੇ ਬੱਚੇ ਜਾਣੋ, ਆਕਾਸ਼ 'ਚ ਉਡਣ ਵਾਲਿਆਂ ਨੂੰ ਚਿੜੀਆਂ ਆਖੋ।

**ਫਲ ਕੇ ਭਛੱਯਾ ਤਾਹਿ ਬਾਂਦਰੀ ਕੇ ਜੱਯਾ**
**ਕਹੈ ਆਦਿਸ ਫਿਰੱਯਾ ਤੇ ਤੋ ਭੂਤ ਕੈ ਪਛਾਨੀਐ॥**

ਕੇਵਲ ਫਲਾਂ ਦੇ ਖਾਣ ਵਾਲਿਆਂ ਨੂੰ ਬਾਂਦਰੀ ਦੇ ਬੱਚੇ ਅਤੇ ਲੁਕ ਕੇ ਰਹਿਣ ਵਾਲਿਆਂ ਨੂੰ ਭੂਤ ਸਮਝੋ।

**ਜਲ ਕੇ ਤਰੱਯਾ ਕੋ ਗੰਗੇਰੀ ਸੀ ਕਹਤ ਜਗ**
**ਆਗਿ ਕੇ ਭਛੱਯਾ ਸੋ ਚਕੋਰ ਸਮ ਮਾਨੀਐ॥**

ਪਾਣੀ ਵਿੱਚ ਤੈਰਨ ਵਾਲਿਆਂ ਨੂੰ ਸੰਸਾਰ ਜਲ-ਜੁਲਾਹਾ ਕਹਿੰਦਾ ਹੈ ਅਤੇ ਅੱਗ ਖਾਣ ਵਾਲਿਆਂ ਨੂੰ ਚਕੋਰ ਸਮਝੋ।

**ਸੂਰਜ ਸਿਵੱਯਾ ਤਾਹਿ ਕਉਲ ਕੀ ਬਡੱਯਾ ਦੇਤ**
**ਚੰਦ੍ਰਮਾ ਸਿਵੱਯਾ ਕੌ ਕਵੀ ਕੈ ਪਹਿਚਾਨੀਐ॥੩॥੭੩॥**

ਸੂਰਜ ਦੀ ਪੂਜਾ ਕਰਨ ਵਾਲੇ ਨੂੰ ਕਮਲ ਦਾ ਫੁੱਲ ਸਮਝੋ ਅਤੇ ਚੰਦ੍ਰਮਾ ਦੀ ਪੂਜਾ ਕਰਨ ਵਾਲੇ ਨੂੰ ਕੰਮੀਆਂ ਦੇ ਫੁੱਲ ਸਮਝੋ।

**ਨਾਰਾਇਣ ਕੱਛ ਮੱਛ ਤਿੰਦੂਆ ਕਹਤ ਸਭ**
**ਕਉਲਨਾਭਿ ਕਉਲ ਜਿਹ ਤਾਲ ਮੈ ਰਹਤੁ ਹੈ॥**

ਜੇ ਜਲ ਵਿੱਚ ਰਹਿਣ ਵਾਲੇ ਵਿਸ਼ਨੂੰ ਨੂੰ ਨਰਾਇਣ ਕਿਹਾ ਜਾਂਦਾ ਹੈ ਤਾਂ ਕੱਛ, ਮੱਛ ਅਤੇ ਤਿਦੂੰਆ ਨੂੰ ਨਰਾਇਣ ਕਿਉਂ ਨਾ ਕਿਹਾ ਜਾਵੇ ਜੋ ਜਲ ਵਿੱਚ ਹੀ ਰਹਿੰਦੇ ਹਨ। ਜੇ ਭਗਵਾਨ ਨੂੰ ਕਉਲਨਾਭ ਕਿਹਾ ਜਾਂਦਾ ਹੈ ਤਾਂ ਉਸ ਸਰੋਵਰ ਨੂੰ ਵੀ ਕਉਲਨਾਭ ਕਿਹਾ ਜਾਣਾ ਚਾਹੀਦਾ ਹੈ, ਜਿਸ ਵਿੱਚ ਕਮਲ ਰਹਿੰਦੇ ਹਨ।

**ਗੋਪੀ ਨਾਥ ਗੂਜਰ ਗੁਪਾਲ ਸਭੈ ਧੇਨਚਾਰੀ**
**ਰਿਖੀ ਕੇਸ ਨਾਮ ਕੈ ਮਹੰਤ ਲਹੀਅਤੁ ਹੈ॥**

ਜੇ ਉਸਦਾ ਨਾਮ ਗੋਪੀ ਨਾਥ ਹੈ ਤਾਂ ਸਾਰੇ ਹੀ ਗੁੱਜਰ ਗੋਪੀ ਨਾਥ ਹਨ ਅਤੇ ਜੇ ਉਸ ਦਾ ਨਾਮ ਗੁਪਾਲ ਹੈ ਤਾਂ ਸਾਰੇ ਹੀ ਗਊਆਂ ਚਾਰਨ ਵਾਲੇ ਗੁਪਾਲ ਹਨ, ਜੇ ਉਸਦਾ ਨਾਮ ਰਿਖੀ ਕੇਸ ਹੈ ਤਾਂ ਇਸ ਨਾਮ ਵਾਲੇ ਕਈ ਮਹੰਤ ਮਿਲਦੇ ਹਨ।

**ਮਾਧਵ ਭਵਰ ਔ ਅਟੇਰੂ ਕੋ ਕਨ੍ਹਯਾ ਨਾਮ**
**ਕੰਸ ਕੋ ਬਧੱਯਾ ਜਮ ਦੂਤ ਕਹੀਅਤੁ ਹੈ॥**

ਜੇ ਉਸਦਾ ਨਾਮ ਮਾਧਵ ਹੈ ਤਾਂ ਭੌਰ ਨੂੰ ਵੀ ਮਾਧਵ ਕਹਿੰਦੇ ਹਨ, ਜੇ ਉਸਦਾ ਨਾਮ ਕਨ੍ਹਈਆ ਹੈ ਤਾਂ ਮੱਕੜੀ ਨੂੰ ਵੀ ਕਨ੍ਹਈਆ ਕਿਹਾ ਜਾਂਦਾ ਹੈ, ਜੇ ਉਸਦਾ ਨਾਮ ਕੰਸ-ਬੱਧਕ ਹੈ ਤਾਂ ਜਮਦੂਤ ਵੀ ਕੰਸ-ਬੱਧਕ ਹੈ।

**ਮੂੜ ਰੂੜ ਪੀਟਤ ਨ ਗੂੜਤਾ ਕੋ ਭੇਦ ਪਾਵੈਂ**
**ਪੂਜਤ ਨ ਤਾਹਿ ਜਾ ਕੇ ਰਾਖੇ ਰਹੀਅਤੁ ਹੈ॥੪॥੭੪॥**

ਮੂਰਖ ਲੋਕ ਕੇਵਲ ਪੁਰਾਣੀਆਂ ਮਾਨਤਾਵਾਂ ਨੂੰ ਪਿੱਟਦੇ ਹਨ, ਪਰ ਸੱਚੇ ਪ੍ਰਭੂ ਦਾ ਭੇਤ ਨਹੀਂ ਪਾਉਂਦੇ, ਜੋ ਸਾਰੇ ਸੰਸਾਰ ਨੂੰ ਰੱਖਦਾ ਹੈ, ਉਸ ਨੂੰ ਨਹੀਂ ਸਿਮਰਦੇ।

**ਬਿਸ੍ਵਪਾਲ ਜਗਤ ਕਾਲ ਦੀਨ ਦਿਆਲ ਬੈਰੀ ਸਾਲ**
**ਸਦਾ ਪ੍ਰਤਿਪਾਲ ਜਮ ਜਾਲ ਤੇ ਰਹਤ ਹੈ॥**

ਜਿਹੜਾ ਪ੍ਰਭੂ ਸੰਸਾਰ ਦਾ ਪਾਲਕ ਅਤੇ ਵਿਨਾਸ਼ਕ ਹੈ, ਗਰੀਬਾਂ ਉੱਪਰ ਮਿਹਰਬਾਨ, ਦੁਸ਼ਮਣਾਂ ਨੂੰ ਦੁੱਖ ਦੇਣ ਵਾਲਾ, ਹਮੇਸ਼ਾ ਹੀ ਜੀਵਾਂ ਦੀ ਪਾਲਣਾ ਕਰਨ ਵਾਲਾ ਅਤੇ ਜਮਾਂ ਤੋਂ ਰੱਖਣ ਵਾਲਾ ਹੈ।

**ਜੋਗੀ ਜਟਾਧਾਰੀ ਸਤੀ ਸਾਚੇ ਬਡੇ ਬ੍ਰਹਮਚਾਰੀ**
**ਧਿਆਨ ਕਾਜ ਭੂਖ ਪਿਆਸ ਦੇਹ ਪੈ ਸਹਤ ਹੈ॥**

ਜੋਗੀ, ਜਟਾਧਾਰੀ, ਜਤੀ, ਅਤੇ ਸੱਚੇ ਮਹਾਨ ਬ੍ਰਹਮਚਾਰੀ ਵੀ ਜੀਹਦੇ ਧਿਆਨ ਲਈ ਸਰੀਰ ਉੱਤੇ ਭੁੱਖ ਤ੍ਰੇਹ ਸਹਾਰਦੇ ਹਨ।

**ਨਿਉਲੀ ਕਰਮ ਜਲ ਪਾਵਕ ਪਵਨ ਹੋਮ**
**ਅਧੋ ਮੁਖ ਏਕ ਪਾਇ ਠਾਢੇ ਨ ਬਹਤ ਹੈ॥**

ਨੌਲੀ ਕਰਮ ਵਾਲੇ, ਪਾਣੀ, ਅੱਗ ਅਤੇ ਹਵਾ ਵਿੱਚ ਹਵਨ ਕਰਨ ਵਾਲੇ ਜੀਹਦੇ ਵਾਸਤੇ ਉਲਟਾ ਮੂੰਹ ਕਰਕੇ ਬਹਿੰਦੇ ਨਹੀਂ, ਇੱਕ ਪੈਰ 'ਤੇ ਖਲੋਤੇ ਹੀ ਰਹਿੰਦੇ ਹਨ।

**ਮਾਨਵ ਫਨਿੰਦ ਦੇਵ ਦਾਨਵ ਨ ਪਾਵੈਂ ਭੇਦ**
**ਬੇਦ ਔ ਕਤੇਬ ਨੇਤਿ ਨੇਤਿ ਕੈ ਕਹਤ ਹੈ॥੫॥੭੫॥**

ਉਸ ਪ੍ਰਭੂ ਦਾ ਭੇਦ ਮਨੁੱਖ, ਸ਼ੇਸ਼ਨਾਗ, ਦੇਵਤੇ ਤੇ ਦੈਂਤ ਨਹੀਂ ਪਾ ਸਕਦੇ, ਵੇਦ ਅਤੇ ਕਤੇਬ ਉਸਨੂੰ ਬੇਅੰਤ-ਬੇਅੰਤ ਕਹਿੰਦੇ ਹਨ।

**ਨਾਚਤ ਫਿਰਤ ਮੋਰ ਬਾਦਰ ਕਰਤ ਘੋਰ**
**ਦਾਮਨੀ ਅਨੇਕ ਭਾਉ ਕਰਿਓ ਈ ਕਰਤ ਹੈ॥**

ਬੱਦਲ ਬਹੁਤ ਗਰਜਦੇ ਹਨ, ਮੋਰ ਨੱਚਦੇ ਹਨ, ਬਿਜਲੀ ਅਨੇਕਾਂ ਤਰ੍ਹਾਂ ਦੇ ਹਾਵ-ਭਾਵ ਨਾਲ ਲਿਸ਼ਕਦੀ ਹੈ।

**ਚੰਦ੍ਰਮਾ ਤੇ ਸੀਤਲ ਨ ਸੂਰਜ ਤੇ ਤਪਤ ਤੇਜ**
**ਇੰਦ੍ਰ ਸੋ ਨ ਰਾਜਾ ਭਵ ਭੂਮਿ ਕੋ ਭਰਤ ਹੈ॥**

ਚੰਦ੍ਰਮਾ ਤੋਂ ਵਧ ਕੇ ਕੋਈ ਸੀਤਲ ਤੇ ਸੂਰਜ ਤੋਂ ਵਧ ਕੇ ਕੋਈ ਤੇਜ ਵਿੱਚ ਤਪਦਾ ਨਹੀਂ, ਇੰਦਰ ਵਰਗਾ ਕੋਈ ਧਰਤੀ ਨੂੰ ਭਰਨ ਵਾਲਾ ਰਾਜਾ ਨਹੀਂ ਹੈ।

**ਸਿਵ ਸੇ ਤਪਸੀ ਆਦਿ ਬ੍ਰਹਮਾ ਸੇ ਨ ਬੇਦ੍ਰਚਾਰੀ**
**ਸਨਤ ਕੁਮਾਰ ਸੀ ਤਪਸਜਾ ਨ ਅਨਤ ਹੈ॥**

ਸ਼ਿਵ ਵਰਗਾ ਤਪੱਸਵੀ ਨਹੀਂ, ਬ੍ਰਹਮਾ ਵਰਗਾ ਮੁੱਢ ਤੋਂ ਹੀ ਕੋਈ ਵੇਦਾਚਾਰੀ ਨਹੀਂ, ਸੰਤ ਕੁਮਾਰ ਆਦਿਕ ਬ੍ਰਹਮਾ ਦੇ ਪੁੱਤਰਾਂ ਵਰਗੀ ਕੋਈ ਤਪੱਸਿਆ ਨਹੀਂ ਕਰਦਾ।

**ਗਿਆਨ ਕੇ ਬਿਹੀਨ ਕਾਲ ਫਾਸ ਕੇ ਅਧੀਨ**
**ਸਦਾ ਜੁਗਨ ਕੀ ਚਉਕਰੀ ਫਿਰਾਏ ਈ ਫਿਰਤ ਹੈ॥੬॥੭੬॥**

ਜੇ ਉਨ੍ਹਾਂ ਨੂੰ ਅਭਿਮਾਨ ਨਹੀਂ ਤਾਂ ਹੋਰ ਮਨੁੱਖਾਂ ਨੂੰ ਵੀ ਅਭਿਮਾਨ ਨਹੀਂ ਕਰਨਾ ਚਾਹੀਦਾ, ਕਿਉਂਕਿ ਗਿਆਨ ਤੋਂ ਹੀਣੇ ਮਨੁੱਖ ਹੰਕਾਰ ਕਰਕੇ ਸਦਾ ਹੀ ਆਵਾਗੌਣ ਵਿੱਚ ਫਸੇ ਰਹਿੰਦੇ ਹਨ।

**ਏਕ ਸਿਵ ਭਏ ਏਕ ਗਏ ਏਕ ਫੇਰ ਭਏ**
**ਰਾਮ ਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ॥**

ਇੱਕ ਸ਼ਿਵ ਪੈਦਾ ਹੋਏ, ਇੱਕ ਮਰ ਗਏ ਤੇ ਇੱਕ ਫਿਰ ਪੈਦਾ ਹੋ ਗਏ, ਏਸੇ ਤਰ੍ਹਾਂ ਹੀ ਸ੍ਰੀ ਰਾਮ ਚੰਦ੍ਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਅਵਤਾਰ ਵੀ ਅਨੇਕਾਂ ਹੋਏ ਹਨ।

**ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ**
**ਸਿੰਮ੍ਰਿਤਿ ਸਮੂਹਨ ਕੇ ਹੁਇ ਹੁਇ ਬਿਤਏ ਹੈਂ॥**

ਕਈ ਬ੍ਰਹਮਾ, ਵਿਸ਼ਨੂੰ, ਵੇਦ, ਪੁਰਾਣ, ਸਿੰਮ੍ਰਿਤੀਆਂ ਵੀ ਹੋ ਕੇ ਬੀਤ ਚੁੱਕੀਆਂ ਹਨ।

**ਮੋਨ ਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ**
**ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥**

ਮੋਨ (ਇਕ ਹਿੰਦੂ ਜਾਤੀ), ਫੌਜ ਦੇ ਸਰਦਾਰ, ਕਈ ਅਸ਼ਵਨੀ ਕੁਮਾਰ ਅਤੇ ਅੰਸਾਵਤਾਰ ਵੀ ਮਰ ਗਏ ਹਨ।

**ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ**
**ਭੂਮਿ ਹੀ ਤੇ ਹੁਇ ਕੈ ਫੇਰਿ ਭੂਮਿ ਹੀ ਮਿਲਏ ਹੈਂ॥੭॥੭੭॥**

ਕਈ ਪੀਰ, ਪੈਗੰਬਰ, ਏਨੇ ਹੋਏ ਹਨ ਕਿ ਗਿਣੇ ਨਹੀਂ ਜਾਂਦੇ, ਸਾਰੇ ਜ਼ਮੀਨ 'ਚੋਂ ਪੈਦਾ ਹੋ ਕੇ ਜ਼ਮੀਨ ਵਿੱਚ ਮਿਲ ਗਏ ਹਨ।

**ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ**
**ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈਂ॥**

ਵੱਡੇ ਵੱਡੇ ਯੋਗੀ, ਸੰਨਿਆਸੀ, ਬ੍ਰਹਮਚਾਰੀ ਅਤੇ ਛੱਤ੍ਰਧਾਰੀ, ਜੋ ਛੱਤ੍ਰ ਦੀ ਹੀ ਛਾਇਆ ਵਿੱਚ ਕਈ ਕੋਹਾਂ ਤੱਕ ਤੁਰਦੇ ਹਨ।

**ਬਡੇ ਬਡੇ ਰਾਜਨ ਕੇ ਦਾਬਤ ਫਿਰਤ ਦੇਸ**
**ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤ ਹੈਂ॥**

ਕਈ ਵੱਡੇ ਵੱਡੇ ਰਾਜਿਆਂ ਦੇ ਦੇਸ ਦੱਬਦੇ ਫਿਰਦੇ ਹਨ ਅਤੇ ਕਈ ਵੱਡੇ ਵੱਡੇ ਰਾਜਿਆਂ ਦੇ ਹੰਕਾਰ ਨੂੰ ਨਾਸ ਕਰਦੇ ਹਨ।

**ਮਾਨ ਸੇ ਮਹੀਪ ਔ ਦਿਲੀਪ ਕੈਸੇ ਛਤ੍ਰਧਾਰੀ**
**ਬਡੋ ਅਭਿਮਾਨ ਭੁਜਦੰਡ ਕੋ ਕਰਤ ਹੈਂ॥**

ਮਾਨਧਾਤਾ ਅਤੇ ਦਿਲੀਪ ਰਾਜੇ ਵਰਗੇ ਛਤ੍ਰਧਾਰੀ ਜੋ ਆਪਣੇ ਡੌਲਿਆਂ ਦਾ ਬੜਾ ਹੰਕਾਰ ਕਰਦੇ ਹਨ।

**ਦਾਰਾ ਸੇ ਦਿਲੀਸਰ ਔ ਦ੍ਰੁਜੋਧਨ ਸੇ ਮਾਨ ਧਾਰੀ**
**ਭੋਗ ਭੋਗ ਭੂਮਿ ਅੰਤ ਭੂਮਿ ਮੈ ਮਿਲਤ ਹੈਂ॥੮॥੭੮॥**

ਦਾਰਾ ਵਰਗੇ ਦਿੱਲੀ ਦੇ ਰਾਜੇ ਅਤੇ ਦੁਰਜੋਧਨ ਵਰਗੇ ਹੰਕਾਰੀ ਵੀ ਜ਼ਮੀਨ ਨੂੰ ਭੋਗ ਭੋਗ ਕੇ ਆਖ਼ਰ ਜ਼ਮੀਨ ਵਿੱਚ ਹੀ ਰਲ ਜਾਂਦੇ ਹਨ।

**ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ**
**ਪੋਸਤੀ ਅਨੇਕ ਦਾ ਨਿਵਾਵਤ ਹੈ ਸੀਸ ਕੌ॥**

ਕਪਟੀ ਤੋਪਚੀ ਵੀ ਅਨੇਕਾਂ ਸਿਜਦੇ ਕਰਦਾ ਹੈ, ਪੋਸਤੀ ਵੀ ਊਂਘਦਾ ਹੋਇਆ ਅਨੇਕਾਂ ਵਾਰ ਸਿਰ ਨਿਵਾਉਂਦਾ ਹੈ।

**ਕਹਾ ਭਇਓ ਮੱਲ ਜੌ ਪੈ ਕਾਢਤ ਅਨੇਕ ਡੰਡ**
**ਸੋ ਤੌ ਨ ਡੰਡੌਤ ਅਸਟਾਂਗ ਅਥਿਤੀਸ ਕੌ॥**

ਕੀ ਹੋਇਆ ਜੇ ਪਹਿਲਵਾਨ ਅਨੇਕਾਂ ਡੰਡ ਕੱਢਦਾ ਹੈ?
ਉਹਨਾਂ ਦਾ ਮੰਤਵ ਗਰੀਬਾਂ ਦੇ ਸਵਾਮੀ (ਪਰਮੇਸ਼ਰ) ਨੂੰ ਡੰਡੌਤ ਕਰਨਾ ਨਹੀਂ ਹੈ।

**ਕਹਾ ਭਇਓ ਰੋਗੀ ਜੌ ਪੈ ਡਾਰਿਓ ਰਹਿਓ ਉਰਧ ਮੁਖ**
**ਮਨ ਤੇ ਨ ਮੂੰਡ ਨਿਹੁਰਾਇਓ ਆਦਿ ਈਸ ਕੌ॥**

ਕੀ ਹੋਇਆ ਜੇ ਰੋਗੀ ਨੀਵਾਂ ਮੂੰਹ ਕਰਕੇ ਬੈਠਾ ਰਿਹਾ? ਪਰ ਉਸਨੇ ਆਦਿ ਪ੍ਰਭੂ ਨੂੰ ਮਨ ਕਰਕੇ ਤਾਂ ਸੀਸ ਨਹੀਂ ਨਿਵਾਇਆ।

**ਕਾਮਨਾ ਅਧੀਨ ਸਦਾ ਦਾਮਨਾ ਪ੍ਰਬੀਨ**
**ਏਕ ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ ਕੌ॥੯॥੭**

ਤ੍ਰਿਸ਼ਨਾ ਦੇ ਅਧੀਨ, ਸਦਾ ਹੀ ਪੈਸਿਆਂ ਦੇ ਕਮਾਉਣ ਵਾਲਾ ਚਤੁਰ ਮਨੁੱਖ, ਇੱਕ ਭਾਵਨਾ ਤੋਂ ਬਿਨਾਂ ਕਿਸ ਤਰ੍ਹਾਂ ਪਰਮੇਸ਼ਰ ਨੂੰ ਪਾ ਸਕਦਾ ਹੈ?

**ਸੀਸ ਪਟਕਤ ਜਾ ਕੇ ਕਾਨ ਮੈ ਖਜੂਰਾ ਧਸੈ**
**ਮੂੰਡ ਛਟਕਤ ਮਿਤ੍ਰ ਪੁਤ੍ਰ ਹੂੰ ਕੇ ਸੋਕ ਸੋਂ॥**

ਜੇ ਪ੍ਰਭੂ ਦੀ ਪ੍ਰਾਪਤੀ ਧਰਤੀ 'ਤੇ ਸੀਸ ਨਿਵਾਉਣ ਨਾਲ ਹੁੰਦੀ ਹੋਵੇ ਤਾਂ ਕੰਨ-ਖਜੂਰੇ ਦੇ ਦਰਦ ਤੋਂ ਪਰੇਸ਼ਾਨ ਵਿਅਕਤੀ ਵੀ ਧਰਤੀ 'ਤੇ ਸਿਰ ਪਟਕਦਾ ਹੈ ਅਤੇ ਸਾਕ-ਸੰਬੰਧੀਆਂ ਦੀ ਮੌਤ 'ਤੇ ਵੀ ਮਨੁੱਖ ਧਰਤੀ 'ਤੇ ਸਿਰ ਮਾਰਦਾ ਹੈ, ਫਿਰ ਉਹਨਾਂ ਨੂੰ ਹੋ ਜਾਵੇ।

**ਆਕ ਕੋ ਚਰੱਯਾ ਫਲ ਫੂਲ ਕੋ ਭਛੱਯਾ**
**ਸਦਾ ਬਨ ਕੋ ਭ੍ਰਮਯਾ ਔਰ ਦੂਸਰੋ ਨ ਬੋਕ ਸੋਂ॥**

ਜੇ ਪ੍ਰਭੂ ਦੀ ਪ੍ਰਾਪਤੀ ਅੱਕ ਤੇ ਫਲਾਂ, ਫੁੱਲਾਂ ਨੂੰ ਖਾਣ ਨਾਲ ਅਤੇ ਹਮੇਸ਼ਾਂ ਜੰਗਲ ਵਿੱਚ ਹੀ ਫਿਰਨ ਨਾਲ ਹੁੰਦੀ ਹੋਵੇ ਤਾਂ ਬੱਕਰੇ ਨੂੰ ਹੋ ਜਾਵੇ, ਇਸ ਕੰਮ ਵਿੱਚ ਉਸ ਵਰਗਾ ਹੋਰ ਦੂਜਾ ਕੋਈ ਨਹੀਂ।

**ਕਹਾ ਭਯੋ ਭੇਡ ਜੋ ਘਸਤ ਸੀਸ ਬ੍ਰਿਛਨ ਸੋਂ**
**ਮਾਟੀ ਕੋ ਭਛੱਯਾ ਬੋਲ ਪੂਛ ਲੀਜੈ ਜੋਕ ਸੋਂ॥**

ਜੇ ਪ੍ਰਭੂ ਦੀ ਪ੍ਰਾਪਤੀ ਮੱਥੇ ਰਗੜਿਆਂ ਹੁੰਦੀ ਹੋਵੇ ਤਾਂ ਭੇਡ ਨੂੰ ਹੋ ਜਾਵੇ, ਜੋ ਸਦਾ ਰੁੱਖਾਂ ਨਾਲ ਸਿਰ ਹੀ ਘਸਾਉਂਦੀ ਰਹਿੰਦੀ ਹੈ ਅਤੇ ਜੇ ਪ੍ਰਭੂ ਦੀ ਪ੍ਰਾਪਤੀ ਮਿੱਟੀ ਖਾਣ ਨਾਲ ਹੁੰਦੀ ਹੋਵੇ ਤਾਂ ਜੋਕ ਨੂੰ ਹੋ ਜਾਵੇ, ਜਿਸਦਾ ਆਹਾਰ ਮਿੱਟੀ ਹੈ।

**ਕਾਮਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ**
**ਏਕ ਭਾਵਨਾ ਬਿਹੀਨ ਕੈਸੇ ਭੇਟੈ ਪਰਲੋਕ ਸੋਂ॥੧੦॥੯੦॥**

ਤ੍ਰਿਸ਼ਨਾ ਦੇ ਅਧੀਨ, ਕਾਮ ਕ੍ਰੋਧ ਵਿੱਚ ਨਿਪੁੰਨ, ਇੱਕ ਸ਼ਰਧਾ ਤੋਂ ਰਹਿਤ ਮਨੁੱਖ ਪਰਲੋਕ ਵਿੱਚ ਪਰਮੇਸ਼ਰ ਨੂੰ ਕਿਵੇਂ ਮਿਲ ਸਕਦਾ ਹੈ?

**ਨਾਚਿਓ ਈ ਕਰਤ ਮੋਰ ਦਾਦਰ ਕਰਤ ਸੋਰ ਸਦਾ ਘਨਘੋਰ ਘਨ ਕਰਿਓ ਈ ਕਰਤ ਹੈਂ॥**

ਮੋਰ ਨੱਚਦੇ ਹਨ, ਡੱਡੂ ਰੌਲਾ ਪਾਉਂਦੇ ਹਨ,
ਬੱਦਲ ਸਦਾ ਗਰਜਣਾ ਹੀ ਕਰਦੇ ਹਨ।

**ਏਕ ਪਾਇ ਠਾਢੇ ਸਦਾ ਬਨ ਮੈ ਰਹਤ ਬ੍ਰਿਛ**
**ਫੂਕ ਫੂਕ ਪਾਵ ਭੂਮਿ ਸ੍ਰਾਵਗ ਧਰਤ ਹੈਂ॥**

ਜੰਗਲ ਵਿੱਚ ਰੁੱਖ ਸਦਾ ਇੱਕ ਪੈਰ ’ਤੇ ਹੀ ਖੜ੍ਹੇ ਰਹਿੰਦੇ ਹਨ, ਜੈਨੀ ਜ਼ਮੀਨ ਤੇ ਫੂਕ ਫੂਕ ਕੇ ਪੈਰ ਰੱਖਦੇ ਹਨ, ਉਹ ਵੀ ਤਾਂ ਮੁਕਤ ਨਹੀਂ ਹਨ।

**ਪਾਹਨ ਅਨੇਕ ਜੁਗ ਏਕ ਠਉਰ ਬਾਸੁ ਕਰੈ**
**ਕਾਗ ਔਰ ਚੀਲ ਦੇਸ ਦੇਸ ਬਿਚਰਤ ਹੈਂ॥**

ਪੱਥਰ ਅਨੇਕਾਂ ਯੁੱਗਾਂ ਤੱਕ ਇੱਕ ਥਾਂ ਹੀ ਨਿਵਾਸ ਕਰਦੇ ਹਨ, ਕਾਂ ਅਤੇ ਇੱਲ੍ਹਾਂ ਦੇਸਾਂ-ਵਿਦੇਸ਼ਾਂ ਵਿੱਚ ਫਿਰਦੇ ਰਹਿੰਦੇ ਹਨ।

**ਗਿਆਨ ਕੇ ਬਿਹੀਨ ਮਹਾ ਦਾਨ ਮੈ ਨ ਹੂਜੈ ਲੀਨ**
**ਭਾਵਨਾ ਬਿਹੀਨ ਦੀਨ ਕੈਸੇ ਕੈ ਤਰਤ ਹੈਂ॥੧੧॥੯੧॥**

ਗਿਆਨ ਦੇ ਬਿਨਾਂ ਮਹਾਂਦਾਨੀ ਪ੍ਰਭੂ ਵਿੱਚ ਜੀਵ ਲੀਨ ਨਹੀਂ ਹੋ ਸਕਦਾ,
ਸ਼ਰਧਾ ਤੋਂ ਬਿਨਾਂ ਜੀਵ ਕਿਵੇਂ ਤਰ ਸਕਦਾ ਹੈ?

**ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨੈ**
**ਕਬਹੂੰ ਸੰਨਿਆਸ ਭੇਸ ਬਨ ਕੈ ਦਿਖਾਵਈ॥**

ਜਿਵੇਂ ਇੱਕ ਬਹੁਰੂਪੀਆ ਕਦੀ ਤਾਂ ਵੈਰਾਗਵਾਨ ਯੋਗੀ ਬਣਦਾ ਹੈ ਅਤੇ ਕਦੀ ਸੰਨਿਆਸੀ ਭੇਸ ਵਾਲਾ ਬਣ ਕੇ ਲੋਕਾਂ ਨੂੰ ਵਿਖਾਉਂਦਾ ਹੈ।

**ਕਹੂੰ ਪਉਨਾਹਾਰੀ ਕਹੂੰ ਬੈਠੇ ਲਾਇ ਤਾਰੀ**
**ਕਹੂੰ ਲੋਭ ਕੀ ਖੁਮਾਰੀ ਸੋਂ ਅਨੇਕ ਗੁਨ ਗਾਵਈ॥**

ਕਿਤੇ ਪਉਣਾਹਾਰੀ, ਕਿਤੇ ਸਮਾਧੀ ਲਾ ਕੇ ਬਹਿੰਦਾ ਹੈ, ਕਿਤੇ ਲੋਭ ਦੀ ਮਸਤੀ ਵਿੱਚ ਅਨੇਕ ਗੁਣ ਗਾਉਂਦਾ ਹੈ।

**ਕਹੂੰ ਬ੍ਰਹਮਚਾਰੀ ਕਹੂੰ ਹਾਥ ਪੈ ਲਗਾਵੈ ਬਾਰੀ**
**ਕਹੂੰ ਡੰਡ ਧਾਰੀ ਹੁਇ ਕੈ ਲੋਗਨ ਭ੍ਰਮਾਵਈ॥**

ਕਿਤੇ ਬ੍ਰਹਮਚਾਰੀ ਬਣਦਾ ਹੈ, ਕਿਤੇ ਹੱਥ 'ਤੇ ਹੀ ਬਗੀਚੀ ਲਾਉਂਦਾ ਹੈ, ਕਿਤੇ ਡੰਡਾ ਫੜ੍ਹਨ ਵਾਲਾ ਸੰਨਿਆਸੀ ਹੋ ਕੇ ਲੋਕਾਂ ਨੂੰ ਖੁਸ਼ ਕਰਦਾ ਹੈ।

**ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਨ ਸੋ ਗਿਆਨ ਕੇ ਬਿਹੀਨ**
**ਕੈਸੇ ਬ੍ਰਹਮ ਲੋਕ ਪਾਵਈ॥੧੨॥੮੨॥**

ਇਸ ਤਰ੍ਹਾਂ ਤ੍ਰਿਸ਼ਨਾ ਦੇ ਅਧੀਨ ਹੋ ਕੇ ਨਾਚਿਆਂ ਵਾਂਗ ਨੱਚਣ ਵਾਲੇ ਨੂੰ, ਗਿਆਨ ਤੋਂ ਬਿਨਾਂ ਮੁਕਤੀ ਕਿਵੇਂ ਮਿਲ ਸਕਦੀ ਹੈ?

**ਪੰਚ ਬਾਰ ਗੀਦਰ ਪੁਕਾਰੇ ਪਰੇ ਸੀਤਕਾਲ**
**ਕੁੰਚਰ ਔ ਗਦਹਾ ਅਨੇਕ ਦਾ ਪੁਕਾਰ ਹੀ॥**

ਜੇ ਨਿਮਾਜ਼ੀ ਦਿਨ ਵਿੱਚ ਪੰਜ ਵਾਰ ਅੱਲਾ ਨੂੰ ਪੁਕਾਰਦੇ ਹਨ ਤਾਂ ਗਿੱਦੜ, ਹਾਥੀ ਅਤੇ ਖੋਤੇ ਅਨੇਕਾਂ ਵਾਰ ਪੁਕਾਰਦੇ ਹਨ।

**ਕਹਾ ਭਇਓ ਜੋ ਪੈ ਕਲਵਤ੍ਰ ਲੀਓ ਕਾਸੀ ਬੀਚ**
**ਚੀਰ ਚੀਰ ਚੋਰਟਾ ਕੁਠਾਰਨ ਸੋ ਮਾਰਹੀ॥**

ਕੀ ਹੋਇਆ ਜੇ ਕਾਸ਼ੀ ਵਿੱਚ ਕਲਵਤ੍ਰ ਆਰੇ ਹੇਠ ਆ ਮਰ ਗਿਆ?
ਚੋਰ ਨੂੰ ਵੀ ਲੋਕ ਕੁਹਾੜਿਆਂ ਨਾਲ ਚੀਰ ਦੇਂਦੇ ਹਨ।

**ਕਹਾ ਭਇਓ ਫਾਸੀ ਡਾਰ ਬੂਡਿਓ ਜੜ ਗੰਗ ਧਾਰ**
**ਡਾਰ ਡਾਰ ਫਾਸਿ ਠਗ ਮਾਰ ਮਾਰ ਡਾਰਹੀ॥**

ਹੇ ਮੂਰਖ! ਕੀ ਹੋਇਆ ਜੇ ਬੇੜੀ ਪਾ ਕੇ ਗੰਗਾ ਦੀ ਧਾਰ ਵਿੱਚ ਡੁੱਬ ਗਿਆ? ਏਸ ਤਰ੍ਹਾਂ ਤਾਂ ਅਨੇਕਾਂ ਹੀ ਠੱਗ ਫਾਹੀਆਂ ਪਾ ਪਾ ਕੇ ਲੋਕਾਂ ਨੂੰ ਮਾਰ ਕੇ ਗੰਗਾ ਦੀ ਧਾਰ ਵਿੱਚ ਸੁੱਟਦੇ ਹਨ।

**ਡੂਬੇ ਨਰਕ ਧਾਰ ਮੂੜ ਗਿਆਨ ਕੇ ਬਿਨਾ ਬਿਚਾਰ**
**ਭਾਵਨਾ ਬਿਹੀਨ ਕੈਸੇ ਗਿਆਨ ਕੋ ਬਿਚਾਰ ਹੀ॥੧੩॥੮੩॥**

ਮੂਰਖ ਲੋਕ ਗਿਆਨ ਦੀ ਵਿਚਾਰ ਤੋਂ ਬਿਨਾਂ ਨਰਕ ਦੀ ਨਦੀ ਵਿੱਚ ਡੁੱਬੇ ਹੋਏ ਹਨ, ਸ਼ਰਧਾ ਤੋਂ ਬਿਨਾਂ ਜੀਵ ਗਿਆਨ ਨੂੰ ਕਿਵੇਂ ਵਿਚਾਰ ਸਕਦਾ ਹੈ?

**ਤਾਪ ਕੇ ਸਹੇ ਤੇ ਜੌ ਪੈ ਪਾਈਐ ਅਤਾਪ ਨਾਥ**
**ਤਾਪਨਾ ਅਨੇਕ ਤਨ ਘਾਇਲ ਸਹਤ ਹੈਂ॥**

ਜੇ ਦੁੱਖ ਦੇ ਸਹਾਰਿਆਂ ਹੀ ਪਰਮੇਸ਼ਰ ਪਾਇਆ ਜਾਂਦਾ ਹੈ, ਤਾਂ ਅਨੇਕਾਂ ਜ਼ਖ਼ਮੀ ਸਰੀਰ 'ਤੇ ਤਾਪਾਂ ਨੂੰ ਸਹਾਰਦੇ ਹਨ।

**ਜਾਪ ਕੇ ਕੀਏ ਤੇ ਜੌ ਪੈ ਪਾਯਤ ਅਜਾਪ ਦੇਵ**
**ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈਂ॥**

ਜੇ ਜਾਪ ਕੀਤਿਆਂ ਪਰਮੇਸ਼ਰ ਪਾਇਆ ਜਾਂਦਾ ਹੋਵੇ ਤਾਂ ਪੂਦਨਾ ਪੰਛੀ ਹਮੇਸ਼ਾ 'ਤੂਹੀ ਤੂਹੀ' ਬੋਲਦੇ ਹਨ।

**ਨਭ ਕੇ ਉਡੇ ਤੇ ਜੌ ਪੈ ਨਾਰਾਇਣ ਪਾਯਤ**
**ਅਨਲ ਅਕਾਸ ਪੰਛੀ ਡੋਲਬੋ ਕਰਤ ਹੈਂ॥**

ਆਕਾਸ਼ ਦੇ ਵਿੱਚ ਉੱਡਣ ਨਾਲ ਜੇ ਨਾਰਾਇਣ ਪਾਇਆ ਜਾਂਦਾ ਹੋਵੇ ਤਾਂ ਅਲਲ ਪੰਛੀ ਆਕਾਸ਼ ਵਿੱਚ ਹੀ ਉੱਡਦੇ ਰਹਿੰਦੇ ਹਨ।

**ਆਗਿ ਮੈ ਜਰੇ ਤੇ ਗਤਿ ਰਾਂਡ ਕੀ ਪਰਤ ਕਰਿ**
**ਪਤਾਲ ਕੇ ਬਾਸੀ ਕਿਉ ਭੁਜੰਗ ਨ ਤਰਤ ਹੈਂ॥੧੪॥੮੪॥**

ਜੇ ਅੱਗ ਵਿੱਚ ਸੜਿਆਂ ਮੁਕਤੀ ਮਿਲਦੀ ਹੋਵੇ ਤਾਂ ਸਤੀ ਹੋਣ ਵਾਲੀ ਇਸਤਰੀ ਨੂੰ ਮਿਲ ਜਾਵੇ, ਜਿਸ ਨੂੰ ਪਤੀ ਦੇ ਨਾਲ ਜਿਉਂਦਿਆਂ ਹੀ ਸਾੜ ਦਿੱਤਾ ਜਾਂਦਾ ਹੈ ਅਤੇ ਜੇ ਭੋਰੇ ਵਿੱਚ ਰਹਿਣ ਨਾਲ ਮੁਕਤੀ ਮਿਲਦੀ ਹੋਵੇ ਤਾਂ ਪਤਾਲ ਵਿੱਚ ਰਹਿਣ ਵਾਲੇ ਸੱਪ ਕਿਓਂ ਨਹੀਂ ਤਰ ਜਾਂਦੇ?

**ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ**
**ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥**

ਕਿਸੇ ਨੂੰ ਵੈਰਾਗੀ, ਸੰਨਿਆਸੀ, ਯੋਗੀ, ਬ੍ਰਹਮਚਾਰੀ ਅਤੇ ਜਤੀ ਸਮਝ ਲਉ।

**ਹਿੰਦੂ ਔ ਤੁਰਕ ਕੋਊ ਰਾਫਜੀ ਇਮਾਮ ਸਾਫੀ**
**ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ॥**

ਕੋਈ ਹਿੰਦੂ, ਮੁਸਲਮਾਨ, ਤਿਆਗੀ ਅਤੇ ਇਮਾਮ ਦਾ ਚੇਲਾ (ਸੁੰਨੀ ਮੁਸਲਮਾਨ) ਹੈ, ਪਰ ਸਾਰੇ ਮਨੁੱਖਾਂ ਦੀ ਜਾਤ ਇੱਕ ਹੀ ਸਮਝੋ।

**ਕਰਤਾ ਕਰੀਮ ਸੋਈ ਰਾਜਕ ਰਹੀਮ ਓਈ**
**ਦੂਸਰੋ ਨ ਭੇਦ ਕੋਈ ਭੂਲਿ ਭ੍ਰਮ ਮਾਨਬੋ॥**

ਕਰਤਾ-ਕਰੀਮ ਅਤੇ ਰਾਜ਼ਿਕ-ਰਹੀਮ ਦੋਵੇਂ ਇੱਕ ਹੀ ਹਨ, ਭੁੱਲ ਕੇ ਵੀ ਇਹਨਾਂ ਵਿੱਚ ਭੇਦ-ਭਰਮ ਨਾ ਸਮਝਣਾ।

**ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ**
**ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ॥੧੫॥੮੫॥**

ਸਾਰਿਆਂ ਦਾ ਪੂਜਯ ਉਹ ਇੱਕ ਹੀ ਹੈ, ਸਾਰੇ ਉਸ ਇੱਕ ਦੀ ਹੀ ਸੇਵਾ ਕਰਦੇ ਹਨ, ਸਾਰੇ ਉਸ ਇੱਕ ਦੇ ਹੀ ਸਰੂਪ ਹਨ ਅਤੇ ਸਾਰਿਆਂ ਵਿੱਚ ਉਸ ਇੱਕ ਦੀ ਹੀ ਜੋਤ ਸਮਝੋ।

**ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ**
**ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥**

ਮੰਦਿਰ ਵੀ ਉਸ ਦਾ ਹੀ ਹੈ ਤੇ ਮਸਜਿਦ ਵੀ, ਪੂਜਾ ਅਤੇ ਨਮਾਜ਼ ਵੀ ਉਸਦੇ ਹੀ ਹਨ, ਸਾਰੇ ਮਨੁੱਖ ਇੱਕ ਸਮਾਨ ਹਨ, ਪਰ ਭਰਮ-ਭੁਲੇਖਿਆਂ ਕਾਰਨ ਸਾਰੇ ਵੱਖ-ਵੱਖ ਜਾਪਦੇ ਹਨ।

**ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ**
**ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥**

ਦੇਵਤੇ, ਦੈਂਤ, ਯੱਛ, ਗੰਧਰਬ, ਮੁਸਲਮਾਨ ਅਤੇ ਹਿੰਦੂਆਂ ਦੇ ਲਿਬਾਸ ਵੱਖ-ਵੱਖ ਦੇਸਾਂ ਦੇ ਪ੍ਰਭਾਵ ਕਰਕੇ ਹਨ।

**ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ**
**ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥**

ਸਾਰੀਆਂ ਜਾਤੀਆਂ ਦੇ ਇੱਕੋ ਜਿਹੇ ਨੇਤਰ, ਇੱਕੋ ਜਿਹੇ ਕੰਨ, ਇੱਕੋ ਜਿਹੀ ਦੇਹੀ ਅਤੇ ਇੱਕੋ ਜਿਹੀ ਬਣਾਵਟ ਹੈ, ਮਿੱਟੀ, ਹਵਾ, ਅੱਗ, ਪਾਣੀ ਦਾ ਵੀ ਇੱਕੋ ਜਿਹਾ ਹੀ ਰਲਾਉ ਹੈ।

**ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ**
**ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥੧੬॥੮੬॥**

ਉਹ ਅਲੱਾਹ ਭੇਖ ਰਹਿਤ ਹੈ, ਓਹੋ ਹੀ ਪੁਰਾਣ ਹੈ ਅਤੇ ਓਹੋ ਹੀ ਕੁਰਾਨ ਹੈ, ਸਾਰੇ ਸਰੂਪ ਇੱਕ ਹੀ ਹਨ ਅਤੇ ਸਾਰੀ ਬਣਾਵਟ ਇੱਕ ਦੀ ਹੀ ਹੈ।

**ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੇ**
**ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ॥**

ਜਿਸ ਤਰ੍ਹਾਂ ਇੱਕ ਹੀ ਅੱਗ ਤੋਂ ਕਰੋੜਾਂ ਹੀ ਚੰਗਿਆੜੇ ਉੱਠਦੇ ਹਨ, ਉੱਠ ਕੇ ਫਿਰ ਅੱਡ-ਅੱਡ ਹੋ ਕੇ ਅੱਗ ਵਿੱਚ ਆਪਣੇ ਆਪ ਨੂੰ ਮਿਲਾਉਣਗੇ।

**ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈ**
**ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥**

ਜਿਸ ਤਰ੍ਹਾਂ ਇੱਕ ਹੀ ਮਿੱਟੀ ਤੋਂ ਅਨੇਕਾਂ ਮਿੱਟੀ ਦੇ ਕਣ ਪੈਦਾ ਹੁੰਦੇ ਹਨ, ਮਿੱਟੀ ਦੇ ਕਣ ਫੇਰ ਮਿੱਟੀ ਵਿੱਚ ਹੀ ਲੀਨ ਹੋਣਗੇ।

**ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈਂ**
**ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿੰਗੇ॥**

ਜਿਸ ਤਰ੍ਹਾਂ ਇੱਕ ਦਰਿਆ 'ਚੋਂ ਕਰੋੜਾਂ ਲਹਿਰਾਂ ਉੱਠਦੀਆਂ ਹਨ, ਪਾਣੀ ਦੀਆਂ ਇਹ ਸਾਰੀਆਂ ਲਹਿਰਾਂ ਪਾਣੀ ਹੀ ਕਹਾਉਣਗੀਆਂ।

**ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੁਇ**
**ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ ॥੧੭॥੮੭॥**

ਓਸੇ ਤਰ੍ਹਾਂ ਹੀ ਵਿਰਾਟ ਸਰੂਪ ਤੋਂ ਸਾਰੇ ਜੜ੍ਹ ਤੇ ਚੇਤਨ ਜੀਵ ਪੈਦਾ ਹੋਏ ਹਨ, ਓਸੇ ਤੋਂ ਹੀ ਪੈਦਾ ਹੋਏ ਸਾਰੇ ਜੀਵ ਅੰਤ ਉਸ ਵਿੱਚ ਹੀ ਸਮਾਉਣਗੇ।

**ਕੇਤੇ ਕੱਛ ਮੱਛ ਕੇਤੇ ਉਨ ਕਉ ਕਰਤ ਭੱਛ**
**ਕੇਤੇ ਅੱਛ ਵੱਛ ਹੁਇ ਸਪੱਛ ਉੱਡ ਜਾਹਿੰਗੇ॥**

ਕਈ ਕੱਛੂ ਹਨ, ਕਈ ਮੱਛ ਹਨ ਅਤੇ ਕਈ ਓਨ੍ਹਾਂ ਨੂੰ ਖਾਂਦੇ ਹਨ, ਕਈ ਉੱਤਮ ਬੱਚੇ ਖੰਭਾਂ ਵਾਲੇ ਹੋ ਕੇ ਉੱਡ ਜਾਣਗੇ।

**ਕੇਤੇ ਨਭ ਬੀਚ ਅੱਛ ਪੱਛ ਕਉ ਕਰੈਂਗੇ ਭੱਛ**
**ਕੇਤਕ ਪ੍ਰਤੱਛ ਹੁਇ ਪਚਾਇ ਖਾਹਿ ਜਾਹਿੰਗੇ॥**

ਕਈ ਆਕਾਸ਼ ਵਿੱਚ ਆਂਡਿਆਂ ਤੋਂ ਉਪਜੇ ਪੰਛੀਆਂ ਨੂੰ ਖਾਣਗੇ, ਕਈ ਪ੍ਰਤੱਖ ਹੋ ਕੇ ਖਾ ਕੇ ਪਚਾ ਜਾਣਗੇ।

**ਜਲ ਕਹਾ ਥਲ ਕਹਾ ਗਗਨ ਕੇ ਗਉਨ ਕਹਾ**
**ਕਾਲ ਕੇ ਬਨਾਏ ਸਬੈ ਕਾਲ ਹੀ ਚਬਾਹਿੰਗੇ॥**

ਪਾਣੀ, ਜ਼ਮੀਨ ਅਤੇ ਆਸਮਾਨ ਵਿੱਚ ਉੱਡਣ ਵਾਲੇ ਸਾਰੇ ਜੀਵਾਂ ਨੂੰ ਕਾਲ ਨੇ ਪੈਦਾ ਕੀਤਾ ਹੈ ਤੇ ਕਾਲ ਹੀ ਨਾਸ ਕਰੇਗਾ।

**ਤੇਜ ਜਿਉ ਅਤੇਜ ਮੈ ਅਤੇਜ ਜੈਸੇ ਤੇਜ ਲੀਨ**
**ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥੧੮॥੮੮॥**

ਜਿਸ ਤਰ੍ਹਾਂ ਪ੍ਰਕਾਸ਼ ਹਨ੍ਹੇਰੇ ਵਿੱਚ ਅਤੇ ਹਨ੍ਹੇਰਾ ਪ੍ਰਕਾਸ਼ ਵਿੱਚ ਮਿਲ ਜਾਂਦਾ ਹੈ, ਉਸੇ ਤਰ੍ਹਾਂ ਉਸ ਕਾਲ ਤੋਂ ਪੈਦਾ ਹੋਏ, ਸਾਰੇ ਉਸ ਕਾਲ ਵਿੱਚ ਹੀ ਲੀਨ ਹੋਣਗੇ।

**ਕੂਕਤ ਫਿਰਤ ਕੇਤੇ ਰੋਵਤ ਮਰਤ ਕੇਤੇ**
**ਜਲ ਮੈ ਡੁਬਤ ਕੇਤੇ ਆਗਿ ਮੈ ਜਰਤ ਹੈਂ॥**

ਕਈ ਕੂਕਦੇ ਫਿਰਦੇ ਹਨ, ਕਈ ਰੋਂਦੇ ਮਰਦੇ ਹਨ, ਕਈ ਪਾਣੀ ਵਿੱਚ ਡੁੱਬਦੇ ਹਨ ਅਤੇ ਕਈ ਅੱਗ ਵਿੱਚ ਸੜਦੇ ਹਨ।

**ਕੇਤੇ ਗੰਗ ਬਾਸੀ ਕੇਤੇ ਮਦੀਨਾ ਮਕਾ ਨਿਵਾਸੀ**
**ਕੇਤਕ ਉਦਾਸੀ ਕੇ ਭ੍ਰਮਾਏ ਈ ਫਿਰਤ ਹੈਂ॥**

ਕਈ ਗੰਗਾ, ਮਦੀਨੇ ਤੇ ਮੱਕੇ ਦੇ ਨਿਵਾਸੀ ਬਣਦੇ ਹਨ, ਕਈ ਤਿਆਗੀ ਬਣ ਕੇ ਫਿਰਦੇ ਰਹਿੰਦੇ ਹਨ।

**ਕਰਵਤ ਸਹਤ ਕੇਤੇ ਭੂਮਿ ਮੈ ਗਡਤ ਕੇਤੇ**
**ਸੂਆ ਪੈ ਚੜ੍ਹਤ ਕੇਤੇ ਦੂਖ ਕਉ ਭਰਤ ਹੈਂ॥**

ਕਈ ਕਾਸ਼ੀ ਦਾ ਕਰਵਤ੍ਰ ਆਰਾ ਸਹਾਰਦੇ ਹਨ, ਕਈ ਜ਼ਮੀਨ ਵਿੱਚ ਗੱਡੇ ਜਾਂਦੇ ਹਨ, ਕਈ ਸੂਲੀ ’ਤੇ ਚੜ੍ਹ ਕੇ ਕੁਰਬਾਨ ਹੋ ਜਾਂਦੇ ਹਨ ਅਤੇ ਕਈ ਦੁੱਖਾਂ ਨੂੰ ਸਹਾਰਦੇ ਹਨ।

**ਗੈਨ ਮੈ ਉਡਤ ਕੇਤੇ ਜਲ ਮੈ ਰਹਤ ਕੇਤੇ**
**ਗਿਆਨ ਕੇ ਬਿਹੀਨ ਜਕ ਜਾਰੇ ਈ ਮਰਤ ਹੈਂ॥੧੯॥੮੯॥**

ਕਈ ਆਕਾਸ਼ ਵਿੱਚ ਉੱਡਦੇ ਰਹਿੰਦੇ ਹਨ, ਕਈ ਪਾਣੀ ਵਿੱਚ ਰਹਿੰਦੇ ਹਨ, ਪਰ ਗਿਆਨ ਤੋਂ ਖਾਲੀ ਹਠ ਦੇ ਸਾੜੇ ਹੋਏ ਹੀ ਮਰਦੇ ਹਨ।

**ਸੋਧ ਹਾਰੇ ਦੇਵਤਾ ਬਿਰੋਧ ਹਾਰੇ ਦਾਨੋ ਬਡੇ**
**ਬੋਧ ਹਾਰੇ ਬੋਧਕ ਪ੍ਰਬੋਧ ਹਾਰੇ ਜਾਪਸੀ॥**

ਪਵਿੱਤਰਤਾ ਵਿੱਚ ਦੇਵਤੇ ਹਾਰ ਗਏ, ਵੱਡੇ ਦੈਂਤ ਵਿਰੋਧ ਵਿੱਚ ਹਾਰ ਗਏ, ਉਪਦੇਸ਼ਕ ਉਪਦੇਸ਼ ਵਿੱਚ ਹਾਰ ਗਏ ਅਤੇ ਜਪੱਸਵੀ ਲੋਕ ਗਿਆਨ ਦ੍ਰਿੜਾਉਣ ਵਿੱਚ ਹੀ ਖ਼ਤਮ ਹੋ ਗਏ।

**ਘਸ ਹਾਰੇ ਚੰਦਨ ਲਗਾਇ ਹਾਰੇ ਚੋਆਚਾਰ**
**ਪੂਜ ਹਾਰੇ ਪਾਹਨ ਚਢਾਇ ਹਾਰੇ ਲਾਪਸੀ॥**

ਚੰਨਣ ਘਸਾਉਣ ਵਾਲੇ ਪੁਜਾਰੀ ਵੀ ਖ਼ਤਮ ਹੋ ਗਏ, ਉੱਤਮ ਤੇਲ (ਅਤਰ ਫਲੇਲ) ਲਾਉਣ ਵਾਲੇ ਵੀ ਮਰ ਗਏ, ਪੱਥਰਾਂ ਨੂੰ ਪੂਜਣ ਵਾਲੇ ਵੀ ਖ਼ਤਮ ਹੋ ਗਏ ਅਤੇ ਮਿੱਠੀ ਕੜ੍ਹੀ ਨੂੰ ਚੜਾਉਣ ਵਾਲੇ ਵੀ ਹਾਰ ਗਏ।

**ਗਾਹ ਹਾਰੇ ਗੋਰਨ ਮਨਾਇ ਹਾਰੇ ਮੜੀ ਮਟ**
**ਲੀਪ ਹਾਰੇ ਭੀਤਨ ਲਗਾਇ ਹਾਰੇ ਛਾਪਸੀ॥**

ਕਬਰਾਂ ਨੂੰ ਗਾਹੁਣ ਵਾਲੇ ਵੀ ਹਾਰ ਗਏ, ਮੜ੍ਹੀਆਂ ਅਤੇ ਮੱਠਾਂ ਨੂੰ ਮਨਾਉਣ ਵਾਲੇ ਵੀ ਹਾਰ ਗਏ, ਕੰਧਾਂ ਨੂੰ ਲਿੰਬ-ਪੋਚ ਕੇ ਤਿਲਕ ਲਾਉਣ ਵਾਲੇ ਵੀ ਖ਼ਤਮ ਹੋ ਗਏ।

**ਗਾਇ ਹਾਰੇ ਗੰਧ੍ਰਬ ਬਜਾਇ ਹਾਰੇ ਕਿੰਨਰ ਸਬ**
**ਪਚ ਹਾਰੇ ਪੰਡਿਤ ਤਪੰਤ ਹਾਰੇ ਤਾਪਸੀ॥੨੦॥੯੦॥**

ਗੰਧਰਵ ਗਾ ਕੇ ਹਾਰ ਗਏ, ਕਿੰਨਰ ਦੇਵ ਵਜੰਤ੍ਰੀ ਵਜਾ ਕੇ ਹਾਰ ਗਏ, ਬੁੱਧੀਮਾਨ ਵੀ ਖਪ ਕੇ ਹਾਰ ਗਏ ਅਤੇ ਤਪੱਸਵੀ ਲੋਕ ਤਪ ਕਰਦੇ ਹੋਏ ਹਾਰ ਗਏ, ਪਰ ਕੋਈ ਵੀ ਪਰਮੇਸ਼ਰ ਦਾ ਅੰਤ ਨਹੀਂ ਪਾ ਸਕਿਆ।

**ਤ੍ਵ ਪ੍ਰਸਾਦਿ॥ ਭੁਜੰਗ ਪ੍ਰਯਾਤ ਛੰਦ॥**
**ਨ ਰਾਗੰ ਨ ਰੰਗੰ ਨ ਰੂਪੰ ਨ ਰੇਖੰ॥**
**ਨ ਮੋਹੰ ਨ ਕ੍ਰੋਹੰ ਨ ਦ੍ਰੋਹੰ ਨ ਦ੍ਵੈਖੰ॥**

ਉਹ ਪ੍ਰਭੂ ਪ੍ਰਸੰਨਤਾ, ਆਨੰਦ, ਰੂਪ, ਆਕਾਰ, ਮੋਹ, ਕ੍ਰੋਧ, ਛਲ ਅਤੇ ਈਰਖਾ ਤੋਂ ਰਹਿਤ ਹੈ।

**ਨ ਕਰਮੰ ਨ ਭਰਮੰ ਨ ਜਨਮੰ ਨ ਜਾਤੰ॥**
**ਨ ਮਿਤ੍ਰੰ ਨ ਸਤ੍ਰੰ ਨ ਪਿਤ੍ਰੰ ਨ ਮਾਤੰ॥੧॥੯੧॥**

ਉਹ ਕਰਮ, ਭਰਮ, ਜਨਮ, ਜਾਤ, ਮਿੱਤਰਤਾ, ਦੁਸ਼ਮਣੀ, ਪਿਤਾ ਅਤੇ ਮਾਤਾ ਤੋਂ ਬਿਨਾਂ ਹੈ।

**ਨ ਨੇਹੰ ਨ ਗੇਹੰ ਨ ਕਾਮੰ ਨ ਧਾਮੰ॥**
**ਨ ਪੁਤ੍ਰੰ ਨ ਮਿਤ੍ਰੰ ਨ ਸਤ੍ਰੰ ਨ ਭਾਮੰ॥**

ਉਹ ਪ੍ਰੇਮ, ਘਰ, ਕਾਮ, ਮੁਕਾਮ, ਪੁੱਤਰ, ਮਿੱਤਰ, ਵੈਰੀ ਅਤੇ ਇਸਤਰੀ ਤੋਂ ਰਹਿਤ ਹੈ।

**ਅਲੇਖੰ ਅਭੇਖੰ ਅਜੋਨੀ ਸਰੂਪੰ॥**
**ਸਦਾ ਸਿੱਧਿਦਾ ਬੁੱਧਿਦਾ ਬ੍ਰਿਧ ਰੂਪੰ॥੨॥੯੨॥**

ਉਹ ਲੇਖ, ਭੇਖ, ਯੋਨੀ ਰਹਿਤ ਰੂਪ ਵਾਲਾ ਹੈ
ਅਤੇ ਉਹ ਹਮੇਸ਼ਾਂ ਹੀ ਸਿੱਧੀਆਂ ਤੇ ਬੁੱਧੀ ਦਾ ਦਾਤਾ, ਮਹਾਨ ਸਰੂਪ ਹੈ।

**ਨਹੀ ਜਾਨਿ ਜਾਈ ਕਛੂ ਰੂਪ ਰੇਖੰ ॥**
**ਕਹਾ ਬਾਸ ਤਾ ਕੋ ਫਿਰੈ ਕਉਨ ਭੇਖੰ॥**

ਉਸ ਦੇ ਰੂਪ, ਆਕਾਰ, ਵਾਸ ਅਤੇ ਭੇਖ ਬਾਰੇ ਕੋਈ ਨਹੀਂ ਜਾਣ ਸਕਦਾ।

**ਕਹਾ ਨਾਮ ਤਾ ਕੋ ਕਹਾ ਕੈ ਕਹਾਵੈ ॥ ਕਹਾ ਕੈ ਬਖਾਨੋ ਕਹੈ ਮੈ ਨ ਆਵੈ॥੩॥੯੩॥**

ਉਸ ਦਾ ਕੀ ਨਾਮ ਹੈ? ਕੀ ਕਰਕੇ ਸਦਾਉਂਦਾ ਹੈ?
ਕੋਈ ਕੀ ਆਖੇ? ਕਹਿਣ ਵਿੱਚ ਨਹੀਂ ਆਉਂਦਾ।

**ਨ ਰੋਗੰ ਨ ਸੋਗੰ ਨ ਮੋਹੰ ਨ ਮਾਤੰ॥**
**ਨ ਕਰਮੰ ਨ ਭਰਮੰ ਨ ਜਨਮੰ ਨ ਜਾਤੰ॥**

ਉਹ ਰੋਗ, ਗ਼ਮ, ਮੋਹ, ਮਾਇਆ, ਕਰਮ, ਭਰਮ, ਜਨਮ
ਅਤੇ ਜਾਤ ਰਹਿਤ ਹੈ।

**ਅਦ੍ਵੈਖੰ ਅਭੇਖੰ ਅਜੋਨੀ ਸਰੂਪੇ ॥**
**ਨਮੋ ਏਕ ਰੂਪੇ ਨਮੋ ਏਕ ਰੂਪੇ॥੪॥੯੪॥**

ਉਹ ਦ੍ਵੈਸ਼, ਭੇਖ, ਜੂਨਾਂ ਤੋਂ ਰਹਿਤ ਸਰੂਪ ਵਾਲਾ ਹੈ ਅਤੇ ਉਸ ਇੱਕ ਰੂਪ ਪ੍ਰਭੂ ਨੂੰ ਮੇਰੀ ਨਮਸਕਾਰ ਹੈ।

**ਪਰੇਅੰ ਪਰਾ ਪਰਮ ਪ੍ਰਗਿਆ ਪ੍ਰਕਾਸੀ॥**
**ਅਛੇਦੰ ਅਛੈ ਆਦਿ ਅਦ੍ਵੈ ਅਬਿਨਾਸੀ॥**

ਉਹ ਮਨ, ਬਾਣੀ ਤੋਂ ਪਰ੍ਹੇ, ਬੁੱਧੀ ਨੂੰ ਪ੍ਰਕਾਸ਼ਣ ਵਾਲਾ, ਦਵੈਤ
ਅਤੇ ਮੌਤ ਤੋਂ ਰਹਿਤ ਹੈ।

**ਨ ਜਾਤੰ ਨ ਪਾਤੰ ਨ ਰੂਪੰ ਨ ਰੰਗੇ ॥**
**ਨਮੋ ਆਦਿ ਅਭੰਗੇ ਨਮੋ ਆਦਿ ਅਭੰਗੇ॥੫॥੯੫॥**

ਉਹ ਪ੍ਰਭੂ ਜਾਤੀ, ਬਰਾਦਰੀ, ਰੂਪ, ਅਤੇ ਨਸਲ ਤੋਂ ਰਹਿਤ ਹੈ
ਅਤੇ ਆਦਿ ਤੋਂ ਹੀ ਅਵਿਨਾਸੀ ਪ੍ਰਭੂ ਨੂੰ ਨਮਸਕਾਰ ਹੈ।

**ਕਿਤੇ ਕ੍ਰਿਸਨ ਸੇ ਕੀਟ ਕੋਟੈ ਉਪਾਏ॥**
**ਉਸਾਰੇ ਗੜੇ ਫੇਰਿ ਮੇਟੇ ਬਨਾਏ॥**

ਉਸ ਪ੍ਰਭੂ ਨੇ ਕਈ ਕਰੋੜਾਂ ਹੀ ਕ੍ਰਿਸ਼ਨ ਵਰਗੇ ਤੁੱਛ ਜੀਵ ਪੈਦਾ ਕੀਤੇ, ਇਨ੍ਹਾਂ ਜੀਵਾਂ ਨੂੰ ਪਹਿਲਾਂ ਪੈਦਾ ਕੀਤਾ, ਪਾਲਿਆ, ਖ਼ਤਮ ਕੀਤਾ ਅਤੇ ਫਿਰ ਬਣਾ ਕੇ ਮੇਟ ਦਿੱਤਾ।

**ਅਗਾਧੇ ਅਭੈ ਆਦਿ ਅਦ੍ਵੈ ਅਬਿਨਾਸੀ॥**
**ਪ੍ਰੇਅੰ ਪਰਾ ਪਰਮ ਪੂਰਨ ਪ੍ਰਕਾਸੀ॥੬॥੯੬॥**

ਉਹ ਆਦਿ ਪ੍ਰਭੂ ਗੰਭੀਰ, ਨਿਰਭੈ, ਦਵੈਤ ਅਤੇ ਨਾਸ ਤੋਂ ਰਹਿਤ ਹੈ। ਉਹ ਮਹਾਨ ਪ੍ਰਭੂ ਮਨ ਬਾਣੀ ਤੋਂ ਪਰ੍ਹੇ ਅਤੇ ਪੂਰਨ ਪ੍ਰਕਾਸ਼ ਵਾਲਾ ਹੈ।

**ਨ ਆਧੰ ਨ ਬਿਆਧੰ ਅਗਾਧੰ ਸਰੂਪੇ॥**
**ਅਖੰਡਿਤ ਪ੍ਰਤਾਪ ਆਦਿ ਅਛੈ ਬਿਭੂਤੇ॥**

ਉਹ ਗੰਭੀਰ ਸਰੂਪ ਵਾਲਾ ਪ੍ਰਭੂ ਮਨ ਤਨ ਦੇ ਰੋਗਾਂ ਤੋਂ ਰਹਿਤ ਹੈ, ਉਸ ਇੱਕ ਰਸ ਪ੍ਰਤਾਪ ਵਾਲੇ ਪ੍ਰਭੂ ਦੀ ਸਮੱਗਰੀ ਆਦਿ ਤੋਂ ਹੀ ਨਾਸ ਰਹਿਤ ਹੈ।

**ਨ ਜਨਮੰ ਨ ਮਰਨੰ ਨ ਬਰਨੰ ਨ ਬਿਆਧੇ॥**
**ਅਖੰਡੇ ਪ੍ਰਚੰਡੇ ਅਦੰਡੇ ਅਸਾਧੇ॥੭॥੯੭॥**

ਉਹ ਜਨਮ, ਮਰਨ, ਵਰਨ, ਰੋਗ, ਖੰਡ, ਦੰਡ ਰਹਿਤ, ਤੇਜੱਸਵੀ ਅਤੇ ਆਕੀ ਹੈ।

**ਨ ਨੇਹੰ ਨ ਗੇਹੰ ਸਨੇਹੰ ਸਨਾਥੇ॥**
**ਉਦੰਡੇ ਅਮੰਡੇ ਪ੍ਰਚੰਡੇ ਪ੍ਰਮਾਥੇ॥**

ਉਹ ਪ੍ਰੇਮ ਤੇ ਘਰ ਤੋਂ ਰਹਿਤ, ਪ੍ਰੇਮੀਆਂ ਨੂੰ ਸਫ਼ਲ ਕਰਨ ਵਾਲਾ, ਨਿਡਰ, ਕਿਸੇ ਨੂੰ ਨਾ ਮੰਨਣ ਵਾਲਾ, ਤੇਜਮਈ ਅਤੇ ਸ਼੍ਰੋਮਣੀ ਹੈ।

**ਨ ਜਾਤੇ ਨ ਪਾਤੇ ਨ ਸੱਤ੍ਰੇ ਨ ਮਿੱਤ੍ਰੇ॥**
**ਸੁ ਭੂਤੇ ਭਵਿਖੇ ਭਵਾਨੇ ਅਚਿਤ੍ਰੇ॥੮॥੯੮॥**

ਉਹ ਜਾਤ-ਪਾਤ, ਦੁਸ਼ਮਣ ਅਤੇ ਮਿੱਤਰ ਰਹਿਤ ਹੈ, ਭੂਤ, ਭਵਿੱਖ ਅਤੇ ਵਰਤਮਾਨ ਵਿੱਚ ਉਸਦੇ ਸਰੂਪ ਬਾਰੇ ਕਲਪਨਾ ਨਹੀਂ ਕੀਤੀ ਜਾ ਸਕਦੀ।

**ਨ ਰਾਯੰ ਨ ਰੰਕੰ ਨ ਰੂਪੰ ਨ ਰੇਖੰ॥**
**ਨ ਲੋਭੰ ਨ ਛੋਭੰ ਅਭੂਤੰ ਅਭੇਖੰ॥**

ਉਹ ਅਮੀਰੀ, ਗਰੀਬੀ, ਰੂਪ, ਆਕਾਰ, ਲੋਭ, ਸ਼ੋਭਾ, ਤੱਤਾਂ ਅਤੇ ਭੇਖਾਂ ਤੋਂ ਰਹਿਤ ਹੈ।

**ਨ ਸੱਤ੍ਰੰ ਨ ਮਿਤ੍ਰੰ ਨ ਨੇਹੰ ਨ ਗੇਹੰ॥**
**ਸਦੈਵੰ ਸਦਾ ਸਰਬ ਸਰਬੱਤ੍ਰ ਸਨੇਹੰ॥੯॥੯੯॥**

ਉਹ ਦੁਸ਼ਮਣ, ਮਿੱਤਰ, ਪ੍ਰੇਮ ਅਤੇ ਘਰ ਤੋਂ ਰਹਿਤ ਹੈ, ਉਹ ਸਦਾ ਹੀ ਸਾਰਿਆਂ ਨਾਲ ਪ੍ਰੇਮ ਕਰਨ ਵਾਲਾ ਹੈ।

**ਨ ਕਾਮੰ ਨ ਕਰੋਧੰ ਨ ਲੋਭੰ ਨ ਮੋਹੰ॥**
**ਅਜੋਨੀ ਅਛੈ ਆਦਿ ਅਦ੍ਵੈ ਅਜੋਹੰ॥**

ਉਹ ਆਦਿ ਪ੍ਰਭੂ ਕਾਮ, ਕ੍ਰੋਧ, ਲੋਭ, ਮੋਹ, ਜੂਨ, ਨਾਸ, ਦਵੈਸ਼ ਅਤੇ ਅੰਦਾਜ਼ੇ ਤੋਂ ਰਹਿਤ ਹੈ।

**ਨ ਜਨਮੰ ਨ ਮਰਨੰ ਨ ਬਰਨੰ ਨ ਬਿਆਧੰ॥**
**ਨ ਰੋਗੰ ਨ ਸੋਗੰ ਅਭੈ ਨਿਰ ਬਿਖਾਧੰ॥੧੦॥੧੦੦॥**

ਉਹ ਜਨਮ, ਮਰਨ, ਵਰਣ, ਰੋਗ, ਦੁੱਖ, ਗ਼ਮ, ਡਰ ਅਤੇ ਕਲੇਸ਼ ਰਹਿਤ ਹੈ।

**ਅਛੇਦੰ ਅਭੇਦੰ ਅਕਰਮੰ ਅਕਾਲੰ॥**
**ਅਖੰਡੰ ਅਭੰਡੰ ਪ੍ਰਚੰਡੰ ਅਪਾਲੰ॥**

ਉਹ ਛੇਦ, ਭੇਦ, ਕਰਮ, ਮੌਤ, ਖੰਡ, ਬਦਨਾਮੀ, ਪਾਲਣਾ ਰਹਿਤ ਅਤੇ ਤੇਜੱਸਵੀ ਹੈ।

**ਨ ਤਾਤੰ ਨ ਮਾਤੰ ਨ ਜਾਤੰ ਨ ਕਾਯੰ॥**
**ਨ ਨੇਹੰ ਨ ਗੇਹੰ ਨ ਭਰਮੰ ਨ ਭਾਯੰ॥੧੧॥੧੦੧॥**

ਉਹ ਪਿਤਾ, ਮਾਤਾ, ਜਾਤ, ਸਰੀਰ, ਪ੍ਰੇਮ, ਘਰ, ਦਿਖਾਵਾ ਅਤੇ ਭਾਈਚਾਰੇ ਤੋਂ ਰਹਿਤ ਹੈ।

**ਨ ਰੂਪੰ ਨ ਭੂਪੰ ਨ ਕਾਯੰ ਨ ਕਰਮੰ॥**
**ਨ ਤ੍ਰਾਸੰ ਨ ਪ੍ਰਾਸੰ ਨ ਭੇਦੰ ਨ ਭਰਮੰ॥**

ਉਹ ਰੂਪ, ਵਡਿਆਈ, ਸਰੀਰ, ਕਰਮ, ਡਰ, ਭੋਜਨ, ਭੇਦ ਅਤੇ ਭਰਮ ਤੋਂ ਰਹਿਤ ਹੈ।

**ਸਦੈਵੰ ਸਦਾ ਸਿੱਧ ਬ੍ਰਿਧੰ ਸਰੂਪੇ॥**
**ਨਮੋ ਏਕ ਰੂਪੇ ਨਮੋ ਏਕ ਰੂਪੇ॥੧੨॥੧੦੨॥**

ਉਹ ਸਿੱਧ ਪ੍ਰਭੂ ਹਮੇਸ਼ਾਂ ਮਹਾਨ ਸਰੂਪ ਵਾਲਾ ਹੈ, ਉਸ ਇੱਕ ਪ੍ਰਭੂ ਨੂੰ ਮੇਰੀ ਨਮਸਕਾਰ ਹੈ।

**ਨ੍ਰਿਉਕਤੰ ਪ੍ਰਭਾ ਆਦਿ ਅਨਉਕਤੰ ਪ੍ਰਤਾਪੇ॥**
**ਅਜੁਗਤੰ ਅਛੈ ਆਦਿ ਅਵਿਕਤੇ ਅਥਾਪੇ॥**

ਉਹ ਆਦਿ ਪ੍ਰਭੂ ਅਕੱਥ ਸ਼ੋਭਾ ਵਾਲਾ, ਅਕੱਥ ਪ੍ਰਤਾਪ ਵਾਲਾ, ਨਿਰਲੇਪ, ਅਵਿਨਾਸੀ, ਆਦਿ, ਸਰੀਰ ਰਹਿਤ ਅਤੇ ਵਿਸ਼ੇਸ਼ ਸਥਾਨ ਰਹਿਤ ਹੈ।

**ਬਿਭੁਗਤੰ ਅਛੈ ਆਦਿ ਅਛੈ ਸਰੂਪੇ॥**
**ਨਮੋ ਏਕ ਰੂਪੇ ਨਮੋ ਏਕ ਰੂਪੇ॥੧੩॥੧੦੩॥**

ਉਹ ਮੁੱਢ ਤੋਂ ਹੀ ਅਮਰ ਪਦਾਰਥ ਅਤੇ ਅਮਰ ਸਰੂਪ ਵਾਲਾ ਹੈ, ਉਸ ਇੱਕ ਪ੍ਰਭੂ ਨੂੰ ਨਮਸਕਾਰ ਹੈ।

**ਨ ਨੇਹੰ ਨ ਗੇਹੰ ਨ ਸੋਕੰ ਨ ਸਾਕੰ॥**
**ਪਰੇਅੰ ਪਵਿਤ੍ਰੰ ਪੁਨੀਤੰ ਅਤਾਕੰ॥**
ਉਹ ਪ੍ਰੇਮ, ਘਰ, ਗ਼ਮ ਤੇ ਸੰਬੰਧ ਰਹਿਤ ਮਨ, ਬਾਣੀ ਤੋਂ ਪਰ੍ਹੇ, ਪਵਿੱਤਰ, ਪੁਨੀਤ ਅਤੇ ਨਾ ਵੇਖਿਆ ਜਾਣ ਵਾਲਾ ਹੈ।

**ਨ ਜਾਤੰ ਨ ਪਾਤੰ ਨ ਮਿੱਤ੍ਰੰ ਨ ਮੰਤ੍ਰੇ॥**
**ਨਮੋ ਏਕ ਤੰਤ੍ਰੇ ਨਮੋ ਏਕ ਤੰਤ੍ਰੇ॥੧੪॥੧੦੪॥**
ਉਹ ਜਾਤੀ, ਸ਼ਰੀਕੇ, ਮਿੱਤਰ ਅਤੇ ਸਲਾਹਕਾਰਾਂ ਤੋਂ ਰਹਿਤ ਹੈ, ਉਸ ਇੱਕ ਸਿਧਾਂਤਮਈ ਨੂੰ ਨਮਸਕਾਰ ਹੈ।

**ਨ ਧਰਮੰ ਨ ਭਰਮੰ ਨ ਸਰਮੰ ਨ ਸਾਕੇ॥**
**ਨ ਬਰਮੰ ਨ ਚਰਮੰ ਨ ਕਰਮੰ ਨ ਬਾਕੇ॥**
ਓਹ ਧਰਮ, ਭਰਮ, ਸ਼ਰਮ, ਜੰਗਾਂ, ਸੰਜੋਆਂ, ਢਾਲਾਂ, ਕਰਮ ਅਤੇ ਡਰ ਤੋਂ ਰਹਿਤ ਹੈ।

**ਨ ਸੱਤ੍ਰੰ ਨ ਮਿੱਤ੍ਰੰ ਨ ਪੁੱਤ੍ਰੰ ਸਰੂਪੇ॥**
**ਨਮੋ ਆਦਿ ਰੂਪੇ ਨਮੋ ਆਦਿ ਰੂਪੇ॥੧੫॥੧੦੫॥**
ਉਸਦਾ ਸਰੂਪ ਦੁਸ਼ਮਣ, ਮਿੱਤਰ ਅਤੇ ਪੁੱਤਰ ਤੋਂ ਬਿਨਾਂ ਹੈ, ਉਸ ਇੱਕ ਆਦਿ ਪ੍ਰਭੂ ਨੂੰ ਨਮਸਕਾਰ ਹੈ।

**ਕਹੂੰ ਕੰਜ ਕੇ ਮੰਜ ਕੇ ਭਰਮ ਭੂਲੇ॥**
**ਕਹੂੰ ਰੰਕ ਕੇ ਰਾਜ ਕੇ ਧਰਮ ਅਲੂਲੇ॥**
ਹੇ ਪ੍ਰਭੂ! ਤੂੰ ਕਿਤੇ ਕਮਲ ਦੀ ਸੁਗੰਧੀ ਦੇ ਭਰਮ ਵਿੱਚ ਭੌਰਾ ਬਣ ਕੇ ਭੁੱਲ ਜਾਣ ਵਾਲਾ ਹੈਂ ਅਤੇ ਕਿਤੇ ਕੰਗਾਲਾਂ ਤੇ ਰਾਜਿਆਂ ਦੇ ਧਰਮ ਵਿੱਚ ਸਥਿਰ ਵਾਲਾ ਹੈਂ।

**ਕਹੂੰ ਦੇਸ ਕੇ ਭੇਸ ਕੇ ਧਰਮ ਧਾਮੇ॥**
**ਕਹੂੰ ਰਾਜ ਕੇ ਸਾਜ ਕੇ ਬਾਜ ਤਾਮੇ॥੧੬॥੧੦੬॥**
ਕਿਤੇ ਦੇਸਾਂ ਦੇ ਪੰਥਾਂ ਦੇ ਧਰਮਾਂ ਦਾ ਘਰ ਹੈਂ ਅਤੇ ਕਿਤੇ ਰਾਜ ਦਾ ਸਾਜੋ-ਸਮਾਨ ਹੈਂ ਤੇ ਕਿਤੇ ਰਾਜ ਦਾ ਸੰਪੂਰਨ ਕਰ (ਟੈਕਸ) ਹੈਂ।

**ਕਹੂੰ ਅੱਛ੍ਰ ਕੇ ਪੱਛ੍ਰ ਕੇ ਸਿੱਧ ਸਾਧੇ॥**
**ਕਹੂੰ ਸਿੱਧ ਕੇ ਬੁੱਧਿ ਕੇ ਬ੍ਰਿੱਧ ਲਾਧੇ॥**
ਕਿਤੇ ਅੱਖਰਾਂ ਅਤੇ ਵਿਦਵਾਨਾਂ ਦੁਆਰਾ ਸਿੱਧ ਕੀਤਾ ਹੋਇਆ ਪ੍ਰਯੋਗ ਹੈਂ ਅਤੇ ਕਿਤੇ ਤੂੰ ਸਿੱਧਾਂ ਦੇ ਮਹਾਨ ਵਿਚਾਰ ਖੋਜੇ ਹਨ।

**ਕਹੂੰ ਅੰਗ ਕੇ ਰੰਗ ਕੇ ਸੰਗਿ ਦੇਖੇ॥**
**ਕਹੂੰ ਜੰਗ ਕੇ ਰੰਗ ਕੇ ਰੰਗ ਪੇਖੇ॥੧੭॥੧੦੭॥**
ਕਿਤੇ ਇਸਤਰੀਆਂ ਦੇ ਰੰਗ ਵਿੱਚ ਰੰਗਿਆ ਅਤੇ ਕਿਤੇ ਜੰਗ ਦੇ ਰੰਗ ਵਿੱਚ ਰੰਗਿਆ ਵੇਖਿਆ ਗਿਆ ਹੈਂ।

**ਕਹੂੰ ਧਰਮ ਕੇ ਕਰਮ ਕੇ ਹਰਮ ਜਾਨੇ॥**
**ਕਹੂੰ ਧਰਮ ਕੇ ਕਰਮ ਕੇ ਭਰਮ ਮਾਨੇ॥**

ਤੁਸੀਂ ਕਿਤੇ ਧਰਮ ਦੇ ਕਰਮਾਂ ਲਈ ਮਸ਼ਹੂਰ ਜਾਣੇ ਜਾਂਦੇ ਹੋ ਅਤੇ ਕਿਤੇ ਧਰਮ ਦੇ ਕਰਮਾਂ ਨੂੰ ਪਖੰਡ ਮੰਨਦੇ ਹੋ।

**ਕਹੂੰ ਚਾਰੁ ਚੇਸਟਾ ਕਹੂੰ ਚਿਤ੍ਰ ਰੂਪੰ॥**
**ਕਹੂੰ ਪਰਮ ਪ੍ਰਗਿਆ ਕਹੂੰ ਸਰਬ ਭੂਪੰ॥੧੮॥੧੦੮॥**

ਕਿਤੇ ਉੱਤਮ ਲੀਲ੍ਹਾ ਵਾਲੇ, ਕਿਤੇ ਅਸਚਰਜ ਰੂਪ ਹੋ ਅਤੇ ਕਿਤੇ ਮਹਾਨ ਬੁੱਧੀਮਾਨ ਅਤੇ ਕਿਤੇ ਸਾਰਿਆਂ ਦੇ ਰਾਜੇ ਹੋ।

**ਕਹੂੰ ਨੇਹ ਗ੍ਰੇਹੰ ਕਹੂੰ ਦੇਹ ਦੋਖੰ॥**
**ਕਹੂੰ ਅਉਖਧੀ ਰੋਗ ਕੇ ਸੋਕ ਸੋਖੰ॥**

ਕਿਤੇ ਗ੍ਰਿਹਸਥੀ, ਕਿਤੇ ਦੇਹ ਨੂੰ ਦੁੱਖ ਦੇਣ ਵਾਲੇ ਸੰਨਿਆਸੀ ਹੋ ਅਤੇ ਕਿਤੇ ਰੋਗ ਦੇ ਦੁੱਖ ਨੂੰ ਖ਼ਤਮ ਕਰਨ ਵਾਲੀ ਦਵਾਈ ਹੋ।

**ਕਹੂੰ ਦੇਵ ਬਿਦਿਆ ਕਹੂੰ ਦੈਤ ਬਾਨੀ॥**
**ਕਹੂੰ ਜੱਛ ਗੰਧ੍ਰਬ ਕਿੰਨਰ ਕਹਾਨੀ॥੧੯॥੧੦੯॥**

ਕਿਤੇ ਮਿੱਠੀ ਬੋਲੀ ਬੋਲਣ ਵਾਲੇ ਤੇ ਕਿਤੇ ਕੌੜੇ ਬੋਲ ਬੋਲਣ ਵਾਲੇ ਹੋ ਅਤੇ ਕਿਤੇ ਯੱਛ, ਗੰਧਰਵ ਅਤੇ ਕਿੰਨਰਾਂ ਦੀਆਂ ਸਾਖੀਆਂ ਹੋ।

**ਕਹੂੰ ਰਾਜਸੀ ਸਾਤਕੀ ਤਾਮਸੀ ਹੋ॥**
**ਕਹੂੰ ਜੋਗ ਬਿਦਿਆ ਧਰੇ ਤਾਪਸੀ ਹੋ॥**

ਕਿਤੇ ਰਜੋ ਗੁਣੀ, ਸਤੋ ਗੁਣੀ ਅਤੇ ਤਮੋ ਗੁਣੀ ਸੁਭਾਅ ਵਾਲੇ ਹੋ ਅਤੇ ਕਿਤੇ ਯੋਗ ਦੀ ਵਿੱਦਿਆ ਨੂੰ ਧਾਰਨ ਕਰਨ ਵਾਲੇ ਤਪੱਸਵੀ ਹੋ।

**ਕਹੂੰ ਰੋਗ ਹਰਤਾ ਕਹੂੰ ਜੋਗ ਜੁਗਤੰ॥**
**ਕਹੂੰ ਭੂਮਿ ਕੀ ਭੁਗਤ ਮੈ ਭਰਮ ਭੁਗਤੰ॥੨੦॥੧੧੦॥**

ਕਿਤੇ ਰੋਗ ਨੂੰ ਕੱਟਣ ਵਾਲੇ ਤੇ ਕਿਤੇ ਯੋਗ ਦੇ ਨਿਯਮ ਦੱਸਣ ਵਾਲੇ ਹੋ, ਕਿਤੇ ਸੰਸਾਰ ਦੀ ਸਮੱਗਰੀ ਨੂੰ ਭੋਗਣ ਵਿੱਚ ਭੁੱਲੇ ਹੋਏ ਹੋ।

**ਕਹੂੰ ਦੇਵ ਕੰਨਿਆ ਕਹੂੰ ਦਾਨਵੀ ਹੋ॥**
**ਕਹੂੰ ਜੱਛ ਬਿਦਿਆਧਰੇ ਮਾਨਵੀ ਹੋ॥**

ਕਿਤੇ ਦੇਵਤਿਆਂ ਦੀ ਪੁੱਤਰੀ, ਕਿਤੇ ਦੈਂਤਾਂ ਦੀ ਕੰਨਿਆ ਹੋ, ਕਿਤੇ ਜੱਛ ਅਤੇ ਵਿਦਵਾਨ ਮਨੁੱਖ ਹੋ।

**ਕਹੂੰ ਰਾਜਸੀ ਹੋ ਕਹੂੰ ਰਾਜ ਕੰਨਿਆ॥**
**ਕਹੂੰ ਸ੍ਰਿਸਟਿ ਕੀ ਪ੍ਰਿਸਟ ਕੀ ਰਿਸਟ ਪੰਨਿਆ॥੨੧॥੧੧੧॥**

ਕਿਤੇ ਮਹਾਂਰਾਣੀ ਹੋ ਤੇ ਕਿਤੇ ਰਾਜ ਪੁੱਤਰੀ ਹੋ।
ਕਿਤੇ ਪਤਾਲ ਦੇ ਨਾਗ ਰਾਜੇ ਦੀ ਸੁੰਦਰ ਕੰਨਿਆ ਹੋ।

**ਕਹੂੰ ਬੇਦ ਬਿੱਦਿਆ ਕਹੂੰ ਬਿਓਮ ਬਾਨੀ॥**
**ਕਹੂੰ ਕੋਕ ਕੀ ਕਾਬਿ ਕਥੈ ਕਹਾਨੀ॥**

ਕਿਤੇ ਵੇਦ ਵਿੱਦਿਆ ਹੋ, ਕਿਤੇ ਆਕਾਸ਼ ਬਾਣੀ ਹੋ ਅਤੇ ਕਿਤੇ ਕੋਕ-ਸ਼ਾਸਤ੍ਰ ਦੀ ਕਾਵਿ-ਕਥਾ ਕਹਿੰਦੇ ਹੋ।

**ਕਹੂੰ ਅਦ੍ਰ ਸਾਰੰ ਕਹੂੰ ਭੱਦ੍ਰ ਰੂਪੰ॥**
**ਕਹੂੰ ਮੱਦ੍ਰ ਬਾਨੀ ਕਹੂੰ ਛਿੱਦ੍ਰ ਸਰੂਪੰ॥੨੨॥੧੧੨॥**

ਕਿਤੇ ਪਹਾੜ ਦਾ ਰਸ (ਸ਼ਿਲਾਜੀਤ, ਪਾਣੀ, ਲੋਹਾ, ਪੱਥਰ ਦਾ ਕੋਲਾ, ਹਰੇਕ ਧਾਤੂ) ਹੋ, ਕਿਤੇ ਸੋਨਾ ਅਤੇ ਚਾਂਦੀ ਹੈ। ਕਿਤੇ ਮੰਗਲਮਈ ਬਾਣੀ, ਕਿਤੇ ਵਿਗੜੀ ਹੋਈ ਭਾਸ਼ਾ ਬੋਲਣ ਵਾਲੇ ਹੋ।

**ਕਹੂੰ ਬੇਦ ਬਿਦਿਆ ਕਹੂੰ ਕਾਬਿ ਰੂਪੰ॥**
**ਕਹੂੰ ਚੇਸਟਾ ਚਾਰ ਚਿੱਤ੍ਰੰ ਸਰੂਪੰ॥**

ਕਿਤੇ ਵੇਦ ਦਾ ਫਲਸਫਾ ਹੋ, ਕਿਤੇ ਕਵਿਤਾ ਦੇ ਰੂਪ ਹੋ। ਕਿਤੇ ਸੁੰਦਰ ਹਰਕਤ ਕਰਨ ਵਾਲੇ ਤੇ ਕਿਤੇ ਤਸਵੀਰ ਰੂਪ ਹੋ।

**ਕਹੂੰ ਪਰਮ ਪੁਰਾਨ ਕੋ ਪਾਰ ਪਾਵੈ॥**
**ਕਹੂੰ ਬੈਠ ਕੁਰਾਨ ਕੇ ਗੀਤ ਗਾਵੈ॥੨੩॥੧੧੩॥**

ਕਿਤੇ ਮਹਾਂ ਪੁਰਾਣਾਂ ਦੇ ਸਿਧਾਂਤਾਂ ਨੂੰ ਸਮਝਣ ਵਾਲੇ ਹੋ
ਅਤੇ ਕਿਤੇ ਬਹਿ ਕੇ ਕੁਰਾਨ ਦੇ ਸੋਹਿਲੇ ਗਾਉਂਦੇ ਹੋ।

**ਕਹੂੰ ਸੁੱਧ ਸੇਖੰ ਕਹੂੰ ਬ੍ਰਹਮ ਧਰਮੰ॥**
**ਕਹੂੰ ਬ੍ਰਿਧ ਅਵਸਥਾ ਕਹੂੰ ਬਾਲ ਕਰਮੰ॥**

ਕਿਤੇ ਨਿਰੋਲ ਸ਼ੇਖ ਹੋ, ਕਿਤੇ ਬ੍ਰਾਹਮਣ ਧਰਮ ਵਾਲੇ ਹੋ। ਕਿਤੇ ਬ੍ਰਿਧ ਅਵਸਥਾ ਵਾਲੇ ਤੇ ਕਿਤੇ ਬਾਲਾਂ ਵਾਲੇ ਕੰਮ ਕਰਨ ਵਾਲੇ ਹੋ।

**ਕਹੂੰ ਜੁਆ ਸਰੂਪੰ ਜਰਾ ਰਹਤ ਦੇਹੰ॥**
**ਕਹੂੰ ਨੇਹ ਦੇਹੰ ਕਹੂੰ ਤਿਆਗ ਗ੍ਰੇਹੰ॥੨੪॥੧੧੪॥**

ਕਿਤੇ ਯੁਵਾਵਸਥਾ ਵਾਲੇ ਤੇ ਬੁਢਾਪੇ ਰਹਿਤ ਸਰੀਰ ਵਾਲੇ ਹੋ। ਕਿਤੇ ਸਰੀਰ ਨੂੰ ਪ੍ਰੇਮ ਕਰਨ ਵਾਲੇ ਹੋ, ਕਿਤੇ ਤਿਆਗੀ ਹੋ ਕੇ ਸਰੀਰ ਨੂੰ ਦੁੱਖ ਦੇਣ ਵਾਲੇ ਹੋ।

**ਕਹੂੰ ਜੋਗ ਭੋਗੰ ਕਹੂੰ ਰੋਗ ਰਾਗੰ॥**
**ਕਹੂੰ ਰੋਗ ਰਹਤਾ ਕਹੂੰ ਭੋਗ ਤਿਆਗੰ॥**

ਕਿਤੇ ਯੋਗ, ਭੋਗ, ਰੋਗ ਤੇ ਪ੍ਰੇਮ ਦਾ ਰੂਪ ਹੋ ਤੇ ਕਿਤੇ ਰੋਗ ਨਾਸ਼ਕ ਤੇ ਕਿਤੇ ਭੋਗ ਤਿਆਗਣ ਵਾਲੇ ਯੋਗੀ ਹੋ।

**ਕਹੂੰ ਰਾਜ ਸਾਜੰ ਕਹੂੰ ਰਾਜ ਰੀਤੰ॥**
**ਕਹੂੰ ਪੂਰਨ ਪ੍ਰੱਗਿਆ ਕਹੂੰ ਪਰਮ ਪ੍ਰੀਤੰ॥੨੫॥੧੧੫॥**

ਕਿਤੇ ਰਾਜ ਦੀ ਸਮੱਗਰੀ ਹੋ ਤੇ ਕਿਤੇ ਉਸਦਾ ਕਾਨੂੰਨ ਹੋ

ਅਤੇ ਕਿਤੇ ਪੂਰਨ ਬੁੱਧੀਮਾਨ ਤੇ ਕਿਤੇ ਪਰਮ ਪ੍ਰੀਤਵਾਨ ਹੋ।

**ਕਹੂੰ ਆਰਬੀ ਤੋਰਕੀ ਪਾਰਸੀ ਹੋ॥**
**ਕਹੂੰ ਪਹਲਵੀ ਪਸਤਵੀ ਸੰਸਕ੍ਰਿਤੀ ਹੋ॥**

ਕਿਤੇ ਅਰਬੀ, ਤੁਰਕੀ, ਫਾਰਸੀ ਭਾਸ਼ਾ ਬੋਲਣ ਵਾਲੇ ਹੋ ਤੇ ਕਿਤੇ ਪਹਲਵੀ (ਈਰਾਨੀਆਂ ਦੀ ਭਾਸ਼ਾ), ਪਸ਼ਤੋ ਅਤੇ ਸੰਸਕ੍ਰਿਤੀ ਬੋਲਣ ਵਾਲੇ ਹੋ।

**ਕਹੂੰ ਦੇਸ ਭਾਖਿਆ ਕਹੂੰ ਦੇਵ ਬਾਨੀ॥**
**ਕਹੂੰ ਰਾਜ ਬਿਦਿਆ ਕਹੂੰ ਰਾਜਧਾਨੀ॥੨੬॥੧੧੬॥**

ਕਿਤੇ ਆਮ ਬੋਲੀ ਤੇ ਕਿਤੇ ਸੰਸਕ੍ਰਿਤ ਭਾਸ਼ਾ ਬੋਲਣ ਵਾਲੇ ਹੋ। ਕਿਤੇ ਰਾਜ ਭਾਸ਼ਾ ਤੇ ਕਿਤੇ ਰਾਜਧਾਨੀ ਦੀ ਭਾਸ਼ਾ ਬੋਲਦੇ ਹੋ।

**ਕਹੂੰ ਮੰਤ੍ਰ ਬਿੱਦਿਆ ਕਹੂੰ ਤੰਤ੍ਰ ਸਾਰੰ॥**
**ਕਹੂੰ ਜੰਤ੍ਰ ਰੀਤੰ ਕਹੂੰ ਸਸਤ੍ਰ ਧਾਰੰ॥**

ਕਿਤੇ ਮੰਤਰਾਂ ਦੀ ਵਿੱਦਿਆ, ਕਿਤੇ ਤੰਤ੍ਰਾਂ ਦੇ ਸਿਧਾਂਤ ਹੋ, ਕਿਤੇ ਜੰਤ੍ਰਾਂ ਦੀ ਰੀਤੀ ਤੇ ਕਿਤੇ ਸ਼ਾਸ਼ਤ੍ਰ ਧਾਰਨ ਕਰਨ ਵਾਲੇ ਹੋ।

**ਕਹੂੰ ਹੋਮ ਪੂਜਾ ਕਹੂੰ ਦੇਵ ਅਰਚਾ॥**
**ਕਹੂੰ ਪਿੰਗੁਲਾ ਚਾਰਣੀ ਗੀਤ ਚਰਚਾ॥੨੭॥੧੧੭॥**

ਕਿਤੇ ਹਵਨ ਪੂਜਾ ਤੇ ਕਿਤੇ ਮੂਰਤੀ ਪੂਜਾ ਹੋ।
ਕਿਤੇ ਪਿੰਗਲ ਦੇ ਨਿਯਮ ਵਾਲੀ ਕਵਿਤਾ, ਕਿਤੇ ਸੰਗੀਤ ਵਿੱਦਿਆ ਹੋ।

**ਕਹੂੰ ਬੀਨ ਬਿੱਦਿਆ ਕਹੂੰ ਗਾਨ ਗੀਤੰ॥**
**ਕਹੂੰ ਮਲੇਛ ਭਾਖਿਆ ਕਹੂੰ ਬੇਦ ਰੀਤੰ॥**

ਕਿਤੇ ਸਾਜ ਵਿੱਦਿਆ, ਕਿਤੇ ਗਾਇਣ ਵਿੱਦਿਆ ਹੋ।
ਕਿਤੇ ਮਲੇਛਾਂ ਦੀ ਭਾਸ਼ਾ ਤੇ ਕਿਤੇ ਵੇਦਾਂ ਦੀ ਰੀਤ ਹੋ।

**ਕਹੂੰ ਨ੍ਰਿਤ ਬਿੱਦਿਆ ਕਹੂੰ ਨਾਗ ਬਾਨੀ॥**
**ਕਹੂੰ ਗਾਰੜੂ ਗੂੜ੍ਹ ਕਥੈ ਕਹਾਨੀ॥੨੮॥੧੧੮॥**

ਕਿਤੇ ਨਾਚ ਵਿੱਦਿਆ, ਕਿਤੇ ਨਾਗ ਭਾਸ਼ਾ ਹੋ,
ਕਿਤੇ ਮੰਤ੍ਰਾਂ ਦੀ ਗੁਹਜ ਕਹਾਣੀ ਹੋ।

**ਕਹੂੰ ਅੱਛਰਾ ਪੱਛਰਾ ਮੱਛਰਾ ਹੋ॥**
**ਕਹੂੰ ਬੀਰ ਬਿੱਦਿਆ ਅਭੂਤੰ ਪ੍ਰਭਾ ਹੋ॥**

ਕਿਤੇ ਇਸ ਲੋਕ ਦੀ ਇਸਤਰੀ ਹੋ, ਕਿਤੇ ਸਵਰਗ ਲੋਕ ਦੀ ਇਸਤਰੀ ਹੋ, ਕਿਤੇ ਪਾਤਾਲ ਲੋਕ ਦੀ ਇਸਤਰੀ ਹੋ। ਕਿਤੇ ਸੂਰਵੀਰਾਂ ਦੀ ਵਿੱਦਿਆ ਅਤੇ ਅਸਚਰਜ਼ ਸ਼ੋਭਾ ਵਾਲੇ ਹੋ।

**ਕਹੂੰ ਛੈਲ ਛਾਲਾ ਧਰੇ ਛੱਤ੍ਰ ਧਾਰੀ॥**
**ਕਹੂੰ ਰਾਜ ਸਾਜੰ ਧਿਰਾਜਾਧਿਕਾਰੀ॥੨੯॥੧੧੯॥**

ਕਿਤੇ ਸੋਹਣੇ ਯੋਗੀ, ਕਿਤੇ ਰਾਜਾ ਹੋ।
ਕਿਤੇ ਮਹਾਨ ਰਾਜ-ਸਾਜ ਵਾਲੇ ਰਾਜ ਦੇ ਅਧਿਕਾਰੀ ਹੋ।

**ਨਮੋ ਨਾਥ ਪੂਰੇ ਸਦਾ ਸਿੱਧਿ ਦਾਤਾ॥**
**ਅਛੇਦੀ ਅਛੈ ਆਦਿ ਅਦ੍ਵੈ ਬਿਧਾਤਾ॥**

ਹਮੇਸ਼ਾਂ ਹੀ ਸਿੱਧੀਆਂ ਦੇ ਦੇਣ ਵਾਲੇ ਪੂਰਨ ਸੁਆਮੀ ਨੂੰ ਨਮਸਕਾਰ ਹੈ। ਉਹ ਦੁਖ ਰਹਿਤ, ਅਮਰ, ਆਦਿ, ਦਵੈਸ਼ ਰਹਿਤ ਅਤੇ ਫਲ ਦੇਣ ਵਾਲਾ ਹੈ।

**ਨ ਤ੍ਰਸਤੰ ਨ ਗ੍ਰਸਤੰ ਸਮਸਤੰ ਸਰੂਪੇ॥**
**ਨਮਸਤੰ ਨਮਸਤੰ ਤੁਅਸਤੰ ਅਭੂਤੇ॥੩੦॥੧੨੦॥**

ਉਹ ਨਾ ਡਰਦਾ ਹੈ, ਨਾ ਫੜ੍ਹਿਆ ਜਾਂਦਾ ਹੈ, ਉਸਦਾ ਸਰੂਪ ਸਰਵ-ਵਿਆਪਕ ਹੈ। ਹੇ ਤੱਤਾਂ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ, ਨਮਸਕਾਰ ਹੈ।

**ਤ੍ਵਪ੍ਰਸਾਦਿ ॥ ਪਾਧੜੀ ਛੰਦ ॥**

**ਅਬਯਕਤ ਤੇਜ ਅਨਭਉ ਪ੍ਰਕਾਸ॥**
**ਅੱਛੈ ਸਰੂਪ ਅਦ੍ਵੈ ਅਨਾਸ॥**

ਉਹ ਇੱਕ ਪ੍ਰਭੂ ਆਕਾਰ ਤੋਂ ਬਿਨਾਂ, ਡਰ ਰਹਿਤ, ਤੇਜਵਾਲਾ, ਅਮਰ ਅਤੇ ਅਵਿਨਾਸੀ ਸਰੂਪ ਵਾਲਾ ਹੈ।

**ਅਨਤੁੱਟ ਤੇਜ ਅਨਖੁਟ ਭੰਡਾਰ॥**
**ਦਾਤਾ ਦੁਰੰਤ ਸਰਬੰ ਪ੍ਰਕਾਰ॥੧॥੧੨੧॥**

ਉਹ ਇੱਕ ਰਸ ਪ੍ਰਕਾਸ਼ ਦਾ ਅਖੁੱਟ ਖਜ਼ਾਨਾ ਹੈ,
ਸਭ ਪ੍ਰਕਾਰ ਨਾਲ ਹੀ ਮਹਾਨ ਦਾਤਾ ਹੈ।

**ਅਨਭੂਤਿ ਤੇਜ ਅਨਛਿੱਜ ਗਾਤ॥ ਕਰਤਾ ਸਦੀਵ ਹਰਤਾ ਸਨਾਤ॥**

ਉਹ ਤੇਜ਼ ਅਨੁਭਵ ਵਾਲਾ, ਮੌਤ ਰਹਿਤ ਸਰੀਰ ਵਾਲਾ ਹੈ। ਉਹ ਅਵਿਨਾਸੀ ਪ੍ਰਭੂ ਸਦਾ ਹੀ ਬੁਰਿਆਂ ਨੂੰ ਖ਼ਤਮ ਕਰਨ ਵਾਲਾ ਹੈ।

**ਆਸਨ ਅਡੋਲ ਅਨਭੂਤ ਕਰਮ॥**
**ਦਾਤਾ ਦਇਆਲ ਅਨਭੂਤ ਧਰਮ॥੨॥੧੨੨॥**

ਉਹ ਅਡੋਲ ਆਸਣ ਵਾਲਾ, ਪਰਖੇ ਹੋਏ ਕੰਮ ਕਰਨ ਵਾਲਾ, ਦਿਆਲੂ, ਦਾਤਾਰ ਅਤੇ ਗਿਆਨ-ਮਈ ਧਰਮ ਵਾਲਾ ਹੈ।

**ਜਿਹ ਸੱਤ੍ਰੁ ਮਿੱਤ੍ਰ ਨਹੀ ਜਨਮ ਜਾਤਿ॥**
**ਜਿਹ ਪੁੱਤ੍ਰ ਭ੍ਰਾਤ ਨਹੀ ਮਿੱਤ੍ਰ ਮਾਤ॥**

ਜਿਸਦਾ ਕੋਈ ਦੁਸ਼ਮਣ, ਸੱਜਣ, ਜਨਮ, ਜਾਤੀ, ਪੁੱਤਰ, ਭਰਾ, ਮਿੱਤਰ ਅਤੇ ਮਾਤਾ ਨਹੀਂ ਹੈ।

**ਜਿਹ ਕਰਮ ਭਰਮ ਨਹੀ ਧਰਮ ਧਿਆਨ॥**
**ਜਿਹ ਨੇਹ ਗੇਹ ਨਹੀ ਬਿਓਤ ਬਾਨ॥੩॥੧੨੩॥**
ਜੋ ਕਰਮ, ਪਖੰਡ, ਧਰਮ, ਪ੍ਰੇਮ, ਘਰ, ਵਿਓਂਤਬੰਦੀ ਤੋਂ ਬਿਨਾਂ ਹੈ।
**ਜਿਹ ਜਾਤਿ ਪਾਤਿ ਨਹੀ ਸਤ੍ਰ ਮਿਤ੍ਰ॥**
**ਜਿਹ ਨੇਹ ਗੇਹ ਨਹੀ ਚਿਹਨ ਚਿਤ੍ਰ॥**
ਜੋ ਜਾਤ, ਬਰਾਦਰੀ, ਦੁਸ਼ਮਣ, ਸੱਜਣ, ਗ੍ਰਹਿਸਥ, ਚਿੰਨ੍ਹ ਅਤੇ
ਮੂਰਤੀ ਤੋਂ ਰਹਿਤ ਹੈ।
**ਜਿਹ ਰੰਗ ਰੂਪ ਨਹੀ ਰਾਗ ਰੇਖ॥**
**ਜਿਹ ਜਨਮ ਜਾਤਿ ਨਹੀ ਭਰਮ ਭੇਖ॥੪॥੧੨੪॥**
ਜੋ ਰੰਗ, ਰੂਪ, ਮੋਹ, ਰੀਤੀ, ਜਨਮ, ਜਾਤੀ, ਭਰਮ ਅਤੇ ਭੇਖ ਤੋਂ ਰਹਿਤ ਹੈ।
**ਜਿਹ ਕਰਮ ਭਰਮ ਨਹੀ ਜਾਤਿ ਪਾਤਿ॥**
**ਨਹੀ ਨੇਹ ਗੇਹ ਨਹੀ ਪਿਤ੍ਰ ਮਾਤ॥**
ਜੋ ਕਰਮ, ਪਖੰਡ, ਜਾਤ, ਕਬੀਲਾ, ਗ੍ਰਿਹਸਥ, ਪਿਤਾ
ਅਤੇ ਮਾਤਾ ਤੋਂ ਰਹਿਤ ਹੈ।
**ਜਿਹ ਨਾਮ ਥਾਮ ਨਹੀ ਬਰਗ ਬਿਆਧਿ॥**
**ਜਿਹ ਰੋਗ ਸੋਗ ਨਹੀ ਸਤ੍ਰ ਸਾਧ॥੫॥੧੨੫॥**
ਜਿਸਦਾ ਕੋਈ ਨਾਮ, ਥਾਂ, ਵਰਗ, ਦੁੱਖ, ਰੋਗ, ਗ਼ਮ, ਦੁਸ਼ਮਣ ਅਤੇ
ਸੱਜਣ ਨਹੀਂ ਹੈ।
**ਜਿਹ ਤ੍ਰਾਸ ਵਾਸ ਨਹੀ ਦੇਹ ਨਾਸ॥**
**ਜਿਹ ਆਦਿ ਅੰਤ ਨਹੀ ਰੂਪ ਰਾਸ॥**
ਜੋ ਡਰ ਤੇ ਨਿਵਾਸ ਤੋਂ ਰਹਿਤ ਅਤੇ ਨਾਸ ਰਹਿਤ ਸਰੀਰ ਵਾਲਾ ਹੈ।
ਜਿਸਦੇ ਰੂਪ ਦੇ ਸਮੁਦਾਇ ਦਾ ਆਦਿ ਅਤੇ ਅੰਤ ਨਹੀਂ ਹੈ।
**ਜਿਹ ਰੋਗ ਸੋਗ ਨਹੀ ਜੋਗ ਜੁਗਤਿ॥**
**ਜਿਹ ਤ੍ਰਾਸ ਆਸ ਨਹੀ ਭੂਮਿ ਭੁਗਤਿ॥੬॥੧੨੬॥**
ਜੋ ਰੋਗ, ਸੋਗ, ਜੋਗ ਦੀਆਂ ਜੁਗਤੀਆਂ ਤੋਂ ਰਹਿਤ ਹੈ। ਜੀਹਨੂੰ ਧਰਤੀ ਦੀਆਂ
ਭੋਗਣ ਯੋਗ ਵਸਤੂਆਂ ਤੋਂ ਕੋਈ ਡਰ ਤੇ ਆਸ ਨਹੀਂ ਹੈ।
**ਜਿਹ ਕਾਲ ਬਿਆਲ ਕਟਿਓ ਨ ਅੰਗ॥**
**ਅੱਛੈ ਸਰੂਪ ਅਖੈ ਅਭੰਗ॥**
ਜਿਸਦੇ ਸਰੀਰ ਨੂੰ ਕਾਲ ਰੂਪ ਸੱਪ ਨਹੀਂ ਡੰਗਦਾ।
ਉਹ ਅਵਿਨਾਸੀ, ਅਮਰ ਅਤੇ ਅਨਟੁੱਟ ਸਰੂਪ ਵਾਲਾ ਹੈ।

**ਜਿਹ ਨੇਤਿ ਨੇਤਿ ਉਚਰੰਤ ਬੇਦ॥**
**ਜਿਹ ਅਲਖ ਰੂਪ ਕਥਤ ਕਤੇਬ॥੭॥੧੨੭॥**
ਜੀਹਨੂੰ ਵੇਦ ਅਤੇ ਕਤੇਬ ਨਾ ਜਾਣਿਆ ਵਾਲਾ, ਬੇਅੰਤ ਰੂਪ ਕਹਿੰਦੇ ਹਨ।
**ਜਿਹ ਅਲਖ ਰੂਪ ਆਸਨ ਅਡੋਲ॥**
**ਜਿਹ ਅਮਿਤ ਤੇਜ ਅਛੈ ਅਤੋਲ॥**
ਜਿਸਦਾ ਰੂਪ ਨਾ ਜਾਣਿਆ ਜਾਣ ਵਾਲਾ ਅਤੇ ਅਡੋਲ ਆਸਣ ਵਾਲਾ ਹੈ। ਜੀਹਦਾ ਤੇਜ ਬੇਹੱਦ, ਅਖੰਡ ਅਤੇ ਤੋਲ ਰਹਿਤ ਹੈ।
**ਜਿਹ ਧਿਆਨ ਕਾਜ ਮੁਨਿ ਜਨ ਅਨੰਤ॥**
**ਕਈ ਕਲਪ ਜੋਗ ਸਾਧਤ ਦੁਰੰਤ॥੮॥੧੨੮॥**
ਜਿਸਦੇ ਧਿਆਨ ਵਾਸਤੇ ਬੇਅੰਤ ਹੀ ਮੁਨੀਜਨ ਕਈ ਯੁੱਗਾਂ ਤੱਕ ਕਠਿਨ ਯੋਗ ਸਾਧਦੇ ਹਨ।
**ਤਨ ਸੀਤ ਘਾਮ ਬਰਖਾ ਸਹੰਤ॥**
**ਕਈ ਕਲਪ ਏਕ ਆਸਨ ਬਿਤੰਤ॥**
ਕਈ ਸਰੀਰ 'ਤੇ ਸਰਦੀ, ਗਰਮੀ, ਅਤੇ ਮੀਂਹ ਸਹਾਰਦੇ ਹਨ। ਕਈ ਇਕ ਚਉਂਕੜੇ ਵਿੱਚ ਬੈਠੇ ਕਈ-ਕਈ ਯੁੱਗ ਬਤੀਤ ਕਰ ਦਿੰਦੇ ਹਨ।
**ਕਈ ਜਤਨ ਜੋਗ ਬਿਦਿਆ ਬਿਚਾਰ॥**
**ਸਾਧੰਤ ਤਦਪਿ ਪਾਵਤ ਨ ਪਾਰ॥੯॥੧੨੯॥**
ਕਈਆਂ ਤਰੀਕਿਆਂ ਨਾਲ ਯੋਗ-ਵਿੱਦਿਆ ਨੂੰ ਵਿਚਾਰਦੇ ਅਤੇ ਸਾਧਦੇ ਹਨ, ਪਰ ਤਾਂ ਵੀ ਤੇਰਾ ਪਾਰ ਨਹੀਂ ਪਾਉਂਦੇ।
**ਕਈ ਉਰਧ ਬਾਹੁ ਦੇਸਨ ਭ੍ਰਮੰਤ॥**
**ਕਈ ਉਰਧ ਮਧ ਪਾਵਕ ਝੁਲੰਤ॥**
ਕਈ ਉੱਚੀਆਂ ਬਾਹਾਂ ਕਰਕੇ ਦੇਸਾਂ-ਪਰਦੇਸਾਂ ਵਿੱਚ ਫਿਰਦੇ ਹਨ ਅਤੇ ਕਈ ਸਿਰ ਪਰਨੇ ਹੋ ਕੇ ਅੱਗ ਉੱਤੇ ਝੂਲਦੇ ਹਨ।
**ਕਈ ਸਿੰਮ੍ਰਿਤਿ ਸਾਸਤ੍ਰ ਉਚਰੰਤ ਬੇਦ॥**
**ਕਈ ਕੋਕ ਕਾਬਿ ਕਥਤ ਕਤੇਬ॥੧੦॥੧੩੦॥**
ਕਈ ਸਿਮ੍ਰਿਤੀਆਂ, ਸ਼ਾਸਤਰਾਂ ਅਤੇ ਵੇਦਾਂ ਦਾ ਉਚਾਰਨ ਕਰਦੇ ਹਨ। ਕਈ ਕੋਕ-ਸ਼ਾਸਤ੍ਰ, ਸਾਹਿਤ ਅਤੇ ਕਿਤਾਬਾਂ ਨੂੰ ਉਚਾਰਦੇ ਹਨ।
**ਕਈ ਅਗਨਿਹੋਤ੍ਰ ਕਈ ਪਉਨਾਹਾਰ॥**
**ਕਈ ਕਰਤ ਕੋਟ ਮ੍ਰਿਤ ਕੋ ਅਹਾਰ॥**
ਕਈ ਹਵਨ ਕਰਦੇ ਹਨ, ਕਈ ਪਉਣਾਹਾਰੀ ਹਨ। ਕਈ ਕਰੋੜਾਂ ਮਰਿਆਂ ਜੀਵਾਂ ਦਾ ਭੋਜਨ ਕਰਦੇ ਹਨ।

**ਕਈ ਕਰਤ ਸਾਕ ਪੈ ਪੱਤ੍ਰ ਭੱਛ॥**
**ਨਹੀ ਤਦਪਿ ਦੇਵ ਹੋਵਤ ਪ੍ਰਤੱਛ॥੧੧॥੧੩੧॥**
ਕਈ ਸ਼ਾਕਾਹਾਰੀ ਭੋਜਨ ਕਰਦੇ ਹਨ,
ਤਾਂ ਵੀ ਉਹਨਾਂ ਨੂੰ ਪ੍ਰਭੂ ਦਿਖਾਈ ਨਹੀਂ ਦੇਂਦਾ।
**ਕਈ ਗੀਤ ਗਾਨ ਗੰਧ੍ਰਬ ਰੀਤਿ॥**
**ਕਈ ਬੇਦ ਸਾਸਤ੍ਰ ਬਿਦਿਆ ਪ੍ਰਤੀਤਿ॥**
ਕਈ ਗੰਧਰਵਾਂ ਵਾਂਗ ਗੀਤ ਗਾਉਂਦੇ ਹਨ।
ਕਈ ਵੇਦਾਂ ਅਤੇ ਸ਼ਾਸਤ੍ਰਾਂ ਦੀ ਵਿੱਦਿਆ 'ਤੇ ਭਰੋਸਾ ਰੱਖਦੇ ਹਨ।
**ਕਹੂੰ ਬੇਦ ਰੀਤਿ ਜਗ ਆਦਿ ਕਰਮ॥**
**ਕਹੂੰ ਅਗਨਿਹੋਤ੍ਰ ਕਹੂੰ ਤੀਰਥ ਧਰਮ॥੧੨॥੧੩੨॥**
ਕਈ ਵੇਦ ਦੀ ਰੀਤ ਅਨੁਸਾਰ ਯੱਗ ਆਦਿ ਕਰਮ ਕਰਦੇ ਹਨ। ਕਈ ਹਵਨ-ਯੱਗ ਕਰਦੇ ਹਨ ਅਤੇ ਕਈ ਤੀਰਥ ਯਾਤਰਾ ਨੂੰ ਧਰਮ ਮੰਨਦੇ ਹਨ।
**ਕਈ ਦੇਸ ਦੇਸ ਭਾਖਾ ਰਟੰਤ॥**
**ਕਈ ਦੇਸ ਦੇਸ ਬਿਦਿਆ ਪੜ੍ਹੰਤ॥**
ਕਈ ਦੇਸਾਂ-ਦੇਸਾਂਤਰਾਂ ਦੀ ਭਾਸ਼ਾ ਨੂੰ ਉਚਾਰਦੇ ਹਨ।
ਕਈ ਦੇਸਾਂ-ਪਰਦੇਸਾਂ ਦੀਆਂ ਵਿੱਦਿਆਵਾਂ ਨੂੰ ਪੜ੍ਹਦੇ ਹਨ।
**ਕਈ ਕਰਤ ਭਾਂਤਿ ਭਾਂਤਿਨ ਬਿਚਾਰ॥**
**ਨਹੀ ਨੈਕ ਤਾਸ ਪਾਯਤਨ ਪਾਰ॥੧੩॥੧੩੩॥**
ਕਈ ਤਰ੍ਹਾਂ-ਤਰ੍ਹਾਂ ਦੀਆਂ ਵਿਚਾਰਾਂ ਕਰਦੇ ਹਨ ਤਾਂ ਵੀ ਰਤਾ ਮਾਤਰ ਉਸ ਪ੍ਰਭੂ ਦਾ ਪਾਰ ਨਹੀਂ ਪਾਉਂਦੇ।
**ਕਈ ਤੀਰਥ ਤੀਰਥ ਭਰਮਤ ਸੁ ਭਰਮ॥**
**ਕਈ ਅਗਨਿਹੋਤ੍ਰ ਕਈ ਦੇਵ ਕਰਮ॥**
ਕਈ ਤੀਰਥਾਂ 'ਤੇ ਭਰਮ ਵਿੱਚ ਹੀ ਫਿਰਦੇ ਰਹਿੰਦੇ ਹਨ।
ਕਈ ਹਵਨ ਕਰਦੇ ਹਨ ਅਤੇ ਕਈ ਮੂਰਤੀ ਪੂਜਾ ਕਰਨ ਵਾਲੇ ਹਨ।
**ਕਈ ਕਰਤ ਬੀਰ ਬਿਦਿਆ ਬਿਚਾਰ॥**
**ਨਹੀ ਤਦਪਿ ਤਾਸ ਪਾਯਤਨ ਪਾਰ॥੧੪॥੧੩੪॥**
ਕਈ ਬੀਰ-ਰਸੀ ਵਿੱਦਿਆ ਵਿਚਾਰਦੇ ਹਨ,
ਤਾਂ ਵੀ ਓਸ ਪ੍ਰਭੂ ਦਾ ਪਾਰ ਨਹੀਂ ਪਾ ਸਕਦੇ।
**ਕਹੂੰ ਰਾਜ ਰੀਤਿ ਕਹੂੰ ਜੋਗ ਧਰਮ॥**
**ਕਈ ਸਿੰਮ੍ਰਿਤਿ ਸਾਸਤ੍ਰ ਉਚਰਤ ਸੁ ਕਰਮ॥**
ਕਿਤੇ ਰਾਜਨੀਤੀ ਅਤੇ ਕਿਤੇ ਯੋਗ ਮੱਤ ਪ੍ਰਧਾਨ ਹੈ,
ਕਈ ਸਿਮ੍ਰਿਤੀਆਂ ਅਤੇ ਸ਼ਾਸਤ੍ਰਾਂ ਦੇ ਦੱਸੇ ਹੋਏ ਉੱਤਮ ਕਰਮ ਕਹਿੰਦੇ ਹਨ।

**ਨਿਉਲੀ ਆਦਿ ਕਰਮ ਕਹੂੰ ਹਸਤਿ ਦਾਨ॥**
**ਕਹੂੰ ਅਸ੍ਵ ਮੇਧ ਮਖ ਕੋ ਬਖਾਨ॥੧੫॥੧੩੫॥**

ਕਈ ਨੌਲੀ ਆਦਿਕ ਕਰਮ ਅਤੇ ਹਾਥੀਆਂ ਦਾ ਦਾਨ ਕਰਦੇ ਹਨ। ਕਈ ਅਸ੍ਵਮੇਧ ਯੱਗ ਦਾ ਵਖਿਆਨ ਕਰਦੇ ਹਨ।

**ਕਹੂੰ ਕਰਤ ਬ੍ਰਹਮ ਬਿੱਦਿਆ ਬਿਚਾਰ॥**
**ਕਹੂੰ ਜੋਗ ਰੀਤਿ ਕਹੂੰ ਬਿਰਧਚਾਰ॥**

ਕਈ ਵੇਦ ਵਿੱਦਿਆ ਨੂੰ ਵਿਚਾਰਦੇ ਹਨ। ਕਈ ਯੋਗ ਮਰਿਆਦਾ ਅਤੇ ਕਈ ਸਿਆਣੇ ਲੋਕਾਂ ਦੀ ਮਰਿਆਦਾ ਨਿਭਾਉਂਦੇ ਹਨ।

**ਕਹੂੰ ਕਰਤ ਜੱਛ ਗੰਧ੍ਰਬ ਗਾਨ॥**
**ਕਹੂੰ ਧੂਪ ਦੀਪ ਕਹੂੰ ਅਰਘ ਦਾਨ॥੧੬॥੧੩੬॥**

ਕਈ ਯੱਛ ਅਤੇ ਗੰਧਰਵਾਂ ਵਾਂਗ ਗਾਇਨ ਕਰਦੇ ਹਨ। ਕਈ ਧੂਪ, ਦੀਪ ਅਤੇ ਅਰਘ ਦਾਨ ਕਰਦੇ ਹਨ।

**ਕਹੂੰ ਪਿਤ੍ਰ ਕਰਮ ਕਹੂੰ ਬੇਦ ਰੀਤਿ॥**
**ਕਹੂੰ ਨ੍ਰਿਤ ਨਾਚ ਕਹੂੰ ਗਾਨ ਗੀਤਿ॥**

ਕਈ ਵੇਦ ਮਰਿਆਦਾ ਅਨੁਸਾਰ ਸਰਾਧ ਕਰਦੇ ਹਨ। ਕਈ ਨ੍ਰਿਤ-ਨਾਚ ਕਰਦੇ ਹਨ ਅਤੇ ਕਈ ਗੀਤਾਂ ਦਾ ਗਾਇਨ ਕਰਦੇ ਹਨ।

**ਕਹੂੰ ਕਰਤ ਸਾਸਤ੍ਰ ਸਿੰਮ੍ਰਿਤਿ ਉਚਾਰ॥**
**ਕਹੂੰ ਭਜਤ ਏਕ ਪਗ ਨਿਰਾਧਾਰ॥੧੭॥੧੩੭॥**

ਕਈ ਸ਼ਾਸਤ੍ਰ ਅਤੇ ਸਿਮ੍ਰਿਤੀਆਂ ਦਾ ਉਚਾਰਨ ਕਰਦੇ ਹਨ। ਕਈ ਨਿਰੰਤਰ ਇੱਕ ਪੈਰ 'ਤੇ ਖਲੋ ਕੇ ਤਪੱਸਿਆ ਕਰਦੇ ਹਨ।

**ਕਈ ਨੇਹ ਦੇਹ ਕਈ ਗੇਹ ਵਾਸ॥**
**ਕਈ ਭ੍ਰਮਤ ਦੇਸ ਦੇਸਨ ਉਦਾਸ॥**

ਕਈ ਸਰੀਰ ਨੂੰ ਪ੍ਰੇਮ ਕਰਨ ਵਾਲੇ ਅਤੇ ਕਈ ਘਰ ਵਿੱਚ ਰਹਿਣ ਵਾਲੇ ਹਨ। ਕਈ ਦੇਸਾਂ-ਦੇਸਾਂਤਰਾਂ ਵਿੱਚ ਉਦਾਸ ਹੋ ਕੇ ਫਿਰਦੇ ਹਨ।

**ਕਈ ਜਲ ਨਿਵਾਸ ਕਈ ਅਗਨਿ ਤਾਪ॥**
**ਕਈ ਜਪਤ ਉਰਧ ਲਟਕੰਤ ਜਾਪ॥੧੮॥੧੩੮॥**

ਕਈ ਪਾਣੀ ਵਿੱਚ ਨਿਵਾਸ ਕਰਦੇ ਹਨ ਅਤੇ ਕਈ ਧੂਣੀਆਂ ਤਪਾਉਂਦੇ ਹਨ। ਕਈ ਉਲਟੇ ਲਟਕ ਕੇ ਜਾਪ ਕਰਦੇ ਹਨ।

**ਕਈ ਕਰਤ ਜੋਗ ਕਲਪੰ ਪ੍ਰਜੰਤ॥**
**ਨਹੀ ਤਦਪਿ ਤਾਸ ਪਾਯਤਨ ਅੰਤ॥**

ਕਈ ਯੁੱਗਾਂ ਤੱਕ ਯੋਗ ਕਰਦੇ ਹਨ, ਤਾਂ ਵੀ ਓਸ ਦਾ ਅੰਤ ਨਹੀਂ ਪਾਉਂਦੇ।

**ਕਈ ਕਰਤ ਕੋਟਿ ਬਿਦਿਆ ਬਿਚਾਰਿ॥**
**ਨਹੀ ਤਦਪਿ ਦ੍ਰਿਸਟਿ ਦੇਖੇ ਮੁਰਾਰਿ॥੧੯॥੧੩੯॥**

ਕਈ ਕਰੋੜਾਂ ਵਿੱਦਿਆਵਾਂ ਦੀ ਵਿਚਾਰ ਕਰਦੇ ਹਨ, ਤਾਂ ਵੀ ਉਹਨਾਂ ਨੇ ਪ੍ਰਭੂ ਨੂੰ ਅੱਖਾਂ ਨਾਲ ਨਹੀਂ ਵੇਖਿਆ।

**ਬਿਨ ਭਗਤਿ ਸਕਤਿ ਨਹੀ ਪਰਤ ਪਾਨ॥**
**ਬਹੁ ਕਰਤ ਹੋਮ ਅਰੁ ਜੱਗ ਦਾਨ॥**

ਭਗਤੀ ਦੀ ਸ਼ਕਤੀ ਤੋਂ ਬਿਨਾਂ ਪ੍ਰਭੂ ਹੱਥ ਨਹੀਂ ਆਉਂਦਾ, ਭਾਵੇਂ ਕੋਈ ਬੇਅੰਤ ਹਵਨ, ਯੱਗ ਅਤੇ ਦਾਨ ਵੀ ਕਰੇ।

**ਬਿਨ ਏਕ ਨਾਮ ਇਕ ਚਿਤਲੀਨ॥**
**ਫੋਕਟੋ ਸਰਬ ਧਰਮਾ ਬਿਹੀਨ॥੨੦॥੧੪੦॥**

ਇਕਾਗਰਚਿੱਤ ਹੋ ਕੇ ਇੱਕ ਨਾਮ ਸਿਮਰੇ ਤੋਂ ਬਿਨਾਂ, ਸਾਰਿਆਂ ਧਰਮਾਂ ਦੇ ਕਰਮ-ਕਾਂਡ ਵਿਅਰਥ ਹਨ।

**ਤ੍ਵਪ੍ਰਸਾਦਿ ॥ ਤੋਟਕ ਛੰਦ ॥**

**ਜੈ ਜੰਪਹੁ ਜੁਗਣ ਜੂਹ ਜੁਅੰ॥ ਭੈ ਕੰਪਹੁ ਮੇਰੁ ਪਯਾਲ ਭੁਅੰ॥**

ਜੋ ਸਾਰੇ ਯੁੱਗਾਂ ਵਿੱਚ ਰਹਿੰਦਾ ਹੈ, ਜਿਸਦੇ ਡਰ ਨਾਲ ਆਕਾਸ਼, ਪਾਤਾਲ ਅਤੇ ਧਰਤੀ ਕੰਬਦੀ ਹੈ, ਸਾਰੇ ਉਸਦੀ ਜੈ-ਜੈ ਕਾਰ ਆਖੋ।

**ਤਪ ਤਾਪਸ ਸਰਬ ਜਲੇਰੁ ਥਲੰ॥**
**ਧਨ ਉਚਰਤ ਇੰਦ੍ਰ ਕੁਮੇਰ ਬਲੰ॥੧॥੧੪੧॥**

ਸਾਰੇ ਜਲ ਅਤੇ ਥਲ ਉਸਦੇ ਡਰ ਨਾਲ ਤਪਦੇ ਹਨ। ਇੰਦ੍ਰ, ਕੁਬੇਰ ਅਤੇ ਰਾਜਾ ਬਲ ਵੀ ਉਸਨੂੰ ਧੰਨ-ਧੰਨ ਆਖਦੇ ਹਨ।

**ਅਨਖੇਦ ਸਰੂਪ ਅਭੇਦ ਅਭਿਅੰ॥**
**ਅਨਖੰਡ ਅਭੂਤ ਅਛੇਦ ਅਛਿਅੰ॥**

ਉਸਦਾ ਸਰੂਪ ਦੁੱਖ, ਭੇਦ-ਭਾਵ, ਡਰ, ਖੰਡ, ਤੱਤਾਂ, ਛੇਦ ਅਤੇ ਨਾਸ ਰਹਿਤ ਹੈ।

**ਅਨਕਾਲ ਅਪਾਲ ਦਿਆਲ ਸੁਅੰ॥**
**ਜਿਹ ਠਟੀਅੰ ਮੇਰੁ ਅਕਾਸ ਭੁਅੰ॥੨॥੧੪੨॥**

ਉਹ ਕਾਲ ਰਹਿਤ, ਪਾਲਣ ਰਹਿਤ ਅਤੇ ਬੱਚਿਆਂ 'ਤੇ ਦਿਆਲਤਾ ਕਰਨ ਵਾਲਾ ਹੈ। ਜਿਸਨੇ ਪਹਾੜ, ਅਕਾਸ ਅਤੇ ਜ਼ਮੀਨ ਬਣਾਈ ਹੈ।

**ਅਨਖੰਡ ਅਮੰਡ ਪ੍ਰਚੰਡ ਨਰੰ॥**
**ਜਿਹ ਰਚੀਅੰ ਦੇਵ ਅਦੇਵ ਬਰੰ॥**

ਜੋ ਨਾ ਮਲਿਆ ਜਾਣ ਵਾਲਾ, ਸ਼ੋਭਾ ਵਾਲਾ, ਤੇਜੱਸਵੀ ਮਰਦ ਹੈ। ਜਿਸਨੇ ਦੇਵਤੇ ਅਤੇ ਦੈਂਤ ਰਚੇ ਹਨ।

**ਸਭ ਕੀਨੀ ਦੀਨ ਜਮੀਨ ਜਮਾਂ॥**
**ਜਿਹ ਰਚੀਅੰ ਸਰਬ ਮਕੀਨ ਮਕਾਂ॥੩॥੧੪੩॥**
ਉਸਨੇ ਸਾਰੀ ਜ਼ਮੀਨ ਅਤੇ ਆਸਮਾਨ ਆਪਣੇ ਅਧੀਨ ਕੀਤਾ ਹੋਇਆ ਹੈ।
ਜਿਸਨੇ ਸਾਰੇ ਹੀ ਮਕਾਨਾਂ ਵਿੱਚ ਰਹਿਣ ਵਾਲੇ ਅਤੇ ਮਕਾਨ ਰਚੇ ਹਨ।
**ਜਿਹ ਰਾਗ ਨ ਰੂਪ ਨ ਰੇਖ ਰੁਖੰ॥**
**ਜਿਹ ਤਾਪ ਨ ਸਾਪ ਨ ਸੋਕ ਸੁਖੰ॥**
ਜੋ ਮੋਹ, ਰੂਪ, ਮੂੰਹ ਦੀ (ਰੇਖ) ਸ਼ਕਲ (ਆਕਾਰ), ਤਾਪ, ਸਰਾਪ, ਦੁੱਖ ਅਤੇ ਸੁੱਖ ਤੋਂ ਰਹਿਤ ਹੈ।
**ਜਿਹ ਰੋਗ ਨ ਸੋਗ ਨ ਭੋਗ ਭੁਯੰ॥**
**ਜਿਹ ਖੇਦ ਨ ਭੇਦ ਨ ਛੇਦ ਛੁਯੰ॥੪॥੧੪੪॥**
ਜੋ ਰੋਗ, ਸੋਗ, ਭੋਗ-ਭੋਗਣ, ਦੁੱਖ, ਭੇਦ ਅਤੇ ਖੰਡਨ ਤੋਂ ਰਹਿਤ ਹੈ।
**ਜਿਹ ਜਾਤਿ ਨ ਪਾਤਿ ਨ ਮਾਤ ਪਿਤੰ॥**
**ਜਿਹ ਰਚੀਅੰ ਛੱਤ੍ਰੀ ਛੱਤ੍ਰ ਛਿਤੰ॥**
ਜੋ ਜਾਤ, ਬਰਾਦਰੀ, ਮਾਂ ਅਤੇ ਪਿਤਾ ਤੋਂ ਰਹਿਤ ਹੈ।
ਜਿਸ ਨੇ ਪ੍ਰਿਥਵੀ ਉੱਤੇ ਰਾਜਿਆਂ ਦੇ ਰਾਜ ਰਚੇ ਹਨ।
**ਜਿਹ ਰਾਗ ਨ ਰੇਖ ਨ ਰੋਗ ਭਣੰ॥**
**ਜਿਹ ਦ੍ਵੈਖ ਨ ਦਾਗ ਨ ਦੋਖ ਗਣੰ॥੫॥੧੪੫॥**
ਜੋ ਮੋਹ, ਰੋਗ, ਆਕਾਰ, ਈਰਖਾ, ਕਲੰਕ ਅਤੇ ਸਮੂਹ ਦੋਸ਼ਾਂ ਤੋਂ ਰਹਿਤ ਹੈ।
**ਜਿਹ ਅੰਡਹ ਤੇ ਬ੍ਰਹਮੰਡ ਰਚਿਓ॥**
**ਦਸ ਚਾਰ ਕਰੀ ਨਵ ਖੰਡ ਸਚਿਓ॥**
ਜਿਸ ਨੇ ਆਂਡੇ ਤੋਂ ਹੀ ਵਿਸ਼ਵ ਰਚਿਆ ਹੈ, ਚੌਦਾਂ ਲੋਕਾਂ ਦੀ ਰਚਨਾ ਕੀਤੀ ਅਤੇ ਨੌਖੰਡ ਬਣਾਏ ਹਨ।
**ਰਜ ਤਾਮਸ ਤੇਜ ਅਤੇਜ ਕੀਓ॥**
**ਅਨਭਉ ਪਦ ਆਪ ਪ੍ਰਚੰਡ ਲੀਓ॥੬॥੧੪੬॥**
ਜਿਸ ਨੇ ਰਜੋ, ਤਮੋ ਗੁਣਾਂ ਦਾ ਪ੍ਰਕਾਸ਼ ਅਤੇ ਹਨ੍ਹੇਰਾ ਕੀਤਾ ਹੈ।
ਉਸਨੇ ਆਪ ਹੀ ਤੇਜਮਈ ਗਿਆਨ ਪਦ ਲਿਆ ਹੈ।
**ਸ੍ਰਿਅ ਸਿੰਧਰੁ ਬਿੰਧ ਨਗਿੰਦ ਨਗੰ॥**
**ਸ੍ਰਿਅ ਜੱਛ ਗੰਧ੍ਰਬ ਫਨਿੰਦ ਭੁਜੰ॥**
ਸਮੁੰਦਰ, ਬਿੰਧਿਆਂਚਲ ਪਰਬਤ ਅਤੇ ਸੁਮੇਰ ਪਹਾੜ ਨੂੰ ਉਸ ਨੇ ਹੀ ਰਚਿਆ।
ਯੱਛ, ਗੰਧਰਵ, ਸ਼ੇਸ਼ਨਾਗ ਅਤੇ ਭੁਜੰਗ ਵੀ ਉਸਨੇ ਹੀ ਰਚੇ ਹਨ।

**ਰਚਿ ਦੇਵ ਅਦੇਵ ਅਭੇਵ ਨਰੰ॥**
**ਨਰਪਾਲਨਿ ਪਾਲ ਕਰਾਲ ਤ੍ਰਿਗੰ॥੭॥੧੪੭॥**

ਉਸ ਨੇ ਦੇਵਤੇ, ਦੈਂਤ ਅਤੇ ਬੇਗਿਣਤ ਆਦਮੀ ਰਚੇ ਹਨ। ਰਾਜਿਆਂ ਦੀ ਪਾਲਣਾ ਅਤੇ ਭਿਆਨਕ ਦੈਂਤਾਂ ਦੀ ਰਚਨਾ ਵੀ ਉਸ ਨੇ ਹੀ ਕੀਤੀ ਹੈ।

**ਕਈ ਕੀਟ ਪਤੰਗ ਭੁਜੰਗ ਨਰੰ॥**
**ਰਚਿ ਅੰਡਜ ਸੇਤਜ ਜੇਰ ਰਜੰ॥**

ਉਸ ਨੇ ਬਹੁਤ ਸਾਰੇ ਕੀੜੇ, ਪਤੰਗੇ, ਸੱਪ ਅਤੇ ਆਦਮੀ ਰਚੇ ਹਨ। ਆਂਡੇ, ਪਸੀਨੇ, ਜੇਰ ਅਤੇ ਵੀਰਯ ਤੋਂ ਸਾਰੇ ਜੀਵ ਉਸ ਨੇ ਹੀ ਰਚੇ ਹਨ।

**ਕੀਏ ਦੇਵ ਅਦੇਵ ਸਰਾਧ ਪਿਤੰ॥**
**ਅਨਖੰਡ ਪ੍ਰਤਾਪ ਪ੍ਰਚੰਡ ਗਤੰ॥੮॥੧੪੮॥**

ਉਸਨੇ ਦੇਵਤੇ, ਦੈਂਤ, ਸਰਾਧ ਅਤੇ ਪਿਤਰ ਰਚੇ ਹਨ। ਉਹ ਇੱਕ ਰਸ ਪ੍ਰਤਾਪ ਅਤੇ ਤੇਜਮਈ ਗਤੀ ਵਾਲਾ ਹੈ।

**ਪ੍ਰਭ ਜਾਤਿ ਨ ਪਾਤਿ ਨ ਜੋਤ ਜੁਤੰ॥**
**ਜਿਹ ਤਾਤ ਨ ਮਾਤ ਨ ਭ੍ਰਾਤ ਸੁਤੰ॥**

ਉਹ ਪ੍ਰਭੂ ਜਾਤ ਤੇ ਬਰਾਦਰੀ ਤੋਂ ਰਹਿਤ ਅਤੇ ਪ੍ਰਕਾਸ਼ ਸਹਿਤ ਹੈ। ਜਿਸ ਦਾ ਪਿਉ, ਮਾਂ, ਭਰਾ ਅਤੇ ਪੁੱਤਰ ਨਹੀਂ ਹੈ।

**ਜਿਹ ਰੋਗ ਨ ਸੋਗ ਨ ਭੋਗ ਭੁਅੰ॥**
**ਜਿਹ ਜੰਪਹਿ ਕਿੰਨਰ ਜੱਛ ਜੁਅੰ॥੯॥੧੪੯॥**

ਜੋ ਰੋਗ, ਸੋਗ ਅਤੇ ਸੰਸਾਰ ਦੇ ਭੋਗਾਂ ਤੋਂ ਰਹਿਤ ਹੈ। ਜਿਸ ਨੂੰ ਸਾਰੇ ਕਿੰਨਰ ਅਤੇ ਯੱਛ ਜਪਦੇ ਹਨ।

**ਨਰ ਨਾਰਿ ਨਪੁੰਸਕ ਜਾਹਿ ਕੀਏ॥**
**ਗਣ ਕਿੰਨਰ ਜੱਛ ਭੁਜੰਗ ਦੀਏ॥**

ਜਿਸ ਨੇ ਪੁਰਸ਼, ਇਸਤਰੀਆਂ ਅਤੇ ਹੀਜੜੇ ਰਚੇ ਹਨ। ਦੇਵਤੇ, ਕਿੰਨਰ, ਯੱਛ ਅਤੇ ਸੱਪ ਪੈਦਾ ਵੀ ਉਸ ਨੇ ਹੀ ਬਣਾਏ ਹਨ।

**ਗਜ ਬਾਜ ਰਥਾਦਿਕ ਪਾਤ ਗਣੰ॥**
**ਭਵ ਭੂਤ ਭਵਿੱਖ ਭਵਾਨ ਤੁਅੰ॥੧੦॥੧੫੦॥**

ਹਾਥੀ, ਘੋੜੇ, ਪੈਦਲ ਅਤੇ ਰਥ ਆਦਿਕ ਸਾਰੇ ਉਸ ਨੇ ਹੀ ਰਚੇ ਹਨ। ਭੂਤ, ਭਵਿੱਖ ਅਤੇ ਵਰਤਮਾਨ ਵੀ ਉਸ ਦੇ ਹੀ ਰਚੇ ਹਨ।

**ਜਿਹ ਅੰਡਜ ਸੇਤਜ ਜੇਰ ਰਜੰ॥**
**ਰਚਿ ਭੂਮਿ ਅਕਾਸ ਪਤਾਲ ਜਲੰ॥**

ਜਿਸ ਨੇ ਅੰਡਜ, ਸੇਤਜ ਅਤੇ ਜੇਰਜ ਖਾਣੀਆਂ ਰਚੀਆਂ ਹਨ। ਜ਼ਮੀਨ, ਆਸਮਾਨ, ਪਾਤਾਲ ਅਤੇ ਪਾਣੀ ਵੀ ਉਸਨੇ ਹੀ ਬਣਾਏ ਹਨ।

**ਰਚਿ ਪਾਵਕ ਪੌਨ ਪ੍ਰਚੰਡ ਬਲੀ॥**
**ਬਨ ਜਾਸੁ ਕੀਓ ਫਲ ਫੂਲ ਕਲੀ॥੧੧॥੧੫੧॥**

ਤੇਜਮਈ ਅੱਗ ਅਤੇ ਬਲੀ ਹਵਾ ਵੀ ਉਸਨੇ ਹੀ ਰਚੀ ਹੈ। ਜਿਸਨੇ ਜੰਗਲ ਵਿੱਚ ਫਲ, ਫੁੱਲ ਅਤੇ ਕਲੀਆਂ ਆਦਿ ਬਣਾਈਆਂ ਹਨ।

**ਭੂਅ ਮੇਰ ਅਕਾਸ ਨਿਵਾਸ ਛਿਤੰ॥**
**ਰਚਿ ਰੋਜ ਇਕਾਦਸਿ ਚੰਦ੍ਰ ਬ੍ਰਤੰ॥**

ਜ਼ਮੀਨ, ਪਹਾੜ, ਆਕਾਸ਼, ਘਰਾਂ ਦੀ ਜ਼ਮੀਨ, ਰੋਜ਼ੇ, ਇਕਾਦਸ਼ੀਆਂ ਅਤੇ ਚੰਦਰ ਵਰਤ ਉਸਨੇ ਹੀ ਰਚੇ ਹਨ।

**ਦੁਤਿ ਚੰਦ ਦਿਨੀਸਹਿ ਦੀਪ ਦਈ॥**
**ਜਿਹ ਪਾਵਕ ਪਉਨ ਪ੍ਰਚੰਡ ਮਈ॥੧੨॥੧੫੨॥**

ਚੰਦ੍ਰਮਾ ਨੂੰ ਚਮਕ ਅਤੇ ਸੂਰਜ ਨੂੰ ਪ੍ਰਕਾਸ਼ਤਾ ਉਸਨੇ ਹੀ ਦਿੱਤੀ। ਜਿਸਨੇ ਅੱਗ ਅਤੇ ਤੇਜਮਈ ਹਵਾ ਰਚੀ ਹੈ।

**ਜਿਹ ਖੰਡ ਅਖੰਡ ਪ੍ਰਚੰਡ ਕੀਏ॥**
**ਜਿਹ ਛਤ੍ਰ ਉਪਾਇ ਛਿਪਾਇ ਦੀਏ॥**

ਜਿਸ ਅਖੰਡ ਪ੍ਰਭੂ ਨੇ ਤੇਜਮਈ ਨੌਂ ਖੰਡ ਰਚੇ ਹਨ। ਜਿਸ ਨੇ ਕਈ ਸਿੰਘਾਸਣ ਪੈਦਾ ਕਰਕੇ ਨਾਸ ਕਰ ਦਿੱਤੇ ਹਨ।

**ਜਿਹ ਲੋਕ ਚਤੁਰਦਸ ਚਾਰ ਰਚੇ॥**
**ਗਣ ਗੰਧ੍ਰਬ ਦੇਵ ਅਦੇਵ ਸਚੇ॥੧੩॥੧੫੩॥**

ਜਿਸ ਨੇ ਚੌਦਾਂ ਸੁੰਦਰ ਲੋਕ ਰਚੇ ਹਨ।
ਮਨੁੱਖ, ਗੰਧਰਵ, ਦੇਵ, ਅਤੇ ਦੈਂਤ ਵੀ ਉਸ ਨੇ ਹੀ ਸਾਜੇ ਹਨ।

**ਅਨਧੂਤ ਅਭੂਤ ਅਛੂਤ ਮਤੰ॥**
**ਅਨਗਾਧ ਅਬਿਆਧਿ ਅਨਾਦਿ ਗਤੰ॥**

ਉਹ ਪਵਿੱਤਰ, ਤੱਤਾਂ ਰਹਿਤ, ਸਮਾਨ ਮੱਤ ਵਾਲਾ, ਗੰਭੀਰ, ਰੋਗ ਰਹਿਤ ਅਤੇ ਪੁਰਾਤਨ ਰੀਤੀ ਵਾਲਾ ਹੈ।

**ਅਨਖੇਦ ਅਭੇਦ ਅਛੇਦ ਨਰੰ॥**
**ਜਿਹ ਚਾਰ ਚਤੁਰ ਦਿਸ ਚਕ੍ਰ ਫਿਰੰ॥੧੪॥੧੫੪॥**

ਉਹ ਦੁੱਖ ਤੇ ਭੇਦ ਰਹਿਤ ਸਥਿਰ ਮਰਦ ਹੈ,
ਜਿਸ ਦਾ ਚਾਰੇ ਦਿਸ਼ਾਵਾਂ ਅਤੇ ਉਪ-ਦਿਸ਼ਾਵਾਂ ਵਿੱਚ ਹੁਕਮ ਚਲਦਾ ਹੈ।

**ਜਿਹ ਰਾਗ ਨ ਰੰਗ ਨ ਰੇਖ ਰੁਗੰ॥**
**ਜਿਹ ਸੋਗ ਨ ਭੋਗ ਨ ਜੋਗ ਜੁਗੰ॥**

ਜੋ ਮੋਹ, ਸ਼ੌਕ, ਰੇਖ, ਰੋਗ, ਸੋਗ, ਭੋਗ ਅਤੇ ਯੋਗ ਵਿੱਚ ਮਿਲਣ ਤੋਂ ਰਹਿਤ ਹੈ।

**ਭੂਅ ਭੰਜਨ ਗੰਜਨ ਆਦਿ ਸਿਰੰ॥**
**ਜਿਹ ਬੰਦਤ ਦੇਵ ਅਦੇਵ ਨਰੰ॥੧੫॥੧੫੫॥**

ਉਹ ਧਰਤੀ ਨੂੰ ਪਹਿਲਾਂ ਰਚ ਕੇ ਸਾਰਿਆਂ ਥਾਂਵਾਂ ਸਮੇਤ ਨਾਸ ਕਰਨ ਵਾਲਾ ਹੈ। ਜਿਸ ਨੂੰ ਦੇਵਤੇ, ਦੈਂਤ ਅਤੇ ਮਨੁੱਖ ਨਮਸਕਾਰ ਕਰਦੇ ਹਨ।

**ਗਣ ਕਿੰਨਰ ਜੱਛ ਭੁਜੰਗ ਰਚੇ॥**
**ਮਣਿ ਮਾਣਕ ਮੋਤੀ ਲਾਲ ਸੁਚੇ॥**

ਸਮੂਹ ਦੇਵਤੇ ਕਿੰਨਰ, ਯੱਛ, ਸੱਪ ਉਸ ਨੇ ਹੀ ਰਚੇ ਹਨ। ਮਣੀਆਂ, ਮਾਣਕ, ਸੁੱਚੇ ਮੋਤੀ ਅਤੇ ਲਾਲ ਵੀ ਉਸੇ ਨੇ ਹੀ ਪੈਦਾ ਕੀਤੇ ਹਨ।

**ਅਨਭੰਜ ਪ੍ਰਭਾ ਅਨਗੰਜ ਬ੍ਰਿਤੰ॥**
**ਜਿਹ ਪਾਰ ਨ ਪਾਵਤ ਪੂਰਿ ਮਤੰ॥੧੬॥੧੫੬॥**

ਉਹ ਅਨਾਸ ਸੋਭਾ ਅਤੇ ਅਨਾਸ ਬੁੱਧੀ ਵਾਲਾ ਹੈ। ਜਿਸ ਦਾ ਹਿਸਾਬ ਪੂਰਨ ਮੱਤ ਵਾਲੇ ਵੀ ਨਹੀਂ ਪਾਉਂਦੇ।

**ਅਨਖੰਡ ਸਰੂਪ ਅਡੰਡ ਪ੍ਰਭਾ॥**
**ਜੈ ਜੰਪਤ ਬੇਦ ਪੁਰਾਨ ਸਭਾ॥**

ਉਸ ਦਾ ਸਰੂਪ ਅਵਿਨਾਸੀ ਅਤੇ ਅਮਿੱਟ ਸੋਭਾ ਵਾਲਾ ਹੈ। ਸਾਰੇ ਵੇਦ ਪੁਰਾਣ ਉਸਦੀ ਜੈ ਜੈ ਕਾਰ ਕਰਦੇ ਹਨ।

**ਜਿਹ ਬੇਦ ਕਤੇਬ ਅਨੰਤ ਕਹੈ॥**
**ਜਿਹ ਭੂਤ ਅਭੂਤ ਨ ਭੇਦ ਲਹੈ॥੧੭॥੧੫੭॥**

ਜਿਸ ਨੂੰ ਵੇਦ ਅਤੇ ਕਤੇਬ ਬੇਅੰਤ ਕਹਿੰਦੇ ਹਨ। ਜਿਸਦਾ ਭੂਤ ਅਤੇ ਵਰਤਮਾਨ ਵੀ ਭੇਤ ਨਹੀਂ ਜਾਣਦੇ।

**ਜਿਹ ਬੇਦ ਪੁਰਾਨ ਕਤੇਬ ਜਪੈ॥**
**ਸੁਤ ਸਿੰਧੁ ਅਧੋਮੁਖ ਤਾਪ ਤਪੈ॥**

ਜਿਸ ਨੂੰ ਵੇਦ, ਪੁਰਾਣ ਅਤੇ ਕਤੇਬ ਵੀ ਜਪਦੇ ਹਨ। ਚੰਦ੍ਰਮਾ ਉਸ ਦਾ ਨੀਵਾਂ ਮੁੱਖ ਕਰਕੇ ਤਪ ਕਰਦਾ ਹੈ।

**ਕਈ ਕਲਪਨ ਲੌਂ ਤਪ ਤਾਪ ਕਰੈ॥**
**ਨਹੀ ਨੈਕ ਕ੍ਰਿਪਾਨਿਧਿ ਪਾਨ ਪਰੈ॥੧੮॥੧੫੮॥**

ਕਈ ਯੁੱਗਾਂ ਤੱਕ ਤਪ ਨੂੰ ਕਰਦੇ ਹਨ,
ਤਾਂ ਵੀ ਉਸ ਪ੍ਰਭੂ ਦਾ ਪਾਰ ਨਹੀਂ ਪਾ ਸਕਦੇ।

**ਜਿਹ ਫੋਕਟ ਧਰਮ ਸਭੈ ਤਜਿ ਹੈ॥**
**ਇਕ ਚਿਤ ਕ੍ਰਿਪਾਨਿਧਿ ਕੋ ਭਜਿ ਹੈ॥**

ਜਿਨ੍ਹਾਂ ਨੇ ਸਾਰੇ ਵਿਅਰਥ ਧਰਮ-ਕਰਮ ਛੱਡੇ ਹੋਏ ਹਨ।
ਉਹ ਵੀ ਇਕਾਗਰ ਚਿੱਤ ਹੋ ਕੇ ਪਰਮੇਸ਼ਰ ਨੂੰ ਸਿਮਰਦੇ ਹਨ।

**ਤੇਊ ਯਾ ਭਵ ਸਾਗਰ ਕੋ ਤਰਿ ਹੈ॥**
**ਭਵ ਭੂਲਿ ਨ ਦੇਹ ਪੁਨਰ ਧਰਿ ਹੈ॥੧੯॥੧੫੯॥**

ਉਹ ਹੀ ਇਸ ਸੰਸਾਰ ਸਾਗਰ ਨੂੰ ਤਰਨਗੇ ਅਤੇ ਸੰਸਾਰ ਵਿੱਚ ਫਿਰ ਭੁੱਲ ਕੇ ਵੀ ਸਰੀਰ ਨਹੀਂ ਧਾਰਨਗੇ।

**ਇਕ ਨਾਮ ਬਿਨਾ ਨਹੀ ਕੋਟਿ ਬ੍ਰਤੀ॥**
**ਇਮ ਬੇਦ ਉਚਾਰਤ ਸਾਰਸੁਤੀ॥**

ਵੇਦ ਅਤੇ ਸਰਸਵਤੀ ਇੰਜ ਕਹਿੰਦੇ ਹਨ ਕਿ ਇੱਕ ਨਾਮ ਤੋਂ ਬਿਨਾਂ ਕਰੋੜਾਂ ਧਰਮ-ਕਰਮ ਵੀ ਕੁਝ ਨਹੀਂ ਹਨ।

**ਜੋਊ ਵਾ ਰਸ ਕੇ ਚਸਕੇ ਰਸਿ ਹੈ॥**
**ਤੇਊ ਭੂਲਿ ਨ ਕਾਲ ਫਧਾ ਫਸ ਹੈ॥੨੦॥੧੬੦॥**

ਜਿਹੜੇ ਉਸ ਰਸ ਦੇ ਸਵਾਦ ਵਿੱਚ ਲੀਨ ਹੋ ਜਾਣਗੇ।
ਉਹ ਭੁੱਲ ਕੇ ਵੀ ਕਾਲ ਦੀ ਫਾਹੀ ਵਿੱਚ ਨਹੀਂ ਫਸਣਗੇ।

**ਤ੍ਵਪ੍ਰਸਾਦਿ ॥ ਨਰਾਜ ਛੰਦ ॥**

**ਅਗੰਜ ਆਦਿ ਦੇਵ ਹੈ ਅਭੰਜ ਭੰਜ ਜਾਨੀਐ॥**

ਉਹ ਆਰੰਭ ਤੋਂ ਹੀ ਅਵਿਨਾਸੀ ਪ੍ਰਭੂ ਹੈ ਅਤੇ ਅਮਰ ਸਮਝਣ ਵਾਲਿਆਂ ਨੂੰ ਮਾਰਨ ਵਾਲਾ ਹੈ।

**ਅਭੂਤ ਭੂਤ ਹੈ ਸਦਾ ਅਗੰਜ ਗੰਜ ਮਾਨੀਐ॥**

ਉਹ ਖ਼ਤਮ ਨਹੀਂ ਹੋ ਸਕਦਾ ਅਤੇ ਭੂਤਕਾਲ ਤੇ ਵਰਤਮਾਨ ਵਿੱਚ ਸਦਾ ਇਕ ਰਸ ਵਰਤਦਾ ਹੈ।

**ਅਦੇਵ ਦੇਵ ਹੈ ਸਦਾ ਅਭੇਵ ਭੇਵ ਨਾਥ ਹੈ॥**

ਉਹ ਸਦਾ ਪ੍ਰਕਾਸ਼ ਰਹਿਤ ਅਤੇ ਪ੍ਰਕਾਸ਼ਮਈ, ਗੁਪਤ ਅਤੇ ਪ੍ਰਗਟ ਸੁਆਮੀ ਹੈ।

**ਸਮਸਤ ਸਿਧਿ ਬ੍ਰਿਧਿਦਾ ਸਦੀਵ ਸਰਬ ਸਾਥ ਹੈ॥੧॥੧੬੧॥**

ਸਾਰੀਆਂ ਵੱਡੀਆਂ ਸਿੱਧੀਆਂ ਨੂੰ ਦੇਣ ਵਾਲਾ ਹੈ ਅਤੇ
ਸਦਾ ਹੀ ਸਾਰਿਆਂ ਦਾ ਸਾਥੀ ਹੈ।

**ਅਨਾਥ ਨਾਥ ਨਾਥ ਹੈ ਅਭੰਜ ਭੰਜ ਹੈ ਸਦਾ॥**

ਉਹ ਸਵਾਮੀ ਗਰੀਬਾਂ ਦਾ ਮਾਲਿਕ, ਸਦਾ ਅਮਰਾਂ ਨੂੰ ਮਾਰਨ ਵਾਲਾ ਹੈ।

**ਅਗੰਜ ਗੰਜ ਗੰਜ ਹੈ ਸਦੀਵ ਸਿੱਧਿ ਬ੍ਰਿਧਿਦਾ॥**

ਸਾਰੇ ਹੰਕਾਰੀਆਂ ਨੂੰ ਨਾਸ ਕਰਨ ਵਾਲਾ ਅਤੇ
ਸਦਾ ਹੀ ਵੱਡੀਆਂ ਸਿੱਧੀਆਂ ਦੇਣ ਵਾਲਾ ਹੈ।

**ਅਨੂਪ ਰੂਪ ਸਰੂਪ ਹੈ ਅਛਿੱਜ ਤੇਜ ਮਾਨੀਐ॥**

ਉਸਦਾ ਰੂਪ ਸੋਹਣੇ ਆਕਾਰ ਵਾਲਾ ਹੈ,

ਉਸਦਾ ਤੇਜ਼ ਅਮਿੱਟ ਮੰਨਿਆ ਜਾਂਦਾ ਹੈ।

**ਸਦੀਵ ਸਿੱਧ ਬੁੱਧਿਦਾ ਪ੍ਰਤਾਪ ਪਤ੍ਰ ਜਾਨੀਐ॥੨॥੧੬੨॥**

ਉਹ ਹਮੇਸ਼ਾਂ ਹੀ ਚੰਗੀ ਬੁੱਧੀ ਦੇਣ ਵਾਲਾ ਹੈ ਅਤੇ
ਪ੍ਰਤਾਪ ਦਾ ਪਾਤਰ ਜਾਣਿਆ ਜਾਂਦਾ ਹੈ।

**ਨ ਰਾਗ ਰੰਗ ਰੂਪ ਹੈ ਨ ਰੋਗ ਰਾਗ ਰੇਖ ਹੈ॥**

ਉਹ ਪਰਮੇਸ਼ਰ ਰੰਗ, ਰੂਪ, ਸ਼ਿੰਗਾਰ, ਰੋਗ, ਮੋਹ ਅਤੇ ਰੇਖ ਤੋਂ ਰਹਿਤ ਹੈ।

**ਅਦੋਖ ਅਦਾਗ ਅਦੱਗ ਹੈ ਅਭੂਤ ਅਭ੍ਰਮ ਅਭੇਖ ਹੈ॥**

ਉਹ ਈਰਖਾ, ਕਲੰਕ, ਖੜਾਕ, ਤੱਤਾਂ, ਭਰਮ ਅਤੇ ਭੇਖ ਤੋਂ ਬਿਨਾਂ ਹੈ।

**ਨ ਤਾਤ ਮਾਤ ਜਾਤਿ ਹੈ ਨ ਪਾਤਿ ਚਿਹਨ ਬਰਨ ਹੈ॥**

ਉਹ ਪਿਉ, ਮਾਂ, ਜਾਤੀ, ਪੰਗਤੀ, ਚਿੰਨ੍ਹ ਅਤੇ ਰੰਗ ਤੋਂ ਬਿਨਾਂ ਹੈ।

**ਅਦੇਖ ਅਸੇਖ ਅਭੇਖ ਹੈ ਸਦੀਵ ਬਿਸੁ ਭਰਨ ਹੈ॥੩॥੧੬੩॥**

ਉਹ ਅਦਿੱਖ, ਸੰਪੂਰਨ ਭੇਖਾਂ ਵਾਲਾ ਅਤੇ ਸਦਾ ਹੀ ਸੰਸਾਰ ਨੂੰ ਪਾਲਣ ਵਾਲਾ ਹੈ।

**ਬਿਸੁੰਭਰ ਬਿਸੁ ਨਾਥ ਹੈ ਬਿਸੇਖ ਬਿਸੁ ਭਰਨ ਹੈ॥**

ਸੰਸਾਰ ਨੂੰ ਪਾਲਣ ਵਾਲਾ, ਸੰਸਾਰ ਦਾ ਮਾਲਿਕ ਅਤੇ ਵਿਸ਼ਵ ਦਾ ਸ਼ਿੰਗਾਰ ਹੈ।

**ਜਿਮੀ ਜਮਾਨ ਕੇ ਬਿਖੈ ਸਦੀਵ ਕਰਮ ਕਰਨ ਹੈ॥**

ਉਹ ਸਦਾ ਹੀ ਧਰਤੀ ਅਤੇ ਆਕਾਸ਼ ਵਿੱਚ ਕੰਮ ਕਰਨ ਵਾਲਾ ਹੈ।

**ਅਦ੍ਵੈਖ ਹੈ ਅਭੇਖ ਹੈ ਅਲੇਖ ਨਾਥ ਜਾਨੀਐ॥**

ਉਹ ਈਰਖਾ, ਭੇਖ, ਹਿਸਾਬ ਤੋਂ ਰਹਿਤ ਹੈ ਅਤੇ
ਉਸ ਨੂੰ ਸਭ ਦਾ ਮਾਲਿਕ ਸਮਝੋ।

**ਸਦੀਵ ਸਰਬ ਠਉਰ ਮੈ ਬਿਸੇਖ ਆਨ ਮਾਨੀਐ॥੪॥੧੬੪॥**

ਉਸ ਨੂੰ ਸਦਾ ਹੀ ਸਾਰੀਆਂ ਥਾਂਵਾਂ ਵਿੱਚ ਵਿਸ਼ੇਸ਼ ਕਰ ਜਾਣੋ।

**ਨ ਜੰਤ੍ਰ ਮੈ ਨ ਤੰਤ੍ਰ ਮੈ ਨ ਮੰਤ੍ਰ ਬਸਿ ਆਵਈ॥**

ਉਹ ਯੰਤਰਾਂ, ਤੰਤਰਾਂ ਅਤੇ ਮੰਤਰਾਂ ਨਾਲ ਵੱਸ ਵਿੱਚ ਨਹੀਂ ਆਉਂਦਾ।

**ਪੁਰਾਨ ਔ ਕੁਰਾਨ ਨੇਤਿ ਨੇਤਿ ਕੈ ਬਤਾਵਈ॥**

ਪੁਰਾਣ ਅਤੇ ਕੁਰਾਨ ਉਸਨੂੰ ਬੇਅੰਤ ਬੇਅੰਤ ਦੱਸਦੇ ਹਨ।

**ਨ ਕਰਮ ਮੈ ਨ ਧਰਮ ਮੈ ਨ ਭਰਮ ਮੈ ਬਤਾਈਐ॥**

ਉਹ ਕਰਮਾਂ, ਪੰਥਾਂ ਅਤੇ ਭਰਮਾਂ ਤੋਂ ਬਿਨਾਂ ਹੈ।

**ਅਗੰਜ ਆਦਿ ਦੇਵ ਹੈ ਕਹੋ ਸੁ ਕੈਸਿ ਪਾਈਐ॥੫॥੧੬੫॥**

ਉਹ ਆਦਿ ਦੇਵ ਅਤੇ ਮਕਾਨ ਰਹਿਤ ਹੈ,
ਉਸ ਨੂੰ ਕੋਈ ਕਿਵੇਂ ਪ੍ਰਾਪਤ ਕਰ ਸਕਦਾ ਹੈ?

**ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤਿ ਹੈ॥**

ਧਰਤੀ ਤੇ ਆਕਾਸ਼ ਸਭ ਦੇ ਵਿੱਚ ਇੱਕ ਪ੍ਰਭੂ ਦੀ ਹੀ ਜੋਤ ਹੈ।

**ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤਿ ਹੈ॥**

ਜਿਹੜੀ ਜੋਤ ਨਾ ਘੱਟਦੀ ਹੈ, ਨਾ ਵੱਧਦੀ ਹੈ ਅਤੇ ਨਾ ਹੀ ਘੱਟ ਵੱਧ ਹੁੰਦੀ ਹੈ।

**ਨ ਹਾਨਿ ਹੈ ਨ ਬਾਨ ਹੈ ਸਮਾਨ ਰੂਪ ਜਾਨੀਐ॥**

ਉਹ ਨੁਕਸਾਨ ਅਤੇ ਬਣਾਵਟ ਰਹਿਤ ਹੈ, ਸਭ ਥਾਂ ਇੱਕੋ ਜਿਹਾ ਹੀ ਰੂਪ ਜਾਣਿਆ ਜਾਂਦਾ ਹੈ।

**ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ॥੬॥੧੬੬॥**

ਉਸ ਦਾ ਪ੍ਰਤਾਪ ਮਕਾਨਾਂ ਵਾਲਿਆਂ ਅਤੇ ਮਕਾਨਾਂ ਵਿੱਚ ਵੀ ਬੇਹਿਸਾਬਾ ਮੰਨਿਆ ਜਾਂਦਾ ਹੈ।

**ਨ ਦੇਹ ਹੈ ਨ ਗੇਹ ਹੈ ਨ ਜਾਤਿ ਹੈ ਨ ਪਾਤਿ ਹੈ॥**

ਉਹ ਸਰੀਰ, ਘਰ, ਜਾਤ ਅਤੇ ਬਰਾਦਰੀ ਤੋਂ ਰਹਿਤ ਹੈ।

**ਨ ਮੰਤ੍ਰ ਹੈ ਨ ਮਿਤ੍ਰ ਹੈ ਨ ਤਾਤ ਹੈ ਨ ਮਾਤ ਹੈ॥**

ਉਹ ਵਜ਼ੀਰ, ਮਿੱਤਰ, ਪਿਉ ਅਤੇ ਮਾਂ ਤੋਂ ਰਹਿਤ ਹੈ।

**ਨ ਅੰਗ ਹੈ ਨ ਰੰਗ ਹੈ ਨ ਸੰਗ ਸਾਥ ਨੇਹ ਹੈ॥**

ਉਹ ਅੰਗ-ਸਾਕ, ਆਨੰਦ, ਸੰਗੀ ਅਤੇ ਸਾਥੀ ਤੋਂ ਬਿਨਾਂ ਹੈ।

**ਨ ਦੋਖ ਹੈ ਨ ਦਾਗ ਹੈ ਨ ਦ੍ਵੈਖ ਹੈ ਨ ਦੇਹ ਹੈ॥੭॥੧੬੭॥**

ਉਹ ਦੋਸ਼, ਕਲੰਕ, ਈਰਖਾ ਅਤੇ ਨਿਸ਼ਾਨ ਤੋਂ ਬਿਨਾਂ ਹੈ।

**ਨ ਸਿੰਘ ਹੈ ਨ ਸਿਆਰ ਹੈ ਨ ਰਾਉ ਹੈ ਨ ਰੰਕ ਹੈ॥**

ਉਹ ਨਾ ਸ਼ੇਰ ਹੈ, ਨਾ ਗਿੱਦੜ ਹੈ, ਨਾ ਰਾਜਾ ਹੈ, ਨਾ ਕੰਗਾਲ ਹੈ।

**ਨ ਮਾਨ ਹੈ ਨ ਮਉਤ ਹੈ ਨ ਸਾਕ ਹੈ ਨ ਸੰਕ ਹੈ॥**

ਉਹ ਹਿਸਾਬ, ਮੌਤ, ਸਾਕ ਅਤੇ ਸ਼ੰਕਾ ਤੋਂ ਰਹਿਤ ਹੈ।

**ਨ ਜੱਛ ਹੈ ਨ ਗੰਧ੍ਰਬ ਹੈ ਨ ਨਰੁ ਹੈ ਨ ਨਾਰਿ ਹੈ॥**

ਉਹ ਨਾ ਯੱਛ ਹੈ, ਨਾ ਗੰਧਰਵ ਹੈ, ਨਾ ਬੰਦਾ ਹੈ, ਨਾ ਔਰਤ ਹੈ।

**ਨ ਚੋਰ ਹੈ ਨ ਸਾਹ ਹੈ ਨ ਸਾਹ ਕੋ ਕੁਮਾਰ ਹੈ॥੮॥੧੬੮॥**

ਉਹ ਨਾ ਚੋਰ ਹੈ, ਨਾ ਸਾਧੂ ਹੈ ਅਤੇ ਨਾ ਹੀ ਸ਼ਹਿਜ਼ਾਦਾ ਹੈ।

**ਨ ਨੇਹ ਹੈ ਨ ਗੇਹ ਹੈ ਨ ਦੇਹ ਕੋ ਬਨਾਉ ਹੈ॥**

ਉਸ ਵਿੱਚ ਨਾ ਪ੍ਰੇਮ ਹੈ, ਨਾ ਘਰ ਹੈ ਅਤੇ ਨਾ ਹੀ ਸਰੀਰ ਦੀ ਬਣਾਵਟ ਹੈ।

**ਨ ਛਲ ਹੈ ਨ ਛਿੱਦ੍ਰ ਹੈ ਨ ਛਲ ਕੋ ਮਿਲਾਉ ਹੈ॥**

ਉਹ ਨਾ ਛਲ ਹੈ, ਨਾ ਦੋਸ਼ ਹੈ, ਨਾ ਹੀ ਛਲ ਦਾ ਮੇਲ ਹੈ।

**ਨ ਤੰਤ੍ਰ ਹੈ ਨ ਮੰਤ੍ਰ ਹੈ ਨ ਜੰਤ੍ਰ ਕੋ ਸਰੂਪ ਹੈ॥**

ਉਹ ਯੰਤਰ, ਮੰਤਰ ਅਤੇ ਤੰਤਰ ਦਾ ਸਰੂਪ ਨਹੀਂ ਹੈ।

**ਨ ਰਾਗ ਹੈ ਨ ਰੰਗ ਹੈ ਨ ਰੇਖ ਹੈ ਨ ਰੂਪ ਹੈ॥੯॥੧੬੯॥**

ਉਹ ਮੋਹ, ਰੰਗ, ਰੇਖ (ਲੀਕ, ਕਰਮ ਰੇਖ) ਅਤੇ ਸ਼ਕਲ ਤੋਂ ਬਿਨਾਂ ਹੈ।

**ਨ ਜੰਤ੍ਰ ਹੈ ਨ ਮੰਤ੍ਰ ਹੈ ਨ ਤੰਤ੍ਰ ਕੋ ਬਨਾਉ ਹੈ॥**
ਉਹ ਯੰਤਰਾਂ, ਮੰਤਰਾਂ ਅਤੇ ਤੰਤਰਾਂ ਦੇ ਰੂਪ ਤੋਂ ਬਿਨਾਂ ਹੈ।
**ਨ ਛਲ ਹੈ ਨ ਛਿਦ੍ਰ ਹੈ ਨ ਛਾਇਆ ਕੋ ਮਿਲਾਉ ਹੈ॥**
ਉਹ ਨਾ ਛਲ ਹੈ, ਨਾ ਦੋਸ਼ ਹੈ, ਨਾ ਹੀ ਜਾਦੂ ਦਾ ਮੇਲ ਹੈ।
**ਨ ਰਾਗ ਹੈ ਨ ਰੰਗ ਹੈ ਨ ਰੂਪ ਹੈ ਨ ਰੇਖ ਹੈ॥**
ਉਹ ਨਾ ਮੋਹ ਹੈ, ਨਾ ਖਿਆਲ ਹੈ, ਨਾ ਰੂਪ ਹੈ, ਨਾ ਰੇਖ ਹੈ।
**ਨ ਕਰਮ ਹੈ ਨ ਧਰਮ ਹੈ ਅਜਨਮ ਹੈ ਅਭੇਖ ਹੈ॥੧੦॥੧੭੦॥**
ਉਸਦਾ ਨਾ ਕਰਮ ਹੈ, ਨਾ ਪੰਥ ਹੈ, ਨਾ ਜਨਮ ਹੈ, ਨਾ ਹੀ ਭੇਖ ਹੈ।
**ਨ ਤਾਤ ਹੈ ਨ ਮਾਤ ਹੈ ਅਖਿਆਲ ਅਖੰਡ ਰੂਪ ਹੈ॥**
ਉਸ ਦਾ ਅਮਰ ਰੂਪ ਪਿਉ, ਮਾਂ ਅਤੇ ਧਿਆਨ ਵਿੱਚ ਆਉਣ ਤੋਂ ਰਹਿਤ ਹੈ।
**ਅਛੇਦ ਹੈ ਅਭੇਦ ਹੈ ਨ ਰੰਕ ਹੈ ਨ ਭੂਪ ਹੈ॥**
ਉਹ ਨਾ ਛੇਕਿਆ ਜਾਂਦਾ ਹੈ, ਨਾ ਵਿੰਨ੍ਹਿਆ ਜਾਂਦਾ ਹੈ,
ਨਾ ਕੰਗਾਲ ਹੈ, ਨਾ ਰਾਜਾ ਹੈ।
**ਪਰੇ ਹੈ ਪਵਿੱਤ੍ਰ ਹੈ ਪੁਨੀਤਿ ਹੈ ਪੁਰਾਨ ਹੈ॥**
ਉਹ ਇੱਛਾ ਤੋਂ ਪਰ੍ਹੇ, ਪਵਿੱਤਰ, ਪੁਨੀਤ ਅਤੇ ਪੁਰਾਤਨ ਹੈ।
**ਅਗੰਜ ਹੈ ਅਭੰਜ ਹੈ ਕਰੀਮ ਹੈ ਕੁਰਾਨ ਹੈ॥੧੧॥੧੭੧॥**
ਉਹ ਮਕਾਨ ਰਹਿਤ, ਅਵਿਨਾਸੀ, ਮਿਹਰਬਾਨ ਅਤੇ
ਕੁਰਾਨ ਵਿੱਚ ਪੜ੍ਹਨ ਯੋਗ ਹੈ।
**ਅਕਾਲ ਹੈ ਅਪਾਲ ਹੈ ਖਿਆਲ ਹੈ ਅਖੰਡ ਹੈ॥**
ਉਹ ਖਿਆਲ ਰੂਪ, ਅਮਰ, ਕਾਲ ਅਤੇ ਪਾਲਣਾ ਤੋਂ ਬਿਨਾਂ ਹੈ।
**ਨ ਰੋਗ ਹੈ ਨ ਸੋਗ ਹੈ ਨ ਭੇਦ ਹੈ ਨ ਭੰਡ ਹੈ॥**
ਉਹ ਰੋਗ, ਗ਼ਮ, ਭੇਦ ਅਤੇ ਬਦਨਾਮੀ ਰਹਿਤ ਹੈ।
**ਨ ਅੰਗ ਹੈ ਨ ਰੰਗ ਹੈ ਨ ਸੰਗ ਹੈ ਨ ਸਾਥ ਹੈ॥**
ਉਹ ਅੰਗ, ਰੰਗ, ਸੰਗ ਅਤੇ ਸਾਥ ਤੋਂ ਰਹਿਤ ਹੈ।
**ਪ੍ਰਿਆ ਹੈ ਪਵਿਤ੍ਰ ਹੈ ਪੁਨੀਤਿ ਹੈ ਪ੍ਰਮਾਥ ਹੈ॥੧੨॥੧੭੨॥**
ਉਹ ਪਿਆਰਾ, ਪਵਿੱਤਰ, ਪੁਨੀਤ ਅਤੇ ਸ਼੍ਰੋਮਣੀ ਹੈ।
**ਨ ਸੀਤ ਹੈ ਨ ਸੋਚ ਹੈ ਨ ਘ੍ਰਾਮ ਹੈ ਨ ਘਾਮ ਹੈ॥**
ਉਹ ਨਾ ਠੰਢਾ ਹੈ, ਨਾ ਸੌਚ ਆਦਿਕ ਕਿਰਿਆ ਵਾਲਾ ਹੈ,
ਨਾ ਸਮੁਦਾਇ ਹੈ ਅਤੇ ਨਾ ਹੀ ਗਰਮ ਹੈ।
**ਨ ਲੋਭ ਹੈ ਨ ਮੋਹ ਹੈ ਨ ਕ੍ਰੋਧ ਹੈ ਨ ਕਾਮ ਹੈ॥**
ਉਹ ਨਾ ਲੋਭ ਵਾਲਾ, ਨਾ ਮੋਹ ਵਾਲਾ, ਨਾ ਕ੍ਰੋਧ ਵਾਲਾ ਅਤੇ ਨਾ ਕਾਮ ਵਾਲਾ ਹੈ।

**ਨ ਦੇਵ ਹੈ ਨ ਦੈਤ ਹੈ ਨ ਨਰ ਕੋ ਸਰੂਪ ਹੈ॥**
ਉਹ ਦੇਵਤਾ, ਦੈਂਤ ਅਤੇ ਮਨੁੱਖੀ ਆਕਾਰ ਤੋਂ ਰਹਿਤ ਹੈ।
**ਨ ਛਲ ਹੈ ਨ ਛਿੱਦ੍ਰ ਹੈ ਨ ਛਿੱਦ੍ਰ ਕੀ ਬਿਭੂਤਿ ਹੈ॥੧੩॥੧੭੩॥**
ਉਹ ਨਾ ਛਲ ਵਾਲਾ ਹੈ, ਨਾ ਦੋਸ਼ ਵਾਲਾ ਹੈ,
ਨਾ ਹੀ ਦੋਸ਼ ਦੀ ਸਮੱਗਰੀ ਵਾਲਾ ਹੈ।
**ਨ ਕਾਮ ਹੈ ਨ ਕ੍ਰੋਧ ਹੈ ਨ ਲੋਭ ਹੈ ਨ ਮੋਹ ਹੈ॥**
ਉਹ ਕਾਮ, ਕ੍ਰੋਧ, ਲੋਭ ਅਤੇ ਮੋਹ ਤੋਂ ਰਹਿਤ ਹੈ।
**ਨ ਦ੍ਵੈਖ ਹੈ ਨ ਭੇਖ ਹੈ ਨ ਦੁਈ ਹੈ ਨ ਦ੍ਰੋਹ ਹੈ॥**
ਉਹ ਨਾ ਈਰਖਾ ਵਾਲਾ ਹੈ, ਨਾ ਪੰਥ ਵਾਲਾ ਹੈ, ਨਾ ਦ੍ਵੈਤ ਵਾਲਾ ਹੈ
ਅਤੇ ਨਾ ਹੀ ਧੋਖਾ ਕਰਨ ਵਾਲਾ ਹੈ।
**ਨ ਕਾਲ ਹੈ ਨ ਬਾਲ ਹੈ ਸਦੀਵ ਦਯਾਲ ਰੂਪ ਹੈ॥**
ਉਹ ਨਾ ਮਰਨ ਵਾਲਾ ਹੈ, ਨਾ ਬੱਚਿਆਂ ਵਾਲਾ ਹੈ ਅਤੇ
ਉਹ ਹਮੇਸ਼ਾਂ ਹੀ ਦਿਆਲੂ ਰੂਪ ਹੈ।
**ਅਗੰਜ ਹੈ ਅਭੰਜ ਹੈ ਅਭਰਮ ਹੈ ਅਭੂਤ ਹੈ॥੧੪॥੧੭੪॥**
ਉਹ ਮਕਾਨ ਰਹਿਤ, ਅਵਿਨਾਸੀ ਹੈ, ਭਰਮ ਅਤੇ ਸਮੱਗਰੀ ਤੋਂ ਬਿਨਾਂ ਹੈ।
**ਅਛੇਦ ਛੇਦ ਹੈ ਸਦਾ ਅਗੰਜ ਗੰਜ ਗੰਜ ਹੈ॥**
ਉਹ ਸਦਾ ਹੀ ਛੇਕ ਅਤੇ ਵਿੰਨ੍ਹਣ ਤੋਂ ਬਿਨਾਂ ਹੈ, ਲਾਮਕਾਨ ਹੈ ਅਤੇ
ਮਕਾਨਾਂ ਦਰ ਮਕਾਨਾਂ ਵਾਲਾ ਹੈ।
**ਅਭੂਤ ਭੇਖ ਹੈ ਬਲੀ ਅਰੂਪ ਰਾਗ ਰੰਗ ਹੈ॥**
ਉਹ ਬਲਵਾਨ ਜੀਵਾਂ ਵਾਲੇ ਪੰਥ ਤੋਂ ਬਿਨਾਂ, ਰੂਪ, ਰਾਗ ਅਤੇ ਰੰਗ ਤੋਂ ਬਿਨਾਂ ਹੈ।
**ਨ ਦ੍ਵੈਖ ਹੈ ਨ ਭੇਖ ਹੈ ਨ ਕਾਮ ਕ੍ਰੋਧ ਕਰਮ ਹੈ॥**
ਉਹ ਈਰਖਾ, ਭੇਖ ਅਤੇ ਕਾਮ, ਕ੍ਰੋਧ ਵਾਲੇ ਕਰਮਾਂ ਤੋਂ ਰਹਿਤ ਹੈ।
**ਨ ਜਾਤਿ ਹੈ ਨ ਪਾਤਿ ਹੈ ਨ ਚਿੱਤ੍ਰ ਚਿਹਨ ਬਰਨ ਹੈ॥੧੫॥੧੭੫॥**
ਉਹ ਜਾਤ, ਬਰਾਦਰੀ, ਨਿਸ਼ਾਨ ਅਤੇ ਵਰਣ ਤੋਂ ਰਹਿਤ ਹੈ।
**ਬਿਅੰਤ ਹੈ ਅਨੰਤ ਹੈ ਅਨੰਤ ਤੇਜ ਜਾਨੀਐ॥**
ਉਹ ਬੇਅੰਤ ਹੈ ਅਤੇ ਬੇਅੰਤ ਤੇਜ ਦਾ ਪੁੰਜ ਜਾਣਿਆ ਜਾਂਦਾ ਹੈ।
**ਅਭੂਮਿ ਅਭਿੱਜ ਹੈ ਸਦਾ ਅਛਿੱਜ ਤੇਜ ਮਾਨੀਐ॥**
ਉਹ ਧਰਤੀ ਤੋਂ ਬਿਨਾਂ, ਸਦਾ ਹੀ ਨਾ ਭਿੱਝਣ ਵਾਲਾ ਅਤੇ ਅਮਰ ਪ੍ਰਤਾਪ ਵਾਲਾ
ਮੰਨਿਆ ਜਾਂਦਾ ਹੈ।
**ਨ ਆਧਿ ਹੈ ਨ ਬਿਆਧਿ ਹੈ ਅਗਾਧਿ ਰੂਪ ਲੇਖੀਐ॥**
ਉਸ ਗੰਭੀਰ ਰੂਪ ਵਾਲੇ ਪ੍ਰਭੂ ਨੂੰ ਮਨ ਅਤੇ ਸਰੀਰ ਦੇ ਰੋਗਾਂ ਤੋਂ ਬਿਨਾਂ ਸਮਝੋ।
**ਅਦੋਖ ਹੈ ਅਦਾਗ ਹੈ ਅਛੈ ਪ੍ਰਤਾਪ ਪੇਖੀਐ॥੧੬॥੧੭੬॥**

ਉਹ ਦੋਸ਼ ਤੇ ਕਲੰਕ ਤੋਂ ਰਹਿਤ ਹੈ ਅਤੇ ਉਸਨੂੰ ਅਮਰ ਪ੍ਰਤਾਪ ਵਾਲਾ ਸਮਝੋ।

**ਨ ਕਰਮ ਹੈ ਨ ਭਰਮ ਹੈ ਨ ਧਰਮ ਕੋ ਪ੍ਰਭਾਉ ਹੈ॥**

ਉਹ ਕਰਮਾਂ, ਭਰਮਾਂ ਅਤੇ ਧਰਮਾਂ ਦੇ ਪ੍ਰਭਾਵ ਤੋਂ ਰਹਿਤ ਹੈ।

**ਨ ਜੰਤ੍ਰ ਹੈ ਨ ਤੰਤ੍ਰ ਹੈ ਨ ਮੰਤ੍ਰ ਕੋ ਰਲਾਉ ਹੈ॥**

ਉਹ ਯੰਤਰਾਂ, ਤੰਤਰਾਂ ਅਤੇ ਮੰਤਰਾਂ ਦੇ ਰਲਾਅ ਤੋਂ ਬਿਨਾਂ ਹੈ।

**ਨ ਛਲ ਹੈ ਨ ਛਿਦ੍ਰ ਹੈ ਨ ਛਿਦ੍ਰ ਕੋ ਸਰੂਪ ਹੈ॥**

ਉਹ ਨਾ ਛਲ ਹੈ, ਨਾ ਦੋਸ਼ ਹੈ, ਨਾ ਹੀ ਦੋਸ਼ਾਕਾਰ ਹੈ।

**ਅਭੰਗ ਹੈ ਅਨੰਗ ਹੈ ਅਗੰਜ ਸੀ ਬਿਭੂਤਿ ਹੈ॥੧੭॥੧੭੭॥**

ਉਹ ਨਾਸ, ਸਰੀਰ ਅਤੇ ਅਵਿਨਾਸੀ ਸਮੱਗਰੀ ਵਾਲਾ ਹੈ।

**ਨ ਕਾਮ ਹੈ ਨ ਕ੍ਰੋਧ ਹੈ ਨ ਲੋਭ ਮੋਹ ਕਾਰ ਹੈ॥**

ਉਹ ਕਾਮ, ਕ੍ਰੋਧ, ਲੋਭ ਅਤੇ ਮੋਹ ਦੇ ਸਰੂਪ ਤੋਂ ਰਹਿਤ ਹੈ।

**ਨ ਆਧਿ ਹੈ ਨ ਗਾਧਿ ਹੈ ਨ ਬਿਆਧਿ ਕੋ ਬਿਚਾਰ ਹੈ॥**

ਉਹ ਨਾ ਹੀ ਮਨ ਦਾ ਰੋਗੀ ਹੈ, ਨਾ ਹੀ ਦੈਵਕ ਰੋਗ ਵਾਲਾ ਹੈ ਅਤੇ ਨਾ ਹੀ ਸਰੀਰਕ ਰੋਗ ਦਾ ਖਿਆਲ ਹੈ।

**ਨ ਰੰਗ ਰਾਗ ਰੂਪ ਹੈ ਨ ਰੂਪ ਰੇਖ ਰਾਰ ਹੈ॥**

ਉਹ ਰੰਗ, ਰਾਗ, ਰੂਪ, ਸਰੀਰ, ਆਕਾਰ ਅਤੇ ਝਗੜੇ ਤੋਂ ਰਹਿਤ ਹੈ।

**ਨ ਹਾਉ ਹੈ ਨ ਭਾਉ ਹੈ ਨ ਦਾਉ ਕੋ ਪ੍ਰਕਾਰ ਹੈ॥੧੮॥੧੭੮॥**

ਉਹ ਨਾਜ਼ੁਕਤਾ, ਪ੍ਰਭਾਵ ਅਤੇ ਦਾਅ-ਪੇਚਾਂ ਤੋਂ ਰਹਿਤ ਹੈ।

**ਗਜਾਧਪੀ ਨਰਾਧਪੀ ਕਰੰਤ ਸੇਵ ਹੈ ਸਦਾ॥**

ਹਾਥੀਆਂ ਦੇ ਮਾਲਕ ਰਾਜੇ ਅਤੇ ਮਨੁੱਖਾਂ ਦੇ ਸੁਆਮੀ ਮਹਾਰਾਜੇ ਸਦਾ ਹੀ ਤੇਰੀ ਸੇਵਾ ਕਰਦੇ ਹਨ।

**ਸਿਤਸਪਤੀ ਤਪਸਪਤੀ ਬਨਸਪਤੀ ਜਪਸ ਸਦਾ॥**

ਚੰਦ੍ਰਮਾ, ਸੂਰਜ ਅਤੇ ਬਨਸਪਤੀ ਸਦਾ ਤੈਨੂੰ ਹੀ ਜਪਦੇ ਹਨ।

**ਅਗਸਤ ਆਦਿ ਜੇ ਬਡੇ ਤਪਸਤਪੀ ਬਿਸੇਖੀਐ॥**

ਜਿੰਨੇ ਵੀ ਅਗਸਤ ਮੁਨੀ ਆਦਿਕ ਵਿਸ਼ੇਸ਼ ਵੱਡੇ ਤਪੀ ਹਨ,
ਉਹ ਤੇਰਾ ਹੀ ਤਪ ਕਰਦੇ ਹਨ।

**ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ॥੧੯॥੧੭੯॥**

ਮਨ, ਬਾਣੀ ਅਤੇ ਕਰਮ ਕਰਕੇ ਸਾਰੇ ਬਿਅੰਤ ਪ੍ਰਭੂ ਦਾ ਹੀ ਸਿਮਰਨ ਕਰਦੇ ਵੇਖੇ ਜਾਂਦੇ ਹਨ।

**ਅਗਾਧ ਆਦਿ ਦੇਵ ਕੀ ਅਨਾਦਿ ਬਾਤ ਮਾਨੀਐ॥**

ਗੰਭੀਰ ਅਤੇ ਆਦਿ ਪ੍ਰਭੂ ਦੀ ਅਨਾਦੀ ਕਹਾਣੀ ਸਮਝੋ।

**ਨ ਜਾਤਿ ਪਾਤਿ ਮੰਤ੍ਰ ਮਿਤ੍ਰ ਸਤ੍ਰ ਸਨੇਹ ਜਾਨੀਐ॥**

ਉਸ ਨੂੰ ਜਾਤ, ਪਾਤ, ਸਲਾਹਕਾਰ, ਸੱਜਣ, ਦੁਸ਼ਮਣ
ਅਤੇ ਮੋਹ ਤੋਂ ਰਹਿਤ ਸਮਝੋ।

**ਸਦੀਵ ਸਰਬ ਲੋਕ ਕੇ ਕ੍ਰਿਪਾਲ ਖਿਆਲ ਮੈ ਰਹੈ॥**

ਉਹ ਸਦੀਵੀ ਕ੍ਰਿਪਾਲੂ ਪ੍ਰਭੂ ਹਮੇਸ਼ਾਂ ਹੀ ਸਾਰਿਆਂ ਦੇ ਖਿਆਲ ਵਿੱਚ ਰਹਿੰਦਾ ਹੈ।

**ਤੁਰੰਤ ਦ੍ਰੋਹ ਦੇਹ ਕੇ ਅਨੰਤ ਭਾਂਤਿ ਸੋ ਦਹੈ॥੨੦॥੧੯੦॥**

ਉਹ ਅਨੇਕ ਭਾਂਤ ਦੇ ਸਰੀਰਕ ਦੁੱਖਾਂ ਨੂੰ ਤੁਰੰਤ ਦੂਰ ਕਰ ਦਿੰਦਾ ਹੈ।

**ਤ੍ਵਪ੍ਰਸਾਦਿ॥ ਰੂਆਮਲ ਛੰਦ॥**

**ਰੂਪ ਰਾਗ ਨ ਰੇਖ ਰੰਗ ਨ ਜਨਮ ਮਰਨ ਬਿਹੀਨ॥**

ਉਹ ਪ੍ਰਭੂ ਰੂਪ, ਮੋਹ, ਕਰਮ, ਨਸਲ ਅਤੇ ਜਨਮ-ਮਰਨ ਤੋਂ ਰਹਿਤ ਹੈ।

**ਆਦਿ ਨਾਥ ਅਗਾਧ ਪੁਰਖ ਸੁ ਧਰਮ ਕਰਮ ਪ੍ਰਬੀਨ॥**

ਉਹ ਆਦਿ ਪ੍ਰਭੂ ਗੰਭੀਰ ਤੇ ਪੁਰਸ਼ਾਰਥ ਵਾਲਾ ਅਤੇ
ਉੱਤਮ ਧਾਰਮਿਕ ਕਰਮਾਂ ਵਿੱਚ ਪ੍ਰਬੀਨ ਹੈ।

**ਜੰਤ੍ਰ ਮੰਤ੍ਰ ਨ ਤੰਤ੍ਰ ਜਾ ਕੋ ਆਦਿ ਪੁਰਖ ਅਪਾਰ॥**

ਉਹ ਆਦਿ ਪ੍ਰਭੂ ਬੇਅੰਤ ਪੁਰਸ਼ਾਰਥ ਵਾਲਾ ਅਤੇ ਯੰਤਰ, ਮੰਤਰ ਤੇ
ਤੰਤਰ ਤੋਂ ਰਹਿਤ ਹੈ।

**ਹਸਤਿ ਕੀਟ ਬਿਖੈ ਬਸੈ ਸਬ ਠਉਰ ਮੈ ਨਿਰਧਾਰ॥੧॥੧੯੧॥**

ਹਾਥੀ ਅਤੇ ਕੀੜੀ ਵਿੱਚ ਸਮਾਨ ਰੂਪ ਵੱਸਦਾ ਹੈ ਅਤੇ ਸਾਰਿਆਂ
ਵਿੱਚ ਦੇਖਿਆ ਜਾ ਸਕਦਾ ਹੈ।

**ਜਾਤਿ ਪਾਤਿ ਨ ਤਾਤ ਜਾ ਕੋ ਮੰਤ੍ਰ ਮਾਤ ਨ ਮਿਤ੍ਰ॥**

ਜੋ ਜਾਤ, ਕਬੀਲਾ, ਪਿਉ, ਸਲਾਹਕਾਰ, ਮਾਂ, ਅਤੇ ਮਿੱਤਰ ਰਹਿਤ ਹੈ।

**ਸਰਬ ਠਉਰ ਬਿਖੈ ਰਮਿਓ ਜਿਹ ਚਕ੍ਰ ਚਿਹਨ ਨ ਚਿੱਤ੍ਰ॥**

ਜਿਸਦਾ ਕੋਈ ਚਕ੍ਰ, ਚਿੰਨ੍ਹ ਅਤੇ ਮੂਰਤ ਨਹੀਂ ਅਤੇ
ਉਹ ਸਾਰੀਆਂ ਥਾਂਵਾਂ ਵਿੱਚ ਵਿਆਪਕ ਹੈ।

**ਆਦਿ ਦੇਵ ਉਦਾਰ ਮੂਰਤਿ ਅਗਾਧ ਨਾਥ ਅਨੰਤ॥**

ਉਹ ਆਦਿ ਪ੍ਰਭੂ ਸ੍ਰੇਸ਼ਟ ਸਰੂਪ ਵਾਲਾ, ਗੰਭੀਰ ਅਤੇ ਬੇਅੰਤ ਸੁਆਮੀ ਹੈ।

**ਆਦਿ ਅੰਤਿ ਨ ਜਾਨੀਐ ਅਬਿਖਾਦ ਦੇਵ ਦੁਰੰਤ॥੨॥੧੯੨॥**

ਉਸ ਨੂੰ ਬੇਅੰਤ ਪ੍ਰਭੂ ਆਰੰਭ, ਅੰਤ ਅਤੇ ਕਲੇਸ਼ ਤੋਂ ਰਹਿਤ ਜਾਣੋ।

**ਦੇਵ ਭੇਵ ਨ ਜਾਨਹੀ ਜਿਹ ਮਰਮ ਬੇਦ ਕਤੇਬ॥**

ਇਹ ਗੱਲ ਵੇਦਾਂ ਅਤੇ ਕਤੇਬਾਂ ਵਿੱਚ ਹੈ ਕਿ ਉਸਦਾ ਭੇਤ
ਦੇਵਤੇ ਵੀ ਨਹੀਂ ਜਾਣਦੇ।

**ਸਨਕ ਅਉ ਸਨਕੇਸ ਨੰਦਨ ਪਾਵਹੀ ਨ ਹਿਸੇਬ॥**

ਸਨਤ, ਸਨਕਾਦਿਕ ਬ੍ਰਹਮਾ ਦੇ ਪੁੱਤਰ ਵੀ ਉਸ ਦਾ ਹਿਸਾਬ ਨਹੀਂ ਪਾ ਸਕਦੇ।

**ਜਛ ਕਿੰਨਰ ਮੱਛ ਮਾਨਸ ਮੁਰਗ ਉਰਗ ਅਪਾਰ॥**

ਯੱਛ, ਕਿੰਨਰ, ਮੱਛ, ਮਨੁੱਖ, ਪੰਛੀ ਅਤੇ ਬੇਅੰਤ ਹੀ ਸੱਪ।

**ਨੇਤਿ ਨੇਤਿ ਪੁਕਾਰ ਹੀ ਸਿਵ ਸਕ੍ਰ ਔ ਮੁਖਚਾਰ॥੩॥੧੯੩॥**

ਸ਼ਿਵ ਅਤੇ ਬ੍ਰਹਮਾ ਵੀ ਬੇਅੰਤ ਬੇਅੰਤ ਹੀ ਕਹਿੰਦੇ ਹਨ।

**ਸਰਬ ਸਪਤ ਪਤਾਰ ਕੇ ਤਰ ਜਾਪਹੀ ਜਿਹ ਜਾਪ॥**

ਸਾਰਿਆਂ ਸੱਤਾਂ ਹੀ ਪਾਤਾਲਾਂ ਦੇ ਹੇਠਲੇ ਸਾਰੇ ਜੀਵ ਜਿਸ ਦਾ ਜਾਪ ਜਪਦੇ ਹਨ।

**ਆਦਿ ਦੇਵ ਅਗਾਧਿ ਤੇਜ ਅਨਾਦਿ ਮੂਰਤਿ ਅਤਾਪ॥**

ਉਹ ਪ੍ਰਾਰੰਭਕ ਪ੍ਰਕਾਸ਼ ਰੂਪ, ਮਹਾਨ ਜਯੋਤੀ, ਆਰੰਭ
ਅਤੇ ਤਾਪ ਤੋਂ ਰਹਿਤ ਸਰੂਪ ਵਾਲਾ ਹੈ।

**ਜੰਤ੍ਰ ਮੰਤ੍ਰ ਨ ਆਵਈ ਕਰ ਤੰਤ੍ਰ ਮੰਤ੍ਰਨ ਕੀਨ॥**

ਉਹ ਯੰਤਰ-ਮੰਤਰਾਂ ਨਾਲ ਅਤੇ ਤੰਤਰਾਂ-ਮੰਤਰਾਂ ਨੂੰ ਕੀਤਿਆਂ ਵੀ ਹੱਥ ਵਿੱਚ
ਨਹੀਂ ਆਉਂਦਾ।

**ਸਰਬ ਠਉਰ ਰਹਿਓ ਬਿਰਾਜ ਧਿਰਾਜ ਰਾਜ ਪ੍ਰਬੀਨ॥੪॥੧੯੪॥**

ਉਹ ਰਾਜਿਆਂ ਦਾ ਆਸਰਾ, ਸਾਰੀਆਂ ਥਾਂਵਾਂ ਵਿੱਚ ਬਿਰਾਜਮਾਨ ਅਤੇ
ਰਾਜਨੀਤੀ ਵਿੱਚ ਸਿਆਣਾ ਹੈ।

**ਜਛ ਗੰਧ੍ਰਬ ਦੇਵ ਦਾਨੋ ਨ ਬ੍ਰਹਮ ਛਤ੍ਰੀਅਨ ਮਾਹਿ॥**

ਉਹ ਯੱਛ, ਗੰਧਰਵ, ਦੇਵਤਾ, ਦੈਂਤ, ਬ੍ਰਾਹਮਣ ਅਤੇ ਖੱਤਰੀਆਂ ਤੋਂ ਬਾਹਰ ਹੈ।

**ਬੈਸਨੰ ਕੇ ਬਿਖੈ ਬਿਰਾਜੈ ਸੂਦ੍ਰ ਭੀ ਵਹਿ ਨਾਹਿ॥**

ਉਹ ਵੈਸ਼ਨਵਾਂ ਅਤੇ ਸ਼ੂਦਰਾਂ ਵਿੱਚ ਵੀ ਨਹੀਂ ਬਿਰਾਜਦਾ।

**ਗੂੜ ਗਉਡ ਨ ਭੀਲ ਭੀਕਰ ਬ੍ਰਹਮ ਸੇਖ ਸਰੂਪ॥**

ਉਹ ਗੂੜਾਂ, ਗੌਂਡਾਂ, ਭਿਆਨਕ ਭੀਲਾਂ, ਬ੍ਰਾਹਮਣਾਂ ਅਤੇ
ਸ਼ੇਖਾਂ ਦਾ ਸਰੂਪ ਵੀ ਨਹੀਂ ਹੈ।

**ਰਾਤ ਦਿਵਸ ਨ ਮਧ ਉਰਧ ਨ ਭੂਮਿ ਅਕਾਸ ਅਨੂਪ॥੫॥੧੯੫॥**

ਉਹ ਸੁੰਦਰ ਪ੍ਰਭੂ ਰਾਤ, ਦਿਨ, ਨੀਚ, ਉਚ, ਧਰਤੀ ਅਤੇ
ਆਕਾਸ਼ ਵਿੱਚ ਵੀ ਨਹੀਂ ਹੈ।

**ਜਾਤਿ ਜਨਮ ਨ ਕਾਲ ਕਰਮ ਨ ਧਰਮ ਕਰਮ ਬਿਹੀਨ॥**

ਉਹ ਜਾਤੀਆਂ, ਜਨਮਾਂ, ਕਾਲ ਦਿਆਂ ਕਰਮਾਂ ਅਤੇ ਧਰਮ-ਕਰਮਾਂ ਤੋਂ ਰਹਿਤ ਹੈ।

**ਤੀਰਥ ਜਾਤ੍ਰ ਨ ਦੇਵ ਪੂਜਾ ਗੋਰ ਕੇ ਨ ਅਧੀਨ॥**

ਉਹ ਤੀਰਥ ਯਾਤਰਾ, ਮੂਰਤੀ ਪੂਜਾ, ਕਬਰਾਂ ਦੀ ਪੂਜਾ ਤੋਂ ਵੀ ਰਹਿਤ ਹੈ।

**ਸਰਬ ਸਪਤ ਪਤਾਰ ਕੇ ਤਰ ਜਾਨੀਐ ਜਿਹ ਜੋਤਿ॥**

ਸਾਰਿਆਂ ਸੱਤਾਂ ਹੀ ਪਾਤਾਲਾਂ ਦੇ ਥੱਲੇ ਜੀਹਦੀ ਜੋਤੀ ਜਾਣੀ ਜਾਂਦੀ ਹੈ।

**ਸੇਸ ਨਾਮ ਸਹੰਸਫਨਿ ਨਹਿ ਨੇਤਿ ਪੂਰਨ ਹੋਤਿ॥੬॥੧੯੬॥**

ਹਜ਼ਾਰਾਂ ਜੀਭਾਂ ਦੇ ਬਾਵਜੂਦ ਸ਼ੇਸ਼ਨਾਗ ਤੋਂ ਉਸ ਪ੍ਰਭੂ ਦੇ ਨਾਮ ਨਹੀਂ ਲਏ ਜਾਂਦੇ, ਉਹ ਬੇਅੰਤ ਹੈ।

**ਸੋਧਿ ਸੋਧਿ ਹਟੇ ਸਭੈ ਸੁਰ ਬਿਰੋਧ ਦਾਨਵ ਸਰਬ॥**

ਸਾਰੇ ਦੇਵਤੇ ਖੋਜ-ਖੋਜ ਕੇ ਅਤੇ ਦੈਂਤ ਵਿਰੋਧ ਕਰ-ਕਰ ਕੇ ਹਾਰ ਗਏ ਹਨ।

**ਗਾਇ ਗਾਇ ਹਟੇ ਗੰਧ੍ਰਬ ਵਾਇ ਕਿੰਨਰ ਗਰਬ॥**

ਉਸਦੀ ਉਪਮਾ ਗੰਧਰਵ ਗਾ-ਗਾ ਕੇ ਅਤੇ ਕਿੰਨਰ ਵਜਾ-ਵਜਾ ਕੇ ਥੱਕ ਗਏ ਹਨ।

**ਪੜਤ ਪੜਤ ਥਕੇ ਮਹਾ ਕਬਿ ਗੜਤ ਗਾੜ ਅਨੰਤ॥**

ਅਨੇਕਾਂ ਕਵੀ ਬੇਅੰਤ ਹੀ ਸਾਹਿਤ ਰਚਦੇ-ਰਚਦੇ ਅਤੇ ਪੜ੍ਹਦੇ-ਪੜ੍ਹਦੇ ਥੱਕ ਗਏ ਹਨ।

**ਹਾਰ ਹਾਰ ਕਹਿਓ ਸਭੂ ਮਿਲ ਨਾਮ ਨਾਮ ਦੁਰੰਤ॥੭॥੧੯੭॥**

ਸਭ ਨੇ ਮਿਲ ਕੇ, ਹਾਰ ਕੇ ਇਹੋ ਗੱਲ ਆਖੀ ਕਿ ਉਸਦਾ ਨਾਮ ਬੇਅੰਤ ਹੈ।

**ਬੇਦ ਭੇਦ ਨ ਪਾਇਓ ਲਖਿਓ ਨ ਸੇਬ ਕਤੇਬ॥**

ਉਸ ਦਾ ਵੇਦਾਂ ਨੇ ਵੀ ਭੇਤ ਨਹੀਂ ਪਾਇਆ ਅਤੇ ਨਾ ਹੀ ਉਸ ਨੂੰ ਕਤੇਬ ਸਮਝ ਸਕੇ।

**ਦੇਵ ਦਾਨੋ ਮੂੜ ਮਾਨੋ ਜੱਛ ਨ ਜਾਨੈ ਜ਼ੇਬ॥**

ਦੇਵਤੇ, ਦੈਂਤ, ਮਨੁੱਖ ਅਤੇ ਮੂਰਖ ਯੱਛ ਵੀ ਉਸਦੀ ਸ਼ੋਭਾ ਨੂੰ ਨਹੀਂ ਜਾਣਦੇ।

**ਭੂਤ ਭਬ ਭਵਾਨ ਭੂਪਤਿ ਆਦਿ ਨਾਥ ਅਨਾਥ॥**

ਹੇ ਆਦਿ ਤੋਂ ਹੀ ਅਵਿਨਾਸੀ ਪ੍ਰਭੂ! ਤੂੰ ਭੂਤ, ਭਵਿੱਖ ਅਤੇ ਵਰਤਮਾਨ ਦਾ ਰਾਜਾ ਹੈਂ।

**ਅਗਨਿ ਬਾਇ ਜਲੇ ਥਲੇ ਮਹਿ ਸਰਬ ਠਉਰ ਨਿਵਾਸ॥੮॥੧੯੮॥**

ਅੱਗ, ਹਵਾ, ਪਾਣੀ, ਧਰਤੀ ਸਾਰੀਆਂ ਥਾਂਵਾਂ ਵਿੱਚ ਹੀ ਉਸਦਾ ਵਾਸ ਹੈ।

**ਦੇਹ ਗੇਹ ਨ ਨੇਹ ਸਨੇਹ ਅਬੇਹ ਨਾਥ ਅਜੀਤਿ॥**

ਉਹ ਦੇਹ, ਘਰ, ਮਿੱਤਰ, ਪ੍ਰੇਮ ਅਤੇ ਜਿੱਤ ਰਹਿਤ, ਨਾ ਵਿੰਨ੍ਹਿਆ ਜਾਣ ਵਾਲਾ ਸੁਆਮੀ ਹੈ।

**ਸਰਬ ਗੰਜਨ ਸਰਬ ਭੰਜਨ ਸਰਬ ਤੇ ਅਨਭੀਤਿ॥**

ਉਹ ਸਾਰਿਆਂ ਨੂੰ ਪੈਦਾ ਕਰਨ ਵਾਲਾ, ਨਾਸ ਕਰਨ ਵਾਲਾ ਅਤੇ ਸਭ ਤੋਂ ਨਿਡਰ ਹੈ।

**ਸਰਬ ਕਰਤਾ ਸਰਬ ਹਰਤਾ ਸਰਬ ਦਿਆਲ ਅਦ੍ਵੈਖ॥**

ਉਹ ਸਾਰਿਆਂ ਦਾ ਕਰਤਾ, ਵਿਨਾਸ਼ਕ, ਮਿਹਰਬਾਨ ਅਤੇ ਈਰਖਾ ਰਹਿਤ ਹੈ।

**ਚਕ੍ਰ ਚਿਹਨ ਨ ਬਰਨ ਜਾ ਕੋ ਜਾਤਿ ਪਾਤਿ ਨ ਭੇਖ॥੯॥੧੯੯॥**

ਜਿਸ ਦਾ ਚੱਕ੍ਰ, ਚਿੰਨ੍ਹ, ਵਰਣ, ਜਾਤ, ਬਰਾਦਰੀ ਅਤੇ ਪੰਥ ਨਹੀਂ ਹੈ।

**ਰੂਪ ਰੇਖ ਨ ਰੰਗ ਜਾ ਕੋ ਰਾਗ ਰੂਪ ਨ ਰੰਗ॥**

ਜਿਸ ਦਾ ਰੂਪ, ਆਕਾਰ, ਰੰਗ, ਸ਼ਿੰਗਾਰ, ਰੂਪ ਅਤੇ ਰੰਗ-ਢੰਗ ਨਹੀਂ ਹੈ।

**ਸਰਬ ਲਾਇਕ ਸਰਬ ਘਾਇਕ ਸਰਬ ਤੇ ਅਨਭੰਗ॥**

ਉਹ ਸਾਰਿਆਂ ਨੂੰ ਲਿਆਉਣ ਵਾਲਾ, ਮਾਰਨ ਵਾਲਾ ਅਤੇ ਨਾਸ ਰਹਿਤ ਹੈ।

**ਸਰਬ ਦਾਤਾ ਸਰਬ ਗਿਆਤਾ ਸਰਬ ਕੋ ਪ੍ਰਤਿਪਾਲ॥**

ਉਹ ਸਾਰਿਆਂ ਦਾ ਦਾਤਾ, ਜਾਣੂੰ ਅਤੇ ਪਾਲਣ ਵਾਲਾ ਹੈ।

**ਦੀਨ ਬੰਧੁ ਦਇਆਲ ਸੁਆਮੀ ਆਦਿ ਦੇਵ ਅਪਾਲ॥੧੦॥੧੯੦॥**

ਉਹ ਆਦਿ ਪ੍ਰਭੂ ਗਰੀਬਾਂ ਦਾ ਮਿੱਤਰ, ਮਿਹਰਬਾਨ, ਸੁਆਮੀ, ਪ੍ਰਕਾਸ਼ਮਈ ਅਤੇ ਸ਼੍ਰੇਣੀ ਰਹਿਤ ਹੈ।

**ਦੀਨ ਬੰਧੁ ਪ੍ਰਬੀਨ ਸ੍ਰੀ ਪਤਿ ਸਰਬ ਕੋ ਕਰਤਾਰ॥**

ਉਹ ਗਰੀਬਾਂ ਦਾ ਬੰਧੂ, ਸਿਆਣਾ, ਮਾਇਆਪਤੀ ਅਤੇ ਸਾਰਿਆਂ ਦਾ ਕਰਤਾ ਹੈ।

**ਬਰਨ ਚਿਹਨ ਨ ਚੱਕ੍ਰ ਜਾ ਕੋ ਚੱਕ੍ਰ ਚਿਹਨ ਅਕਾਰ॥**

ਜਿਸਦਾ ਕੋਈ ਵਰਨ, ਚਿਹਨ, ਚੱਕਰ ਨਹੀਂ ਹੈ ਅਤੇ ਸਾਰੀਆਂ ਮੂਰਤਾਂ ਦੇ ਚਿਹਨ-ਚੱਕਰ ਉਸਦੇ ਹਨ।

**ਜਾਤਿ ਪਾਤਿ ਨ ਗੋਤ੍ਰ ਗਾਥਾ ਰੂਪ ਰੇਖ ਨ ਬਰਨ॥**

ਉਹ ਜਾਤ, ਪਾਤ, ਗੋਤ, ਕਥਾ, ਰੂਪ, ਆਕਾਰ ਅਤੇ ਵਰਣ ਤੋਂ ਰਹਿਤ ਹੈ।

**ਸਰਬ ਦਾਤਾ ਸਰਬ ਗਿਆਤਾ ਸਰਬ ਭੂਅ ਕੋ ਭਰਨ॥੧੧॥੧੯੧**

ਉਹ ਸਾਰਿਆਂ ਦਾ ਦਾਤਾ, ਜਾਣੂੰ ਅਤੇ ਸ੍ਰਿਸ਼ਟੀ ਦਾ ਪਾਲਕ ਹੈ।

**ਦੁਸਟ ਗੰਜਨ ਸਤ੍ਰੁ ਭੰਜਨ ਪਰਮ ਪੁਰਖ ਪ੍ਰਮਾਥ॥**

ਉਹ ਦੁਸ਼ਟਾਂ ਨੂੰ ਮਾਰਨ ਵਾਲਾ, ਦੁਸ਼ਮਣਾਂ ਨੂੰ ਨਾਸ ਕਰਨ ਵਾਲਾ ਅਤੇ ਸ਼੍ਰੋਮਣੀ ਪੁਰਸ਼ ਹੈ।

**ਦੁਸਟ ਹਰਤਾ ਸ੍ਰਿਸਟਿ ਕਰਤਾ ਜਗਤ ਮੈ ਜਿਹ ਗਾਥ॥**

ਸੰਸਾਰ ਵਿੱਚ ਜਿਸ ਦੀ ਕਥਾ ਦੁਸ਼ਟਾਂ ਨੂੰ ਨਾਸ ਕਰਨ ਵਾਲੀ ਅਤੇ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੀ ਹੈ।

**ਭੂਤ ਭਬ ਭਵਿਖ ਭਵਾਨ ਪ੍ਰਮਾਨ ਦੇਵ ਅਗੰਜ॥**

ਉਹ ਪ੍ਰਕਾਸ਼ਮਈ, ਨਾਸ ਰਹਿਤ, ਦੇਵਤਾ ਸਰੂਪ ਪ੍ਰਭੂ, ਭੂਤ, ਭਵਿੱਖ ਅਤੇ ਵਰਤਮਾਨ ਵਿੱਚ ਮੌਜੂਦ ਹੈ।

**ਆਦਿ ਅੰਤ ਅਨਾਦਿ ਸ੍ਰੀਪਤਿ ਪਰਮ ਪੁਰਖ ਅਭੰਜ॥੧੨॥੧੯੨॥**

ਉਹ ਮਹਾਨ ਪ੍ਰਭੂ ਨਾਸ ਰਹਿਤ ਅਤੇ ਆਦਿ ਤੇ ਅੰਤ ਤੋਂ ਰਹਿਤ ਹੈ।

**ਧਰਮ ਕੇ ਅਨ ਕਰਮ ਜੇਤਕ ਕੀਨ ਤਉਨ ਪਸਾਰ॥**

ਧਰਮ ਦੇ ਜਿੰਨੇ ਵੀ ਨਾ ਕਰਨ ਵਾਲੇ ਕੰਮ ਹਨ, ਉਸੇ ਨੇ ਹੀ ਫੈਲਾਏ ਹਨ।

**ਦੇਵ ਅਦੇਵ ਗੰਧ੍ਰਬ ਕਿੰਨਰ ਮੱਛ ਕੱਛ ਅਪਾਰ॥**

ਦੇਵਤੇ, ਦੈਂਤ, ਗੰਧਰਵ, ਕਿੰਨਰ, ਮੱਛ, ਕੱਛ ਉਸ ਨੂੰ ਬੇਅੰਤ ਕਹਿੰਦੇ ਹਨ।

**ਭੂਮਿ ਅਕਾਸ ਜਲੇ ਥਲੇ ਮਹਿ ਮਾਨੀਐ ਜਿਹ ਨਾਮ॥**

ਜ਼ਮੀਨ, ਅਸਮਾਨ, ਜਲਾਂ, ਥਲਾਂ ਵਿੱਚ ਜਿਸ ਦਾ ਨਾਮ ਮੰਨਿਆ ਜਾਂਦਾ ਹੈ।

**ਦੁਸਟ ਹਰਤਾ ਪੁਸਟਿ ਕਰਤਾ ਸ੍ਰਿਸਟਿ ਹਰਤਾ ਕਾਮ॥੧੩॥੧੯੩॥**

ਦੁਸ਼ਟਾਂ ਨੂੰ ਮਾਰਨਾ, ਸਾਧੂਆਂ ਨੂੰ ਮਜ਼ਬੂਤ ਕਰਨਾ ਅਤੇ ਸ੍ਰਿਸ਼ਟੀ ਨੂੰ ਨਾਸ ਕਰਨਾ ਉਸ ਦੇ ਹੀ ਕੰਮ ਹਨ।

**ਦੁਸਟ ਹਰਨਾ ਸ੍ਰਿਸਟਿ ਕਰਨਾ ਦਿਆਲ ਲਾਲ ਗੋਬਿੰਦ॥**

ਦੁਸ਼ਟਾਂ ਨੂੰ ਨਾਸ ਕਰਨ ਵਾਲਾ, ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ, ਹਨ੍ਹੇਰੇ ਵਿੱਚ ਪ੍ਰਕਾਸ਼ ਕਰਨ ਵਾਲਾ, ਪ੍ਰੀਤਮ, ਮਿਹਰਬਾਨ ਹੈ।

**ਮਿਤ੍ਰ ਪਾਲਕ ਸਤ੍ਰੁ ਘਾਲਕ ਦੀਨ ਦਇਆਲ ਮੁਕੰਦ॥**

ਉਹ ਮਿੱਤਰਾਂ ਨੂੰ ਪਾਲਣ ਵਾਲਾ, ਦੁਸ਼ਮਣਾਂ ਨੂੰ ਮਾਰਨ ਵਾਲਾ, ਗਰੀਬਾਂ ’ਤੇ ਮਿਹਰਬਾਨ ਅਤੇ ਮੁਕਤੀ ਦਾ ਦਾਤਾ ਹੈ।

**ਅਘੌ ਦੰਡਣ ਦੁਸਟ ਖੰਡਣ ਕਾਲ ਹੂੰ ਕੇ ਕਾਲ॥**

ਉਹ ਪਾਪਾਂ ਤੋਂ ਦੰਡ ਦੇਣ ਵਾਲਾ, ਦੁਸ਼ਟਾਂ ਨੂੰ ਮਾਰਨ ਵਾਲਾ, ਕਾਲ ਦਾ ਵੀ ਕਾਲ ਹੈ।

**ਦੁਸਟ ਹਰਣੰ ਪੁਸਟਿ ਕਰਣੰ ਸਰਬ ਕੇ ਪ੍ਰਤਿਪਾਲ॥੧੪॥੧੯੪॥**

ਦੁਸ਼ਟਾਂ ਨੂੰ ਮਾਰਨ ਵਾਲਾ, ਸਾਧੂਆਂ ਨੂੰ ਮਜ਼ਬੂਤ ਕਰਨ ਵਾਲਾ ਅਤੇ ਸਾਰਿਆਂ ਨੂੰ ਪਾਲਣ ਵਾਲਾ ਹੈ।

**ਸਰਬ ਕਰਤਾ ਸਰਬ ਹਰਤਾ ਸਰਬ ਕੇ ਅਨਕਾਮ॥**

ਉਹ ਸਾਰਿਆਂ ਦਾ ਕਰਤਾ, ਵਿਨਾਸ਼ਕ ਅਤੇ ਸਾਰਿਆਂ ਦੀ ਕਾਮਨਾ ਪੂਰਨ ਕਰਨ ਵਾਲਾ ਹੈ।

**ਸਰਬ ਖੰਡਣ ਸਰਬ ਦੰਡਣ ਸਰਬ ਕੇ ਨਿਜ ਭਾਮ॥**

ਉਹ ਸਾਰਿਆਂ ਨੂੰ ਨਾਸ ਕਰਨ ਵਾਲਾ, ਦੰਡ ਦੇਣ ਵਾਲਾ ਅਤੇ ਸਾਰਿਆਂ ਦਾ ਨਿਜ ਘਰ ਹੈ

**ਸਰਬ ਭੁਗਤਾ ਸਰਬ ਜੁਗਤਾ ਸਰਬ ਕਰਮ ਪ੍ਰਬੀਨ॥**

ਉਹ ਸਾਰਿਆਂ ਨੂੰ ਭੋਗਣ ਵਾਲਾ, ਸਾਰਿਆਂ ਨਾਲ ਜੁੜਿਆ ਹੋਇਆ ਅਤੇ ਸਾਰਿਆਂ ਕਰਮਾਂ ਵਿੱਚ ਚਤੁਰ ਹੈ।

**ਸਰਬ ਖੰਡਣ ਸਰਬ ਦੰਡਣ ਸਰਬ ਕਰਮ ਅਧੀਨ॥੧੫॥੧੯੫॥**

ਉਹ ਸਾਰਿਆਂ ਨੂੰ ਤੋੜਨ ਵਾਲਾ, ਦੰਡ ਦੇਣ ਵਾਲਾ ਅਤੇ ਸਾਰਿਆਂ ਕਰਮਾਂ ਦਾ ਅਧਿਐਨ ਕਰਨ ਵਾਲਾ ਹੈ।

**ਸਰਬ ਸਿੰਮ੍ਰਿਤਨ ਸਰਬ ਸਾਸਤ੍ਰਨ ਸਰਬ ਬੇਦ ਬਿਚਾਰ॥**

ਉਹ ਸਾਰੀਆਂ ਸਿੰਮ੍ਰਿਤੀਆਂ, ਸ਼ਾਸਤ੍ਰਾਂ ਅਤੇ ਵੇਦਾਂ ਦਾ ਵਿਚਾਰ ਹੈ।

**ਦੁਸਟ ਹਰਤਾ ਬਿਸੁ ਭਰਤਾ ਆਦਿ ਰੂਪ ਅਪਾਰ॥**

ਉਹ ਦੁਸ਼ਟਾਂ ਨੂੰ ਨਾਸ ਕਰਨ ਵਾਲਾ, ਸੰਸਾਰ ਨੂੰ ਪਾਲਣ ਵਾਲਾ ਅਤੇ ਬੇਅੰਤ ਆਦਿ ਸਰੂਪ ਹੈ।

**ਦੁਸਟ ਦੰਡਣ ਪੁਸਟਿ ਖੰਡਣ ਆਦਿ ਦੇਵ ਅਖੰਡ॥**

ਉਹ ਦੁਸ਼ਟਾਂ ਨੂੰ ਦੰਡ ਦੇਣ ਵਾਲਾ, ਮਜ਼ਬੂਤਾਂ ਦੇ ਟੁੱਕੜੇ ਕਰ ਦੇਣ ਵਾਲਾ ਅਤੇ ਖੰਡ ਰਹਿਤ ਆਦਿ ਦੇਵ ਹੈ।

**ਭੂਮਿ ਅਕਾਸ ਜਲੇ ਥਲੇ ਮਹਿ ਜਪਤ ਜਾਪ ਅਮੰਡ॥੧੬॥੧੯੬॥**

ਜ਼ਮੀਨ, ਆਸਮਾਨ, ਜਲ, ਥਲ ਵਿੱਚ ਜਿਸ ਦਾ ਅਤਿ ਸ਼ੋਭਾ ਵਾਲਾ ਜਾਪ ਜਪਿਆ ਜਾਂਦਾ ਹੈ।

**ਸ੍ਰਿਸਟਿ ਚਾਰ ਬਿਚਾਰ ਜੇਤੇ ਜਾਨੀਐ ਸਭ ਚਾਰ॥**

ਜਿੰਨੇ ਵੀ ਸ਼ਿਸ਼ਟਾਚਾਰ ਦੇ ਵਿਚਾਰ ਹਨ, ਉਹ ਸਾਰੇ ਪ੍ਰਭੂ ਦੇ ਹੀ ਵਿਚਾਰ ਜਾਣੋ।

**ਆਦਿ ਦੇਵ ਅਪਾਰ ਸ੍ਰੀਪਤਿ ਦੁਸਟ ਪੁਸਟ ਪ੍ਰਹਾਰ॥**

ਉਹ ਆਦਿ ਦੇਵ, ਪ੍ਰਕਾਸ਼-ਮਈ, ਬੇਅੰਤ, ਮਾਇਆਪਤੀ ਅਤੇ ਮਜ਼ਬੂਤ ਦੁਸ਼ਮਣਾਂ ਨੂੰ ਨਾਸ ਕਰਨ ਵਾਲਾ ਹੈ।

**ਅੰਨ ਦਾਤਾ ਗਿਆਨ ਗਿਆਤਾ ਸਰਬ ਮਾਨ ਮਹਿੰਦ੍ਰ॥**

ਉਹ ਅੰਨ ਦਾ ਦਾਤਾ, ਗਿਆਨ ਦਾ ਜਾਣੂੰ ਅਤੇ ਸਾਰੀ ਧਰਤੀ ਦੇ ਰਾਜਿਆਂ ਦਾ ਮਾਣ ਹੈ।

**ਬੇਦ ਬਿਆਸ ਕਰੇ ਕਈ ਜਿਨ ਕੋਟ ਇੰਦ੍ਰ ਉਪਿੰਦ੍ਰ ॥੧੭॥੧੯੭॥**

ਜਿਸ ਨੇ ਕਰੋੜਾਂ ਹੀ ਵੇਦ ਵਿਆਸ, ਇੰਦਰ ਅਤੇ ਵਾਮੁਨ ਅਵਤਾਰ ਰਚੇ ਹਨ।

**ਜਨਮ ਜਾਤਾ ਕਰਮ ਗਿਆਤਾ ਧਰਮ ਚਾਰ ਬਿਚਾਰ॥**

ਉਹ ਜੀਵ ਦੇ ਜਨਮਾਂ ਦਾ ਜਾਣੂੰ, ਕਰਮਾਂ ਦਾ ਪਛਾਣੂੰ ਅਤੇ ਧਰਮ ਦੀ ਸੋਹਣੀ ਵਿਚਾਰ ਵਾਲਾ ਹੈ।

**ਬੇਦ ਭੇਵ ਨ ਪਾਵਨੀ ਸਿਵ ਰੁਦ੍ਰ ਔ ਮੁਖ ਚਾਰ॥**

ਵੇਦ, ਸ਼ਿਵ, ਬ੍ਰਹਮਾ ਅਤੇ ਵਿਸ਼ਨੂੰ ਜਿਸ ਦਾ ਭੇਦ ਨਹੀਂ ਪਾ ਸਕਦੇ।

**ਕੋਟ ਇੰਦ੍ਰ ਉਪ ਇੰਦ੍ਰ ਬਿਆਸਕ ਸਨਕ ਸਨਤ ਕੁਮਾਰ॥**

ਕਰੋੜਾਂ ਦੇਵਰਾਜ, ਵਾਮੁਨ ਅਵਤਾਰ, ਵਿਆਸ, ਸਨਕ ਆਦਿਕ ਕੁਮਾਰ

**ਗਾਇ ਗਾਇ ਥਕੇ ਸਭੈ ਗੁਨ ਚੱਕ੍ਰਤ ਭੇ ਮੁਖ ਚਾਰ॥੧੮॥੧੯੮॥**

ਉਸ ਪ੍ਰਭੂ ਦੇ ਗੁਣ ਗਾ-ਗਾ ਕੇ ਥੱਕ ਚੁੱਕੇ ਹਨ ਅਤੇ ਬ੍ਰਹਮਾ ਵੀ ਹੈਰਾਨ ਹੋ ਗਿਆ ਹੈ।

**ਆਦਿ ਅੰਤ ਨ ਮੱਧ ਜਾ ਕੋ ਭੂਤ ਭੱਬ ਭਵਾਨ॥**

ਭੂਤ, ਭਵਿੱਖ ਅਤੇ ਵਰਤਮਾਨ ਵਿੱਚ ਜਿਸਦਾ ਕੋਈ ਆਦਿ, ਅੰਤ ਅਤੇ ਮੱਧ ਨਹੀਂ ਹੈ।

**ਸਤ ਦੁਆਪਰ ਤ੍ਰਿਤੀਆ ਕਲਜੁਗ ਚਤ੍ਰ ਕਾਲ ਪ੍ਰਧਾਨ॥**

ਹੇ ਪ੍ਰਭੂ! ਚਾਰੇ ਯੁੱਗਾਂ ਸਤਿਜੁਗ, ਦਵਾਪੁਰ, ਤ੍ਰੇਤਾ ਅਤੇ ਕਲਜੁਗ ਵਿੱਚ ਤੂੰ ਹੀ ਸ਼੍ਰੋਮਣੀ ਹੈਂ।

**ਧਿਆਇ ਧਿਆਇ ਥਕੇ ਮਹਾ ਮੁਨਿ ਗਾਇ ਗੰਧ੍ਰਬ ਅਪਾਰ॥**

ਮਹਾਂ ਮੁਨੀ ਉਸ ਨੂੰ ਧਿਆ-ਧਿਆ ਕੇ ਅਤੇ ਅਨੇਕਾਂ ਗੰਧਰਵ ਉਸ ਨੂੰ ਗਾ-ਗਾ ਕੇ ਥੱਕ ਚੁੱਕੇ ਹਨ।

**ਹਾਰ ਹਾਰ ਥਕੇ ਸਭੈ ਨਹੀ ਪਾਇਓ ਤਿਹ ਪਾਰ॥੧੯॥੧੯੯॥**

ਸਾਰੇ ਹੀ ਥੱਕ ਕੇ ਹਾਰ ਗਏ ਹਨ, ਪਰ ਕੋਈ ਵੀ ਉਸਦਾ ਅੰਤ ਨਹੀਂ ਪਾ ਸਕਿਆ।

**ਨਾਰਦ ਆਦਿਕ ਬੇਦ ਬਿਆਸਕ ਮੁਨਿ ਮਹਾਨ ਅਨੰਤ॥**

ਨਾਰਦ ਅਤੇ ਵੇਦ ਵਿਆਸ ਆਦਿਕ ਬੇਅੰਤ ਹੀ ਮਹਾਂ ਮੁਨੀ।

**ਧਿਆਇ ਧਿਆਇ ਥਕੇ ਸਭੇ ਕਰ ਕੋਟਿ ਕਸਟ ਦੁਰੰਤ॥**

ਕਰੋੜਾਂ ਹੀ ਤਪੱਸਵੀ ਕਠਿਨ ਕਸ਼ਟਾਂ ਨੂੰ ਸਹਿੰਦੇ ਹੋਏ, ਆਰਾਧਨਾ ਕਰ-ਕਰ ਕੇ ਥੱਕ ਗਏ ਹਨ।

**ਗਾਇ ਗਾਇ ਥਕੇ ਗੰਧ੍ਰਬ ਨਾਚ ਅਪਛ੍ਰ ਅਪਾਰ॥**

ਗੰਧਰਵ ਗਾ-ਗਾ ਕੇ ਥੱਕ ਗਏ ਹਨ ਅਤੇ ਬੇਅੰਤ ਅਪੱਛਰਾਂ ਨਾਚ ਕਰਕੇ ਥੱਕ ਗਈਆਂ ਹਨ।

**ਸੋਧਿ ਸੋਧਿ ਥਕੇ ਮਹਾ ਸੁਰ ਪਾਇਓ ਨਹਿ ਪਾਰ ॥੨੦॥੨੦੦॥**

ਮਹਾਨ ਦੇਵਤੇ ਉਸ ਨੂੰ ਲੱਭ-ਲੱਭ ਕੇ ਥੱਕ ਗਏ ਹਨ, ਪਰ ਕਿਸੇ ਤੋਂ ਵੀ ਉਸਦਾ ਅੰਤ ਨਹੀਂ ਪਾਇਆ ਗਿਆ।

**ਤ੍ਵ ਪ੍ਰਸਾਦਿ॥ ਦੋਹਰਾ॥**

**ਏਕ ਸਮੈ ਸ੍ਰੀ ਆਤਮਾ ਉਚਰਿਓ ਮਤਿ ਸਿਉ ਬੈਨ॥**

**ਸਭ ਪ੍ਰਤਾਪ ਜਗਦੀਸ ਕੋ ਕਹੋ ਸਗਲ ਬਿਧਿ ਤੈਨ॥੧॥੨੦੧॥**

ਇੱਕ ਵੇਲੇ ਆਤਮਾ ਨੇ ਬੁੱਧੀ ਨੂੰ ਆਖਿਆ ਕਿ ਹਰ ਤਰੀਕੇ ਨਾਲ ਪ੍ਰਭੂ ਦਾ ਸਾਰਾ ਪ੍ਰਤਾਪ ਬਿਆਨ ਕਰੋ।

**ਦੋਹਰਾ॥ ਕੋ ਆਤਮਾ ਸਰੂਪ ਹੈ ਕਹਾ ਸ੍ਰਿਸਟਿ ਕੋ ਬਿਚਾਰ॥**

**ਕਉਨ ਧਰਮ ਕੋ ਕਰਮ ਹੈ ਕਹੋ ਸਗਲ ਬਿਸਥਾਰ॥੨॥੨੦੨॥**

ਆਤਮਾ ਦਾ ਰੂਪ ਕੀ ਹੈ? ਪੈਦਾਇਸ਼ ਦਾ ਸਿੱਧਾਂਤ ਕੀ ਹੈ? ਧਰਮ ਦਾ ਕਰਮ ਕੀ ਹੈ?

**ਦੋਹਰਾ॥ ਕਹ ਜੀਤਬ ਕਹ ਮਰਨ ਹੈ ਕਵਨ ਸੁਰਗ ਕਹ ਨਰਕ॥**

**ਕੋ ਸੁਘੜਾ ਕੋ ਮੂੜਤਾ ਕਹਾ ਤਰਕ ਅਵਤਰਕ॥੩॥੨੦੩॥**

ਜੀਵਨ ਕਿੱਥੇ ਹੈ? ਮਰਨ ਕਿੱਥੇ ਹੈ? ਸਵਰਗ ਕਿੱਥੇ ਹੈ? ਨਰਕ ਕਿੱਥੇ ਹੈ? ਚਤੁਰ ਕੌਣ ਹੈ? ਮੂਰਖ ਕੌਣ ਹੈ? ਤਰਕ ਕੀ ਹੈ? ਤਰਕ ਦਾ ਅਭਾਵ ਕੀ ਹੈ?

**ਦੋਹਰਾ॥ ਕੋ ਨਿੰਦਾ ਜਸ ਹੈ ਕਵਨ ਕਵਨ ਪਾਪ ਕਹ ਧਰਮ॥**
**ਕਵਨ ਜੋਗ ਕੋ ਭੋਗ ਹੈ ਕਵਨ ਕਰਮ ਅਪਕਰਮ॥੪॥੨੦੪॥**

ਨਿੰਦਾ ਕੀ ਹੈ? ਜੱਸ ਕੀ ਹੈ? ਪਾਪ ਕੀ ਹੈ? ਧਰਮ ਕੀ ਹੈ? ਯੋਗ ਕੀ ਹੈ? ਭੋਗ ਕੀ ਹੈ? ਸ਼ੁਭ ਕਰਮ ਕੀ ਹਨ?

**ਦੋਹਰਾ॥ ਕਹੋ ਸੁ ਸਮ ਕਾ ਸੋ ਕਹੈ ਦਮ ਕੋ ਕਹਾ ਕਹੰਤ॥**
**ਕੋ ਸੂਰਾ ਦਾਤਾ ਕਵਨ ਕਹੋ ਤੰਤ ਕੋ ਮੰਤ॥੫॥੨੦੫॥**

ਸਮ ਅਤੇ ਦਮ ਕਿਸ ਨੂੰ ਕਹੀਦਾ ਹੈ? ਸੂਰਮਾ ਕੌਣ ਹੈ?
ਦਾਤਾ ਕੌਣ ਹੈ? ਤੰਤ੍ਰ ਅਤੇ ਮੰਤ੍ਰ ਕੀ ਹੈ?

**ਦੋਹਰਾ॥ ਕਹਾ ਰੰਕ ਰਾਜਾ ਕਵਨ ਹਰਖ ਸੋਗ ਹੈ ਕਵਨ॥**
**ਕੋ ਰੋਗੀ ਰਾਗੀ ਕਵਨ ਕਹੋ ਤਤ ਮੁਹਿ ਤਵਨ॥੬॥੨੦੬॥**

ਕੰਗਾਲ ਕੌਣ ਹੈ? ਰਾਜਾ ਕੌਣ ਹੈ? ਖੁਸ਼ੀ ਕੀ ਹੈ? ਗ਼ਮ ਕੀ ਹੈ? ਰੋਗੀ ਕੌਣ ਹੈ? ਮੋਹਿਤ ਕੌਣ ਹੈ? ਇਹਨਾਂ ਪ੍ਰਸ਼ਨਾਂ ਦਾ ਮੈਨੂੰ ਤੱਤ ਦੱਸੋ।

**ਦੋਹਰਾ॥ ਕਵਨ ਰਿਸਟ ਕੋ ਪੁਸਟ ਹੈ ਕਹਾ ਸ੍ਰਿਸਟਿ ਕੋ ਬਿਚਾਰ॥**
**ਕਵਨ ਸ੍ਰਿਸਟਿ ਕੋ ਭ੍ਰਿਸਟ ਹੈ ਕਹੋ ਸਕਲ ਬਿਸਥਾਰ॥੭॥੨੦੭॥**

ਕੌਣ ਰਿਸ਼ਟ ਪੁਸ਼ਟ (ਤੰਦਰੁਸਤ) ਹੈ? ਪੈਦਾਇਸ਼ ਦਾ ਗਿਆਨ ਕੀ ਹੈ? ਸੰਸਾਰ ਨੂੰ ਭ੍ਰਿਸ਼ਟ ਕੌਣ ਕਰਦਾ ਹੈ? ਸਾਰਾ (ਉੱਤਰ) ਵਿਸਤਾਰ ਨਾਲ ਦੱਸੋ।

**ਦੋਹਰਾ॥ ਕਹਾ ਕਰਮ ਕੋ ਕਰਮ ਹੈ ਕਹਾ ਭਰਮ ਕੋ ਨਾਸ॥**
**ਕਹਾ ਚਿਤਨ ਕੀ ਚੇਸਟਾ ਕਹਾ ਅਚੇਤ ਪ੍ਰਕਾਸ ॥੮॥੨੦੮॥**

ਕਰਮ ਦਾ ਅਨੁਸਠਾਨ ਕਿੱਥੇ ਹੈ? ਭਰਮ ਦਾ ਨਾਸ ਕਿੱਥੇ ਹੈ? ਦਿਲਾਂ ਦੀ ਚੇਸ਼ਟਾ (ਲੀਲਾ) ਕਿੱਥੇ ਹੈ? ਅਚਾਨਕ ਪ੍ਰਕਾਸ਼ ਕਿੱਥੇ ਹੈ?

**ਦੋਹਰਾ॥ ਕਹਾ ਨੇਮ ਸੰਜਮ ਕਹਾ ਕਹਾ ਗਿਆਨ ਅਗਿਆਨ॥**
**ਕੋ ਰੋਗੀ ਸੋਗੀ ਕਵਨ ਕਹਾ ਧਰਮ ਕੀ ਹਾਨਿ ॥੯॥੨੦੯॥**

ਨਿਯਮ ਕਿੱਥੇ ਹੈ? ਸੰਜਮ ਕਿੱਥੇ ਹੈ? ਗਿਆਨ ਕਿੱਥੇ ਹੈ? ਅਗਿਆਨ ਕਿੱਥੇ ਹੈ? ਰੋਗੀ ਕੌਣ ਹੈ? ਸੋਗੀ ਕੌਣ ਹੈ? ਧਰਮ ਦਾ ਨਾਸ ਕਿੱਥੇ ਹੈ?

**ਦੋਹਰਾ॥ ਕੋ ਸੂਰਾ ਸੁੰਦਰ ਕਵਨ ਕਹਾ ਜੋਗ ਕੋ ਸਾਰ॥**
**ਕੋ ਦਾਤਾ ਗਿਆਨੀ ਕਵਨ ਕਹੁ ਬਿਚਾਰ ਅਬਿਚਾਰ॥੧੦॥੨੧੦॥**

ਸੂਰਮਾ ਕੌਣ ਹੈ? ਸੁਹਣਾ ਕੌਣ ਹੈ? ਯੋਗ ਦਾ ਤੱਤ ਕਿੱਥੇ ਹੈ? ਦਾਤਾ ਕੌਣ ਹੈ? ਗਿਆਨੀ ਕੌਣ ਹੈ? ਵਿਚਾਰ ਅਤੇ ਅਵਿਚਾਰ ਕਿੱਥੇ ਹੈ?

**ਤ੍ਵਪ੍ਰਸਾਦਿ॥ ਦੀਰਘ ਤ੍ਰਿਭੰਗੀ ਛੰਦ॥**
**ਦੁਰਜਨ ਦਲ ਦੰਡਣ ਅਸੁਰ ਬਿਹੰਡਣ ਦੁਸਟ ਨਿਕੰਦਣ ਆਦਿ ਬ੍ਰਿਤੇ॥**

ਪ੍ਰਭੂ ਦੀ ਸ਼ਕਤੀ ਬੁਰੇ ਬੰਦਿਆਂ ਦੇ ਦਲਾਂ ਨੂੰ ਦੰਡ ਦੇਣ ਵਾਲੀ, ਦੈਂਤਾਂ ਤੇ ਦੁਸ਼ਟਾਂ ਨੂੰ ਨਾਸ ਕਰਨ ਵਾਲੀ ਅਤੇ ਆਦਿ ਕਾਲ ਤੋਂ ਹੀ ਇਸੇ ਧਰਮ ਵਾਲੀ ਹੈ।

**ਚਛੁਰਾਸੁਰ ਮਾਰਣ ਪਤਿਤ ਉਧਾਰਣ ਨਰਕ ਨਿਵਾਰਣ ਗੂੜ ਗਤੇ॥**

ਉਹ ਚਛੁਰ ਦੈਂਤ ਨੂੰ ਮਾਰਨ ਵਾਲੀ, ਪਾਪੀਆਂ ਨੂੰ ਤਾਰਨ ਵਾਲੀ, ਨਰਕਾਂ ਦੇ ਦੁੱਖ ਕੱਟਣ ਵਾਲੀ ਅਤੇ ਗੂੜ੍ਹ ਮਰਿਆਦਾ ਵਾਲੀ ਹੈ।

**ਅਛੈ ਅਖੰਡੇ ਤੇਜ ਪ੍ਰਚੰਡੇ ਖੰਡ ਉਦੰਡੇ ਅਲਖ ਮਤੇ॥**

ਉਹ ਅਮਰ, ਅਖੰਡ, ਤੇਜਮਈ ਪ੍ਰਤਾਪ ਵਾਲੀ, ਨਿਡਰਾਂ ਨੂੰ ਖੰਡਣ ਵਾਲੀ ਅਤੇ ਨਾ ਜਾਣੀ ਜਾਣ ਵਾਲੀ ਮੱਤ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਰੰਮ ਕਪਰਦਿਨਿ ਛਤ੍ਰ ਛਿਤੇ ॥੧॥੨੧੧॥**

ਉਹ ਮਹਿਖਾਸੁਰ ਨੂੰ ਨਾਸ ਕਰਨ ਵਾਲੀ, ਸੁੰਦਰ ਜੂੜੇ ਵਾਲੀ ਅਤੇ ਧਰਤੀ ਦੇ ਸ਼੍ਰੋਮਣੀ ਰੂਪ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਆਸੁਰੀ ਬਿਹੰਡਣ ਦੁਸਟ ਨਿਕੰਦਨ ਪੁਸਟ ਉਦੰਡਣ ਰੂਪ ਅਤੇ॥**

ਉਹ ਦੈਂਤਾਂ ਨੂੰ ਨਾਸ ਕਰਨ ਵਾਲੀ, ਦੁਸ਼ਟਾਂ ਨੂੰ ਮਾਰਨ ਵਾਲੀ, ਮਜ਼ਬੂਤਾਂ ਤੋਂ ਨਿਡਰ ਰਹਿਣ ਵਾਲੀ, ਵੱਡੇ ਰੂਪ ਵਾਲੀ ਹੈ।

**ਚੰਡਾਸੁਰ ਚੰਡਣ ਮੁੰਡ ਬਿਹੰਡਣ ਧੂਮ੍ਰ ਬਿਧੁੰਸਣ ਮਹਿਖ ਮਥੇ॥**

ਉਹ ਚੰਡ, ਮੁੰਡ, ਧੂਮ੍ਰਲੋਚਨ ਅਤੇ ਮਹਿਖੇ ਦੈਂਤ ਮਾਰਨ ਵਾਲੀ ਹੈ।

**ਦਾਨਵ ਪ੍ਰਹਾਰਣ ਨਰਕ ਨਿਵਾਰਨ ਅਧਮ ਉਧਾਰਨ ਉਰਧ ਅਧੇ॥**

ਉਹ ਦੈਂਤਾਂ ਨੂੰ ਮਾਰਨ ਵਾਲੀ, ਜੀਵਾਂ ਦੇ ਨਰਕ ਕੱਟਣ ਵਾਲੀ ਅਤੇ ਉੱਚੇ ਨੀਵੇਂ ਨੀਚਾਂ ਨੂੰ ਉਧਾਰਨ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਰੰਮ ਕਪਰਦਿਨਿ ਆਦਿ ਬ੍ਰਿਤੇ ॥੨॥੨੧੨॥**

ਉਹ ਮਹਿਖਾਸੁਰ ਨੂੰ ਨਾਸ ਕਰਨ ਵਾਲੀ, ਸੁੰਦਰ ਜੂੜੇ ਵਾਲੀ ਅਤੇ ਆਦਿ ਧਰਮ ਵਾਲੀ ਦੀ ਜੈ ਜੈ ਕਾਰ ਹੰਦੀ ਹੈ।

**ਡਾਵਰੂ ਡਵੰਕੈ ਬਬਰ ਬਵੰਕੈ ਭੁਜਾ ਫਰੰਕੈ ਤੇਜ ਬਰੰ॥**

ਜਿਸ ਦਾ ਡਮਰੂ ਵੱਜਦਾ ਹੈ, ਸ਼ੇਰ ਗਰਜਦਾ ਹੈ, ਮਹਾਨ ਤੇਜ ਵਾਲੀ ਦੇ ਡੌਲੇ ਫਰਕਦੇ ਹਨ।

**ਲੰਕੁੜੀਆ ਫਾਧੈ ਆਯੁਧ ਬਾਧੈ ਸੈਨ ਬਿਮਰਦਨ ਕਾਲ ਅਸੁਰੰ॥**

ਲੰਕੁੜੀਆ (ਜੋ ਦੁਰਗਾ ਦੇ ਅੱਗੇ ਝੰਡਾ ਲੈ ਕੇ ਚੱਲਦਾ ਹੈ) ਉਸ ਅੱਗੇ ਕੁੱਦਦਾ ਹੈ, ਉਹ ਸ਼ਸਤ੍ਰਾਂ ਨੂੰ ਸਜਾ ਕੇ ਸੈਨਾ ਨਾਲ ਯੁੱਧ ਕਰਨ ਵਾਲੀ ਹੈ ਅਤੇ ਦੈਂਤਾਂ ਲਈ ਕਾਲ ਰੂਪ ਹੈ।

**ਅਸਟਾਇਧ ਚਮਕੈ ਭੂਖਣ ਦਮਕੈ ਅਤਿ ਸਿਤ ਝਮਕੈ ਫੁੰਕ ਫਨੰ॥**

ਉਸਦੇ ਅੱਠੇ ਸ਼ਸ਼ਤਰ ਚਮਕਦੇ ਹਨ, ਗਹਿਣੇ ਦਮਕਦੇ ਹਨ,
ਚਿੱਟੇ ਸੱਪ ਫੁੰਕਾਰੇ ਮਾਰਦੇ ਹਨ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਰੰਮ ਕਪਰਦਿਨਿ ਦੈਤ ਜਿਣੰ॥੩॥੨੧੩॥**

ਉਹ ਮਹਿਖਾਸੁਰ ਨੂੰ ਨਾਸ ਕਰਨ ਵਾਲੀ, ਸੁੰਦਰ ਜੂੜੇ ਵਾਲੀ ਅਤੇ ਦੈਂਤਾਂ ਨੂੰ ਜਿੱਤਣ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਚੰਡਾਸੁਰ ਚੰਡਣ ਮੁੰਡ ਬਿਮੁੰਡਣ ਖੰਡ ਅਖੰਡਣ ਖੂਨ ਖਿਤੇ॥**

ਚੰਡ ਤੇ ਮੁੰਡ ਦੈਂਤ ਨੂੰ ਮਾਰਨ ਵਾਲੀ, ਅਜਿੱਤ ਸੂਰਮਿਆਂ ਨੂੰ ਖ਼ਤਮ ਕਰਨ ਵਾਲੀ ਅਤੇ ਧਰਤੀ ਨੂੰ ਲਹੂ-ਲੁਹਾਣ ਕਰਨ ਵਾਲੀ ਹੈ।

**ਦਾਮਨੀ ਦਮੰਕਣ ਧੁਜਾ ਫਰੰਕਣ ਫਣੀ ਫੁਕਾਰਣ ਜੋਧ ਜਿਤੇ॥**

ਉਹ ਬਿਜਲੀ ਵਾਂਗ ਦਮਕਣ ਵਾਲੀ, ਝੰਡੇ ਨੂੰ ਲਹਿਰਾਉਣ ਵਾਲੀ, ਫਣੀਅਰ ਸੱਪ ਵਾਂਗ ਫੁੰਕਾਰਣ ਵਾਲੀ ਅਤੇ ਯੋਧਿਆਂ ਨੂੰ ਜਿੱਤਣ ਵਾਲੀ ਹੈ।

**ਸਰ ਧਾਰ ਬਿਬਰਖਣ ਦੁਸਟ ਪ੍ਰਕਰਖਣ ਪੁਸਟ ਪ੍ਰਹਰਖਣ ਦੁਸਟ ਮਥੇ॥**

ਤਿੱਖੇ ਤੀਰਾਂ ਦਾ ਮੀਂਹ ਵਰਸਾਉਣ ਵਾਲੀ, ਦੁਸ਼ਟਾਂ ਨੂੰ ਨਾਸ ਕਰਕੇ ਚੰਗੀ ਤਰ੍ਹਾਂ ਖੁਸ਼ ਹੋਣ ਵਾਲੀ ਅਤੇ ਦੁਸ਼ਟਾਂ ਨੂੰ ਮਾਰਨ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਭੂਮਿ ਅਕਾਸ ਤਲ ਉਰਧ ਅਧੇ॥੪॥੨੧੪॥**

ਮਹਿਖੇ ਦੈਂਤ ਨੂੰ ਮਲ ਦੇਣ ਵਾਲੀ ਦੀ ਜ਼ਮੀਨ, ਆਸਮਾਨ ਅਤੇ ਪਾਤਾਲ ਵਿੱਚ ਜੈ ਜੈ ਕਾਰ ਹੁੰਦੀ ਹੈ।

**ਦਾਮਨੀ ਪ੍ਰਹਾਸਨ ਸੁਛਬਿ ਨਿਵਾਸਨ ਸ੍ਰਿਸਟਿ ਪ੍ਰਕਾਸਨ ਗੂੜ ਗਤੇ॥**

ਬਿਜਲੀ ਵਾਂਗ ਚਮਕਣ ਵਾਲੀ, ਸੁਹੱਪਣ ਦਾ ਘਰ, ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੀ ਅਤੇ ਗੂੜ੍ਹ ਮਰਿਆਦਾ ਵਾਲੀ ਹੈ।

**ਰਕਤਾਸੁਰ ਆਚਨ ਜੁਧ ਪ੍ਰਮਾਚਨ ਨਿਰਭੈ ਨਰਾਚਨ ਧਰਮ ਬ੍ਰਿਤੇ॥**

ਰਕਤਵੀਰਯ ਦੈਂਤ ਦਾ ਖੂਨ ਪੀ ਜਾਣ ਵਾਲੀ, ਯੁੱਧ ਮਚਾਉਣ ਵਾਲੀ, ਯੁੱਧ ਵਿੱਚ ਨਿਰਭੈਤਾ ਨਾਲ ਫਿਰਨ ਵਾਲੀ ਅਤੇ ਧਰਮ ਦੀ ਬਿਰਤੀ ਵਾਲੀ ਹੈ।

**ਸ੍ਰੋਣੰਤ ਅਚੰਤੀ ਅਨਲ ਬਵੰਤੀ ਜੋਗ ਜਯੰਤੀ ਖੜਗ ਧਰੇ॥**

ਸ੍ਰੋਣਵੰਤ ਦੇ ਲਹੂ ਨੂੰ ਪੀਣ ਵਾਲੀ, ਮੂੰਹੋਂ ਅੱਗ ਨੂੰ ਉਗਲਣ ਵਾਲੀ, ਯੋਗ ਨੂੰ ਪੈਦਾ ਕਰਨ ਵਾਲੀ ਅਤੇ ਤਲਵਾਰ ਧਾਰਨ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਪਾਪ ਬਿਨਾਸਨ ਧਰਮ ਕਰੇ॥੫॥੨੧੫॥**

ਮਹਿਖੇ ਦੈਂਤ ਨੂੰ ਮਾਰਨ ਵਾਲੀ, ਪਾਪਾਂ ਦੇ ਨਾਸ ਅਤੇ ਧਰਮ ਨੂੰ ਪੈਦਾ ਕਰਨ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਅਘ ਓਘ ਨਿਵਾਰਨ ਦੁਸਟ ਪ੍ਰਜਾਰਨ ਸ੍ਰਿਸਟਿ ਉਬਾਰਨ ਸੁਧ ਮਤੇ॥**

ਸਭ ਪਾਪ ਦੂਰ ਕਰਨ ਵਾਲੀ, ਦੁਸ਼ਟਾਂ ਨੂੰ ਸਾੜਨ ਵਾਲੀ, ਸ੍ਰਿਸ਼ਟੀ ਨੂੰ ਬਚਾਉਣ ਵਾਲੀ ਅਤੇ ਸ਼ੁੱਭ ਮੱਤ ਵਾਲੀ ਹੈ।

**ਫਣੀਅਰ ਫੁੰਕਾਰਣ ਬਾਘ ਬਕਾਰਣ ਸਸਤ੍ਰ ਪ੍ਰਹਾਰਣ ਸਾਧ ਮਤੇ॥**

ਫਣੀਅਰ ਵਾਂਗ ਫੁੰਕਾਰਣ ਵਾਲੀ, ਸ਼ੇਰ ਵਾਂਗ ਗੱਜਣ ਵਾਲੀ, ਸ਼ਸ਼ਤਰਾਂ ਨੂੰ ਚਲਾਉਣ ਵਾਲੀ ਅਤੇ ਤਿਆਗੀ ਸੁਭਾਅ ਵਾਲੀ ਹੈ।

**ਸੈਹਥੀ ਸਨਾਹਨ ਅਸਟ ਪ੍ਰਬਾਹਨ ਬੋਲ ਨਿਬਾਹਨ ਤੇਜ ਅਤੁਲੰ॥**

ਬਰਛੀਆਂ ਅਤੇ ਸੰਜੋਆਂ ਵਾਲੀ, ਅੱਠ ਬਾਹਵਾਂ ਵਾਲੀ, ਵਚਨ ਨੂੰ ਨਿਭਾਉਣ ਵਾਲੀ ਅਤੇ ਮਹਾਨ ਤੇਜ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਭੂਮਿ ਅਕਾਸ ਪਤਾਲ ਜਲੰ ॥੬॥੨੧੬॥**

ਮਹਿਖੇ ਦੈਂਤ ਨੂੰ ਨਾਸ ਕਰ ਦੇਣ ਵਾਲੀ ਦੀ ਜ਼ਮੀਨ, ਆਸਮਾਨ, ਪਾਤਾਲ ਅਤੇ ਜਲ ਵਿੱਚ ਜੈ ਜੈ ਕਾਰ ਹੁੰਦੀ ਹੈ।

**ਚਾਚਰ ਚਮਕਾਰਨ ਚਿਛੁਰ ਹਾਰਨ ਧੂਮ੍ਰ ਧੁੰਕਾਰਨ ਦ੍ਰਪ ਮਥੇ॥**

ਉਹ ਤਲਵਾਰ ਨੂੰ ਚਮਕਾਉਣ ਵਾਲੀ, ਚਿਛਰ ਦੈਂਤ ਨੂੰ ਮਾਰਨ ਵਾਲੀ, ਧੂਮ੍ਰਲੋਚਨ ਦੈਂਤ ਨੂੰ ਪਿੰਜ ਕੇ ਉਸਦੇ ਅਭਿਮਾਨ ਨੂੰ ਮਲ ਦੇਣ ਵਾਲੀ ਹੈ।

**ਦਾੜਵੀ ਪ੍ਰਦੰਤੇ ਜੋਗ ਜਯੰਤੇ ਮਨੁਜ ਮਥੰਤੇ ਗੂੜ ਕਥੇ॥**

ਅਨਾਰ ਦੇ ਦਾਣਿਆਂ ਵਰਗੇ ਦੰਦਾਂ ਵਾਲੀ, ਯੋਗ ਨੂੰ ਜਿੱਤਣ ਵਾਲੀ, ਮਨੁੱਖ ਦੀ ਗੁਹਜ ਕਥਾ ਨੂੰ ਵਿਚਾਰਨ ਵਾਲੀ ਹੈ।

**ਕਰਮ ਪ੍ਰਣਾਸਨ ਚੰਦ ਪ੍ਰਕਾਸਨ ਭਾਨੁ ਪ੍ਰਤੇਜਨ ਅਸਟ ਭੁਜੇ॥**

ਉਹ ਕਰਮਾਂ ਨੂੰ ਨਾਸ ਕਰਨ ਵਾਲੀ, ਚੰਦ ਵਾਂਗ ਚਮਕਣ ਵਾਲੀ, ਸੂਰਜ ਵਾਂਗ ਤੇਜ ਅਤੇ ਅੱਠ ਬਾਹਾਂ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਭਰਮ ਬਿਨਾਸਨ ਧਰਮ ਧੁਜੇ॥੭॥੨੧੭॥**

ਮਹਿਖੇ ਦੈਂਤ ਨੂੰ ਮਲਣ ਵਾਲੀ, ਭਰਮ ਦਾ ਨਾਸ ਕਰਨ ਵਾਲੀ ਅਤੇ ਧਰਮ ਦੀ ਧੁਜਾ ਰੂਪ ਦੀ ਜੈ ਜੈ ਕਾਰ ਹੁੰਦੀ ਹੈ।

**ਘੁੰਘਰੂ ਘਮੰਕਣ ਸਸਤ੍ਰ ਝਮੰਕਣ ਫਣੀ ਫੁੰਕਾਰਣ ਧਰਮ ਧੁਜੇ॥**

ਘੁੰਘਰੂ ਨੂੰ ਵਜਾਉਣ ਵਾਲੀ, ਸ਼ਸ਼ਤਰਾਂ ਨੂੰ ਲਿਸ਼ਕਾਉਣ ਵਾਲੀ, ਸੱਪ ਵਾਂਗ ਫੁੰਕਾਰਨ ਵਾਲੀ ਅਤੇ ਧਰਮ ਦਾ ਝੰਡਾ ਲਹਿਰਾਉਣ ਵਾਲੀ ਹੈ।

**ਅਸਟਾਟ ਪ੍ਰਹਾਸਨ ਸ੍ਰਿਸਟਿ ਨਿਵਾਸਣ ਦੁਸਟ ਪ੍ਰਨਾਸਣ ਚਕ੍ਰ ਗਤੇ॥**

ਉਹ ਖਿੜ-ਖਿੜਾ ਕੇ ਹੱਸਣ ਵਾਲੀ, ਸ੍ਰਿਸਟੀ ਵਿੱਚ ਨਿਵਾਸ ਰੱਖਣ ਵਾਲੀ ਅਤੇ ਚੱਕਰ ਦੀ ਗਤੀ ਵਾਂਗ ਦੁਸ਼ਟਾਂ ਨੂੰ ਨਾਸ ਕਰਨ ਵਾਲੀ ਹੈ।

**ਕੇਸਰੀ ਪ੍ਰਵਾਹੇ ਸੁੱਧ ਸਨਾਹੇ ਅਗਮ ਅਥਾਹੇ ਏਕ ਬ੍ਰਿਤੇ॥**

ਸ਼ੇਰ ਦੀ ਸਵਾਰੀ ਵਾਲੀ, ਸ਼ੁੱਧ ਲੋਹੇ ਦੀ ਸੰਜੋਅ ਵਾਲੀ, ਬਹੁਤ ਗੰਭੀਰ ਅਤੇ ਇੱਕ ਵਿਚਾਰ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਕੁਮਾਰਿ ਅਗਾਧ ਬ੍ਰਿਤੇ ॥੮॥੨੧੮॥**

ਮਹਿਖੇ ਦੈਂਤ ਨੂੰ ਮਾਰਨ ਵਾਲੀ, ਆਦਿ ਤੋਂ ਹੀ ਕੁਮਾਰੀ ਅਤੇ ਗੰਭੀਰ ਧਰਮ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਸੁਰ ਨਰ ਮੁਨਿ ਬੰਦਨ ਦੁਸਟ ਨਿਕੰਦਨ ਭ੍ਰਿਸਟ ਬਿਨਾਸਨ ਮ੍ਰਿਤ ਮਥੇ ॥**

ਦੇਵਤਿਆਂ, ਮਨੁੱਖਾਂ ਅਤੇ ਮੁਨੀਆਂ ਦੇ ਪੂਜਣ ਯੋਗ, ਦੁਸ਼ਟਾਂ ਨੂੰ ਮਾਰਨ ਵਾਲੀ, ਭ੍ਰਿਸ਼ਟ ਲੋਕਾਂ ਨੂੰ ਨਾਸ ਕਰਨ ਵਾਲੀ ਅਤੇ ਕਾਲ ਨੂੰ ਵੀ ਮਾਰਨ ਵਾਲੀ ਹੈ।

**ਕਾਵਰੂ ਕੁਮਾਰੇ ਅਧਮ ਉਧਾਰੇ ਨਰਕ ਨਿਵਾਰੇ ਆਦਿ ਕਥੇ ॥**

ਕਾਮ ਦੇਸ ਦੀ ਕੁਮਾਰੀ, ਪਾਪੀਆਂ ਦਾ ਉਧਾਰ ਕਰਨ ਵਾਲੀ, ਨਰਕਾਂ ਤੋਂ ਦੂਰ ਰੱਖਣ ਵਾਲੀ ਹੈ ਅਤੇ ਉਸਦੀ ਕਥਾ ਆਦਿ ਕਾਲ ਤੋਂ ਚੱਲਦੀ ਆਈ ਹੈ।

**ਕਿੰਕਣੀ ਪ੍ਰਸੋਹਣ ਸੁਰ ਨਰ ਮੋਹਣ ਸਿੰਘਾਰੋਹਣ ਬਿਤਲ ਤਲੇ ॥**

ਤੜਾਗੀ ਨਾਲ ਸੋਹਣ ਵਾਲੀ, ਸ਼ੇਰ 'ਤੇ ਸਵਾਰ ਹੋਣ ਵਾਲੀ, ਪਤਾਲ ਦੇ ਤਲ 'ਤੇ ਵਿਚਰਨ ਵਾਲੀ, ਦੇਵਤੇ ਅਤੇ ਮਨੁੱਖਾਂ ਨੂੰ ਮੋਹਣ ਵਾਲੀ ਹੈ।

**ਜੈ ਜੈ ਹੋਸੀ ਸਭ ਠਉਰ ਨਿਵਾਸਨ ਬਾਇ ਪਤਾਲ ਅਕਾਸ ਅਨਲੇ ॥੯॥੨੧੯॥**

ਪਉਣ, ਪਾਤਾਲ, ਆਕਾਸ਼ ਅਤੇ ਅੱਗ ਸਾਰੀਆਂ ਥਾਂਵਾਂ ਵਿੱਚ ਨਿਵਾਸ ਕਰਨ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਸੰਕਟੀ ਨਿਵਾਰਨ ਅਧਮ ਉਧਾਰਨ ਤੇਜ ਪ੍ਰਕਰਖਣ ਤੁੰਦ ਤਬੇ ॥**

ਉਹ ਦੁੱਖਾਂ ਨੂੰ ਦੂਰ ਕਰਨ ਵਾਲੀ, ਨੀਚਾਂ ਨੂੰ ਉੱਚਿਆਂ ਕਰਨ ਵਾਲੀ, ਦੁਸ਼ਮਣ ਦੇ ਤੇਜ਼ ਨੂੰ ਖਿੱਚ ਲੈਣ ਵਾਲੀ ਅਤੇ ਤੇਜ਼ ਸੁਭਾਅ ਵਾਲੀ ਹੈ।

**ਦੁਖ ਦੋਖ ਦਹੰਤੀ ਜ੍ਵਾਲ ਜਯੰਤੀ ਆਦਿ ਅਨਾਦਿ ਅਗਾਧਿ ਅਛੇ ॥**

ਉਹ ਦੁੱਖ ਤੇ ਦੋਸ਼ਾਂ ਨੂੰ ਸਾੜਨ ਵਾਲੀ, ਅੱਗ ਦੀ ਲਾਟ ਨੂੰ ਪੈਦਾ ਕਰਨ ਵਾਲੀ, ਪਹਿਲੀ, ਅਨਾਦੀ, ਗੰਭੀਰ ਅਤੇ ਅਵਿਨਾਸ਼ੀ ਹੈ।

**ਸੁਧਤਾ ਸਮਰਪਣ ਤਰਕ ਬਿਤਰਕਣ ਤਪਤ ਪ੍ਰਤਾਪਣ ਜਪਤ ਜਿਵੇ ॥**

ਨਿਰਮਲਤਾ ਦੇਣ ਵਾਲੀ, ਤਰਕਾਂ ਨੂੰ ਰੱਦ ਕਰਨ ਵਾਲੀ, ਸੂਰਜ ਨੂੰ ਤੇਜ਼ ਦੇਣ ਵਾਲੀ ਅਤੇ ਨਾਮ ਜਪਣ ਵਾਲਿਆਂ ਨੂੰ ਜੀਵਨ ਦੇਣ ਵਾਲੀ ਹੈ।

**ਜੈ ਜੈ ਹੋਸੀ ਸਸਤ੍ਰ ਪ੍ਰਕਰਖਣ ਆਦਿ ਅਨੀਲ ਅਗਾਧ ਅਭੇ ॥੧੦॥੨੨੦॥**

ਸਾਰਿਆਂ ਸ਼ਸ਼ਤਰਾਂ ਨੂੰ ਚਲਾਉਣ ਵਾਲੀ, ਆਦਿ ਸਰੂਪ, ਕਲੰਕ ਰਹਿਤ, ਗੰਭੀਰ, ਨਿਡਰ ਦੀ ਜੈ ਜੈ ਕਾਰ ਹੁੰਦੀ ਹੈ।

**ਚੰਚਲਾ ਚਖੰਗੀ ਅਲਕ ਭੁਜੰਗੀ ਤੁੰਦ ਤੁਰੰਗਣ ਤਿਛ ਸਰੇ॥**

ਚੰਚਲ ਨੇਤਰਾਂ ਵਾਲੀ, ਨਾਗਾਂ ਵਰਗੀਆਂ ਜ਼ੁਲਫਾਂ ਵਾਲੀ, ਤੇਜ਼ ਘੋੜੇ ਵਾਲੀ ਅਤੇ ਤਿੱਖੇ ਤੀਰਾਂ ਵਾਲੀ ਹੈ।

**ਕਰ ਕਸਾ ਕੁਠਾਰੇ ਨਰਕ ਨਿਵਾਰੇ ਅਧਮ ਉਧਾਰੇ ਤੂਰ ਭੁਜੇ॥**

ਕਠੋਰ ਕੁਹਾੜੇ ਵਾਲੀ, ਨਰਕਾਂ ਤੋਂ ਬਚਾਉਣ ਵਾਲੀ, ਨੀਵਿਆਂ ਨੂੰ ਉੱਚਿਆਂ ਕਰਨ ਵਾਲੀ ਅਤੇ ਉੱਚੀਆਂ ਬਾਹਾਂ ਵਾਲੀ ਹੈ।

**ਦਾਮਨੀ ਦਮੰਕੇ ਕੇਹਰ ਲੰਕੇ ਆਦਿ ਅਤੰਕੇ ਕ੍ਰੂਰ ਕਥੇ॥**

ਬਿਜਲੀ ਵਾਂਗ ਚਮਕਦੀ ਹੈ, ਸ਼ੇਰ ਵਾਂਗ ਲੱਕ ਵਾਲੀ, ਪਹਿਲਾਂ ਤੋਂ ਹੀ ਡਰ ਪਾਉਣ ਵਾਲੀ ਅਤੇ ਭਿਆਨਕ ਕਥਾ ਵਾਲੀ ਹੈ

**ਜੈ ਜੈ ਹੋਸੀ ਰਕਤਾਸੁਰ ਖੰਡਣ ਸੁੰਭ ਚਕ੍ਰਤ ਨਿਸੁੰਭ ਮਥੇ ॥੧੧॥੨੨੧॥**

ਰਕਤ-ਵੀਰਯ ਦੈਂਤ ਨੂੰ ਮਾਰਨ ਵਾਲੀ, ਸੁੰਭ ਨੂੰ ਹੈਰਾਨ ਕਰਨ ਵਾਲੀ ਅਤੇ ਨਿਸੁੰਭ ਨੂੰ ਰਿੜਕ ਦੇਣ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਬਾਰਿਜ ਬਿਲੋਚਨ ਬ੍ਰਿਤਨ ਬਿਮੋਚਨ ਸੋਚ ਬਿਸੋਚਨ ਕਉਚ ਕਸੇ॥**

ਕਮਲ ਵਰਗੀਆਂ ਅੱਖਾਂ ਵਾਲੀ, ਦੁਸ਼ਟ ਬਿਰਤੀ ਵਾਲੇ ਦੈਂਤਾਂ ਦਾ ਨਾਸ ਕਰਨ ਵਾਲੀ, ਅਪੱਵਿਤਰਾਂ ਨੂੰ ਪਵਿੱਤਰ ਕਰਨ ਵਾਲੀ ਅਤੇ ਸੰਜੋਅ ਧਾਰੀ ਹੈ।

**ਦਾਮਨੀ ਪ੍ਰਹਾਸੇ ਸੁਕ ਸਰ ਨਾਸੇ ਸੁਬ੍ਰਿਤ ਸੁਬਾਸੇ ਦੁਸਟ ਗ੍ਰਸੇ॥**

ਬਿਜਲੀ ਵਾਂਗ ਹੱਸਣ ਵਾਲੀ, ਤੋਤੇ ਵਰਗੇ ਨੱਕ ਵਾਲੀ, ਧਰਮ ਦਾ ਘਰ ਅਤੇ ਦੁਸ਼ਟਾਂ ਨੂੰ ਫੜ੍ਹਨ ਵਾਲੀ ਹੈ।

**ਚੰਚਲਾ ਪ੍ਰਅੰਗੀ ਬੇਦ ਪ੍ਰਸੰਗੀ ਤੇਜ ਤੁਰੰਗੀ ਖੰਡ ਸੁਰੰ॥**

ਬਿਜਲੀ ਵਾਂਗ ਤੇਜ ਅੰਗਾਂ ਵਾਲੀ, ਗਿਆਨ ਦੀ ਸਾਥਣ, ਘੋੜੇ ਵਾਂਗ ਤੇਜ਼ ਅਤੇ ਦੈਂਤਾਂ ਨੂੰ ਮਾਰਨ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨਾਦਿ ਅਗਾਧ ਉਰੰ॥੧੨॥੨੨੨॥**

ਮਹਿਖਾਸੁਰ ਨੂੰ ਮਾਰਨ ਵਾਲੀ ਅਤੇ ਆਦਿ ਅਨਾਦਿ ਤੋਂ ਹੀ ਗੰਭੀਰ ਹਿਰਦੇ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਘੰਟਿਕਾ ਬਿਰਾਜੈ ਰੁਣ ਝੁਣ ਬਾਜੈ ਭ੍ਰਮ ਭੈ ਭਾਜੈ ਸੁਨਤ ਸੁਰੰ॥**

ਉਸ ਦੇ ਲੱਕ ਦੁਆਲੇ ਤੜਾਗੀ ਬਿਰਾਜ ਰਹੀ ਹੈ, ਜੋ ਰੁਣਝੁਣ ਵੱਜਦੀ ਹੈ, ਜਿਸਦੀ ਆਵਾਜ਼ ਸੁਣਦਿਆਂ ਭਰਮ ਅਤੇ ਡਰ ਭੱਜ ਜਾਂਦੇ ਹਨ।

**ਕੋਕਿਲ ਸੁਨ ਲਾਜੈ ਕਿਲ ਬਿਖ ਭਾਜੈ ਸੁਖ ਉਪਰਾਜੈ ਮੱਧ ਉਰੰ॥**

ਜਿਸ ਦੀ ਆਵਾਜ਼ ਸੁਣ ਕੇ ਕੋਇਲ ਵੀ ਸ਼ਰਮਸ਼ਾਰ ਹੋ ਜਾਂਦੀ ਹੈ, ਪਾਪ ਭੱਜ ਜਾਂਦੇ ਹਨ ਅਤੇ ਹਿਰਦੇ ਵਿੱਚ ਸੁੱਖ ਪੈਦਾ ਹੁੰਦੇ ਹਨ।

**ਦੁਰਜਨ ਦਲ ਦਝੈ ਮਨ ਤਨ ਰਿਝੈ ਸ ਭੈ ਨ ਭਜੈ ਰੋਹ ਰਣੰ॥**

ਭੈ ਸਹਿਤ ਮਨੋਂ ਤਨੋਂ ਕੁੜਣ ਵਾਲੇ ਦੁਸ਼ਟਾਂ ਦੇ ਦਲ ਨੂੰ ਨਾਸ ਕਰਨ ਵਾਲੀ ਅਤੇ ਭਖੇ ਹੋਏ ਜੰਗ ਦੇ ਮੈਦਾਨ ਵਿੱਚੋਂ ਨਾ ਭੱਜਣ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਚੰਡ ਚਕ੍ਰਤਨ ਆਦਿ ਗੁਰੰ॥੧੩॥੨੨੩॥**

ਮਹਿਖਾਸੁਰ ਨੂੰ ਮਲਣ ਵਾਲੀ, ਚੰਡ ਦੈਂਤ ਨੂੰ ਹੈਰਾਨ ਕਰਨ ਵਾਲੀ ਅਤੇ ਪੂਰਬ ਤੋਂ ਪੂਜਯ ਦੀ ਜੈ ਜੈ ਕਾਰ ਹੁੰਦੀ ਹੈ।

**ਚਾਚਰੀ ਪ੍ਰਜੋਧਨ ਦੁਸਟ ਬਿਰੋਧਨ ਰੋਸ ਅਰੋਧਨ ਕ੍ਰੂਰ ਬ੍ਰਿਤੇ॥**

ਤਲਵਾਰ ਪਹਿਨਣ ਵਾਲੀ, ਦੁਸ਼ਟਾਂ ਦਾ ਵਿਰੋਧ ਕਰਨ ਵਾਲੀ, ਗੁੱਸੇ ਵਿੱਚ ਧਸਣ ਵਾਲੀ ਅਤੇ ਕਰੜੇ ਸੁਭਾਅ ਵਾਲੀ ਹੈ।

**ਧੂਮ੍ਰਾਛ ਬਿਧੁੰਸਨ ਪ੍ਰਲੈ ਪ੍ਰਜੁੰਸਨ ਜਗ ਬਿਧੁੰਸਨ ਸੁਧ ਮਤੇ॥**

ਧੂਮ੍ਰਲੋਚਨ ਦੈਂਤ ਨੂੰ ਮਾਰਨ ਵਾਲੀ, ਪਰਲਯ ਨੂੰ ਪੈਦਾ ਕਰਨ ਵਾਲੀ, ਦੱਛ ਪ੍ਰਜਾਪਤ ਦਾ ਯੱਗ ਨਾਸ ਕਰ ਦੇਣ ਵਾਲੀ ਅਤੇ ਸ਼ੁੱਧ ਧਰਮ ਵਾਲੀ ਹੈ।

**ਜਾਲਪਾ ਜਯੰਤੀ ਸਤ੍ਰ ਮਥੰਤੀ ਦੁਸਟ ਪ੍ਰਦਾਹਨ ਗਾੜ ਮਤੇ॥**

ਜਾਲਪਾ ਪਰਬਤ ਨੂੰ ਜਿੱਤਣ ਵਾਲੀ, ਦੁਸ਼ਮਣਾਂ ਨੂੰ ਰਿੜਕਨ ਵਾਲੀ ਅਤੇ ਦ੍ਰਿੜ ਮੱਤ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਜੁਗਾਦਿ ਅਗਾਧਿ ਗਤੇ॥੧੪॥੨੨੪॥**

ਮਹਿਖਾਸੁਰ ਨੂੰ ਮਲ ਦੇਣ ਵਾਲੀ, ਸਦਾ ਮੁੱਢ ਧੁਰ ਤੋਂ ਹੀ ਗੰਭੀਰ ਗਤੀ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਖਤ੍ਰੀਆਣ ਖਤੰਗੀ ਅਭੈ ਅਭੰਗੀ ਆਦਿ ਅਨੰਗੀ ਅਗਾਧਿ ਗਤੇ॥**

ਉਹ ਖੱਤਰੀਆਂ ਵਾਂਗ ਯੁੱਧ ਕਰਨ ਵਾਲੀ, ਤੀਰਾਂ ਵਾਲੀ, ਨਿਰਭੈ, ਮੌਤ ਰਹਿਤ, ਆਦਿ ਤੋਂ ਹੀ ਸਰੀਰ ਰਹਿਤ ਅਤੇ ਗੰਭੀਰ ਗਤੀ ਵਾਲੀ ਹੈ।

**ਬਿੜਲਾਛ ਬਿਹੰਡਣ ਚਿਛੁਰ ਦੰਡਣ ਤੇਜ ਪ੍ਰਚੰਡਣ ਆਦਿ ਬ੍ਰਿਤੇ॥**

ਬਿੜਲਾਛ ਦੈਂਤ ਨੂੰ ਮਾਰਨ ਵਾਲੀ, ਚਿਛੁਰ ਦੈਂਤ ਨੂੰ ਦੰਡ ਦੇਣ ਵਾਲੀ, ਮਹਾਨ ਤੇਜ ਵਾਲੀ ਅਤੇ ਆਦਿ ਧਰਮ ਵਾਲੀ ਹੈ।

**ਸੁਰ ਨਰ ਪ੍ਰਤਿਪਾਰਨ ਪਤਿਤ ਉਧਾਰਨ ਦੁਸਟ ਨਿਵਾਰਨ ਦੋਖ ਹਰੇ॥**

ਉਹ ਦੇਵਤਿਆਂ ਅਤੇ ਮਨੁੱਖਾਂ ਨੂੰ ਪਾਲਣ ਵਾਲੀ, ਨੀਚਾਂ ਨੂੰ ਉੱਚੇ ਕਰਨ ਵਾਲੀ, ਨਰਕਾਂ ਅਤੇ ਦੋਸ਼ਾਂ ਨੂੰ ਨਾਸ ਕਰਨ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਬਿਸੁ ਬਿਧੁੰਸਨ ਸ੍ਰਿਸਟਿ ਕਰੇ॥੧੫॥੨੨੫॥**

ਮਹਿਖਾਸੁਰ ਨੂੰ ਮਲ ਦੇਣ ਵਾਲੀ, ਵਿਸ਼ਵ ਨੂੰ ਨਾਸ ਅਤੇ ਪੈਦਾ ਕਰਨ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਦਾਮਨੀ ਪ੍ਰਕਾਸੇ ਉਨਤ ਨਾਸੇ ਜੋਤ ਪ੍ਰਕਾਸੇ ਅਤੁਲ ਬਲੇ॥**

ਬਿਜਲੀ ਵਾਂਗ ਚਮਕਣ ਵਾਲੀ, ਉੱਚੇ ਨੱਕ ਵਾਲੀ, ਚੇਤਨਤਾ ਚਮਕਾਉਣ ਵਾਲੀ ਅਤੇ ਬੇਅੰਤ ਤਾਕਤ ਵਾਲੀ ਹੈ।

**ਦਾਨਵੀ ਪ੍ਰਕਰਖਣ ਸਰ ਵਰ ਵਰਖਣ ਦੁਸਟ ਪ੍ਰਧਰਖਣ ਬਿਤਲ ਤਲੇ॥**

ਦੈਂਤਾਂ ਨੂੰ ਮਾਰਨ ਵਾਲੀ, ਉੱਤਮ ਤੀਰ ਚਲਾਉਣ ਵਾਲੀ ਤੇ ਦੁਸ਼ਟਾਂ ਨੂੰ ਡਰਾਉਣ ਵਾਲੀ ਅਤੇ ਪਾਤਾਲ ਦੇ ਤਲ 'ਤੇ ਰਹਿਣ ਵਾਲੀ ਹੈ।

**ਅਸਟਾਇਧ ਬਾਹਣ ਬੋਲ ਨਿਬਾਹਣ ਸੰਤ ਪਨਾਹਣ ਗੂੜ ਗਤੇ॥**

ਅੱਠ ਸ਼ਸ਼ਤਰ ਚਲਾਉਣ ਵਾਲੀ, ਪ੍ਰਣ ਨਿਭਾਉਣ ਵਾਲੀ, ਸੰਤਾਂ ਨੂੰ ਸ਼ਰਨ ਦੇਣ ਵਾਲੀ ਅਤੇ ਗੂੜ੍ਹ ਗਤੀ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨਾਦਿ ਅਗਾਧਿ ਬ੍ਰਿਤੇ॥੧੬॥੨੨੬॥**

ਮਹਿਖਾਸੁਰ ਨੂੰ ਮਲ ਦੇਣ ਵਾਲੀ ਅਤੇ ਆਦਿ, ਅਨਾਦਿ ਤੋਂ ਹੀ ਗੰਭੀਰ ਧਰਮ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਦੁਖ ਦੋਖ ਪ੍ਰਭੱਛਣ ਸੇਵਕ ਰੱਛਣ ਸੰਤ ਪ੍ਰਤੱਛਣ ਸੁੱਧ ਸਰੇ॥**

ਦੁੱਖਾਂ ਅਤੇ ਦੋਸ਼ਾਂ ਨੂੰ ਖਾ ਜਾਣ ਵਾਲੀ, ਸੇਵਕਾਂ ਦੀ ਰੱਖਿਆ ਕਰਨ ਵਾਲੀ, ਸੰਤਾਂ ਲਈ ਪ੍ਰਗਟ ਅਤੇ ਅੰਮ੍ਰਿਤ ਦਾ ਸਰੋਵਰ ਹੈ।

**ਸਾਰੰਗ ਸਨਾਹੇ ਦੁਸਟ ਪ੍ਰਦਾਹੇ ਅਰਿ ਦਲ ਗਾਹੇ ਦੋਖ ਹਰੇ॥**

ਤੀਰ-ਕਮਾਨ ਤੇ ਸੰਜੋਅ ਵਾਲੀ, ਦੁਸ਼ਟਾਂ ਨੂੰ ਸਾੜਨ ਵਾਲੀ, ਵੈਰੀਆਂ ਦੇ ਦਲ ਨੂੰ ਗਾਹੁਣ ਵਾਲੀ ਅਤੇ ਦੋਸ਼ਾਂ ਨੂੰ ਨਾਸ ਕਰਨ ਵਾਲੀ ਹੈ।

**ਗੰਜਨ ਗੁਮਾਨੇ ਅਤੁਲ ਪ੍ਰਵਾਨੇ ਸੰਤ ਜਮਾਨੇ ਆਦਿ ਅੰਤੇ॥**

ਹੰਕਾਰ ਨੂੰ ਨਾਸ ਕਰਨ ਵਾਲੀ, ਜਿਸ ਦੇ ਬਰਾਬਰ ਕੋਈ ਪ੍ਰਮਾਣ ਨਹੀਂ ਪੁੱਜਦਾ, ਵਕਤ ਦੇ ਸੰਤਾਂ ਦਾ ਆਦਿ ਅੰਤ ਰੂਪ ਓਹੋ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਸਾਧ ਪ੍ਰਦਛਣ ਦੁਸਟ ਹੰਤੇ॥੧੭॥੨੨੭॥**

ਮਹਿਖਾਸੁਰ ਨੂੰ ਮਾਰਨ ਵਾਲੀ, ਸਾਧੂਆਂ ਨੂੰ ਪਾਲਣ ਵਾਲੀ, ਦੁਸ਼ਟਾਂ ਨੂੰ ਮਾਰਨ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਕਾਰਣ ਕਰੀਲੀ ਗਰਬ ਗਹੀਲੀ ਜੋਤਿ ਜਤੀਲੀ ਤੁੰਦ ਮਤੇ॥**

ਲੜਾਈ ਦੀ ਕਾਰਨ, ਹੰਕਾਰ ਦਾ ਨਾਸ ਕਰਨ ਵਾਲੀ, ਪ੍ਰਕਾਸ਼ ਦੀ ਜੇਤੂ ਅਤੇ ਤੇਜ਼ ਬੁੱਧੀ ਵਾਲੀ ਹੈ।

**ਅਸਟਾਇਧ ਚਮਕਣ ਸਸਤ੍ਰ ਝਮਕਣ ਦਾਮਨਿ ਦਮਕਣ ਆਦਿ ਬ੍ਰਿਤੇ॥**

ਅੱਠ ਸ਼ਸ਼ਤਰ ਚਮਕਾਉਣ ਵਾਲੀ, ਸ਼ਸਤਰਾਂ ਨੂੰ ਲਿਸ਼ਕਾਉਣ ਵਾਲੀ, ਬਿਜਲੀ ਵਾਂਗ ਕੜਕਣ ਵਾਲੀ ਅਤੇ ਆਦਿ ਤੋਂ ਹੀ ਧਰਮ ਵਾਲੀ ਹੈ।

**ਡੁਕਡੁਕੀ ਦਮੰਕੈ ਬਾਘ ਬਬੰਕੈ ਭੁਜਾ ਫਰੰਕੈ ਸੁਧ ਗਤੇ॥**

ਚੰਗੀ ਮਰਿਆਦਾ ਵਾਲੀ ਦਾ ਨਗਾਰਾ ਵੱਜਦਾ ਹੈ, ਸ਼ੇਰ ਗੱਜਦਾ ਹੈ ਅਤੇ ਬਾਹਾਂ ਫਰਕਦੀਆਂ ਹਨ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਜੁਗਾਦਿ ਅਨਾਦਿ ਮਤੇ ॥੧੮॥੨੨੮॥**

ਮਹਿਖਾਸੁਰ ਨੂੰ ਮਾਰਨ ਵਾਲੀ ਅਤੇ ਹਮੇਸ਼ਾਂ ਤੋਂ ਹੀ ਅਨਾਦੀ ਮੱਤ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਚਛਰਾਸੁਰ ਮਾਰਣ ਨਰਕ ਨਿਵਾਰਣ ਪਤਿਤ ਉਧਾਰਣ ਏਕ ਭਟੇ॥**

ਚੱਛਰ ਦੈਂਤ ਨੂੰ ਮਾਰਨ ਵਾਲੀ, ਨਰਕਾਂ ਦੇ ਦੁੱਖ ਨੂੰ ਦੂਰ ਕਰਨ ਵਾਲੀ, ਡਿੱਗਿਆਂ ਨੂੰ ਉੱਚਿਆਂ ਕਰਨ ਵਾਲੀ, ਇਕ ਮਹਾਨ ਯੋਧਾ ਹੈ।

**ਪਾਪਾਨ ਬਿਹੰਡਣ ਦੁਸਟ ਪ੍ਰਚੰਡਣ ਖੰਡ ਅਖੰਡਣ ਕਾਲ ਕਟੇ॥**

ਪਾਪਾਂ ਨੂੰ ਨਾਸ ਕਰਨ ਵਾਲੀ, ਦੁਸ਼ਟਾਂ ਨੂੰ ਮਾਰਨ ਵਾਲੀ, ਬਲਵਾਨਾਂ ਨੂੰ ਮਾਰਨ ਵਾਲੀ ਅਤੇ ਬੁਰੇ ਸਮੇਂ ਨੂੰ ਕੱਟ ਦੇਣ ਵਾਲੀ ਹੈ।

**ਚੰਦ੍ਰਾਨਨ ਚਾਰੈ ਨਰਕ ਨਿਵਾਰੈ ਪਤਿਤ ਉਧਾਰੈ ਮੁੰਡ ਮਥੇ॥**

ਚੰਦਰਮਾ ਸਮਾਨ ਸੁੰਦਰ ਮੁੱਖ ਵਾਲੀ, ਨਰਕਾਂ ਦੇ ਦੁੱਖ ਨੂੰ ਦੂਰ ਕਰ ਦਿੰਦੀ ਹੈ, ਡਿੱਗਿਆਂ ਨੂੰ ਉਠਾਣ ਵਾਲੀ ਅਤੇ ਮੁੰਡ ਦੈਂਤ ਨੂੰ ਮਾਰਨ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਧੂਮ੍ਰ ਬਿਧੁੰਸਨ ਆਦਿ ਕਥੇ ॥੧੯॥੨੨੯॥**

ਮਹਿਖਾਸੁਰ ਨੂੰ ਮਲ ਦੇਣ ਵਾਲੀ, ਧੂਮ੍ਰ ਲੋਚਨ ਦੈਂਤ ਨੂੰ ਮਾਰ ਦੇਣ ਵਾਲੀ, ਆਦਿ ਕਾਲ ਇਸੇ ਪ੍ਰਸੰਗ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਰਕਤਾਸੁਰ ਮਰਦਨ ਚੰਡ ਚਕ੍ਰਦਨ ਦਾਨਵ ਅਰਦਨ ਬਿੜਾਲ ਬਧੇ॥**

ਉਹ ਸ੍ਰੋਣਤ-ਵੀਰਯ ਦੈਂਤ ਨੂੰ ਮਲਣ ਵਾਲੀ, ਚੰਡ ਦੈਂਤ ਦਾ ਨਾਸ ਕਰਨ ਵਾਲੀ, ਦੈਂਤਾਂ ਨੂੰ ਮਾਰਨ ਵਾਲੀ ਅਤੇ ਬਿੜਾਲਾਛ ਦੈਂਤ ਨੂੰ ਮਾਰਨ ਵਾਲੀ ਹੈ।

**ਸਰ ਧਾਰ ਬਿਬਰਖਣ ਦੁਰਜਨ ਧਰਖਣ ਅਤੁਲ ਅਮਰਖਣ ਧਰਮ ਧੁਜੇ॥**

ਤੀਰਾਂ ਦਾ ਮੀਂਹ ਵਰਸਾਉਣ ਵਾਲੀ, ਬੁਰੇ ਪੁਰਸ਼ਾਂ ਨੂੰ ਧੜਕਾਉਣ ਵਾਲੀ, ਬੇਹਿਸਾਬ ਕ੍ਰੋਧ ਵਾਲੀ ਅਤੇ ਧਰਮ ਦਾ ਆਸਰਾ ਰੂਪ ਹੈ।

**ਧੂਮ੍ਰਾਛ ਬਿਧੁੰਸਣ ਸ੍ਰੋਣਿਤ ਚੁੰਸਨ ਸੁੰਭ ਨਿਪਾਤ ਨਿਸੁੰਭ ਮਥੇ॥**

ਧੂਮ੍ਰਨੈਣ ਦੈਂਤ ਦਾ ਨਾਸ ਕਰਨ ਵਾਲੀ, ਰਕਤਬੀਜ ਦੈਂਤ ਦਾ ਲਹੂ ਚੂਸਣ ਵਾਲੀ, ਸੁੰਭ ਅਤੇ ਨਿਸੁੰਭ ਦੈਂਤ ਨੂੰ ਮਾਰਨ ਵਾਲੀ ਹੈ।

**ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨੀਲ ਅਗਾਧ ਕਥੇ ॥੨੦॥੨੩੦॥**

ਮਹਿਖਾਸੁਰ ਦੈਂਤ ਦਾ ਮਲੀਆ ਮੇਟ ਕਰਨ ਵਾਲੀ, ਆਦਿ ਤੋਂ ਹੀ ਕਲੰਕ ਰਹਿਤ ਅਤੇ ਬੇਅੰਤ ਕਥਾ ਵਾਲੀ ਦੀ ਜੈ ਜੈ ਕਾਰ ਹੁੰਦੀ ਹੈ।

**ਤ੍ਵ ਪ੍ਰਸਾਦਿ॥ ਪਾਧੜੀ ਛੰਦ॥**

**ਤੁਮ ਕਹੋ ਦੇਵ ਸਰਬੰ ਬਿਚਾਰ॥**

**ਜਿਮ ਕੀਓ ਆਪਿ ਕਰਤੇ ਪਸਾਰ॥**

ਮੈਂ ਤੁਹਾਨੂੰ ਉਸ ਪ੍ਰਭੂ ਬਾਰੇ ਚੰਗੀ ਤਰ੍ਹਾਂ ਵਿਚਾਰ ਕੇ ਦੱਸਦਾ ਹਾਂ, ਜਿਸ ਤਰ੍ਹਾਂ ਉਸ ਨੇ ਸਾਰੇ ਸੰਸਾਰ ਦਾ ਪਸਾਰਾ ਕੀਤਾ ਹੈ।

**ਜੱਦਪਿ ਅਭੂਤ ਅਨਭੈ ਅਨੰਤ॥**

**ਤਉ ਕਹੋਂ ਜਥਾ ਮਤਿ ਤ੍ਰੈਣ ਤੰਤ॥੧॥੨੩੧॥**

ਜਦੋਂ ਕਿ ਉਹ ਬ੍ਰਹਮ ਪੰਜਾਂ ਤੱਤਾਂ ਤੋਂ ਬਿਨਾਂ ਅਤੇ ਅੰਤ ਰਹਿਤ ਹੈ, ਤਾਂ ਵੀ ਮੈਂ ਉਸ ਦੇ ਸਿਧਾਂਤ ਨੂੰ ਆਪਣੀ ਬੁੱਧੀ ਅਨੁਸਾਰ ਕਹਿੰਦਾ ਹਾਂ।

**ਕਰਤਾ ਕਰੀਮ ਕਾਦਰ ਕ੍ਰਿਪਾਲ॥**

**ਅਦ੍ਵੈ ਅਭੂਤ ਅਨ ਭੈ ਦਿਆਲ॥**

ਉਹ ਕਰਤਾ ਪੁਰਖ ਮਿਹਰਬਾਨ, ਕੁਦਰਤ ਵਾਲਾ, ਕ੍ਰਿਪਾਲੂ, ਇੱਕ, ਤੱਤਾਂ ਤੋਂ ਰਹਿਤ, ਨਿਡਰ ਅਤੇ ਦਿਆਲੂ ਹੈ।

**ਦਾਤਾ ਦੁਰੰਤ ਦੁਖ ਦੋਖ ਰਹਤ॥**

**ਜਿਹ ਨੇਤਿ ਨੇਤਿ ਸਭ ਬੇਦ ਕਹਤ॥੨॥੨੩੨॥**

ਉਹ ਮਹਾਨ ਦਾਤਾ, ਦੁੱਖ ਅਤੇ ਦੋਸ਼ਾਂ ਤੋਂ ਰਹਿਤ ਹੈ, ਜੀਹਨੂੰ ਸਾਰੇ ਵੇਦ ਬੇਅੰਤ ਬੇਅੰਤ ਕਹਿੰਦੇ ਹਨ।

**ਕਈ ਊਚ ਨੀਚ ਕੀਨੋ ਬਨਾਉ॥**

**ਸਭ ਵਾਰ ਪਾਰ ਜਾ ਕੋ ਪ੍ਰਭਾਉ॥**

ਉਸ ਨੇ ਕਈਆਂ ਛੋਟਿਆਂ ਵੱਡਿਆਂ ਦੀ ਬਣਾਵਟ ਕੀਤੀ ਹੈ, ਜਿਸ ਦਾ ਪ੍ਰਭਾਵ ਸਭ ਥਾਂਈਂ ਫੈਲਿਆ ਹੋਇਆ ਹੈ।

**ਸਭ ਜੀਵ ਜੰਤ ਜਾਨੰਤ ਜਾਹਿ॥**

**ਮਨ ਮੂੜ੍ਹ ਕਿਉ ਨ ਸੇਵੰਤ ਤਾਹਿ॥੩॥੨੩੩॥**

ਸਾਰੇ ਜੀਅ ਜੰਤ ਜਿਸ ਨੂੰ ਜਾਣਦੇ ਹਨ।
ਹੇ ਮੂਰਖ ਮਨ! ਤੂੰ ਉਸ ਨੂੰ ਕਿਉਂ ਨਹੀਂ ਸਿਮਰਦਾ?

**ਕਈ ਮੂੜ੍ਹ ਪੱਤ੍ਰ ਪੂਜਾ ਕਰੰਤ॥**

**ਕਈ ਸਿੱਧ ਸਾਧ ਸੂਰਜ ਸਿਵੰਤ॥**

ਕਈ ਮੂਰਖ ਪੱਤਰਾਂ ਦੀ ਪੂਜਾ ਕਰਦੇ ਹਨ। ਕਈ ਸਿੱਧੀਆਂ ਵਾਲੇ ਸਾਧ ਸੂਰਜ ਦੀ ਪੂਜਾ ਕਰਦੇ ਹਨ।

**ਕਈ ਪਲਟ ਸੂਰਜ ਸਿਜਦਾ ਕਰਾਇ॥**
**ਪ੍ਰਭ ਏਕ ਰੂਪ ਦ੍ਵੈ ਕੈ ਲਖਾਇ॥੪॥੨੩੪॥**

ਕਈ ਲਹਿੰਦੇ ਵੱਲ ਮੂੰਹ ਕਰਕੇ ਸਿਜਦਾ ਕਰਦੇ ਹਨ। ਪ੍ਰਭੂ ਤਾਂ ਇੱਕ ਹੀ ਹੈ, ਉਸ ਨੂੰ ਵੱਖਰਾ-ਵੱਖਰਾ ਕਰਕੇ ਜਾਣਦੇ ਹਨ।

**ਅਨਛਿੱਜ ਤੇਜ ਅਨਭੈ ਪ੍ਰਕਾਸ॥**
**ਦਾਤਾ ਦੁਰੰਤ ਅਦ੍ਵੈ ਅਨਾਸ॥**

ਉਹ ਅਖੰਡ ਪ੍ਰਭਾਵ ਵਾਲਾ, ਨਿਡਰ, ਪ੍ਰਕਾਸ਼ਮਈ, ਮਹਾਨ ਦਾਤਾ, ਦਵੈਸ਼ ਰਹਿਤ ਅਤੇ ਅਵਿਨਾਸੀ ਹੈ।

**ਸਭ ਰੋਗ ਸੋਗ ਤੇ ਰਹਤ ਰੂਪ॥**
**ਅਨਭੈ ਅਕਾਲ ਅਛੈ ਸਰੂਪ ॥੫॥੨੩੫॥**

ਉਸ ਦਾ ਰੂਪ ਸਾਰਿਆਂ ਰੋਗਾਂ ਸੋਗਾਂ ਤੋਂ ਪਰ੍ਹੇ ਹੈ। ਉਹ ਨਿਡਰ, ਕਾਲ ਰਹਿਤ ਅਤੇ ਅਮਰ-ਮਈ ਹੈ।

**ਕਰੁਣਾ ਨਿਧਾਨ ਕਾਮਲ ਕ੍ਰਿਪਾਲ॥**
**ਦੁਖ ਦੋਖ ਹਰਤ ਦਾਤਾ ਦਿਆਲ॥**

ਉਹ ਕਿਰਪਾ ਦਾ ਭੰਡਾਰ, ਪੂਰਨ ਮਿਹਰਬਾਨ, ਦੁੱਖ ਅਤੇ ਦੋਸ਼ਾਂ ਤੋਂ ਬਿਨਾਂ, ਦਾਤਾਰ ਅਤੇ ਮਿਹਰਬਾਨ ਹੈ।

**ਅੰਜਨ ਬਿਹੀਨ ਅਨਭੰਜ ਨਾਥ॥**
**ਜਲ ਥਲ ਪ੍ਰਭਾਉ ਸਰਬਤ੍ਰ ਸਾਥ ॥੬॥੨੩੬॥**

ਉਹ ਨੇਤਰਾਂ ਬਿਨਾਂ, ਅਮਰ ਸਵਾਮੀ ਹੈ,
ਜਲ-ਥਲ ਸਮੇਤ ਸਾਰੀਆਂ ਥਾਂਵਾਂ ਵਿੱਚ ਉਸਦਾ ਪ੍ਰਤਾਪ ਹੈ।

**ਜਿਹ ਜਾਤਿ ਪਾਤਿ ਨਹੀ ਭੇਦ ਭਰਮ॥**
**ਜਿਹ ਰੰਗ ਰੂਪ ਨਹੀ ਏਕ ਧਰਮ॥**

ਜਿਸਦੀ ਜਾਤ, ਪਾਤ, ਭੇਦ ਅਤੇ ਭਰਮ ਨਹੀਂ ਹੈ। ਜੀਹਦਾ ਰੰਗ, ਰੂਪ ਅਤੇ ਇੱਕ ਪੰਥ ਵੀ ਨਹੀਂ ਹੈ।

**ਜਿਹ ਸਤ੍ਰੁ ਮਿਤ੍ਰ ਦੋਊ ਏਕ ਸਾਰ॥**
**ਅਛੈ ਸਰੂਪ ਅਬਿਚਲ ਅਪਾਰ ॥੭॥੨੩੭॥**

ਜਿਸਦੇ ਲਈ ਦੁਸ਼ਮਣ ਸੱਜਣ ਦੋਵੇਂ ਇੱਕੋ ਜਿਹੇ ਹਨ। ਉਹ ਅਵਿਨਾਸੀ ਸਰੂਪ ਵਾਲਾ, ਨਿਸਚਲ ਅਤੇ ਬੇਹੱਦ ਹੈ।

**ਜਾਨੀ ਨ ਜਾਇ ਜਿਹ ਰੂਪ ਰੇਖ॥**
**ਕਹਿ ਬਾਸ ਤਾਸ ਕਹਿ ਕਉਨ ਭੇਖ॥**
ਜਿਸਦੀ ਰੂਪ ਰੇਖਾ ਸਮਝੀ ਨਹੀਂ ਜਾਂਦੀ ਕਿ ਉਸ ਦਾ ਨਿਵਾਸ ਕਿੱਥੇ ਹੈ ਤੇ ਉਸਦਾ ਲਿਬਾਸ ਕੀ ਹੈ?

**ਕਹਿ ਨਾਮ ਤਾਸ ਹੈ ਕਵਨ ਜਾਤ॥**
**ਜਿਹ ਸਤ੍ਰੁ ਮਿਤ੍ਰ ਨਹੀ ਪੁਤ੍ਰ ਭ੍ਰਾਤ ॥੮॥੨੩੮॥**
ਉਸ ਦਾ ਨਾਮ ਅਤੇ ਜਾਤ ਕੀ ਹੈ?
ਜਿਸਦਾ ਦੁਸ਼ਮਣ, ਸੱਜਣ, ਪੁੱਤਰ ਅਤੇ ਭਰਾ ਨਹੀਂ ਹੈ।

**ਕਰੁਣਾ ਨਿਧਾਨ ਕਾਰਣ ਸਰੂਪ॥**
**ਜਿਹ ਚੱਕ੍ਰ ਚਿਹਨ ਨਹੀ ਰੰਗ ਰੂਪ॥**
ਉਹ ਮਿਹਰ ਦਾ ਭੰਡਾਰ ਤੇ ਕਾਰਨ-ਮਈ ਹੈ।
ਜਿਸਦਾ ਚਕ੍ਰ, ਚਿਹਨ, ਰੰਗ, ਰੂਪ ਨਹੀਂ ਹੈ।

**ਜਿਹ ਖੇਦ ਭੇਦ ਨਹੀ ਕਰਮ ਕਾਲ॥**
**ਸਭ ਜੀਵ ਜੰਤ ਕੀ ਕਰਤ ਪਾਲ॥੯॥੨੩੯॥**
ਜੋ ਦੁੱਖ, ਭੇਦ, ਕਰਮਾਂ ਅਤੇ ਮੌਤ ਤੋਂ ਰਹਿਤ ਹੈ, ਉਹ ਸਾਰਿਆਂ ਜੀਅ ਜੰਤਾਂ ਦੀ ਪਾਲਣਾ ਕਰਦਾ ਹੈ।

**ਉਰਧੰ ਬਿਰਹਤ ਸਿੱਧੰ ਸਰੂਪ॥**
**ਬੁਧੰ ਅਪਾਲ ਜੁਧੰ ਅਨੂਪ॥**
ਉਹ ਮਹਾਨ ਪ੍ਰਭੂ ਊਚ-ਨੀਚ ਤੋਂ ਰਹਿਤ ਅਤੇ ਅਪਾਰ ਬੁੱਧੀ ਵਾਲਾ ਹੋਣ ਕਰਕੇ ਬੇਮਿਸਾਲ ਯੁੱਧ ਕਰਨ ਵਾਲਾ ਹੈ।

**ਜਿਹ ਰੂਪ ਰੇਖ ਨਹੀ ਰੰਗ ਰਾਗ॥**
**ਅਨਛਿਜ ਤੇਜ ਅਨਭਿਜ ਅਦਾਗ॥੧੦॥੨੪੦॥**
ਜਿਸਦਾ ਕੋਈ ਰੂਪ, ਆਕਾਰ, ਮੋਹ ਅਤੇ ਵਰਣ ਨਹੀਂ ਹੈ,
ਉਹ ਅਖੰਡ ਪ੍ਰਭਾਵ, ਨਾ ਪਤੀਜਣ ਵਾਲਾ ਅਤੇ ਨਿਹਕਲੰਕ ਹੈ।

**ਜਲ ਥਲ ਮਹੀਪ ਬਨ ਤਨ ਦੁਰੰਤ॥**
**ਜਿਹ ਨੇਤਿ ਨੇਤਿ ਨਿਸ ਦਿਨ ਉਚਰੰਤ॥**
ਉਹ ਸਾਰੀਆਂ ਥਾਂਵਾਂ ਦਾ ਰਾਜਾ ਹੈ, ਜਿਸ ਨੂੰ ਮਹਾਨ ਜੰਗਲ ਅਤੇ ਘਾਹ ਦੇ ਤਿਨਕੇ ਵੀ ਰਾਤ ਦਿਨ ਬੇਅੰਤ ਬੇਅੰਤ ਉਚਾਰਦੇ ਹਨ।

**ਪਾਇਓ ਨ ਜਾਇ ਜਿਹ ਪੈਰ ਪਾਰ॥**
**ਦੀਨਾਨ ਦੋਖ ਦਹਿਤਾ ਉਦਾਰ॥੧੧॥੨੪੧॥**
ਜਿਸਦੇ ਚਰਨਾਂ ਦੀ ਮਹਿਮਾ ਦਾ ਪਾਰ ਨਹੀਂ ਪਾਇਆ ਜਾ ਸਕਦਾ, ਉਹ ਗਰੀਬਾਂ ਦੇ ਦੋਸ਼ ਸਾੜਨ ਵਾਲਾ ਅਤੇ ਦਾਤਾਰ ਹੈ।

**ਕਈ ਕੋਟਿ ਇੰਦ੍ਰ ਜਿਹ ਪਾਨਿ ਹਾਰ॥**
**ਕਈ ਕੋਟਿ ਰੁਦ੍ਰ ਜੁਗੀਆ ਦੁਆਰ॥**

ਜਿਸਦੇ ਕਈ ਕਰੋੜ ਦੇਵਰਾਜ ਪਾਣੀ ਭਰਨ ਵਾਲੇ ਹਨ ਅਤੇ ਕਈ ਕਰੋੜ ਸ਼ਿਵ ਦਰਵਾਜ਼ੇ ਦੇ ਮੰਗਤੇ ਹਨ।

**ਕਈ ਬੇਦ ਬਿਆਸ ਬ੍ਰਹਮਾ ਅਨੰਤ॥**
**ਜਿਹ ਨੇਤਿ ਨੇਤਿ ਨਿਸਿ ਦਿਨ ਉਚਰੰਤ॥੧੨॥੨੪੨॥**

ਕਈ ਵੇਦ ਵਿਆਸ ਅਤੇ ਬੇਅੰਤ ਹੀ ਬ੍ਰਹਮੇ ਜੀਹਨੂੰ ਰਾਤ ਦਿਨ ਬੇਅੰਤ ਬੇਅੰਤ ਉਚਾਰਦੇ ਹਨ।

**ਤ੍ਵ ਪ੍ਰਸਾਦਿ॥ ਸਵੱਯੇ॥**

**ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ॥**

ਉਹ ਸਦਾ ਗ਼ਰੀਬਾਂ ਦੀ ਪਾਲਣਾ ਕਰਦਾ ਹੈ, ਸੰਤਾਂ ਨੂੰ ਬਚਾਉਂਦਾ ਹੈ ਅਤੇ ਅਭਿਮਾਨੀਆਂ ਨੂੰ ਗਾਲਦਾ ਹੈ।

**ਪੱਛ ਪਸੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ॥**

ਉਹ ਪੰਛੀ, ਪਸ਼ੂ, ਪਹਾੜ, ਸੱਪ ਅਤੇ ਸ਼ੇਰਾਂ ਆਦਿ ਸਾਰਿਆਂ ਨੂੰ ਹਰ ਵੇਲੇ ਪਾਲਦਾ ਹੈ।

**ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀ ਕਰਮ ਬਿਚਾਰੈ॥**

ਉਹ ਜਲਾਂ ਅਤੇ ਥਲਾਂ ਵਿਚਲਿਆਂ ਜੀਵਾਂ ਨੂੰ ਹਰ ਪਲ ਪਾਲਦਾ ਹੈ ਅਤੇ ਉਹਨਾਂ ਦੇ ਬੁਰੇ ਕਰਮਾਂ ਨੂੰ ਨਹੀਂ ਵੇਖਦਾ।

**ਦੀਨ ਦਇਆਲ ਦਇਆਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ॥੧॥੨੪੩॥**

ਉਹ ਦਇਆ ਦਾ ਭੰਡਾਰ ਗ਼ਰੀਬ 'ਤੇ ਦਇਆ ਕਰਨ ਵਾਲਾ ਹੈ, ਉਹ ਜੀਵਾਂ ਦੇ ਦੋਸ਼ਾਂ ਨੂੰ ਵੇਖਦਾ ਹੋਇਆ ਦੇਂਦਾ ਹੈ, ਪਰ ਥੱਕਦਾ ਨਹੀਂ।

**ਦਾਹਤ ਹੈ ਦੁਖ ਦੋਖਨ ਕੋ ਦਲ ਦੁੱਜਨ ਕੇ ਪਲ ਮੈ ਦਲ ਡਾਰੈ॥**

ਉਹ ਦੁੱਖਾਂ ਅਤੇ ਦੋਸ਼ਾਂ ਨੂੰ ਸਾੜਦਾ ਹੈ ਅਤੇ ਸਮੂਹ ਦੁਸ਼ਟਾਂ ਨੂੰ ਪਲ ਵਿੱਚ ਹੀ ਮਲ ਸੁੱਟਦਾ ਹੈ।

**ਖੰਡ ਅਖੰਡ ਪ੍ਰਚੰਡ ਪ੍ਰਹਾਰਨ ਪੂਰਨ ਪ੍ਰੇਮ ਕੀ ਪ੍ਰੀਤਿ ਸੰਭਾਰੈ॥**

ਅਖੰਡ ਨੂੰ ਖੰਡਣ ਵਾਲਾ ਤੇਜੱਸਵੀ, ਨਾਸ ਕਰਨ ਵਾਲਾ ਅਤੇ ਪੂਰੇ ਪ੍ਰੇਮੀ ਦੀ ਪ੍ਰੀਤ ਦੀ ਪਾਲਣਾ ਕਰਨ ਵਾਲਾ ਹੈ।

**ਪਾਰ ਨ ਪਾਇ ਸਕੈ ਪਦਮਾਪਤਿ ਬੇਦ ਕਤੇਬ ਅਭੇਦ ਉਚਾਰੈ॥**

ਉਸਦਾ ਪਾਰਾਵਾਰ ਵਿਸ਼ਨੂੰ ਜਿਹੇ ਵੀ ਨਹੀਂ ਪਾ ਸਕੇ, ਵੇਦ ਅਤੇ ਕਤੇਬ ਉਸ ਨੂੰ ਭੇਤ ਰਹਿਤ ਕਹਿੰਦੇ ਹਨ।

**ਰੋਜ ਹੀ ਰਾਜ ਬਿਲੋਕਤ ਰਾਜਕ ਰੋਖਿ ਰੂਹਾਨ ਕੀ ਰੋਜੀ ਨ ਟਾਰੈ ॥੨॥੨੪੪॥**

ਉਹ ਰੋਜ਼ੀ ਦੇਣ ਵਾਲਾ ਦਾਤਾ ਨਿੱਤ ਹੀ ਸਾਡੇ ਦੋਸ਼ਾਂ ਨੂੰ ਵੇਖਦਾ ਹੋਇਆ, ਗੁੱਸੇ ਵਿੱਚ ਆ ਕੇ ਜੀਵਾਂ ਦੀ ਰੋਜ਼ੀ ਨਹੀਂ ਟਾਲਦਾ।

**ਕੀਟ ਪਤੰਗ ਕੁਰੰਗ ਭੁਜੰਗਮ ਭੂਤ ਭਵਿਖ ਭਵਾਨ ਬਨਾਏ ॥**

ਕੀੜੇ-ਪਤੰਗੇ, ਹਿਰਨ, ਸੱਪ ਅਤੇ ਭੂਤ, ਭਵਿੱਖ, ਵਰਤਮਾਨ ਉਸ ਨੇ ਹੀ ਬਣਾਏ ਹਨ।

**ਦੇਵ ਅਦੇਵ ਖਪੇ ਅਹੰਮੇਵ ਨ ਭੇਵ ਲਖਿਓ ਭ੍ਰਮ ਸਿਉ ਭਰਮਾਏ ॥**

ਮਾਇਆ ਵਿੱਚ ਭਰਮਾਏ ਹੋਏ ਸਾਰੇ ਦੇਵਤੇ ਅਤੇ ਦੈਂਤ ਹੰਕਾਰ ਵਿੱਚ ਨਾਸ ਹੋ ਗਏ, ਪਰ ਕੋਈ ਵੀ ਉਸ ਦੇ ਭੇਦ ਨੂੰ ਨਹੀਂ ਜਾਣ ਸਕਿਆ।

**ਬੇਦ ਪੁਰਾਨ ਕਤੇਬ ਕੁਰਾਨ ਹਸੇਬ ਥਕੇ ਕਰ ਹਾਥ ਨ ਆਏ ॥**

ਵੇਦ, ਪੁਰਾਣ, ਕੁਰਾਨ, ਕਤੇਬ ਆਦਿਕ ਸਾਰੇ ਹਿਸਾਬ ਲਾ-ਲਾ ਥੱਕ ਗਏ, ਪਰ ਉਹ ਪ੍ਰਭੂ ਕਿਸੇ ਦੇ ਹੱਥ ਨਹੀਂ ਆਇਆ।

**ਪੂਰਨ ਪ੍ਰੇਮ ਪ੍ਰਭਾਉ ਬਿਨਾ ਪਤਿ ਸਿਉ ਕਿਨ ਸ੍ਰੀ ਪਦਮਾਪਤਿ ਪਾਏ ॥੩॥੨੪੫॥**

ਪੂਰਨ ਪ੍ਰੇਮ ਅਤੇ ਗੁਰੂ ਦੀ ਤਾਕਤ ਤੋਂ ਬਿਨਾਂ ਦੱਸੋ ਕਿਸ ਨੇ ਭਗਵਾਨ ਨੂੰ ਪਾਇਆ ਹੈ?

**ਆਦਿ ਅਨੰਤ ਅਗਾਧ ਅਦ੍ਵੈਖ ਸੁ ਭੂਤ ਭਵਿਖ ਭਵਾਨ ਅਭੈ ਹੈ ॥**

ਉਹ ਆਦਿ, ਬੇਅੰਤ, ਗੰਭੀਰ, ਦ੍ਵੈਸ਼ ਰਹਿਤ, ਨਿਡਰ ਪ੍ਰਭੂ, ਭੂਤ, ਭਵਿੱਖ ਅਤੇ ਵਰਤਮਾਨ ਵਿੱਚ ਮੌਜੂਦ ਹੈ।

**ਅੰਤ ਬਿਹੀਨ ਅਨਾਤਮ ਆਪ ਅਦਾਗ ਅਦੋਖ ਅਛਿਦ੍ਰ ਅਛੈ ਹੈ ॥**

ਉਹ ਅੰਤ, ਸਰੀਰ, ਕਲੰਕ, ਦੋਸ਼ ਅਤੇ ਨਾਸ ਤੋਂ ਰਹਿਤ, ਅਮਰ ਹੈ।

**ਲੋਗਨ ਕੇ ਕਰਤਾ ਹਰਤਾ ਜਲ ਮੈ ਥਲ ਮੈ ਭਰਤਾ ਪ੍ਰਭੁ ਵੈ ਹੈ ॥**

ਚੌਦਾਂ ਲੋਕਾਂ ਦਾ ਕਰਤਾ ਤੇ ਹਰਤਾ ਅਤੇ ਜਲ ਤੇ ਥਲ ਵਿੱਚ ਸਭ ਨੂੰ ਰਿਜ਼ਕ ਦੇਣ ਵਾਲਾ ਉਹੀ ਹੈ।

**ਦੀਨ ਦਇਆਲ ਦਇਆਕਰ ਸ੍ਰੀ ਪਤਿ ਸੁੰਦਰ ਸ੍ਰੀ ਪਦਮਾਪਤਿ ਏ ਹੈ ॥੪॥੨੪੬॥**

ਗਰੀਬਾਂ 'ਤੇ ਮਿਹਰਬਾਨ, ਦਇਆ ਦੀ ਖਾਣ, ਮਾਇਆਪਤੀ, ਸੁੰਦਰ ਅਤੇ ਲਛਮੀ ਦਾ ਪਤੀ ਉਹੀ ਹੈ।

**ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ ॥**

ਉਹ ਕਾਮ, ਕ੍ਰੋਧ, ਲੋਭ, ਮੋਹ, ਰੋਗ, ਸੋਗ, ਭੋਗ ਅਤੇ ਡਰ ਤੋਂ ਰਹਿਤ ਹੈ।

**ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਅਛੈ ਹੈ॥**
ਉਹ ਸਭ ਨਾਲ ਪ੍ਰੇਮ ਕਰਨ ਵਾਲਾ, ਸਰੀਰ, ਮੋਹ, ਘਰ ਤੇ ਨਾਸ ਰਹਿਤ ਅਤੇ ਤਿਆਗੀ ਹੈ।
**ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈ ਹੈ॥**
ਅਕਲਮੰਦ, ਬੇਅਕਲ, ਜ਼ਮੀਨ ਤੇ ਅਕਾਸ਼ ਨੂੰ ਵੀ ਉਹੀ ਦੇਂਦਾ ਹੈ।
**ਕਾਹੇ ਕੋ ਡੋਲਤ ਹੈ ਤੁਮਰੀ ਸੁੱਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ॥੫॥੨੪੭॥**
ਹੇ ਮਨ! ਤੂੰ ਕਿਸ ਵਾਸਤੇ ਡੋਲਦਾ ਹੈਂ ?
ਤੇਰੀ ਖ਼ਬਰ ਵੀ ਸੁੰਦਰ ਮਾਇਆ ਪਤੀ ਭਗਵਾਨ ਹੀ ਲਏਗਾ।
**ਰੋਗਨ ਤੇ ਅਰੁ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥**
ਉਹ ਜੀਵ ਨੂੰ ਤਿੰਨਾਂ ਰੋਗਾਂ (ਆਧਿ, ਬਿਆਧਿ, ਉਪਾਧਿ) ਤੋਂ ਚੰਗੀ ਤਰ੍ਹਾਂ ਬਚਾਉਂਦਾ ਹੈ।
**ਸਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥**
ਉਸ 'ਤੇ ਦੁਸ਼ਮਣ ਅਨੇਕ ਤਰ੍ਹਾਂ ਵਾਰ ਚਲਾਉਂਦੇ ਹਨ, ਤਾਂ ਵੀ ਉਸਦੇ ਸਰੀਰ ਨੂੰ ਇੱਕ ਵੀ ਜਖ਼ਮ ਨਹੀਂ ਹੁੰਦਾ।
**ਰਾਖਤ ਹੈ ਅਪਨੋ ਕਰ ਦੈ ਕਰਿ ਪਾਪ ਸੰਬੂਹ ਨ ਭੇਟਨ ਪਾਵੈ॥**
ਉਹ ਜੀਵ ਨੂੰ ਆਪਣਾ ਹੱਥ ਦੇ ਕੇ ਰੱਖਦਾ ਹੈ ਅਤੇ ਪਾਪ ਉਸਦੇ ਨੇੜੇ ਵੀ ਨਹੀਂ ਲੱਗਦੇ।
**ਔਰ ਕੀ ਬਾਤ ਕਹਾ ਕਹ ਤੋ ਸੋ ਸੁ ਪੇਟ ਹੀ ਕੇ ਪਟ ਬੀਚ ਬਚਾਵੈ॥੬॥੨੪੮॥**
ਹੇ ਮਨ! ਤੈਨੂੰ ਉਸਦੀ ਹੋਰ ਗੱਲ ਤਾਂ ਕੀ ਕਹਾਂ? ਉਹ ਤਾਂ ਜੀਵ ਨੂੰ ਗਰਭ ਵਿੱਚ ਵੀ ਬਚਾਉਂਦਾ ਹੈ।
**ਜਛ ਭੁਜੰਗ ਸੁ ਦਾਨਵ ਦੇਵ ਅਭੇਵ ਤੁਮੈ ਸਭ ਹੀ ਕਰ ਧਿਆਵੈ॥**
ਹੇ ਭੇਦ ਰਹਿਤ ਪ੍ਰਭੂ! ਤੈਨੂੰ ਯੱਛ, ਸੱਪ, ਦੈਂਤ, ਦੇਵਤੇ ਸਾਰੇ ਹੀ ਹੱਥ ਜੋੜ ਕੇ ਸਿਮਰਦੇ ਹਨ।
**ਭੂਮਿ ਅਕਾਸ ਪਤਾਲ ਰਸਾਤਲ ਜੱਛ ਭੁਜੰਗ ਸਭੈ ਸਿਰ ਨਿਆਵੈ॥**
ਜ਼ਮੀਨ, ਆਸਮਾਨ, ਰਸਾਤਲ, ਪਾਤਾਲ, ਯੱਛ ਅਤੇ ਨਾਗ ਸਾਰੇ ਹੀ ਤੈਨੂੰ ਸਿਰ ਨਿਵਾਉਂਦੇ ਹਨ।
**ਪਾਇ ਸਕੈ ਨਹੀ ਪਾਰ ਪ੍ਰਭਾ ਹੂ ਕੋ ਨੇਤਿ ਹੀ ਨੇਤਹ ਬੇਦ ਬਤਾਵੈ॥**
ਤੇਰੀ ਸ਼ੋਭਾ ਦਾ ਕੋਈ ਵੀ ਅੰਤ ਨਹੀਂ ਪਾ ਸਕਿਆ ਅਤੇ ਬੇਦ ਵੀ ਤੈਨੂੰ ਬੇਅੰਤ ਹੀ ਬੇਅੰਤ ਦੱਸਦੇ ਹਨ।

**ਖੋਜ ਥਕੇ ਸਭ ਹੀ ਖੁਜੀਆ ਸੁਰ ਹਾਰ ਪਰੇ ਹਰਿ ਹਾਥ ਨ ਆਵੈ ॥੭॥੨੪੯॥**

ਸਾਰੇ ਵਿਚਾਰਵਾਨ ਅਤੇ ਦੇਵਤੇ ਤੈਨੂੰ ਲੱਭ-ਲੱਭ ਕੇ ਥੱਕ ਗਏ ਹਨ, ਪਰ ਉਹ ਪ੍ਰਭੂ ਕਿਸੇ ਦੇ ਹੱਥ ਨਹੀਂ ਆਇਆ।

**ਨਾਰਦ ਸੇ ਚਤੁਰਾਨਨ ਸੇ ਰੁਮਨਾ ਰਿਖਿ ਸੇ ਸਭਹੂੰ ਮਿਲ ਗਾਇਓ ॥**

ਨਾਰਦ, ਬ੍ਰਹਮਾ ਅਤੇ ਲੋਮ ਹਰਸ਼ਣ ਰਿਸ਼ੀ ਵਰਗਿਆਂ ਸਾਰਿਆਂ ਨੇ ਮਿਲ ਕੇ ਉਸ ਪਰਮੇਸ਼ਰ ਨੂੰ ਗਾਇਆ ਹੈ।

**ਬੇਦ ਕਤੇਬ ਨ ਭੇਦ ਲਖਿਓ ਸਭ ਹਾਰਿ ਪਰੇ ਹਰਿ ਹਾਥ ਨ ਆਇਓ ॥**

ਵੇਦਾਂ, ਕਤੇਬਾਂ ਨੇ ਵੀ ਉਸ ਦਾ ਭੇਤ ਨਹੀਂ ਪਾਇਆ, ਸਾਰੇ ਹੀ ਥੱਕ ਗਏ, ਪਰ ਉਹ ਭਗਵਾਨ ਕਿਸੇ ਦੇ ਹੱਥ ਨਹੀਂ ਆਇਆ।

**ਪਾਇ ਸਕੈ ਨਹੀ ਪਾਰ ਉਮਾਪਤਿ ਸਿੱਧ ਸਨਾਥ ਸਨੰਤਨ ਧਿਆਇਓ ॥**

ਸਿੱਧਾਂ, ਨਾਥਾਂ, ਸਨਕ, ਸਨੰਦਨ, ਸਨਾਤਨ ਅਤੇ ਸੰਤ ਕੁਮਾਰ ਨੇ ਵੀ ਉਸ ਨੂੰ ਸਿਮਰਿਆ ਹੈ ਅਤੇ ਸ਼ਿਵ ਵੀ ਉਸਦਾ ਅੰਤ ਨਹੀਂ ਪਾ ਸਕਿਆ।

**ਧਿਆਨ ਧਰੋ ਤਿਹ ਕੋ ਮਨ ਮੈ ਜਿਹ ਕੋ ਅਮਿਤੋਜ ਸਭੈ ਜਗ ਛਾਇਓ ॥੮॥੨੫੦॥**

ਹੇ ਜੀਵੋ! ਉਸਦਾ ਮਨ ਵਿੱਚ ਧਿਆਨ ਧਰੋ, ਜੀਹਦਾ ਬੇਅੰਤ ਬਲ ਸਾਰੇ ਸੰਸਾਰ ਵਿੱਚ ਵਿਆਪਿਆ ਹੋਇਆ ਹੈ।

**ਬੇਦ ਪੁਰਾਨ ਕਤੇਬ ਕੁਰਾਨ ਅਭੇਦ ਨ੍ਰਿਪਾਨ ਸਭੈ ਪਚਿ ਹਾਰੇ ॥**

ਭੇਦ ਰਹਿਤ ਪ੍ਰਭੂ ਦੇ ਕੌਤਕਾਂ ਨੂੰ ਕਹਿੰਦੇ, ਵੇਦ, ਪੁਰਾਣ, ਕਤੇਬ ਅਤੇ ਕੁਰਾਨ ਸਾਰੇ ਖੱਪ ਕੇ ਹਾਰ ਗਏ।

**ਭੇਦ ਨ ਪਾਇ ਸਕਿਓ ਅਨਭੇਦ ਕੋ ਖੇਦਤ ਹੈ ਅਨ ਛੇਦ ਪੁਕਾਰੇ ॥**

ਉਸ ਭੇਦ ਰਹਿਤ ਦਾ ਕੋਈ ਵੀ ਭੇਦ ਨਹੀਂ ਪਾ ਸਕਿਆ ਅਤੇ ਸਾਰੇ ਉਸ ਨੂੰ ਖੇਦ ਰਹਿਤ ਕਹਿੰਦੇ ਹਨ।

**ਰਾਗ ਨ ਰੂਪ ਨ ਰੇਖ ਨ ਰੰਗ ਨ ਸਾਕ ਨ ਸੋਗ ਨ ਸੰਗ ਤਿਹਾਰੇ ॥**

ਉਹ ਸ਼ਿੰਗਾਰ, ਰੂਪ, ਰੇਖ, ਰੰਗ, ਸਾਕ, ਸ਼ੌਕ ਅਤੇ ਸਾਥ ਤੋਂ ਰਹਿਤ ਹੈ।

**ਆਦਿ ਅਨਾਦਿ ਅਗਾਧ ਅਭੇਖ ਅਦ੍ਵੈਖ ਜਪਿਓ ਤਿਨ ਹੀ ਕੁਲ ਤਾਰੇ ॥੯॥੨੫੧॥**

ਉਸ ਆਦਿ, ਗੰਭੀਰ, ਭੇਖ ਤੇ ਈਰਖਾ ਰਹਿਤ ਨੂੰ ਜਿਸ ਨੇ ਵੀ ਜਪਿਆ, ਉਸ ਨੇ ਹੀ ਆਪਣੀਆਂ ਕੁਲਾਂ ਤਾਰ ਲਈਆਂ ਹਨ।

**ਤੀਰਥ ਕੋਟਿ ਕੀਏ ਇਸਨਾਨ ਦੀਏ ਬਹੁ ਦਾਨ ਮਹਾ ਬ੍ਰਤ ਧਾਰੇ॥**

ਕਰੋੜਾਂ ਤੀਰਥਾਂ 'ਤੇ ਇਸ਼ਨਾਨ ਕੀਤਿਆਂ, ਬਹੁਤ ਦਾਨ ਦਿੱਤਿਆਂ, ਵੱਡੇ ਵਰਤ ਰੱਖਿਆਂ।

**ਦੇਸ ਫਿਰਿਓ ਕਰ ਭੇਸ ਤਪੋ ਧਨ ਕੇਸ ਧਰੇ ਨ ਮਿਲੇ ਹਰਿ ਪਿਆਰੇ॥**

ਮਹਾਨ ਤਪੱਸਵੀਆਂ ਦਾ ਭੇਸ ਕਰਕੇ ਦੇਸ਼ਾਂ ਵਿੱਚ ਫਿਰਿਆਂ, ਵਾਲ ਵਧਾਇਆਂ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ।

**ਆਸਨ ਕੋਟਿ ਕਰੇ ਅਸਟਾਂਗ ਧਰੇ ਬਹੁ ਨਯਾਸ ਕਰੇ ਮੁਖ ਕਾਰੇ॥**

ਕਰੋੜਾਂ ਆਸਣ ਅਸਟਾਂਗ ਯੋਗ ਦੁਆਰਾ ਕੀਤਿਆਂ, ਬਹੁਤੇ ਅੰਗ ਨਿਆਸ ਧਾਰਿਆਂ ਅਤੇ ਮੂੰਹ ਕਾਲੇ ਕੀਤਿਆਂ।

**ਦੀਨ ਦਇਆਲ ਅਕਾਲ ਭਜੇ ਬਿਨ ਅੰਤ ਕੋ ਅੰਤਕੇ ਧਾਮ ਸਿਧਾਰੇ॥੧੦॥੨੫੨॥**

ਗਰੀਬਾਂ 'ਤੇ ਦਇਆ ਕਰਨ ਵਾਲੇ ਅਕਾਲ ਪੁਰਖ ਦਾ ਸਿਮਰਨ ਕਰਨ ਤੋਂ ਬਿਨਾਂ ਅੰਤ ਨੂੰ ਸਾਰੇ ਜਮ ਦੇ ਘਰ ਜਾਂਦੇ ਹਨ।

**ਤ੍ਵ ਪ੍ਰਸਾਦਿ॥ ਕਬਿੱਤ॥**

**ਅੱਤ੍ਰ ਕੇ ਚਲੱਯਾ ਛਿਤਿ ਛਤ੍ਰ ਕੇ ਧਰੱਯਾ**
**ਛਤ੍ਰ ਧਾਰੀਯੋਂ ਕੇ ਛਲੱਯਾ ਮਹਾਂ ਸਤ੍ਰੁਨ ਕੇ ਸਾਲ ਹੈਂ॥**

ਹੇ ਪ੍ਰਭੂ! ਤੁਸੀਂ ਅਸਤਰਾਂ ਨੂੰ ਚਲਾਉਣ ਵਾਲੇ, ਸੰਸਾਰ ਦੇ ਛਤ੍ਰ ਨੂੰ ਸਿਰ 'ਤੇ ਧਾਰਨ ਵਾਲੇ, ਰਾਜਿਆਂ ਨੂੰ ਛਲਣ ਵਾਲੇ ਅਤੇ ਵੱਡੇ ਦੁਸ਼ਮਣਾਂ ਨੂੰ ਮਾਰ ਦੇਣ ਵਾਲੇ ਹੋ।

**ਦਾਨ ਕੇ ਦਿਵੱਯਾ ਮਹਾਂ ਮਾਨ ਕੇ ਬਢੱਯਾ**
**ਅਵਸਾਨ ਕੇ ਦਿਵੱਯਾ ਹੈਂ ਕਟੱਯਾ ਜਮ ਜਾਲ ਹੈਂ॥**

ਦਾਨ ਦੇ ਦੇਣ ਵਾਲੇ, ਮਾਨ-ਪ੍ਰਭੁਤਾ ਦੇ ਵਧਾਉਣ ਵਾਲੇ, ਸ਼ਕਲਾਂ ਦੇ ਦੇਣ ਵਾਲੇ ਅਤੇ ਜਮਾਂ ਦਾ ਜਾਲ ਕੱਟਣ ਵਾਲੇ ਹੋ।

**ਜੁੱਧ ਕੇ ਜਿਤੱਯਾ ਅਬਰੁੱਧ ਕੇ ਮਿਟੱਯਾ**
**ਮਹਾਂ ਬੁੱਧਿ ਕੇ ਦਿਵੱਯਾ ਮਹਾ ਮਾਨ ਹੂੰ ਕੇ ਮਾਲ ਹੈਂ॥**

ਜੰਗ ਨੂੰ ਜਿੱਤਣ ਵਾਲੇ, ਵਿਰੋਧ ਦੇ ਨਾਸ਼ਕ, ਸ਼੍ਰੇਸ਼ਟ ਬੁੱਧੀ ਦੇ ਦੇਣ ਵਾਲੇ ਅਤੇ ਮਹਾਂ ਮਾਣ ਨੂੰ ਵੀ ਮਲਣ ਵਾਲੇ ਹੋ।

**ਗਿਆਨ ਹੂੰ ਕੇ ਗਿਆਤਾ ਮਹਾਂ ਬੁੱਧਿਤਾ ਕੇ ਦਾਤਾ**
**ਦੇਵ ਕਾਲ ਹੂੰ ਕੇ ਕਾਲ ਮਹਾ ਕਾਲ ਹੂੰ ਕੇ ਕਾਲ ਹੈਂ॥੧॥੨੫੩॥**

ਗਿਆਨ ਦੇ ਗਿਆਤਾ, ਮਹਾਨ ਬੁੱਧੀ ਦੇ ਦਾਤਾ, ਦੇਵਤਿਆਂ ਦੇ ਕਾਲ ਚਕ੍ਰ ਦੇ ਕਾਲ ਅਤੇ ਮਹਾਂਕਾਲ (ਸ੍ਰਿਸ਼ਟੀ ਦਾ ਆਰੰਭ ਸਮਾਂ) ਦੇ ਵੀ ਨਾਸ਼ਕ ਹੋ।

**ਪੂਰਬੀ ਨ ਪਾਰ ਪਾਵੈ ਹਿੰਗੁਲਾ ਹਿਮਾਲੈ ਧਿਆਵੈ**
**ਗੋਰ ਗਰਦੇਜੀ ਗੁਨ ਗਾਵੈ ਤੇਰੇ ਨਾਮ ਹੈਂ॥**

ਪੂਰਬਲੇ ਦੇਸ਼ਾਂ ਦੇ ਵਸਨੀਕ ਵੀ ਤੇਰਾ ਅੰਤ ਨਹੀਂ ਪਾਉਂਦੇ, ਹਿੰਗੁਲਾ ਨਾਮਕ ਪਹਾੜ ਅਤੇ ਹਿਮਾਲਿਆ ਦੇ ਨਿਵਾਸੀ ਤੈਨੂੰ ਧਿਆਉਂਦੇ ਹਨ, ਕੰਧਾਰ ਦੇ ਪਾਸ ਗ਼ਜ਼ਨੀ ਅਤੇ ਹੈਰਾਤ ਦੇ ਵਿਚਕਾਰਲੇ ਦੇਸ਼ ਦੇ ਵਾਸੀ ਵੀ ਤੇਰੇ ਨਾਮ ਦੇ ਹੀ ਗੁਣ ਗਾਉਂਦੇ ਹਨ।

**ਜੋਗੀ ਜੋਗ ਸਾਧੈ ਪਉਨ ਸਾਧਨਾ ਕਿਤੇਕ ਬਾਧੈ**
**ਆਰਬ ਕੇ ਆਰਬੀ ਅਰਾਧੈ ਤੇਰੇ ਨਾਮ ਹੈਂ॥**

ਯੋਗੀ ਯੋਗ ਸਾਧਨਾ ਕਰਦੇ ਹਨ, ਕਈ ਪ੍ਰਾਣਾਯਾਮ ਕਰਦੇ ਹਨ ਅਤੇ ਅਰਬ ਦੇਸ਼ਾਂ ਦੇ ਅਰਬੀ ਲੋਕ ਤੇਰੇ ਨਾਮ ਨੂੰ ਅਰਾਧਦੇ ਹਨ।

**ਫਰਾ ਕੇ ਫਿਰੰਗੀ ਮਾਨੈ ਕੰਧਾਰੀ ਕੁਰੈਸੀ ਜਾਨੈ**
**ਪਛਮ ਕੇ ਪਛਮੀ ਪਛਾਨੈ ਨਿਜ ਕਾਮ ਹੈਂ॥**

ਅਫਰੀਕਾ ਅਤੇ ਇੰਗਲੈਂਡ ਨਿਵਾਸੀ ਵੀ ਤੈਨੂੰ ਮੰਨਦੇ ਹਨ, ਕੰਧਾਰ ਦੇ ਕੁਰੈਸ਼ੀ ਵੰਸ਼ ਵਾਲੇ ਵੀ ਤੈਨੂੰ ਜਾਣਦੇ ਹਨ ਅਤੇ ਪੱਛਮ ਦੇਸ਼ਾਂ ਦੇ ਪੱਛਮੀ ਵੀ ਪਰਮੇਸ਼ਰ ਸਿਮਰਨ ਨੂੰ ਆਪਣਾ ਕੰਮ ਸਮਝਦੇ ਹਨ।

**ਮਰਹਟਾ ਮਘੇਲੇ ਤੇਰੀ ਮਨ ਸੋ ਤਪਸਿਆ ਕਰੈ**
**ਦ੍ਰਿੜਵੈ ਤਿਲੰਗੀ ਪਹਚਾਨੈ ਧਰਮ ਧਾਮ ਹੈਂ॥੨॥੨੫੪॥**

ਮਹਾਰਾਸ਼ਟਰ ਤੇ ਮਗਹਰ ਨਿਵਾਸੀ ਤੇਰੀ ਮਨ ਨਾਲ ਤਪੱਸਿਆ ਕਰਦੇ ਹਨ, ਦ੍ਰਾਵਿੜ ਅਤੇ ਤਿਲੰਗਾਨਾ ਦੇ ਵਾਸੀ ਵੀ ਪਰਮੇਸ਼ਰ ਨੂੰ ਜਾਣਦੇ ਹਨ।

**ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ**
**ਦਿੱਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ॥**

ਬੰਗਾਲ ਦੇ ਬੰਗਾਲੀ, ਯੂਰਪ ਦੇਸ਼ਾਂ ਦੇ ਫਿਰੰਗੀ ਅਤੇ ਦਿੱਲੀ ਦੇ ਵਾਸੀ ਵੀ ਤੇਰੀ ਆਗਿਆ ਵਿੱਚ ਚੱਲਦੇ ਹਨ।

**ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ**
**ਬੀਰ ਬੰਗਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ॥**

ਰੁਹੇਲਖੰਡ ਦੇ ਰੁਹੇਲੇ, ਮਗਹਰ ਦੇਸ਼ ਦੇ ਮਘੇਲੇ, ਬੰਗਾਲ ਤੇ ਬੁੰਦੇਲਖੰਡ ਦੇ ਯੋਧੇ ਵੀ ਹਰੀ ਨਾਮ-ਸਿਮਰਨ ਨਾਲ ਆਪਣੇ ਸਾਰੇ ਪਾਪਾਂ ਦਾ ਖ਼ਾਤਮਾ ਕਰਦੇ ਹਨ।

**ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਜਾਵੈ**
**ਤਿਬਤੀ ਧਿਆਇ ਦੋਖ ਦੇਹ ਕੇ ਦਲਤ ਹੈਂ॥**

ਗੋਖਾ ਨਗਰ ਦੇ ਵਾਸੀ ਤੇਰੇ ਗੁਣ ਗਾਉਂਦੇ ਹਨ, ਚੀਨ ਅਤੇ ਜਪਾਨ ਦੇ ਵਾਸੀ ਤੈਨੂੰ ਸਿਰ ਨਿਵਾਉਂਦੇ ਹਨ ਅਤੇ ਤਿੱਬਤ ਦੇ ਵਾਸੀ ਤੈਨੂੰ ਸਿਮਰ ਕੇ ਸਰੀਰ ਦੇ ਦੁੱਖਾਂ ਦਾ ਨਾਸ ਕਰਦੇ ਹਨ।

**ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ**
**ਸਰਬ ਧਨ ਧਾਮ ਫਲ ਫੂਲ ਸੋ ਫਲਤ ਹੈਂ॥੩॥੨੫੫॥**

ਜਿਸ ਨੇ ਵੀ ਤੈਨੂੰ ਸਿਮਰਿਆ, ਉਸ ਨੇ ਹੀ ਪੂਰਨ ਪ੍ਰਤਾਪ ਪਾ ਲਿਆ ਅਤੇ ਉਸ ਦਾ ਘਰ ਸਾਰਿਆਂ ਖਜਾਨਿਆਂ ਭਰਪੂਰ ਹੋ ਗਿਆ।

**ਦੇਵ ਦੇਵਤਾਨ ਕੋ ਸੁਰੇਸ ਦਾਨਵਾਨ ਕੋ**
**ਮਹੇਸ ਗੰਗ ਧਾਨ ਕੋ ਅਭੇਸ ਕਹੀਅਤੁ ਹੈਂ॥**

ਤੂੰ ਦੇਵਤਿਆਂ ਦਾ ਪਰਮੇਸ਼ਰ, ਦੈਂਤਾਂ ਦਾ ਮਾਲਕ ਤੇ ਗੰਗਾ ਧਾਰਨ ਕਰਨ ਵਾਲਾ ਸ਼ਿਵ ਹੈਂ ਅਤੇ ਤੈਨੂੰ ਭੇਸ ਰਹਿਤ ਵੀ ਕਿਹਾ ਜਾਂਦਾ ਹੈ।

**ਰੰਗ ਮੈ ਰੰਗੀਨ ਰਾਗ ਰੂਪ ਮੈ ਪ੍ਰਬੀਨ**
**ਔਰ ਕਾਹੂੰ ਪੈ ਨ ਦੀਨ ਸਾਧ ਅਧੀਨ ਕਹੀਅਤੁ ਹੈਂ ॥**

ਤੂੰ ਰੰਗ ਵਿੱਚ ਰੰਗਿਆ ਹੋਇਆ, ਰਾਗ ਦੇ ਆਲਾਪ ਵਿੱਚ ਨਿਪੁੰਨ ਹੈਂ ਅਤੇ ਤੂੰ ਕਿਸੇ ਦੇ ਅਧੀਨ ਨਾ ਹੋਣ ਵਾਲਾ ਸਾਧੂਆਂ ਦੇ ਅਧੀਨ ਕਿਹਾ ਜਾਂਦਾ ਹੈਂ।

**ਪਾਈਐ ਨ ਪਾਰ ਤੇਜ ਪੁੰਜ ਮੈ ਅਪਾਰ**
**ਸਰਬ ਬਿਦਿਆ ਕੋ ਉਦਾਰ ਹੈਂ ਅਪਾਰ ਕਹੀਅਤੁ ਹੈਂ॥**

ਹੇ ਬੇਅੰਤ ਪ੍ਰਭੂ! ਤੇਰੇ ਸਮੂਹ ਤੇਜ ਦਾ ਪਾਰ ਨਹੀਂ ਪਾਇਆ ਜਾਂਦਾ ਅਤੇ ਤੂੰ ਸਾਰੀਆਂ ਵਿੱਦਿਆਵਾਂ ਦਾ ਅਪਾਰ ਦਾਤਾ ਕਿਹਾ ਜਾਂਦਾ ਹੈਂ।

**ਹਾਥੀ ਕੀ ਚਿੰਘਾਰ ਪਲ ਪਾਛੈ ਪਹੁੰਚਤ ਤਾਹਿ**
**ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤੁ ਹੈਂ॥੪॥੨੫੬॥**

ਅਭਿਮਾਨੀ ਰੂਪ ਹਾਥੀ ਦੀ ਚਿੰਘਾਰ ਤਾਂ ਉਸ ਨੂੰ ਪਿੱਛੋਂ ਪੁੱਜਦੀ ਹੈ, ਪਰ ਚੀਟੀ ਰੂਪ ਗਰੀਬ ਦੀ ਪੁਕਾਰ ਪਹਿਲੋਂ ਸੁਣੀ ਜਾਂਦੀ ਹੈ।

**ਕੇਤੇ ਇੰਦ੍ਰ ਦੁਆਰ ਕੇਤੇ ਬ੍ਰਹਮਾ ਮੁਖਚਾਰ**
**ਕੇਤੇ ਕ੍ਰਿਸਨਾਵਤਾਰ ਕੇਤੇ ਰਾਮ ਕਹੀਅਤੁ ਹੈਂ॥**

ਤੇਰੇ ਦਰ 'ਤੇ ਕਿੰਨੇ ਹੀ ਇੰਦਰ, ਬ੍ਰਹਮਾ, ਕ੍ਰਿਸ਼ਨ ਅਤੇ ਰਾਮ ਚੰਦ੍ਰ ਖਲੋਤੇ ਦੱਸੇ ਜਾਂਦੇ ਹਨ।

**ਕੇਤੇ ਸਸਿ ਰਾਸੀ ਕੇਤੇ ਸੂਰਜ ਪ੍ਰਕਾਸੀ**
**ਕੇਤੇ ਮੁੰਡੀਆ ਉਦਾਸੀ ਜੋਗ ਦੁਆਰ ਦਹੀਅਤੁ ਹੈਂ॥**

ਕਈ ਚੰਦਰਮਾ ਤੇ ਉਸ ਦੀਆਂ ਰਾਸ਼ੀਆਂ, ਪ੍ਰਕਾਸ਼ ਕਰਨ ਵਾਲੇ ਸੂਰਜ, ਸੰਨਿਆਸੀ, ਵੈਰਾਗੀ ਅਤੇ ਯੋਗੀ ਤੇਰੇ ਦਰ 'ਤੇ ਧੂਣੀਆਂ ਬਾਲਦੇ ਹਨ।

**ਕੇਤੇ ਮਹਾ ਦੀਨ ਕੇਤੇ ਬਿਆਸ ਸੇ ਪ੍ਰਬੀਨ**
**ਕੇਤੇ ਕੁਮੇਰ ਕੁਲੀਨ ਕੇਤੇ ਜੱਛ ਕਹੀਅਤੁ ਹੈਂ॥**

ਕਈ ਮੁਹੰਮਦ, ਵਿੱਦਿਆ ਵਿੱਚ ਨਿਪੁੰਨ ਵੇਦ ਵਿਆਸ, ਕੁਬੇਰ ਵਰਗੇ ਉੱਤਮ ਕੁਲ ਵਾਲੇ ਅਤੇ ਯੱਛ ਕਹੇ ਜਾਂਦੇ ਹਨ।

**ਕਰਤੇ ਹੈਂ ਬਿਚਾਰ ਪੈ ਨ ਪੂਰਨ ਕੋ ਪਾਵੈ ਪਾਰ**
**ਤਾਹੀ ਤੇ ਅਪਾਰ ਨਿਰਾਧਾਰ ਲਹੀਅਤੁ ਹੈਂ॥੫॥੨੫੭॥**

ਉਪਰੋਕਤ ਸਾਰੇ ਵਿਚਾਰ ਤਾਂ ਕਰਦੇ ਹਨ ਪਰ ਕੋਈ ਤੇਰਾ ਪੂਰਨ ਹਿਸਾਬ ਨਹੀਂ ਪਾ ਸਕਦਾ, ਇਸੇ ਕਰਕੇ ਆਸਰਾ ਰਹਿਤ ਪ੍ਰਭੂ! ਤੈਨੂੰ ਬੇਅੰਤ ਸਮਝਿਆ ਜਾਂਦਾ ਹੈ।

**ਪੂਰਨ ਅਵਤਾਰ ਨਿਰਾਧਾਰ ਹੈ ਨ ਪਾਰਾਵਾਰ**
**ਪਾਈਐ ਨ ਪਾਰ ਪੈ ਅਪਾਰ ਕੈ ਬਖਾਨੀਐ॥**

ਉਹ ਪੂਰਨ ਪ੍ਰਭੂ ਆਸਰਾ ਰਹਿਤ ਹੈ, ਜਿਸ ਦਾ ਪਾਰਾਵਾਰ ਨਹੀਂ ਪਾਇਆ ਜਾਂਦਾ, ਇਸ ਕਰਕੇ ਉਸ ਨੂੰ ਪਾਰਾਵਾਰ ਰਹਿਤ ਬੇਅੰਤ ਕਿਹਾ ਜਾਂਦਾ ਹੈ।

**ਅਦ੍ਵੈ ਅਬਿਨਾਸੀ ਪਰਮ ਪੂਰਨ ਪ੍ਰਕਾਸੀ**
**ਮਹਾ ਰੂਪ ਹੂੰ ਕੇ ਰਾਸੀ ਹੈ ਅਨਾਸੀ ਕੈ ਕੈ ਮਾਨੀਐ॥**

ਉਹ ਇੱਕ, ਅਮਰ, ਮਹਾਨ, ਪੂਰਨ ਪ੍ਰਕਾਸ਼ ਵਾਲਾ, ਸੁੰਦਰ ਸਰੂਪ ਦਾ ਖਜ਼ਾਨਾ ਅਤੇ ਨਾਸ ਰਹਿਤ ਜਾਣਿਆ ਜਾਂਦਾ ਹੈ।

**ਜੰਤ੍ਰ ਹੂੰ ਨ ਜਾਤਿ ਜਾ ਕੀ ਬਾਪ ਹੂੰ ਨ ਮਾਇ ਤਾ ਕੀ**
**ਪੂਰਨ ਪ੍ਰਭਾ ਕੀ ਸੁ ਛਟਾ ਕੈ ਅਨੁਮਾਨੀਐ॥**

ਜੋ ਜੰਤਰ, ਜਾਤ, ਪਿਤਾ ਤੇ ਮਾਤਾ ਤੋਂ ਰਹਿਤ ਹੈ ਅਤੇ ਉਸਦਾ ਪੂਰਨ ਜੋਤ ਦੀ ਉੱਤਮ ਜੋਤੀ ਕਰਕੇ ਅੰਦਾਜ਼ਾ ਲਾਇਆ ਜਾਂਦਾ ਹੈ।

**ਤੇਜ ਹੂੰ ਕੋ ਤੰਤ੍ਰ ਹੈ ਕਿ ਰਾਜਸੀ ਕੋ ਜੰਤ੍ਰ ਹੈ**
**ਕਿ ਮੋਹਨੀ ਕੋ ਮੰਤ੍ਰ ਹੈ ਨਿਜੰਤ੍ਰ ਕੈ ਕੈ ਜਾਨੀਐ॥੬॥੨੫੮॥**

ਤੂੰ ਸ਼ਕਤੀ ਦਾ ਜਾਦੂ, ਰਾਜ ਦੀ ਸਮੱਗਰੀ, ਮੋਹਿਤ ਕਰਨ ਵਾਲੀ ਸ਼ਕਤੀ ਦਾ ਮੰਤਰ ਅਤੇ ਸਾਰਿਆਂ ਨੂੰ ਨਿਯਮ ਵਿੱਚ ਰੱਖਣ ਜਾਣਿਆ ਜਾਂਦਾ ਹੈਂ।

**ਤੇਜ ਹੂੰ ਕੋ ਤਰੁ ਹੈ ਕਿ ਰਾਜਸੀ ਕੋ ਸਰੁ ਹੈ**
**ਕਿ ਸੁੱਧਤਾ ਕੋ ਘਰੁ ਹੈ ਕਿ ਸਿੱਧਤਾ ਕੀ ਸਾਰ ਹੈ॥**

ਤੂੰ ਤੇਜ਼ ਦਾ ਵ੍ਰਿਛ ਹੈਂ, ਰਜੋ ਗੁਣੀ ਸ਼ਕਤੀ ਦਾ ਸਾਗਰ ਹੈਂ, ਪਵਿੱਤਰਤਾ ਦਾ ਨਿਵਾਸ ਹੈਂ ਜਾਂ ਸਿੱਧੀ ਦੀ ਅਸਲੀਅਤ ਹੈਂ।

**ਕਾਮਨਾ ਕੀ ਖਾਨ ਹੈ ਕਿ ਸਾਧਨਾ ਕੀ ਸਾਨ ਹੈ**
**ਬਿਰਕਤਤਾ ਕੀ ਬਾਨ ਹੈ ਕਿ ਬੁਧਿ ਕੋ ਉਦਾਰ ਹੈ॥**

ਕਾਮਨਾ ਦੀ ਖਾਣ ਹੈਂ, ਭਗਤੀ ਦੀ ਸ਼ਾਨੋ ਸ਼ੌਕਤ ਹੈਂ, ਤਿਆਗ ਦੀ ਖੁਸ਼ਬੂ ਹੈਂ ਜਾਂ ਅਕਲ ਦਾ ਦਾਤਾ ਹੈਂ।

**ਸੁੰਦਰ ਸਰੂਪ ਹੈ ਕਿ ਭੂਪਨ ਕੋ ਭੂਪ ਹੈ**
**ਕਿ ਰੂਪ ਹੂੰ ਕੋ ਰੂਪ ਹੈ ਕੁਮਤਿ ਕੋ ਪ੍ਰਹਾਰ ਹੈ॥**

ਸੋਹਣੇ ਸਰੂਪ ਵਾਲਾ ਹੈਂ, ਰਾਜਿਆਂ ਦਾ ਰਾਜਾ ਹੈਂ, ਰੂਪ ਦਾ ਵੀ ਰੂਪ ਹੈਂ ਜਾਂ ਬੁਰੀ ਮੱਤ ਨੂੰ ਨਾਸ ਕਰਨ ਵਾਲਾ ਹੈਂ।

**ਦੀਨਨ ਕੋ ਦਾਤਾ ਹੈ ਗਨੀਮਨ ਕੋ ਗਾਰਕ ਹੈ**
**ਸਾਧਨ ਕੋ ਰੱਛਕ ਹੈ ਗੁਨਨ ਕੋ ਪਹਾਰ ਹੈ॥੭॥੨੫੯॥**

ਗਰੀਬਾਂ ਦਾ ਦਾਤਾ ਹੈਂ, ਅਭਿਮਾਨੀਆਂ ਨੂੰ ਗਾਲਣ ਵਾਲਾ ਹੈਂ, ਸਾਧੂਆਂ ਦਾ ਰੱਖਿਅਕ ਹੈਂ ਜਾਂ ਗੁਣਾਂ ਦਾ ਪਹਾੜ ਹੈਂ।

**ਸਿੱਧਿ ਕੋ ਸਰੂਪ ਹੈ ਕਿ ਬੁੱਧਿ ਕੋ ਬਿਭੂਤਿ ਹੈਂ**
**ਕਿ ਕ੍ਰੁਧ ਕੋ ਅਭੂਤ ਹੈ ਕਿ ਅਛੈ ਅਬਿਨਾਸੀ ਹੈ॥**

ਕਰਾਮਾਤ ਦਾ ਸਰੂਪ ਹੈਂ, ਬੁੱਧੀ ਦੀ ਸਮੱਗਰੀ ਹੈਂ, ਕਰੋਧ ਦਾ ਨਾਸ਼ਕ ਹੈਂ ਜਾਂ ਨਿਰਭੈ ਅਤੇ ਅਮਰ ਹੈਂ।

**ਕਾਮ ਕੋ ਕੁਨਿੰਦਾ ਹੈ ਕਿ ਖੂਬੀ ਕੋ ਦਹਿੰਦਾ ਹੈ**
**ਗਨੀਮਨ ਗਰਿੰਦਾ ਹੈ ਕਿ ਤੇਜ ਕੋ ਪ੍ਰਕਾਸੀ ਹੈ॥**

ਕੰਮ ਨੂੰ ਕਰਨ ਵਾਲਾ ਹੈਂ, ਹੁਨਰ ਦੀ ਕਮਾਲਤਾ ਦੇਣ ਵਾਲਾ ਹੈਂ, ਅਭਿਮਾਨੀਆਂ ਨੂੰ ਨਾਸ ਕਰਨ ਵਾਲਾ ਹੈਂ ਜਾਂ ਚੇਤਨਤਾ ਦਾ ਪ੍ਰਕਾਸ਼ ਕਰਨ ਵਾਲਾ ਹੈਂ।

**ਕਾਲ ਹੂੰ ਕੇ ਕਾਲ ਹੈ ਕਿ ਸਤ੍ਰੁਨ ਕੇ ਸਾਲ ਹੈ**
**ਕਿ ਮਿਤ੍ਰਨ ਕੋ ਪੋਖਤ ਹੈ ਕਿ ਬ੍ਰਿਧਤਾ ਕੀ ਬਾਸੀ ਹੈ॥**

ਤੂੰ ਕਾਲ ਦਾ ਵੀ ਕਾਲ ਹੈਂ, ਦੁਸ਼ਮਣਾਂ ਨੂੰ ਵਿੰਨ੍ਹਣ ਵਾਲਾ ਹੈਂ, ਸੱਜਣਾਂ ਨੂੰ ਪ੍ਰਸੰਨ ਕਰਨ ਵਾਲਾ ਹੈਂ ਜਾਂ ਵਾਧੇ ਦਾ ਘਰ ਹੈਂ।

**ਜੋਗ ਹੂੰ ਕੋ ਜੰਤ੍ਰ ਹੈ ਕਿ ਤੇਜ ਹੂੰ ਕੋ ਤੰਤ੍ਰ ਹੈ**
**ਕਿ ਮੋਹਨੀ ਕੋ ਮੰਤ੍ਰ ਹੈ ਕਿ ਪੂਰਨ ਪ੍ਰਕਾਸੀ ਹੈ॥੮॥੨੬੦॥**

ਯੋਗ ਦਾ ਜੰਤ੍ਰ ਹੈਂ, ਤੇਜ ਦਾ ਤੰਤ੍ਰ ਹੈਂ, ਮੋਹਿਤ ਕਰ ਲੈਣ ਵਾਲਾ ਮੰਤਰ ਹੈਂ ਜਾਂ ਪੂਰਨ ਪ੍ਰਕਾਸ਼ ਵਾਲਾ ਹੈਂ

**ਰੂਪ ਕੋ ਨਿਵਾਸ ਹੈ ਕਿ ਬੁੱਧਿ ਕੋ ਪ੍ਰਕਾਸ ਹੈ**
**ਕਿ ਸਿੱਧਤਾ ਕੋ ਬਾਸ ਹੈ ਕਿ ਬੁੱਧਿ ਹੂੰ ਕੋ ਘਰੁ ਹੈ॥**

ਸੁੰਦਰਤਾ ਦਾ ਘਰ ਹੈਂ, ਬੁੱਧੀ ਦਾ ਵਿਕਾਸ ਕਰਨ ਵਾਲਾ ਹੈਂ, ਸਿੱਧੀਆਂ ਦਾ ਘਰ ਹੈਂ ਜਾਂ ਸੂਝ-ਬੂਝ ਦਾ ਕੇਂਦਰ ਹੈਂ।

**ਦੇਵਨ ਕੋ ਦੇਵ ਹੈ ਕਿ ਨਿਰੰਜਨ ਅਭੇਵ ਹੈ**
**ਅਦੇਵਨ ਕੋ ਦੇਵ ਹੈ ਕਿ ਸੁੱਧਿਤਾ ਕੋ ਸਰੁ ਹੈ॥**

ਦੇਵਤਿਆਂ ਦਾ ਪੂਜਯ ਹੈਂ, ਮਾਇਆ ਤੇ ਭੇਦ ਰਹਿਤ ਹੈਂ, ਦੈਂਤਾਂ ਦਾ ਪੂਜਯ ਹੈਂ ਜਾਂ ਪਵਿੱਤਰਤਾ ਦਾ ਸਰੋਵਰ ਹੈਂ।

**ਜਾਨ ਕੋ ਬਚੱਯਾ ਹੈ ਇਮਾਨ ਕੋ ਦਿਵੱਯਾ**
**ਜਮਜਾਲ ਕੋ ਕਟੱਯਾ ਹੈ ਕਿ ਕਾਮਨਾ ਕੋ ਕਰੁ ਹੈ॥**

ਜ਼ਿੰਦਗੀ ਨੂੰ ਬਚਾਉਣ ਵਾਲਾ ਹੈਂ, ਯਕੀਨ ਨੂੰ ਦੇਣ ਵਾਲਾ ਹੈਂ, ਬੁਰੀਆਂ ਵਿਚਾਰਾਂ ਨੂੰ ਕੱਟ ਦੇਣ ਵਾਲਾ ਹੈਂ ਜਾਂ ਇੱਛਾਵਾਂ ਦੀ ਪੂਰਤੀ ਕਰਨ ਵਾਲਾ ਹੈਂ।

**ਤੇਜ ਕੋ ਪ੍ਰਚੰਡ ਹੈ ਅਖੰਡਣ ਕੋ ਖੰਡ ਹੈ**
**ਮਹੀਪਨ ਕੋ ਮੰਡ ਹੈ ਕਿ ਇਸਤ੍ਰੀ ਹੈ ਨ ਨਰੁ ਹੈ॥੯॥੨੯੧॥**

ਬਲ ਨੂੰ ਵਧਾਉਣ ਵਾਲਾ ਹੈਂ, ਅਮਰਾਂ ਨੂੰ ਮਾਰਨ ਵਾਲਾ ਹੈਂ, ਰਾਜਿਆਂ ਨੂੰ ਮਲ ਦੇਣ ਵਾਲਾ ਹੈਂ, ਇਸਤਰੀ ਹੈਂ ਜਾਂ ਪੁਰਸ਼ ਹੈਂ।

**ਬਿਸ੍ਵ ਕੋ ਭਰਨ ਹੈ ਕਿ ਅਪਦਾ ਕੋ ਹਰਨ ਹੈ**
**ਕਿ ਸੁਖ ਕੋ ਕਰਨ ਹੈ ਕਿ ਤੇਜ ਕੋ ਪ੍ਰਕਾਸ ਹੈ॥**

ਸੰਸਾਰ ਨੂੰ ਪਾਲਣ ਵਾਲਾ ਹੈਂ, ਆਫ਼ਤ ਨੂੰ ਟਾਲਣ ਵਾਲਾ ਹੈਂ, ਸੁੱਖ ਨੂੰ ਕਰਨ ਵਾਲਾ ਹੈਂ ਜਾਂ ਤੇਜ਼ ਦਾ ਵੀ ਪ੍ਰਕਾਸ਼ ਹੈਂ।

**ਪਾਈਐ ਨ ਪਾਰ ਪਾਰਾਵਾਰ ਹੂੰ ਕੋ ਪਾਰ ਜਾ ਕੋ**
**ਕੀਜਤ ਬਿਚਾਰ ਸੁ ਬਿਚਾਰ ਕੋ ਨਿਵਾਸ ਹੈ॥**

ਜਿਸ ਦੇ ਪਾਰ-ਉਰਾਰ ਦਾ ਅੰਤ ਨਹੀਂ ਪਾਇਆ ਜਾਂਦਾ, ਵਿਚਾਰ ਹੀ ਕਰੀਦਾ ਹੈ ਕਿ ਉੱਤਮ ਵਿਚਾਰ ਦਾ ਕੇਂਦਰ ਹੈ।

**ਹਿੰਗੁਲਾ ਹਿਮਾਲੈ ਗਾਵੈ ਹਬਸੀ ਹਲੱਬੀ ਧਿਆਵੈ**
**ਪੂਰਬੀ ਨ ਪਾਰ ਪਾਵੈ ਆਸਾ ਤੇ ਅਨਾਸ ਹੈ॥**

ਹਿੰਗੁਲਾ ਤੇ ਹਿਮਾਲਿਆ ਪਹਾੜ ਦੇ ਨਿਵਾਸੀ ਤੈਨੂੰ ਗਾਉਂਦੇ ਹਨ, ਹਬਸ ਤੇ ਹਲਬ ਨਾਮੇ ਸ਼ਹਿਰ ਵਾਸੀ ਵੀ ਤੈਨੂੰ ਧਿਆਉਂਦੇ ਹਨ, ਪੂਰਬ ਦੇਸ਼ਾਂ ਦੇ ਵਾਸੀ ਵੀ ਤੇਰਾ ਅੰਤ ਨਹੀਂ ਪਾਉਂਦੇ ਅਤੇ ਤੂੰ ਆਸ਼ਾਵਾਂ ਤੋਂ ਰਹਿਤ ਹੈਂ।

**ਦੇਵਨ ਕੋ ਦੇਵ ਮਹਾ ਦੇਵ ਹੂ ਕੋ ਦੇਵ ਹੈ**
**ਨਿਰੰਜਨ ਅਭੇਵ ਨਾਥ ਅਦ੍ਵੈ ਅਬਿਨਾਸ ਹੈ॥੧੦॥੨੯੨॥**

ਹੇ ਮਾਲਕ ਪ੍ਰਭੂ! ਤੂੰ ਦੇਵਤਿਆਂ ਤੇ ਮਹਾਂਦੇਵ ਦਾ ਵੀ ਪੂਜਯ ਹੈਂ ਅਤੇ ਮਾਇਆ, ਭੇਦ, ਦਵੈਸ਼ ਤੇ ਨਾਸ ਤੋਂ ਰਹਿਤ ਹੈਂ।

**ਅੰਜਨ ਬਿਹੀਨ ਹੈ ਨਿਰੰਜਨ ਪ੍ਰਬੀਨ ਹੈ**
**ਕਿ ਸੇਵਕ ਅਧੀਨ ਹੈ ਕਟੱਯਾ ਜਮ ਜਾਲ ਕੇ॥**

ਕਾਲਖ ਤੋਂ ਬਿਨਾਂ ਹੈਂ, ਚਤੁਰ ਅਤੇ ਆਨੰਦ ਰੂਪ ਹੈਂ, ਦਾਸਾਂ ਦਾ ਅਨੁਸਾਰੀ ਹੈਂ ਜਾਂ ਬੁਰੇ ਖਿਆਲਾਂ ਨੂੰ ਕੱਟਣ ਵਾਲਾ ਹੈਂ।

**ਦੇਵਨ ਕੇ ਦੇਵ ਮਹਾਦੇਵ ਹੂੰ ਕੇ ਦੇਵਨਾਥ**
**ਭੂਮ ਕੇ ਭੁਜੱਯਾ ਹੈ ਮੁਹੱਯਾ ਮਹਾ ਬਾਲ ਕੇ॥**

ਦੇਵਤਿਆਂ ਤੇ ਮਹਾਂਦੇਵ ਦਾ ਪੂਜਯ ਸੁਆਮੀ ਹੈਂ, ਸੰਸਾਰ ਦੇ ਭੋਗਣ ਵਾਲਾ ਹੈਂ ਜਾਂ ਉੱਤਮ ਔਰਤਾਂ ਨੂੰ ਮੋਹਣ ਵਾਲਾ ਹੈਂ।

**ਰਾਜਨ ਕੇ ਰਾਜਾ ਮਹਾਂ ਸਾਜ ਹੂੰ ਕੇ ਸਾਜਾ**
**ਮਹਾਂ ਜੋਗ ਹੂੰ ਕੋ ਜੋਗ ਹੈ ਧਰੱਯਾ ਦ੍ਰੁਮ ਛਾਲ ਕੇ॥**

ਰਾਜਿਆਂ ਦਾ ਮਹਾਰਾਜਾ, ਮਹਾਨ ਵਸਤੂਆਂ ਨੂੰ ਸਾਜਣ ਵਾਲਾ ਹੈਂ, ਮਹਾਂ-ਯੋਗ ਵਿੱਚੋਂ ਸ੍ਰੇਸਟ ਯੋਗੀ ਹੈਂ ਜਾਂ ਵ੍ਰਿਛਾਂ ਦੀਆਂ ਛਿੱਲਾਂ ਨੂੰ ਧਾਰਨ ਕਰਨ ਵਾਲਾ ਹੈਂ।

**ਕਾਮਨਾ ਕੇ ਕਰ ਹੈ ਕੁਬੁੱਧਤਾ ਕੋ ਹਰ ਹੈ**
**ਕਿ ਸਿੱਧਿਤਾ ਕੇ ਸਾਥੀ ਹੈ ਕਿ ਕਾਲ ਹੈ ਕੁਚਾਲ ਕੇ॥੧੧॥੨੬੩॥**

ਇੱਛਾਵਾਂ ਨੂੰ ਪੂਰਨ ਕਰਨ ਵਾਲਾ ਹੈਂ, ਮੰਦ-ਬੁੱਧੀ ਦਾ ਨਾਸ਼ਕ ਹੈਂ, ਸਿੱਧੀਆਂ ਦਾ ਸੰਗੀ ਹੈਂ ਜਾਂ ਬੁਰੀ ਚਾਲ ਦਾ ਅੰਤ ਕਰਨ ਵਾਲਾ ਹੈਂ।

**ਛੀਰ ਕੈਸੀ ਛੀਰਾ ਵਧਿ ਛਾਛ ਕੈਸੀ ਛਤ੍ਰਾਨੇਰ**
**ਛਪਾਕਰ ਕੈਸੀ ਛਬ ਕਾਲਿੰਦ੍ਰੀ ਕੇ ਕੂਲ ਕੇ॥**

ਹੇ ਪਰਮੇਸ਼ਰ! ਤੇਰੀ ਕੀਰਤੀ ਖੀਰ ਸਮੁੰਦਰ ਵਿੱਚ ਦੁੱਧ ਵਰਗੀ ਹੈ, ਛਤ੍ਰਾਨੇਰ ਨਾਮੇ ਨਗਰ ਵਿੱਚ ਲੱਸੀ ਵਰਗੀ ਅਤੇ ਯਮੁਨਾ ਦੇ ਕੰਢੇ 'ਤੇ ਚੰਦ੍ਰਮਾ ਵਰਗੀ ਹੈ।

**ਹੰਸਨੀ ਸੀ ਸੀਹਾ ਰੂਮ ਹੀਰਾ ਸੀ ਹੁਸੈਨਾਬਾਦ**
**ਗੰਗਾ ਕੈ ਸੀ ਧਾਰ ਚਲੀ ਸਾਤੋ ਸਿੰਧੁ ਰੂਲ ਕੇ॥**

ਸੀਹਾ ਰੂਮ ਨਾਮੇ ਦੇਸ਼ ਵਿੱਚ ਹੰਸਨੀ ਵਰਗੀ, ਹੁਸੈਨਾਬਾਦ ਨਾਮੇ ਨਗਰ ਵਿੱਚ ਹੀਰੇ ਵਰਗੀ, ਸੱਤਾਂ ਹੀ ਸਮੁੰਦਰਾਂ ਨੂੰ ਪਛਾੜ ਕੇ ਤੇਰੀ ਕੀਰਤੀ ਦੀ ਧਾਰਾ ਗੰਗਾ ਵਾਂਗ ਤੁਰੀ ਹੋਈ ਹੈ।

**ਪਾਰਾ ਸੀ ਪਲਾਊ ਗਢ ਰੂਪਾ ਕੈਸੀ ਰਾਮਪੁਰ**
**ਸੋਰਾ ਸੀ ਸੁਰੰਗਾਬਾਦ ਨੀਕੇ ਰਹੀ ਝੂਲ ਕੇ॥**

ਪਲਾਊਗੜ੍ਹ ਨਾਮਕ ਕਿਲ੍ਹੇ ਵਿੱਚ ਪਾਰੇ ਵਰਗੀ, ਸੁਰੰਗਾਬਾਦ ਨਗਰ ਵਿੱਚ ਸ਼ੋਰੇ ਵਾਂਗ ਚੰਗੀ ਤਰ੍ਹਾਂ ਝੂਲ ਕੇ ਫੈਲ ਰਹੀ ਹੈ।

**ਚੰਪਾ ਸੀ ਚੰਦੇਰੀ ਕੋਟ ਚਾਂਦਨੀ ਸੀ ਚਾਂਦਾ ਗੜ**
**ਕੀਰਤਿ ਤਿਹਾਰੀ ਰਹੀ ਮਾਲਤੀ ਸੀ ਫੂਲ ਕੇ॥੧੨॥੨੬੪॥**

ਚੰਦੇਰੀ ਦੇ ਕਿਲ੍ਹੇ ਵਿੱਚ ਕਲੀ ਵਰਗੀ, ਚਾਂਦਾਗੜ੍ਹ ਨਾਮਕ ਕਿਲ੍ਹੇ ਵਿੱਚ ਚਾਨਣੀ ਵਰਗੀ ਜਾਂ ਮਾਲਤੀ ਫੁੱਲ ਵਾਂਗ ਤੇਰੀ ਕੀਰਤੀ ਫੁੱਲ ਰਹੀ ਹੈ।

**ਫਟਕ ਸੀ ਕੈਲਾਸ ਕਮਾਊ ਗੜ ਕਾਂਸੀ ਪੁਰ**
**ਸੀਸਾ ਸੀ ਸੁਰੰਗਾਬਾਦ ਨੀਕੇ ਸੋਹੀਅਤੁ ਹੈ॥**

ਤੇਰੀ ਕੀਰਤੀ ਕੈਲਾਸ਼, ਕਮਾਊਗੜ੍ਹ ਅਤੇ ਕਾਸ਼ੀਪੁਰ ਵਿੱਚ ਬਿਲੌਰ ਵਰਗੀ ਹੈ, ਸੁਰੰਗਾਬਾਦ ਵਿੱਚ ਸਿੱਕੇ ਵਾਂਗ ਚੰਗੀ ਤਰ੍ਹਾਂ ਸੋਂਹਦੀ ਹੈ।

**ਹਿਮਾ ਸੀ ਹਿਮਾਲੈ ਹਰਹਾਰ ਸੀ ਹਲਬਾਨੇਰ**
**ਹੰਸ ਕੈਸੀ ਹਾਜੀਪੁਰ ਦੇਖੇ ਮੋਹੀਅਤੁ ਹੈ॥**

ਹਿਮਾਲਿਆ ਵਿੱਚ ਬਰਫ਼ ਵਰਗੀ, ਹਲਬਾਨੇਰ ਵਿੱਚ ਸੱਪ ਵਰਗੀ, ਹਾਜੀਪੁਰ ਵਿੱਚ ਹੰਸ ਵਰਗੀ ਤੇਰੀ ਕੀਰਤੀ ਨੂੰ ਵੇਖ ਕੇ ਜੀਵ ਮੋਹਿਤ ਹੁੰਦੇ ਹਨ।

**ਚੰਦਨ ਸੀ ਚੰਪਾਵਤੀ ਚੰਦ੍ਰਮਾ ਸੀ ਚੰਦ੍ਰਾ ਗਿਰ**
**ਚਾਂਦਨੀ ਸੀ ਚਾਂਦਾ ਗੜ ਜੋਨ ਜੋਹੀਅਤੁ ਹੈ॥**

ਚੰਪਾਵਤੀ ਨਗਰੀ ਵਿੱਚ ਚੰਦਨ ਵਰਗੀ, ਚੰਦ੍ਰਾਗਿਰ ਨਾਮੇ ਪਹਾੜ ਵਿੱਚ ਚੰਦ੍ਰਮਾ ਵਰਗੀ, ਚਾਂਦੇ ਦੇ ਕਿਲ੍ਹੇ ਵਿੱਚ ਚਾਂਦਨੀ ਵਰਗੀ ਚਮਕ ਵੇਖੀ ਜਾਂਦੀ ਹੈ।

**ਗੰਗਾ ਸਮ ਗੰਗ ਧਾਰ ਬਕਾਨ ਸੀ ਬਿਲੰਦਾਵਾਦ**
**ਕੀਰਤਿ ਤਿਹਾਰੀ ਕੀ ਉਜਿਆਰੀ ਸੋਹੀਅਤੁ ਹੈ॥੧੩॥੨੬੫॥**

ਹੇ ਪਰਮੇਸ਼ਰ! ਤੇਰੀ ਕੀਰਤੀ ਗੰਗਧਾਰ ਪਹਾੜ ਵਿੱਚ ਗੰਗਾ ਵਾਂਗ, ਬਿਲੰਦਾਵਾਦ ਨਗਰ ਵਿੱਚ ਬਗਲਿਆਂ ਦੀ ਸਫੇਦੀ ਵਾਂਗ ਸੋਂਹਦੀ ਹੈ।

**ਫਰਾਸੀ ਫਿਰੰਗੀ ਫਰਾਸੀਸ ਕੇ ਦੁਰੰਗੀ**
**ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈਂ॥**

ਫਾਰਸੀ, ਅੰਗਰੇਜ਼ੀ, ਫਰਾਂਸ ਦੇ ਦੁਰੰਗੇ (ਦੋਹੀਂ ਪਾਸੀਂ ਸੰਬੰਧ ਰੱਖਣ ਵਾਲੇ), ਮਕਰਾਨ ਦੇਸ ਦੇ ਮ੍ਰਿਦੰਗੀ ਲੋਕ ਵੀ ਹੇ ਪਰਮੇਸ਼ਰ! ਤੇਰੇ ਗੀਤ ਗਾਉਂਦੇ ਹਨ।

**ਭਖਰੀ ਕੰਧਾਰੀ ਗੋਰ ਗਖਰੀ ਗਰਦੇਜਾਚਾਰੀ**
**ਪੌਨ ਕੇ ਅਹਾਰੀ ਤੇਰੋ ਨਾਮ ਧਿਆਈਅਤੁ ਹੈਂ॥**

ਭੱਖਰ, ਕੰਧਾਰ, ਗੋਰ, ਗੱਖਰ, ਗਰਦੇਜ ਨਾਮਕ ਦੇਸਾਂ ਦੇ ਵਾਸੀ ਅਤੇ ਪਉਣਹਾਰੀ ਵੀ ਤੇਰਾ ਨਾਮ ਸਿਮਰਦੇ ਹਨ।

**ਪੂਰਬ ਪਲਾਊ ਕਾਮ ਰੂਪ ਔ ਕਮਾਊ**
**ਸਰਬ ਠਉਰ ਮੈ ਬਿਰਾਜੈ ਜਹਾਂ ਜਹਾਂ ਜਾਈਅਤੁ ਹੈਂ॥**

ਪੂਰਬ ਦੇ ਪਲਾਊ, ਕਾਮਰੂਪ ਤੇ ਕਮਾਊਂ ਖੇਤਰ ਵਿੱਚ ਜਿੱਥੇ-ਜਿੱਥੇ ਵੀ ਜਾਈਦਾ ਹੈ, ਸਾਰੇ ਥਾਂਵਾਂ ਵਿੱਚ ਤੂੰ ਹੀ ਬਿਰਾਜਦਾ ਹੈਂ।

**ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਤੇ ਅਤਾਪੀ ਨਾਥ**
**ਕੀਰਤਿ ਤਿਹਾਰੀ ਕੋ ਨ ਪਾਰ ਪਾਈਅਤੁ ਹੈਂ॥੧੪॥੨੬੬॥**

ਹੇ ਪੂਰਨ ਤੇਜਵੰਤ, ਜੰਤਰਾਂ ਮੰਤਰਾਂ ਦੇ ਤਾਪ ਤੋਂ ਨਾ ਦੁਖੀ ਹੋਣ ਵਾਲੇ ਸਵਾਮੀ ਪ੍ਰਭੂ! ਤੇਰੀ ਕੀਰਤੀ ਦਾ ਅੰਤ ਨਹੀਂ ਪਾਇਆ ਜਾਂਦਾ।

**ਤ੍ਵ ਪ੍ਰਸਾਦਿ॥ ਪਾਧੜੀ ਛੰਦ॥**

**ਅਦ੍ਵੈ ਅਨਾਸ ਆਸਨ ਅਡੋਲ॥**
**ਅਦ੍ਵੈ ਅਨੰਤ ਉਪਮਾ ਅਤੋਲ॥**

ਉਹ ਦਵੈਸ਼ ਤੇ ਨਾਸ ਤੋਂ ਰਹਿਤ, ਅਡੋਲ ਆਸਣ ਵਾਲਾ, ਬੇਅੰਤ ਉਪਮਾ ਵਾਲਾ ਅਤੇ ਤੋਲ ਰਹਿਤ ਹੈ।

**ਅਛੈ ਸਰੂਪ ਅਬਜਕਤ ਨਾਥ॥**
**ਆਜਾਨੁ ਬਾਹੁ ਸਰਬਾ ਪ੍ਰਮਾਥ॥੧॥੨੬੭॥**

ਉਹ ਅਮਰ ਸਰੂਪ ਵਾਲਾ, ਸਰੀਰ ਰਹਿਤ ਸੁਆਮੀ, ਗੋਡਿਆਂ ਤੱਕ ਬਾਹਾਂ ਵਾਲਾ ਅਤੇ ਸਾਰਿਆਂ ਦਾ ਨਾਸ ਕਰਨ ਵਾਲਾ ਹੈ।

**ਜਹ ਤਹ ਮਹੀਪ ਬਨ ਤਨ ਪ੍ਰਫੁੱਲ॥**

**ਸੋਭਾ ਬਸੰਤ ਜਹ ਤਹ ਪ੍ਰਡੁੱਲ॥**

ਉਹ ਰਾਜਾ ਸਭ ਜਗ੍ਹਾ ਸ਼ੋਭਾਨੀਕ ਹੈ ਅਤੇ ਸਾਰੀਆਂ ਥਾਂਵਾਂ ਵਿੱਚ ਉਸਦੀ ਸ਼ੋਭਾ ਬਸੰਤ ਰੁੱਤ ਵਾਂਗ ਫੈਲੀ ਹੋਈ ਹੈ।

**ਬਨ ਤਨ ਦੁਰੰਤ ਖਗ ਮ੍ਰਿਗ ਮਹਾਨ॥**

**ਜਹ ਤਹ ਪ੍ਰਫੁਲ ਸੁੰਦਰ ਸੁਜਾਨ॥੨॥੨੬੮॥**

ਜੰਗਲਾਂ, ਪੰਛੀਆਂ ਅਤੇ ਪਸ਼ੂਆਂ ਵਿੱਚ ਉਸ ਬੇਅੰਤ ਪ੍ਰਭੂ ਦੀ ਮਹਾਨਤਾ ਹੈ, ਉਹ ਸੁੰਦਰ ਤੇ ਸਿਆਣਾ ਪ੍ਰਭੂ ਸਾਰੀਆਂ ਥਾਂਵਾਂ ਵਿੱਚ ਵਿਆਪਕ ਹੈ।

**ਫੁਲਤੰ ਪ੍ਰਫੁਲ ਲਹਿ ਲਹਿਤ ਮੌਰ॥**

**ਸਿਰ ਢੁਰਹਿ ਜਾਨ ਮਨਮਥਹ ਚੌਰ॥**

ਉਹ ਖੁਸ਼ੀ ਵਿੱਚ ਇਸ ਤਰ੍ਹਾਂ ਖੁਸ਼ ਹੋ ਰਿਹਾ ਹੈ ਮਾਨੋ ਕਿ ਮੋਰ ਲਹਿ-ਲਹਿ ਕਰਦਾ ਨੱਚ ਰਿਹਾ ਹੋਵੇ, ਜਿਵੇਂ ਕਾਮਦੇਵ ਦੇ ਸਿਰ 'ਤੇ ਚੌਰ ਝੁਲਦਾ ਹੋਵੇ।

**ਕੁਜਰਤ ਕਮਾਲ ਰਾਜਕ ਰਹੀਮ॥**

**ਕਰੁਣਾ ਨਿਧਾਨ ਕਾਮਲ ਕਰੀਮ॥੩॥੨੬੯॥**

ਉਹ ਪੂਰਨ ਸ਼ਕਤੀ ਨੂੰ ਪ੍ਰਕਾਸ਼ਣ ਵਾਲਾ, ਮਿਹਰਬਾਨ, ਕਿਰਪਾ ਦਾ ਭੰਡਾਰ ਅਤੇ ਕ੍ਰਿਪਾਲੂ ਹੈ।

**ਜਹ ਤਹ ਬਿਲੋਕ ਤਹ ਤਹ ਪ੍ਰਸੋਹ॥**

**ਆਜਾਨੁ ਬਾਹੁ ਅਮਿਤੋਜ ਮੋਹ॥**

ਸਭ ਜਗ੍ਹਾ ਸੋਹਣ ਵਾਲਾ ਪ੍ਰਭੂ ਹਰ ਥਾਂ ਵੇਖਿਆ ਜਾ ਸਕਦਾ ਹੈ, ਉਹ ਗੋਡਿਆਂ ਤੱਕ ਬਾਹਾਂ ਵਾਲਾ ਅਤੇ ਬੇਅੰਤ ਪ੍ਰੇਮ ਵਾਲਾ ਹੈ।

**ਰੋਸੰ ਬਿਰਹਤ ਕਰੁਣਾ ਨਿਧਾਨ॥**

**ਜਹ ਤਹ ਪ੍ਰਫੁੱਲ ਸੁੰਦਰ ਸੁਜਾਨ॥੪॥੨੭੦॥**

ਉਹ ਗੁੱਸੇ ਤੋਂ ਬਿਨਾਂ, ਕਿਰਪਾ ਦਾ ਭੰਡਾਰ, ਸਭ ਥਾਂ ਸੋਹਣਾ ਅਤੇ ਖਿੜਿਆ ਹੋਇਆ ਹੈ।

**ਬਨ ਤਨ ਮਹੀਪ ਜਲ ਥਲ ਮਹਾਨ॥**

**ਜਹ ਤਹ ਪ੍ਰਸੋਹ ਕਰੁਣਾ ਨਿਧਾਨ॥**

ਜਲਾਂ, ਥਲਾਂ, ਜੰਗਲਾਂ ਤੇ ਖੇਤਾਂ ਦਾ ਮਹਾਨ ਰਾਜਾ ਹੈ ਅਤੇ ਉਹ ਕਿਰਪਾ ਦਾ ਸਾਗਰ ਸਭ ਥਾਂ ਸੋਂਹਦਾ ਹੈ।

**ਜਗ ਮਗਤ ਤੇਜ ਪੂਰਨ ਪ੍ਰਤਾਪ॥**

**ਅੰਬਰ ਜਮੀਨ ਜਿਹ ਜਪਤ ਜਾਪ॥੫॥੨੭੧॥**

ਪੂਰਨ ਪ੍ਰਤਾਪ ਵਾਲੇ ਪ੍ਰਭੂ ਦੇ ਪ੍ਰਕਾਸ਼ ਨਾਲ ਸੰਸਾਰ ਚੱਲ ਰਿਹਾ ਹੈ।
ਆਕਾਸ਼ ਅਤੇ ਧਰਤੀ ਵੀ ਜੀਹਦਾ ਜਾਪ ਜਪਦੀ ਹੈ।

**ਸਾਤੋ ਅਕਾਸ ਸਾਤੋ ਪਤਾਰ॥**
**ਬਿਥਰਿਓ ਅਦ੍ਰਿਸਟ ਜਿਹ ਕਰਮ ਜਾਰਿ॥**

ਸੱਤਾਂ ਆਕਾਸ਼ਾਂ ਅਤੇ ਸੱਤਾਂ ਹੀ ਪਾਤਾਲਾਂ ਵਿੱਚ ਜਿਸਦੇ ਕਰਮਾਂ ਦਾ ਜਾਲ ਗੁਪਤ ਰੂਪ ਵਿੱਚ ਫੈਲਿਆ ਹੋਇਆ ਹੈ।

**ਉਸਤਤਿ ਸੰਪੂਰਨੰ॥**

****

# ਚੰਡੀ ਦੀ ਵਾਰ

**ੴ ਵਾਹਿਗੁਰੂ ਜੀ ਕੀ ਫਤੇ॥**

**ਸ੍ਰੀ ਭਗਉਤੀ ਜੀ ਸਹਾਇ॥**

**ਵਾਰ ਸ੍ਰੀ ਭਗਉਤੀ ਜੀ ਕੀ**

**ਪਾਤਸ਼ਾਹੀ ੧੦॥**

**ਪਉੜੀ॥**

**ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈ ਧਿਆਇ॥**

ਸਭ ਤੋਂ ਪਹਿਲਾਂ ਸ੍ਰਿਸ਼ਟੀ ਦੀ ਚਾਲਕ ਸ਼ਕਤੀ ਨੂੰ ਸਿਮਰ ਕੇ, ਫਿਰ ਗੁਰੂ ਨਾਨਕ ਜੀ ਨੂੰ ਸਿਮਰਦਾ ਹਾਂ।

**ਫਿਰਿ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ॥**

ਫਿਰ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ, ਤੁਸੀਂ ਸਹਾਇਕ ਹੋਣਾ।

**ਅਰਜਨ ਹਰਿ ਗੋਬਿੰਦ ਨੂੰ ਸਿਮਰੌਂ ਸ੍ਰੀ ਹਰਿ ਰਾਇ॥**

ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਅਤੇ ਗੁਰੂ ਹਰਿਰਾਇ ਜੀ ਦਾ ਸਿਮਰਨ ਕਰਦਾ ਹਾਂ।

**ਸ੍ਰੀ ਹਰਿ ਕ੍ਰਿਸਨ ਧਿਆਈਐ ਜਿਸੁ ਡਿਠੇ ਸਭ ਦੁਖੁ ਜਾਇ॥**

ਸ੍ਰੀ ਹਰਿਕ੍ਰਿਸਨ ਨੂੰ ਧਿਆਉਂਦਾ ਹਾਂ, ਜਿਨ੍ਹਾਂ ਦਾ ਦਰਸ਼ਨ ਕੀਤਿਆਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

**ਤੇਗ ਬਹਾਦਰ ਸਿਮਰੀਐ ਘਰਿ ਨਉਨਿਧਿ ਆਵੈ ਧਾਇ॥**

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕਰਦਾ ਹਾਂ, ਜਿਨ੍ਹਾਂ ਦੀ ਕਿਰਪਾ ਨਾਲ ਸਭ ਵਸਤਾਂ ਅਤੇ ਖੁਸ਼ੀਆਂ ਪ੍ਰਾਪਤ ਹੋ ਜਾਂਦੀਆਂ ਹਨ।

**ਸਭ ਥਾਈਂ ਹੋਇ ਸਹਾਇ॥੧॥**

ਹੇ ਸਤਿਗੁਰੂ ਸਾਹਿਬਾਨ! ਤੁਸੀਂ ਸਭ ਥਾਂਈਂ ਮੇਰੀ ਸਹਾਇਤਾ ਕਰਨੀ।

**ਪਉੜੀ॥**

**ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ॥**

ਅਕਾਲ ਪੁਰਖ ਨੇ ਸ੍ਰਿਸ਼ਟੀ ਨੂੰ ਚਲਾਉਣ ਵਾਲੀ ਦਵੰਦ ਰੂਪੀ ਸ਼ਕਤੀ ਨੂੰ ਪੈਦਾ ਕਰਕੇ ਫਿਰ ਸਾਰੇ ਸੰਸਾਰ ਨੂੰ ਪੈਦਾ ਕੀਤਾ।

**ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ॥**

ਕਰਤਾ, ਭਰਤਾ ਅਤੇ ਹਰਤਾ ਦੇ ਰੂਪ ਵਿੱਚ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ ਤਿਆਰ ਕਰਕੇ ਪ੍ਰਕਿਰਤੀ ਨੂੰ ਜਗਤ ਤਮਾਸ਼ੇ ਦਾ ਰੂਪ ਦੇ ਦਿੱਤਾ।

**ਸਿੰਧੁ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨੁ ਰਹਾਇਆ॥**

ਸਾਗਰ, ਪਹਾੜ ਅਤੇ ਧਰਤੀ ਰਚ ਕੇ ਪੁਲਾੜ ਵਿੱਚ ਆਕਾਸ਼ ਨੂੰ ਬਿਨਾਂ ਕਿਸੇ ਸਹਾਰੇ ਤੋਂ ਸਥਿਤ ਕਰ ਦਿੱਤਾ।

**ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥**

ਦੋ ਵਿਰੋਧੀ ਸ਼ਕਤੀਆਂ ਦੈਂਤ ਅਤੇ ਦੇਵਤੇ ਰਚ ਕੇ ਉਨ੍ਹਾਂ ਅੰਦਰ ਵਾਦ-ਵਿਵਾਦ ਪੈਦਾ ਕਰ ਦਿੱਤਾ।

**ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ॥**

ਹੇ ਬ੍ਰਹਮ! ਤੂੰ ਹੀ ਦੁਰਗਾ ਨੂੰ ਰਚ ਕੇ ਸਾਧੂਆਂ ਨੂੰ ਸਤਾਉਣ ਵਾਲੇ ਰਾਖਸ਼ਾਂ ਦਾ ਨਾਸ਼ ਕਰਵਾਇਆ।

**ਤੈਥੋ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥**

ਤੈਥੋਂ ਹੀ ਰਾਮਚੰਦ੍ਰ ਨੇ ਤਾਕਤ ਲੈ ਕੇ ਤੀਰਾਂ ਨਾਲ ਰਾਵਣ ਨੂੰ ਮਾਰਿਆ।

**ਤੈਥੋ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥**

ਤੈਥੋਂ ਹੀ ਕ੍ਰਿਸ਼ਨ ਜੀ ਨੇ ਸ਼ਕਤੀ ਲੈ ਕੇ ਕੰਸ ਨੂੰ ਵਾਲਾਂ ਤੋਂ ਫੜ ਕੇ ਪਟਕਾ ਕੇ ਮਾਰਿਆ।

**ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥**

ਵੱਡੇ-ਵੱਡੇ ਮੁਨੀਆਂ ਅਤੇ ਦੇਵਤਿਆਂ ਨੇ ਤੇਰੀ ਅਰਾਧਨਾ ਵਾਸਤੇ ਯੁੱਗਾਂ ਤੱਕ ਆਪਣੇ ਸਰੀਰ ਨੂੰ ਸਾਧਿਆ।

**ਕਿਨੀ ਤੇਰਾ ਅੰਤੁ ਨ ਪਾਇਆ॥੨॥**

ਪਰ ਤੇਰੀ ਬੇਅੰਤ ਲੀਲਾ ਦਾ ਉਹ ਵੀ ਅੰਤ ਨਹੀਂ ਪਾ ਸਕੇ।

**ਪਉੜੀ॥**

**ਸਾਧੂ ਸਤਿਜੁਗ ਬੀਤਿਆ ਅਧ ਸੀਲੀ ਤ੍ਰੇਤਾ ਆਇਆ॥**

ਮਾਨਵੀ ਗੁਣਾਂ ਵਾਲਾ ਸਤਿਜੁਗ ਬੀਤ ਗਿਆ ਅਤੇ ਤ੍ਰੇਤਾ ਜੁਗ ਸ਼ੁਰੂ ਹੋ ਗਿਆ, ਜਿਸ ਵਿੱਚ ਇਹ ਗੁਣ ਅੱਧੇ ਰਹਿ ਗਏ।

**ਨੱਚੀ ਕਲ ਸਰੋਸਰੀ ਕਲ ਨਾਰਦ ਡਉਰੂ ਵਾਇਆ॥**

ਲੜਾਈ-ਝਗੜਿਆਂ ਦੀ ਪ੍ਰਤੀਕ ਕਲੇਸ਼ ਦੀ ਦੇਵੀ ਸਾਰਿਆਂ ਦੀਆਂ ਸੋਚਾਂ ਵਿੱਚ ਜਾ ਬੈਠੀ, ਉਸਦੇ ਸਾਥੀ ਨਾਰਦ ਨੇ ਆਪਣੇ ਆਉਣ ਦੀ ਖ਼ਬਰ ਡਮਰੂ ਵਜਾ ਕੇ ਦਿੱਤੀ ਅਰਥਾਤ ਮਨੁੱਖਾਂ ਨੂੰ ਲੜਾਈ-ਝਗੜਿਆਂ ਲਈ ਉਕਸਾਇਆ।

**ਅਭਿਮਾਨੁ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਡ ਉਪਾਇਆ॥**

ਪਰਮੇਸ਼ਰ ਨੇ ਦੇਵਤਿਆਂ ਵਿੱਚ ਜਪ-ਤਪ ਸਦਕਾ ਪੈਦਾ ਹੋਏ ਹੰਕਾਰ ਨੂੰ ਨਾਸ ਕਰਨ ਲਈ ਹਾਥੀ ਦੀ ਤਾਕਤ ਵਾਲਾ ਮਹਿਖਾਸੁਰ ਦੈਂਤ ਪੈਦਾ ਕੀਤਾ।

**ਜੀਤ ਲਏ ਤਿਨ ਦੇਵਤੇ ਤਿਹ ਲੋਕੀ ਰਾਜੁ ਕਮਾਇਆ॥**

ਉਸ ਰਾਖਸ਼ ਨੇ ਦੇਵਤਿਆਂ ਨੂੰ ਜਿੱਤ ਲਿਆ ਅਤੇ ਤਿੰਨਾਂ ਲੋਕਾਂ ਵਿੱਚ ਆਪਣਾ ਰਾਜ ਸਥਾਪਿਤ ਕਰ ਲਿਆ।

**ਵੱਡਾ ਬੀਰੁ ਅਖਾਇਕੈ ਸਿਰ ਉਪਰਿ ਛਤ੍ਰ ਫਿਰਾਇਆ॥**

ਆਪਣੇ ਆਪ ਨੂੰ ਵੱਡਾ ਯੋਧਾ ਅਖਵਾ ਕੇ ਸਿਰ ਉੱਤੇ ਰਾਜ ਦਾ ਚਿੰਨ੍ਹ 'ਛਤ੍ਰ' ਝੁਲਵਾਇਆ।

**ਦਿੱਤਾ ਇੰਦ੍ਰ ਨਿਕਾਲ ਕੈ ਤਿਨ ਗਿਰਿ ਕੈਲਾਸੁ ਤਕਾਇਆ॥**

ਮਹਿਖਾਸੁਰ ਨੇ ਦੇਵ ਪੁਰੀ 'ਚੋਂ ਇੰਦਰ ਨੂੰ ਕੱਢ ਦਿੱਤਾ, ਫਿਰ ਇੰਦਰ ਆਸਰਾ ਤੱਕਦਾ ਕੈਲਾਸ਼ ਪਰਬਤ ਚਲਾ ਗਿਆ।

**ਡਰਿ ਕੈ ਹੱਥੋਂ ਦਾਨਵੀ ਦਿਲ ਅੰਦਰਿ ਤ੍ਰਾਸ ਵਧਾਇਆ॥**

ਰਾਖਸ਼ਾਂ ਕੋਲੋਂ ਡਰ ਕੇ ਭੱਜੇ ਇੰਦਰ ਦਾ ਦਿਲ ਬਹੁਤ ਡਰ ਗਿਆ।

**ਪਾਸ ਦੁਰਗਾ ਦੇ ਇੰਦ੍ਰ ਆਇਆ॥੩॥**

ਕੈਲਾਸ਼ ਪਰਬਤ 'ਤੇ ਰਹਿਣ ਵਾਲੀ ਦੇਵੀ ਦੁਰਗਾ ਕੋਲ ਇੰਦਰ ਸਹਾਇਤਾ ਮੰਗਣ ਲਈ ਪੰਹੁਚਿਆ।

**ਪਉੜੀ॥**

**ਇਕਿ ਦਿਹਾੜੇ ਨਾਵਣ ਆਈ ਦੁਰਗਸ਼ਾਹ॥**

ਦੁਰਗਾ ਦੇਵੀ ਇਕ ਦਿਨ ਇਸ਼ਨਾਨ ਕਰਨ ਲਈ ਤਲਾਬ 'ਤੇ ਆਈ।

**ਇੰਦ੍ਰ ਬ੍ਰਿਥਾ ਸੁਣਾਈ ਅਪਣੇ ਹਾਲ ਦੀ॥**

ਇੰਦ੍ਰ ਨੇ ਆਪਣੇ ਦੁੱਖਦਾਈ ਹਾਲ ਦੀ ਸਾਰੀ ਵਿੱਥਿਆ ਦੁਰਗਾ ਨੂੰ ਸੁਣਾਈ।

**ਛੀਨ ਲਈ ਠਕੁਰਾਈ ਸਾਤੇ ਦਾਨਵੀ॥**

ਸਾਥੋਂ ਦੈਂਤਾਂ ਨੇ ਚੌਧਰ ਖੋਹ ਲਈ ਹੈ।

**ਲੋਕੀ ਤਿਹੀ ਫਿਰਾਈ ਦੋਹੀ ਆਪਣੀ॥**

ਉਨ੍ਹਾਂ ਨੇ ਤਿੰਨਾਂ ਲੋਕਾਂ ਵਿੱਚ ਹੀ ਆਪਣੀ ਹਕੂਮਤ ਦੀ ਡੌਂਡੀ ਫਿਰਾ ਦਿੱਤੀ ਹੈ।

**ਬੈਠੇ ਵਾਇ ਵਧਾਈ ਤੇ ਅਮਰਾਵਤੀ॥**

ਉਹ ਦੇਵਪੁਰੀ ਵਿੱਚ ਬੈਠੇ ਹੋਏ ਖੁਸ਼ੀਆਂ ਦੇ ਵਾਜੇ ਵਜਾ ਰਹੇ ਹਨ।

**ਦਿੱਤੇ ਦੇਵ ਭਜਾਈ ਸਭਨਾ ਰਾਕਸਾਂ॥**

ਸਾਰਿਆਂ ਰਾਖਸ਼ਾਂ ਨੇ ਮਿਲ ਕੇ ਉੱਥੋਂ ਦੇਵਤੇ ਭਜਾ ਦਿੱਤੇ ਹਨ।

**ਕਿਨੈ ਨ ਜਿੱਤਾ ਜਾਈ ਮਹਿਖੇ ਦੈਤ ਨੂੰ॥**

ਕਿਸੇ ਕੋਲੋਂ ਵੀ ਮਹਿਖਾਸੁਰ ਦੈਂਤ ਨਹੀਂ ਜਿੱਤਿਆ ਗਿਆ।

**ਤੇਰੀ ਸਾਮ ਤਕਾਈ ਦੇਵੀ ਦੁਰਗਸ਼ਾਹ॥੪॥**

ਇਸੇ ਵਾਸਤੇ ਹੇ ਮਹਾਨ ਦੇਵੀ! ਹਾਰ ਕੇ,
ਅਸਾਂ ਦੇਵਤਿਆਂ ਨੇ ਤੇਰੀ ਸ਼ਰਣ ਤੱਕੀ ਹੈ।

**ਪਉੜੀ॥**

**ਦੁਰਗਾ ਬੈਣ ਸੁਣੰਦੀ ਹੱਸੀ ਹੜਹੜਾਇ॥**

ਦੇਵਤਿਆਂ ਦੇ ਤਰਲੇ ਸੁਣ ਕੇ ਦੁਰਗਾ ਮਖੌਲ ਵਜੋਂ ਖਿੜ-ਖਿੜਾ ਕੇ ਹੱਸੀ।

**ਓਹੀ ਸੀਹੁ ਮੰਗਾਇਆ ਰਾਕਸ ਭੱਖਣਾ॥**

ਦੇਵੀ ਨੇ ਸਵਾਰੀ ਲਈ ਉਹ ਸ਼ੇਰ ਮੰਗਵਾ ਲਿਆ, ਜੋ ਰਾਖਸ਼ਾਂ ਨੂੰ ਖਾ ਜਾਣ ਵਾਲਾ ਸੀ ।

**ਚਿੰਤਾ ਕਰਹੁ ਨ ਕਾਈ ਦੇਵਾਂ ਨੂ ਆਖਿਆ॥**

ਦੇਵਤਿਆਂ ਨੂੰ ਕਿਹਾ ਕਿ ਹੁਣ ਤੁਸੀਂ ਕੋਈ ਚਿੰਤਾ ਨਾ ਕਰੋ।

**ਰੋਹ ਹੋਈ ਮਹਾਮਾਈ ਰਾਕਸਿ ਮਾਰਣੇ॥੫॥**

ਮਹਾਨ ਦੇਵੀ ਰਾਖਸ਼ਾਂ ਦਾ ਖੁਰਾ-ਖੋਜ ਮਿਟਾਉਣ ਲਈ ਕ੍ਰੋਧਵਾਨ ਹੋ ਗਈ।

**ਦੋਹਰਾ॥**

**ਰਾਕਸਿ ਆਏ ਰੋਹਲੇ ਖੇਤ ਭਿੜਨ ਕੇ ਚਾਇ॥**

ਦੇਵੀ ਦੇ ਵੰਗਾਰਨ ਤੇ ਗੁੱਸੇ ਦੇ ਭਰੇ ਰਾਖਸ਼ ਮੈਦਾਨੇ-ਜੰਗ ਵਿੱਚ ਲੜਨ ਦੇ ਸ਼ੌਂਕ ਨਾਲ ਆ ਗਏ।

**ਲਸਕਨਿ ਤੇਗਾਂ ਬਰਛੀਆਂ ਸੂਰਜੁ ਨਦਰਿ ਨ ਪਾਇ॥੬॥**

ਤਲਵਾਰਾਂ ਅਤੇ ਬਰਛੀਆਂ ਏਨੀਆਂ ਚਮਕ ਰਹੀਆਂ ਸਨ ਕਿ ਸੂਰਜ ਦੀ ਚਮਕ ਵੀ ਫਿੱਕੀ ਪੈ ਗਈ।

**ਪਉੜੀ॥**

**ਦੁਹਾਂ ਕੰਧਾਰਾਂ ਮੁਹਿ ਜੁੜੇ ਢੋਲ ਸੰਖ ਨਗਾਰੇ ਵੱਜੇ॥**

ਦੋਹਾਂ ਧਿਰਾਂ ਦੀਆਂ ਫੌਜਾਂ ਆਹਮੋ-ਸਾਹਮਣੇ ਹੋ ਗਈਆਂ ਅਤੇ ਯੁੱਧ ਦੇ ਐਲਾਨ ਵਜੋਂ ਢੋਲ, ਸੰਖ ਤੇ ਨਗਾਰੇ ਵੱਜ ਪਏ।

**ਰਾਕਸ ਆਏ ਰੋਹਲੇ ਤਰਵਾਰੀ ਬਖਤਰ ਸੱਜੇ॥**

ਤਲਵਾਰਾਂ ਅਤੇ ਸੰਜੋਆਂ ਸਜਾਏ ਹੋਏ ਗੁੱਸੈਲ ਰਾਖਸ਼ ਆ ਗਏ।

**ਜੁਟੇ ਸਉਹੇਂ ਜੁੱਧ ਨੂੰ ਇਕਿ ਜਾਤ ਨ ਜਾਣਨ ਭੱਜੇ॥**

ਉਹ ਸੂਰਮੇ ਸਾਮ੍ਹਣੇ ਹੋ ਕੇ ਜੰਗ ਲੜ੍ਹਨ ਲੱਗੇ, ਜੋ ਮੈਦਾਨੇ-ਜੰਗ ਵਿੱਚੋਂ ਭੱਜਣਾ ਨਹੀਂ ਸਨ ਜਾਣਦੇ ।

**ਖੇਤ ਅੰਦਰਿ ਜੋਧੇ ਗੱਜੇ॥੭॥**

ਸੂਰਮੇ ਮੈਦਾਨੇ-ਜੰਗ ਵਿੱਚ ਲਲਕਾਰੇ ਮਾਰਨ ਲੱਗ ਪਏ।

**ਪਉੜੀ॥**

**ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ॥**

ਜੰਗ ਦੀ ਆਰੰਭਤਾ ਦਾ ਸੂਚਕ ਘੜਿਆਲ ਵੱਜਣ ਮਗਰੋਂ ਨਗਾਰਿਆਂ ਦੀ ਧਮਕ ਨਾਲ ਸੂਰਮੇ ਖੁਸ਼ੀ ਵਜੋਂ ਝੂਮ ਉੱਠੇ।

**ਝੂਲਨ ਨੇਜੇ ਬੈਰਕਾਂ ਨੀਸਾਣ ਲਸਣਿ ਲਸਾਵਲੇ॥**

ਸੂਰਮਿਆਂ ਦੇ ਹੱਥਾਂ ਵਿੱਚ ਫੜੇ ਨੇਜ਼ੇ, ਝੰਡੀਆਂ ਅਤੇ ਵੱਡੇ ਚਮਕਦਾਰ ਝੰਡੇ ਲਹਿਰਾ ਰਹੇ ਸਨ।

**ਢੋਲ ਨਗਾਰੇ ਪਉਣ ਦੇ ਊਘਣ ਜਾਣੁ ਜਟਾਵਲੇ॥**

ਢੋਲ ਅਤੇ ਨਗਾਰੇ ਅਜਿਹਾ ਨਾਦ ਪੈਦਾ ਕਰ ਰਹੇ ਸਨ ਕਿ ਮਾਨੋ ਬੱਬਰ ਸ਼ੇਰ ਬੁੱਕ ਰਹੇ ਹੋਣ।

**ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤ ਭੀਹਾਵਲੇ॥**

ਦੇਵੀ ਅਤੇ ਰਾਖਸ਼ ਆਹਮੋ-ਸਾਹਮਣੇ ਜੁੱਟ ਪਏ, ਮੈਦਾਨੇ-ਜੰਗ ਵਿੱਚ ਮਾਰੂ ਧੁਨੀਆਂ ਵੱਜ ਉੱਠੀਆਂ।

**ਬੀਰ ਪਰੋਤੇ ਬਰਛੀਏਂ ਜਣੁ ਡਾਲ ਚਮੁੱਟੇ ਆਵਲੇ॥**

ਸੂਰਮਿਆਂ ਦੇ ਸਿਰ ਬਰਛੀਆਂ ਵਿੱਚ ਇੰਜ ਪਰੋਏ ਪਏ ਸਨ, ਜਿਵੇਂ ਕਿ ਰੁੱਖ ਦੀ ਟਾਹਣੀ ਨਾਲ ਔਲੇ ਲੱਗੇ ਹੋਣ।

**ਇਕਿ ਵੱਢੇ ਤੇਗੀਂ ਤੜਫਨ ਮਦ ਪੀਤੇ ਲੋਟਨਿ ਬਾਵਲੇ॥**

ਤਲਵਾਰਾਂ ਦੇ ਫੱਟ ਖਾ ਕੇ ਸੂਰਮੇ ਧਰਤੀ 'ਤੇ ਇਸ ਤਰ੍ਹਾਂ ਤੜਫ ਰਹੇ ਸਨ, ਜਿਵੇਂ ਨਸ਼ੇ ਵਿੱਚ ਗੁੱਟ ਸ਼ਰਾਬੀ ਲੋਟਣੀਆਂ ਖਾ ਰਹੇ ਹੋਣ।

**ਇਕਿ ਚੁਣਿ ਚੁਣਿ ਝਾੜਉ ਕਢੀਅਨ ਰੇਤ ਵਿੱਚੋਂ ਸੁਇਨਾ ਡਾਵਲੇ॥**

ਦਲਾਂ ਵਿੱਚੋਂ ਸੂਰਮਿਆਂ ਨੂੰ ਇਸ ਤਰ੍ਹਾਂ ਚੁਣ-ਚੁਣ ਕੇ ਕੱਢਿਆ ਜਾ ਰਿਹਾ ਸੀ, ਜਿਵੇਂ ਰੇਤ ਵਿੱਚੋਂ ਨਿਆਰੀਏ ਸੋਨਾ ਕੱਢਦੇ ਹਨ।

**ਗਦਾ ਤ੍ਰਿਸੂਲਾਂ ਬਰਛੀਆਂ ਤੀਰ ਵਗਨ ਖਰੇ ਉਤਾਵਲੇ॥**

ਸੂਰਮੇ ਗਦਾ, ਤ੍ਰਿਸੂਲਾਂ ਤੇ ਬਰਛੀਆਂ ਤੇਜ਼ੀ ਨਾਲ ਵਾਹ ਰਹੇ ਸਨ ਅਤੇ ਇਓਂ ਹੀ ਤੀਰ ਛੱਡੇ ਜਾ ਰਹੇ ਸਨ।

**ਜਣੁ ਡਸੇ ਭੁਜੰਗਮ ਸਾਵਲੇ॥**

ਮਾਨੋਂ ਇਹ ਹਥਿਆਰ ਸੂਰਮਿਆਂ ਨੂੰ ਕਾਲੇ ਸੱਪਾਂ ਵਾਂਗੂੰ ਡੰਗ ਮਾਰ ਰਹੇ ਸਨ।

**ਮਰ ਜਾਵਨ ਬੀਰ ਰੁਹਾਵਲੇ॥੮॥**

ਜਿਸ ਤੋਂ ਗੁੱਸੇ ਦੇ ਭਰੇ ਯੋਧੇ ਮਰਦੇ ਜਾਂਦੇ ਸਨ।

**ਪਉੜੀ॥**

**ਦੇਖਨ ਚੰਡ ਪ੍ਰਚੰਡ ਨੂੰ ਰਣ ਘੁਰੇ ਨਗਾਰੇ॥**

ਕ੍ਰੋਧ ਵਿੱਚ ਤਪ ਰਹੀ ਚੰਡੀ ਨੂੰ ਵੇਖਦਿਆਂ ਹੀ ਮੈਦਾਨ ਵਿੱਚ ਨਗਾਰੇ ਖੜਕ ਉੱਠੇ।

**ਧਾਏ ਰਾਕਸ ਰੋਹਲੇ ਚਉਗਿਰਦੋਂ ਭਾਰੇ॥**

ਗੁੱਸੇ ਨਾਲ ਭਰੇ ਵੱਡੇ ਰਾਖਸ਼ ਚਹੁੰ ਪਾਸਿਓਂ ਹੀ ਦੌੜ ਆਏ।

**ਹੱਥੀਂ ਤੇਗਾਂ ਪਕੜਿ ਕੈ ਰਣ ਭਿੜੇ ਕਰਾਰੇ॥**

ਹੱਥਾਂ ਵਿੱਚ ਤਲਵਾਰਾਂ ਫੜ੍ਹ ਕੇ ਮੈਦਾਨੇ-ਜੰਗ ਵਿੱਚ ਪੱਬਾਂ ਭਾਰ ਹੋ ਕੇ ਲੜਨ ਲੱਗ ਪਏ।

**ਕਦੇ ਨ ਨੱਠੇ ਜੁੱਧ ਤੇ ਜੋਧੇ ਜੁੱਝਾਰੇ॥**

ਇਹ ਉਹ ਜੁਝਾਰੂ ਸੂਰਮੇ ਸਨ, ਜੋ ਕਦੇ ਮੈਦਾਨੇ-ਜੰਗ ਵਿੱਚੋਂ ਭੱਜੇ ਨਹੀਂ ਸਨ।

**ਦਿਲ ਵਿਚਿ ਰੋਹ ਬਢਾਇਕੈ ਮਾਰ ਮਾਰ ਪੁਕਾਰੇ॥**

ਗੁੱਸੇ ਦੇ ਭਰੇ ਸੂਰਮੇ ਮਾਰੋ-ਮਾਰ ਕੂਕ ਰਹੇ ਸਨ।

**ਮਾਰੇ ਚੰਡ ਪ੍ਰਚੰਡ ਨੈ ਬੀਰ ਖੇਤ ਉਤਾਰੇ॥**

ਉਹਨਾਂ ਨੂੰ ਮਹਾਨ ਤੇਜੱਸਵੀ ਚੰਡਿਕਾ ਨੇ ਮੈਦਾਨੇ-ਜੰਗ ਵਿੱਚ ਮਾਰ ਕੇ ਲਿਟਾ ਦਿੱਤਾ।

**ਮਾਰੇ ਜਾਪਨ ਬਿਜੁਲੀ ਸਿਰ ਭਾਰ ਮੁਨਾਰੇ॥੯॥**

ਉਹ ਸੂਰਮੇ ਮੈਦਾਨੇ-ਜੰਗ ਵਿੱਚ ਇਸ ਤਰ੍ਹਾਂ ਵਿਛੇ ਪਏ ਸਨ, ਜਿਵੇਂ ਅਸਮਾਨੀ ਬਿਜਲੀ ਨਾਲ ਉੱਚੇ ਮੁਨਾਰੇ ਵਿਛ ਜਾਂਦੇ ਹਨ।

**ਪਉੜੀ॥**

**ਚੋਟ ਦਮਾਮੇ ਪਾਈ ਦਲਾਂ ਮੁਕਾਬਲਾ॥**

ਨਗਾਰੇ 'ਤੇ ਸੱਟ ਵੱਜਦਿਆਂ ਹੀ ਫੌਜਾਂ ਭਿੜ ਉੱਠੀਆਂ।

**ਦੇਵੀ ਦਸਤ ਨਚਾਈ ਸੀਹਣ ਸਾਰ ਦੀ॥**

ਦੇਵੀ ਨੇ ਸ਼ੇਰਨੀ ਜਿਉਂ ਡਰਾਉਣ ਵਾਲੀ ਲੋਹੇ ਦੀ ਤੇਜ ਤਲਵਾਰ ਹੱਥ ਵਿੱਚ ਲਿਸ਼ਕਾਈ।

**ਪੇਟ ਮਲੰਦੇ ਲਾਈ ਮਹਿਖੇ ਦੈਤ ਨੂ॥**

ਆਕੜਖੋਰ ਮਹਿਖੇ ਦੈਂਤ ਦੇ ਢਿੱਡ ਵਿੱਚ ਤਲਵਾਰ ਮਾਰੀ।

**ਗੁਰਦੇ ਆਂਦਾਂ ਖਾਈ ਨਾਲੇ ਰੁਕੜੇ॥**

ਉਸਦੇ ਗੁਰਦੇ, ਆਂਦਰਾਂ ਅਤੇ ਪੱਸਲੀਆਂ ਨੂੰ ਤਲਵਾਰ ਖਾ ਗਈ।

**ਜੇਹੀ ਦਿਲ ਵਿਚਿ ਆਈ ਕਹੀ ਸੁਣਾਇ ਕੈ॥**

ਇਸ ਤਲਵਾਰ ਦੀ ਉਪਮਾ ਜਿਹੋ-ਜਿਹੀ ਮੇਰੇ ਦਿਲ ਆਈ ਹੈ, ਉਹ ਮੈਂ ਕਹਿ ਦਿੱਤੀ ਹੈ।

**ਚੋਟੀ ਜਾਣੁ ਦਿਖਾਈ ਤਾਰੇ ਧੂਮਕੇਤੁ॥੧੦॥**

ਇਸ ਤਲਵਾਰ ਨੇ ਮਹਿਖੇ ਦੈਂਤ ਨੂੰ ਧੂਮਕੇਤ ਤਾਰੇ ਦੀ ਪੂਛ ਵਿਖਾ ਦਿੱਤੀ।

**ਪਉੜੀ॥**

**ਚੋਟਾਂ ਪਾਨ ਨਗਾਰੀ ਅਣੀਆਂ ਜੁੱਟੀਆਂ॥**

ਨਗਾਰਿਆਂ 'ਤੇ ਚੋਟਾਂ ਵੱਜਦਿਆਂ ਫਿਰ ਫੌਜਾਂ ਜੁੱਟ ਪਈਆਂ।

**ਧੂਹ ਲਈਆਂ ਤਰਵਾਰੀ ਦੇਵਾਂ ਦਾਨਵੀ॥**

ਦੇਵਤਿਆਂ ਅਤੇ ਦੈਂਤਾਂ ਨੇ ਤਲਵਾਰਾਂ ਖਿੱਚ ਲਈਆਂ।

**ਵਾਹਨ ਵਾਰੋ ਵਾਰੀ ਸੂਰੇ ਸੰਘਰੇ॥**

ਮੈਦਾਨੇ-ਜੰਗ ਦੇ ਯੋਧੇ ਵਾਰੋ ਵਾਰੀ ਤਲਵਾਰਾਂ ਚਲਾਉਂਦੇ ਸਨ।

**ਵਗੈ ਰਤੁ ਝਲਾਰੀ ਜਿਉਂ ਗੇਰੂ ਬਾਬੁਤ੍ਰਾ॥**

ਲਹੂ ਦੀਆਂ ਝਲਾਰਾਂ ਇਵੇਂ ਵਗਦੀਆਂ ਸਨ,<br>ਜਿਵੇਂ ਗੇਰੂ ਪਹਾੜ ਦਾ ਝਰਨਾ ਵਗਦਾ ਹੈ।

**ਦੇਖਨ ਬੈਠ ਅਟਾਰੀ ਨਾਰੀ ਰਾਕਸਾਂ॥**

ਰਾਖਸ਼ਾਂ ਦੀਆਂ ਔਰਤਾਂ ਉੱਚੇ ਟਿੱਲਿਆਂ 'ਤੇ ਬੈਠ ਕੇ ਜੰਗ ਵੇਖਦੀਆਂ ਸਨ।

**ਪਾਈ ਧੂਮਿ ਸਵਾਰੀ ਦੁਰਗਾ ਦਾਨਵੀ॥੧੧॥**

ਦੁਰਗਾ ਅਤੇ ਦੈਂਤਾਂ ਦੀਆਂ ਸਵਾਰੀਆਂ ਨੇ ਧੁੰਮ ਪਾਈ ਹੋਈ ਸੀ।

**ਪਉੜੀ॥**

**ਲੱਖ ਨਗਾਰੇ ਵੱਜਨ ਆਮ੍ਹੋ ਸਾਮ੍ਹਣੇ॥**

ਲੱਖਾਂ ਹੀ ਨਗਾਰੇ ਆਹਮੋ-ਸਾਹਮਣੇ ਵੱਜ ਰਹੇ ਸਨ।

**ਰਾਕਸ ਰਣੋ ਨ ਭੱਜਣ ਰੋਹੇ ਰੋਹਲੇ॥**

ਗੁੱਸੇ ਨਾਲ ਭਰੇ ਹੋਏ ਦੈਂਤ, ਰਣ 'ਚੋਂ ਭੱਜ ਨਹੀਂ ਸਨ ਰਹੇ।

**ਸੀਹਾਂ ਵਾਂਗੂੰ ਗੱਜਣ ਸੱਭੇ ਸੂਰਮੇ॥**

ਸਾਰੇ ਯੋਧੇ ਸ਼ੇਰਾਂ ਵਾਂਗੂੰ ਗੱਜ ਰਹੇ ਸਨ।

**ਤਣਿ ਤਣਿ ਕੈਬਰ ਛੱਡਣ ਦੁਰਗਾ ਸਾਮ੍ਹਣੇ॥੧੨॥**

ਦੁਰਗਾ ਦੇ ਸਾਹਮਣੇ ਖਿੱਚ-ਖਿੱਚ ਕੇ ਤੀਰ ਛੱਡ ਰਹੇ ਸਨ।

**ਪਉੜੀ॥**

**ਘੁਰੇ ਨਗਾਰੇ ਦੋਹਰੇ ਰਣ ਸੰਗਲੀਆਲੇ॥**

ਸੰਗਲੀਆਂ ਪਾ-ਪਾ ਕੇ ਸਵਾਰੀਆਂ 'ਤੇ ਬੰਨੇ ਹੋਏ ਦੋਹਰੀ ਚੋਬ ਵਾਲੇ ਨਗਾਰੇ<br>ਰਣ-ਭੂਮੀ ਵਿੱਚ ਵੱਜੇ।

**ਧੂੜਿ ਲਪੇਟੇ ਧੂਹਰੇ ਸਿਰਦਾਰ ਜਟਾਲੇ॥**

ਮਿੱਟੀਓ-ਮਿੱਟੀ ਹੋਏ ਜਟਾਵਾਂ ਵਾਲੇ ਦੈਂਤ-ਸਰਦਾਰ ਧੂੜ੍ਹ ਵਿੱਚ ਕੱਜੇ ਗਏ।

**ਉੱਖਲੀਆਂ ਨਾਸਾਂ ਜਿਨਾ ਮੁਹਿ ਜਾਪਨ ਆਲੇ॥**
ਜਿਨ੍ਹਾਂ ਦੀਆਂ ਨਾਸਾਂ ਉੱਖਲੀਆਂ ਅਤੇ ਮੂੰਹ ਆਲਿਆਂ ਵਾਂਗੂੰ ਦਿਸਦੇ ਸਨ।
**ਧਾਏ ਦੇਵੀ ਸਾਮ੍ਹਣੇ ਬੀਰ ਮੁੱਛਲੀਆਲੇ॥**
ਕੁੰਢੀਆਂ ਮੁੱਛਾਂ ਵਾਲੇ ਯੋਧੇ ਦੁਰਗਾ ਦੇ ਸਾਹਮਣੇ ਜੰਗ ਕਰਨ ਲਈ ਆਏ।
**ਸੁਰਪਤਿ ਜੇਹੇ ਲੜ ਹਟੇ ਬੀਰ ਟਲੇ ਨ ਟਾਲੇ॥**
ਇੰਦਰ ਰਾਜੇ ਵਰਗੇ ਵੀ ਲੜਦੇ ਹੋਏ ਥੱਕ ਗਏ,
ਪਰ ਦੈਂਤ-ਯੋਧੇ ਕਿਸੇ ਤਰ੍ਹਾਂ ਵੀ ਜੰਗ ਵੱਲੋਂ ਹਟ ਨਹੀਂ ਸਨ ਰਹੇ ।
**ਗੱਜੇ ਦੁਰਗਾ ਘੇਰਿ ਕੈ ਜਣੁ ਘਣੀਅਰ ਕਾਲੇ॥੧੩॥**
ਮਾਨੋ ਕਿ ਦੁਰਗਾ ਨੂੰ ਕਾਲੇ ਬੱਦਲ ਘੇਰ ਕੇ ਗੱਜ ਰਹੇ ਹੋਣ।

**ਪਉੜੀ॥**
**ਚੋਟ ਪਈ ਖਰਚਾਮੀ ਦਲਾਂ ਮੁਕਾਬਲਾ॥**
ਖੋਤੇ ਦੇ ਚੰਮ ਵਾਲੇ ਨਗਾਰਿਆਂ 'ਤੇ ਸੱਟ ਵੱਜੀ,
ਫੌਜਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।
**ਘੇਰ ਲਈ ਵਰਿਆਮੀ ਦੁਰਗਾ ਆਇ ਕੈ॥**
ਬਹਾਦਰ ਦੈਂਤਾਂ ਨੇ ਆ ਕੇ ਦੁਰਗਾ ਘੇਰ ਲਈ।
**ਰਾਕਸ ਵਡੇ ਅਲਾਮੀ ਭੱਜ ਨ ਜਾਣਦੇ॥**
ਰਾਖਸ਼ ਹੁਸ਼ਿਆਰ ਅਤੇ ਨਾਮਵਰ ਝੰਡਿਆਂ ਵਾਲੇ ਸਨ,
ਜੋ ਭੱਜਣਾ ਨਹੀਂ ਸਨ ਜਾਣਦੇ।
**ਅੰਤ ਹੋਏ ਸੁਰਗਾਮੀ ਮਾਰੇ ਦੇਵਤਾਂ॥੧੪॥**
ਦੇਵੀ ਨਾਲ ਲੜਦੇ ਅੰਤ ਸਵਰਗ ਗਾਮੀ ਭਾਵ ਮੁਕਤ ਹੋ ਗਏ।

**ਪਉੜੀ॥**
**ਅਗਣਿਤ ਘੁਰੇ ਨਗਾਰੇ ਦਲਾਂ ਭਿੜੰਦਿਆਂ॥**
ਫੌਜਾਂ ਦੇ ਲੜਦਿਆਂ ਹੀ ਬੇਗਿਣਤ ਨਗਾਰੇ ਵੱਜੇ।
**ਪਾਏ ਮਹਖਲ ਭਾਰੇ ਦੇਵਾਂ ਦਾਨਵਾਂ॥**
ਦੇਵਤਿਆਂ ਅਤੇ ਰਾਖਸ਼ਾਂ ਵਿੱਚ ਝੋਟਿਆਂ ਦੇ ਭੇੜ ਵਰਗਾ ਯੁੱਧ ਹੋਣ ਲੱਗਾ।
**ਵਾਹਨ ਫੱਟ ਕਰਾਰੇ ਰਾਕਸਿ ਰੋਹਲੇ॥**
ਗੁੱਸੇ ਦੇ ਭਰੇ ਰਾਖਸ਼ ਬੱਜਰ ਸੱਟਾਂ ਮਾਰ ਰਹੇ ਸਨ।
**ਜਾਪਨ ਤੇਗੀਂ ਆਰੇ ਮਿਆਨੋ ਧੂਹੀਆਂ॥**
ਮਿਆਨਾਂ ਵਿੱਚੋਂ ਧੂਹੀਆਂ ਤਲਵਾਰਾਂ ਆਰਿਆਂ ਵਾਂਗੂੰ ਮਾਲੂਮ ਪੈਂਦੀਆਂ ਸਨ।

**ਜੋਧੇ ਵਡੇ ਮੁਨਾਰੇ ਜਾਪਨ ਖੇਤ ਵਿਚਿ॥**
ਮੈਦਾਨੇ-ਜੰਗ ਵਿੱਚ ਯੋਧੇ ਉੱਚੇ ਮੁਨਾਰਿਆਂ ਵਾਂਗੂੰ ਪ੍ਰਤੀਤ ਹੁੰਦੇ ਸਨ।
**ਦੇਵੀ ਆਪ ਸਵਾਰੇ ਪੱਬਾਂ ਜਵੇਹਣੇ॥**
ਦੇਵੀ ਨੇ ਪਹਾੜਾਂ ਵਰਗੇ ਦੈਂਤਾਂ ਨੂੰ ਆਪ ਮੈਦਾਨੇ-ਜੰਗ ਵਿੱਚ
ਸਦਾ ਦੀ ਨੀਂਦ ਸੁਲਾ ਦਿੱਤਾ।
**ਕਦੇ ਨ ਆਖਨ ਹਾਰੇ ਧਾਵਨ ਸਾਮ੍ਹਣੇ॥**
ਜੋ ਜੰਗ ਵਿਚ ਹਾਰ ਨਹੀਂ ਸਨ ਮੰਨਦੇ ਤੇ ਸਨਮੁੱਖ ਹੋ ਕੇ ਲੜਦੇ ਸਨ।
**ਦੁਰਗਾ ਸਭ ਸੰਘਾਰੇ ਰਾਕਸਿ ਖੜਗ ਲੈ॥੧੫॥**
ਦੁਰਗਾ ਨੇ ਤਲਵਾਰ ਲੈ ਕੇ ਸਾਰੇ ਦੈਂਤ ਮਾਰ ਦਿੱਤੇ।

**ਪਉੜੀ॥**
**ਉਮਲ ਲੱਥੇ ਜੋਧੇ ਮਾਰੂ ਬੱਜਿਆ॥**
ਯੁੱਧ ਦਾ ਨਗਾਰਾ ਵੱਜ ਪੈਣ ਤੋਂ, ਯੋਧੇ ਉਤਸ਼ਾਹ ਨਾਲ ਮੈਦਾਨੇ-ਜੰਗ
ਵਿੱਚ ਉੱਤਰ ਪਏ।
**ਬੱਦਲ ਜਿਉਂ ਮਹਿਖਾਸੁਰ ਰਣ ਵਿਚਿ ਗੱਜਿਆ॥**
ਮੈਦਾਨੇ-ਜੰਗ ਵਿੱਚ ਮਹਿਖਾਸੁਰ ਬੱਦਲ ਵਾਂਗੂੰ ਗੱਜਿਆ।
**ਇੰਦ੍ਰ ਜੇਹਾ ਜੋਧਾ ਮੈਥਉ ਭੱਜਿਆ॥**
ਮਹਿਖਾਸੁਰ ਕਹਿਣ ਲੱਗਾ ਕਿ ਮੈਥੋਂ ਤਾਂ ਇੰਦਰ ਵਰਗਾ
ਸੂਰਮਾ ਵੀ ਭੱਜ ਗਿਆ ਹੈ।
**ਕਉਣੁ ਵਿਚਾਰੀ ਦੁਰਗਾ ਜਿਨ ਰਣ ਸੱਜਿਆ॥੧੬॥**
ਦੁਰਗਾ ਵਿਚਾਰੀ ਕੌਣ ਹੈ, ਜੀਹਨੇ ਮੇਰੇ ਖਿਲਾਫ਼ ਜੰਗ ਆਰੰਭਿਆ ਹੈ।
**ਪਉੜੀ॥**
**ਬੱਜੇ ਢੋਲ ਨਗਾਰੇ ਦਲਾਂ ਮੁਕਾਬਲਾ॥**
ਫੌਜਾਂ ਦਾ ਮੁਕਾਬਲਾ ਹੋਣ ਲਈ ਢੋਲ ਅਤੇ ਨਗਾਰੇ ਵੱਜ ਪਏ।
**ਤੀਰ ਫਿਰੈਂ ਰੈਬਾਰੇ ਆਮ੍ਹੋ ਸਾਮ੍ਹਣੇ॥**
ਧਨੁਖ-ਬਾਣ ਲੈ ਕੇ ਤੀਰ-ਅੰਦਾਜ਼ ਜੰਗ ਦੀ ਰਹਿਬਰੀ ਕਰ ਰਹੇ ਸਨ।
**ਅਗਣਿਤ ਬੀਰ ਸੰਘਾਰੇ ਲਗਦੀ ਕੈਬਰੀਂ॥**
ਬੇਸ਼ੁਮਾਰ ਯੋਧੇ ਤੀਰਾਂ ਦੇ ਲਗਦਿਆਂ ਹੀ ਸਦਾ ਦੀ ਨੀਂਦ ਸੌਂ ਗਏ।
**ਡਿੱਗੇ ਜਾਣੁ ਮੁਨਾਰੇ ਮਾਰੇ ਬਿੱਜੁ ਦੇ॥**
ਜਿਵੇਂ ਬਿਜਲੀ ਡਿੱਗਣ ਨਾਲ ਮੁਨਾਰੇ ਵਿਛ ਜਾਂਦੇ ਹਨ।
**ਖੁੱਲੀ ਵਾਲੀਂ ਦੈਤ ਅਹਾੜੇ ਸੱਭੇ ਸੂਰਮੇ॥**

ਲੜਦਿਆਂ-ਲੜਦਿਆਂ ਖੁੱਲ੍ਹੇ ਵਾਲਾਂ ਵਾਲੇ ਦੈਂਤ ਧਰਤੀ 'ਤੇ ਲਿਟੇ ਹੋਏ ਭਿਆਨਕ ਆਵਾਜ਼ਾਂ ਕੱਢ ਰਹੇ ਸਨ।

**ਸੁੱਤੇ ਜਾਣੁ ਜਟਾਲੇ ਭੰਗਾਂ ਖਾਇ ਕੈ॥੧੭॥**

ਜਿਵੇਂ ਜਟਾਂ ਵਾਲੇ ਯੋਗੀ ਭੰਗ ਪੀ ਕੇ ਸੁੱਤੇ ਪਏ ਹੋਣ, ਅਖੀਰ ਉਹ ਮੈਦਾਨੇ-ਜੰਗ ਵਿੱਚ ਇਓਂ ਸੌਂ ਗਏ।

**ਪਉੜੀ॥**

**ਦੁਹਾਂ ਕੰਧਾਰਾਂ ਮੁਹਿ ਜੁੜੇ ਨਾਲਿ ਧਉਸਾਂ ਭਾਰੀ॥**

ਫੌਜਾਂ ਦੀਆਂ ਦੋਹਾਂ ਕਤਾਰਾਂ ਦੇ ਮੂੰਹ ਆਹਮੋ-ਸਾਹਮਣੇ ਜੁੱਟ ਗਏ, ਨਾਲ ਹੀ ਭਾਰੀ ਨਗਾਰਿਆਂ ਦੇ ਵੀ ਮੂੰਹ ਜੁੜ ਗਏ।

**ਕੜਕ ਉਠਿਆ ਫਉਜ ਤੇ ਵਡਾ ਅਹੰਕਾਰੀ॥**

ਹੰਕਾਰ ਦਾ ਭਰਿਆ ਹੋਇਆ ਮਹਿਖਾਸੁਰ ਦੈਂਤ ਫੌਜ ਵਿਚੋਂ ਕੜਕ ਕੇ ਉੱਠ ਖਲੋਤਾ।

**ਲੈ ਕੇ ਚੱਲਿਆ ਸੂਰਮੇ ਨਾਲਿ ਵਡੇ ਹਜਾਰੀ॥**

ਉਹ ਹਜ਼ਾਰੀ ਮਰਾਤਬਿਆਂ ਵਾਲੇ ਵੱਡੇ ਸੂਰਮੇ ਲੈ ਕੇ ਤੁਰ ਪਿਆ।

**ਮਿਆਨੋ ਖੰਡਾ ਧੂਹਿਆ ਮਹਿਖਾਸੁਰ ਭਾਰੀ॥**

ਮਹਿਖਾਸੁਰ ਦੈਂਤ ਨੇ ਮਿਆਨ 'ਚੋਂ ਵੱਡਾ ਖੰਡਾ ਖਿੱਚ ਲਿਆ।

**ਉੱਮਲ ਲੱਥੇ ਸੂਰਮੇ ਮਾਰ ਮਚੀ ਕਰਾਰੀ॥**

ਯੋਧੇ ਮੈਦਾਨੇ-ਜੰਗ ਵਿੱਚ ਉਤਸ਼ਾਹ ਨਾਲ ਉੱਤਰ ਪਏ ਅਤੇ ਭਿਆਨਕ ਲੜਾਈ ਮੱਚ ਪਈ।

**ਜਾਪੇ ਚਲੇ ਰੱਤੁ ਦੇ ਸਲਲੇ ਜਟਧਾਰੀ॥੧੮॥**

ਲਹੂ ਦੇ ਪ੍ਰਵਾਹ ਇਓਂ ਤੁਰ ਪਏ ਜਿਵੇਂ ਸ਼ਿਵਜੀ ਦੀਆਂ ਜਟਾਂ ਤੋਂ ਗੰਗਾ ਦੀਆਂ ਧਾਰਾਂ ਵਗ ਰਹੀਆਂ ਹੋਣ।

**ਪਉੜੀ॥**

**ਸੱਟ ਪਈ ਜਮਧਾਣੀ ਦਲਾਂ ਮੁਕਾਬਲਾ॥**

ਨਗਾਰਿਆਂ 'ਤੇ ਚੋਟ ਵੱਜ ਪਈ ਅਤੇ ਦਲਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।

**ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ॥**

ਚੰਡਿਕਾ ਨੇ ਮਿਆਨ 'ਚੋਂ ਤਲਵਾਰ ਖਿੱਚ ਲਈ।

**ਚੰਡੀ ਰਾਕਸਿ ਖਾਣੀ ਵਾਹੀ ਦੈਤ ਨੂ॥**

ਰਾਖਸ਼ਾਂ ਨੂੰ ਭੱਖਣ ਵਾਲੀ ਤਲਵਾਰ, ਚੰਡੀ ਨੇ ਮਹਿਖਾਸੁਰ ਦੈਂਤ ਵੱਲ ਚਲਾਈ।

**ਕੋਪਰ ਚੂਰ ਚਵਾਣੀ ਲਥੀ ਕਰਗ ਲੈ॥**

ਗੁਰੂ ਜੀ ਅਲੰਕਾਰਿਕ ਭਾਸ਼ਾ ਵਿੱਚ ਤਲਵਾਰ ਦੀ ਸਿਫ਼ਤ ਕਰਦਿਆਂ ਲਿਖਦੇ ਹਨ ਕਿ ਇਹ ਤਲਵਾਰ ਸਿਰ ਦੇ ਖੋਪਰ ਅਤੇ ਮੂੰਹ ਨੂੰ ਚੀਰਦੀ ਹੋਈ, ਉਸਦੇ ਪਿੰਜਰ ਤੱਕ ਅੱਪੜ ਗਈ।

**ਪਾਖਰ ਤੁਰਾ ਪਲਾਣੀ ਰੜਕੀ ਧਰਤਿ ਜਾਇ॥**

ਫਿਰ ਉਸਦੇ ਘੋੜੇ ਦੀ ਸੰਜੋਅ, ਕਾਠੀ ਅਤੇ ਘੋੜਾ ਵੱਢ ਕੇ ਜ਼ਮੀਨ ਵਿੱਚ ਜਾ ਰੜਕੀ।

**ਲੈਂਦੀ ਅਘਾ ਸਿਧਾਣੀ ਸਿੰਗਾਂ ਧਉਲ ਦਿਆਂ॥**

ਪੌਰਾਣਾਂ ਅਨੁਸਾਰ ਜਿਸ ਬੈਲ ਦੇ ਸਿੰਗਾਂ 'ਤੇ ਇਹ ਧਰਤੀ ਟਿਕੀ ਹੋਈ ਹੈ, ਉਸਦੇ ਸਿੰਗਾਂ ਨੂੰ ਕੱਟ ਕੇ ਅੱਗੇ ਲੰਘ ਗਈ।

**ਕੂਰਮ ਸਿਰ ਲਹਲਾਣੀ ਦੁਸਮਨ ਮਾਰ ਕੈ॥**

ਜਿਸ ਕੱਛੂਕੁੰਮੇ ਦੀ ਪਿੱਠ 'ਤੇ ਬਲਦ ਖਲੋਤਾ ਹੈ, ਉਸਦੇ ਸਿਰ ਵਿੱਚ ਦੁਸ਼ਮਣਾਂ ਨੂੰ ਮਾਰਨ ਵਾਲੀ ਤਲਵਾਰ ਜਾ ਵੱਜੀ।

**ਵਢੇ ਗੱਨ ਤਿਖਾਣੀ ਮੂਏ ਖੇਤ ਵਿਚਿ॥**

ਮੈਦਾਨੇ-ਜੰਗ ਵਿੱਚ ਸੂਰਮੇ ਇੰਜ ਵੱਢੇ ਪਏ ਸਨ, ਜਿਵੇਂ ਖੇਤ ਵਿੱਚ ਕਾਰੀਗਰਾਂ ਨੇ ਰੁੱਖ ਵੱਢ ਕੇ ਵਿਛਾਏ ਹੋਣ।

**ਰਣ ਵਿਚ ਘੱਤੀ ਘਾਣੀ ਲੋਹੂ ਮਿੱਝ ਦੀ॥**

ਦੁਰਗਾ ਨੇ ਜੰਗ ਵਿੱਚ ਲਹੂ ਤੇ ਮਿੱਝ ਦੀ ਘਾਣੀ ਪਾ ਦਿੱਤੀ।

**ਚਾਰੇ ਜੁਗ ਕਹਾਣੀ ਚੱਲਗੁ ਤੇਗ ਦੀ॥**

ਦੁਰਗਾ ਦੀ ਤੇਗ ਦੀ ਕਹਾਣੀ ਚਾਰੇ ਯੁੱਗਾਂ ਵਿੱਚ ਚੱਲਦੀ ਰਹੇਗੀ।

**ਬਿਧਣ ਖੇਤ ਵਿਹਾਣੀ ਮਹਿਖੇ ਦੈਤ ਨੂ॥੧੯॥**

ਵੱਢੇ-ਟੁੱਕੇ ਮਹਿਖਾਸੁਰ ਦੈਂਤ 'ਤੇ ਮੈਦਾਨੇ-ਜੰਗ ਖਾਤਮੇ ਵਾਲੀ ਔਖੀ ਘੜੀ ਆ ਗਈ।

**ਪਉੜੀ॥**

**ਇਤਿ ਮਹਿਖਾਸੁਰ ਦੈਤ ਮਾਰੇ ਦੁਰਗਾ ਆਇਆ॥**

ਮਹਿਖਾਸੁਰ ਦੈਂਤ ਦੀ ਸਮਾਪਤੀ ਕਰਕੇ ਦੁਰਗਾ ਮੈਦਾਨ ਵਿੱਚੋਂ ਵਾਪਸ ਆਈ।

**ਚਉਦਹ ਲੋਕਾਂ ਰਾਣੀ ਸਿੰਘ ਨਚਾਇਆ॥**

ਦੁਰਗਾ ਨੇ ਚੌਦਾਂ ਲੋਕਾਂ ਵਿੱਚ ਸ਼ੇਰ ਨੂੰ ਨਚਾਇਆ।

**ਮਾਰੇ ਵੀਰ ਜਟਾਣੀ ਦਲ ਵਿਚਿ ਅੱਗਲੇ॥**

ਚੰਡਿਕਾ ਨੇ ਦਲ ਦੇ ਮੂਹਰਲੇ ਯੋਧੇ ਮਾਰ ਦਿੱਤੇ।

**ਮੰਗਣ ਨਾਹੀ ਪਾਣੀ ਦਲੀਂ ਹਕਾਰ ਕੈ॥**
ਜੋਧਿਆਂ ਤੋਂ ਰਣ-ਭੂਮੀ ਵਿੱਚ ਬੋਲ ਕੇ ਪਾਣੀ ਵੀ ਨਹੀਂ ਮੰਗਿਆ ਗਿਆ ਭਾਵ ਪਲ ਵਿੱਚ ਹੀ ਮਰ ਗਏ।
**ਜਣੁ ਕਰੀ ਸਮਾਇ ਪਠਾਣੀ ਸੁਣਿ ਕੈ ਰਾਗ ਨੂੰ॥**
ਮਾਨੋ ਕਿ ਪਠਾਣੀ ਫ਼ਕੀਰ ਰਾਗ ਨੂੰ ਸੁਣ ਕੇ ਮਸਤੀ ਦੀ ਅਵਸਥਾ ਵਿੱਚ ਹੋਣ।
**ਰੱਤੂ ਦੇ ਹੜਵਾਣੀ ਚੱਲੇ ਬੀਰਖੇਤ॥**
ਮੈਦਾਨੇ-ਜੰਗ ਵਿੱਚ ਲਹੂ ਦਾ ਹੜ੍ਹ ਆ ਗਿਆ।
**ਪੀਤਾ ਫੁੱਲ ਇਆਣੀ ਘੁਮਨ ਸੂਰਮੇ॥੨੦॥**
ਘਾਇਲ ਹੋਏ ਸੂਰਮੇ ਇਉਂ ਝੂਮਦੇ ਹਨ, ਮਾਨੋ ਸੋਫੀ ਬੰਦੇ ਪੋਸ਼ਤ ਪੀ ਕੇ ਝੂਮਦੇ ਹੋਣ।

**ਪਉੜੀ॥**
**ਹੋਈ ਅਲੋਪ ਭਵਾਨੀ ਦੇਵਾਂ ਨੂੰ ਰਾਜੁ ਦੇ॥**
ਦੇਵਤਿਆਂ ਨੂੰ ਰਾਜ ਦੇ ਕੇ ਦੁਰਗਾ ਦੇਵੀ ਅਲੋਪ ਹੋ ਗਈ।
**ਈਸਰ ਦੀ ਬਰਦਾਨੀ ਹੋਈ ਜਿੱਤ ਦਿਨ॥**
ਪੌਰਾਣਿਕ ਕਥਾ ਮੁਤਾਬਿਕ ਜਿਸ ਦਿਨ ਸ਼ਿਵ ਜੀ ਦਾ ਵਰ ਫਲੀਭੂਤ ਹੋਇਆ।
**ਸੁੰਭ ਨਿਸੁੰਭ ਗੁਮਾਨੀ ਜਨਮੇ ਸੂਰਮੇ॥**
ਸੁੰਭ ਅਤੇ ਨਿਸੁੰਭ ਨਾਮਕ ਅਭਿਮਾਨੀ ਯੋਧੇ ਦੈਂਤ ਵੰਸ਼ ਵਿੱਚ ਪੈਦਾ ਹੋਏ।
**ਇੰਦ੍ਰ ਦੀ ਰਜਧਾਨੀ ਤੱਕੀ ਜਿੱਤਣੀ॥੨੧॥**
ਜਿਨ੍ਹਾਂ ਨੇ ਇੰਦ੍ਰ ਦੀ ਰਾਜਧਾਨੀ ਨੂੰ ਜਿੱਤਣ ਦਾ ਖਿਆਲ ਕੀਤਾ।

**ਪਉੜੀ॥**
**ਇੰਦ੍ਰ ਪੁਰੀ ਤੇ ਧਾਵਣਾ ਵਡ ਜੋਧੀਂ ਮਤਾ ਪਕਾਇਆ॥**
ਵੱਡੇ ਸੂਰਮਿਆਂ ਨੇ ਸਲਾਹ ਕਰ ਲਈ ਕਿ ਇੰਦਰ ਪੁਰੀ ’ਤੇ ਚੜ੍ਹਾਈ ਕਰਨੀ ਹੈ।
**ਸੰਜ ਪਟੇਲਾ ਪਾਖਰਾ ਭੇੜ ਸੰਦਾ ਸਾਜੁ ਬਣਾਇਆ॥**
ਇਸ ਲਈ ਉਹਨਾਂ ਨੇ ਸੰਜੋਆਂ, ਪਟੇਦਾਰ ਤਲਵਾਰਾਂ ਅਤੇ ਘੋੜਿਆਂ ਦੇ ਕਵਚ ਆਦਿਕ ਲੜਾਈ ਦਾ ਸਮਾਨ ਬਣਾ ਲਿਆ।
**ਜੁੰਮੇ ਕਟਕ ਅਛੂਹਣੀ ਅਸਮਾਨੁ ਗਰਦੀ ਛਾਇਆ॥**
ਕਈ ਖੂਹਣੀਆਂ ਦੀ ਗਿਣਤੀ ਵਿੱਚ ਫੌਜਾਂ ਚੱਲੀਆਂ ਅਤੇ ਆਕਾਸ਼ ਗਰਦਸ਼ ਨਾਲ ਢੱਕਿਆ ਗਿਆ।
**ਰੋਹ ਸੁੰਭ ਨਿਸੁੰਭ ਸਿਧਾਇਆ॥੨੨॥**
ਗੁੱਸੇ ਨਾਲ ਸੁੰਭ ਅਤੇ ਨਿਸੁੰਭ ਨੇ ਕੂਚ ਕੀਤਾ।

**ਪਉੜੀ॥**

**ਸੁੰਭ ਨਿਸੁੰਭ ਅਲਾਇਆ ਵਡ ਜੋਧੀਂ ਸੰਘਰ ਵਾਏ॥**

ਸੁੰਭ-ਨਿਸੁੰਭ ਦਾ ਹੁਕਮ ਹੋਣ 'ਤੇ ਵੱਡੇ ਸੂਰਮਿਆਂ ਨੇ ਤਬਾਹੀ ਮਚਾਉਣ ਵਾਲੇ ਜੰਗ ਦੀ ਤਿਆਰੀ ਕੀਤੀ।

**ਰੋਹ ਦਿਖਾਲੀ ਦਿੱਤੀਆ ਵਰਿਆਮੀ ਤੁਰੇ ਨਚਾਏ॥**

ਗੁੱਸੇ ਵਿੱਚ ਆ ਕੇ ਸੂਰਮਿਆਂ ਨੇ ਮੈਦਾਨ ਵੱਲ ਘੋੜੇ ਨਚਾਉਂਦਿਆਂ ਪ੍ਰਵੇਸ਼ ਕੀਤਾ।

**ਘੁਰੇ ਦਮਾਮੇ ਦੋਹਰੇ ਜਮ ਬਾਹਣ ਜਿਉ ਅਰੜਾਏ॥**

ਦੋਹਰੀ ਚੋਬ ਨਾਲ ਨਗਾਰੇ ਵੱਜੇ, ਜਿਵੇਂ ਯਮ ਦੀ ਸਵਾਰੀ ਵਾਲੇ ਝੋਟੇ ਅਰੜਾਏ ਹੋਣ।

**ਦੇਉ ਦਾਨੋ ਲੁੱਝਣ ਆਏ॥੨੩॥**

ਦੇਵਤੇ ਅਤੇ ਦੈਂਤ ਲੜਨ ਨੂੰ ਆ ਗਏ।

**ਪਉੜੀ॥**

**ਦਾਨੋ ਦੇਉ ਅਨਾਗੀ ਸੰਘਰੁ ਰਚਿਆ॥**

ਦੈਂਤਾਂ ਅਤੇ ਦੇਵਤਿਆਂ ਨੇ ਬਿਨਾਂ ਨਾਗੇ ਲਗਾਤਾਰ ਜੰਗ ਸ਼ੁਰੂ ਕਰ ਲਿਆ।

**ਫੁੱਲ ਖਿੜੇ ਜਣੁ ਬਾਗੀਂ ਬਾਣੇ ਜੋਧਿਆਂ॥**

ਯੋਧਿਆਂ ਦੇ ਲਿਬਾਸ ਇਸ ਤਰ੍ਹਾਂ ਖ਼ੂਨ ਵਿੱਚ ਰੰਗੇ ਗਏ, ਜਿਵੇਂ ਬਾਗਾਂ ਵਿੱਚ ਫੁੱਲ ਖਿੜੇ ਹੋਏ ਹੋਣ।

**ਭੂਤਾਂ ਇੱਲਾਂ ਕਾਗੀ ਗੋਸਤੁ ਭੱਖਿਆ॥**

ਮਰੇ ਹੋਏ ਸੂਰਮਿਆਂ ਦਾ ਮਾਸ ਇੱਲਾਂ, ਕਾਂਵਾਂ ਤੇ ਅਦਿੱਖ ਪ੍ਰਾਣੀਆਂ ਨੇ ਖਾਧਾ।

**ਹੁੱਮੜ ਧੁੱਮੜ ਜਾਗੀ ਘੱਤੀ ਸੂਰਿਆਂ॥੨੪॥**

ਸੂਰਮਿਆਂ ਲੜਦਿਆਂ ਹੋਇਆਂ ਬਹੁਤ ਸ਼ੋਰ ਪਾਇਆ।

**ਪਉੜੀ॥**

**ਸੱਟ ਨਗਾਰੇ ਪਾਈ ਦਲਾਂ ਮੁਕਾਬਲਾ॥**

ਨਗਾਰੇ 'ਤੇ ਚੋਟ ਲਾਈ ਤੇ ਦਲਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।

**ਦਿੱਤੇ ਦੇਉ ਭਗਾਈ ਮਿਲ ਕੈ ਰਾਕਸੀਂ॥**

ਅੰਤ ਰਾਖਸ਼ਾਂ ਨੇ ਮਿਲ ਕੇ ਦੇਵਤੇ ਭਜਾ ਦਿੱਤੇ।

**ਲੋਕੀਂ ਤਿਹੀ ਫਿਰਾਈ ਦੋਹੀ ਆਪਣੀ॥**

ਤਿੰਨਾਂ ਲੋਕਾਂ ਵਿੱਚ ਰਾਖਸ਼ਾਂ ਦੇ ਨਾਮ ਦੀ ਦੋਹਾਈ ਫਿਰ ਗਈ।

**ਦੁਰਗਾ ਦੀ ਸਾਮ ਤਕਾਈ ਦੇਵਾਂ ਡਰਦਿਆਂ॥**

ਦੈਂਤਾਂ ਤੋਂ ਡਰਦਿਆਂ ਦੇਵਤਿਆਂ ਨੇ ਦੁਰਗਾ ਦੀ ਸ਼ਰਣ ਤੱਕੀ।

**ਆਂਦੀ ਚੰਡੁ ਚੜ੍ਹਾਈ ਉੱਤੇ ਰਾਕਸਾਂ॥ ੨੫॥**

ਚੰਡਿਕਾ ਫਿਰ ਰਾਖਸ਼ਾਂ ਉੱਤੇ ਹਮਲਾ ਕਰਨ ਲਈ ਤਿਆਰ ਹੋਈ।

**ਪਉੜੀ॥**

**ਆਈ ਫੇਰ ਭਵਾਨੀ ਖਬਰੀ ਪਾਈਆਂ॥**

ਦੁਰਗਾਂ ਦੇ ਆਉਣ ਦੀਆਂ, ਦੈਂਤਾਂ ਨੇ ਖ਼ਬਰਾਂ ਸੁਣ ਲਈਆਂ।

**ਦੈਤ ਵਡੇ ਅਭਿਮਾਨੀ ਹੋਏ ਏਕਠੇ॥**

ਵੱਡੇ-ਵੱਡੇ ਹੰਕਾਰੀ ਦੈਂਤ ਵੀ ਇਕੱਠੇ ਹੋ ਗਏ।

**ਲੋਚਨ ਧੂਮ ਗੁਮਾਨੀ ਰਾਇ ਬੁਲਾਇਆ॥**

ਦੈਂਤਾਂ ਦੇ ਰਾਜੇ ਸੁੰਭ ਨੇ ਹੰਕਾਰੀ ਧੂਮ੍ਰਲੋਚਨ ਸੈਨਾਪਤੀ ਨੂੰ ਬੁਲਾਇਆ।

**ਜਗ ਵਿਚ ਵਡਾ ਦਾਨੋ ਆਪ ਕਹਾਇਆ॥**

ਜੋ ਆਪਣੇ ਆਪ ਨੂੰ ਸੰਸਾਰ ਵਿੱਚ ਵੱਡਾ ਦੈਂਤ ਕਹਾਉਂਦਾ ਸੀ।

**ਸੱਟ ਪਈ ਖਰਚਾਮੀ ਦੁਰਗਾ ਲਿਆਵਣੀ॥੨੬॥**

ਖੋਤੇ ਦੇ ਚੰਮ ਵਾਲੇ ਨਗਾਰਿਆਂ 'ਤੇ ਚੋਟ ਵੱਜ ਪਈ ਕਿ ਦੁਰਗਾ ਸੁੰਭ ਦੇ ਵਿਆਹ ਲਈ ਫੜ ਕੇ ਲਿਆਉਣੀ ਹੈ।

**ਪਉੜੀ॥**

**ਕੜਕ ਉਠੀ ਰਣ ਚੰਡੀ ਫਉਜਾਂ ਦੇਖਿ ਕੈ॥**

ਦੈਤਾਂ ਦੀਆਂ ਫੌਜਾਂ ਵੇਖ ਕੇ ਚੰਡਿਕਾ ਯੁੱਧ ਕਰਨ ਦੇ ਜੋਸ਼ ਵਿੱਚ ਆ ਗਈ।

**ਧੂਹਿ ਮਿਆਨੋ ਖੰਡਾ ਹੋਈ ਸਾਮ੍ਹਣੇ॥**

ਉਹ ਮਿਆਨ 'ਚੋਂ ਖੰਡਾ ਖਿੱਚ ਕੇ ਸਾਹਮਣੇ ਹੋਈ।

**ਸੱਭੇ ਬੀਰ ਸੰਘਾਰੇ ਧੂਮਰਨੈਣ ਦੇ॥**

ਧੂਮ੍ਰਲੋਚਨ ਦੇ ਸਾਰੇ ਯੋਧੇ ਮਾਰ ਦਿੱਤੇ।

**ਜਣੁ ਲੈ ਕੱਟੇ ਆਰੇ ਦਰਖਤ ਬਾਢੀਆਂ॥੨੭॥**

ਯੋਧੇ ਇਉਂ ਕੱਟੇ ਪਏ ਸਨ, ਜਿਵੇਂ ਤਰਖਾਣਾਂ ਨੇ ਆਰੇ ਲੈ ਕੇ ਦਰਖਤ ਕੱਟੇ ਹੋਣ।

**ਪਉੜੀ॥**

**ਚੋਬੀ ਧਉਸ ਬਜਾਈ ਦਲਾਂ ਮੁਕਾਬਲਾ॥**

ਨਗਾਰਿਆਂ 'ਤੇ ਚੋਟ ਵੱਜੀ ਅਤੇ ਫ਼ੌਜਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।

**ਰੋਹ ਭਵਾਨੀ ਆਈ ਉੱਤੈ ਰਾਕਸਾਂ॥**

ਰਾਖਸ਼ਾਂ ਉੱਤੇ ਚੰਡੀ ਗੁੱਸਾ ਖਾ ਕੇ ਟੁੱਟ ਪਈ।

**ਖੱਬੈ ਦਸਤ ਨਚਾਈ ਸੀਹਣ ਸਾਰ ਦੀ॥**

ਸ਼ੀਹਣੀ ਵਰਗੀ ਤੇਜ਼ ਲੋਹੇ ਦੀ ਤਲਵਾਰ ਉਸਨੇ ਆਪਣੇ ਖੱਬੇ ਹੱਥ ਵਿੱਚ ਫੜ ਕੇ ਲਹਿਰਾਈ।

**ਬਹੁਤਿਆਂ ਦੇ ਤਨ ਲਾਈ ਕੀਤੀ ਰੰਗੁਲੀ॥**

ਕਈਆਂ ਦੇ ਸਰੀਰਾਂ ਵਿੱਚੋਂ ਪਾਰ ਹੋ ਕੇ ਉਹ ਤਲਵਾਰ ਰੰਗੀ ਗਈ।

**ਭਾਈਆਂ ਮਾਰਨ ਭਾਈ ਦੁਰਗਾ ਜਾਣਿ ਕੈ॥**

ਦੁਰਗਾ ਤੋਂ ਭੈਭੀਤ ਹੋਏ ਰਾਖਸ਼ ਜੰਗ ਦੇ ਰੌਲੇ-ਗੌਲੇ ਵਿੱਚ ਆਪਣੇ ਹੀ ਭਰਾਵਾਂ ਨੂੰ ਮਾਰਨ ਲੱਗੇ।

**ਰੋਹ ਹੋਇ ਚਲਾਈ ਰਾਕਸਿ ਰਾਇ ਨੂੰ॥**

ਸੈਨਾਪਤੀ ਧੂਮ੍ਰਲੋਚਨ ਵੱਲ ਗੁੱਸੇ ਵਿੱਚ ਭਰ ਕੇ ਦੁਰਗਾ ਨੇ ਵਾਰ ਕੀਤਾ।

**ਜਮਪੁਰ ਦੀਆ ਪਠਾਈ ਲੋਚਨ ਧੂਮ ਨੂੰ॥**

ਇਸ ਵਾਰ ਦੇ ਪ੍ਰਹਾਰ ਕਰਕੇ ਧੂਮ੍ਰਲੋਚਨ ਯਮਪੁਰੀ ਵੱਲ ਭੇਜ ਦਿੱਤਾ ਗਿਆ।

**ਜਾਪੇ ਦਿਤੀ ਸਾਈ ਮਾਰਨ ਸੁੰਭ ਦੀ॥੨੮॥**

ਮਾਨੋ ਕਿ ਇਹ ਦੁਰਗਾ ਨੇ ਸੁੰਭ ਨੂੰ ਮਾਰਨ ਦੀ ਸਾਈ ਦਿੱਤੀ ਹੋਵੇ।

**ਪਉੜੀ॥**

**ਭੰਨੇ ਦੈਤ ਪੁਕਾਰੇ ਰਾਜੇ ਸੁੰਭ ਥੈ॥**

ਜੰਗ ਵਿੱਚੋਂ ਮਾਰ ਖਾ ਕੇ ਦੈਂਤ ਰਾਜੇ ਸੁੰਭ ਕੋਲ ਫਰਿਆਦੀ ਹੋਏ।

**ਲੋਚਨ ਧੂਮ ਸੰਘਾਰੇ ਸਣੇ ਸਿਪਾਹੀਆਂ॥**

ਕਿ ਧੂਮ੍ਰਲੋਚਨ ਸਿਪਾਹੀਆਂ ਸਮੇਤ ਮਾਰਿਆ ਗਿਆ ਹੈ।

**ਚੁਣਿ ਚੁਣਿ ਜੋਧੇ ਮਾਰੇ ਅੰਦਰਿ ਖੇਤ ਦੈ॥**

ਚੰਡਿਕਾ ਨੇ ਮੈਦਾਨੇ-ਜੰਗ ਵਿੱਚ ਸੂਰਮੇ ਚੁਣ-ਚੁਣ ਕੇ ਮਾਰ ਸੁੱਟੇ ਹਨ।

**ਜਾਪਨ ਅੰਬਰ ਤਾਰੇ ਡਿਗਨਿ ਸੂਰਮੇ॥**

ਡਿੱਗਦੇ ਹੋਏ ਯੋਧੇ, ਆਕਾਸ਼ ਦੇ ਤਾਰੇ ਟੁੱਟਦੇ ਮਾਲੂਮ ਪੈਂਦੇ ਸਨ।

**ਗਿਰੇ ਪਰਬਤ ਭਾਰੇ ਮਾਰੇ ਬਿੱਜੁ ਦੇ॥**

ਮਾਨੋ ਕਿ ਬਿਜਲੀ ਦੀ ਆਫ਼ਤ ਦੇ ਮਾਰੇ ਹੋਏ ਵੱਡੇ ਪਹਾੜ ਡਿੱਗਦੇ ਹੋਣ।

**ਦੈਤਾਂ ਦੇ ਦਲ ਹਾਰੇ ਦਹਸ਼ਤ ਖਾਇ ਕੈ॥**

ਦੇਵੀ ਦੀ ਦਹਿਸ਼ਤ ਖਾ ਕੇ ਦੈਂਤਾਂ ਦੀਆਂ ਫੌਜਾਂ ਹਾਰ ਚੁੱਕੀਆਂ ਹਨ।

**ਬਚੇ ਸੁਮਾਰੇ ਮਾਰੇ ਰਹਿਦੇ ਰਾਇ ਥੈ॥੨੯॥**

ਹੇ ਰਾਜਾ ਸ਼ੁੰਭ! ਜੋ ਆਪ ਦੇ ਪਾਸ ਖੜੇ ਹਨ, ਉਹ ਹੀ ਮੌਤ ਤੋਂ ਬਚੇ ਗਿਣ ਸਕਦੇ ਹੋ।

**ਪਉੜੀ॥**

**ਰੋਹ ਹੋਇ ਬੁਲਾਏ ਰਾਕਸਿ ਰਾਇ ਨੇ॥**

ਰਾਖਸ਼ਾਂ ਦੇ ਰਾਜੇ ਸੁੰਭ ਨੇ ਗੁੱਸੇ ਵਿੱਚ ਆ ਕੇ ਯੋਧੇ ਅਤੇ ਮੰਤ੍ਰੀ ਬੁਲਾ ਲਏ।

**ਬੈਠੇ ਮਤਾ ਪਕਾਏ ਦੁਰਗਾ ਲਿਆਵਣੀ॥**

ਉਹਨਾਂ ਨੇ ਇਹ ਮਤਾ ਪਕਾਇਆ ਕਿ ਦੁਰਗਾ ਫੜ੍ਹ ਕੇ ਲਿਆਉਣੀ ਹੈ।

**ਚੰਡ ਅਰੁ ਮੁੰਡ ਪਠਾਏ ਬਹੁਤਾ ਕਟਕੁ ਦੈ॥**

ਬਹੁਤੀ ਫੌਜ ਦੇ ਕੇ ਚੰਡ ਅਤੇ ਮੁੰਡ ਨਾਮੀ ਦੋਵੇਂ ਦੈਂਤ ਸੈਨਾਪਤੀ ਭੇਜ ਦਿੱਤੇ।

**ਜਾਪੇ ਛੱਪਰ ਛਾਏ ਬਣੀਆ ਕੇਜਮਾ॥**

ਰਾਖਸ਼ਾਂ ਦੇ ਹੱਥਾਂ ਵਿੱਚ ਫੜ੍ਹੀਆਂ ਤਲਵਾਰਾਂ ਆਪੋ ਵਿੱਚ ਜੁੜ ਕੇ ਛੱਪਰ ਵਾਂਗੂੰ ਛਾਈਆਂ ਜਾਪਦੀਆਂ ਸਨ।

**ਜੇਤੇ ਰਾਇ ਬੁਲਾਏ ਚਲੇ ਜੁੱਝ ਨੋ॥**

ਰਾਜੇ ਸੁੰਭ ਨੇ ਜਿੰਨੇ ਵੀ ਦੈਂਤ ਬੁਲਾਏ ਸਨ, ਉਹ ਸਾਰੇ ਹੀ ਜੰਗ ਨੂੰ ਚੱਲ ਪਏ।

**ਜਣੁ ਜਮਪੁਰ ਪਕੜ ਚਲਾਏ ਸੱਭੇ ਮਾਰਨੇ॥੩੦॥**

ਮਾਨੋ ਕਿ ਸਾਰੇ ਯਮਪੁਰੀ ਨੂੰ ਫੜ੍ਹ ਕੇ ਮਰਨ ਲਈ ਭੇਜ ਦਿੱਤੇ ਹੋਣ।

**ਪਉੜੀ॥**

**ਢੋਲ ਨਗਾਰੇ ਵਾਏ ਦਲਾਂ ਮੁਕਾਬਲਾ॥**

ਢੋਲ ਅਤੇ ਨਗਾਰੇ ਵਜਾ ਕੇ ਫੌਜਾਂ ਆਹਮੋ-ਸਾਹਮਣੇ ਹੋਈਆਂ।

**ਰੋਹਿ ਰੁਹੇਲੇ ਆਏ ਉੱਤੇ ਰਾਕਸਾਂ॥**

ਰਾਖਸ਼ਾਂ ਦਿਆਂ ਮੂੰਹਾਂ ਉੱਤੇ ਗੁੱਸੇ ਦੇ ਚਿੰਨ੍ਹ ਆ ਗਏ।

**ਸਭਨੀ ਤੁਰੇ ਨਚਾਏ ਬਰਛੇ ਪਕੜਿ ਕੈ॥**

ਆਪਣਿਆਂ ਹੱਥਾਂ ਵਿੱਚ ਬਰਛੇ ਫੜ ਕੇ ਸਾਰਿਆਂ ਨੇ ਘੋੜੇ ਨਚਾਏ।

**ਬਹੁਤੇ ਮਾਰਿ ਗਿਰਾਏ ਅੰਦਰਿ ਖੇਤ ਦੈ॥**

ਬਹੁਤੇ ਸੂਰਮੇ ਮੈਦਾਨੇ-ਜੰਗ ਵਿੱਚ ਮਾਰ ਕੇ ਗਿਰਾ ਦਿੱਤੇ।

**ਤੀਰੀਂ ਛਹਬਰ ਲਾਏ ਬੁੱਠੀ ਦੇਵਤਾਂ॥੩੧॥**

ਦੁਰਗਾ ਦੇਵੀ ਨੇ ਤੀਰਾਂ ਦੀ ਝੜੀ ਲਾ ਦਿੱਤੀ।

**ਪਉੜੀ॥**

**ਭੇਰੀ ਸੰਖ ਬਜਾਏ ਸੰਘਰ ਰਚਿਆ॥**

ਨਗਾਰੇ ਅਤੇ ਸੰਖ ਵਜਾ ਕੇ ਜੰਗ ਸ਼ੁਰੂ ਕੀਤਾ ਗਿਆ।

**ਤਣਿ ਤਣਿ ਤੀਰ ਚਲਾਏ ਦੁਰਗਾ ਧਨੁਖ ਲੈ॥**

ਚੰਡਿਕਾ ਨੇ ਕਮਾਨ ਲੈ ਕੇ ਖਿੱਚ-ਖਿੱਚ ਕੇ ਤੀਰ ਚਲਾਏ।

**ਜਿਨੀ ਦਸਤ ਉਠਾਏ ਰਹੇ ਨ ਜੀਵਦੇ॥**

ਜਿਨ੍ਹਾਂ ਨੇ ਦੁਰਗਾ ਨੂੰ ਮਾਰਨ ਲਈ ਹੱਥ ਚੁੱਕਿਆ,
ਉਹ ਜੀਉਂਦੇ ਨਾ ਰਹੇ।

**ਚੰਡ ਅਰੁ ਮੁੰਡ ਖਪਾਏ ਦੋਨੋ ਦੇਵਤਾਂ॥੩੨॥**

ਦੇਵੀ ਚੰਡਿਕਾ ਨੇ ਚੰਡ ਅਤੇ ਮੁੰਡ ਦੋਵੇਂ ਹੀ ਮਾਰ ਦਿੱਤੇ।

**ਪਉੜੀ॥**

**ਸੁੰਭ ਨਿਸੁੰਭ ਰਿਸਾਏ ਮਾਰੇ ਦੈਤ ਸੁਣਿ॥**

ਦੈਤਾਂ ਦਾ ਮਾਰੇ ਜਾਣਾ ਸੁਣ ਕੇ ਸੁੰਭ ਅਤੇ ਨਿਸੁੰਭ ਕ੍ਰੋਧਵਾਨ ਹੋ ਗਏ।

**ਜੋਧੇ ਸਭ ਬੁਲਾਏ ਅਪਣੇ ਮਜਲਸੀ॥**

ਆਪਣੇ ਸਾਰੇ ਹੀ ਸੂਰਵੀਰ ਸਭਾ ਲਈ ਬੁਲਾਏ।

**ਜਿਨੀ ਦੇਉ ਭਜਾਏ ਇੰਦ੍ਰ ਜੇਹਵੇ॥**

ਸਭਾ ਵਿੱਚ ਗੱਲ ਚੱਲੀ ਕਿ ਜਿਨ੍ਹਾਂ ਦੈਂਤਾਂ ਨੇ ਇੰਦਰ ਵਰਗੇ
ਦੇਵਤੇ ਵੀ ਭਜਾਏ ਸਨ।

**ਤੇਈ ਮਾਰ ਗਿਰਾਏ ਪਲ ਵਿਚਿ ਦੇਵਤਾਂ॥**

ਦੇਵੀ ਦੁਰਗਾ ਨੇ ਤਾਂ ਪਲ ਵਿੱਚ ਉਹਨਾ ਨੂੰ ਵੀ ਮਾਰ ਸੁੱਟਿਆ।

**ਓਨੀ ਦਸਤੀ ਦਸਤਿ ਵਜਾਏ ਤਿਨ੍ਹਾਂ ਚਿਤ ਕਰਿ॥**

ਉਨਾਂ ਨੂੰ ਯਾਦ ਕਰਕੇ ਦੈਂਤ ਹੱਥਾਂ 'ਤੇ ਹੱਥ ਮਾਰ ਰਹੇ ਸਨ।

**ਫਿਰ ਸ੍ਰਣਵਤ ਬੀਜ ਚਲਾਏ ਬੀੜੇ ਰਾਇ ਦੇ॥**

ਫਿਰ ਇਹ ਗੱਲ ਸੁਣ ਕੇ ਰਾਜੇ ਸੁੰਭ ਨੇ ਜੰਗੀ ਇੰਤਜ਼ਾਮ ਦੇ ਕੇ ਸ੍ਰੋਣਤ ਬੀਜ
ਨਾਮਕ ਦੈਂਤ ਨੂੰ ਪਾਨਾਂ ਦਾ ਬੀੜਾ ਦੇ ਕੇ ਭੇਜਿਆ।

**ਸੰਜ ਪਟੇਲਾ ਪਾਏ ਚਿਲਕਤ ਟੋਪੀਆਂ॥**

ਸੂਰਮਿਆਂ ਨੇ ਸੰਜੋਆਂ, ਪਟੇਦਾਰ ਸੰਜੋਆਂ ਅਤੇ ਸਿਰਾਂ ਤੇ ਲਿਸ਼ਕਦੀਆਂ ਹੋਈਆਂ
ਜੰਗੀ ਟੋਪੀਆ ਪਾਈਆਂ।

**ਲੁੱਝਣ ਨੋ ਅਰੜਾਏ ਰਾਕਸ ਰੋਹਲੇ॥**

ਗੁੱਸੇ ਨਾਲ ਭਰੇ ਰਾਖਸ਼ ਲੜਨ ਲਈ ਲਲਕਾਰੇ ਮਾਰਨ ਲੱਗੇ।

**ਕਦੇ ਨ ਕਿਨੈ ਹਟਾਏ ਜੁੱਝ ਮਚਾਇ ਕੈ॥**

ਜਿਹਨਾਂ ਨੂੰ ਕਦੀ ਕਿਸੇ ਨੇ ਜੰਗ ਵਿਚੋਂ ਹਰਾ ਕੇ ਨਹੀਂ ਭਜਾਇਆ।

**ਮਿਲ ਤੇਈ ਦਾਨੋ ਆਏ ਹੁਣ ਸੰਘਰਿ ਦੇਖਣਾ॥੩੩॥**

ਉਹ ਦੈਂਤ ਮਿਲ ਕੇ ਆ ਗਏ ਕਿ ਹੁਣ ਇਹ ਜੰਗ ਵੀ ਵੇਖਣਾ ਹੈ,
ਕਿਹੜਾ ਸੂਰਮਾ ਪੈਦਾ ਹੋ ਗਿਆ ਸਾਡੇ ਨਾਲ ਲੜਨ ਵਾਲਾ?

**ਪਉੜੀ॥**

**ਦੈਤੀਂ ਡੰਡ ਉਭਾਰੀ ਨੇੜੈ ਆਇ ਕੈ॥**

ਦੁਰਗਾ ਦੇ ਨੇੜੇ ਆ ਕੇ ਦੈਂਤਾਂ ਨੇ ਰੌਲੀ ਪਾ ਦਿੱਤੀ।

**ਸਿੰਘ ਕਰੀ ਅਸਵਾਰੀ ਦੁਰਗਾ ਸ਼ੋਰ ਸੁਣਿ॥**

ਦੁਰਗਾ ਨੇ ਰੌਲਾ ਸੁਣ ਕੇ ਸ਼ੇਰ 'ਤੇ ਸਵਾਰੀ ਕਰ ਲਈ।

**ਖੱਬੈ ਦਸਤ ਉਭਾਰੀ ਗਦਾ ਫਿਰਾਇ ਕੈ॥**

ਖੱਬੇ ਹੱਥ ਵਿੱਚ ਉੱਚੀ ਕਰਕੇ ਗਦਾ ਘੁਮਾਈ।

**ਸੈਨਾ ਸਭ ਸੰਘਾਰੀ ਸ੍ਰਣਵਤ ਬੀਜ ਦੀ॥**

ਸ੍ਰੌਣਤ ਬੀਜ ਦੀ ਸਾਰੀ ਫੌਜ ਮਾਰ ਦਿੱਤੀ।

**ਜਣੁ ਮਦ ਖਾਇ ਮਦਾਰੀ ਘੂਮਨ ਸੂਰਮੇ॥**

ਸੂਰਮੇ ਇਸ ਤਰ੍ਹਾਂ ਘੁਮੇਰੀਆਂ ਖਾਂਦੇ ਹਨ, ਜਿਵੇਂ ਸ਼ਰਾਬੀ ਸ਼ਰਾਬ ਪੀ ਕੇ।

**ਅਗਣਿਤ ਪਾਉ ਪਸਾਰੀ ਰੁਲੇ ਅਹਾੜ ਵਿਚ॥**

ਮੈਦਾਨੇ-ਜੰਗ ਵਿੱਚ ਬੇਗਿਣਤ ਸੂਰਮੇ ਪੈਰ ਪਸਾਰ ਕੇ ਸਦਾ ਦੀ ਨੀਂਦ ਸੌਂ ਗਏ।

**ਜਾਪੈ ਖੇਡ ਖਿਡਾਰੀ ਸੁੱਤੇ ਫਾਗ ਨੂੰ॥੩੪॥**

ਖੂਨ ਵਿੱਚ ਲੱਥ-ਪੱਥ ਸੂਰਮੇ ਇਓਂ ਮਾਲੂਮ ਪੈਂਦੇ ਹਨ ਕਿ ਖਿਡਾਰੀ ਹੋਲੀ ਖੇਡ ਕੇ ਸੁੱਤੇ ਹੋਏ ਹੋਣ।

**ਪਉੜੀ॥**

**ਸ੍ਰਣਵਤ ਬੀਜ ਹਕਾਰੇ ਰਹਦੇ ਸੂਰਮੇ॥**

ਬਾਕੀ ਬਚੇ ਯੋਧੇ ਵੀ ਸ੍ਰੌਣਤ ਬੀਜ ਦੈਂਤ ਨੇ ਬੁਲਾ ਲਏ।

**ਜੋਧੇ ਜੇਡੁ ਮੁਨਾਰੇ ਦਿੱਸਨ ਖੇਤ ਵਿਚਿ॥**

ਮੈਦਾਨੇ-ਜੰਗ ਵਿੱਚ ਇਹ ਯੋਧੇ ਮੁਨਾਰਿਆਂ ਜਿੱਡੇ ਦਿਸਦੇ ਸਨ।

**ਸਭਨੀ ਦਸਤ ਉਭਾਰੇ ਤੇਗਾਂ ਧੂਹਿ ਕੈ॥**

ਸਾਰਿਆਂ ਹੀ ਤਲਵਾਰਾਂ ਮਿਆਨਾਂ 'ਚੋਂ ਸੂਤ ਕੇ ਮਾਰਨ
ਵਾਸਤੇ ਹੱਥ ਚੁੱਕੇ ਹੋਏ ਸਨ।

**ਮਾਰੋ ਮਾਰ ਪੁਕਾਰੇ ਆਏ ਸਾਮ੍ਹਣੇ॥**

ਮਾਰ ਲਉ! ਮਾਰ ਲਉ! ਬੋਲਦੇ ਹੋਏ ਦੇਵੀ ਦੇ ਸਾਹਮਣੇ ਆਏ।

**ਸੰਜਾਂ ਤੇ ਠਣਕਾਰੇ ਤੇਗੀਂ ਉੱਭਰੇ॥**

ਸੰਜੋਆਂ ਤੇ ਤਲਵਾਰਾਂ ਦੀ ਠਣਕਾਰ ਇਉਂ ਆ ਰਹੀ ਸੀ।

**ਘਾੜ ਘੜਨਿ ਠਠਿਆਰੇ ਜਾਣੁ ਬਣਾਇ ਕੈ॥੩੫॥**

ਜਿਵੇਂ ਠਠਿਆਰੇ ਬਰਤਨ ਬਣਾ ਰਹੇ ਹੋਣ।

**ਪਉੜੀ॥**

**ਸੱਟ ਪਈ ਜਮਧਾਣੀ ਦਲਾਂ ਮੁਕਾਬਲਾ॥**

ਦੂਹਰੇ ਨਗਾਰਿਆਂ 'ਤੇ ਚੋਟ ਵੱਜੀ ਅਤੇ ਦਲਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।

**ਘੂਮਰ ਬਰਗਸਤਾਣੀ ਦਲ ਵਿਚਿ ਘੱਤੀਓ॥**

ਫੌਜ ਵਿੱਚ ਦੇਵੀ ਨੇ ਭਾਜੜ ਦਾ ਨਾਚ ਮਚਾ ਦਿੱਤਾ।

**ਸਣੇ ਤੁਰਾ ਪਲਾਣੀ ਡਿੱਗਨ ਸੂਰਮੇ॥**

ਘੋੜਿਆਂ ਅਤੇ ਕਾਠੀਆਂ ਸਮੇਤ ਯੋਧੇ ਡਿੱਗਣ ਲੱਗੇ।

**ਉਠਿ ਉਠਿ ਮੰਗਨਿ ਪਾਣੀ ਘਾਇਲ ਘੂਮਦੇ॥**

ਜ਼ਖਮੀ ਚੱਕਰ ਖਾਂਦੇ ਹੋਏ, ਉੱਠ ਉੱਠ ਕੇ ਪਾਣੀ ਮੰਗਦੇ ਸਨ।

**ਏਵਡੁ ਮਾਰ ਵਿਹਾਣੀ ਉਪਰ ਰਾਕਸਾਂ॥**

ਦੈਂਤਾਂ ਉੱਤੇ ਐਡੀ ਆਫ਼ਤ ਗੁਜ਼ਰੀ ਕਿ ਜੀਹਦਾ ਬਿਆਨ ਹੀ ਨਹੀਂ ਹੋ ਸਕਦਾ।

**ਬਿੱਜੁਲ ਜਿਉਂ ਝਰਲਾਣੀ ਉੱਠੀ ਦੇਵਤਾਂ॥੩੬॥**

ਬਿਜਲੀ ਵਾਂਗ ਚਮਕਦੀ ਦੇਵੀ ਦੁਰਗਾ ਕੜਕ ਉੱਠੀ।

**ਪਉੜੀ॥**

**ਚੋਬੀ ਧਉਸ ਉਭਾਰੀ ਦਲਾਂ ਮੁਕਾਬਲਾ॥**

ਨਗਾਰਚੀ ਨੇ ਦਲਾਂ ਦਾ ਮੁਕਾਬਲਾ ਹੋਣ ਵਾਲੀ ਅਵਾਜ਼ ਪ੍ਰਗਟਾ ਦਿੱਤੀ।

**ਸੱਭੋ ਸੈਨਾ ਮਾਰੀ ਪਲ ਵਿਚ ਦਾਨਵੀ॥**

ਦੈਂਤਾਂ ਦੀ ਸਾਰੀ ਫੌਜ ਪਲ ਵਿੱਚ ਹੀ ਮਾਰੀ ਗਈ।

**ਦੁਰਗਾ ਦਾਨੋ ਮਾਰੇ ਰੋਹ ਬਢਾਇ ਕੈ॥**

ਦੁਰਗਾ ਨੇ ਕ੍ਰੋਧਵਾਨ ਹੋ ਕੇ ਦੈਂਤ ਮਾਰੇ।

**ਸਿਰਿ ਵਿਚਿ ਤੇਗ ਵਗਾਈ ਸ੍ਰਣਵਤ ਬੀਜ ਦੇ॥੩੭॥**

ਸ੍ਰੌਣਤਬੀਜ ਦੇ ਸਿਰ ਵਿੱਚ ਤਲਵਾਰ ਮਾਰੀ।

**ਪਉੜੀ॥**

**ਅਗਣਿਤ ਦਾਨੋ ਭਾਰੇ ਹੋਏ ਲੋਹੂਆਂ॥**

ਵਰਦਾਨ ਪ੍ਰਾਪਤ ਹੋਣ ਕਰਕੇ ਸ੍ਰੌਣਤਬੀਜ ਦੇ ਲਹੂ ਤੋਂ ਬਹੁਤ ਵੱਡੇ ਦੈਂਤ ਪੈਦਾ ਹੋਣ ਲੱਗੇ।

**ਜੋਧੇ ਜੇਡੁ ਮੁਨਾਰੇ ਅੰਦਰਿ ਖੇਤ ਦੈ॥**

ਜੋ ਮੈਦਾਨੇ-ਜੰਗ ਵਿੱਚ ਮੁਨਾਰਿਆਂ ਵਾਂਗੂੰ ਜਾਪਦੇ ਸਨ।

**ਦੁਰਗਾ ਨੋ ਲਲਕਾਰੇ ਆਵਨ ਸਾਮ੍ਹਣੇ॥**

ਚੰਡਿਕਾ ਨੂੰ ਲਲਕਾਰਦੇ ਹੋਏ, ਉਸ ਦੇ ਸਾਹਮਣੇ ਆ ਰਹੇ ਸਨ।

**ਦੁਰਗਾ ਸਭ ਸੰਘਾਰੇ ਰਾਕਸ ਆਂਵਦੇ॥**

ਸਾਰੇ ਰਾਖਸ਼ ਦੁਰਗਾ ਨੇ ਮਾਰ ਦਿੱਤੇ।

**ਰੱਤੂ ਦੇ ਪਰਨਾਲੇ ਤਿਨ ਤੇ ਭੁਇ ਪਏ॥**

ਉਹਨਾਂ ਦੇ ਸਰੀਰਾਂ ਵਿੱਚੋਂ ਲਹੂ ਦੇ ਪਰਨਾਲੇ ਚੱਲ ਕੇ ਜ਼ਮੀਨ 'ਤੇ ਡਿੱਗਣ ਲੱਗੇ।

**ਉੱਠੇ ਕਾਰਣਿਆਰੇ ਰਾਕਸ ਹੜਹੜਾਇ॥੩੮॥**

ਜਿਨ੍ਹਾਂ ਤੋਂ ਜੰਗ ਕਰਨ ਵਾਲੇ ਹੋਰ ਰਾਖਸ਼ ਹੱਸ-ਹੱਸ ਕੇ ਪੈਦਾ ਹੋਣ ਲੱਗ ਪਏ।

**ਪਉੜੀ॥**

**ਧੱਗਾਂ ਸੰਗਲਿਆਲੀਂ ਸੰਘਰ ਵਾਇਆ॥**

ਸੰਗਲਾਂ ਵਾਲਿਆਂ ਨਗਾਰਿਆਂ ਨੂੰ ਜੰਗ ਵਿੱਚ ਵਜਾਇਆ ਗਿਆ।

**ਬਰਛੀ ਬੰਬਲਿਆਲੀ ਸੂਰੇ ਸੰਘਰੇ॥**

ਫੁੰਮਣਾਂ ਵਾਲੀਆਂ ਬਰਛੀਆਂ ਨੇ ਯੋਧੇ ਮਾਰ ਸੁੱਟੇ।

**ਭੇੜ ਮਚਿਆ ਬੀਰਾਲੀ ਦੁਰਗਾ ਦਾਨਵੀਂ॥**

ਦੁਰਗਾ ਅਤੇ ਦੈਂਤਾਂ ਦੇ ਯੋਧਿਆਂ ਦਾ ਆਪੋ ਵਿੱਚ ਜੰਗ ਮੱਚ ਪਿਆ।

**ਮਾਰ ਮਚੀ ਮੁਹਰਾਲੀ ਅੰਦਰਿ ਖੇਤ ਦੈ॥**

ਮੈਦਾਨੇ-ਜੰਗ ਵਿੱਚ ਦੈਂਤਾਂ ਦੇ ਮੋਹਰੀ ਯੋਧਿਆਂ ਨੂੰ ਵੱਡੀ ਮਾਰ ਪਈ।

**ਜਣੁ ਨਟ ਲੱਥੇ ਛਾਲੀਂ ਢੋਲਿ ਬਜਾਇ ਕੈ॥**

ਸੂਰਮੇ ਮੈਦਾਨ ਵਿੱਚ ਇਉਂ ਡਿੱਗ ਰਹੇ ਸਨ, ਜਿਵੇਂ ਢੋਲ ਵਜਾ ਕੇ ਨੱਟ ਛਾਲਾਂ ਮਾਰ ਰਹੇ ਹੋਣ।

**ਲੋਹੂ ਫਾਥੀ ਜਾਲੀ ਲੋਥੀਂ ਜਮਧੜੀ॥**

ਕਟਾਰਾਂ ਵੱਜੀਆਂ ਹੋਣ ਕਰਕੇ ਸੂਰਮਿਆਂ ਦੀਆਂ ਲੋਥਾਂ ਇਉਂ ਤੜਫਦੀਆਂ ਹਨ, ਜਿਵੇਂ ਲਾਲ ਮੱਛੀ ਜਾਲ ਵਿੱਚ ਫਸੀ ਹੋਵੇ।

**ਘਣ ਵਿਚਿ ਜਿਉ ਛੰਛਾਲੀ ਤੇਗਾਂ ਹੱਸੀਆਂ॥**

ਤਲਵਾਰਾਂ ਇਉਂ ਚਮਕੀਆਂ, ਜਿਵੇਂ ਬੱਦਲਾਂ ਵਿੱਚ ਬਿਜਲੀ ਚਮਕਦੀ ਹੈ।

**ਘੂਮਰਆਰਿ ਸਿਆਲੀ ਬਣੀਆਂ ਕੇਜਮਾਂ॥੩੯॥**

ਸੂਰਮਿਆਂ ਦੀਆਂ ਤਲਵਾਰਾਂ ਇਉਂ ਫੱਬ ਰਹੀਆਂ ਸਨ, ਮਾਨੋਂ ਕਿ ਸਿਆਲ ਦੀ ਧੁੰਧ ਨੇ ਅਸਮਾਨ ਢੱਕ ਲਿਆ ਹੋਵੇ।

**ਪਉੜੀ॥**

**ਧੱਗਾਂ ਸੂਲਿ ਬਜਾਈਆਂ ਦਲਾਂ ਮੁਕਾਬਲਾ॥**

ਨਗਾਰਿਆਂ 'ਤੇ ਚੋਟਾਂ ਵਜਾਈਆਂ ਅਤੇ ਫੌਜਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।

**ਧੂਹਿ ਮਿਆਨੋ ਲਈਆਂ ਜੁਆਨੀ ਸੂਰਮੀਂ॥**
ਜੁਆਨ ਸੂਰਮਿਆਂ ਨੇ ਮਿਆਨਾਂ 'ਚੋਂ ਤਲਵਾਰਾਂ ਕੱਢ ਲਈਆਂ।
**ਸ੍ਰਣਵਤ ਬੀਜ ਵਧਾਈਆਂ ਅਗਣਿਤ ਸੂਰਤਾਂ॥**
ਸ੍ਰੌਣਤ ਬੀਜ ਨੇ ਬੇਗਿਣਤ ਸੂਰਤਾਂ ਵਧਾ ਲਈਆਂ।
**ਦੁਰਗਾ ਸਉਹੇਂ ਆਈਆਂ ਰੋਹ ਬਢਾਇ ਕੈ॥**
ਉਹ ਸੂਰਤਾਂ ਗੁੱਸਾ ਵਧਾ ਕੇ ਚੰਡਿਕਾ ਦੇ ਸਾਹਮਣੇ ਆ ਗਈਆਂ।
**ਸਭਨੀ ਆਣਿ ਵਗਾਈਆਂ ਤੇਗਾਂ ਧੂਹਿ ਕੈ॥**
ਉਹਨਾਂ ਸਾਰੀਆਂ ਸੂਰਤਾਂ ਨੇ ਮਿਆਨੋਂ ਤਲਵਾਰਾਂ ਖਿੱਚ ਕੇ
ਦੇਵੀ ਉੱਤੇ ਚਲਾ ਦਿੱਤੀਆਂ।
**ਦੁਰਗਾ ਸਭ ਬਚਾਈਆਂ ਢਾਲ ਸੰਭਾਲ ਕੈ॥**
ਦੇਵੀ ਨੇ ਹੀ ਢਾਲ ਫੜ ਕੇ ਸਾਰੀਆਂ ਚੋਟਾਂ ਬਚਾ ਲਈਆਂ।
**ਦੇਵੀ ਆਪ ਚਲਾਈਆਂ ਤਕਿ ਤਕਿ ਦਾਨਵੀਂ॥**
ਦੈਤਾਂ ਨੂੰ ਤੱਕ-ਤੱਕ ਕੇ ਦੇਵੀ ਨੇ ਆਪ ਤਲਵਾਰਾਂ ਚਲਾਈਆਂ।
**ਲੋਹੂ ਨਾਲਿ ਡੁਬਾਈਆਂ ਤੇਗਾਂ ਨੰਗੀਆਂ॥**
ਸੂਰਮਿਆਂ ਨੇ ਨੰਗੀਆਂ ਤਲਵਾਰਾਂ ਲਹੂ ਨਾਲ ਭਿਉਂ ਦਿੱਤੀਆਂ।
**ਸਾਰਸੁਤੀ ਜਣੁ ਨ੍ਹਾਈਆਂ ਮਿਲਿਕੈ ਦੇਵੀਆਂ॥**
ਮਾਨੋ ਕਿ ਦੇਵੀਆਂ ਮਿਲ ਕੇ ਲਾਲ ਪਾਣੀ ਵਾਲੀ ਨਦੀ
ਸਰਸਵਤੀ ਵਿੱਚ ਨ੍ਹਾਤੀਆਂ ਹੋਣ।
**ਸੱਭੇ ਮਾਰਿ ਗਿਰਾਈਆਂ ਅੰਦਰਿ ਖੇਤ ਦੈ॥**
ਸ੍ਰੌਣਤ ਬੀਜ ਦੀਆਂ ਸਾਰੀਆਂ ਦੇਹਾਂ ਮਾਰ ਕੇ ਮੈਦਾਨੇ-ਜੰਗ ਵਿੱਚ
ਡੇਗ ਦਿੱਤੀਆਂ ਗਈਆਂ।
**ਤਿਦੂੰ ਫੇਰਿ ਸਵਾਈਆਂ ਹੋਈਆਂ ਸੂਰਤਾਂ॥੪੦॥**
ਫਿਰ ਤਾਂ ਉਸ ਤੋਂ ਵੀ ਦੂਣ ਸਵਾਈਆਂ ਸੂਰਤਾਂ ਪੈਦਾ ਹੋ ਗਈਆਂ॥

**ਪਉੜੀ॥**
**ਸੂਰੀਂ ਸੰਘਰ ਰਚਿਆ ਢੋਲ ਸੰਖ ਨਗਾਰੇ ਵਾਇ ਕੈ॥**
ਯੋਧਿਆਂ ਨੇ ਢੋਲ, ਸੰਖ ਅਤੇ ਨਗਾਰੇ ਵਜਾ ਕੇ ਜੰਗ ਸ਼ੁਰੂ ਕੀਤਾ।
**ਚੰਡਿ ਚਿਤਾਰੀ ਕਾਲਿਕਾ ਮਨ ਬਹਲਾ ਰੋਸ ਬਢਾਇ ਕੈ॥**
ਮਨ ਵਿੱਚ ਬਹੁਤ ਗੁੱਸਾ ਵਧਾ ਕੇ ਚੰਡਿਕਾ ਨੇ ਕਾਲਿਕਾ ਦੇਵੀ ਨੂੰ ਮਦਦ ਲਈ
ਯਾਦ ਕੀਤਾ।

**ਨਿਕਲੀ ਮੱਥਾ ਫੋੜਿਕੈ ਜਣੁ ਫਤੇ ਨੀਸਾਣ ਬਜਾਇ ਕੈ॥**

ਪੌਰਾਣਿਕ ਕਥਾ ਅਨੁਸਾਰ ਦੁਰਗਾ ਦੇ ਮੱਥੇ ਵਿੱਚੋਂ ਕਾਲਕਾ ਦੇ ਪ੍ਰਗਟ ਹੋਣ 'ਤੇ ਜਿੱਤ ਦੇ ਨਗਾਰੇ ਵੱਜ ਉੱਠੇ।

**ਜਾਗ ਸੁ ਜੰਮੀ ਜੁੱਧ ਨੂੰ ਜਰਵਾਣਾ ਜਣੁ ਮਿਰੜਾਇਕੈ॥**

ਯੁੱਧ ਵਾਸਤੇ ਦੱਬੀ ਹੋਈ ਕਾਲਕਾ ਰੂਪੀ ਅੱਗ ਇਸ ਤਰ੍ਹਾਂ ਭੜਕੀ, ਜਿਸ ਤਰ੍ਹਾਂ ਸ਼ਿਵ ਦੀਆਂ ਜਟਾਵਾਂ ਤੋਂ ਬੀਰਭੱਦ੍ਰ ਪੈਦਾ ਹੋਇਆ ਹੋਵੇ।

**ਦਲ ਵਿਚਿ ਘੇਰਾ ਘੱਤਿਆ ਜਣੁ ਸੀਂਹ ਤੁਰਿਆ ਗਣਣਾਇ ਕੈ॥**

ਸ਼ੇਰ ਵਾਂਗੂੰ ਗਰਜਦੀ ਹੋਈ ਕਾਲਕਾ ਨੇ ਦੈਂਤਾਂ ਦੇ ਦਲ ਨੂੰ ਘੇਰਾ ਪਾ ਲਿਆ।

**ਆਪ ਵਿਸੂਲਾ ਹੋਇਆ ਤਿਹੁ ਲੋਕਾਂ ਤੇ ਖੁਣਸਾਇ ਕੈ॥**

ਰਕਤਬੀਜ ਗੁੱਸਾ ਖਾ ਕੇ ਤਿੰਨਾਂ ਲੋਕਾਂ ਲਈ ਦੁੱਖਦਾਈ ਕੰਡਾ ਬਣ ਗਿਆ।

**ਰੋਹ ਸਿਧਾਈਆ ਚਕ੍ਰਪਾਨਿ ਕਰ ਨੰਦਾ ਖੜਗ ਉਠਾਇ ਕੈ॥**

ਕ੍ਰੋਧਵਾਨ ਹੋਈ ਦੁਰਗਾ ਇੱਕ ਹੱਥ ਵਿੱਚ ਚੱਕਰ ਤੇ ਦੂਜੇ ਵਿੱਚ ਤਲਵਾਰ ਲੈ ਕੇ ਦੈਂਤਾਂ 'ਤੇ ਟੁੱਟ ਪਈ।

**ਅਗੇ ਰਾਕਸ ਬੈਠੇ ਰੋਹਲੇ ਤੀਰੀਂ ਤੇਗੀਂ ਛਹਬਰ ਲਾਇ ਕੈ॥**

ਅਗਲੇ ਪਾਸੇ ਗੁੱਸੇ ਦੇ ਭਰੇ ਰਾਖਸ਼ਾਂ ਨੇ ਤੇਗਾਂ ਤੇ ਤੀਰਾਂ ਦੀ ਝੜੀ ਲਾ ਦਿੱਤੀ।

**ਪਕੜ ਪਛਾੜੇ ਰਾਕਸਾਂ ਦਲ ਦੈਤਾਂ ਅੰਦਰਿ ਜਾਇ ਕੈ॥**

ਰਾਖਸ਼ਾਂ ਅਤੇ ਦੈਂਤਾਂ ਦੇ ਦਲ ਵਿੱਚ ਜਾ ਕੇ ਦੁਰਗਾ ਉਹਨਾਂ ਨੂੰ ਫੜ੍ਹ-ਫੜ੍ਹ ਕੇ ਮਾਰਨ ਲੱਗ ਪਈ।

**ਬਹੁ ਕੇਸੀਂ ਪਕੜ ਪਛਾੜਿਅਨਿ ਤਿਨ ਅੰਦਰਿ ਧੂਮ ਰਚਾਇ ਕੈ॥**

ਕਾਲਕਾ ਅਤੇ ਚੰਡੀ ਨੇ ਰਾਖਸ਼ਾਂ ਨੂੰ ਕੇਸਾਂ ਤੋਂ ਪਕੜ-ਪਕੜ ਕੇ ਇਸ ਤਰ੍ਹਾਂ ਮਾਰਿਆ ਕਿ ਉਹਨਾਂ ਦੀ ਸਾਰੇ ਪਾਸੇ ਧੁੰਮ ਪੈ ਗਈ।

**ਬਡੇ ਬਡੇ ਚੁਣਿ ਸੂਰਮੇ ਗਹਿ ਕੋਟੀ ਦਏ ਚਲਾਇ ਕੈ॥**

ਵੱਡੇ-ਵੱਡੇ ਸੂਰਮੇ ਕ੍ਰੋੜਾਂ ਦੀ ਫੌਜ ਸਮੇਤ ਫੜ੍ਹ ਕੇ ਮਾਰ ਦਿੱਤੇ।

**ਰਣਿ ਕਾਲੀ ਗੁੱਸਾ ਖਾਇ ਕੈ॥੪੧॥**

ਜੰਗ ਵਿੱਚ ਕਾਲਿਕਾ ਨੇ ਗੁੱਸਾ ਖਾ ਕੇ ਦੈਂਤਾਂ ਦਾ ਸਫ਼ਾਇਆ ਕੀਤਾ।

**ਪਉੜੀ॥**

**ਦੁਹਾਂ ਕੰਧਾਰਾਂ ਮੁਹਿ ਜੁੜੇ ਅਣੀਆਂ ਰੱਚੋਈਆਂ॥**

ਦੋਵੇਂ ਦਲ ਆਹਮੋ-ਸਾਹਮਣੇ ਹੋਏ, ਤੀਰਾਂ ਦੀਆਂ ਨੋਕਾਂ ਸਰੀਰਾਂ ਵਿੱਚ ਰਚ ਗਈਆਂ।

**ਧੂਹਿ ਕ੍ਰਿਪਾਣਾ ਤਿੱਖੀਆਂ ਨਾਲ ਲੋਹੂ ਧੋਈਆਂ॥**

ਸੂਰਮਿਆਂ ਨੇ ਤੇਜ਼ ਤਲਵਾਰਾਂ ਖਿੱਚ ਕੇ ਲਹੂ ਵਿੱਚ ਰੰਗ ਦਿੱਤੀਆਂ।

**ਹੂਰਾਂ ਸ੍ਰਣਵਤ ਬੀਜ ਨੂੰ ਘਤਿ ਘੇਰਿ ਖਲੋਈਆਂ॥**

ਸ੍ਰੌਣਤ ਬੀਜ ਨੂੰ ਅਪੱਛਰਾਂ ਘੇਰਾ ਪਾ ਕੇ ਖਲੋ ਗਈਆਂ।

**ਲਾੜਾ ਦੇਖਨ ਲਾੜੀਆਂ ਚਉਗਿਰਦੈ ਹੋਈਆਂ॥੪੨॥**

ਜਿਵੇਂ ਲਾੜੇ ਨੂੰ ਵੇਖਣ ਵਾਸਤੇ ਲੜਕੀਆਂ ਚਾਰੇ ਪਾਸੇ ਖਲੋ ਜਾਂਦੀਆਂ ਹਨ।

**ਪਉੜੀ॥**

**ਚੋਬੀ ਧਉਸਾਂ ਪਾਈਆਂ ਦਲਾਂ ਮੁਕਾਬਲਾ॥**

ਨਗਾਰੇ ਵੱਜੇ ਤੇ ਜੰਗ ਸ਼ੁਰੂ ਹੋ ਗਿਆ।

**ਦਸਤੀ ਧੂਹਿ ਨਚਾਈਆਂ ਤੇਗਾਂ ਨੰਗੀਆਂ॥**

ਸੂਰਮਿਆਂ ਨੇ ਨੰਗੀਆਂ ਤਲਵਾਰਾਂ ਧੂਹ ਕੇ ਹੱਥਾਂ ਵਿੱਚ ਨਚਾਈਆਂ।

**ਸੂਰਿਆਂ ਦੇ ਤਨ ਲਾਈਆਂ ਗੋਸ਼ਤ ਗਿੱਧੀਆਂ॥**

ਲਹੂ ਮਿੱਝ ਵਿੱਚ ਡੁੱਬੀਆਂ ਤਲਵਾਰਾਂ ਸੂਰਮਿਆਂ ਦੇ ਸਰੀਰਾਂ ਨੂੰ ਮਾਰੀਆਂ ਗਈਆਂ।

**ਬਿੱਧਣ ਰਾਤੀ ਆਈਆਂ ਮਰਦਾਂ ਘੋੜਿਆਂ॥**

ਜੁਆਨਾਂ ਅਤੇ ਘੋੜਿਆਂ ਲਈ ਮੁਸ਼ਕਿਲ ਰਾਤਾਂ ਆ ਗਈਆਂ।

**ਜੋਗਣੀਆਂ ਮਿਲਿ ਧਾਈਆਂ ਲੋਹੂ ਭੱਖਣਾ॥**

ਲਹੂ ਪੀਣ ਵਾਸਤੇ ਕਲਯੋਗਣਾਂ ਇਕੱਠੀਆਂ ਹੋ ਕੇ ਦੌੜ ਪਈਆਂ।

**ਫਉਜਾਂ ਮਾਰਿ ਹਟਾਈਆਂ ਦੇਵਾਂ ਦਾਨਵਾਂ॥**

ਦੇਵੀ ਦੁਰਗਾ ਨੇ ਦੈਤਾਂ ਦੀਆਂ ਫੌਜਾਂ ਨੂੰ ਮਾਰ-ਮਾਰ ਕੇ ਪਿਛਾਂਹ ਹਟਾ ਦਿੱਤਾ।

**ਭਜਦੀਂ ਕਥਾ ਸੁਣਾਈਆਂ ਰਾਜੇ ਸੁੰਭ ਥੈ॥**

ਜੰਗ ਵਿੱਚੋਂ ਭੱਜ ਕੇ ਆਏ ਰਾਖਸ਼ਾਂ ਨੇ ਆਪਣੀ ਹਾਰ ਦੀ ਬ੍ਰਿਥਾ ਸੁਣਾਈ।

**ਭੁਈਂ ਨ ਪਉਣੈ ਪਾਈਆਂ ਬੂੰਦਾਂ ਰਕਤ ਦੀਆਂ॥**

ਕਿ ਸ੍ਰੌਣਤ ਬੀਜ ਦੇ ਲਹੂ ਦੀਆਂ ਬੂੰਦਾਂ ਜ਼ਮੀਨ 'ਤੇ ਡਿੱਗ ਹੀ ਨਾ ਸਕੀਆਂ।

**ਕਾਲੀ ਖੇਤ ਖਪਾਈਆਂ ਸੱਭੇ ਸੂਰਤਾਂ॥**

ਇਸ ਤਰ੍ਹਾਂ ਸ੍ਰੌਣਤ ਬੀਜ ਦੀਆਂ ਸਾਰੀਆਂ ਸੂਰਤਾਂ ਕਾਲਿਕਾ ਨੇ ਮੈਦਾਨੇ-ਜੰਗ ਵਿੱਚ ਨਾਸ਼ ਕਰ ਦਿੱਤੀਆਂ।

**ਬਹੁਤੀਂ ਸਿਰੀਂ ਬਿਹਾਈਆਂ ਘੜੀਆਂ ਕਾਲ ਕੀਆਂ॥**

ਮੌਤ ਦੀਆਂ ਘੜੀਆਂ ਬਹੁਤਿਆਂ ਦੇ ਸਿਰਾਂ 'ਤੇ ਆ ਗੁਜ਼ਰੀਆਂ।

**ਜਾਣੁ ਨ ਜਾਏ ਮਾਈਆਂ ਜੂਝੇ ਸੂਰਮੇ॥੪੩॥**

ਸੂਰਮੇ ਇਸ ਤਰ੍ਹਾਂ ਲੜ ਕੇ ਮੁੱਕ ਗਏ, ਜਿਵੇਂ ਉਹਨਾਂ ਨੂੰ ਮਾਵਾਂ ਨੇ ਜੰਮਿਆ ਹੀ ਨਾ ਹੋਵੇ।

**ਪਉੜੀ॥**

**ਸੁੰਭ ਸੁਣੀ ਕਰਹਾਲੀ ਸ੍ਰਣਵਤਬੀਜ ਦੀ॥**

ਬਚ ਕੇ ਆਏ ਰਾਖਸ਼ਾਂ ਤੋਂ ਸ੍ਰੌਣਤ ਬੀਜ ਦੇ ਦੁੱਖਦਾਈ ਅੰਤ ਦੀ ਕਹਾਣੀ ਰਾਜੇ ਸੁੰਭ ਨੇ ਸੁਣੀ।

**ਰਣ ਵਿਚਿ ਕਿਨੈ ਨ ਝਾਲੀ ਦੁਰਗਾ ਆਂਵਦੀ॥**

ਜੰਗ ਵਿੱਚ ਆਉਂਦੀ ਦੁਰਗਾ ਦੀ ਝਾਲ ਕਿਸੇ ਨਹੀਂ ਝੱਲੀ।

**ਬਹੁਤੇ ਬੀਰ ਜਟਾਲੀ ਉੱਠੇ ਆਖ ਕੈ॥**

ਬਹੁਤ ਸਾਰੇ ਭਿਆਨਕ ਯੋਧੇ ਸੁੰਭ ਨੂੰ ਇਓਂ ਕਹਿਣ ਲੱਗੇ।

**ਚੋਟਾਂ ਪਾਨ ਤਬਾਲੀ ਜਾਸਾਂ ਜੁੱਧ ਨੂੰ॥**

ਕਿ ਨਗਾਰਿਆਂ ਤੇ ਚੋਟਾਂ ਲਾਓ, ਅਸੀਂ ਯੁੱਧ ਨੂੰ ਜਾਵਾਂਗੇ।

**ਥਰਿ ਥਰਿ ਪ੍ਰਿਥਮੀ ਚਾਲੀ ਦਲਾਂ ਚੜੰਦਿਆਂ॥**

ਫੌਜਾਂ ਦੀ ਚੜ੍ਹਾਈ ਕਾਰਨ ਧਰਤੀ ਕੰਬ ਉੱਠੀ।

**ਨਾਉ ਜਿਵੇ ਹੈ ਹਾਲੀ ਸਹ ਦਰੀਆਉ ਵਿਚਿ॥**

ਜਿਵੇਂ ਭਰੇ ਦਰਿਆ ਵਿੱਚ ਬੇੜੀ ਹਿੱਲਦੀ ਹੋਵੇ।

**ਧੂੜਿ ਉਤਾਹਾਂ ਘਾਲੀ ਛੜੀਂ ਤੁਰੰਗਮਾਂ॥**

ਘੋੜਿਆਂ ਦੇ ਖੁਰਾਂ ਨਾਲ ਧੂੜ ਆਕਾਸ਼ ਨੂੰ ਉੱਡੀ।

**ਜਾਣਿ ਪੁਕਾਰੂ ਚਾਲੀ ਧਰਤੀ ਇੰਦ੍ਰ ਥੈ॥੪੪॥**

ਧੂੜ ਦੇ ਰੂਪ ਵਿੱਚ ਧਰਤੀ ਦੀ ਪੁਕਾਰ ਇੰਦਰ ਕੋਲ ਪੁੱਜੀ।

**ਪਉੜੀ॥**

**ਆਹਰੁ ਮਿਲਿਆ ਆਹਰੀਆਂ ਸੈਣ ਸੂਰਿਆਂ ਸਾਜੀ॥**

ਕੰਮ ਕਰਨ ਵਾਲਿਆਂ ਨੂੰ ਕੰਮ ਲੱਭ ਗਿਆ ਤੇ ਯੋਧਿਆਂ ਨੇ ਫੌਜ ਦੀ ਤਿਆਰੀ ਕੀਤੀ।

**ਚੱਲੇ ਸਉਹੇਂ ਦੁਰਗਸਾਹ ਜਣੁ ਕਾਬੈ ਹਾਜੀ॥**

ਯੋਧੇ ਦੁਰਗਾ ਦਾ ਸਾਹਮਣਾ ਕਰਨ ਲਈ ਇਓਂ ਚੱਲ ਪਏ, ਜਿਵੇਂ ਹਾਜੀ ਲੋਕ ਹੱਜ ਕਰਨ ਲਈ ਮੱਕੇ ਨੂੰ ਜਾ ਰਹੇ ਹੋਣ।

**ਤੀਰੀਂ ਤੇਗੀਂ ਜਮਧੜੀਂ ਰਣ ਵੰਡੀ ਭਾਜੀ॥**

ਤੀਰਾਂ, ਤਲਵਾਰਾਂ ਅਤੇ ਕਟਾਰਾਂ ਦੀ ਜੰਗ ਵਿੱਚ ਭਾਜੀ ਵੰਡੀ ਗਈ।

**ਇਕਿ ਘਾਇਲ ਘੂਮਨ ਸੂਰਮੇ ਜਣੁ ਮਕਤਬ ਕਾਜੀ॥**

ਕਈ ਯੋਧੇ ਜ਼ਖ਼ਮੀ ਹੋ ਕੇ ਇਸ ਤਰ੍ਹਾਂ ਚੱਕਰ ਖਾ ਰਹੇ ਸਨ, ਜਿਵੇਂ ਮਦਰੱਸੇ ਵਿੱਚ ਕਾਜੀ ਝੂਮਦੇ ਹੋਣ।

**ਇਕਿ ਬੀਰ ਪਰੋਤੇ ਬਰਛੀਏਂ ਜਿਉ ਝੁਕ ਪਉਨ ਨਿਵਾਜੀ॥**

ਕਈ ਯੋਧੇ ਬਰਛੀਆਂ ਨਾਲ ਇੰਜ ਪ੍ਰੋਤੇ ਪਏ ਸਨ, ਜਿਵੇਂ ਨਮਾਜ਼ੀ ਨੀਵੇਂ ਝੁਕ ਕੇ ਸਜਦਾ ਕਰਦੇ ਹਨ।

**ਇਕਿ ਦੁਰਗਾ ਸਉਹੇ ਖੁਨਸ ਕੈ ਖੁਨਸਾਇਨ ਤਾਜੀ॥**

ਕਈ ਦੁਰਗਾ ਦੇ ਸਾਮ੍ਹਣੇ ਗੁੱਸੇ ਵਿੱਚ ਖਿਝ ਕੇ ਘੋੜਿਆਂ ਨੂੰ ਤੇਜ਼ ਕਰ ਰਹੇ ਸਨ।

**ਇਕਿ ਧਾਵਨ ਦੁਰਗਾ ਸਾਮਣੇ ਜਿਉ ਭੁਖਿਆਏ ਪਾਜੀ॥**

ਕਈ ਦੁਰਗਾ ਦੇ ਸਾਹਮਣੇ ਇੰਜ ਦੌੜ ਕੇ ਆਉਂਦੇ ਸਨ, ਜਿਵੇਂ ਭੁੱਖੇ ਲੋਕ ਰੋਟੀ ਨੂੰ ਧਾਹ ਕੇ ਪੈਂਦੇ ਹਨ।

**ਕਦੇ ਨ ਰੱਜੇ ਜੁੱਝ ਤੇ ਰਜਿ ਹੋਏ ਰਾਜੀ॥੪੫॥**

ਜੰਗ ਕਰਦਿਆਂ ਕਦੇ ਨਾ ਰੱਜਣ ਵਾਲੇ ਸੂਰਮੇ ਵੀ ਖੁਸ਼ ਹੋ ਗਏ ਸਨ।

**ਪਉੜੀ॥**

**ਬੱਜੇ ਸੰਗਲੀਆਲੇ ਸੰਘਰ ਡੋਹਰੇ॥**

ਸੰਗਲਾਂ ਵਾਲੇ ਨਗਾਰੇ ਜੰਗ ਵਿੱਚ ਦੋਵਾਂ ਪਾਸਿਆਂ ਤੋਂ ਵੱਜਣ ਲੱਗ ਪਏ।

**ਡਹੇ ਜੁ ਖੇਤ ਜਟਾਲੇ ਹਾਠਾਂ ਜੋੜਿਕੈ॥**

ਟੋਲੀਆਂ ਬੰਨ੍ਹ ਕੇ ਭਿਆਨਕ ਰਾਖਸ਼ ਜੰਗ ਵਿੱਚ ਉੱਤਰੇ।

**ਨੇਜੇ ਬੰਬਲੀਆਲੇ ਦਿੱਸਨ ਓਰੜੇ॥**

ਉੱਚੇ ਚੁੱਕੇ ਹੋਏ ਫੁੰਮਣਾਂ ਵਾਲੇ ਨੇਜੇ ਇੰਜ ਦਿੱਸ ਰਹੇ ਸਨ।

**ਚੱਲੇ ਜਾਣੁ ਜਟਾਲੇ ਨਾਵਣ ਗੰਗ ਨੂ॥੪੬॥**

ਜਿਵੇਂ ਜਟਾਂਵਾਂ ਵਾਲੇ ਸਾਧ ਗੰਗਾ ਇਸ਼ਨਾਨ ਲਈ ਜਾ ਰਹੇ ਹੋਣ।

**ਪਉੜੀ॥**

**ਦੁਰਗਾ ਅਤੈ ਦਾਨਵੀਂ ਸੂਲ ਹੋਈਆਂ ਕੰਗਾਂ॥**

ਦੁਰਗਾ ਅਤੇ ਦੈਂਤਾਂ ਦੇ ਦਲ ਆਹਮੋ-ਸਾਹਮਣੇ ਹੋ ਕੇ ਇੱਕ ਦੂਜੇ ਨੂੰ ਸੂਲਾਂ ਵਾਂਗੂੰ ਚੁੱਭਣ ਲੱਗੇ।

**ਵਾਛੜ ਘੱਤੀ ਸੂਰਿਆਂ ਵਿਚ ਖੇਤ ਖਤੰਗਾਂ॥**

ਸੂਰਮਿਆਂ ਨੇ ਮੈਦਾਨੇ-ਜੰਗ ਵਿੱਚ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ।

**ਧੂਹਿ ਕ੍ਰਿਪਾਣਾ ਤਿੱਖੀਆਂ ਬਢ ਲਾਹਨਿ ਅੰਗਾਂ॥**

ਤਿੱਖੀਆਂ ਤਲਵਾਰਾਂ ਨਾਲ ਸੂਰਮੇ ਇੱਕ ਦੂਜੇ ਦੇ ਸਰੀਰਾਂ ਦੇ ਟੁੱਕੜੇ ਕਰ ਰਹੇ ਸਨ।

**ਪਹਿਲਾਂ ਦਲਾਂ ਮਿਲੰਦਿਆਂ ਭੇੜ ਪਇਆ ਨਿਹੰਗਾਂ॥੪੭॥**

ਦਲਾਂ ਦਾ ਟਾਕਰਾ ਹੁੰਦਿਆਂ ਹੀ ਸੱਭ ਤੋਂ ਪਹਿਲਾਂ ਨਿਰਭੈ ਯੋਧੇ ਮਰਨ-ਮਾਰਨ ਲਈ ਨਿੱਤਰ ਪਏ।

**ਪਉੜੀ॥**

**ਓਰੜਿ ਫਉਜਾਂ ਆਈਆਂ ਬੀਰ ਚੜ੍ਹੇ ਕੰਧਾਰੀ॥**

ਸੂਰਮੇ ਫੌਜਦਾਰਾਂ ਦੀ ਕਮਾਨ ਹੇਠ ਫੌਜਾਂ ਜੰਗ ਦੇ ਚਾਅ ਵਿੱਚ ਅੱਗੇ ਵਧੀਆਂ।

**ਸੜਕਿ ਮਿਆਨੋ ਕਢੀਆਂ ਤਿਖੀਆਂ ਤਰਵਾਰੀ॥**

ਸਰ ਸਰਾਹਟ ਦੀ ਆਵਾਜ਼ ਕਰਦੀਆਂ ਮਿਆਨਾਂ 'ਚੋਂ ਤੇਜ਼ ਤਲਵਾਰਾਂ ਕੱਢ ਲਈਆਂ।

**ਕੜਕਿ ਉਠੇ ਰਣ ਮੱਚਿਆ ਵੱਡੇ ਹੰਕਾਰੀ॥**

ਵੱਡੇ ਅਭਿਮਾਨੀ ਕੜਕ ਕੇ ਉੱਠ ਖਲੋਤੇ ਅਤੇ ਜੰਗ ਭਖ ਪਿਆ।

**ਸਿਰ ਧੜ ਬਾਹਾਂ ਗੰਨਲੇ ਫੁਲ ਜੇਹੇ ਬਾਰੀ॥**

ਸਿਰਾਂ, ਧੜਾਂ ਅਤੇ ਬਾਹਾਂ ਦੇ ਟੋਟੇ ਯੁੱਧ-ਭੂਮੀ 'ਚ ਇੰਜ ਖਿੱਲਰੇ ਪਏ ਸਨ, ਜਿਵੇਂ ਬਗੀਚੀ ਵਿੱਚ ਫੁੱਲ ਖਿੜੇ ਹੋਣ।

**ਜਾਪੇ ਕੱਟੇ ਬਾਢੀਆਂ ਰੁਖ ਚੰਦਨ ਆਰੀ॥੪੮॥**

ਟੋਟੇ ਇਓਂ ਮਾਲੂਮ ਪੈਂਦੇ ਸਨ, ਜਿਵੇਂ ਤਰਖਾਣਾਂ ਨੇ ਆਰੀਆਂ ਨਾਲ ਚੰਦਨ ਦੇ ਰੁੱਖ ਵੱਢ ਦਿੱਤੇ ਹੋਣ।

**ਪਉੜੀ॥**

**ਦੁਹਾਂ ਕੰਧਾਰਾਂ ਮੁਹਿ ਜੁੜੇ ਜਾਂ ਸਟ ਪਈ ਖਰਵਾਰ ਕਉ॥**

ਨਗਾਰੇ 'ਤੇ ਚੋਟ ਵੱਜਣ ਮਗਰੋਂ ਦੋਵੇਂ ਫੌਜਾਂ ਆਹਮੋ-ਸਾਹਮਣੇ ਹੋਈਆਂ।

**ਤਣਿ ਤਣਿ ਕੈਬਰ ਦੁਰਗਸ਼ਾਹ ਤਕਿ ਮਾਰੇ ਭਲੇ ਜੁਝਾਰ ਕਉ॥**

ਚੰਡਿਕਾ ਨੇ ਵੱਡੇ ਸੂਰਵੀਰਾਂ ਨੂੰ ਵੇਖ ਕੇ ਤਾਣ-ਤਾਣ ਕੇ ਤੀਰ ਮਾਰੇ।

**ਪੈਦਲ ਮਾਰੇ ਹਾਥੀਆਂ ਸੰਗਿ ਰਥ ਗਿਰੇ ਅਸਵਾਰ ਕਉ॥**

ਇਹਨਾਂ ਤੀਰਾਂ ਨੇ ਪੈਦਲ ਫੌਜੀਆਂ, ਹਾਥੀਆਂ, ਰਥਾਂ ਅਤੇ ਘੋੜ ਅਸਵਾਰਾਂ ਨੂੰ ਡੇਗ ਦਿੱਤਾ।

**ਸੋਹਨ ਸੰਜਾਂ ਬਾਗੜਾਂ ਜਣੁ ਲੱਗੇ ਫੁੱਲ ਅਨਾਰ ਕਉ॥**

ਸੰਜੋਆਂ ਵਿੱਚ ਵੱਜਿਆਂ ਤੀਰਾਂ ਦੀਆਂ ਬਾਗੜਾਂ ਇੰਜ ਸੋਹੰਦੀਆਂ ਸਨ, ਜਿਵੇਂ ਅਨਾਰ ਦੇ ਬੂਟੇ ਨੂੰ ਫੁੱਲ ਲਗੇ ਹੋਣ।

**ਗੁੱਸੇ ਆਈ ਕਾਲਿਕਾ ਹਥ ਸੱਜੇ ਲੈ ਤਲਵਾਰ ਕਉ॥**

ਕਾਲਿਕਾ ਸੱਜੇ ਹੱਥ ਵਿੱਚ ਤਲਵਾਰ ਨੂੰ ਲੈ ਕੇ ਗੁੱਸੇ ਵਿੱਚ ਭਰ ਆਈ।

**ਏਦੂ ਪਾਰਉ ਓਤ ਪਾਰ ਹਣਿ ਰਾਕਸਿ ਕਈ ਹਜਾਰ ਕਉ॥**

ਜੰਗ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਕਈ ਹਜ਼ਾਰ ਦੈਂਤਾਂ ਨੂੰ ਮਾਰ ਦਿੱਤਾ।

**ਜਿਣ ਇੱਕਾ ਰਹੀ ਕੰਧਾਰ ਕਉ॥**

ਚੰਡਿਕਾ ਬੇਸ਼ੁਮਾਰ ਰਾਖਸ਼ਾਂ ਨੂੰ ਇਕੱਲੀ ਹੀ ਜਿੱਤ ਰਹੀ ਸੀ।

**ਸਦ ਰਹਮਤ ਤੇਰੇ ਵਾਰ ਕਉ॥੪੯॥**

ਹੇ ਚੰਡਿਕਾ! ਤੇਰੇ ਵਾਰ ਨੂੰ ਸੈਂਕੜੇ ਹੀ ਬਖਸ਼ਿਸ਼ਾਂ ਹਨ।

**ਪਉੜੀ॥**

**ਦੁਹਾਂ ਕੰਧਾਰਾਂ ਮੁਹਿ ਜੁੜੇ ਸੱਟ ਪਈ ਜਮਧਾਣ ਕਉ॥**

ਨਗਾਰੇ 'ਤੇ ਚੋਟ ਵੱਜੀ ਤੇ ਦੋਹਾਂ ਧੜਿਆਂ ਦੀ ਟੱਕਰ ਸ਼ੁਰੂ ਹੋ ਗਈ।

**ਤਦ ਖਿੰਗ ਨਿਸੁੰਭ ਨਚਾਇਆ ਡਾਲਿ ਉੱਪਰ ਬਰਗਸਤਾਣ ਕਉ॥**

ਓਦੋਂ ਨਿਸੁੰਭ ਦੈਂਤ ਨੇ ਸੰਜੋਅ ਪਾ ਕੇ ਨੁਕਰਾ ਘੋੜਾ ਨਚਾਇਆ।

**ਫੜੀ ਬਿਲੰਦ ਮਗਾਇਉਸੁ ਫੁਰਮਾਇਸ ਕਰਿ ਮੁਲਤਾਨ ਕਉ॥**

ਮੁਲਤਾਨ ਤੋਂ ਬਹੁਤ ਫੁਰਮਾਇਸ ਨਾਲ ਬਣਵਾਈ ਕਮਾਣ ਰਾਜੇ ਨਿਸੁੰਭ ਨੇ ਹੱਥ ਵਿੱਚ ਫੜੀ।

**ਗੁੱਸੇ ਆਈ ਸਾਮ੍ਹਣੇ ਰਣਿ ਅੰਦਰਿ ਘੱਤਣ ਘਾਣ ਕਉ॥**

ਚੰਡਿਕਾ ਮੈਦਾਨੇ-ਜੰਗ ਵਿੱਚ ਵੈਰੀਆਂ ਦਾ ਘਾਣ ਕਰਨ ਲਈ ਗੁੱਸਾ ਖਾ ਕੇ ਸਾਹਮਣੇ ਆਈ।

**ਅਗੈ ਤੇਗ ਵਗਾਈ ਦੁਰਗਸ਼ਾਹ ਬਢਿ ਬਹੀ ਨਿਸੁੰਭ ਪਲਾਣ ਕਉ॥**

ਨਿਸੁੰਭ ਦੇ ਹਮਲੇ ਤੋਂ ਪਹਿਲਾਂ ਹੀ ਦੁਰਗਾ ਨੇ ਤਲਵਾਰ ਦਾ ਵਾਰ ਕਰਕੇ ਨਿਸੁੰਭ ਤੇ ਉਸਦਾ ਘੋੜਾ ਚੀਰ ਦਿੱਤੇ।

**ਰੜਕੀ ਜਾਇ ਕੈ ਧਰਤ ਕਉ ਬਢਿ ਪਾਖਰ ਬਢਿ ਕਿਕਾਣ ਕਉ॥**

ਤਲਵਾਰ ਘੋੜੇ ਅਤੇ ਉਸਦੇ ਕਵਚ ਨੂੰ ਵੱਢਦੀ ਹੋਈ ਧਰਤੀ ਨੂੰ ਜਾ ਵੱਜੀ।

**ਬੀਰ ਪਲਾਣੋ ਡਿੱਗਿਆ ਕਰਿ ਸਿਜਦਾ ਸੁੰਭ ਸੁਜਾਣ ਕਉ॥**

ਸੁੰਭ ਨੂੰ ਸਿਜਦਾ ਕਰਦਾ ਹੋਇਆ, ਉਸ ਦਾ ਯੋਧਾ-ਭਰਾ ਕਾਠੀ ਤੋਂ ਡਿੱਗ ਪਿਆ।

**ਸ਼ਾਬਾਸ਼ ਸਲੋਣੇ ਖਾਨ ਕਉ॥**

ਹੇ ਨਿਸੁੰਭ! ਤੇਰੇ ਸਲੂਣੇ ਭੋਜਨ ਖਾਣ ਨੂੰ ਸ਼ਾਬਾਸ਼ ਹੈ!

**ਸਦਾ ਸ਼ਾਬਾਸ਼ ਤੇਰੇ ਤਾਣ ਕਉ॥**

ਤੇਰੇ ਜ਼ੋਰ ਨੂੰ ਸਦਾ ਸ਼ਾਬਾਸ਼ ਹੈ!

**ਤਾਰੀਫਾਂ ਪਾਨ ਚਬਾਨ ਕਉ॥**

ਤੇਰਾ ਪਾਨ ਚੱਬਣਾ ਵੀ ਸਿਫ਼ਤ ਯੋਗ ਹੈ!

**ਸਦ ਰਹਮਤ ਕੈਫਾਂ ਖਾਨ ਕਉ॥**

ਤੇਰੇ ਮਦਹੋਸ਼ ਹੋਣ ਨੂੰ ਵੀ ਸ਼ਾਬਾਸ਼ ਹੈ!

**ਸਦ ਰਹਮਤ ਤੁਰੇ ਨਚਾਣ ਕਉ॥੫੦॥**

ਤੇਰੇ ਘੋੜੇ ਨਚਾਉਣ ਤੋਂ ਵੀ ਸਦਕੇ!

**ਪਉੜੀ॥**

**ਦੁਰਗਾ ਅਤੈ ਦਾਨਵੀ ਗਹ ਸੰਘਰਿ ਕੱਥੇ॥**

ਦੇਵੀ ਅਤੇ ਰਾਖਸ਼ ਰਣਭੂਮੀ ਵਿੱਚ ਇੱਕ ਦੂਜੇ ਨੂੰ ਲਲਕਾਰਨ ਲੱਗੇ।

**ਓਰੜ ਉੱਠੇ ਸੂਰਮੇ ਆ ਡਾਹੇ ਮੱਥੇ॥**

ਰਾਜੇ ਸੁੰਭ ਸਮੇਤ ਜੋਸ਼ ਵਿੱਚ ਭਰੇ ਯੋਧੇ ਮੈਦਾਨ ਵਿੱਚ ਨਿੱਤਰੇ।

**ਕੱਟ ਤੁਫੰਗੀਂ ਕੈਬਰੀਂ ਦਲੁ ਗਾਹਿ ਨਿਕੱਥੇ॥**

ਬੰਦੂਕਾਂ ਅਤੇ ਤੀਰਾਂ ਨਾਲ ਫੱਟੜ ਸੂਰਮਿਆਂ ਨੂੰ ਫੌਜਾਂ ਲਤਾੜ ਕੇ ਲੰਘ ਰਹੀਆਂ ਸਨ।

**ਦੇਖਨ ਜੰਗ ਫਰੇਸਤੇ ਅਸਮਾਨੋ ਲੱਥੇ॥੫੧॥**

ਇਸ ਜੰਗ ਨੂੰ ਵੇਖਣ ਲਈ ਆਸਮਾਨ ਤੋਂ ਫਰਿਸ਼ਤੇ ਹੇਠਾਂ ਉੱਤਰ ਆਏ।

**ਪਉੜੀ॥**

**ਦੁਹਾਂ ਕੰਧਾਰਾਂ ਮੁਹ ਜੁੜੇ ਦਲ ਘੁਰੇ ਨਗਾਰੇ॥**

ਨਗਾਰਿਆਂ ਦੀ ਚੋਟ ਵੱਜਣ ਕਰਕੇ ਦੋਵੇਂ ਫੌਜਾਂ ਆਹਮੋ-ਸਾਹਮਣੇ ਹੋਈਆਂ।

**ਓਰੜਿ ਆਏ ਸੂਰਮੇ ਸਰਦਾਰ ਰਣਿਆਰੇ॥**

ਜੋਸ਼ ਦੇ ਭਰੇ ਹੋਏ ਵੱਡੇ ਲੜਾਕੇ ਸੂਰਮੇ ਮੈਦਾਨ ਵਿੱਚ ਆ ਗਏ।

**ਲੈ ਕੇ ਤੇਗਾਂ ਬਰਛੀਆਂ ਹਥਿਆਰ ਉਭਾਰੇ॥**

ਉਹਨਾਂ ਤਲਵਾਰਾਂ, ਬਰਛੀਆਂ ਅਤੇ ਹੋਰ ਹਥਿਆਰ ਚੁੱਕ ਲਏ।

**ਟੋਪ ਪਟੇਲਾ ਪਾਖਰਾਂ ਗਲਿ ਸੰਜ ਸਵਾਰੇ॥**

ਸੂਰਮਿਆਂ ਨੇ ਆਪਣੇ ਸਿਰ, ਮੂੰਹ, ਸਰੀਰ ਅਤੇ ਘੋੜਿਆਂ ਨੂੰ ਵੀ ਲੋਹੇ ਦੇ ਕਵਚ ਨਾਲ ਕੱਜ ਕੇ ਤਿਆਰੀ ਕਰ ਲਈ।

**ਲੈ ਕੇ ਬਰਛੀ ਦੁਰਗਸ਼ਾਹ ਬਹੁ ਦਾਨਵ ਮਾਰੇ॥**

ਦੁਰਗਾ ਨੇ ਬਰਛੀ ਫੜ੍ਹ ਕੇ ਬਹੁਤ ਸਾਰੇ ਦੈਂਤਾਂ ਨੂੰ ਮਾਰਿਆ।

**ਚੜੇ ਰਥੀਂ ਗਜ ਘੋੜਿਈਂ ਮਾਰ ਭੁਇੰ ਤੇ ਡਾਰੇ॥**

ਜੋ ਰਥਾਂ, ਹਾਥੀਆਂ ਅਤੇ ਘੋੜਿਆਂ 'ਤੇ ਚੜ੍ਹੇ ਹੋਏ ਸਨ,
ਮਾਰ ਕੇ ਜ਼ਮੀਨ 'ਤੇ ਸੁੱਟ ਦਿੱਤੇ।

**ਜਾਣੁ ਹਲਵਾਈ ਸੀਖ ਨਾਲ ਵਿੰਨ੍ਹਿ ਵੜੇ ਉਤਾਰੇ॥੫੨॥**

ਦੁਰਗਾ ਬਰਛੀ ਨਾਲ ਰਾਖਸ਼ਾਂ ਨੂੰ ਇੰਜ ਸੁੱਟ ਰਹੀ ਸੀ, ਜਿਵੇਂ ਹਲਵਾਈ ਸੀਖ ਨਾਲ ਵੜੇ ਬਾਹਰ ਕੱਢ ਰਿਹਾ ਹੋਵੇ।

**ਪਉੜੀ॥**

**ਦੁਹਾਂ ਕੰਧਾਰਾ ਮੁਹਿ ਜੁੜੇ ਨਾਲਿ ਧਉਸਾਂ ਭਾਰੀ॥**

ਵੱਡੇ ਨਗਾਰਿਆਂ ਵਾਲੀਆਂ ਦੋਹਾਂ ਫੌਜਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।

**ਲਈ ਭਗਉਤੀ ਦੁਰਗਸ਼ਾਹ ਵਰਜਾਗਨ ਭਾਰੀ॥**
ਚੰਡਿਕਾ ਨੇ ਅੱਗ ਵਾਂਗੂੰ ਚਮਕਦੀ ਤਲਵਾਰ ਹੱਥ ਵਿੱਚ ਫੜੀ।
**ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ॥**
ਰੱਤ ਪੀਣੀ ਤਲਵਾਰ ਨਾਲ ਰਾਜੇ ਸੁੰਭ 'ਤੇ ਵਾਰ ਕੀਤਾ।
**ਸੁੰਭ ਪਲਾਣੋ ਡਿਗਿਆ ਉਪਮਾ ਬੀਚਾਰੀ॥**
ਸੁੰਭ ਘੋੜੇ ਦੀ ਕਾਠੀ ਤੋਂ ਇਉਂ ਡਿੱਗਾ ਕਿ ਉਸਦੀ ਉਪਮਾ ਵਿਚਾਰਨ ਯੋਗ ਹੈ।
**ਡੁੱਬ ਰੱਤੂ ਨਾਲਹੁ ਨਿੱਕਲੀ ਬਰਛੀ ਦੋ ਧਾਰੀ॥**
ਦੋਧਾਰੀ ਬਰਛੀ ਖ਼ੂਨ ਵਿੱਚ ਡੁੱਬ ਕੇ ਇਸ ਤਰ੍ਹਾਂ ਨਿਕਲੀ।
**ਜਾਣੁ ਰਜਾਦੀ ਉਤਰੀ ਪੈਨ੍ਹਿ ਸੂਹੀ ਸਾਰੀ॥੫੩॥**
ਜਿਸ ਤਰ੍ਹਾਂ ਕੋਈ ਸ਼ਹਿਜ਼ਾਦੀ ਲਾਲ ਸਾੜ੍ਹੀ ਪਹਿਨ ਕੇ ਉੱਤਰ ਆਈ ਹੋਵੇ।

**ਪਉੜੀ॥**
**ਦੁਰਗਾ ਅਤੈ ਦਾਨਵੀ ਭੇੜ ਪਇਆ ਸਬਾਹੀਂ॥**
ਚੰਡਿਕਾ ਅਤੇ ਦੈਂਤਾਂ ਦਾ ਸਵੇਰ ਤੋਂ ਜੰਗ ਸ਼ੁਰੂ ਹੋ ਗਿਆ।
**ਸਸਤ੍ਰ ਪਜੂਤੇ ਦੁਰਗਸ਼ਾਹ ਗਹ ਸਭਨੀ ਬਾਹੀਂ॥**
ਦੁਰਗਾ ਨੇ ਸਾਰਿਆਂ ਹੱਥਾਂ ਵਿੱਚ ਚੰਗੀ ਤਰ੍ਹਾਂ ਸ਼ਸਤ੍ਰ ਫੜ੍ਹੇ ਹੋਏ ਸਨ।
**ਸੁੰਭ ਨਿਸੁੰਭ ਸੰਘਾਰਿਆ ਬਤ ਜੇਹੇ ਸ਼ਾਹੀਂ॥**
ਦੁਰਗਾ ਨੇ ਰਾਖਸ਼ਾਂ ਵਿੱਚ ਵੱਡੇ ਨਾਮੀ ਯੋਧਿਆਂ ਸੁੰਭ ਤੇ ਨਿਸੁੰਭ ਨੂੰ ਮਾਰ ਦਿੱਤਾ।
**ਫਉਜਾਂ ਰਾਕਸਿਆਰੀਆਂ ਦੇਖ ਰੋਵਨਿ ਧਾਹੀਂ॥**
ਰਾਖਸ਼ਾਂ ਦੀਆਂ ਫੌਜਾਂ ਸੁੰਭ ਤੇ ਨਿਸੁੰਭ ਦੀਆਂ ਲੋਥਾਂ ਵੇਖ ਕੇ ਧਾਹਾਂ ਮਾਰ-ਮਾਰ ਰੋਂਦੀਆਂ ਸਨ।
**ਮੁਹਿ ਕੜੂਚੇ ਘਾਹ ਦੇ ਛਡਿ ਘੋੜੇ ਰਾਹੀਂ॥**
ਰਾਖਸ਼ ਮੂੰਹਾਂ ਵਿੱਚ ਘਾਹ ਦੇ ਤੀਲੇ ਲੈ ਕੇ ਅਤੇ ਘੋੜਿਆਂ ਨੂੰ ਰਾਹਾਂ ਵਿੱਚ ਹੀ ਛੱਡ ਕੇ ਭੱਜ ਗਏ।
**ਭਜਦੇ ਹੋਏ ਮਾਰੀਅਨਿ ਮੁੜਿ ਝਾਕਨ ਨਾਹੀਂ॥੫੪॥**
ਭੱਜੇ ਜਾਂਦੇ ਰਾਖਸ਼ਾਂ ਨੂੰ ਦੁਰਗਾ ਪਿੱਛਾ ਕਰਕੇ ਮਾਰ ਰਹੀ ਸੀ, ਪਰ ਉਹਨਾਂ ਵਿੱਚ ਪਿੱਛੇ ਵੇਖਣ ਦੀ ਵੀ ਜੁਰਅਤ ਨਹੀਂ ਸੀ ਰਹੀ।

**ਪਉੜੀ॥**
**ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ॥**
ਦੁਰਗਾ ਨੇ ਸੁੰਭ ਅਤੇ ਨਿਸੁੰਭ ਨੂੰ ਯਮਲੋਕ ਭੇਜ ਦਿੱਤਾ।

**ਇੰਦ੍ਰ ਸੱਦ ਬੁਲਾਇਆ ਰਾਜ ਅਭਿਖੇਕ ਨੋ॥**

ਇੰਦਰ ਨੂੰ ਰਾਜ ਤਿਲਕ ਲਈ ਬੁਲਾਵਾ ਭੇਜਿਆ।

**ਸਿਰ ਪਰਿ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੈ॥**

ਰਾਜੇ ਇੰਦਰ ਦੇ ਸਿਰ 'ਤੇ ਰਾਜ ਦਾ ਛਤ੍ਰ ਝੁਲਾਇਆ ਗਿਆ।

**ਚਉਦਹ ਲੋਕਾਂ ਛਾਇਆ ਜਸੁ ਜਗ ਮਾਤ ਦਾ॥**

ਚੌਦਾਂ ਲੋਕਾਂ ਵਿੱਚ ਜਗਤ ਮਾਤਾ (ਦੁਰਗਾ, ਚੰਡੀ, ਭਵਾਨੀ, ਦੇਵੀ) ਦਾ ਜੱਸ ਫੈਲ ਗਿਆ।

**ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥**

ਚੰਡੀ ਦੀ ਵਾਰ ਦਾ ਇਹ ਸਾਰਾ ਪਾਠ ਪਉੜੀ ਛੰਦ ਵਿੱਚ ਲਿਖਿਆ ਹੈ।

**ਫੇਰਿ ਨ ਜੂਨੀ ਆਇਆ ਜਿਨਿ ਇਹੁ ਗਾਇਆ॥੫੫॥**

ਇਹ ਬਾਣੀ ਪੜ੍ਹਨ ਵਾਲਾ ਜੰਮਣ-ਮਰਨ ਤੋਂ ਮੁਕਤ ਹੋ ਜਾਂਦਾ ਹੈ।

****

# ਬਸੰਤ ਕੀ ਵਾਰ

## ਬਸੰਤ ਕੀ ਵਾਰ ਮਹਲੁ ੫ ॥

**ੴ**

**ਸਤਿਗੁਰ ਪ੍ਰਸਾਦਿ ॥**

**ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥**

ਹੇ ਭਾਈ! ਹਰੀ ਦਾ ਨਾਮ ਸਿਮਰ ਕੇ ਹਰਿਆ ਹੋ ਜਾ।

**ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥**

ਪੂਰਬਲੇ ਲਿਖੇ ਹੋਏ ਕਰਮਾਂ ਅਨੁਸਾਰ ਹੀ ਮਨੁੱਖਾ ਜਨਮ ਰੂਪ ਸੋਹਣੀ ਰੁੱਤ ਤੈਨੂੰ ਮਿਲੀ ਹੈ।

**ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥**

ਜਿਵੇਂ ਜੰਗਲ, ਤੀਲੇ ਅਤੇ ਤਿੰਨੇ ਲੋਕ ਵਰਖਾ ਪੈਣ 'ਤੇ ਖਿੜ ਜਾਂਦੇ ਹਨ, ਉਸੇ ਤਰ੍ਹਾਂ ਹਰੀ ਨਾਮ ਰੂਪੀ ਅੰਮ੍ਰਿਤ ਫਲ ਪਾ ਕੇ ਤੇਰਾ ਮਨ ਖਿੜ ਜਾਵੇਗਾ।

**ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥**

ਸਾਧੂ ਦੇ ਮਿਲਣ ਤੋਂ ਸੁਖ ਪੈਦਾ ਹੁੰਦੇ ਹਨ ਅਤੇ ਮਨ ਦੀ ਕਾਲਖ ਲੱਥ ਜਾਂਦੀ ਹੈ।

**ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇੱਕ ਨਾਮ ਨੂੰ ਸਿਮਰਨ ਨਾਲ ਜਨਮ-ਮਰਨ ਦਾ ਗੇੜ ਮੁੱਕ ਜਾਂਦਾ ਹੈ।

**ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥**

ਸੱਚੇ ਪ੍ਰਭੂ ਦਾ ਆਸਰਾ ਲੈ ਕੇ ਮੈਂ ਪੰਜੇ ਕਾਮਾਦਿਕ ਮਹਾਂਬਲੀ ਬੰਨ੍ਹ ਲਏ ਹਨ।

**ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥**

ਮੇਰੇ ਮਨ ਨੂੰ ਪ੍ਰਭੂ ਨੇ ਆਪ ਪ੍ਰੇਰਨਾ ਦੇ ਕੇ ਆਪਣੇ ਚਰਨਾਂ ਦਾ ਧਿਆਨ ਲਵਾਇਆ ਹੈ।

**ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥**

ਸਾਰੇ ਰੋਗ-ਸੋਗ ਦੂਰ ਹੋ ਗਏ ਅਤੇ ਮੈਂ ਸਦਾ ਲਈ ਤੰਦਰੁਸਤ ਹੋ ਗਿਆ ਹਾਂ।

**ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥**

ਮੈਂ ਦਿਨ-ਰਾਤ ਨਾਮ ਸਿਮਰਦਾ ਹਾਂ, ਇਸ ਕਰਕੇ ਪ੍ਰਭੂ ਮੈਨੂੰ ਜਨਮ-ਮਰਨ ਦੇ ਚੱਕਰ ਵਿੱਚ ਨਹੀਂ ਪਾਵੇਗਾ।

**ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੀਵ ਜਿੱਥੋਂ ਪੈਦਾ ਹੋਇਆ ਸੀ, ਫਿਰ ਉਸ ਵਿੱਚ ਹੀ ਸਮਾ ਗਿਆ।

**ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ॥**

ਜੀਵ ਕਿੱਥੋਂ ਪੈਦਾ ਹੋਇਆ?

ਕਿੱਥੇ ਰਹਿੰਦਾ ਹੈ ਅਤੇ ਅੰਤ ਕਿਸ ਵਿੱਚ ਲੀਨ ਹੁੰਦਾ ਹੈ?

**ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥**

ਸਾਰੇ ਹੀ ਜੀਅ-ਜੰਤੂ ਉਸ ਮਾਲਕ ਪ੍ਰਭੂ ਦੇ ਹਨ,

ਇਹਨਾਂ ਦੀ ਕੀਮਤ ਕੌਣ ਪਾ ਸਕਦਾ ਹੈ?

**ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥**

ਜਿਹੜੇ ਨਿਤ ਹੀ ਹਰੀ-ਨਾਮ ਨੂੰ ਕਹਿੰਦੇ, ਧਿਆਉਂਦੇ ਅਤੇ ਸੁਣਦੇ ਹਨ,

ਉਹ ਭਗਤ ਹੀ ਸ਼ੋਭਨੀਕ ਹਨ।

**ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ ॥**

ਉਸ ਅਚੱਲ, ਅਦ੍ਰਿਸ਼ਟ ਮਾਲਕ ਨੂੰ ਕੋਈ ਕਿਸ ਤਰ੍ਹਾਂ ਜਾਣੇ?

**ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ ॥੩॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪੂਰਨ ਗੁਰੂ ਨੇ ਜੋ ਮੈਨੂੰ ਉਪਦੇਸ਼ ਕੀਤਾ ਹੈ,

ਮੈਂ ਉਹੀ ਸੁਣਾਉਂਦਾ ਹਾਂ।

****

# ਲਾਵਾਂ

## ਸੂਹੀ ਮਹਲਾ ੪ ॥

**ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥**

ਜੀਵ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦੇ ਪਹਿਲੇ ਪੜਾਅ ਦੀ ਗੱਲ ਕਰਦਿਆਂ ਹੋਇਆਂ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸ ਪ੍ਰਭੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਸਤਿਗੁਰੂ ਰਾਹੀਂ ਸ਼ੁੱਭ ਕਰਮ ਕਰਨਾ ਦ੍ਰਿੜ੍ਹ ਕਰਵਾਇਆ ਹੈ।

**ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥**

ਮੈਂ ਪ੍ਰਭੂ ਤੋਂ ਬਲਿਹਾਰ ਜਾਂਦਾ ਹਾਂ, ਜਿਸਦੀ ਕਿਰਪਾ ਨਾਲ ਬ੍ਰਹਮਾ ਦੀ ਬਾਣੀ ਤੇ ਵੇਦ ਦੇ ਧਰਮ-ਕਰਮ ਦ੍ਰਿੜ ਹੁੰਦੇ ਹਨ ਅਤੇ ਪਾਪ ਕੱਟੇ ਜਾਂਦੇ ਹਨ।

**ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥**

ਸਿਮ੍ਰਤੀਆਂ ਨੇ ਇਹ ਨਿਸ਼ਚਿਤ ਕੀਤਾ ਹੈ ਕਿ ਧਰਮ ਦੇ ਗੁਣਾਂ ਨੂੰ ਧਾਰਨ ਕਰੋ ਅਤੇ, ਹਰੀ-ਨਾਮ ਨੂੰ ਸਿਮਰੋ।

**ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥**

ਪੂਰੇ ਗੁਰੂ ਦਾ ਧਿਆਨ ਧਰੋ, ਜਿਸਦੀ ਅਰਾਧਨਾ ਨਾਲ ਸਾਰੇ ਪਾਪ ਕੱਟੇ ਜਾਂਦੇ ਹਨ।

**ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥**

ਵੱਡੇ ਭਾਗਾਂ ਵਾਲੇ ਨੂੰ ਸਹਿਜ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਹਰੀ-ਨਾਮ ਮਿੱਠਾ-ਮਿੱਠਾ ਲੱਗਣ ਲੱਗ ਪੈਂਦਾ ਹੈ।

**ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦੀ ਇਸ ਪਹਿਲੀ ਲਾਂਵ ਨਾਲ ਪ੍ਰਭੂ ਮਿਲਾਪ ਦਾ ਕਾਰਜ ਆਰੰਭ ਕੀਤਾ ਹੈ।

**ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥**

ਪ੍ਰਭੂ ਮਿਲਾਪ ਦੇ ਦੂਸਰੇ ਪੜਾਅ ਦੀ ਸ਼ੁਰੂਆਤ ਕਰਦਿਆਂ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸ ਪ੍ਰਭੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਮੈਨੂੰ ਸਤਿਗੁਰੂ-ਪੁਰਖ ਮਿਲਾ ਦਿੱਤਾ ਹੈ।

**ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥**

ਮੈਂ ਉਸ ਪ੍ਰਭੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਬੇਖੌਫ਼ ਪ੍ਰਭੂ ਦੇ ਡਰ ਸਦਕਾ ਮੇਰੇ ਮਨ ਵਿੱਚੋਂ ਹੰਕਾਰ ਰੂਪੀ ਮੈਲ ਖ਼ਤਮ ਹੋ ਗਈ ਹੈ।

**ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥**

ਨਿਰਮਲ ਪ੍ਰਭੂ ਦੇ ਡਰ ਕਰਕੇ ਮੈਂ ਉਸਦੇ ਗੁਣ ਗਾਉਂਦਾ ਹਾਂ ਅਤੇ
ਉਸਨੂੰ ਅੰਗ-ਸੰਗ ਵੇਖਦਾ ਹਾਂ।

**ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥**

ਉਹ ਮਾਲਕ ਪ੍ਰਭੂ ਸਭ ਥਾਂ ਰਮਿਆ ਹੋਇਆ ਅਤੇ ਵਿਆਪਕ ਹੈ।

**ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥**

ਹਰੀ ਦੇ ਸੇਵਕ ਉਸ ਅੰਦਰ-ਬਾਹਰ ਹਰ ਥਾਂ ਮੌਜੂਦ ਪ੍ਰਭੂ ਦੇ ਗੁਣ ਗਾਉਂਦੇ ਹਨ।

**ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦੀ ਇਸ
ਦੂਜੀ ਲਾਂਵ ਵਿੱਚ ਅਨਹਦ ਸ਼ਬਦ ਵੱਜਣੇ ਸ਼ੁਰੂ ਹੋ ਗਏ ਹਨ।

**ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗਿਆ ਬਲਿ ਰਾਮ ਜੀਉ॥**

ਮੈਂ ਉਸ ਪ੍ਰਭੂ ਤੋਂ ਸਦਕੇ ਜਾਂਦਾ ਹਾਂ, ਜਿਸ ਦੇ ਮਿਲਾਪ ਦੇ ਤੀਸਰੇ ਪੜਾਅ 'ਤੇ
ਪਹੁੰਚਦਿਆਂ ਮਨ ਵਿਸ਼ੇ-ਵਿਕਾਰਾਂ ਤੋਂ ਵੈਰਾਗੀ ਹੋ ਗਿਆ ਹੈ ਅਤੇ ਪ੍ਰਭੂ ਨੂੰ
ਮਿਲਣ ਦੀ ਖੁਸ਼ੀ ਪੈਦਾ ਹੋ ਗਈ ਹੈ।

**ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥**

ਮੈਂ ਉਸ ਪ੍ਰਭੂ ਤੋਂ ਸਦਕੇ ਜਾਂਦਾ ਹਾਂ, ਜਿਸਦੀ ਕਿਰਪਾ ਨਾਲ ਵੱਡਿਆਂ ਭਾਗਾਂ ਵਾਲੇ
ਭਗਤਾਂ ਨੇ ਸਤਿਗੁਰੂ ਨੂੰ ਮਿਲ ਕੇ ਉਸ ਪਰਮਾਤਮਾ ਦੀ ਪ੍ਰਾਪਤੀ ਕਰ ਲਈ ਹੈ।

**ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥**

ਉਸ ਪ੍ਰਭੂ ਦੇ ਗੁਣ ਗਾਉਂਦਿਆਂ ਅਤੇ ਮੂੰਹੋਂ ਬਾਣੀ ਪੜ੍ਹਦਿਆਂ,
ਮੈਂ ਉਸ ਨਿਰਮਲ ਪ੍ਰਭੂ ਨੂੰ ਪਾ ਲਿਆ ਹੈ।

**ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥**

ਵੱਡੇ ਭਾਗਾਂ ਵਾਲੇ ਭਗਤਾਂ ਨੇ ਉਸ ਪ੍ਰਭੂ ਦੀ ਅਕਥ ਕਥਾ ਕਹਿੰਦਿਆਂ ਹੋਇਆਂ,
ਉਸ ਨੂੰ ਪਾ ਲਿਆ ਹੈ।

**ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥**

ਮੇਰੇ ਮੱਥੇ ਦੇ ਉੱਤਮ ਭਾਗਾਂ ਸਦਕਾ ਹਰੀ-ਨਾਮ ਜਪਦਿਆਂ ਹਿਰਦੇ ਵਿੱਚ
ਹਰੀ-ਨਾਮ ਦੀ ਧੁਨੀ ਚੱਲ ਪਈ ਹੈ।

**ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦੀ
ਇਸ ਤੀਜੀ ਲਾਂਵ ਵਿੱਚ ਮੇਰਾ ਮਨ ਵਿਕਾਰਾਂ ਵੱਲੋਂ ਵੈਰਾਗੀ ਹੋ ਗਿਆ ਹੈ।

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ**
**ਹਰਿ ਪਾਇਆ ਬਲਿ ਰਾਮ ਜੀਉ ॥**

ਮੈਂ ਉਸ ਪ੍ਰਭੂ ਤੋਂ ਸਦਕੇ ਜਾਂਦਾ ਹਾਂ, ਜਿਸ ਦੇ ਮਿਲਾਪ ਦੇ ਚੌਥੇ ਪੜਾਅ ’ਤੇ ਪਹੁੰਚਦਿਆਂ ਮੇਰਾ ਮਨ ਹਰੀ ਨੂੰ ਪਾ ਕੇ ਸਹਿਜ ਹੋ ਗਿਆ ਹੈ।

**ਗੁਰਮੁਖਿ ਮਿਲਿਆ ਸੁਭਾਇ**
**ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥**

ਮੈਂ ਉਸ ਪ੍ਰਭੂ ਤੋਂ ਕੁਰਬਾਨ ਜਾਂਦਾ ਹਾਂ, ਜੋ ਗੁਰਮੁੱਖ ਨੂੰ ਸੁਭਾਵਿਕ ਹੀ ਮਿਲ ਗਿਆ ਅਤੇ ਉਸਦੇ ਮਨ-ਤਨ ਨੂੰ ਪਿਆਰਾ ਲੱਗਣ ਲੱਗ ਪਿਆ ਹੈ।

**ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ**
**ਅਨਦਿਨੁ ਹਰਿ ਲਿਵ ਲਾਈ॥**

ਮੇਰੇ ਪ੍ਰਭੂ ਨੂੰ ਉਹੀ ਚੰਗਾ ਲੱਗਦਾ ਹੈ, ਜਿਸ ਨੂੰ ਹਰੀ-ਨਾਮ ਪਿਆਰਾ ਲੱਗਦਾ ਹੈ ਅਤੇ ਦਿਨ-ਰਾਤ ਜਿਸਦੀ ਉਸ ਵਿੱਚ ਲਿਵ ਲੱਗੀ ਰਹਿੰਦੀ ਹੈ।

**ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥**

ਮਨ-ਇੱਛਤ ਫਲ ਮਿਲ ਗਿਆ ਹੈ ਭਾਵ ਮਾਲਕ ਪ੍ਰਭੂ ਦੀ ਪ੍ਰਾਪਤੀ ਹੋ ਗਈ ਹੈ ਅਤੇ ਹਰੀ-ਨਾਮ ਰੂਪੀ ਵਧਾਈਆਂ ਮਿਲੀਆਂ ਹਨ।

**ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥**

ਉਸ ਸੁਆਮੀ ਪ੍ਰਭੂ ਨੇ ਇਹ ਕਾਰਜ ਰਚਾਇਆ ਹੈ,
ਜਿਸ ਸਦਕਾ ਜੀਵ ਆਤਮਾ ਰੂਪ ਇਸਤਰੀ ਪ੍ਰਸੰਨ ਹੋ ਗਈ ਹੈ।

**ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ**
**ਪ੍ਰਭੁ ਅਵਿਨਾਸੀ ॥੪॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦੀ ਇਸ ਚੌਥੀ ਲਾਂਵ ਵਿੱਚ ਮੈਨੂੰ ਨਾਸ ਰਹਿਤ ਪ੍ਰਭੂ-ਪਤੀ ਦੀ ਪ੍ਰਾਪਤੀ ਹੋ ਗਈ ਹੈ।

****

# ਸਲੋਕ ਮ: ੯

ੴ

**ਸਤਿਗੁਰ ਪ੍ਰਸਾਦਿ ॥ ਸਲੋਕ ਮਹਲਾ ੯ ॥**

**ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥**

ਹੇ ਮਨਾ! ਤੂੰ ਗੋਬਿੰਦ ਦੇ ਗੁਣਾਂ ਨੂੰ ਨਾ ਗਾ ਕੇ ਜੀਵਨ ਵਿਅਰਥ ਹੀ ਖ਼ਤਮ ਕਰ ਦਿੱਤਾ।

**ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥**

ਸ੍ਰੀ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ ਕਿ ਪ੍ਰਮੇਸ਼ਰ ਨੂੰ ਇਸ ਤਰ੍ਹਾਂ ਯਾਦ ਰੱਖ ਜਿਵੇਂ ਮੱਛੀ ਪਾਣੀ ਨੂੰ ਯਾਦ ਰੱਖਦੀ ਹੈ।

**ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥**

ਹੇ ਮਨਾ! ਤੂੰ ਵਿਸ਼ਿਆਂ ਵਿੱਚ ਐਸਾ ਮਸਤ ਕਿਉਂ ਹੋਇਆ ਹੈਂ? ਕਿ ਅੱਖ ਝਮਕਣ ਜਿੰਨਾ ਸਮਾਂ ਵੀ ਤੂੰ ਇਨ੍ਹਾਂ ਤੋਂ ਉਪਰਾਮ ਨਹੀਂ ਹੁੰਦਾ।

**ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਤੂੰ ਹਰੀ ਦਾ ਸਿਮਰਨ ਕਰ,
ਜਿਸ ਨਾਲ ਜਮ ਦੀ ਫਾਹੀ ਨਹੀਂ ਪੈਂਦੀ।

**ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥**

ਜਵਾਨੀ ਵਿਕਾਰਾਂ ਵਿੱਚ ਐਵੇਂ ਹੀ ਚਲੀ ਗਈ ਹੈ ਅਤੇ ਹੁਣ ਬੁਢੇਪੇ ਨੇ ਸਰੀਰ ਨੂੰ ਜਿੱਤ(ਢਾਹ) ਲਿਆ ਹੈ।

**ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਮਰ ਤਾਂ ਬੀਤਦੀ ਜਾ ਰਹੀ ਹੈ,
ਇਸ ਲਈ ਹਰੀ-ਨਾਮ ਨੂੰ ਸਿਮਰ।

**ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥**

ਬੁਢਾਪੇ ਵਿੱਚ ਵੀ ਤੈਨੂੰ ਇਹ ਪਤਾ ਨਹੀਂ ਲੱਗਦਾ ਕਿ ਤੇਰਾ ਅੰਤ ਵੇਲਾ ਆਣ ਪੁਹੰਚਿਆ ਹੈ।

**ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਕਮਲੇ ਮਨੁੱਖ!
ਅਜੇ ਵੀ ਪ੍ਰਭੂ ਨੂੰ ਕਿਉਂ ਨਹੀਂ ਸਿਮਰ ਰਿਹਾ?

**ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥**

ਧੰਨ, ਔਰਤ ਅਤੇ ਸਾਰੀ ਸਮੱਗਰੀ ਜਿਸ ਨੂੰ ਤੂੰ ਆਪਣੀ ਸਮਝਦਾ ਹੈਂ।

**ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੇਰੀ ਇਹ ਗੱਲ ਸੱਚ ਹੈ ਕਿ
ਇਨ੍ਹਾਂ ਵਿੱਚੋਂ ਤੇਰੇ ਨਾਲ ਕੁਝ ਵੀ ਨਹੀਂ ਜਾਣਾ।

**ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥**

ਜੋ ਪ੍ਰਭੂ ਪਾਪੀਆਂ ਨੂੰ ਤਾਰਨ ਵਾਲਾ, ਡਰ ਨੂੰ ਨਾਸ ਕਰਨ ਵਾਲਾ
ਅਤੇ ਬੇਮਾਲਕਾਂ ਦਾ ਮਾਲਕ ਹੈ।

**ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸਨੂੰ ਹਮੇਸ਼ਾਂ ਹੀ ਆਪਣੇ ਅੰਗ-ਸੰਗ ਸਮਝ।

**ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥**

ਜਿਸ ਪ੍ਰਭੂ ਨੇ ਸਰੀਰ ਅਤੇ ਧਨ ਤੈਨੂੰ ਦਿੱਤਾ ਹੈ,
ਤੂੰ ਉਸ ਨਾਲ ਪ੍ਰੇਮ ਨਹੀਂ ਕੀਤਾ।

**ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ ॥੭॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਕਮਲੇ ਮਨੁੱਖ!
ਹੁਣ ਆਪਣੇ ਧਰਮ ਤੋਂ ਬੇਮੁੱਖ ਕਿਉਂ ਹੁੰਦਾ ਹੈਂ?

**ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥**

ਜਿਸ ਰੱਬ ਨੇ ਤੈਨੂੰ ਸਰੀਰ, ਧਨ, ਜਾਇਦਾਦ, ਸੁੱਖ ਅਤੇ ਚੰਗੇ ਘਰ ਦਿੱਤੇ ਹਨ।

**ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥੮॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ!
ਸੁਣ, ਤੂੰ ਉਸ ਰਾਮ ਨੂੰ ਕਿਉਂ ਨਹੀਂ ਸਿਮਰਦਾ?

**ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥**

ਸਾਰਿਆਂ ਸੁੱਖਾਂ ਦਾ ਦਾਤਾ ਪ੍ਰਭੂ ਹੀ ਹੈ, ਹੋਰ ਦੂਜਾ ਕੋਈ ਨਹੀਂ ਹੈ।

**ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਸੁਣ,
ਉਸ ਦੇ ਸਿਮਰਿਆਂ ਹੀ ਮੁਕਤੀ ਹੁੰਦੀ ਹੈ।

**ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥**

ਹੇ ਮਿੱਤਰ! ਤੂੰ ਉਸ ਪ੍ਰਭੂ ਨੂੰ ਸਿਮਰ, ਜਿਸ ਨੂੰ ਸਿਮਰਿਆਂ ਮੁਕਤੀ ਮਿਲਦੀ ਹੈ।

**ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ ॥੧੦॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਿੱਤਰ ਮਨਾ! ਸੁਣ,
ਉਮਰ ਤਾਂ ਦਿਨੋ-ਦਿਨ ਘੱਟਦੀ ਜਾਂਦੀ ਹੈ।

**ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥**

ਹੇ ਸੁਘੜ ਤੇ ਸਿਆਣੇ ਬੰਦੇ! ਇਹ ਜਾਣ ਲੈ ਕਿ ਤੇਰਾ ਸਰੀਰ ਪੰਜ ਤੱਤਾਂ
(ਹਵਾ, ਪਾਣੀ, ਮਿੱਟੀ, ਅੱਗ ਅਤੇ ਆਕਾਸ਼) ਨਾਲ ਬਣਿਆ ਹੋਇਆ ਹੈ।

**ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥੧੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ, ਜਿਥੋਂ ਤੂੰ ਉਤਪੰਨ ਹੋਇਆ ਹੈਂ, ਅਖੀਰ ਤੂੰ ਉੱਥੇ ਹੀ ਅਭੇਦ ਹੋਣਾ ਹੈ।

**ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥**

ਸੰਤਾਂ ਨੇ ਉੱਚੀ ਅਵਾਜ਼ ਨਾਲ ਕਿਹਾ ਹੈ ਕਿ ਪ੍ਰਭੂ ਹਰ ਸਰੀਰ ਤੇ ਹਰ ਦਿਲ ਵਿੱਚ ਰਹਿੰਦਾ ਹੈ।

**ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥੧੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਤੂੰ ਉਸਨੂੰ ਸਿਮਰ ਕੇ ਹੀ ਸੰਸਾਰ ਸਾਗਰ ਤੋਂ ਪਾਰ ਹੋਵੇਂਗਾ।

**ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥**

ਜਿਸ ਮਨੁੱਖ ਦੇ ਹਿਰਦੇ ਨੂੰ ਸੁੱਖ, ਦੁੱਖ, ਲੋਭ, ਮੋਹ ਅਤੇ ਹੰਕਾਰ ਨਹੀਂ ਛੂੰਹਦੇ।

**ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਸੁਣ, ਉਹ ਭਗਵਾਨ ਦਾ ਹੀ ਰੂਪ ਹੈ।

**ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥**

ਜਿਸ ਨੂੰ ਉਸਤਤ ਤੇ ਨਿੰਦਿਆ ਨਾਲ ਕੋਈ ਫ਼ਰਕ ਨਹੀਂ ਪੈਂਦਾ ਅਤੇ ਸੋਨੇ ਤੇ ਲੋਹੇ ਨੂੰ ਇੱਕ ਸਮਾਨ ਸਮਝਦਾ ਹੈ।

**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਸੁਣ, ਐਸਾ ਵਿਅਕਤੀ ਹੀ ਮੁਕਤ ਹੈ।

**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥**

ਜਿਸ ਦੇ ਦਿਲ ਵਿੱਚ ਖੁਸ਼ੀ ਤੇ ਗ਼ਮੀ ਦਾ ਅਸਰ ਨਹੀਂ ਅਤੇ ਵੈਰੀ ਅਤੇ ਮਿੱਤਰ ਨੂੰ ਇੱਕ ਸਮਾਨ ਸਮਝਦਾ ਹੈ।

**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਸੁਣ, ਉਹ ਮੁਕਤ ਹੈ।

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**

ਜੋ ਕਿਸੇ ਨੂੰ ਡਰਾਉਂਦਾ ਵੀ ਨਹੀਂ ਤੇ ਨਾ ਹੀ ਕਿਸੇ ਦਾ ਡਰ ਮੰਨਦਾ ਹੈ।

**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਸੁਣ, ਉਸਨੂੰ ਹੀ ਗਿਆਨੀ ਕਿਹਾ ਜਾ ਸਕਦਾ ਹੈ।

**ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥**

ਜਿਸ ਨੇ ਵਿਸ਼ਿਆਂ ਰੂਪ ਸਾਰੀ ਜ਼ਹਿਰ ਛੱਡ ਕੇ ਮਨ ਵਿੱਚ ਵੈਰਾਗੀ ਭੇਖ ਧਾਰਨ ਕਰ ਲਿਆ ਹੈ।

**ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਸੁਣ,
ਉਸ ਬੰਦੇ ਦੇ ਮੱਥੇ 'ਤੇ ਉੱਤਮ ਭਾਗ ਲਿਖੇ ਗਏ ਹਨ।

**ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥**

ਜਿਸ ਨੇ ਮਾਇਆ ਦਾ ਮੋਹ ਛੱਡ ਦਿੱਤਾ ਤੇ ਸਾਰੇ ਵਿਕਾਰਾਂ ਵਲੋਂ
ਮਨ ਮੋੜ ਲਿਆ ਹੈ।

**ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਸੁਣ,
ਉਸ ਦੇ ਆਤਮੇ ਵਿੱਚ ਬ੍ਰਹਮ ਦਾ ਟਿਕਾਣਾ ਹੈ।

**ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥**

ਕਰਨਹਾਰਾ ਪ੍ਰਭੂ ਨੂੰ ਸਮਝਕੇ ਜੋ ਆਦਮੀ ਹੰਕਾਰ ਛੱਡ ਦਿੰਦਾ ਹੈ।

**ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੯॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨ! ਇਹ ਗੱਲ ਸੱਚੀ ਸਮਝ ਕਿ ਉਹ
ਬੰਦਾ ਹੀ ਮੁਕਤ ਹੈ।

**ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥**

ਕਲਿਜੁਗ ਵਿੱਚ ਪ੍ਰਭੂ ਦਾ ਨਾਮ ਸਾਰੇ ਡਰਾਂ ਦਾ ਨਾਸ ਕਰਨ ਵਾਲਾ ਤੇ ਖੋਟੀ ਮੱਤ
ਦੂਰ ਕਰਨ ਵਾਲਾ ਹੈ।

**ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਇਹ ਸਮਝਕੇ ਰਾਤ ਦਿਨ ਤੈਨੂੰ ਸਿਮਰਦਾ ਹੈ,
ਉਸੇ ਦੇ ਕੰਮ ਸਫ਼ਲ ਹੁੰਦੇ ਹਨ।

**ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥**

ਹੇ ਜੀਵ! ਜੀਭ ਨਾਲ ਗੋਬਿੰਦ ਦੇ ਗੁਣ ਸਿਮਰ ਅਤੇ
ਕੰਨਾਂ ਰਾਹੀਂ ਹਰੀ ਨਾਮ ਸੁਣ।

**ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥੨੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨ! ਸੁਣ,
ਫਿਰ ਤੂੰ ਜਮਾਂ ਦੇ ਵੱਸ ਨਹੀਂ ਪਵੇਂਗਾ।

**ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥**

ਜੋ ਮਨੁੱਖ ਮਾਇਆ ਦਾ ਤਿਆਗ ਕਰਕੇ ਲੋਭ, ਮੋਹ ਅਤੇ
ਹੰਕਾਰ ਤੋਂ ਖਹਿੜਾ ਛੁਡਾ ਲੈਂਦਾ ਹੈ।

**ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਆਪ ਤਾਂ ਤਰਦਾ ਹੀ ਹੈ ਅਤੇ
ਹੋਰਨਾਂ ਦਾ ਵੀ ਉਧਾਰ ਕਰ ਲੈਂਦਾ ਹੈ।

**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥**

ਸੰਸਾਰ ਨੂੰ ਇਸ ਤਰ੍ਹਾਂ ਸਮਝ, ਜਿਸ ਤਰ੍ਹਾਂ ਸੁਪਨੇ ਵਿੱਚ ਬਹੁਤ ਦ੍ਰਿਸ਼ ਦਿਸਦੇ ਹਨ।

**ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ-ਨਾਮ ਤੋਂ ਬਿਨਾਂ ਜਗਤ ਦੇ ਪਦਾਰਥਾਂ ਵਿੱਚੋਂ ਕੁਝ ਵੀ ਸੱਚਾ ਨਹੀਂ।

**ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥**

ਬੰਦਾ ਸਦਾ ਹੀ ਰਾਤ-ਦਿਨ ਮਾਇਆ ਵਾਸਤੇ ਭਟਕਦਾ ਫਿਰਦਾ ਹੈ।

**ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਕਰੋੜਾਂ ਵਿੱਚੋਂ ਕੋਈ ਵਿਰਲਾ ਹੈ, ਜਿਸ ਦੇ ਹਿਰਦੇ ਵਿੱਚ ਪ੍ਰਭੂ ਦੀ ਯਾਦ ਹੈ।

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥**

ਜਿਵੇਂ ਪਾਣੀ ਉੱਤੇ ਬੁਲਬੁਲਾ ਸਦਾ ਹੀ ਪੈਦਾ ਅਤੇ ਫਿਰ ਖ਼ਤਮ ਹੁੰਦਾ ਹੈ।

**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਿੱਤਰ! ਸੁਣ, ਪ੍ਰਿਥਵੀ ਉੱਪਰ ਜੀਵ ਦੀ ਰਚਨਾ ਵੀ ਉਸੇ ਤਰ੍ਹਾਂ ਹੀ ਰਚੀ ਗਈ ਹੈ।

**ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥**

ਮਾਇਆ ਦੀ ਮਸਤੀ ਵਿੱਚ ਅੰਨ੍ਹਾ ਹੋਇਆ ਜੀਵ ਕੁਝ ਵੀ ਸੋਚ-ਵਿਚਾਰ ਨਹੀਂ ਕਰਦਾ।

**ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥੨੬॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਰੱਬ ਦੀ ਬੰਦਗੀ ਤੋਂ ਬਿਨਾਂ ਜਮਾਂ ਦੀ ਫਾਹੀ ਗਲ ਪੈਂਦੀ ਹੈ।

**ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥**

ਜੇ ਸਦਾ ਆਨੰਦ ਵਿੱਚ ਰਹਿਣਾ ਚਹੁੰਦਾ ਹੈਂ ਤਾਂ ਪ੍ਰਭੂ ਦੇ ਨਾਮ ਦੀ ਸ਼ਰਨ ਲੈ।

**ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥੨੭॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਸੁਣ, ਇਹ ਸਰੀਰ ਬਹੁਤ ਕੀਮਤੀ ਹੈ।

**ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥**

ਅਗਿਆਨੀ ਅਤੇ ਮੂਰਖ ਬੰਦੇ ਮਾਇਆ ਇਕੱਠੀ ਕਰਨ ਵਾਸਤੇ ਦੌੜਦੇ ਹਨ।

**ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥੨੮॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ-ਸਿਮਰਨ ਤੋਂ ਬਿਨਾਂ ਜੀਵਨ ਵਿਅਰਥ ਬੀਤਦਾ ਹੈ।

**ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥**

ਜਿਹੜਾ ਬੰਦਾ ਰਾਤ ਦਿਨ ਸਿਮਰਨ ਕਰਦਾ ਹੈ, ਉਸਨੂੰ ਪ੍ਰਭੂ ਦਾ ਰੂਪ ਹੀ ਸਮਝ।

**ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹ ਗੱਲ ਸੱਚੀ ਮੰਨੋ ਕਿ ਪਰਮਾਤਮਾ ਅਤੇ ਉਸਦੇ ਭਗਤ ਵਿੱਚ ਕੋਈ ਫਰਕ ਨਹੀਂ ਹੈ।

**ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥**

ਤੇਰਾ ਮਨ ਮਾਇਆ ਵਿੱਚ ਫਸਿਆ ਹੋਇਆ ਹੈ ਅਤੇ ਗੋਬਿੰਦ ਦਾ ਨਾਮ ਭੁੱਲ ਗਿਆ ਹੈ।

**ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩੦॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ-ਸਿਮਰਨ ਤੋਂ ਬਿਨਾਂ ਜੀਵਨ ਕਿਸ ਕੰਮ ਦਾ ਹੈ?

**ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥**

ਮਾਇਆ ਦੇ ਹੰਕਾਰ ਵਿੱਚ ਅੰਨ੍ਹਾ ਹੋਇਆ ਬੰਦਾ ਰੱਬ ਦਾ ਨਾਮ ਯਾਦ ਨਹੀਂ ਕਰਦਾ।

**ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥੩੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਬੰਦਗੀ ਤੋਂ ਬਿਨਾਂ ਜਮ ਦੇ ਫਾਹੇ ਪੈਂਦੇ ਹਨ।

**ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥**

ਸੁੱਖ ਵਿੱਚ ਤਾਂ ਬੜੇ ਮਿੱਤਰ ਹੋ ਜਾਂਦੇ ਹਨ, ਦੁੱਖ ਵਿੱਚ ਕੋਈ ਸਾਥੀ ਨਹੀਂ ਬਣਦਾ।

**ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਹਰੀ-ਨਾਮ ਨੂੰ ਸਿਮਰ ਜੋ ਆਖਰ ਵੇਲੇ ਸਹਾਈ ਹੁੰਦਾ ਹੈ।

**ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥**

ਜੀਵ ਜਨਮਾਂ-ਜਨਮਾਂਤਰਾਂ ਤੋਂ ਭਟਕ ਰਿਹਾ ਹੈ, ਪਰ ਮੌਤ ਦਾ ਡਰ ਨਹੀਂ ਮਿਟ ਸਕਿਆ।

**ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥੩੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨਾ! ਹਰੀ-ਨਾਮ ਸਿਮਰ, ਤਾਂ ਕਿ ਤੂੰ ਨਿਡਰ ਪ੍ਰਭੂ ਵਿਚ ਵਾਸ ਕਰ ਲਵੇਂ।

**ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥**

ਮੈਂ ਬੜੇ ਯਤਨ ਕਰਕੇ ਥੱਕ ਗਿਆ ਹਾਂ, ਪਰ ਮਨ ਦਾ ਹੰਕਾਰ ਨਹੀਂ ਮਿਟ ਸਕਿਆ।

**ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥੩੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਭਗਵਾਨ! ਮੈਂ ਬੁਰੀ ਸਿੱਖਿਆ ਵਿੱਚ ਫਸਿਆ ਹੋਇਆ ਹਾਂ, ਮੈਨੂੰ ਬਚਾ ਲਉ।

**ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥**
ਬਚਪਨ, ਜਵਾਨੀ ਤੇ ਬੁਢੇਪਾ ਮਨੁੱਖਾ ਜੀਵਨ ਦੀਆਂ ਤਿੰਨ ਅਵਸਥਾ ਸਮਝੋ।
**ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹਰੀ ਭਜਨ ਤੋਂ ਬਿਨਾਂ ਇਹ
ਸਾਰੀਆਂ ਹੀ ਨਿਸਫ਼ਲ ਮੰਨੋ।
**ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥**
ਜੋ ਸਿਮਰਨ ਕਰਣਾ ਸੀ, ਉਹ ਤਾਂ ਕੀਤਾ ਨਹੀਂ ਅਤੇ ਜੀਵ ਲੋਭ ਦੇ ਫਾਹੇ ਵਿੱਚ
ਫਸਿਆ ਹੋਇਆ ਹੈ।
**ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥੩੬॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਵਿਚਾਰਹੀਣੇ ਮਨੁੱਖ!
ਸਮਾਂ ਬੀਤ ਜਾਣ 'ਤੇ ਹੁਣ ਕਿਉਂ ਰੋਂਦਾ ਹੈਂ?
**ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥**
ਹੇ ਮਿੱਤਰ ਰੂਪ ਜੀਵ! ਮਨੁੱਖ ਦਾ ਮਨ ਮਾਇਆ ਵਿੱਚ ਰਮਿਆ ਹੋਇਆ ਹੈ
ਅਤੇ ਨਿਕਲ ਨਹੀਂ ਰਿਹਾ।
**ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥੩੭॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਮੂਰਤੀ ਦਾ ਉਲੀਕਿਆ ਹੋਇਆ
ਰੂਪ ਕੰਧ ਨੂੰ ਨਹੀਂ ਛੱਡਦਾ।
**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥**
ਬੰਦਾ ਚਾਹੁੰਦਾ ਤਾਂ ਕੁਝ ਹੋਰ ਹੈ, ਪਰ ਹੋ ਕੁਝ ਹੋਰ ਦਾ ਹੋਰ ਜਾਂਦਾ ਹੈ।
**ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥੩੮॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਬੰਦਾ ਹੋਰਨਾਂ ਨੂੰ ਠੱਗਣ ਦੀਆਂ ਸੋਚਾਂ ਸੋਚਦਾ ਹੈ,
ਪਰ ਆਪਣੇ ਗਲ ਵਿਚ ਫਾਹੀ ਪਾ ਬਹਿੰਦਾ ਹੈ।
**ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥**
ਜੀਵ ਸੁੱਖ ਹਾਸਿਲ ਕਰਨ ਲਈ ਤਾਂ ਬਹੁਤ ਯਤਨ ਕਰਦਾ ਹੈ, ਪਰ ਦੁੱਖ ਦੇ
ਵਾਸਤੇ ਕੋਈ ਵੀ ਯਤਨ ਨਹੀਂ ਕਰਦਾ।
**ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥੩੯॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੁੰਦਾ ਉਹੀ ਹੈ, ਜੋ ਹਰੀ ਨੂੰ ਭਾਉਂਦਾ ਹੈ।
**ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥**
ਸੰਸਾਰ ਮੰਗਤੇ ਵਾਂਗ ਫਿਰ ਰਿਹਾ ਹੈ,
ਜੀਵਾਂ ਨੂੰ ਦਾਤਾਂ ਦੇਣ ਵਾਲਾ ਇੱਕ ਪ੍ਰਭੂ ਹੈ।
**ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥੪੦॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨ!
ਤੂੰ ਕਾਜ ਸਵਾਰਨ ਵਾਲੇ ਉਸ ਪ੍ਰਭੂ ਨੂੰ ਸਿਮਰ।

**ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥**

ਨਾਸਵਾਨ ਦੁਨੀਆਂ ਦਾ ਮਾਣ ਕਾਹਦਾ ਹੈ? ਸੰਸਾਰ ਨੂੰ ਸੁਪਨੇ ਵਾਂਗ ਸਮਝੋ।

**ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥੪੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਮਨ!
ਮੈਂ ਤੈਨੂੰ ਪੁਕਾਰ ਕੇ ਕਹਿ ਰਿਹਾ ਹਾਂ ਕਿ ਇੱਥੇ ਤੇਰਾ ਕੁਝ ਵੀ ਨਹੀਂ ਹੈ।

**ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥**

ਹੇ ਮਿੱਤਰ! ਜਿਸ ਦੇਹ ਦਾ ਹੰਕਾਰ ਕਰਦਾ ਹੈਂ,
ਉਹ ਤਾਂ ਇੱਕ ਪਲ ਵਿੱਚ ਹੀ ਨਾਸ ਹੋ ਜਾਣੀ ਹੈ।

**ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ ॥੪੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਦੀ ਸਿਫ਼ਤ-ਸਲਾਹ ਕਰਨ ਵਾਲਾ ਜਗਤ ਨੂੰ ਜਿੱਤ ਲੈਂਦਾ ਹੈ।

**ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥**

ਜਿਸ ਦੇ ਹਿਰਦੇ ਵਿੱਚ ਰੱਬ ਦੀ ਬੰਦਗੀ ਹੈ, ਉਸ ਮਨੁੱਖ ਨੂੰ ਮੁਕਤ ਸਮਝੋ।

**ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੪੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹ ਗੱਲ ਸੱਚੀ ਮੰਨ ਕਿ ਉਸ ਮਨੁੱਖ ਤੇ ਪ੍ਰਭੂ ਵਿੱਚ ਕੋਈ ਫ਼ਰਕ ਨਹੀਂ।

**ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥**

ਜਿਸ ਮਨੁੱਖ ਦਾ ਮਨ ਪ੍ਰਭੂ-ਭਗਤੀ ਤੋਂ ਖਾਲੀ ਹੈ।

**ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥੪੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਮਨੁੱਖ ਦੀ ਦੇਹ ਸੂਰ ਅਤੇ ਕੁੱਤੇ ਵਰਗੀ ਹੈ।

**ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥**

ਜਿਵੇਂ ਕੁੱਤਾ ਮਾਲਕ ਦਾ ਦਰ ਕਦੇ ਨਹੀਂ ਛੱਡਦਾ।

**ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕਿ ਚਿਤਿ ॥੪੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਇੱਕ ਮਨ ਇੱਕ ਚਿੱਤ ਹੋ ਕੇ ਹਰੀ-ਸਿਮਰਨ ਕਰੋ।

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥**

ਤੀਰਥ-ਯਾਤਰਾ ਕਰਕੇ, ਵਰਤ ਰੱਖ ਕੇ ਅਤੇ ਦਾਨ-ਪੁੰਨ ਕਰਕੇ ਜੇ ਜੀਵ ਮਨ ਵਿੱਚ ਹੰਕਾਰ ਕਰੇ।

**ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥**
ਸ੍ਰੀ ਗੁਰੂ ਕਹਿੰਦੇ ਹਨ ਕਿ ਤਾਂ ਉਸ ਦੇ ਇਹ ਯਤਨ ਹਾਥੀ ਦੇ ਇਸ਼ਨਾਨ ਵਾਂਗ ਨਿਸਫ਼ਲ ਹੋ ਜਾਂਦੇ ਹਨ, ਜੋ ਇਸ਼ਨਾਨ ਕਰਨ ਤੋਂ ਬਾਅਦ ਆਪਣੇ ਉੱਤੇ ਸੁਆਹ ਪਾ ਲੈਂਦਾ ਹੈ।

**ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥**
ਬਿਰਧ ਅਵਸਥਾ ਵਿੱਚ ਸਿਰ ਕੰਬਣ ਲੱਗ ਪਿਆ, ਪੈਰ ਡੋਲਣ ਲੱਗ ਪਏ ਅਤੇ ਅੱਖਾਂ ਨਿਗ੍ਹਾ ਤੋਂ ਖਾਲੀ ਹੋ ਗਈਆਂ।

**ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥੪੭॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਹ ਹਾਲਤ ਹੋਣ 'ਤੇ ਵੀ ਤੂੰ ਪ੍ਰਭੂ ਨਾਮ ਦੇ ਰਸ ਵਿੱਚ ਲੀਨ ਨਹੀਂ ਹੋਇਆ।

**ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ॥**
ਮੈਂ ਸੰਸਾਰ ਵਿੱਚ ਬੜਿਆਂ ਨੂੰ ਆਪਣਾ ਮਿੱਤਰ ਬਣਾ ਕੇ ਵੇਖਿਆ ਹੈ, ਪਰ ਇੱਥੇ ਤਾਂ ਕੋਈ ਵੀ ਆਪਣਾ ਨਹੀਂ।

**ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥੪੮॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਦੀ ਸੇਵਾ ਹੀ ਸਦਾ ਸਥਿਰ ਰਹਿਣ ਵਾਲੀ ਹੈ, ਇਸ ਨੂੰ ਆਪਣੇ ਮਨ ਵਿੱਚ ਟਿਕਾ ਕੇ ਰੱਖ।

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥**
ਹੇ ਮਿੱਤਰ! ਇਹ ਗੱਲ ਸਮਝ ਲੈ ਕਿ ਸੰਸਾਰ ਦੀ ਸਾਰੀ ਰਚਨਾ ਨਾਸ਼ਵਾਨ ਹੈ।

**ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਰੇਤ ਦੀ ਕੰਧ ਵਾਂਗ ਸੰਸਾਰ ਦੀ ਕੋਈ ਚੀਜ਼ ਸਥਿਰ ਰਹਿਣ ਵਾਲੀ ਨਹੀਂ।

**ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥**
ਰਾਮਚੰਦਰ ਜੀ ਵੀ ਚਲੇ ਗਏ ਅਤੇ ਰਾਵਣ ਵੀ ਚਲਾ ਗਿਆ, ਜਿਸਦਾ ਬਹੁਤ ਵੱਡਾ ਪਰਿਵਾਰ ਸੀ।

**ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਸੁਪਨੇ ਵਰਗੇ ਸੰਸਾਰ ਵਿੱਚ ਕੋਈ ਵਸਤੂ ਟਿਕਣ ਵਾਲੀ ਨਹੀਂ।

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥**
ਜੇ ਕੋਈ ਅਨਹੋਣੀ ਵਾਪਰ ਜਾਏ, ਫਿਕਰ ਤਾਂ ਉਸ ਦਾ ਕਰਨਾ ਚਾਹੀਦਾ ਹੈ।

**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੰਸਾਰ ਦਾ ਤਾਂ ਰਾਹ ਹੀ ਇਹੋ ਹੈ ਕਿ ਇੱਥੇ ਕੁਝ ਵੀ ਸਦੀਵੀ ਨਹੀਂ।

**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥**

ਜੋ ਪੈਦਾ ਹੋਇਆ ਹੈ, ਉਸ ਨੇ ਅਵੱਛ ਮਿਟ ਹੀ ਜਾਣਾ ਹੈ, ਉਹ ਅੱਜ ਜਾਂ ਕੱਲ੍ਹ ਇਥੋਂ ਕੂਚ ਕਰ ਹੀ ਜਾਵੇਗਾ।

**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸਾਰੇ ਬੰਧਨ ਛੱਡਕੇ ਹਰੀ ਦੇ ਗੁਣ ਗਾ ਲੈ।

**ਦੋਹਰਾ ॥**

**ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥**

ਸਰੀਰ ਦੀ ਤਾਕਤ ਘੱਟ ਗਈ ਹੈ ਅਤੇ ਮਾਇਆ ਦੇ ਬੰਧਨ ਪੈ ਗਏ ਹਨ, ਇਸ ਕਰਕੇ ਹੁਣ ਕੋਈ ਯਤਨ ਨਹੀਂ ਹੋ ਰਿਹਾ।

**ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਤੁਸੀਂ ਜਿਸ ਤਰ੍ਹਾਂ ਹਾਥੀ ਦੇ ਬੰਧਨ ਕੱਟੇ ਸਨ, ਓਵੇਂ ਹੀ ਮੇਰੇ ਸਹਾਈ ਹੋਵੋ।

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ ॥**

ਸਾਰੀ ਸੱਤਿਆ ਮੇਰੇ ਵਿੱਚ ਆ ਗਈ ਹੈ ਅਤੇ ਮੋਹ ਦੀਆਂ ਬੇੜੀਆਂ ਟੁੱਟ ਗਈਆਂ ਹਨ ਅਤੇ ਹੁਣ ਸਾਰੇ ਉਪਰਾਲੇ ਕੀਤੇ ਜਾ ਸਕਦੇ ਹਨ।

**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਤੁਹਾਡੇ ਹੱਥ ਵਿੱਚ ਹੀ ਸਭ ਕੁਝ ਹੈ ਅਤੇ ਤੁਸੀਂ ਹੀ ਮੇਰੀ ਸਹਾਇਤਾ ਕਰਨੀ ਹੈ।

**ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥**

ਸਾਰੇ ਸਾਥੀ ਸਾਥ ਛੱਡ ਗਏ ਹਨ ਅਤੇ ਕਿਸੇ ਨੇ ਵੀ ਸਾਥ ਨਹੀਂ ਨਿਭਾਇਆ।

**ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਔਕੜ ਵਿੱਚ ਮੈਨੂੰ ਇੱਕ ਪ੍ਰਭੂ ਦਾ ਹੀ ਆਸਰਾ ਹੈ।

**ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥**

ਪ੍ਰਭੂ, ਉਸਦਾ ਨਾਮ ਅਤੇ ਉਸਨੂੰ ਜਪਣ ਵਾਲੇ ਸਦਾ ਸਥਿਰ ਹਨ।

**ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਸੰਸਾਰ ਵਿੱਚ
ਪ੍ਰਭੂ ਦਾ ਨਾਮ ਕਿਸ ਨੇ ਜਪਿਆ ਹੈ?

**ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥**

ਜਿਸ ਪ੍ਰਭੂ ਨਾਮ ਦੇ ਨਾਮ ਦਾ ਕੋਈ ਸਾਨੀ ਨਹੀਂ,
ਉਸ ਨੂੰ ਮੈਂ ਘੁੱਟ ਕੇ ਆਪਣੇ ਹਿਰਦੇ ਨਾਲ ਲਾ ਲਿਆ ਹੈ।

**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥੫੭॥**
ਜਿਸ ਨਾਮ ਨੂੰ ਧਿਆਇਆਂ ਸਾਰੇ ਦੁੱਖ-ਕਲੇਸ਼ ਮਿਟ ਜਾਂਦੇ ਹਨ ਅਤੇ
ਤੇਰਾ ਦਰਸ਼ਨ ਹੋ ਜਾਂਦਾ ਹੈ।

**ਮੁੰਦਾਵਣੀ ਮਹਲਾ ੫ ॥**
**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥**
ਮਨੁੱਖੀ ਹਿਰਦੇ ਰੂਪੀ ਥਾਲ ਵਿੱਚ ਸਤ, ਸੰਤੋਖ ਅਤੇ ਵੀਚਾਰ ਤਿੰਨ ਵਸਤੂਆਂ
ਪ੍ਰਮੇਸ਼ਰ ਵੱਲੋਂ ਪਾਈਆਂ ਗਈਆਂ ਹਨ।
**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥**
ਜਿਸ ਪ੍ਰਭੂ ਦਾ ਸਭ ਜੀਵਾਂ ਨੂੰ ਆਸਰਾ ਹੈ,
ਉਸ ਦਾ ਅੰਮ੍ਰਿਤਮਈ ਨਾਮ ਵੀ ਇਸ ਥਾਲ ਵਿੱਚ ਮੌਜੂਦ ਹੈ।
**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**
ਜੇ ਕੋਈ ਮਨੁੱਖ ਇਨ੍ਹਾ ਵਸਤੂਆਂ ਨੂੰ ਖਾਂਦਾ ਅਤੇ ਸਵਾਦ ਮਾਣਦਾ ਹੈ,
ਉਸ ਦਾ ਉਧਾਰ ਹੋ ਜਾਂਦਾ ਹੈ।
**ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥**
ਇਹ ਵਸਤੂਆਂ ਛੱਡਣ ਵਾਲੀਆਂ ਨਹੀਂ,
ਇਨ੍ਹਾਂ ਨੂੰ ਹਮੇਸ਼ਾਂ ਹਿਰਦੇ ਵਿੱਚ ਸੰਭਾਲ ਕੇ ਰੱਖੋ।
**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਮੇਸ਼ਰ ਸਭ ਥਾਂ ਮੌਜੂਦ ਹੈ ਅਤੇ ਦੁੱਖਾਂ ਨਾਲ ਭਰੇ
ਸੰਸਾਰ ਸਮੁੰਦਰ ਨੂੰ ਗੁਰੂ ਚਰਨੀਂ ਲੱਗਿਆਂ ਹੀ ਤਰਿਆ ਜਾ ਸਕਦਾ ਹੈ।

**ਸਲੋਕ ਮਹਲਾ ੫ ॥**
**ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥**
ਹੇ ਪ੍ਰਭੂ! ਮੈ ਅਣਜਾਨ ਤੇਰੇ ਕੀਤੇ ਕਾਰਜਾਂ ਨੂੰ ਕਦੇ ਵੀ ਨਹੀਂ ਸੀ ਸਮਝ ਸਕਦਾ,
ਪਰ ਤੂੰ ਮੇਰੇ 'ਤੇ ਕਿਰਪਾ ਕਰਕੇ ਇਨ੍ਹਾਂ ਕਾਰਜਾਂ ਨੂੰ ਸਮਝਣ ਯੋਗ ਬਣਾ ਦਿੱਤਾ।
**ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥**
ਮੈਂ ਗੁਣਹੀਨ ਵਿੱਚ ਕੋਈ ਗੁਣ ਨਹੀਂ ਸੀ, ਤੂੰ ਮੇਰੀ ਇਹ ਹਾਲਤ ਦੇਖ ਆਪ ਹੀ
ਮੇਰੇ 'ਤੇ ਦਇਆ ਕਰ ਦਿੱਤੀ।
**ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥**
ਤੇਰੇ ਤਰਸ ਕਰਕੇ ਮਹਾਨ ਮਿਹਰ ਹੋਈ ਅਤੇ ਮਿੱਤਰ ਸਤਿਗੁਰੂ ਮਿਲ ਗਿਆ।

**ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੇ ਹਰੀ-ਨਾਮ ਮਿਲਦਾ ਹੈ ਤਾਂ ਹੀ ਮੈਂ ਜੀਉਂਦਾ ਹਾਂ ਅਤੇ ਮੇਰਾ ਤਨ-ਮਨ ਹਰਿਆ ਹੁੰਦਾ ਹੈ।

**ੴ**

**ਸਤਿਗੁਰ ਪ੍ਰਸਾਦਿ ॥ ਰਾਗ ਮਾਲਾ ॥**

**ਰਾਗ ਏਕ ਸੰਗਿ ਪੰਚ ਬਰੰਗਨ॥**
**ਸੰਗਿ ਅਲਾਪਹਿ ਆਠਉ ਨੰਦਨ॥**

ਹਰ ਇੱਕ ਰਾਗ ਨਾਲ ਪੰਜ ਸ੍ਰੇਸ਼ਟ ਇਸਤਰੀਆਂ ਭਾਵ ਰਾਗਣੀਆਂ ਹਨ ਨਾਲ ਹੀ ਉਹਨਾਂ ਦੇ ਅੱਠਾਂ ਪੁੱਤਰਾਂ ਨੂੰ ਸੰਗੀਤਕਾਰ ਗਾਉਂਦੇ ਹਨ।

**ਪ੍ਰਥਮ ਰਾਗ ਭੈਰਉ ਵੈ ਕਰਹੀ ॥**
**ਪੰਚ ਰਾਗਨੀ ਸੰਗਿ ਉਚਰਹੀ ॥**

ਗੁਣੀ ਜਨ ਸਵੇਰੇ ਸਭ ਤੋਂ ਪਹਿਲੋਂ ਭੈਰਉ ਰਾਗ ਅਤੇ ਨਾਲ ਉਸ ਦੀਆਂ ਪੰਜ ਰਾਗਣੀਆਂ ਗਾਉਂਦੇ ਹਨ।

**ਪ੍ਰਥਮ ਭੈਰਵੀ ਬਿਲਾਵਲੀ ॥**
**ਪੁੰਨਿਆਕੀ ਗਾਵਹਿ ਬੰਗਲੀ ॥**

ਪਹਿਲੀ ਭੈਰਵੀ, ਦੂਜੀ ਬਿਲਾਵਲੀ, ਤੀਜੀ ਪੁੰਨਿਆਕੀ, ਚੌਥੀ ਬੰਗੁਲੀ

**ਪੁਨਿ ਅਸਲੇਖੀ ਕੀ ਭਈ ਬਾਰੀ ॥**
**ਏ ਭੈਰਉ ਕੀ ਪਾਚਉ ਨਾਰੀ ॥**

ਫਿਰ ਪੰਜਵੀਂ ਅਸਲੇਖੀ ਰਾਗਣੀ ਗਉਂਦੇ ਹਨ, ਇਹ ਪੰਜੇ ਭੈਰਵ ਦੀਆਂ ਇਸਤਰੀਆਂ ਹਨ।

**ਪੰਚਮ ਹਰਖ ਦਿਸਾਖ ਸੁਨਾਵਹਿ॥**
**ਬੰਗਾਲਮ ਮਧੁ ਮਾਧਵ ਗਾਵਹਿ ॥੧॥**

ਪੰਚਮ, ਹਰਖ, ਦਿਸਾਖ, ਬੰਗਾਲਮ, ਮਧ ਅਤੇ ਮਾਧਵ ਗਾਉਂਦੇ ਹਨ।

**ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥**
**ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥੧॥**

ਲਲਿਤ ਅਤੇ ਬਿਲਾਵਲ ਇਹ ਭੈਰਉ ਦੇ ਅੱਠ ਪੁੱਤਰ ਹਨ, ਇਨ੍ਹਾਂ ਨੂੰ ਆਪਣੇ-ਆਪਣੇ ਢੰਗ ਨਾਲ ਸ੍ਰੇਸਟ ਸੰਗੀਤਕਾਰ ਗਾਉਂਦੇ ਹਨ।

**ਦੁਤੀਆ ਮਾਲਕਉਸਕ ਆਲਾਪਹਿ ॥**
**ਸੰਗਿ ਰਾਗਨੀ ਪਾਚਉ ਥਾਪਹਿ ॥**

ਦੂਜਾ ਮਾਲਕੌਂਸ ਰਾਗ ਉਸਦੀਆਂ ਸਥਾਪਿਤ ਪੰਜ ਰਾਗਣੀਆਂ ਸਹਿਤ ਗਾਉਂਦੇ ਹਨ।

**ਗੋਂਡਕਰੀ ਅਰੁ ਦੇਵਗੰਧਾਰੀ ॥**
**ਗੰਧਾਰੀ ਸੀਹੁਤੀ ਉਚਾਰੀ ॥**
ਗੋਡਕਰੀ, ਦੇਵਗੰਧਾਰੀ, ਗੰਧਾਰੀ, ਸੀਹੁਤੀ ਅਤੇ
**ਧਨਾਸਰੀ ਏ ਪਾਚਉ ਗਾਈ ॥**
**ਮਾਲ ਰਾਗ ਕਉਸਕ ਸੰਗਿ ਲਾਈ ॥**
ਧਨਾਸਰੀ, ਇਹ ਪੰਜੇ ਗਾਈਆਂ ਜਾਂਦੀਆਂ ਹਨ। ਇਹ ਰਾਗਣੀਆਂ ਵਿਦਵਾਨ ਸੰਗੀਤਕਾਰਾਂ ਨੇ ਮਾਲਕੌਂਸ ਰਾਗ ਨਾਲ ਜੋੜੀਆਂ ਹਨ।
**ਮਾਰੂ ਮਸਤਅੰਗ ਮੇਵਾਰਾ ॥**
**ਪ੍ਰਬਲਚੰਡ ਕਉਸਕ ਉਭਾਰਾ ॥**
ਮਾਰੂ, ਮਸਤਾਂਗ, ਮੇਵਾੜ, ਪ੍ਰਬਲ ਚੰਡ, ਕੌਸਕ, ਉਭਾਰਾ,
**ਖਉਖਟ ਅਉ ਭਉਰਾਨਦ ਗਾਏ ॥**
**ਅਸਟ ਮਾਲਕਉਸਕ ਸੰਗਿ ਲਾਏ ॥੧॥**
ਖਉਖਟ ਅਤੇ ਭੌਰਾਨੰਦ ਗਾਏ ਜਾਂਦੇ ਹਨ, ਇਹ ਅੱਠੇ ਮਾਲਕੌਂਸ ਰਾਗ ਨਾਲ ਜੋੜੇ ਗਏ ਹਨ।
**ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ ॥**
ਫਿਰ ਪੰਜ ਇਸਤਰੀਆਂ ਅਤੇ ਅੱਠਾਂ ਪੁੱਤਰਾਂ ਦੇ ਨਾਲ ਮਿਲਕੇ ਤੀਜਾ ਰਾਗ ਹਿੰਡੋਲ ਆ ਗਿਆ ।
**ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ ॥੧॥**
ਜਦੋਂ ਸੰਗੀਤਕਾਰ ਗਾਉਣ ਲਈ ਤਾਰਾਂ ਨੂੰ ਮਿਲਾਉਂਦੇ ਹਨ ਤਾਂ ਤਾਨਾਂ ਦੀਆਂ ਲਹਿਰਾਂ ਉੱਠਦੀਆਂ ਹਨ।
**ਤੇਲੰਗੀ ਦੇਵਕਰੀ ਆਈ ॥**
**ਬਸੰਤੀ ਸੰਦੂਰ ਸੁਹਾਈ ॥**
ਸ਼ੋਭਨੀਕ ਤਿਲੰਗੀ, ਦੇਵਕਰੀ, ਬਸੰਤੀ ਅਤੇ ਸੰਧੂਰੀ
**ਸਰਸ ਅਹੀਰੀ ਲੈ ਭਾਰਜਾ ॥**
**ਸੰਗਿ ਲਾਈ ਪਾਂਚਉ ਆਰਜਾ ॥**
ਅਤੇ ਅਹੀਰੀ ਸਮੇਤ ਸੰਗੀਤਕਾਰਾਂ ਨੇ ਰਸ ਵਾਲੀਆਂ ਪੰਜ ਰਾਗਣੀਆਂ ਨੂੰ ਹਿੰਡੋਲ ਰਾਗ ਦੀਆਂ ਇਸਤਰੀਆਂ ਮੰਨਿਆ ਹੈ।
**ਸੁਰਮਾਨੰਦ ਭਾਸਕਰ ਆਏ ॥**
**ਚੰਦ੍ਰਬਿੰਬ ਮੰਗਲਨ ਸੁਹਾਏ ॥**
ਸੰਗੀਤਕਾਰ ਸ਼ੋਭਨੀਕ ਸੁਰਮਾਨੰਦ, ਭਾਸਕਰ, ਚੰਦ੍ਰਬਿੰਬ, ਮੰਗਲ,

**ਸਰਸਬਾਨ ਅਉ ਆਹਿ ਬਿਨੋਦਾ ॥**
**ਗਾਵਹਿ ਸਰਸ ਬਸੰਤ ਕਮੋਦਾ ॥**
ਸਰਸਬਾਨ, ਬਿਨੋਦ, ਬਸੰਤ ਅਤੇ ਕਮੋਦਾ ਨੂੰ ਰਸ ਸਹਿਤ ਗਾਉਂਦੇ ਹਨ।
**ਅਸਟ ਪੁਤ੍ਰ ਮੈ ਕਹੇ ਸਵਾਰੀ ॥**
**ਪੁਨਿ ਆਈ ਦੀਪਕ ਕੀ ਬਾਰੀ ॥੧॥**
ਹਿੰਡੋਲ ਰਾਗ ਦੇ ਅੱਠ ਪੁੱਤਰ ਮੈਂ ਬਣਾਕੇ ਕਹੇ ਹਨ।
ਫਿਰ ਦੀਪਕ ਰਾਗ ਦੀ ਵਾਰੀ ਆ ਗਈ ਹੈ।
**ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ ॥**
**ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ ॥੧॥**
ਕਛੇਲੀ, ਪਟਮੰਜਰੀ, ਟੋਡੀ, ਕਾਮੋਦੀ ਅਤੇ ਗੂਜਰੀ ਰਾਗਨੀਆਂ ਦੀਪਕ ਰਾਗ ਨਾਲ ਜੋੜੀਆਂ ਗਈਆਂ ਹਨ।
**ਕਾਲੰਕਾ ਕੁੰਤਲ ਅਉ ਰਾਮਾ ॥**
**ਕਮਲਕੁਸਮ ਚੰਪਕ ਕੇ ਨਾਮਾ ॥**
ਕਾਲੰਕ, ਕੁੰਤਲ, ਰਾਮ, ਕਮਲ ਕੁਸਮ, ਚੰਪਕ ਕੁਸਮ
**ਗਉਰਾ ਅਉ ਕਾਨਰਾ ਕਲ੍ਯਾਨਾ ॥**
**ਅਸਟ ਪੁਤ੍ਰ ਦੀਪਕ ਕੇ ਜਾਨਾ ॥੧॥**
ਗਉੜਾ, ਕਾਨੜਾ ਅਤੇ ਕਲਿਆਣ, ਇਹ ਅੱਠੇ ਦੀਪਕ ਰਾਗ ਦੇ ਪੁੱਤਰ ਜਾਣੇ ਜਾਂਦੇ ਹਨ।
**ਸਭ ਮਿਲਿ ਸਿਰੀਰਾਗ ਵੈ ਗਾਵਹਿ ॥**
**ਪਾਂਚਉ ਸੰਗਿ ਬਰੰਗਨ ਲਾਵਹਿ ॥**
ਇਕੱਠੇ ਹੋ ਕੇ ਸੰਗੀਤਕਾਰ ਸ੍ਰੀਰਾਗ ਨੂੰ ਵੀ ਪੰਜਾਂ ਰਾਗਣੀਆਂ ਸਮੇਤ ਗਾਉਂਦੇ ਹਨ।
**ਬੈਰਾਰੀ ਕਰਨਾਟੀ ਧਰੀ ॥**
**ਗਵਰੀ ਗਾਵਹਿ ਆਸਾਵਰੀ ॥**
ਬੈਰਾੜੀ, ਕਰਨਾਟੀ, ਗਉੜੀ, ਆਸਾਵਰੀ,
**ਤਿਹ ਪਾਛੈ ਸਿੰਧਵੀ ਅਲਾਪੀ ॥**
**ਸਿਰੀਰਾਗ ਸਿਉ ਪਾਂਚਉ ਥਾਪੀ ॥੧॥**
ਅਤੇ ਸਿੰਧਵੀ ਨੂੰ ਸਭ ਤੋਂ ਪਿੱਛੋਂ ਗਾਉਂਦੇ ਹਨ, ਇਹ ਸਾਰੀਆਂ ਰਾਗਣੀਆਂ ਸ੍ਰੀਰਾਗ ਨਾਲ ਸੰਗੀਤ ਸ਼ਾਸ਼ਤ੍ਰੀਆਂ ਨੇ ਜੋੜੀਆਂ ਹਨ।
**ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ ॥**
**ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ ॥੧॥**

ਸਾਲੂ, ਸਾਰੰਗ, ਸਾਗਰ, ਗੌਂਡ, ਗੰਭੀਰ, ਗੁੰਡ, ਕੁੰਭ ਅਤੇ ਹਮੀਰ
ਇਹ ਸ੍ਰੀਰਾਗ ਦੇ ਅੱਠੇ ਪੁੱਤਰ ਹਨ।

**ਖਸਟਮ ਮੇਘ ਰਾਗ ਵੈ ਗਾਵਹਿ ॥**

**ਪਾਂਚਉ ਸੰਗਿ ਬਰੰਗਨ ਲਾਵਹਿ ॥**

ਸੰਗੀਤਕਾਰ ਛੇਵਾਂ ਮੇਘ ਰਾਗ ਨੂੰ ਉਸ ਦੀਆਂ ਪੰਜ ਇਸਤਰੀਆਂ (ਰਾਗਣੀਆਂ) ਸਮੇਤ ਗਾਉਂਦੇ ਹਨ।

**ਸੋਰਠਿ ਗੋਂਡ ਮਲਾਰੀ ਧੁਨੀ ॥**

**ਪੁਨਿ ਗਾਵਹਿ ਆਸਾ ਗੁਨ ਗੁਨੀ ॥**

ਸੋਰਠਿ, ਗੋਂਡ, ਮਲ੍ਹਾਰ, ਅਤੇ ਫਿਰ ਆਸਾ ਰਾਗਣੀਆਂ ਵਿਦਵਾਨ ਸੰਗੀਤਕਾਰ ਗਾਉਂਦੇ ਹਨ।

**ਊਚੈ ਸੁਰਿ ਸੂਹਉ ਪੁਨਿ ਕੀਨੀ ॥**

**ਮੇਘ ਰਾਗ ਸਿਉ ਪਾਂਚਉ ਚੀਨੀ ॥੧॥**

ਸੂਹੀ ਸਮੇਤ ਇਹਨਾਂ ਰਾਗਣੀਆਂ ਨੂੰ ਤਾਰ ਸਪਤਕ ਵਿੱਚ ਉਚਾਰਨ ਕਰਦੇ ਹਨ। ਇਹ ਪੰਜੇ ਰਾਗਣੀਆਂ ਮੇਘ ਰਾਗ ਨਾਲ ਜੋੜੀਆਂ ਹਨ।

**ਬੈਰਾਧਰ ਗਜਧਰ ਕੇਦਾਰਾ ॥**

**ਜਬਲੀਧਰ ਨਟ ਅਉ ਜਲਧਾਰਾ ॥**

ਬੈਰਾਧਰ, ਗਜਧਰ, ਕੇਦਾਰਾ, ਜਬਲੀਧਰ, ਨਟ, ਜਲਧਰ,

**ਪੁਨਿ ਗਾਵਹਿ ਸੰਕਰ ਅਉ ਸਿਆਮਾ ॥**

**ਮੇਘ ਰਾਗ ਪੁਤ੍ਰਨ ਕੇ ਨਾਮਾ ॥੧॥**

ਸੰਕਰ ਅਤੇ ਸਿਆਮ ਇਹ ਮੇਘ ਰਾਗ ਦੇ ਪੁੱਤਰਾਂ ਦੇ ਨਾਮ ਹਨ, ਫਿਰ ਸੰਗੀਤਕਾਰ ਇਨ੍ਹਾਂ ਨੂੰ ਗਾਉਂਦੇ ਹਨ।

**ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥**

**ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥੧॥੧॥**

ਸੰਗੀਤ ਸ਼ਾਸਤ੍ਰੀ ਛੇ ਰਾਗ, ਤੀਹ ਰਾਗਣੀਆਂ ਅਤੇ ਉਹਨਾਂ ਦੇ ਅਠਤਾਲੀ ਪੁੱਤਰਾਂ ਨੂੰ ਗਾਉਂਦੇ ਹਨ।

****